*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : 18** | **ਪੁ : ਲੜੀ : 69** | **ਜਨਵਰੀ-ਮਾਰਚ, 2015**



*ਮੁੱਖ ਸੰਪਾਦਕ*

**ਪ੍ਰੇਮ ਮਾਨ**

Ph. 001-860-983-5002

Email:premmann@yahoo.com

**ਹਰਜੀਤ ਅਟਵਾਲ**

Email: harjeetatwal@yahoo.co.uk

harjeetatwal@gmail.com

Mobile : 00447782-265726

**ਹਰਮਹਿੰਦਰ ਚਹਿਲ**

Email : chahals57@yahoo.com

Ph. 001-703-362-3239

*ਸੰਪਾਦਕ*

**ਜਿੰਦਰ**

984, Rajput Nagar, Model House,

Near Surinder Welding Works, Jalandhar-144003

Mobile : 98148 03254

Email : jinder340@gmail.com

*Managing Editor*

**Shiv, Vinod Kumar**

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ

984, Rajput Nagar, Model House,

Near Surinder Welding Works, Jalandhar-144003



**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।


## ਮੇਰਾ ਪੰਨਾ

ਸੋਸ਼ਲ ਮੀਡੀਆ ਆਪਸ ਵਿਚ ਜੁੜੇ ਰਹਿਣ ਦਾ ਨਵਾਂ ਬਿਜਲਈ ਤਰੀਕਾ ਹੈ। ਇਸ ਵਿਚ ਇੰਟਰਨੈੱਟ ਰਾਹੀਂ ਤੁਸੀਂ ਜਾਣਕਾਰੀ ਤੇ ਵਿਚਾਰ ਦੂਜੇ ਲੋਕਾਂ ਨਾਲ ਸਾਂਝੇ ਕਰ ਸਕਦੇ ਹੋ। ਸੋਸ਼ਲ ਮੀਡੀਆ ਦੂਜੇ ਮੀਡੀਆ ਤੋਂ ਕਾਫੀ ਵੱਖਰਾ ਹੈ। ਅਖ਼ਬਾਰ, ਟੈਲੀਵੀਯਨ ਜਾਂ ਫਿਲਮਾਂ ਨਾਲੋਂ ਇਹ ਜ਼ਿਆਦਾ ਗੁਣਾਤਮਕ ਹੈ, ਜਲਦੀ ਪਹੁੰਚ ਕਰਦਾ ਹੈ, ਵਧੇਰੇ ਸੁਯੋਗ ਹੈ। ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਰਹਿਣ ਕਾਰਨ ਸੋਸ਼ਲ ਮੀਡੀਆ ਨੂੰ ਵੀ ਵਧੇਰੇ ਲੋਕ ਵਰਤਦੇ ਹਨ। 1994 ਵਿਚ ਸਭ ਤੋਂ ਪਹਿਲਾਂ 'ਜੀਓਸਿਟੀਜ਼' ਨਾਮੀ ਸੋਸ਼ਲ ਮੀਡੀਆ ਦੀ ਸਾਈਟ ਸ਼ੁਰੂ ਹੋਈ। ਸੋਸ਼ਲ ਮੀਡੀਆ ਕਈ ਸ਼ਕਲਾਂ ਵਿਚ ਸਾਡੇ ਸਾਹਮਣੇ ਪੇਸ਼ ਹੈ। ਇਕ ਉਦਾਹਰਣ ਫੇਸਬੁੱਕ ਦੀ ਹੀ ਲਈ ਜਾ ਸਕਦੀ ਹੈ। ਦੋ ਬਿਲੀਅਨ ਦੇ ਕਰੀਬ ਲੋਕ ਇਸ ਦੀ ਵਰਤੋਂ ਕਰ ਰਹੇ ਹਨ। 'ਫੇਸਬੁੱਕ' ਸੋਸ਼ਲ ਨੈੱਟਵਰਕਿੰਗ ਸਾਈਟ ਇਕਦਮ ਵਧੀ-ਫੁੱਲੀ ਤੇ ਨਿਤ-ਦਿਨ ਆਪਣਾ ਕਲਾਵਾ ਵੱਡਾ ਕਰਦੀ ਜਾ ਰਹੀ ਹੈ। ਐਦਾਂ ਹੀ 'ਵਿਕੀਪੀਡੀਆ' ਕੋਲੈਬੋਰੇਟਿਵ ਪਰੋਜੈਕਟ ਵਿਚ ਆ ਜਾਂਦਾ ਹੈ। ਬਲੌਗਜ਼ ਤੇ ਮਾਈਕਰੋ-ਬਲੌਗਜ਼ ਵਿਚ 'ਟਵਿੱਟਰ' ਤੇ 'ਟੰਬਲਰ' ਆ ਜਾਂਦੇ ਹਨ। ਕੰਟੈਂਟ ਕਮਿਨਟੀਜ਼ ਵਿਚ 'ਯੂਟਿਊਬ' ਤੇ 'ਡੇਲੀ ਮੋਸ਼ਨ' ਅਤੇ ਐਦਾਂ ਹੀ ਵਰਚੂਅਲ ਗੇਮਜ਼-ਵਰਲਡ ਵਿਚ 'ਵਰਲਡ ਔਫ ਕਰਾਫਟ' ਤੇ ਵਰਚੂਅਲ ਸੋਸ਼ਲ ਵਰਡਲ ਵਿਚ 'ਸੈਕਿੰਡ ਲਾਈਫ' ਸ਼ਾਮਲ ਹਨ। ਹਾਲੇ ਵੀ ਸੋਸ਼ਲ ਮੀਡੀਆ ਤਰੱਕੀ ਦੇ ਰਸਤੇ 'ਤੇ ਹੋਣ ਕਰਕੇ ਇਸ ਦੀਆਂ ਹੱਦਾਂ ਤੈਅ ਕਰਨੀਆਂ ਜਾਂ ਇਸ ਦੀ ਆਖਰੀ ਪ੍ਰੀਭਾਸ਼ਾ ਦੇਣੀ ਕੁਝ ਮੁਸ਼ਕਲ ਹੈ। ਇਸ ਨਾਲ ਜੁੜੇ ਕਾਨੂੰਨ ਵੀ ਹਾਲੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੋ ਸਕੇ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸੋਸ਼ਲ ਮੀਡੀਏ ਨੇ ਸਾਡੀ ਜ਼ਿੰਦਗੀ ਨੂੰ ਮੁੱਢੋਂ ਹੀ ਬਦਲ ਕੇ ਰੱਖ ਦਿੱਤਾ ਹੈ। ਇਹ ਇਨਸਾਨ ਦੀ ਨਿੱਜਤਾ ਵਿਚ ਵੀ ਸਹਾਈ ਹੋ ਰਿਹਾ ਹੈ ਤੇ ਕਾਰੋਬਾਰ ਵਿਚ ਵੀ। ਗੂਗਲ ਦੇ ਸਰਚ-ਇੰਜਨ ਨੇ ਜਾਣਕਾਰੀ ਹਾਸਿਲ ਕਰਨ ਨੂੰ ਬਹੁਤ ਹੀ ਸੌਖਾ ਬਣਾ ਦਿੱਤਾ ਹੋਇਆ ਹੈ।

ਸਾਡੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਸੋਸ਼ਲ ਮੀਡੀਆ ਪੂਰੀ ਤਰ੍ਹਾਂ ਪ੍ਰਭਾਵਿਤ ਕਰਨ ਲੱਗ ਪਿਆ ਹੈ। ਇਹ ਆਪਣੇ ਵਿਚਾਰਾਂ ਨੂੰ ਦੁਨੀਆ ਨਾਲ ਸਾਂਝਾ ਕਰਨ ਦਾ ਬਹੁਤ ਵੱਡਾ ਮੰਚ ਹੈ। ਲੋਕ-ਰਾਏ ਬਣਾਉਣ ਵਿਚ ਇਹ ਬਹੁਤ ਸਹਾਈ ਹੋ ਰਿਹਾ ਹੈ। ਲੀਬੀਆ ਵਿਚ ਗਦਾਫੀ ਦਾ ਤਖਤਾ ਉਲਟਾਉਣ ਵਿਚ ਸੋਸ਼ਲ ਮੀਡੀਏ ਦਾ ਬਹੁਤ ਵੱਡਾ ਹੱਥ ਰਿਹਾ ਹੈ। ਸਾਡੇ ਦੇਸ਼ ਵਿਚ ਹੋਈਆਂ ਚੋਣਾਂ ਵਿਚ ਵੀ ਸੋਸ਼ਲ ਮੀਡੀਆ ਨੇ ਪੂਰਾ-ਪੂਰਾ ਰੋਲ ਅਦਾ ਕੀਤਾ ਸੀ। ਪਰ ਨਾਲ ਦੀ ਨਾਲ ਸੋਸ਼ਲ ਮੀਡੀਆ ਦੇ ਕੁਝ ਅੱਪਵਾਦ ਵੀ ਹਨ ਜਿਹਨਾਂ ਕਾਰਨ ਇਸ ਦੀ ਆਲੋਚਨਾ ਵੀ ਹੋ ਰਹੀ ਹੈ। ਜੇ ਇਹ ਆਮ ਸ਼ਹਿਰੀਆਂ ਲਈ ਫਾਇਦੇਮੰਦ ਸਿੱਧ ਹੋ ਰਿਹਾ ਹੈ ਤਾਂ ਅਪਰਾਧੀਆਂ ਲਈ ਵੀ ਓਨਾ ਹੀ ਸਹਾਈ ਹੈ। ਅੱਤਵਾਦ ਨੂੰ ਫੈਲਾਉਣ ਵਿਚ ਸੋਸ਼ਲ ਮੀਡੀਏ ਨੇ ਆਪਣਾ ਪੂਰਾ ਰੋਲ ਨਿਭਾਇਆ ਹੈ। ਬੱਚਿਆਂ ਵਿਚ ਗਲਤ ਰੁਚੀਆਂ ਪੈਦਾ ਕਰਨ 'ਤੇ ਵੀ ਇਸ ਦੀ ਆਲੋਚਨਾ ਹੋ ਰਹੀ ਹੈ। ਸੋਸ਼ਲ ਮੀਡੀਆ ਦੇ ਕਲਾਸ-ਰੂਮਾਂ ਵਿਚ ਪੁੱਜ ਜਾਣ ਕਾਰਨ ਮਾਪੇ, ਅਧਿਆਪਕ ਚਿੰਤਾਤੁਰ ਹੋਣ ਲੱਗਦੇ ਹਨ। ਇਸੇ ਲਈ ਦੁਨੀਆ ਦੇ ਬਹੁਤ ਸਾਰੇ ਸਕੂਲਾਂ ਵਿਚ ਮੁਬਾਈਲ ਫੋਨਾਂ ਦੀ ਮਨਾਹੀ ਹੈ ਤੇ ਬਹੁਤ ਸਾਰੀਆਂ ਸਾਈਟਜ਼ ਵੀ ਬਲੌਕ ਕਰ ਦਿੱਤੀਆਂ ਜਾਂਦੀਆਂ ਹਨ। ਹਾਲਾਂ ਕਿ ਫੇਸਬੁੱਕ ਨੂੰ ਪੜ੍ਹਾਈ ਲਈ ਬਹੁਤ ਲਾਹੇਵੰਦ ਸਾਈਟ ਮੰਨਿਆਂ ਜਾਂਦਾ ਹੈ ਪਰ ਖਤਰੇ ਇਸ ਦੇ ਵੀ ਬਣੇ ਰਹਿੰਦੇ ਹਨ। ਟਵਿੱਟਰ ਵਿਚ ਪੋਸਟ ਕੀਤੇ ਜਾਣ ਵਾਲੇ ਸੁਨੇਹੇ ਦਾ 140 ਅੱਖਰਾਂ ਤਕ ਸੀਮਤ ਕਰਨ ਪਿੱਛੇ ਕਾਰਨ ਇਸ ਦੀ ਦੁਰਵਰਤੋਂ ਨੂੰ ਰੋਕਣਾ ਹੀ ਹੈ। ਯੂਟਿਊਬ ਨੇ ਵੀ ਸ਼ਿਕਾਇਤ ਸੁਵਿਧਾ ਰੱਖੀ ਹੋਈ ਹੈ ਪਰ ਫਿਰ ਵੀ ਬਹੁਤ ਸਾਰੇ ਗਲਤ-ਮਲਤ

ਵੀਡੀਓ ਦੇਖਣ ਨੂੰ ਮਿਲ ਹੀ ਜਾਂਦੇ ਹਨ। ਭਾਵੇਂ ਕੁਝ ਮੁਲਕਾਂ ਨੇ ਸੋਸ਼ਲ ਮੀਡੀਆ ਉਪਰ ਸੈਂਸਰਸ਼ਿੱਪ ਵੀ ਲਗਾਈ ਹੋਈ ਹੈ ਪਰ ਸਮੁੱਚੇ ਤੌਰ 'ਤੇ ਹਾਲੇ ਅਸਰਦਾਰ ਸੈਂਸਰਸ਼ਿੱਪ ਦੀ ਘਾਟ ਹੈ। ਜਿਵੇਂ ਈਮੇਲ ਦੀ ਆਵੰਦ ਨੇ ਡਾਕ-ਮਹਿਕਮੇ ਉਪਰ ਅਸਰ ਪਾਇਆ ਹੈ ਐਦਾਂ ਹੀ ਇਲੈਕਟਰੌਨਿਕ ਮੀਡੀਏ ਨੇ ਵੀ ਪਰਿੰਟ ਮੀਡੀਏ ਦੇ ਕਾਰੋਬਾਰ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਅਖ਼ਬਾਰਾਂ ਦੀ ਇਸ਼ਾਇਤ ਉਪਰ ਇਸ ਦਾ ਅਸਰ ਸਾਫ ਦਿਖਾਈ ਦਿੰਦਾ ਹੈ। ਦੁਨੀਆ ਦੀ ਲਗਭਗ ਹਰ ਅਖ਼ਬਾਰ ਇੰਟਰਨੈੱਟ 'ਤੇ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ। ਐਦਾਂ ਹੀ ਬਹੁਤ ਸਾਰੇ ਮੈਗਜ਼ੀਨ ਵੀ।

ਇਸ ਸਭ ਦੇ ਨਾਲ ਨਾਲ ਪੰਜਾਬੀ ਸਾਹਿਤ ਨੂੰ ਵੀ ਸੋਸ਼ਲ ਮੀਡੀਆ ਦਾ ਬਹੁਤ ਫਾਇਦਾ ਹੋਇਆ ਹੈ। ਪੰਜਾਬੀ ਦੀਆਂ ਸਾਰੀਆਂ ਅਖ਼ਬਾਰਾਂ ਇੰਟਰਨੈੱਟ ਤੇ ਹਨ ਹੀ, ਨਾਲ ਦੀ ਨਾਲ ਬਹੁਤ ਸਾਰੇ ਸਾਹਿਤਕ ਮੈਗਜ਼ੀਨ ਵੀ ਇੰਟਨੈੱਟ 'ਤੇ ਨਿਕਲ ਰਹੇ ਹਨ। ਇਹਨਾਂ ਵਿਚੋਂ ਬਹੁਤੇ ਤਾਂ ਕਦੇ ਹਾਰਡ-ਕਾਪੀ ਵਿਚ ਛਪੇ ਹੀ ਨਹੀਂ। ਇਹ ਪੜ੍ਹੇ ਵੀ ਜਾਂਦੇ ਹਨ। ਪੰਜਾਬੀ ਦੇ ਲੇਖਕਾਂ ਦੇ ਆਪਣੇ ਬਲੌਗ ਹਨ ਜਿਥੋਂ ਉਹਨਾਂ ਦੀਆਂ ਪੁਸਤਕਾਂ ਤੇ ਰਚਨਾਵਾਂ ਪੜ੍ਹੀਆਂ ਜਾਂਦੀਆਂ ਹਨ। ਆਪਣੇ ਵਿਚਾਰ ਦੱਸਣ ਲਈ ਲੇਖਕ ਟਵਿੱਟਰ 'ਤੇ ਵੀ ਜਾਂਦੇ ਹਨ। ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਯੂਟਿਊਬ ਉਪਰ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ। ਜਿੱਥੇ ਅੱਗੇ ਸਾਹਿਤਕ ਸਮਾਗਮਾਂ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਸਨ, ਹੁਣ ਸੋਸ਼ਲ ਮੀਡੀਆ 'ਤੇ ਨਾਲ ਦੀ ਨਾਲ ਆ ਜਾਂਦੀਆਂ ਹਨ। ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਦੇ ਫੇਸਬੁੱਕ ਉਪਰ ਅਕਾਊਂਟ ਹਨ ਤੇ ਹਰ ਵੇਲੇ ਪੰਜਾਬੀ ਦੇ ਚਾਲੀ-ਪੰਜਾਹ ਲੇਖਕ ਫੇਸਬੁੱਕ 'ਤੇ ਬੈਠੇ ਮਿਲ ਸਕਦੇ ਹਨ। ਐਦਾਂ ਲੇਖਕਾਂ ਵਿਚਲੀ ਦੂਰੀ ਘਟ ਗਈ ਹੈ। ਪੰਜਾਬੀ ਲੇਖਕ ਦੁਨੀਆ ਭਰ ਵਿਚ ਰਹਿੰਦੇ ਹਨ ਤੇ ਦੁਨੀਆ ਦਾ ਵੱਖ ਵੱਖ ਸਮਾਂ ਹੋਣ ਕਰਕੇ ਹਰ ਵੇਲੇ ਲੇਖਕ ਫੇਸਬੁੱਕ ਦਾ ਫਾਇਦਾ ਉਠਾਉਂਦੇ ਹਨ। ਪੰਜਾਬੀ ਸਾਹਿਤ ਜਗਤ ਦੀ ਕੋਈ ਵੀ ਖ਼ਬਰ ਮਿੰਟਾਂ ਸਕਿੰਟਾਂ ਵਿਚ ਦੁਨੀਆ ਭਰ ਵਿਚ ਫੈਲ ਜਾਂਦੀ ਹੈ। ਹੋਰ ਤੇ ਹੋਰ ਫੇਸਬੁੱਕ 'ਤੇ ਲੇਖਕ ਸਭਾਵਾਂ ਵੀ ਬਣ ਗਈਆਂ ਹੋਈਆਂ ਹਨ। ਸਾਹਿਤਕ ਚਰਚਾਵਾਂ ਵੀ ਹੁੰਦੀਆਂ ਹਨ। ਗਰੁੱਪਬਾਜ਼ੀ ਤਾਂ ਲੇਖਕਾਂ ਵਿਚ ਹੋਣੀ ਹੀ ਹੋਈ, ਸੋ ਫੇਸਬੁੱਕ 'ਤੇ ਵੀ ਹੈ। ਫੇਸਬੁੱਕ ਦਾ ਇਕ ਪੰਜਾਬੀ ਦੇ ਪਾਠਕ ਨੂੰ ਜੋ ਸਭ ਤੋਂ ਵੱਡਾ ਫਾਇਦਾ ਹੋਇਆ ਹੈ ਕਿ ਬਹੁਤ ਸਾਰੀਆਂ ਕਿਤਾਬਾਂ ਫੇਸਬੁੱਕ 'ਤੇ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਐਦਾਂ ਹੀ 'ਸ਼ਬਦ' ਵੱਲੋਂ 'ਅਦਾਰਾ ਸ਼ਬਦ' ਦੇ ਫੇਸਬੁੱਕ-ਅਕਾਊਂਟ 'ਤੇ 'ਪੰਜਾਬੀ ਦੀਆਂ ਪੀ.ਡੀ.ਐਫ. ਕਿਤਾਬਾਂ' ਨਾਮੀ ਇਕ ਗਰੁੱਪ ਬਣਾਇਆ ਹੋਇਆ ਹੈ, ਜਿਸ ਵਿਚ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੀਆਂ ਕਿਤਾਬਾਂ ਦੀਆਂ ਪੀ.ਡੀ.ਐਫ. ਪਾਈਆਂ ਜਾਂਦੀਆਂ ਹਨ। ਇਸ ਵੇਲੇ ਇਸ ਗਰੁੱਪ ਵਿਚ ਢਾਈ ਸੌ ਤੋਂ ਵੱਧ ਕਿਤਾਬਾਂ ਉਪਲੱਬਧ ਹਨ। ਐਦਾਂ ਹੀ ਫੇਸਬੁੱਕ 'ਤੇ ਇਕ ਹੋਰ ਗਰੁੱਪ ਹੈ ਜਿਸ ਦਾ ਨਾਂ 'ਕਿਤਾਬਾਂ ਦੀ ਦੁਨੀਆ' ਹੈ, ਜਿਸ ਵਿਚ ਪੰਜ ਸੌ ਤੋਂ ਵੱਧ ਕਿਤਾਬਾਂ ਦੀਆਂ ਪੀ.ਡੀ.ਐਫ. ਹਨ। ਇਹਨਾਂ ਨੂੰ ਤੁਸੀਂ ਆਪਣੇ ਕੰਪਿਊਟਰ 'ਤੇ ਡਾਊਨਲੋਡ ਕਰਕੇ ਪੜ੍ਹ ਸਕਦੇ ਹੋ। ਫੇਸਬੁੱਕ ਉਪਰ ਪੰਜਾਬੀ ਸਾਹਿਤ ਨਾਲ ਜੁੜੇ ਹੋਏ ਹੋਰ ਵੀ ਬਹੁਤ ਸਾਰੇ ਗਰੁੱਪ ਹਨ ਜਿਹੜੇ ਲੇਖਕ ਤੇ ਪਾਠਕ ਲਈ ਲਾਹੇਵੰਦ ਸਿੱਧ ਹੋ ਰਹੇ ਹਨ। ਅੱਜ ਦੇ ਲੇਖਕ ਲਈ ਸੋਸ਼ਲ ਮੀਡੀਆ ਨਾਲ ਜੁੜਨਾ ਜ਼ਰੂਰੀ ਹੋ ਗਿਆ ਹੈ।

**-ਜਿੰਦਰ**



**ਇਸ ਵਾਰ**

## ਸੰਸਕਾਰ /ਯੂ.ਆਰ.ਅਨੰਤਮੂਰਤੀ

**ਅਨੁਵਾਦ : ਤਰਸੇਮ**

*ਯੂ.ਆਰ. ਅਨੰਤਮੂਰਤੀ ਕੰਨੜ ਦੇ ਹੀ ਪ੍ਰਬੁੱਧ ਨਾਵਲਕਾਰ ਨਹੀਂ ਹਨ ਬਲਕਿ ਭਾਰਤੀ ਭਾਸ਼ਾਵਾਂ ਦੇ ਨਾਵਲਕਾਰ ਹਨ। 'ਸੰਸਕਾਰ' ਨਾਵਲ ਉਹਨਾਂ ਦਾ ਸ਼ਾਹਕਾਰ ਨਾਵਲ ਹੈ ਜੋ ਸੰਨ 1965 'ਚ ਉਹਨਾਂ ਨੇ ਲਿਖਿਆ। ਜਦ ਇਹ ਕੰਨੜ 'ਚ ਛਪਿਆ ਤਾਂ ਇੱਕ ਯੁਗਾਂਤਰਕਾਰੀ ਨਾਵਲ ਦੇ ਰੂਪ ਵਿਚ ਪਾਠਕਾਂ ਅਤੇ ਸਮੀਖਿਅਕਾਂ ਨੇ ਇਸ ਦਾ ਸੁਆਗਤ ਕੀਤਾ। ਯਥਾਰਥ ਬਿਉਰਿਆਂ ਨਾਲ ਭਰੀ ਹੋਈ ਇਹ ਪ੍ਰਤੀਕਾਤਮਕ ਕਥਾ ਹੈ-ਦੱਖਣ ਭਾਰਤ ਦੇ ਇੱਕ ਬ੍ਰਾਹਮਣ-ਗ੍ਰਾਮ ਦੀ ਗਿਰਾਵਟ ਦੀ। ਇਸ ਨੂੰ ਧਾਰਮਿਕ ਨਾਵਲ ਵੀ ਕਿਹਾ ਗਿਆ ਜਦਕਿ ਇਸ ਦੇ ਬਹੁਤ ਸਾਰੇ ਪ੍ਰਮੁੱਖ ਪਾਤਰ ਧਰਮ ਅਤੇ ਉਹਨਾਂ ਦੀਆਂ ਪਰੰਪਰਾਵਾਂ ਨਾਲ ਜਾਣ-ਬੁੱਝ ਕੇ ਵਿਦਰੋਹ ਕਰਦੇ ਹਨ ਜਾਂ ਉਹਨਾਂ ਨੂੰ ਕਦੇ ਜਾਣਦੇ ਹੀ ਨਹੀਂ ਸਨ। ਪਿੱਛੇ ਜਿਹੇ ਇਹ ਮਹਾਨ ਨਾਵਲਕਾਰ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਇਹ ਨਾਵਲ ਉਹਨਾਂ ਨੂੰ ਸ਼ਰਧਾਂਜਲੀ ਵਜੋਂ ਧੰਨਵਾਦ ਸਹਿਤ ਪੰਜਾਬੀ ਪਾਠਕ ਲਈ ਪੇਸ਼ ਕੀਤਾ ਜਾ ਰਿਹਾ ਹੈ।*

### ਭਾਗ ਪਹਿਲਾ

1

ਭਾਗੀਰਥੀ ਦੀ ਸੁੱਕੀ ਹੋਈ, ਸੁੰਘੜੀ ਜਿਹੀ ਦੇਹ ਨੂੰ ਨਵ੍ਹਾਂ ਕੇ ਉਹਨਾਂ ਨੇ ਉਸ ਦੇ ਕੱਪੜੇ ਪਾ ਦਿੱਤੇ। ਫੇਰ ਨਿੱਤ ਦੇ ਨੇਮ ਅਨੁਸਾਰ ਭਗਵਾਨ ਅੱਗੇ ਫੁੱਲ ਚੜ੍ਹਾਏ ਤੇ ਪ੍ਰਸ਼ਾਦ ਚੜ੍ਹਾਇਆ। ਪੂਜਾ ਦੇ ਫੁੱਲ ਉਸ ਦੇ ਵਾਲ਼ਾਂ ਵਿਚ ਟੰਗੇ ਤੇ ਚਰਣਾਮਤ ਪਿਆਇਆ। ਭਾਗੀਰਥੀ ਨੇ ਉਹਨਾਂ ਦੇ ਪੈਰੀਂ ਹੱਥ ਲਾਏ ਅਤੇ ਉਹਨਾਂ ਤੋਂ ਅਸੀਸ ਲਈ। ਫੇਰ ਪ੍ਰਾਣੇਸ਼ਾਚਾਰੀਆ ਰਸੋਈ 'ਚੋਂ ਇੱਕ ਕੌਲੀ ਕੁ ਦਲੀਆ ਲੈ ਆਏ।

"ਪਹਿਲਾਂ ਤੁਸੀਂ ਆਪ ਖਾ ਲਉ ਨਾ" ਭਾਗੀਰਥੀ ਨੇ ਕਮਜ਼ੋਰ ਜਿਹੀ ਆਵਾਜ਼ ਵਿਚ ਕਿਹਾ।

"ਨਹੀਂ, ਪਹਿਲਾਂ ਤੂੰ ਇਹ ਦਲੀਆ ਖਾ ਲੈ।" ਵੀਹ ਵਰ੍ਹਿਆਂ ਤੋਂ ਲਗਾਤਾਰ ਇੱਕੋ ਹੀ ਪਰੰਪਰਾ 'ਚ ਬੰਨ੍ਹੇ-ਬਨ੍ਹਾਏ ਕੰਮ-ਕਾਰ ਦੋਹਾਂ ਵਿਚਕਾਰ ਚਲਦੇ ਆ ਰਹੇ ਨੇਮ ਸਵੇਰ ਦਾ ਇਸ਼ਨਾਨ, ਸ਼ਾਮ ਦੀ ਪੂਜਾ, ਰੋਟੀ ਪਕਾਉਣਾ ਤੇ ਖੁਆਉਣਾ, ਪਤਨੀ ਨੂੰ ਦਵਾਈ ਦੇਣੀ, ਫਿਰ ਨਦੀ ਪਾਰ ਜਾ ਕੇ ਹਨੂਮਾਨ ਦੇ ਮੰਦਿਰ ਵਿਚ ਜਾ ਕੇ ਪੂਜਾ-ਇਹ ਨਿੱਤ ਦਾ ਕੰਮ ਸੀ ਜਿਸ ਨੂੰ ਕਦੇ ਟਾਲਿਆ ਨਹੀਂ ਜਾਂਦਾ ਸੀ।

ਦੁਪਹਿਰੇ ਰੋਟੀ ਤੋਂ ਬਾਅਦ ਹਰ ਰੋਜ਼ ਪੁਰਾਣਾਂ ਦੀਆਂ ਪੁੰਨ-ਕਥਾਵਾਂ ਦੇ ਅਗਲੇ ਅੰਸ਼ ਨੂੰ ਸੁਣਨ ਦੇ ਲਈ ਇੱਕ-ਇੱਕ ਕਰਕੇ ਅਗਰਹਾਰ* ਦੇ ਪੰਡਤ ਘਰ ਦੇ ਥੜ੍ਹੇ 'ਤੇ ਇਕੱਠੇ ਹੋ ਜਾਂਦੇ। ਘਰ ਦੇ ਅਗਲੇ ਬਰਾਂਡੇ ਵਿਚ ਆ ਕੇ 'ਕੱਠੇ ਹੁੰਦੇ ਤੇ ਉਨ੍ਹਾਂ ਕੋਲੋਂ ਰੋਚਕ ਪੁਰਾਣ-ਕਥਾਵਾਂ ਸੁਣਦੇ। ਸ਼ਾਮੀਂ ਫਿਰ ਇਸ਼ਨਾਨ, ਸੰਧਿਆ ਪੂਜਾ, ਪਤਨੀ ਨੂੰ ਚੌਲਾਂ ਦੀ ਪਿੱਛ, ਦਵਾਈ, ਖਾਣਾ ਪਕਾਉਣਾ, ਖਾਣਾ-ਫਿਰ ਬਾਹਰ ਬਰਾਂਡੇ ਵਿਚ ਆ ਕੇ ਬੈਠੇ ਬ੍ਰਾਹਮਣਾਂ ਨਾਲ ਬਚਨ-ਬਿਲਾਸ। ਭਾਗੀਰਥੀ ਕਦੇ-ਕਦੇ ਕਹਿੰਦੀ, "ਮੇਰੇ ਨਾਲ ਵਿਆਹ ਕਰਕੇ ਤੁਹਾਨੂੰ ਕੀ ਸੁੱਖ ਮਿਲਿਆ ? ਘਰ ਵਿਚ ਬੱਚਾ ਹੋਣਾ ਚਾਹੀਦਾ ਹੈ-ਹੋਰ ਵਿਆਹ ਕਿਉਂ ਨਹੀਂ ਕਰਾ ਲੈਂਦੇ।"

"ਬੁਢਾਪੇ ਵੇਲੇ ਵਿਆਹ ?" ਪ੍ਰਾਣੇਸ਼ਾਚਾਰੀਆ ਹੱਸ ਕੇ ਜੁਆਬ ਦਿੰਦੇ।

"ਹਾਲੇ ਚਾਲੀ ਵੀ ਟੱਪੇ ਨਹੀਂ। ਬੁੱਢੇ ਹੋ ਗਏ ? ਕਾਸ਼ੀ ਜਾ ਕੇ ਸੰਸਕ੍ਰਿਤ ਦਾ ਅਧਿਐਨ ਤੁਸੀਂ ਕਰ ਆਏ ਹੋ। ਕਿਹੜਾ ਅਜਿਹਾ ਬਾਪ ਹੋਵੇਗਾ ਜੋ ਆਪਣੀ ਧੀ ਤੁਹਾਨੂੰ ਨਹੀਂ ਦੇਣਾ ਚਾਹੇਗਾ ? ਘਰੇ ਇੱਕ ਮੁੰਡਾ ਹੋਣਾ ਹੀ ਚਾਹੀਦਾ ਹੈ। ਜਦ ਤੋਂ ਤੁਸੀਂ ਮੇਰਾ ਹੱਥ ਫੜਿਆ ਹੈ, ਸੁੱਖ ਕਿੱਥੇ ਮਿਲਿਆ ਹੈ ਤੁਹਾਨੂੰ...?"

ਪ੍ਰਾਣੇਸ਼ਾਚਾਰੀਆ ਮੁਸਕਰਾ ਦਿੰਦੇ। ਉੱਠ ਕੇ ਬੈਠਣ ਦੀ ਕੋਸ਼ਿਸ਼ ਕਰਦੀ ਹੋਈ ਘਰਵਾਲੀ ਨੂੰ ਲਿਟਾ ਦਿੰਦੇ। ਫ਼ਲ ਦੀ ਇੱਛਾ ਤੋਂ ਬਿਨਾਂ ਹੀ ਕਰਮ ਕਰਨ ਦੇ ਲਈ ਕ੍ਰਿਸ਼ਨ ਭਗਵਾਨ ਨੇ ਹੀ ਕਿਹੈ ਨਾ ? ਮੁਕਤੀ-ਮਾਰਗ ਦੇ ਰਾਹੀ ਨੂੰ ਬ੍ਰਾਹਮਣ ਦਾ ਜਨਮ ਦੇ ਕੇ ਭਗਵਾਨ ਨੇ ਉਸ ਦੀ ਪ੍ਰੀਖਿਆ ਦੇ ਲਈ ਹੀ ਸੰਸਾਰ-ਗੇੜ 'ਚ ਉਸ ਨੂੰ ਬੰਨ੍ਹ ਦਿੱਤਾ ਹੈ। ਉਹ ਆਪਣੇ ਭਾਗ ਨੂੰ ਪੰਚ-ਅੰਮ੍ਰਿਤ ਦੀ ਤਰ੍ਹਾਂ ਪਵਿੱਤਰ ਮੰਨਦੇ। ਆਪਣੀ ਰੋਗੀ ਘਰਵਾਲੀ ਦੇ ਲਈ ਉਹਨਾਂ ਦਾ ਮਨ ਭਰ-ਭਰ ਆਉਂਦਾ। ਆਪਣੀ ਕਿਸਮਤ 'ਤੇ ਉਹ ਜਿਵੇਂ ਰਸ਼ਕ ਕਰਦੇ ਅਤੇ ਸੋਚਦੇ ਸਾਰੀ ਉਮਰ ਦੀ ਰੋਗਣ ਨਾਲ ਵਿਆਹ ਕਰਕੇ ਮੇਰਾ ਜੀਵਨ ਸਫ਼ਲ ਹੋਵੇਗਾ ਅਤੇ ਉਸ 'ਚ ਪਕਿਆਈ ਆਵੇਗੀ।

ਰੋਟੀ ਖਾਣ ਤੋਂ ਪਹਿਲਾਂ ਉਨ੍ਹਾਂ ਪਿਛਵਾੜੇ ਚਰ ਰਹੀ ਆਪਣੀ ਗੌਰੀ ਨਾਂ ਦੀ ਗਾਂ ਲਈ ਗਾਂ-ਗ੍ਰਾਸ ਕੇਲੇ ਦੇ ਪੱਤੇ 'ਤੇ ਰੱਖ ਕੇ ਉਸ ਦੇ ਅੱਗੇ ਰੱਖ ਦਿੱਤਾ। ਫਿਰ ਕੁਝ ਚਿਰ ਉਸ ਦੇ ਪਿੰਡੇ 'ਤੇ ਹੱਥ ਫੇਰਦੇ ਰਹੇ। ਉਸ ਛੂਹ ਨਾਲ ਗਾਂ ਦੇ ਪਿੰਡੇ ਦੇ ਲੂੰਅ ਉੱਠ ਖੜ੍ਹੇ। ਹੱਥ ਅੱਖਾਂ ਨੂੰ ਲਾਇਆ ਤੇ ਅੰਦਰ ਵੱਲ ਮੁੜ ਪਏ। ਅੰਦਰ ਵੜਦਿਆਂ ਉਨ੍ਹਾਂ ਨੂੰ 'ਅਚਾਰੀਆ, ਅਚਾਰੀਆ' ਕਹਿੰਦੀ ਕਿਸੇ ਔਰਤ ਆਵਾਜ਼ ਸੁਣਾਈ ਦਿੱਤੀ। ਸੁਣਦੇ ਹੀ ਪਛਾਣ ਗਏ ਇਹ ਨਾਰਣੱਪੇ ਦੀ ਰਖੈਲ ਚੰਦਰੀ ਦੀ ਆਵਾਜ਼ ਹੈ। ਉਸ ਨਾਲ ਗੱਲ ਕਰਨ 'ਤੇ ਨ੍ਹਾਉਣਾ ਪਵੇਗਾ ਅਤੇ ਫੇਰ ਰੋਟੀ ਖਾਣੀ ਪਵੇਗੀ ਪਰ ਬਾਹਰ ਵਿਹੜੇ ਵਿਚ ਔਰਤ ਖੜ੍ਹੀ ਉਡੀਕ ਰਹੀ ਹੋਵੇ ਤਾਂ ਹਲਕ 'ਚੋਂ ਬੁਰਕੀ ਕਿਵੇਂ ਲੰਘ ਸਕਦੀ ਹੈ ?

ਉਹ ਬਾਹਰ ਥੜ੍ਹੇ 'ਤੇ ਆ ਗਏ। ਚੰਦਰੀ ਨੇ ਝੱਟ ਆਪਣਾ ਸਿਰ ਸਾੜ੍ਹੀ ਦੇ ਪੱਲੇ ਨਾਲ ਢਕ ਲਿਆ। ਉਹ ਬੜੀ ਡਰੀ ਤੇ ਘਬਰਾਈ ਹੋਈ ਸੀ।

"ਕੀ ਗੱਲ ਹੈ ? ਕਿਵੇਂ ਆਈ ਹੈਂ ?"

"ਉਹ... ਉਹ..." ਚੰਦਰੀ ਨੇ ਕੰਬਦਿਆਂ ਕਿਹਾ। ਆਵਾਜ਼ ਉਸ ਦੇ ਮੂੰਹੋਂ ਨਹੀਂ ਨਿਕਲ ਰਹੀ ਸੀ। ਉਹ ਥੰਮੇ ਦਾ ਆਸਰਾ ਲੈ ਕੇ ਖੜ੍ਹੀ ਰਹੀ।

"ਕੌਣ ? ਨਾਰਣੱਪਾ ? ਕੀ ਹੋਇਆ ?"

"ਉਹ ਚਲੇ ਗਏ।' ਕਹਿ ਕੇ ਚੰਦਰੀ ਨੇ ਆਪਣਾ ਮੂੰਹ ਢਕ ਲਿਆ।

"ਨਾਰਾਇਣ ! ਨਾਰਾਇਣ !... ਕਦੋਂ ?"

"ਹੁਣੇ-ਹੁਣੇ"

"ਨਾਰਾਇਣ ! - ਕੀ ਹੋਇਆ ਸੀ ਉਸ ਨੂੰ ?"

ਚੰਦਰੀ ਹਿਚਕੀਆਂ ਲੈਂਦਿਆਂ ਬੋਲੀ" ਸ਼ਿਵਮੋਗੇ ਤੋਂ ਆਏ ਤਾਂ ਬੁਖ਼ਾਰ ਚੜ੍ਹਿਆ ਹੋਇਆ ਸੀ। ਮੰਜੇ 'ਤੇ ਸੌਂ ਗਏ, ਬਸ ਚਾਰ ਦਿਨ ਬੁਖ਼ਾਰ ਰਿਹਾ। ਕੱਛ ਵਿਚ ਇੱਕ ਗਿਲਟੀ ਨਿਕਲ ਆਈ ਸੀ। ਫੋੜਾ ਜਿਵੇਂ ਹੁੰਦਾ ਹੈ ਨਾ ਉਵੇਂ।"

"ਨਾਰਾਇਣ !"

ਪ੍ਰਾਣੇਸ਼ਾਚਾਰੀਆ ਉਹੀ ਕੱਪੜੇ ਪਾਈ ਭੱਜੇ-ਭੱਜੇ ਗਰੁੜਾਚਾਰੀਏ ਦੇ ਘਰ ਗਰੁੜਾ-ਗਰੁੜਾ ਕਹਿੰਦਿਆਂ ਸਿੱਧੇ ਰਸੋਈ ਵਿਚ ਹੀ ਜਾ ਵੜੇ। ਨਾਰੱਣਪਾ ਤੇ ਗਰੁੜਾਚਾਰੀਏ ਦਾ ਪੰਜਾਂ ਪੀੜ੍ਹੀਆਂ ਤੋਂ ਰਿਸ਼ਤਾ ਚੱਲਿਆ ਆ ਰਿਹਾ ਸੀ। ਨਾਰਣੱਪਾ ਅਤੇ ਗਰੁੜਾਚਾਰੀਆ ਦੀ ਨਾਨੀ ਦੀ ਨਾਨੀ ਦੋਵੇਂ ਭੈਣਾ ਸਨ। ਹਾਲੇ ਮੂੰਹ 'ਚ ਬੁਰਕੀ ਪਾਉਣ ਹੀ ਵਾਲੇ ਸਨ ਗਰੁੜਾਚਾਰੀਆ ਜੀ ਕਿ...।



"ਨਾਰਾਇਣ ! ਗਰੁੜੇ ਨਾ ਖਾਈਂ, ਨਾਰਣੱਪਾ ਮਰ ਗਿਆ।" ਕਹਿ ਕੇ ਦੁਪਹਿਰ ਗਰਮੀ ਦੇ ਕਾਰਣ ਪਸੀਨੇ ਨਾਲ ਭਿੱਜਿਆ ਮੂੰਹ ਪੂੰਝਿਆ। ਗਰੁੜਾਚਾਰੀਆ ਸੁੰਨ ਰਹਿ ਗਿਆ। ਉਸ ਦੀ ਤੇ ਨਾਰਣੱਪੇ ਦੀ ਆਪਸ ਵਿਚ ਬੋਲ-ਚਾਲ ਵੀ ਕੋਈ ਨਹੀਂ ਸੀ। ਉਨ੍ਹਾਂ ਇੱਕ ਦੂਜੇ ਨਾਲੋਂ ਸਾਰੇ ਸੰਬੰਧ ਤੋੜ ਲਏ ਸਨ। ਫੇਰ ਵੀ ਹੱਥ ਵਿਚਲੀ ਚੌਲਾਂ ਦੀ ਗਰਾਹੀ ਨੂੰ ਪੱਤਲ 'ਤੇ ਵਾਪਸ ਰੱਖ ਕੇ ਉੱਠ ਖੜ੍ਹਿਆ। ਸਾਹਮਣੇ ਖੜ੍ਹੀ ਪਤਨੀ ਸੀਤਾ ਦੇਵੀ ਨੂੰ ਕਿਹਾ, "ਬੱਚਿਆਂ ਨੂੰ ਕੋਈ ਡਰ ਨਹੀਂ, ਉਨ੍ਹਾਂ ਨੂੰ ਖੁਆ ਦੇ। ਅਸੀਂ ਦਾਹ-ਸਸਕਾਰ ਤੋਂ ਬਾਦ ਹੀ ਖਾਵਾਂਗੇ।" ਕਹਿ ਕੇ ਪ੍ਰਾਣੇਸ਼ਾਚਾਰੀਏ ਨਾਲ ਬਾਹਰ ਆ ਗਿਆ। ਖ਼ਬਰ ਮਿਲਣ ਤੋਂ ਪਹਿਲਾਂ ਕਿਤੇ ਆਸੇ-ਪਾਸੇ ਦੇ ਘਰਾਂ ਵਾਲੇ ਖਾ ਨਾ ਲੈਣ, ਇਸ ਡਰੋਂ, ਪ੍ਰਾਣੇਸ਼ਾਚਾਰੀਆ ਉਡੁਪੀ ਲਕਸ਼ਮਣਾਚਾਰੀਆ ਦੇ ਘਰ ਤੋਂ ਗਰੁੜਾ ਅੱਧ-ਪਾਗ਼ਲ ਲਕਸ਼ਮੀ ਦੇਵੰਮਾਤ ਅਤੇ ਦੁਰਗਾਭੱਟ ਦੇ ਘਰ ਭੱਜੇ-ਭੱਜੇ ਗਏ ਤੇ ਖ਼ਬਰ ਦੱਸੀ। ਅਗਰਹਾਰ ਦੇ ਬਾਕੀ ਦਸਾਂ ਘਰਾਂ ਵਿਚ ਵੀ ਖ਼ਬਰ ਜੰਗਲ ਦੀ ਅੱਗ ਵਾਂਗ ਫ਼ੈਲ ਗਈ। ਬੱਚਿਆਂ ਨੂੰ ਅੰਦਰ ਵਾੜ ਕੇ ਬੂਹੇ-ਬਾਰੀਆਂ ਬੰਦ ਕਰ ਦਿੱਤੇ ਗਏ। ਭਗਵਾਨ ਦੀ ਕਿਰਪਾ ਨਾਲ ਅਜੇ ਕਿਸੇ ਨੇ ਵੀ ਰੋਟੀ ਨਹੀਂ ਸੀ ਖਾਧੀ। ਨਾਰਣੱਪੇ ਦੀ ਮੌਤ ਦੀ ਖ਼ਬਰ ਸੁਣ ਕੇ ਤੀਵੀਂਆਂ ਤੇ ਬੱਚਿਆਂ ਤੋਂ ਲੈ ਕੇ ਕਿਸੇ ਨੂੰ ਵੀ ਕੋਈ ਦੁੱਖ ਨਾ ਹੋਇਆ। ਸਭ ਦੇ ਮਨਾਂ ਵਿਚ ਇੱਕ ਅਕਹਿ ਤੇ ਅਨਜਾਣ ਡਰ ਨਾਲ ਬੇਚੈਨੀ ਪੈਦਾ ਹੋ ਗਈ ਸੀ। ਜਿਉਂਦੇ ਜੀਅ ਉਹ ਸਭ ਦਾ ਵੈਰੀ ਸੀ, ਮਰ ਕੇ ਮੂੰਹੋਂ ਬੁਰਕੀ ਖੋਹਣ ਵਾਲਾ ਬਣ ਗਿਆ। ਉਸ ਦੀ ਲਾਸ਼ ਨੇ ਇੱਕ ਹੋਰ ਸਮੱਸਿਆ ਖੜ੍ਹੀ ਕਰ ਦਿੱਤੀ ਸੀ। ਸਾਰੇ ਪੰਡਤ ਪ੍ਰਾਣੇਸ਼ਾਚਾਰੀਆ ਦੇ ਘਰ ਮੂਹਰੇ ਖੜ੍ਹੇ ਹੋਏ।

ਅਚਾਰੀਏ ਦੇ ਬਰਾਂਡੇ ਵੱਲ ਤੁਰੇ ਜਾਂਦੇ ਆਪਣੇ-ਆਪਣੇ ਪਤੀ ਦੇ ਕੰਨ ਵਿਚ ਹਰ ਪਤਨੀ ਨੇ ਫੂਕ ਮਾਰੀ। "ਪ੍ਰਾਣੇਸ਼ਾਚਾਰੀਆ ਨੂੰ ਹੀ ਫ਼ੈਸਲਾ ਕਰਨ ਦੇਣਾ। ਐਵੇਂ ਕਾਹਲੀ ਵਿਚ ਆ ਕੇ ਸਸਕਾਰ ਕਰਨ ਲਈ ਨਾ ਮੰਨ ਜਾਣਾ। ਕੱਲ੍ਹ ਨੂੰ ਗੁਰੂ ਜੀ ਨੇ ਸਾਨੂੰ ਛੇਕ ਦਿੱਤਾ ਤਾਂ ਫਿਰ ਕੀ ਕਰਾਂਗੇ ?"

ਪ੍ਰਾਣੇਸ਼ਾਚਾਰੀਆ ਤੋਂ ਜਿਵੇਂ ਰੋਜ਼ ਕਥਾ ਪੁਰਾਣ ਸੁਣਨ ਲਈ ਹੁੰਦੇ ਸਨ, ਉਵੇਂ ਬ੍ਰਾਹਮਣ 'ਕੱਠੇ ਹੋ ਗਏ। ਪਰ ਅੱਜ ਉਨ੍ਹਾਂ 'ਚ ਅਜੀਬ ਜਿਹੀ ਬੇਚੈਨੀ ਪੈਦਾ ਹੋ ਗਈ ਸੀ। ਗਲ ਪਾਈ ਤੁਲਸੀ ਦੀ ਮਾਲਾ ਦੇ ਮਣਕੇ ਫੇਰਦਿਆਂ ਪ੍ਰਾਣੇਸ਼ਾਚਾਰੀਏ ਨੇ ਉਨ੍ਹਾਂ ਨੂੰ ਇਉਂ ਕਿਹਾ ਜਿਵੇਂ ਆਪਣੇ-ਆਪ ਨੂੰ ਕਿਹਾ ਹੋਵੇ।

"ਨਾਰਣੱਪੇ ਦਾ ਦਾਹ ਸਸਕਾਰ ਕਰਨੈ, ਇਹ ਪਹਿਲਾ ਸੁਆਲ ਹੈ। ਉਸ ਦਾ ਬਾਲ ਬੱਚਾ ਕੋਈ ਨਹੀਂ-ਸੋ ਇਹ ਕੰਮ ਕੌਣ ਕਰੇਗਾ-ਇਹ ਦੂਸਰਾ ਸੁਆਲ ਹੈ।"

ਥੰਮੇ ਨਾਲ ਲੱਗ ਕੇ ਖੜ੍ਹੀ ਚੰਦਰੀ ਪੰਡਤਾਂ ਦਾ ਫ਼ੈਸਲਾ ਬੜੇ ਡਰ ਤੇ ਘਬਰਾਹਟ ਨਾਲ ਉਡੀਕ ਰਹੀ ਸੀ। ਬਹੁਤ ਜ਼ਿਆਦਾ ਉਤਸੁਕਤਾ ਦੇ ਕਰਕੇ ਪੰਡਤਾਂ ਦੀਆਂ ਪਤਨੀਆਂ ਪਿਛਲੇ ਦਰਵਾਜ਼ਿਉਂ ਅੰਦਰ ਆ ਕੇ ਪ੍ਰਾਣੇਸ਼ਾਚਾਰੀਆ ਦੇ ਘਰ ਦੇ ਵਿਚਕਾਰਲੇ ਕਮਰੇ ਵਿਚ ਆ ਕੇ ਖੜ੍ਹ ਗਈਆਂ। ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਦੇ ਪਤੀ ਕਾਹਲੀ ਵਿਚ ਆ ਕੇ ਕੋਈ ਗ਼ਲਤ ਫ਼ੈਸਲਾ ਨਾ ਲੈ ਲੈਣ।

ਆਪਣੀਆਂ ਮੋਟੀਆਂ ਕਾਲੀਆਂ ਨੰਗੀਆਂ ਬਾਹਵਾਂ 'ਤੇ ਹੱਥ ਫੇਰਦਿਆਂ ਹਮੇਸ਼ਾ ਦੀ ਤਰ੍ਹਾਂ ਗਰੁਡਾਚਾਰੀਆ ਬੋਲਿਆ "ਹਾਂ ਜੀ... ਹਾਂ ਜੀ... ਹਾਂ-ਹਾਂ ਜੀ।"

"ਜਿੰਨਾਂ ਚਿਰ ਤਾਈਂ ਦਾਹ-ਸਸਕਾਰ ਨਹੀਂ ਹੋ ਜਾਂਦਾ, ਕੋਈ ਕੁਝ ਖਾ ਨਹੀਂ ਸਕਦਾ।" ਛੀਂਟਕੇ ਜਿਹੇ ਬਲਰਾਮ ਦੀ ਗਾਂ ਵਾਂਗ ਕਮਜ਼ੋਰ ਗ਼ਰੀਬ ਪੰਡਤ ਦਾਸਾਚਾਰੀਏ ਨੇ ਕਿਹਾ।

"ਠੀਕ, ਬਿਲਕੁਲ ਠੀਕ" ਲਕਸ਼ਮਣਚਾਰੀਏ ਨੇ ਆਪਣੀ ਗੋਗੜ 'ਤੇ ਹੱਥ ਫੇਰਦਿਆਂ ਮੂੰਹ ਅਗਾਂਹ-ਪਿਛਾਂਹ ਕਰਦਿਆਂ ਤੇ ਕਾਹਲੀ-ਕਾਹਲੀ ਪਲਕਾਂ ਝਪਕਦਿਆਂ ਕਿਹਾ। ਬੁਖ਼ਾਰ ਦੇ ਕਰਕੇ ਉਸ ਦੇ ਸ਼ਰੀਰ ਦਾ ਫੁੱਲਿਆ ਹੋਇਆ ਅੰਗ ਸਿਰਫ਼ ਉਸ ਦਾ ਢਿੱਡ ਸੀ। ਪਿਚਕੀਆਂ ਗੱਲ੍ਹਾਂ, ਪੀਲੀਆਂ

ਅੱਖਾਂ, ਹੱਡੀਆਂ ਨਾਲ ਉਭਰੀ ਛਾਤੀ, ਇੱਕ ਲੱਤ ਮੁੜੀ ਹੋਈ ਹੋਣ ਕਾਰਨ ਸ਼ਰੀਰ ਦਾ ਸਮਤੋਲ ਵਿਗੜਿਆ ਹੋਇਆ ਸੀ। ਉਸ ਦਾ ਸਰੀਰ ਅੱਗੇ ਨੂੰ ਝੁਕਿਆ ਰਹਿੰਦਾ ਸੀ ਤੇ ਪਾਰਿਜਾਤਪੁਰ ਦੇ ਲੋਕ ਮਜ਼ਾਕ ਨਾਲ ਉਸ ਨੂੰ 'ਦੂੰਬਾ' ਕਹਿੰਦੇ ਸੀ।

ਕਿਸੇ ਵੱਲੋਂ ਕੋਈ ਜੁਆਬ ਨਾ ਆਉਂਦਾ ਦੇਖ ਕੇ ਪ੍ਰਾਣੇਸ਼ਾਚਾਰੀਏ ਨੇ ਕਿਹਾ, "ਕੌਣ ਉਸ ਦਾ ਦਾਹ-ਸੰਸਕਾਰ ਕਰੇਗਾ ? ਸਾਡੇ ਸਾਹਮਣੇ ਇਹ ਸਮੱਸਿਆ ਹੈ। ਜੇ ਰਿਸ਼ਤੇਦਾਰ ਨਾ ਕਰ ਸਕਦੇ ਹੋਣ ਤਾਂ ਕੋਈ ਹੋਰ ਪੰਡਤ ਕਰ ਸਕਦਾ ਹੈ। ਅਜਿਹੀ ਗੱਲ ਧਰਮਸ਼ਾਸਤਰ 'ਚ ਲਿਖੀ ਹੈ।"

ਰਿਸ਼ਤੇਦਾਰ ਕਹਿੰਦੇ ਹੀ ਬਾਕੀ ਦੇ ਬ੍ਰਾਹਮਣ ਗਰੁੜਾਚਾਰੀਏ ਤੇ ਲਕਸ਼ਮਣਾਚਾਰੀਏ ਦੇ ਮੂੰਹ ਵੱਲ ਦੇਖਣ ਲੱਗ ਪਏ।

ਲਕਸ਼ਮਣਚਾਰੀਏ ਨੇ ਇਸ ਤਰ੍ਹਾਂ ਅੱਖਾਂ ਮੀਚ ਲਈਆਂ ਜਿਵੇਂ ਉਸ ਦਾ ਇਸ ਨਾਲ ਕੋਈ ਸਬੰਧ ਹੀ ਨਾ ਹੋਵੇ। ਪਰ ਕੋਰਟ ਕਚਹਿਰੀ ਦੇ ਗੇੜੇ ਮਾਰ ਬੈਠੇ ਗਰੁੜੇ ਨੂੰ ਲੱਗਿਆ ਉਸ ਦੇ ਲਈ ਗੱਲ ਕਰਨੀ ਜ਼ਰੂਰੀ ਸੀ। ਸੋ ਉਸ ਨੇ ਚੁਟਕੀ ਨਸਵਾਰ ਦੀ ਸੁੰਘੀ ਤੇ ਗਲਾ ਸਾਫ਼ ਕੀਤਾ - "ਸਾਡੇ ਲਈ ਧਰਮ ਸ਼ਾਸਤਰਾਂ ਅਨੁਸਾਰ ਚੱਲਣਾ ਹੀ ਠੀਕ ਹੈ। ਸਾਡੇ ਸਾਰਿਆਂ ਲਈ ਤੁਹਾਡੀਆਂ ਗੱਲਾਂ ਵੇਦ ਵਾਕ ਦੇ ਬਰਾਬਰ ਹਨ। ਤੁਸੀਂ ਹੁਕਮ ਦਿਉ ਤਾਂ ਮੈਂ ਮਨ੍ਹਾਂ ਨਹੀਂ ਕਰਨ ਲੱਗਿਆ। ਇਹ ਠੀਕ ਹੈ ਕਿ ਕਿੰਨੀਆਂ ਪੀੜ੍ਹੀਆਂ ਤੋਂ ਸਾਡੀ ਰਿਸ਼ਤੇਦਾਰੀ ਚੱਲੀ ਆ ਰਹੀ ਹੈ ਪਰ ਜਿਵੇਂ ਕਿ ਤੁਸੀਂ ਜਾਣਦੇ ਹੋ, ਮੇਰੇ ਅਤੇ ਉਸ ਦੇ ਬਾਪ ਦੇ ਵਿਚਕਾਰ ਕਈ ਝਗੜੇ-ਮੁਕੱਦਮੇ ਚੱਲੇ ਹਨ। ਖੇਤ ਨੂੰ ਲੈ ਕੇ ਝਗੜਾ ਰਿਹਾ। ਉਸ ਦੇ ਪਿਤਾ ਦੀ ਮੌਤ ਤੋਂ ਬਾਦ ਮੈਂ ਧਰਮਪੀਠ ਤੋਂ ਇਨਸਾਫ਼ ਲੈਣ ਲਈ ਗੁਰੂ ਜੀ ਨੂੰ ਬੇਨਤੀ ਕੀਤੀ। ਉਹਨਾਂ ਨੇ ਮੇਰੇ ਹੱਕ ਵਿਚ ਫ਼ੈਸਲਾ ਦਿੱਤਾ। ਪਰ ਇਸ ਨਾਰਣੱਪੇ ਨੇ ਗੁਰੂ ਦੀ ਆਗਿਆ ਦਾ ਵੀ ਪਾਲਣ ਨਾ ਕੀਤਾ। ਉਸ ਤੋਂ ਬਾਅਦ ਮੈਂ ਸਹੁੰ ਖਾ ਲਈ ਕਿ ਇਸ ਬੰਦੇ ਨਾਲ ਕੋਈ ਵਾਸਤਾ ਨਹੀਂ ਰੱਖਣਾ। ਮੇਰੇ ਪਰਿਵਾਰ ਵਿਚ, ਅੱਗੋਂ ਮੇਰੀਆਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਬੋਲ-ਚਾਲ, ਖਾਣਾ-ਪੀਣਾ, ਵਿਆਹ-ਸ਼ਾਦੀ, ਜਨੇਊ-ਆਦਿ ਕਿਸੇ ਤਰ੍ਹਾਂ ਦਾ ਕੋਈ ਰਿਸ਼ਤਾ ਨਹੀਂ ਹੋਵੇਗਾ-ਇਹ ਫ਼ੈਸਲਾ ਕਰ ਲੈਣ ਤੋਂ ਮਗਰੋਂ... ਕੀ ਕਹਿੰਦੇ ਹੋ ?"

ਗਰੁੜਾਚਾਰੀਏ ਦਾ 'ਕੀ ਕਹਿੰਦੇ ਹੋ ?' ਦੇ ਵਿਰਾਮ ਚਿੰਨ੍ਹ ਵਾਲਾ ਨਾਸਿਕ ਵਹਾਅ ਅਚਾਨਕ ਰੁਕ ਗਿਆ। ਉਸ ਨੇ ਦੋ ਚੁਟਕੀਆਂ ਨਸਵਾਰ ਹੋਰ ਸੁੰਘੀਆਂ ਤੇ ਉਸ ਨੂੰ ਫੁਰਤੀ ਆ ਗਈ। ਉਸ ਨੇ ਚਾਰੇ ਪਾਸੇ ਵੇਖਿਆ ਫਿਰ ਚੰਦਰੀ 'ਤੇ ਨਜ਼ਰ ਮਾਰੀ ਤੇ ਦਲੇਰੀ ਨਾਲ ਬੋਲਿਆ, "ਗੁਰੂ ਜੀ ਵੀ ਤੁਹਾਡੀ ਗੱਲ ਨਾਲ ਸਹਿਮਤ ਹੋ ਜਾਣਗੇ-ਕੀ ਕਹਿੰਦੇ ਹੋ ? ਮੈਂ ਸਸਕਾਰ ਕਰਾਂਗਾ ਜਾਂ ਨਹੀਂ ? ਇਸ ਸੁਆਲ ਨੂੰ ਕੁਝ ਚਿਰ ਲਈ ਇੱਕ ਪਾਸੇ ਕਰ ਦਿਉ। ਅਸਲੀ ਸੁਆਲ ਤਾਂ ਹੁਣ ਇਹ ਹੈ ਕਿ ਇਹ ਪੰਡਤ ਸੀ ਵੀ ਕਿ ਨਹੀਂ ?-ਕੀ ਕਹਿੰਦੇ ਹੋ ? ਇਸ ਨੇ ਨੀਵੀਂ ਜਾਤ ਦੀ ਤੀਵੀਂ ਨੂੰ ਘਰ 'ਚ ਰੱਖ ਕੇ ਨਿਰੰਤਰ ਭੋਗਿਆ ਸੀ।"

ਮਾਧਵ ਪੰਡਤਾਂ ਦੀ ਇਸ ਬਸਤੀ ਵਿਚ ਸਮਾਰਤ* ਬ੍ਰਾਹਮਣਾਂ ਵਿਚੋਂ ਇੱਕ ਦੁਰਗਾਭੱਟ ਹੀ ਇਸ ਬਸਤੀ ਵਿਚ ਰਹਿੰਦਾ ਸੀ। ਉਹ ਵਿਰੋਧੀ ਧੜੇ ਦੀ ਤੰਗ ਖ਼ਿਆਲੀ ਨੂੰ ਹਮੇਸ਼ਾ ਸੁਆਲੀਆ ਨਜ਼ਰਾਂ ਨਾਲ ਪਰਖਦਾ ਰਹਿੰਦਾ। ਉਸ ਨੇ ਚੰਦਰੀ ਨੂੰ ਕਣਖੀਆਂ ਨਾਲ ਵੇਖਿਆ ਤੇ ਆਖਣ ਲੱਗਿਆ।

"ਦੁਰਫਿਟੇ ਮੂੰਹ ! ਆਚਾਰੀਆ ਜੀ ਕਾਹਲੇ ਨਾ ਪਵੋ। ਜੇ ਕੋਈ ਪੰਡਤ ਨੀਵੀਂ ਜਾਤ ਦੀ ਤੀਵੀਂ ਨੂੰ ਘਰ ਵਸਾ ਵੀ ਲਵੇ ਤਾਂ ਉਸ ਦਾ ਕੁਝ ਨਹੀਂ ਵਿਗੜਦਾ। ਉਹ ਪੰਡਤ ਹੀ ਰਹਿੰਦਾ ਹੈ। ਸਾਡੇ ਵੱਡ-ਵਡੇਰੇ ਆਖ਼ਿਰ ਉੱਤਰੀ ਭਾਰਤ ਵੱਲੋਂ ਆਏ ਸਨ, ਬੇਸ਼ੱਕ ਪ੍ਰਾਣੇਸ਼ਾਚਾਰੀਏ ਨੂੰ ਪੁੱਛ ਲਉ। ਇਤਿਹਾਸ ਦੱਸਦੈ ਕਿ ਉਹ ਦ੍ਰਾਵਿੜ ਤੀਵੀਆਂ ਨਾਲ ਭੋਗ ਕਰਦੇ ਰਹੇ। ਮੈਂ ਬਣਾ ਕੇ ਨਹੀਂ ਗੱਲ ਕਰ ਰਿਹਾ। ਇਉਂ ਦੇਖਿਆ ਜਾਵੇ ਤਾਂ ਦੱਖਣ ਕੰਨੜ ਹੋ ਕੇ ਆਉਣ ਵਾਲੇ ਅਕਸਰ ਸਭ ਲੋਕ ਬਸਰੂਰ* ਦੇ



ਵੇਸਵਾਘਰਾਂ ਦੇ...।" ਗਰੁੜਾਚਾਰੀਏ ਨੂੰ ਲੱਗਿਆ ਕਿ ਉਹ ਜਾਣ ਬੁੱਝ ਕੇ ਮਾਧਵ ਬ੍ਰਾਹਮਣਾਂ ਦਾ ਮਸ਼ੌਲ ਉਡਾ ਰਿਹਾ ਸੀ।

"ਗੱਲ ਨਾ ਵਧਾ ਦੁਰਗਾਭੱਟ, ਇੱਥੇ ਗੱਲ ਸਿਰਫ਼ ਕਾਮ ਸਬੰਧਾਂ ਦੀ ਨਹੀਂ ਹੋ ਰਹੀ। ਅਨੁਲੋਮ, ਵਿਲੋਮ ਬਾਰੇ ਜਾਣਦੇ, ਕਾਸ਼ੀ ਜਾ ਕੇ ਸਭ ਕੁਝ ਸਿੱਖ ਕੇ, ਵੇਦਾਂਤ ਪੜ੍ਹਕੇ ਆਏ ਸ਼ਿਰੋਮਣੀ ਪ੍ਰਾਣੇਸ਼ਾਚਾਰੀਆ ਨੂੰ ਅਸੀਂ ਕੀ ਸਿਖਾ ਸਕਦੇ ਹਾਂ। ਤੇਰੀ ਜਾਤ ਦੇ, ਸਾਡੀ ਜਾਤ ਦੇ ਵੱਡੇ-ਵੱਡੇ ਪੰਡਤਾਂ ਵਿਦਵਾਨਾਂ ਨਾਲ ਬਹਿਸ ਕਰਕੇ ਉਨ੍ਹਾਂ ਨੂੰ ਹਰਾਕੇ, ਦੱਖਣ ਦੇ ਸਾਰੇ ਮੱਠਾਂ ਵਿਚ ਆਪਣੀ ਵਿਦਵੱਤਾ ਦੀ ਧਾਂਕ ਜਮਾ ਚੁੱਕੇ ਹਨ, ਜਰੀ ਦੀਆਂ ਪੰਦਰਾਂ ਸ਼ਾਲਾਂ ਤੇ ਚਾਂਦੀ ਦੇ ਥਾਲ ਪ੍ਰਾਪਤ ਕਰ ਚੁੱਕੇ ਹਨ, ਕੀ ਕਹਿੰਦੇ ਹੋ ? ਸਾਡੇ ਅਚਾਰੀਏ ਨੂੰ, ਕੀ ਕਹਿੰਦੇ ਹੋ ?"

ਪ੍ਰਾਣੇਸ਼ਾਚਾਰੀਆ ਨੇ ਵੇਖਿਆ ਗੱਲ ਅਸਲੀ ਮੁੱਦੇ ਤੋਂ ਦੂਰ ਹਟਕੇ ਉਨ੍ਹਾਂ ਦੀ ਪ੍ਰਸ਼ੰਸਾ 'ਤੇ ਉਤਰ ਆਈ। ਝਿਜਕਦਿਆਂ ਉਹਨਾਂ ਨੇ ਕਿਹਾ, "ਲਕਸ਼ਮਣਾਚਾਰੀਆ, ਤੁਹਾਡਾ ਕੀ ਖ਼ਿਆਲ ਹੈ ? ਨਾਰਣੱਪੇ ਦਾ ਵਿਆਹ ਆਖ਼ਿਰ ਤੁਹਾਡੀ ਪਤਨੀ ਦੀ ਭੈਣ ਨਾਲ ਹੋਇਆ ਸੀ ?

ਲਕਸ਼ਮਣਾਚਾਰੀਏ ਨੇ ਅੱਖਾਂ ਮੀਚ ਲਈਆਂ।

"ਤੁਹਾਡਾ ਹੁਕਮ ਸਿਰ ਮੱਥੇ। ਅਸੀਂ ਧਰਮ ਦੀਆਂ ਬਾਰੀਕੀਆਂ ਨਹੀਂ ਜਾਣਦੇ। ਜਿਵੇਂ ਗਰੁੜਾਚਾਰੀਆ ਨੇ ਕਿਹੈ ਕਿ ਨਾਰਣੱਪੇ ਦੇ ਨੀਵੀਂ ਜਾਤ ਦੀ ਤੀਵੀਂ ਨਾਲ ਸਬੰਧ ਸੀ..." ਆਪਣੀ ਗੱਲ ਅੱਧ ਵਿਚਕਾਰ ਹੀ ਰੋਕ ਲਈ। ਉਸ ਨੇ ਅੱਖਾਂ ਖੋਲ੍ਹੀਆਂ ਤੇ ਆਪਣੇ ਪਰਨੇ ਨਾਲ ਨੱਕ ਸਾਫ਼ ਕਰਦਿਆਂ ਬੋਲਿਆ, "ਤੁਸੀਂ ਤਾਂ ਜਾਣਦੇ ਹੀ ਹੋ, ਉਹ ਉਸ ਦੇ ਹੱਥਾਂ ਦਾ ਪੱਕਿਆ ਖਾਂਦਾ ਸੀ।"

ਪਦਮਨਾਭਾਚਾਰੀਆ ਜੋ ਨਾਰਣੱਪੇ ਦੇ ਘਰ ਦੇ ਸਾਹਮਣੇ ਰਹਿੰਦਾ ਸੀ, ਉਸ ਨੇ ਨਾਲ ਇਹ ਵੀ ਜੋੜ ਦਿੱਤਾ, "ਉਹ ਸ਼ਰਾਬ ਵੀ ਤਾਂ ਪੀਂਦਾ ਅਤੇ ਮਾਸ ਵੀ ਖਾਂਦਾ ਸੀ।" ਦੁਰਗਾ ਭੱਟ ਵੱਲ ਮੁੜਦਿਆਂ ਗਰੁੜਾਚਾਰੀਏ ਨੇ ਕਿਹਾ, "ਸ਼ਾਇਦ, ਇਹ ਵੀ ਤੁਹਾਡੇ ਲਈ ਕੋਈ ਵੱਡੀ ਗੱਲ ਨਹੀਂ ਹੋਣੀ। ਪੂਰਾ ਤਜ਼ਰਬਾ ਹਾਸਿਲ ਕਰਨ ਦੀ ਲਾਲਸਾ ਵਿਚ ਉਸ ਨੇ ਮਰੇ ਹੋਏ ਰਾਜੇ ਦੀ ਦੇਹ ਵਿਚ ਪ੍ਰਵੇਸ਼ ਕਰਕੇ ਉਸ ਦੀ ਰਾਣੀ ਨਾਲ ਭੋਗ ਕੀਤਾ, ਕਿਉਂ ਠੀਕ ਹੈ ਕਿ ਨਹੀਂ ?"

ਪ੍ਰਾਣੇਸ਼ਾਚਾਰੀਆ ਨੂੰ ਲੱਗਿਆ ਕਿ ਗੱਲ ਹੱਦੋਂ ਬਾਹਰੀ ਹੋਈ ਜਾਂਦੀ ਸੀ। ਉਹਨਾਂ ਨੇ ਕਿਹਾ, "ਗਰੁਡਾਚਾਰੀਆ ਤੁਸੀਂ ਥੋੜ੍ਹੀ ਦੇਰ ਲਈ ਚੁੱਪ ਰਹੋ ?"

"ਜਿਸ ਦੇ ਗਲ 'ਚ ਮੰਗਲ ਸੂਤਰ ਪਾ ਕੇ ਉਸ ਨੂੰ ਛੱਡ ਦਿੱਤਾ। ਇਸ ਗੱਲ ਨੂੰ ਵੀ ਤੁਸੀਂ ਅੱਖੋਂ ਪਰੇ ਕਰ ਦਿਉਗੇ ?" ਲਕਸ਼ਮਣਾਚਾਰੀਏ ਨੇ ਫੇਰ ਅੱਖਾਂ ਮੀਚ ਕੇ ਗੱਲ ਕਰਨੀ ਸ਼ੁਰੂ ਕੀਤੀ। "ਘਰੋਂ ਨਿੱਕਲ ਕੇ ਇਸ ਔਰਤ ਨਾਲ ਸਬੰਧ ਜੋੜ ਲਏ। ਮੇਰੀ ਪਤਨੀ ਦੀ ਭੈਣ ਨੂੰ ਦੌਰੇ ਪੈਣ ਲੱਗ ਪਏ ਤੇ ਉਹ ਪਾਗ਼ਲ ਹੋ ਕੇ ਮਰ ਗਈ। ਉਸ ਦੇ ਦਾਹ-ਸੰਸਕਾਰ ਲਈ ਵੀ ਨਾ ਆਇਆ। ਚਲੋ ਇਹ ਗੱਲ ਵੀ ਛੱਡੋ ਪਰ ਇਸ ਨੇ ਤਾਂ ਆਪਣੇ ਮਾਂ-ਪਿਉ ਦੇ ਸ਼ਰਾਧ ਵੀ ਨਾ ਕੀਤੇ। ਮੈਂ ਕੋਈ ਗੱਲ ਇਸ ਕਰਕੇ ਨਹੀਂ ਲੁਕੋਣ ਲੱਗਿਆ ਕਿ ਉਹ ਮੇਰੀ ਘਰਵਾਲੀ ਦੇ ਮਾਮੇ ਦਾ ਪੁੱਤਰ ਸੀ। ਜਿੱਥੇ ਤੱਕ ਹੋ ਸਕਿਆ ਅਸੀਂ ਸਭ ਕੁਝ ਦੇਖ ਕੇ ਵੀ ਉਸ ਦੀਆਂ ਕਰਤੂਤਾਂ 'ਤੇ ਪਰਦਾ ਪਾਉਂਦੇ ਰਹੇ। ਚਲੋ ਭਾਈ ਇਹ ਵੀ ਛੱਡੋ, ਸਾਡੇ ਪੰਡਤਾਂ ਦੇ ਸਾਹਮਣੇ-ਜਿਸ ਸਾਲਿਗਰਾਮ ਦੀ ਅਸੀਂ ਕਈ ਪੀੜ੍ਹੀਆਂ ਤੋਂ ਪੂਜਾ ਕਰਦੇ ਆ ਰਹੇ ਸਾਂ ਉਸ 'ਤੇ ਥੁੱਕਿਆ ਤੇ ਪਾਣੀ ਦੇ ਵਿਚ ਵਗਾਹ ਮਾਰਿਆ। ਖ਼ੈਰ, ਇਸ ਨੂੰ ਵੀ ਛੱਡੋ। ਉਹ ਤਾਂ ਸਾਡੇ ਸਾਰਿਆਂ ਦੇ ਸਾਹਮਣੇ ਮੁਸਲਮਾਨਾਂ ਨੂੰ ਲਿਆਕੇ-ਇੱਥੇ ਮਾਸ ਖਾਂਦਾ ਰਿਹਾ ਤੇ ਸ਼ਰਾਬ ਪੀਂਦਾ ਰਿਹਾ। ਜੇ ਚੰਗੇ ਵਾਸਤੇ ਉਸ ਨੂੰ ਕੁਝ ਪੁੱਛ ਲਿਆ ਤਾਂ ਉਹ ਮੂਹਰੋਂ ਗਾਲ੍ਹਾਂ ਕੱਢਦਾ। ਜਿੰਨਾ ਚਿਰ ਜਿਉਂਦਾ ਰਿਹਾ ਅਸੀਂ ਉਸ ਤੋਂ ਡਰ ਕੇ ਹੀ ਰਹਿੰਦੇ ਰਹੇ।"

ਅੰਦਰ ਖੜ੍ਹੀ ਅਨੁਸੂਈਆ ਆਪਣੇ ਘਰਵਾਲੇ ਦੀ ਗੱਲ ਸੁਣ ਕੇ ਮਾਣ ਨਾਲ ਭਰ ਗਈ।

ਖੰਭੇ ਨਾਲ ਲੱਗ ਕੇ, ਬੈਠੀ ਚੰਦਰੀ 'ਤੇ ਉਸ ਦੀ ਨਜ਼ਰ ਪਈ। ਉਸ ਨੂੰ ਰੱਜ ਕੇ ਉਸ ਕੋਸਿਆ, ਗਾਲ੍ਹਾਂ ਕੱਢੀਆਂ ਇਸ ਚੰਦਰੀ ਨੂੰ ਸੱਪ ਲੜੇ, ਮਾਸ ਸ਼ੇਰਾਂ ਅੱਗੇ ਪਵੇ ਇਸ ਕੰਜਰੀ ਦਾ, ਆਦਮੀਆਂ ਨੂੰ ਭਟਕਾਉਣ ਵਾਲੀ ਇਹ ਰੰਡੀ, ਜਾਦੂਗਰਨੀ ਜੇ ਉਸ 'ਤੇ ਜਾਦੂ ਨਾ ਕਰਦੀ ਤਾਂ ਕੀ ਉਹ ਮੇਰੇ ਸਕੇ ਮਾਮੇ ਦਾ ਪੁੱਤਰ ਆਪਣੀ ਘਰਵਾਲੀ ਨੂੰ ਰੋਗਣ ਕਹਿ ਕੇ ਛੱਡ ਦਿੰਦਾ? ਉਸ ਨੂੰ ਅਪਾਹਜ ਕਹਿਕੇ ਸਾਰੀ ਜਾਇਦਾਦ ਇਸ ਡੈਣ ਲਈ ਉਜਾੜਦਾ? ਐਨਾ ਸੋਨਾ ਇਸ ਚੁੜੇਲ ਦੀ ਦੇਹ 'ਤੇ ਹੁੰਦਾ? ਉਸ ਚੰਦਰੀ ਦੇ ਗਲ 'ਚ ਪਾਏ ਭਾਰੇ ਚਾਰ ਲੜੀਏ ਹਾਰ ਵੱਲ ਵੇਖਿਆ ਤੇ ਕਲਾਈ 'ਤੇ ਮੋਟਾ ਸੋਨੇ ਦਾ ਕੰਗਣ ਦਿਸਿਆ। ਉਸ ਕੋਲੋਂ ਬਰਦਾਸ਼ਤ ਨਾ ਹੋ ਸਕਿਆ। ਉਸ ਨੇ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਅੱਜ ਜੇ ਉਸ ਦੀ ਭੈਣ ਜਿਉਂਦੀ ਹੁੰਦੀ ਤਾਂ ਇਹ ਹਾਰ ਉਸ ਦੇ ਗਲ ਵਿਚ ਹੁੰਦਾ। ਉਸ ਦੇ ਮਾਮੇ ਦੇ ਪੁੱਤਰ ਦੀ ਲਾਸ਼ ਇਸ ਤਰ੍ਹਾਂ ਯਤੀਮਾਂ ਵਾਂਗ ਨਾ ਪਈ ਹੁੰਦੀ। ਸਾਰਾ ਕੁਝ ਇਸ ਰੰਡੀ ਕਾਰਨ ਹੀ ਹੋਇਆ ਹੈ। ਇਸ ਦੇ ਮੂੰਹ ਵਿਚ ਅੱਗ ਪਵੇ ਇਸ ਦਾ ਕੱਖ ਨਾ ਰਹੇ। ਉਹ ਅੰਦਰੇ-ਅੰਦਰੇ ਕੁੜ੍ਹਦੀ ਹਿਚਕੀਆਂ ਲੈ-ਲੈ ਕੇ ਰੋਣ ਲੱਗੀ।

"ਉਸ ਨੂੰ ਆਪਣੀ ਜ਼ਿੰਦਗੀ ਪੰਡਤਾਈ ਦੇ ਕਰਮ ਦੇ ਅਨੁਸਾਰ ਚਲਾਉਣੀ ਚਾਹੀਦੀ ਸੀ। ਰੋਟੀ ਦੇ ਲਈ ਦਸ ਮੀਲ ਤੱਕ ਪੈਦਲ ਤੁਰਨ ਵਾਲੇ ਅਤੇ ਬਰਸੀਆਂ 'ਤੇ ਹੀ ਨਿਰਭਰ ਰਹਿਣ ਵਾਲੇ ਦਾਸਾਚਾਰੀਏ ਨੇ ਸ਼ੰਕਾ ਜਤਾਈ।" ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਅਸੀਂ ਉਸ ਨੂੰ ਅਗਰਹਾਰ 'ਚ ਰਹਿਣ ਦਿੱਤਾ, ਇਸ ਲਈ ਤਰਪਣ ਹੋਵੇ ਜਾਂ ਪੰਡਤਾਂ ਰਾਹੀਂ ਸੰਪੰਨ ਕੀਤੇ ਜਾਣ ਵਾਲੇ ਕਿਸੇ ਵੀ ਹੋਰ ਮੌਕੇ 'ਤੇ ਕੋਈ ਦੋ ਸਾਲਾਂ ਤੋਂ ਕੋਈ ਨਿਉਂਦਾ ਨਹੀਂ ਮਿਲਿਆ। ਹੁਣ ਜੇ ਅਸੀਂ ਉਸ ਦਾ ਦਾਹ-ਸੰਸਕਾਰ ਕਰਨ ਲਈ ਤਿਆਰ ਹੋ ਗਏ ਤਾਂ ਫੇਰ ਸਾਨੂੰ ਕਿਸੇ ਨੇ ਬ੍ਰਾਹਮਣ-ਭੋਜ ਜਾਂ ਸ਼ਰਾਧ ਲਈ ਨਹੀਂ ਬੁਲਾਉਣਾ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਜੇ ਉਸ ਦਾ ਸੰਸਕਾਰ ਨਾ ਕੀਤਾ, ਲਾਸ਼ ਇੱਥੇ ਪਈ ਰਹੀ-ਫੇਰ ਵੀ ਅਸੀਂ ਭੁੱਖੇ ਢਿੱਡ ਬੈਠੇ ਰਹਾਂਗੇ। ਇਸ ਧਰਮ-ਸੰਕਟ ਤੋਂ ਪ੍ਰਾਣੇਸ਼ਾਚਾਰੀਆ ਹੀ ਸਾਨੂੰ ਪਾਰ ਲੰਘਾ ਸਕਦੇ ਹਨ। ਉਹ ਆਪਣੀ ਧਰਮ ਦੀ ਸੂਝ ਅਨੁਸਾਰ ਇਸ ਦਾ ਕੋਈ ਹੱਲ ਲੱਭਣ। ਉਹਨਾਂ ਦੀ ਗੱਲ ਦਾ ਵਿਰੋਧ ਕਰਨ ਦੀ ਸਾਡੀ ਜਾਤ 'ਚ ਕਿਸੇ ਦੀ ਵੀ ਹਿੰਮਤ ਨਹੀਂ।"

ਦੁਰਗਾ ਭੱਟ ਉਦਾਸੀਨ ਹੋ ਕੇ ਇਸ ਤਰ੍ਹਾਂ ਬੈਠਾ ਰਿਹਾ ਜਿਵੇਂ ਇਸ ਮਸਲੇ ਨਾਲ ਉਸ ਦਾ ਕੋਈ ਵਾਸਤਾ ਹੀ ਨਾ ਹੋਵੇ। ਉਹ ਚੰਦਰੀ ਨੂੰ ਘੂਰਦਾ ਰਿਹਾ। ਉਹ ਘਰੋਂ ਬਾਹਰ ਬੜੀ ਘੱਟ ਨਿਕਲਦੀ ਸੀ। ਕੁੰਦਾਪੁਰ ਤੋਂ ਪਿਆਰ ਨਾਲ ਲਿਆਂਦੀ ਨਾਰਣੱਪੇ ਦੀ ਇਹ ਨਾਯਾਬ ਚੀਜ਼ ਅੱਜ ਪਹਿਲੀ ਵਾਰੀ ਐਨੀ ਨੇੜਿਉਂ ਉਸ ਦੀਆਂ ਰਸੀਲੀਆਂ ਅੱਖਾਂ ਨੂੰ ਮਿਲੀ ਸੀ ਵਾਤਸਾਇਣ ਦੇ ਵਰਨਣ ਵਰਗੀ। ਲੰਮੀਆਂ-ਲੰਮੀਆਂ ਉਂਗਲਾਂ, ਉੱਭਰੀਆਂ ਹੋਈਆਂ ਛਾਤੀਆਂ, ਸੰਭੋਗ ਵਿਚ ਤਾਂ ਇਹ ਮਰਦ ਨੂੰ ਚੂਸ ਕੇ ਰੱਖ ਦਿੰਦੀਆਂ ਹੋਣਗੀਆਂ। ਉਸ ਦੀਆਂ ਚੰਚਲ ਅੱਖਾਂ ਇਸ ਵੇਲੇ ਦੁੱਖ ਤੇ ਭੈਅ ਨਾਲ ਮੁਰਝਾ ਗਈਆਂ ਹਨ। ਉਸ ਨੂੰ ਆਪਣੇ ਕਮਰੇ 'ਚ ਲੱਗੀ ਰਵੀ ਵਰਮਾ ਦੀ ਇੱਕ ਤਸਵੀਰ ਦੀ ਯਾਦ ਆਈ। ਬਾਰੀਕ ਪੱਲੇ 'ਚੋਂ ਉਤਰੀਆਂ ਛਾਤੀਆਂ, ਸੰਗ ਅਤੇ ਝਿਜਕ ਨਾਲ ਛੂਈ-ਮੂਈ ਬਣੀ ਉਸ ਮਤਸਗੰਧਾ ਵਰਗੀ ਨੱਕ, ਅੱਖਾਂ, ਬੁੱਲ੍ਹ। ਨਾਰਣੱਪੇ ਨੇ ਇਸ ਦੇ ਲਈ ਹੀ ਸਾਲਿਗਰਾਮ ਵਗਾਹ ਕੇ ਮਾਰਿਆ। ਉਸ ਲਈ ਮਾਸ ਖਾਂਦਾ ਤੇ ਸ਼ਰਾਬ ਪੀਂਦਾ ਰਿਹਾ। ਉਸ 'ਚ ਦਲੇਰੀ ਸੀ। ਨਾਰਣੱਪੇ ਨੂੰ ਵੇਖ ਕੇ ਬ੍ਰਾਹਮਣ ਕਵੀ ਰਾਜ ਜਗਨਨਾਥ ਯਾਦ ਆ ਜਾਂਦਾ ਹੈ, ਉਸ ਨੇ ਮੁਸਲਮਾਨ ਕੁੜੀ ਨਾਲ ਵਿਆਹ ਕੀਤਾ। ਉਸ ਦੇ ਸ਼ਿੰਗਾਰ ਰਸ ਵਿਚ ਮਲੇਛ ਮੁਟਿਆਰ ਦੀਆਂ ਛਾਤੀਆਂ ਦਾ ਕੀਤਾ ਵਰਨਣ ਯਾਦ ਆਇਆ। ਜੇ ਪ੍ਰਾਣੇਸ਼ਾਚਾਰੀਆ ਇੱਥੇ ਨਾ ਹੁੰਦੇ ਤੇ ਉੱਥੇ ਨਾਰਣੱਪਾ ਨਾ ਮਰਿਆ ਪਿਆ ਹੁੰਦਾ ਤਾਂ ਉਹ ਇਨ੍ਹਾਂ ਨੀਰਸ ਪੰਡਤਾਂ ਨੂੰ ਉਹ ਸਲੋਕ ਸੁਣਾਉਂਦਾ ਤੇ ਉਹਨਾਂ ਦੇ ਅਰਥ ਦੱਸਦਾ। "ਕਾਮਾਨੁਰਾਨਮ"-ਅਰਥਾਤ ਨਾਰਣੱਪੇ ਵਰਗਿਆਂ ਨੂੰ... ਨਾ ਡਰ ਨਾ ਸੰਗ!"



ਸਭਾ 'ਚ ਚੁੱਪ ਛਾਈ ਦੇਖ ਕੇ ਦੁਰਗਾਭੱਟ ਬੋਲਿਆ, "ਅਸੀਂ ਜੋ ਕਹਿਣਾ ਸੀ, ਉਹ ਕਹਿ ਦਿੱਤਾ। ਉਸ ਦੀਆਂ ਬੁਰਾਈਆਂ ਖੁਰਚ-ਖੁਰਚ ਕੇ ਕੱਢਣ ਦਾ ਕੀ ਫ਼ਾਇਦਾ? ਪ੍ਰਾਣੇਸ਼ਾਚਾਰੀਆ ਹੁਣ ਦੱਸਣ-ਉਹ ਮੇਰੇ ਵੀ ਗੁਰੂ ਹਨ ਤੇ ਤੁਹਾਡੇ ਵੀ। ਗਰੁੜਾਚਾਰੀਆ ਭਾਵੇਂ ਗੁੱਸੇ ਵਿਚ ਆ ਕੇ ਜੋ ਮਰਜ਼ੀ ਆਖੀ ਜਾਣ।"

ਸਾਰੇ ਅਗਰਹਾਰ ਦੇ ਪੰਡਤਾਊਪੁਣੇ ਦੀ ਰੱਖਿਆ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲੈਂਦਿਆਂ ਅਤੇ ਆਪਣੀ ਹੀ ਗੱਲ ਨੂੰ ਤੋਲਦਿਆਂ, ਪ੍ਰਾਣੇਸ਼ਾਚਾਰੀਆ ਨੇ ਰੁਕ-ਰੁਕ ਕੇ ਕਿਹਾ, "ਉਸ ਦੇ ਅਤੇ ਆਪਣੇ ਵਿਚਕਾਰ ਦੇ ਝਗੜੇ ਅਤੇ ਸਹੁੰ ਦੀ ਗੱਲ ਗਰੁੜ ਨੇ ਕਹੀ। ਉਸ ਦੇ ਲਈ ਧਰਮਸ਼ਾਸਤਰ 'ਚ ਤਿਆਗ ਹੈ। ਸ਼ਾਂਤੀ ਕਰਾਉਣੀ ਚਾਹੀਦੀ ਹੈ। ਗਊ ਦਾਨ ਕਰਨੀ ਚਾਹੀਦੀ ਹੈ। ਕਿਸੇ ਤੀਰਥ ਦੀ ਯਾਤਰਾ ਕਰਨੀ ਚਾਹੀਦੀ ਹੈ। ਇਹ ਸਭ ਖਰਚੇ ਦੀਆਂ ਗੱਲਾਂ ਹਨ। ਇਹ ਸਭ ਖਰਚ ਤੈਨੂੰ ਕਰਨਾ ਚਾਹੀਦਾ ਹੈ, ਇਹ ਕਹਿਣ ਦਾ ਅਤੇ ਹੁਕਮ ਦੇਣ ਦਾ ਹੱਕ ਮੇਰਾ ਨਹੀਂ ਹੈ। ਹੁਣ ਰਹੇ ਲਛਮਣ ਦਾਸ ਅਤੇ ਹੋਰਾਂ ਲੋਕਾਂ ਵੱਲੋਂ ਉਠਾਏ ਗਏ ਸੁਆਲ। ਨਾਰਣੱਪਾ ਸਤਕੁਲ 'ਚ ਜਨਮੇ ਬ੍ਰਾਹਮਣ ਦੀ ਤਰ੍ਹਾਂ ਨਹੀਂ ਰਿਹਾ। ਇਸ ਨਾਲ ਅਗਰਹਾਰ 'ਤੇ ਕਲੰਕ ਲੱਗਿਆ। ਇਹ ਇੱਕ ਗੰਭੀਰ ਸੁਆਲ ਹੈ। ਇਸ ਦਾ ਜੁਆਬ ਮੈਨੂੰ ਨਹੀਂ ਸੁੱਝ ਰਿਹਾ। ਕਾਰਨ ਇਹ ਹੈ ਕਿ ਉਸ ਦੇ ਪੰਡਤਾਊਪੁਣੇ ਨੂੰ ਤਿਆਗ ਦੇਣ 'ਤੇ ਵੀ ਪੰਡਤਾਊਪੁਣੇ ਨੇ ਉਸ ਨੂੰ ਨਹੀਂ ਤਿਆਗਿਆ। ਉਸ ਨੂੰ ਛੇਕਿਆ ਨਹੀਂ। ਸ਼ਾਸਤਰਾਂ ਅਨੁਸਾਰ ਕਿਉਂਕਿ ਉਹ ਬਿਨਾ ਛੇਕੇ ਹੀ ਮਰਿਆ ਹੈ, ਇਸ ਲਈ ਉਹ ਪੰਡਤ ਰਹਿ ਕੇ ਹੀ ਮਰਿਆ ਹੈ। ਦੇਖਿਆ ਜਾਵੇ ਤਾਂ ਜੋ ਪੰਡਤ ਨਹੀਂ ਹਨ, ਉਹਨਾਂ ਨੂੰ ਉਸ ਦੀ ਲਾਸ਼ ਨੂੰ ਛੋਹਣ ਦਾ ਹੱਕ ਨਹੀਂ ਹੈ। ਉਹਨਾਂ ਦੇ ਲਈ ਉਸ ਦੀ ਲਾਸ਼ ਨੂੰ ਛੋਹਣਾ ਛੱਡ ਦੇਣਗੇ ਤਾਂ ਅਸੀਂ ਆਪਣੇ ਪੰਡਤਾਊਪੁਣੇ ਦੀ ਹੀ ਹੇਠੀ ਕਰਾਂਗੇ। ਏਨਾ ਸਭ ਕੁਝ ਹੋਣ 'ਤੇ ਵੀ ਉਸ ਦਾ ਰਹਿਣ-ਸਹਿਣ ਦੇਖ ਕੇ ਉਸ ਦੇ ਬਾਰੇ 'ਚ ਸੁਣ ਕੇ ਤੁਹਾਨੂੰ ਉਸ ਦਾ ਸੰਸਕਾਰ ਕਰਨਾ ਚਾਹੀਦਾ ਹੈ ਜਾਂ ਨਹੀਂ, ਇਹ ਕਹਿਣ 'ਚ ਮੈਨੂੰ ਹਾਲੇ ਝਿਜਕ ਹੋ ਰਹੀ ਹੈ। ਕੀ ਕਰਨਾ ਚਾਹੀਦਾ ਹੈ। ਧਰਮਸ਼ਾਸਤਰ ਇਸ ਦੇ ਬਾਰੇ 'ਚ ਕੀ ਆਖਦੇ ਹਨ? ਅਜਿਹੀਆਂ ਰੁਕਾਵਟਾਂ ਦੇ ਲਈ ਸ਼ਾਂਤੀ-ਉਪਾਅ ਤਾਂ ਹੋਣਗੇ ਜਾਂ...।"

ਏਨੇ 'ਚ ਸਾਰੇ ਪੰਡਤ ਹੱਕੇ-ਬੱਕੇ ਰਹਿ ਗਏ। ਤੀਵੀਆਂ ਬਾਹਰ ਥੜੇ 'ਤੇ ਆ ਕੇ ਖੜ੍ਹ ਗਈਆਂ। ਕਿਸੇ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਹੋ ਰਿਹਾ ਸੀ ਜਦਕਿ ਚੰਦਰੀ ਨੇ ਆਪਣੀ ਸੋਨੇ ਦਾ ਹਾਰ ਅਤੇ ਹੱਥਾਂ ਦੇ ਕੰਗਣ ਆਦਿ ਲਾਹ ਕੇ ਪ੍ਰਾਣੇਸ਼ਾਚਾਰੀਆ ਦੇ ਮੂਹਰੇ ਰੱਖ ਦਿੱਤੇ ਅਤੇ ਬੋਲੀ, "ਉਹਨਾਂ ਦੇ ਦਾਹ-ਸੰਸਕਾਰ ਦੇ ਲਈ।" ਫੇਰ ਪਹਿਲੀ ਵਾਲੀ ਥਾਵੇਂ ਜਾ ਕੇ ਖੜ੍ਹ ਗਈ।

ਤੀਵੀਆਂ ਨੇ ਹਿਸਾਬ ਲਾਇਆ। ਦੋ ਹਜ਼ਾਰ ਦਾ ਸੋਨਾ ਤਾਂ ਹੋਵੇਗਾ ਹੀ। ਉਹ ਇੱਕ-ਇੱਕ ਕਰਕੇ ਆਪਣੇ ਘਰਵਾਲਿਆਂ ਦੇ ਮੂੰਹਾਂ ਦੇ ਵੱਲ ਦੇਖਣ ਲੱਗੀਆਂ। ਪੰਡਤਾਂ ਨੇ ਨੀਵੀਂ ਪਾ ਲਈ। ਉਹਨਾਂ ਨੂੰ ਡਰ ਖਾਣ ਲੱਗਿਆ ਸੀ ਕਿ ਸੋਨੇ ਦੇ ਲਾਲਚ 'ਚ ਕਿਤੇ ਉਹ ਆਪਣਾ ਪੰਡਤਾਊਪੁਣਾ ਤਬਾਹ ਕਰਨ ਦੇ ਲਈ ਤਿਆਰ ਤਾਂ ਨਹੀਂ ਹੋ ਜਾਣਗੇ। ਪਰ ਪਲ-ਛਿਣ 'ਚ ਹੀ ਸਾਰਿਆਂ ਦੇ ਮਨ 'ਚ ਇਹ ਸੁਆਲ ਉੱਭਰ ਆਇਆ ਕਿ ਉਹਨਾਂ ਦੇ ਇਲਾਵਾ ਜੇਕਰ ਕੋਈ ਪੰਡਤ ਨਾਰਣੱਪੇ ਦਾ ਸੰਸਕਾਰ ਕਰ ਦੇਵੇਗਾ ਅਤੇ ਪੰਡਤਾਊਪੁਣਾ ਨਾ ਖੋਂਦਿਆਂ ਇਸ ਸਮੇਂ ਸੋਨੇ ਨੂੰ ਆਪਣੀ ਘਰਵਾਲੀ ਦੇ ਗਲ਼ 'ਚ ਮੜ ਦੇਵੇਗਾ ਤਾਂ...? ਲਛਮਣਚਾਰੀਏ ਅਤੇ ਗਰੁੜਾਚਾਰੀਏ ਦੀ ਆਪਸੀ ਉਲਝਣ ਗੱਲ ਦੇ ਇਸ ਨਵੇਂ ਮੋੜ ਦੇ ਕਾਰਨ ਹੋਰ ਵੀ ਵਧ ਗਈ। ਜੇਕਰ ਕੋਈ ਆਸਾਨੀ ਨਾਲ ਮਿਲਣ ਵਾਲੇ ਇਸ ਸੋਨੇ ਨੂੰ ਬੇਸ਼ਰਮੀ ਨਾਲ ਲੈ ਲੈਂਦਾ ਹੈ ਅਤੇ ਉਸ ਦਾ ਪੰਡਤਾਊਪੁਣਾ ਵੀ ਬਚਿਆ ਰਹਿੰਦਾ ਹੈ ਤਾਂ ਕੋਈ ਮਾਮੂਲੀ ਜਿਹੀ ਗਾਂ ਦਾਨ 'ਚ ਦੇ ਕੇ ਇਹ ਲੋਕ ਅਤੇ ਪਰਲੋਕ ਦੋਵਾਂ ਦਾ ਲਾਭ ਮਿਲ ਸਕਦਾ ਹੈ, ਫੇਰ...? ਦੁਰਗਾਭੱਟ ਨੇ ਸੋਚਿਆ, "ਇਹ ਮਾਧਵ, ਨਾਰਣੱਪੇ ਦਾ ਸੰਸਕਾਰ ਤਾਂ ਕਰੇ, ਮੈਂ ਪਿੰਡ-ਪਿੰਡ ਜਾ ਕੇ ਇਸ

ਦੇ ਬਖੀਏ ਉਧੇੜ ਦੇਵਾਂਗਾ।" ਦਾਸਾਚਾਰੀਆ ਆਦਿ ਗ਼ਰੀਬ ਪੰਡਤਾਂ ਦਾ ਮਨ ਭਰ ਆਇਆ ਅਤੇ ਉਹਨਾਂ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ। ਇਹ ਗਰੁੜ, ਇਹ ਲਛਮਣ-ਕਿੱਥੇ ਸਾਨੂੰ ਨਾਰਣੱਪੇ ਦਾ ਦਾਹ-ਸੰਸਕਾਰ ਕਰਨ ਦੇਣਗੇ? ਇਕੱਲੇ ਪ੍ਰਾਣੇਸ਼ਾਚਾਰੀਆ ਤਾਂ...। ਅਜਿਹਾ ਤਿਆਗ ਭਾਵ ਦਿਖਾ ਕੇ ਚੰਦਰੀ ਨੇ ਸਭ ਕੁਝ ਵਿਗਾੜ ਦਿੱਤਾ, ਇਉਂ ਸੋਚ ਕੇ ਉਹ ਦੁਖੀ ਹੋ ਗਏ।

ਪ੍ਰਾਣੇਸ਼ਾਚਾਰੀਆ ਅਚਾਨਕ ਫ਼ਿਕਰਮੰਦ ਹੋ ਗਏ। ਆਪਣੀਆਂ ਸਦਭਾਵਨਾਵਾਂ ਦੇ ਅਜਿਹੇ ਦਿਖਾਵੇ ਨਾਲ ਚੰਦਰੀ ਨੇ ਇਹ ਨਵੀਂ ਰੁਕਾਵਟ ਕਿਉਂ ਪੈਦਾ ਕਰ ਦਿੱਤੀ?

ਕੌਣ ਕਦ ਮੰਨ ਜਾਵੇ ਹਰ ਇੱਕ ਨੂੰ ਇਹ ਡਰ ਸੀ। ਇਸ ਕਾਰਨ ਨਾਰਣੱਪੇ ਦੀ ਆਪਣੇ ਨਾਲ ਕੀਤੀ ਬੇਇਨਸਾਫ਼ੀ ਨਾਲੋਂ ਦੂਜੇ ਨਾਲ ਹੋਈ ਬੇਇਨਸਾਫ਼ੀ ਦਾ ਵਿਸਥਾਰ ਨਾਲ ਵਰਨਣ ਕਰਨ ਦੇ ਮੁਕਾਬਲੇ 'ਚ ਪੈ ਗਏ।

"ਕਿਸਨੇ ਗਰੁੜਾਚਾਰੀਏ ਦੇ ਮੁੰਡੇ ਨੂੰ ਘਰ ਛੱਡ ਕੇ ਫ਼ੌਜ 'ਚ ਭਰਤੀ ਹੋਣ ਲਈ ਉਕਸਾਇਆ ਸੀ? ਨਾਰਣੱਪੇ ਨੇ ਹੀ ਨਾ? ਪ੍ਰਾਣੇਸ਼ਾਚਾਰੀਏ ਨੇ ਉਸ ਨੂੰ ਵੇਦਾਂ ਦਾ ਅਧਿਐਨ ਕਰਾਇਆ ਸੀ, ਪਰ ਅਸਰ ਨਾਰਣੱਪੇ ਦਾ ਹੀ ਹੋਇਆ... ਸਾਡੇ ਸਾਰੇ ਬੱਚਿਆਂ ਨੂੰ ਵਿਗਾੜਨ ਦੀ ਜਿਵੇਂ ਉਸਨੇ ਜ਼ਿੱਦ ਹੀ ਫੜ ਲਈ ਸੀ...।"

"ਹੁਣ ਵਿਚਾਰੇ ਲਕਸ਼ਮਣਾਚਾਰੀਏ ਦੇ ਜਵਾਈ ਨੂੰ ਹੀ ਦੇਖ ਲਉ। ਅਨਾਥ ਬੇਸਹਾਰਾ ਬੱਚੇ ਨੂੰ ਪਾਲਿਆ-ਪੋਸਿਆ ਅਤੇ ਆਪਣੀ ਧੀ ਦੇ ਕੇ ਵਿਆਹ ਕੀਤਾ, ਪਰ ਨਾਰਣੱਪੇ ਨੇ ਉਸ ਦੀ ਵੀ ਮੱਤ ਮਾਰ ਦਿੱਤੀ। ਮਹੀਨੇ 'ਚ ਇੱਕ ਅੱਧੀ ਵਾਰ ਹੀ ਘਰ ਵੜਦਾ ਹੈ।"

"ਚਲੋ, ਇਹਨਾਂ ਗੱਲਾਂ ਨੂੰ ਛੱਡ ਵੀ ਦਈਏ ਤਾਂ... ਗਣਪਤੀ ਤਲਾਅ ਦੀਆਂ ਮੱਛੀਆਂ ਰੱਬ ਦੀਆਂ ਮੱਛੀਆਂ ਮੰਨੀਆਂ ਜਾਂਦੀਆਂ ਸਨ। ਕਿਹਾ ਜਾਂਦਾ ਸੀ ਕਿ ਜੋ ਕੋਈ ਉਹਨਾਂ ਨੂੰ ਫੜੇਗਾ ਤਾਂ ਉਹ ਖ਼ੂਨ ਦੀਆਂ ਉਲਟੀਆਂ ਕਰਕੇ ਮਰੇਗਾ, ਪਰ ਇਹ ਚੰਡਾਲ ਇਸ ਸਰਾਪ ਵੱਲ ਧਿਆਨ ਨਾ ਦੇ ਕੇ ਮੁਸਲਮਾਨਾਂ ਦੇ ਨਾਲ ਉੱਥੇ ਗਿਆ ਅਤੇ ਇਸ ਨੇ ਬਾਰੂਦ ਵਿਛਾ ਕੇ ਉਹਨਾਂ ਮੱਛੀਆਂ ਨੂੰ ਮਾਰ ਦਿੱਤਾ। ਹੁਣ ਉੱਥੇ ਸ਼ੂਦਰ ਨਿਡਰ ਹੋ ਕੇ ਮੱਛੀਆਂ ਫੜ ਰਹੇ ਹਨ। ਪੰਡਤਾਂ ਦਾ ਪ੍ਰਭਾਵ ਘਟਾਉਣ ਵਾਲਾ ਨੀਚ ਸੀ ਇਹ। ਆਪਣੇ ਅਗਰਹਾਰ ਨੂੰ ਤਾਂ ਤਬਾਹ ਕੀਤਾ ਹੀ, ਨਾਲ ਹੀ ਪਾਰਿਜਾਤਪੁਰ ਦੇ ਬੱਚਿਆਂ ਨੂੰ ਵੀ ਵਿਗਾੜ ਗਿਆ-ਉਹਨਾਂ ਨੂੰ ਨਾਟਕਾਂ ਅਤੇ ਡਰਾਮਿਆਂ ਦੀ ਆਦਤ ਪਾ ਗਿਆ।"

"ਉਸ ਚੰਡਾਲ ਨੂੰ ਛੇਕ ਦੇਣਾ ਚਾਹੀਦਾ ਸੀ। ਕੀ ਕਹਿੰਦੇ ਹੋ...?"

"ਇਹ ਕਿਵੇਂ ਹੋ ਸਕਦਾ ਸੀ, ਗਰੁੜੇ? ਛੇਕੋਗੇ ਤਾਂ ਮੈਂ ਮੁਸਲਮਾਨ ਹੋ ਜਾਵਾਂਗਾ-ਇਹ ਉਸ ਦੀ ਧਮਕੀ ਸੀ। ਪਹਿਲੀ ਇਕਾਦਸ਼ੀ ਦੇ ਦਿਨ ਮੁਸਲਮਾਨਾਂ ਨੂੰ ਅਗਰਹਾਰ 'ਚ ਬੁਲਾ ਕੇ ਰੋਟੀ ਖਵਾਈ। ਆਖਦਾ ਸੀ, "ਛੇਕ ਕੇ ਤਾਂ ਦੇਖੋ। ਮੈਂ ਮੁਸਲਮਾਨ ਹੋ ਜਾਵਾਂਗਾ ਅਤੇ ਤੁਹਾਨੂੰ ਸਭ ਨੂੰ ਖੰਭੇ ਨਾਲ ਬੰਨ੍ਹਵਾਕੇ ਤੁਹਾਡੇ ਮੂੰਹ 'ਚ ਗਾਂ ਦਾ ਮਾਸ ਥੁੰਨ ਦੇਵਾਂਗਾ ਅਤੇ ਦੇਖਾਂਗਾ ਕਿ ਤੁਹਾਡਾ ਪੰਡਤਾਊਪੁਣਾ ਮਿੱਟੀ 'ਚ ਮਿਲ ਜਾਵੇ।" ਜੇਕਰ ਉਹ ਮੁਸਲਮਾਨ ਹੋ ਜਾਂਦਾ ਤਾਂ ਉਸ ਨੂੰ ਅਗਰਹਾਰ 'ਚੋਂ ਬਾਹਰ ਕੱਢ ਦੇਣ ਦਾ ਕੋਈ ਤਰੀਕਾ ਜਾਂ ਕਾਨੂੰਨ ਹੀ ਨਹੀਂ ਸੀ। ਦੱਸੋ ਤਾਂ ਅਜਿਹੇ ਹਾਲਾਤ 'ਚ ਕੀ ਕਰਨਾ ਚਾਹੀਦਾ ਸੀ? ਕੀ ਆਪ ਪ੍ਰਾਣੇਸ਼ਾਚਾਰੀਆ ਹੱਥ ਜੋੜ ਕੇ ਨਹੀਂ ਬੈਠ ਗਏ ਸਨ?"

ਅੰਬ ਦੀ ਚਟਨੀ ਨਾਲ ਰੋਟੀ ਦੀ ਪਹਿਲੀ ਬੁਰਕੀ ਵੀ ਮੂੰਹ 'ਚ ਨਾ ਪਾਈ ਸੀ ਕਿ ਦਾਸਾਚਾਰੀਏ ਨੂੰ ਰੋਟੀ ਛੱਡ ਕੇ ਉੱਠ ਕੇ ਆਉਣਾ ਪਿਆ ਸੀ। ਇਸ ਲਈ ਉਹ ਨਿਰਾਸ਼ ਸਨ। ਉਹਨਾਂ ਨੇ ਗੱਲ ਅੱਗੇ ਤੋਰੀ।

"ਉਸ ਦੇ ਪਿਤਾ ਦੇ ਮਰਨ ਦੇ ਬਾਦ ਉਸ ਦੇ ਪਿੱਛੇ ਲੱਗੇ ਸ਼ਹਿਦ ਵਰਗੇ ਮਿੱਠੇ ਕਟਹਲ ਦੀ ਇੱਕ ਫ਼ਾੜੀ ਵੀ ਕਿਸੇ ਪੰਡਤ ਦੇ ਮੂੰਹ 'ਚ ਨਹੀਂ ਪੈ ਸਕੀ...।" ਸੋਨੇ ਦੇ ਵੱਲ ਅੱਖਾਂ ਪਾੜ-ਪਾੜ ਕੇ



ਦੇਖਦੀਆਂ ਤੀਵੀਂਆਂ ਨੂੰ ਆਪਣੇ ਘਰਵਾਲਿਆਂ ਦੀਆਂ ਗੱਲਾਂ ਸੁਣ ਕੇ ਨਿਰਾਸ਼ਾ ਹੋਈ। ਗਰੁੜਾਚਾਰੀਏ ਦੀ ਘਰਵਾਲੀ ਨੂੰ ਇਹ ਸੋਚ ਕੇ ਬੜਾ ਗੁੱਸਾ ਆਇਆ ਕਿ ਇਹ ਗੱਲ ਕਹਿਣ ਦਾ ਲਕਸ਼ਮਣਾਚਾਰੀਏ ਨੂੰ ਕੀ ਹੱਕ ਸੀ ਕਿ ਉਹਨਾਂ ਦਾ ਮੁੰਡਾ ਮਿਲਟਰੀ 'ਚ ਚਲਾ ਗਿਆ ਹੈ ਅਤੇ ਲਕਸ਼ਮਣਾਚਾਰੀਏ ਦੀ ਘਰਵਾਲੀ ਅਨੁਸੂਈਆ ਨੂੰ ਵੀ ਗਰੁੜਾਚਾਰੀਏ 'ਤੇ ਗੁੱਸਾ ਆ ਰਿਹਾ ਸੀ ਕਿਉਂਕਿ ਉਸ ਨੂੰ ਉਹਨਾਂ ਦੇ ਜਵਾਈ ਦੇ ਬਾਰੇ 'ਚ ਵੀ ਕਹਿਣ ਦਾ ਕੋਈ ਹੱਕ ਨਹੀਂ ਸੀ।"

ਇਹ ਸੋਚ ਕੇ ਕਿ ਇਹ ਕੇਹੀ ਪ੍ਰੀਖਿਆ ਦੀ ਘੜੀ ਆ ਗਈ ਹੈ। ਪ੍ਰਾਣੇਸ਼ਾਚਾਰੀਆ ਨੇ ਜਿਵੇਂ ਆਪਣੇ-ਆਪ ਨੂੰ ਕਿਹਾ, "ਤਾਂ ਹੁਣ ਕੀ ਕਰੀਏ? ਅਗਰਹਾਰ 'ਚ ਮੁਰਦਾ ਰੱਖ ਕੇ, ਹੱਥ 'ਤੇ ਹੱਥ ਧਰ ਕੇ ਬੈਠਣਾ ਕਿੱਥੋਂ ਤੱਕ ਠੀਕ ਹੈ? ਸਨਾਤਨ ਧਰਮ ਦੇ ਅਨੁਸਾਰ ਅਗਰਹਾਰ ਲਾਸ਼ ਲੈ ਜਾਣ ਅਤੇ ਸੰਸਕਾਰ ਕਰਨ ਤੱਕ, ਦੇਵਤਾ-ਪੂਜਾ, ਇਸ਼ਨਾਨ, ਸ਼ਾਮ ਦੀ ਪੂਜਾ ਆਦਿ ਕੁਝ ਵੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਛੇਕਿਆ ਨਹੀਂ ਹੋਇਆ ਸੀ, ਪੰਡਤਾਂ ਦੇ ਇਲਾਵਾ ਹੋਰ ਕੋਈ ਵੀ ਉਸ ਦੀ ਲਾਸ਼ ਨੂੰ ਛੋਹ ਨਹੀਂ ਸਕਦਾ।"

"ਛੇਕਣ ਨਾ ਕਰਕੇ ਹੀ ਤਾਂ ਇਹ ਔਖੀ ਘੜੀ ਆਈ ਹੈ...।" ਬਹੁਤ ਸਮੇਂ ਤੋਂ ਨਾਰਣੱਪੇ ਨੂੰ ਛੇਕਣ 'ਚ ਅਸਫ਼ਲ ਰਹੇ ਗਰੁੜਾਚਾਰੀਏ ਨੇ ਕਿਹਾ, "ਉਦੋਂ ਮੇਰੀ ਗੱਲ ਤੁਸੀਂ ਨਹੀਂ ਸੁਣੀ।" ਫੇਰ ਗੱਲ ਨੂੰ ਅੱਗੇ ਤੋਰਦਿਆਂ ਬੋਲਿਆ, "ਜੇਕਰ ਉਹ ਮੁਸਲਮਾਨ ਹੋ ਜਾਂਦਾ ਤਾਂ ਸਾਨੂੰ ਅਗਰਹਾਰ ਹੀ ਛੱਡ ਦੇਣਾ ਪੈਂਦਾ। ਉਦੋਂ ਸਾਨੂੰ ਕੋਈ ਹੋਰ ਰਾਹ ਨਜ਼ਰ ਨਹੀਂ ਆਇਆ ਸੀ।"

ਸਾਰੇ ਪੰਡਤਾਂ ਦੀ ਇਸ ਬਾਰੇ 'ਚ ਇੱਕੋ ਰਾਏ ਸੀ।

ਸਾਰਾ ਦਿਨ ਵਰਤ ਦੀ ਕਲਪਨਾ ਕਰਕੇ ਦਾਸਾਚਾਰੀਆ ਪਰੇਸ਼ਾਨ ਹੋ ਰਿਹਾ ਸੀ। ਸੁਣਿਆ ਹੈ ਕਿ ਪਾਰਿਜਾਤਪੁਰ ਦੇ ਪੰਡਤਾਂ ਅਤੇ ਨਾਰਣੱਪੇ 'ਚ ਬਹੁਤ ਵਧੀਆ ਦੋਸਤੀ ਸੀ। ਖਾਣਾ-ਪੀਣਾ ਵੀ ਚਲਦਾ ਸੀ। ਉੱਥੋਂ ਚੱਲ ਕੇ ਪੁੱਛ ਲੈਂਦੇ ਹਾਂ। ਉਹਨਾਂ ਦੇ ਤੌਰ-ਤਰੀਕੇ ਸਾਡੇ ਵਾਂਗ ਸਖ਼ਤ ਨਹੀਂ ਹਨ...। ਪਾਰਿਜਾਤਪੁਰ ਦੇ ਪੰਡਤ ਸਮਾਰਤ ਹਨ। ਇੱਕ ਵਾਰ ਕਿਸੇ ਰੰਡੀ ਦੇ ਗਰਭ ਠਹਿਰ ਗਿਆ ਤਾਂ ਅਗਰਹਾਰ ਦੇ ਲੋਕਾਂ ਨੇ ਇਸ ਗੱਲ ਨੂੰ ਲੁਕੋਇਆ ਸੀ। ਸੁਣਦੇ ਹਾਂ ਕਿ ਜਦ ਸ਼੍ਰਿੰਗੇਰੀ ਦੇ ਗੁਰੂ ਨੂੰ ਉਸ ਦੀ ਸੂਚਨਾ ਮਿਲੀ ਤਾਂ ਉਹਨਾਂ ਨੇ ਸਾਰੇ ਅਗਰਹਰ ਨੂੰ ਹੀ ਛੇਕ ਦਿੱਤਾ। ਕੁੱਲ ਮਿਲਾ ਕੇ ਪਾਰਿਜਾਤ ਦੇ ਲੋਕ ਸੁਖੀ ਸਨ। ਨੇਮ-ਨਿਸ਼ਠਾ ਦੇ ਨਾਂ 'ਤੇ ਨੱਚਦੇ-ਟੱਪਦੇ ਨਹੀਂ। ਸੁਪਾਰੀ ਦੀ ਖੇਤੀ ਕਰਨ 'ਚ ਨਿਪੁੰਨ ਹਨ। ਕਾਫ਼ੀ ਖ਼ੁਸ਼ਹਾਲ ਹਨ। ਇਸ ਲਈ ਦੁਰਗਾਭੱਟ ਨੂੰ ਉਹਨਾਂ ਨਾਲ ਹਮਦਰਦੀ ਹੈ। ਫੇਰ ਉਹ ਖ਼ੁਦ ਹੀ ਸਮਾਰਤ ਹੈ, ਇਸ ਕਰਕੇ ਉਸ ਨੂੰ ਉਹਨਾਂ 'ਤੇ ਮਾਣ ਵੀ ਹੈ। ਕਦੇ-ਕਦੇ ਉਹ ਚੁੱਪਚਾਪ ਜਾ ਕੇ ਉਪਮਾ ਅਤੇ ਚਿਉੜੇ ਅਤੇ ਕੌਫ਼ੀ ਵੀ ਪੀ ਚੁੱਕਿਆ ਹੈ। ਏਨਾ ਤਾਂ ਹੈ ਕਿ ਉਸ ਨੇ ਆਪ ਜਾ ਕੇ ਉੱਥੇ ਰੋਟੀ ਨਹੀਂ ਖਾਧੀ। ਵਿਹਾਰ ਦੇ ਇਲਾਵਾ ਹੋਰ ਇੱਕ ਖਿੱਚ ਇਹ ਵੀ ਹੈ ਕਿ ਉੱਥੋਂ ਦੀਆਂ ਲੰਬੇ ਕੇਸਾਂ ਵਾਲੀਆਂ ਰੰਡੀਆਂ ਤੀਵੀਂਆਂ ਵੀ ਪਾਨ-ਸੁਪਾਰੀ ਖਾਂਦੀਆਂ ਹਨ।"

ਦਾਸਾਚਾਰੀਏ ਦੀਆਂ ਬੇਕਾਰ ਗੱਲਾਂ 'ਤੇ ਖਿਝ ਕੇ ਦੁਰਗਾਭੱਟ ਖੜ੍ਹਾ ਹੋ ਗਿਆ ਅਤੇ ਕਹਿਣ ਲੱਗਿਆ, "ਇਸ ਮਾਧਵ ਦੀ ਮਸਤੀ ਤਾਂ ਦੇਖੋ। ਖਾਣ ਦੇ ਲਈ ਅੰਨ ਨਹੀਂ ਫੇਰ ਵੀ...।"

"ਤੁਸੀਂ ਉਹਨਾਂ ਨਾਲ ਬਹੁਤ ਬੇਇਨਸਾਫ਼ੀ ਕੀਤੀ ਹੈ। ਤੁਸੀਂ ਉਹਨਾਂ ਨੂੰ ਨੀਵੀਂ ਜਾਤ ਦਾ ਪੰਡਤ ਸਮਝਿਆ, ਪਰ ਉਹ ਤੁਹਾਨੂੰ ਨੀਵਾਂ ਨਹੀਂ ਸਮਝਦੇ। ਤੁਹਾਡੇ ਮਠ ਦੀ ਕਿਸੇ ਔਰਤ ਨੂੰ ਰੱਖਣ ਨਾਲ ਜਾਤ ਭ੍ਰਿਸ਼ਟ ਜਾਂਦੀ ਤਾਂ ਉਹਨਾਂ ਦੀ ਜਾਤ ਕਿਤੇ ਜ਼ਿਆਦਾ ਖ਼ਰਾਬ ਹੋ ਚੁੱਕੀ ਹੁੰਦੀ। ਤੁਸੀਂ ਜਾ ਕੇ ਪੁੱਛਣ ਦਾ ਹੌਸਲਾ ਤਾਂ ਕਰੋ, ਚੰਗੀ ਤਰ੍ਹਾਂ ਦੱਸਣਗੇ ਪਤਾ। ਜਾਣਦੇ ਹੋ, ਪਾਰਿਜਾਤਪੁਰ ਦੇ ਮੰਜਈਏ ਕੋਲ ਏਨਾ ਪੈਸਾ ਹੈ ਕਿ ਉਹ ਸਾਨੂੰ ਸਭ ਨੂੰ ਖ਼ਰੀਦ ਸਕਦਾ ਹੈ?"

ਪ੍ਰਾਣੇਸ਼ਾਚਾਰੀਏ ਨੇ ਦੁਰਗਾਭੱਟ ਦੇ ਗੁੱਸੇ ਨੂੰ ਠੰਡਾ ਕਰਨ ਦੇ ਲਈ ਕਿਹਾ, "ਤੁਹਾਡਾ

ਕਹਿਣਾ ਠੀਕ ਹੈ, ਭੱਟ ਜੀ! ਅਸੀਂ ਜੋ ਕਰਨਾ ਹੈ, ਉਸ ਨੂੰ ਕਿਸੇ ਹੋਰ ਤੋਂ ਕਰਾਉਣ 'ਚ ਪੰਡਤਾਊਪੁਣਾ ਨਹੀਂ ਹੈ। ਪਰ ਜਿੰਨਾ ਖ਼ੂਨ ਦੇ ਰਿਸ਼ਤੇ ਦਾ ਮਹੱਤਵ ਹੁੰਦਾ ਹੈ, ਉਨਾ ਹੀ ਮਹੱਤਵ ਮੋਹ ਦੇ ਰਿਸ਼ਤੇ ਦਾ ਵੀ ਤਾਂ ਹੁੰਦਾ ਹੈ। ਨਾਰਣੱਪਾ ਅਤੇ ਉਹਨਾਂ ਦੇ ਵਿਚਕਾਰ ਪਿਆਰ ਦੀ ਗੱਲ ਕਿਉਂਕਿ ਸੱਚ ਹੈ ਤਾਂ ਉਹਨਾਂ ਨੂੰ ਉਹਨਾਂ ਦੇ ਮਿੱਤਰ ਦੀ ਮੌਤ ਦੀ ਸੂਚਨਾ ਦੇਣਾ ਜ਼ਰੂਰੀ ਹੋ ਜਾਂਦਾ ਹੈ, ਇਹ ਗੱਲ ਤਾਂ ਤੁਸੀਂ ਮੰਨਦੇ ਹੋ ਨਾ?"

ਦੁਰਗਾਭੱਟ ਨੇ ਕਿਹਾ, "ਮੰਨਦਾ ਹਾਂ ਆਚਾਰੀਆ ਜੀ! ਆਪਣੀ ਜਾਤ ਦੇ ਲੋਕਾਂ ਦਾ ਪੰਡਤਾਊਪੁਣਾ ਹੁਣ ਤੁਹਾਡੇ ਹੀ ਹੱਥ 'ਚ ਹੈ। ਤੁਹਾਡੀ ਜਿੰਮੇਵਾਰੀ ਵੱਡੀ ਹੈ। ਤੁਸੀਂ ਜੋ ਫ਼ੈਸਲਾ ਕਰੋਗੇ, ਉਸ ਦੇ ਖ਼ਿਲਾਫ਼ ਕੌਣ ਜਾਵੇਗਾ? ਜੋ ਕੁਝ ਠੀਕ ਲੱਗਿਆ, ਕਹਿ ਕੇ ਅਸੀਂ ਚੁੱਪ ਹੋਈ ਜਾ ਰਹੇ ਹਾਂ।"

ਫੇਰ ਸੋਨੇ ਦੇ ਗਹਿਣਿਆਂ ਦਾ ਸੁਆਲ ਉੱਠ ਖੜ੍ਹਿਆ। ਪਾਰਿਜਾਤਪੁਰ ਦੇ ਲੋਕ ਸੰਸਕਾਰ ਕਰਨ ਦੇ ਲਈ ਤਿਆਰ ਹੋ ਗਏ ਤਾਂ ਸੋਨਾ ਵੀ ਉਹਨਾਂ ਦੇ ਕੋਲ ਚਲਾ ਜਾਵੇਗਾ। ਇਹ ਠੀਕ ਹੈ ਕਿ ਗ਼ਲਤ? ਲਕਸ਼ਮਣਾਚਾਰੀਏ ਦੀ ਘਰਵਾਲੀ ਅਨੁਸੂਈਆ ਤੋਂ ਇਹ ਬਰਦਾਸ਼ਤ ਨਹੀਂ ਹੋ ਰਿਹਾ ਸੀ ਕਿ ਉਸ ਦੀ ਭੈਣ ਦੇ ਇਹ ਗਹਿਣੇ ਨੀਵੀਂ ਜਾਤ ਦੇ ਪੰਡਤਾਂ ਦੇ ਹੱਥਾਂ 'ਚ ਚਲੇ ਜਾਣ। ਉਹ ਆਪਣੇ-ਆਪ ਨੂੰ ਰੋਕ ਨਾ ਸਕੀ। "ਕਿਸ ਦੀ ਜਾਇਦਾਦ ਸਮਝ ਕੇ ਉਹ ਚੁੜੇਲ ਇਹਨਾਂ ਗਹਿਣਿਆਂ ਨੂੰ ਲੁਟਾ ਦੇਵੇਗੀ? ਸਭ ਕੁਝ ਠੀਕ-ਠਾਕ ਰਹਿੰਦਾ ਤਾਂ ਇਹ ਗਹਿਣੇ ਮੇਰੀ ਭੈਣ ਦੇ ਹੁੰਦੇ।" ਕਹਿ ਕੇ ਉਹ ਰੋਣ ਲੱਗੀ।

ਆਪਣੀ ਘਰਵਾਲੀ ਦੀ ਗੱਲ ਲਕਸ਼ਮਣਾਚਾਰੀਏ ਨੂੰ ਜਚ ਗਈ, ਪਰ ਆਪਣੇ ਮਰਦ ਹੋਣ 'ਤੇ ਸੇਕ ਲੱਗਣ ਦੀ ਗੱਲ ਦਾ ਧਿਆਨ ਆਉਣ 'ਤੇ ਉਹ ਰੋਅਬ ਨਾਲ ਬੋਲਿਆ, "ਮਰਦਾਂ ਦੀਆਂ ਗੱਲਾਂ 'ਚ ਤੂੰ ਆਪਣੀ ਟੰਗ ਕਿਉਂ ਅੜਾ ਰਹੀ ਹੈਂ? ਚੁੱਪ ਕਰ।"

ਗਰੁੜਾਚਾਰੀਏ ਨੂੰ ਵੀ ਗੁੱਸਾ ਆਇਆ। ਬੋਲਿਆ, "ਠੀਕ ਹੈ, ਧਰਮਪੀਠ ਦੇ ਨਿਆਂ ਦੇ ਅਨੁਸਾਰ ਇਹ ਸੋਨਾ ਮੈਨੂੰ ਮਿਲਣਾ ਚਾਹੀਦਾ ਹੈ।"

ਪ੍ਰਾਣੇਸ਼ਾਚਾਰੀਏ ਨੂੰ ਬੜਾ ਦੁੱਖ ਹੋਇਆ। ਬੋਲਿਆ, "ਤੁਸੀਂ ਜ਼ਰਾ ਸ਼ਾਂਤ ਰਹੋ। ਸਾਡੇ ਮੂਹਰੇ ਹਾਲੇ ਲਾਸ਼ ਪਈ ਹੈ, ਜਿਸ ਦਾ ਦਾਹ-ਸੰਸਕਾਰ ਹੋਣਾ ਬਾਕੀ ਹੈ। ਗਹਿਣੇ-ਸੋਨੇ ਦੀ ਗੱਲ ਮੇਰੇ ਮੂਹਰੇ ਨਾ ਕਰੋ। ਪਹਿਲਾਂ ਪਾਰਿਜਾਤਪੁਰ ਵਾਲਿਆਂ ਨੂੰ ਦੱਸ ਦਿਉ। ਜੇਕਰ ਉਹ ਦਾਹ-ਸੰਸਕਾਰ ਕਰਨਾ ਚਾਹੁਣ ਤਾਂ ਉਹਨਾ ਨੂੰ ਕਰਨ ਦਿਉ।" ਫੇਰ ਉਹਨਾਂ ਨੂੰ ਤਸੱਲੀ ਦੇਣ ਲਈ ਬੋਲੇ, "ਤੁਸੀਂ ਹੁਣ ਜਾਉ। ਮੈਂ ਜ਼ਰਾ ਮਨੁਸਿਮਰਤੀ ਆਦਿ ਸ਼ਾਸਤਰਾਂ 'ਚ ਇਸ ਬਾਰੇ ਦੇਖਾਂਗਾ। ਸ਼ਾਇਦ ਕਿਤੇ ਇਸ ਔਖੀ ਘੜੀ ਦਾ ਹੱਲ ਮਿਲੇ ਤਾਂ...।" ਉਹ ਖੜ੍ਹੇ ਹੋ ਗਏ। ਚੰਦਰੀ ਨੇ ਸਾੜ੍ਹੀ ਦਾ ਪੱਲਾ ਸਿਰ 'ਤੇ ਕਰ ਲਿਆ ਅਤੇ ਪ੍ਰਾਣੇਸ਼ਾਚਾਰੀਆ ਦੇ ਵੱਲ ਯਾਚਨਾ ਭਰੀਆਂ ਨਜ਼ਰਾਂ ਨਾਲ ਦੇਖਿਆ।

2

ਲੱਸੀ ਰੱਖੇ ਜਾਣ ਵਾਲੇ ਆਲੇ 'ਚ ਬੀਂਡੇ, ਦਾਣਿਆਂ ਦੀ ਕੋਠੀ 'ਚ ਚੂਹੇ; ਵਿਚਕਾਰਲੇ ਕਮਰੇ 'ਚ ਬੰਨ੍ਹੀ ਡੋਰੀ 'ਤੇ ਸੁਕਾਉਣ ਲਈ ਪਾਏ ਧੋਤੇ ਕੱਪੜੇ। ਵਿਹੜੇ 'ਚ ਚਟਾਈ 'ਤੇ ਸੁੱਕਣ ਦੇ ਲਈ ਰੱਖੇ ਗਏ ਪਾਪੜ, ਮਿਰਚ ਅਤੇ ਪਿਛਲੇ ਪਾਸੇ ਤੁਲਸੀ। ਅਗਰਹਾਰ ਦੇ ਹਰ ਘਰ 'ਚ ਇਸੇ ਤਰ੍ਹਾਂ ਦੀਆਂ ਚੀਜ਼ਾਂ ਹਨ। ਵਾਧੂ ਕੁਝ ਹੈ ਤਾਂ ਉਹ ਹਨ ਪਿਛਲੇ ਵਿਹੜੇ 'ਚ ਉਗਾਏ ਗਏ ਫੁੱਲਾਂ ਦੇ ਬੂਟੇ। ਭੀਮਾਚਾਰੀਆ ਜੀ ਦੇ ਵਿਹੜੇ 'ਚ ਪਾਰਿਜਾਤ ਦਾ ਬੂਟਾ ਹੈ, ਪਦਮਨਾਭਾਚਾਰੀਏ ਦੇ ਵਿਹੜੇ 'ਚ ਚਮੇਲੀ ਦਾ। ਲਕਸ਼ਮਣਾਚਾਰੀਏ ਦੇ ਘਰ ਚੰਪਾ ਤਾਂ ਗਰੁੜਾਚਾਰੀਏ ਦੇ ਘਰੇ ਇੱਕ ਹੋਰ ਤਰ੍ਹਾਂ ਦਾ ਫੁੱਲ। ਦਾਸਾਚਾਰੀਏ ਦੇ ਘਰੇ ਮੰਦਾਰ ਤਾਂ ਦੁਰਗਾਭੱਟ ਦੇ ਘਰੇ ਸ਼ੰਖਪੁਸ਼ਪ ਅਤੇ ਵਿਲਪੱਤਰ। ਪੂਜਾ ਦੇ ਲਈ ਫੁੱਲ ਲਿਆਉਣ



ਨੂੰ ਹਰ ਘਰੋਂ ਇੱਕ ਪੰਡਤ ਘਰ-ਘਰ ਜਾਵੇਗਾ ਹੀ। ਸੁੱਖ-ਸਾਂਦ ਪੁੱਛੇਗਾ ਪਰ ਨਾਰਣੱਪੇ ਦੇ ਘਰ ਦੇ ਫੁੱਲ ਸਿਰਫ਼ ਚੰਦਰੀ ਦੇ ਜੂੜੇ 'ਚ ਹੀ ਲੱਗਣਗੇ ਅਤੇ ਬਾਕੀ ਸੌਣ ਦੇ ਕਮਰੇ 'ਚ ਰੱਖੇ ਫੁੱਲਦਾਨ 'ਚ ਸਜ ਜਾਣਗੇ। ਇਸ ਦੇ ਇਲਾਵਾ ਘਰ ਦੇ ਸਾਹਮਣੇ ਹੀ ਸੱਪਾਂ ਦਾ ਪਿਆਰੀ ਅਤੇ ਦੇਵਤਿਆਂ ਦੀ ਪੂਜਾ ਦੇ ਲਈ ਅਯੋਗ ਫੁੱਲਾਂ ਵਾਲੀ ਰਾਤਰਾਣੀ ਦੀ ਝਾੜੀ ਹੈ। ਰਾਤ ਨੂੰ ਖਿੜੇ ਰਾਤਰਾਣੀ ਦੇ ਗੁੱਛਿਆਂ 'ਚੋਂ ਹਨ੍ਹੇਰੇ 'ਚ ਨਸ਼ੀਲੀ ਮਹਿਕ ਫ਼ੈਲਦੀ ਹੈ। ਲਗਦਾ ਹੈ, ਸਾਰਾ ਅਗਰਹਾਰ ਜਿਵੇਂ ਕਿਸੇ ਸੰਮੋਹਨ ਦੇ ਨਾਗਪਾਨ 'ਚ ਜਕੜਿਆ ਗਿਆ ਹੋਵੇ। ਸੂਖਮ ਸੁੰਘਣ ਸ਼ਕਤੀ ਵਾਲੇ ਸਿਰਦਰਦ ਦੇ ਡਰੋਂ ਨੱਕ 'ਤੇ ਕੱਪੜਾ ਰੱਖ ਲੈਂਦੇ ਹਨ। ਕੁਝ ਅਕਲਮੰਦਾਂ ਦਾ ਕਹਿਣਾ ਹੈ ਕਿ ਉਸ ਕੋਲ ਬਹੁਤ ਸਾਰਾ ਜੋੜਿਆ ਸੋਨਾ ਕਿਤੇ ਚੋਰ ਨਾ ਲੈ ਜਾਣ, ਇਸ ਕਰਕੇ ਸੱਪਾਂ ਦੀ ਪਹਿਰੇਦਾਰੀ ਰੱਖਣ ਦੇ ਲਈ ਨਾਰਣੱਪੇ ਨੇ ਰਾਤਰਾਣੀ ਦੀ ਝਾੜੀ ਲਾਈ ਹੈ। ਮੋਟੀਆਂ ਗੁੱਤਾਂ ਅਤੇ ਉਤਰੇ ਚਿਹਰਿਆਂ ਵਾਲੀਆਂ ਪੰਡਤਾਣੀਆਂ ਮੰਦਾਰ ਅਤੇ ਚੰਮੇਲੀ ਦੇ ਫੁੱਲ ਲਾਉਂਦੀਆਂ ਅਤੇ ਨਾਗਿਣ ਵਰਗੇ ਵਾਲਾਂ ਵਾਲੀ ਚੰਦਰੀ ਜੂੜੇ 'ਚ ਲਾਲ ਸੰਪਿੰਗਾਂ ਅਤੇ ਕੇਵੜੇ ਦੇ ਫੁੱਲਾਂ ਦਾ ਸ਼ਿੰਗਾਰ ਕਰਦੀ ਹੈ। ਰਾਤ ਹੋਣ 'ਤੇ ਅਗਰਹਾਰ 'ਚ ਰਾਤਰਾਣੀ ਦਾ ਰਾਜ ਚਲਦਾ ਹੈ ਤਾਂ ਦਿਨੇ ਪੰਡਤਾਂ ਦੇ ਸਰੀਰਾਂ 'ਤੇ ਸਜੇ ਪਾਰਿਜਾਤ ਆਦਿ ਕੋਮਲ ਫੁੱਲਾਂ ਦੀ ਮਿੱਠੀ ਮਹਿਕ ਪਸਰੀ ਰਹਿੰਦੀ ਹੈ। ਇਉਂ ਹਰ ਘਰ 'ਚ ਵੱਖ-ਵੱਖ ਸੁਆਦ ਦੇ ਕਟਹਲ ਅਤੇ ਅੰਬ ਮਿਲਦੇ ਹਨ। 'ਫ਼ਲ ਵੰਡ ਕੇ ਖਾਓ, ਫੁੱਲ ਦੇ ਕੇ ਪਹਿਨੋ' ਦੀ ਕਹਾਵਤ ਦੇ ਅਨੁਸਾਰ ਫ਼ਲ ਅਤੇ ਫੁੱਲਾਂ ਦਾ ਵੰਡਾਰਾ ਹੁੰਦਾ ਰਹਿੰਦਾ ਹੈ।

ਸਿਰਫ਼ ਲਕਸ਼ਮਣਾਚਾਰੀਆ ਹੀ ਅਜਿਹਾ ਹੈ ਜੋ ਆਪਣੇ ਘਰੇ ਲੱਗੇ ਅੱਧੇ ਤੋਂ ਤੋਂ ਜ਼ਿਆਦਾ ਫ਼ਲਾਂ ਨੂੰ ਸਭ ਦੀਆਂ ਨਜ਼ਰਾਂ ਤੋਂ ਬਚਾ ਕੇ ਕੋਂਕਣ ਵਾਲੇ ਦੁਕਾਨਦਾਰ ਦੇ ਕੋਲ ਵੇਚ ਆਉਂਦਾ ਹੈ। ਉਹ ਬੜਾ ਹੀ ਕੰਜੂਸ ਹੈ। ਘਰਵਾਲੀ ਦੇ ਪੇਕਿਆਂ ਤੋਂ ਕਿਸੇ ਦੇ ਆ ਜਾਣ 'ਤੇ ਉਹ ਇੱਲ੍ਹ ਦੀ ਨਜ਼ਰ ਨਾਲ ਘਰਵਾਲੀ ਦੇ ਹੱਥਾਂ ਦੇ ਵੱਲ ਹੀ ਦੇਖਦਾ ਰਹਿੰਦਾ ਹੈ। ਉਸ ਨੂੰ ਸ਼ੱਕ ਰਹਿੰਦਾ ਹੈ ਕਿ ਉਹ ਕਿਤੇ ਆਏ ਹੋਏ ਨੂੰ ਕੁਝ ਦੇ ਨਾ ਦੇਵੇ। ਚੇਤ-ਵਿਸਾਖ 'ਚ ਹਰ ਘਰ 'ਚ ਸ਼ਰਬਤ ਅਤੇ ਕੋਸ਼ੰਬੀਰ* ਬਣਾਉਂਦੇ-ਖਾਂਦੇ ਹਨ। ਕੱਤੇ 'ਚ ਦੀਪ-ਆਰਤੀ ਦੇ ਲਈ ਇੱਕ-ਦੂਜੇ ਨੂੰ ਬੁਲਾਉਂਦੇ ਹਨ। ਨਾਰਣੱਪਾ ਇਕੱਲਾ ਇਹਨਾਂ ਸਾਰਿਆਂ ਤੋਂ ਅਲੱਗ ਰਹਿੰਦਾ ਹੈ। ਅਗਰਹਾਰ ਦੀ ਗਲੀ ਦੇ ਦੋਵੇਂ ਪਾਸੇ ਕੁੱਲ ਦਸ ਘਰ ਹਨ। ਸਭ ਤੋਂ ਵੱਡਾ ਘਰ ਨਾਰਣੱਪੇ ਦਾ ਹੀ ਹੈ-ਉਹ ਇੱਕ ਨੁੱਕਰੇ ਬਣਿਆ ਹੈ। ਗਲੀ ਦੇ ਇੱਕ ਪਾਸੇ ਦੇ ਘਰਾਂ ਦੇ ਪਿੱਛੇ ਤੁੰਗਾ ਨਦੀ ਵਗਦੀ ਹੈ। ਨਦੀ ਤੱਕ ਜਾਣ ਲਈ ਪਹਿਲਾਂ ਦੇ ਕੁਝ ਦਾਨੀ ਸੱਜਣਾਂ ਨੇ ਪੌੜੀਆਂ ਬਣਵਾਈਆਂ ਹਨ। ਸਾਉਣ 'ਚ ਤੁੰਗਾ 'ਚ ਹੜ੍ਹ ਆਉਂਦਾ ਹੈ ਤਾਂ ਲਗਦਾ ਹੈ ਕਿ ਨਦੀ ਅਗਰਹਾਰ 'ਚ ਵੜ ਜਾਵੇਗੀ, ਪਰ ਤਿੰਨ-ਚਾਰ ਦਿਨ ਤੱਕ ਨਦੀ ਦਾ ਪਾਣੀ ਕਾਫ਼ੀ ਚੜ੍ਹ ਜਾਂਦਾ ਹੈ। ਕੁਝ ਦਿਨ ਇਹ ਪਾਣੀ ਬੱਚਿਆਂ ਦੀ ਖ਼ੁਸ਼ੀ ਦਾ ਕਾਰਨ ਬਣਦਾ ਹੈ ਅਤੇ ਫੇਰ ਉਤਰ ਜਾਂਦਾ ਹੈ। ਗਰਮੀਆਂ 'ਚ ਇਹ ਫਟ ਕੇ ਤਿੰਨ ਧਾਰਾਂ 'ਚ ਵਗਣ ਲਗਦਾ ਹੈ, ਤਦ ਪੰਡਤ ਰੇਤ 'ਚ ਕਕੜੀ, ਮਤੀਰੇ ਦੀ ਖੇਤੀ ਕਰ ਲੈਂਦੇ ਹਨ। ਸਾਰਾ ਸਾਲ ਹਰੀਆਂ-ਭਰੀਆਂ ਕਕੜੀਆਂ, ਕੇਲਿਆਂ ਦੇ ਪੱਤਿਆਂ 'ਚ ਲਿਪਟੀਆਂ ਛੱਤ 'ਤੇ ਲਟਕਦੀਆਂ ਰਹਿੰਦੀਆਂ ਹਨ। ਬਰਸਾਤਾਂ 'ਚ ਉਹਨਾਂ ਦੀ ਬਣਾਈ ਗਈ ਸਾਗ-ਸਬਜ਼ੀ, ਸਾਂਭਰ, ਚਟਨੀ ਅਤੇ ਉਸ ਦੇ ਬੀਜਾਂ ਨਾਲ ਬਣੀ ਭੁਰਜੀ ਦੀ ਉਹ ਵਰਤੋਂ ਕਰਦੇ ਹਨ। ਹਾਮਲਾ ਔਰਤਾਂ ਦੀ ਤਰ੍ਹਾਂ ਇਹ ਪੰਡਤ ਸਾਂਭਰ ਦੀ ਖੱਟੀ ਚਟਨੀ ਦੇ ਲਈ ਤਾਂਘਦੇ ਰਹਿੰਦੇ ਹਨ। ਬਾਰਾਂ ਮਹੀਨੇ ਵਰਤ, ਵਿਆਹ-ਸ਼ਾਦੀ, ਜਨੇਊ, ਸ਼ਰਾਧ ਕੁਝ ਨਾ ਕੁਝ ਚਲਦਾ ਹੀ ਰਹਿੰਦਾ ਹੈ। ਟੀਕਾਚਾਰੀਏ ਦੇ ਜਨਮ-ਦਿਨ ਵਰਗੇ ਵੱਡੇ ਉਤਸਵ ਦੇ ਮੌਕੇ 'ਤੇ ਤੀਹ ਮੀਲ ਦੂਰ ਸਥਿਤ ਮਠ 'ਤੇ ਪ੍ਰੀਤੀ ਭੋਜਨ ਹੁੰਦਾ ਹੈ। ਇਉਂ ਪੰਡਤਾਂ ਦਾ ਜੀਵਨ ਸੌਖਿਆਂ ਬੀਤਦਾ ਜਾਂਦਾ ਹੈ।

ਇਸ ਅਗਰਹਾਰ ਦਾ ਨਾਂ ਹੈ ਦੁਰਵਾਸਾਪੁਰ। ਇਸ ਦੇ ਨਾਲ ਇੱਕ ਪੌਰਾਣਿਕ ਕਥਾ ਜੁੜੀ

ਹੋਈ ਹੈ। ਤੁੰਗਾ ਨਦੀ ਦੇ ਵਿਚਕਾਰ ਇੱਕ ਛੋਟੇ ਜਿਹੇ ਟਾਪੂ 'ਚ ਬਿਰਖਾਂ ਨਾਲ ਲੱਦੀ ਇੱਕ ਨਿੱਕੀ ਪਹਾੜੀ ਹੈ। ਕਿਹਾ ਜਾਂਦਾ ਹੈ ਕਿ ਦੁਰਵਾਸਾ ਰਿਸ਼ੀ ਉੱਥੇ ਤਪ ਕਰਦੇ ਸਨ। ਦੁਆਪਰ ਯੁੱਗ 'ਚ ਇੱਕ ਵਿਸ਼ੇਸ਼ ਘਟਨਾ ਵਾਪਰੀ। ਏਥੋਂ ਦਸ ਮੀਲ ਦੀ ਦੂਰੀ 'ਤੇ ਸਥਿਤ ਕੈਮਰ ਨਾਂ ਦੀ ਥਾਂ 'ਤੇ ਥੋੜ੍ਹੇ ਸਮੇਂ ਤੱਕ ਬਣਵਾਸ ਦੇ ਦਿਨਾਂ 'ਚ ਪਾਂਡਵ ਰੁਕੇ ਸਨ। ਆਪਣੀ ਘਰਵਾਲੀ ਦੀਆਂ ਸਾਰੀਆਂ ਇੱਛਾਵਾਂ ਨੂੰ ਪੂਰਾ ਕਰਨ ਵਾਲੇ ਭੀਮਸੈਨ ਨੇ ਤੁੰਗਾ ਨਦੀ ਦਾ ਵਹਿਣ ਰੋਕ ਦਿੱਤਾ। ਇਧਰ ਇਸ਼ਨਾਨ ਅਤੇ ਸ਼ਾਮ ਦੀ ਪੂਜਾ ਆਦਿ ਦੇ ਲਈ ਦੁਰਵਾਸਾ ਨਦੀ 'ਤੇ ਆ ਗਏ ਤਾਂ ਕੀ ਦੇਖਦੇ ਹਨ ਕਿ ਨਦੀ 'ਚ ਪਾਣੀ ਹੀ ਨਹੀਂ ਹੈ। ਉਹ ਗੁੱਸੇ ਹੋ ਗਏ। ਧਰਮਰਾਜ ਯੁਧਿਸ਼ਠਰ ਨੂੰ ਆਪਣੀ ਦਿੱਭ ਦ੍ਰਿਸ਼ਟੀ ਨਾਲ ਇਸ ਦਾ ਪਤਾ ਲੱਗ ਗਿਆ। ਉਹਨਾਂ ਨੇ ਭੀਮਸੈਨ ਨੂੰ ਸਮਝਾਇਆ। ਹਮੇਸ਼ਾ ਆਪਣੇ ਭਾਈ ਦੀ ਗੱਲ ਮੰਨਣ ਵਾਲੇ ਪਵਨ-ਪੁੱਤਰ ਨੇ ਆਪਣੇ ਬਣਾਏ ਬੰਨ੍ਹ ਨੂੰ ਤਿੰਨ ਥਾਵਾਂ ਤੋਂ ਤੋੜ ਦਿੱਤਾ। ਹਾਲੇ ਤੱਕ ਕੈਮਰ 'ਚ ਨਦੀ ਬੰਨ੍ਹ 'ਚੋਂ ਨਿਕਲ ਕੇ ਤਿੰਨ ਧਾਰਾਵਾਂ 'ਚ ਵਗ਼ਦੀ ਹੈ। ਦੁਰਵਾਸਾਪੁਰ ਦੇ ਪੰਡਤ ਆਂਢ-ਗੁਆਂਢ ਦੇ ਅਗਰਹਾਰਾਂ 'ਚ ਰਹਿਣ ਵਾਲੇ ਪੰਡਤਾਂ ਨੂੰ ਸੁਣਾਉਂਦੇ ਹਨ ਕਿ ਦੁਆਦਸ਼ੀ ਦੇ ਦਿਨ ਸਵੇਰੇ ਪਵਿੱਤਰ ਰੂਹਾਂ ਨੂੰ ਦੁਰਵਾਸਾਵਨ 'ਚੋਂ ਹੁਣ ਵੀ ਸ਼ੰਖ ਦੀ ਆਵਾਜ਼ ਸੁਣਦੀ ਹੈ ਪਰ ਦੁਰਵਾਸਾਪੁਰ ਦੇ ਪੰਡਤਾਂ ਨੇ ਇਹ ਸ਼ੰਖ ਦੀ ਆਵਾਜ਼ ਕਦੇ ਆਪ ਸੁਣੀ ਹੋਵੇ, ਅਜਿਹਾ ਕਹਿ ਕੇ ਉਹ ਕਦੇ ਪਾਡੀ ਨਹੀਂ ਮਾਰਦੇ।

ਪੌਰਾਣਿਕ ਮਹੱਤਵ ਦਾ ਸਥਾਨ ਹੋਣ ਅਤੇ ਮਹਾਂਤਪੀ, ਗਿਆਨੀ, ਵੇਦਾਂਤ ਸ਼ਿਰੋਮਣੀ ਪ੍ਰਾਣੇਸ਼ਾਚਾਰੀਆ ਦੇ ਏਥੇ ਆ ਕੇ ਵਸ ਜਾਣ ਅਤੇ ਫੇਰ ਚੰਡਾਲ ਜਿਹੇ ਨਾਰਣੱਪੇ ਦੀਆਂ ਕਰਤੂਤਾਂ ਕਰਕੇ ਇਹ ਅਗਰਹਾਰ ਦਸਾਂ ਦਿਸ਼ਾਵਾਂ 'ਚ ਪ੍ਰਸਿੱਧੀ ਹਾਸਿਲ ਕਰ ਚੁੱਕਿਆ ਹੈ। ਆਚਾਰੀਆ ਜੀ ਦੇ ਮੂੰਹੋਂ ਪੁਰਾਣਾਂ ਦੀਆਂ ਕਥਾਵਾਂ ਸੁਣਨ ਦੇ ਲਈ ਰਾਮਨੌਮੀ ਦੇ ਦਿਨ ਨੇੜੇ-ਤੇੜੇ ਦੇ ਅਗਰਹਾਰਾਂ ਦੇ ਪੰਡਤ ਅਤੇ ਦਿਨਾਂ ਤੋਂ ਵੀ ਜ਼ਿਆਦਾ ਗਿਣਤੀ 'ਚ ਇਕੱਠੇ ਹੁੰਦੇ ਹਨ। ਪ੍ਰਾਣੇਸ਼ਾਚਾਰੀਆ ਦੇ ਲਈ ਨਾਰਣੱਪਾ ਬੜੀ ਸਮੱਸਿਆ ਬਣ ਗਿਆ ਸੀ। ਭਗਵਾਨ ਦੀ ਕਿਰਪਾ ਨਾਲ ਮਿਲਿਆ ਫਰਜ਼ ਸਮਝ ਕੇ, ਰੋਗੀ ਘਰਵਾਲੀ ਦੀ ਸੇਵਾ-ਸੰਭਾਲ 'ਚ ਲੀਨ ਰਹਿੰਦਿਆਂ, ਨਾਰਣੱਪੇ ਦੇ ਦੁਰਵਿਵਹਾਰਾਂ ਨੂੰ ਸਹਿੰਦਿਆਂ, ਧਰਮ ਅਤੇ ਕਰਮ ਦੇ ਅਰਥ ਤੋਂ ਕੋਰੇ ਪੰਡਤਾਂ ਦੇ ਦਿਮਾਗ਼ 'ਚ ਭਰੇ ਹੰਕਾਰ ਨੂੰ ਸ਼ਾਸਤਰ ਦੀ ਵਿਆਖਿਆ ਨਾਲ ਦੂਰ ਕਰਦਿਆਂ, ਪ੍ਰਾਣੇਸ਼ਾਚਾਰੀਆ ਜੀ ਆਪਣੇ ਗ੍ਰਹਿਸਥ ਆਸ਼ਰਮ ਦੀ ਸਖ਼ਤ ਚੰਦਨ ਦੀ ਲੱਕੜ ਘਸਾ ਕੇ, ਆਪਣੇ ਜੀਵਨ ਅਤੇ ਫਰਜ਼ਾਂ ਨੂੰ ਮਹਿਕਾਉਂਦੇ ਜਾ ਰਹੇ ਸਨ। ਉਧਰ ਪੰਡਤ ਅਜਿਹੀ ਕੜਕਦੀ ਧੁੱਪ 'ਚ, ਜਿਸ 'ਚ ਮੱਕੀ ਦੇ ਦਾਣੇ ਵੀ ਭੁੱਜ ਸਕਣ, ਅਗਰਹਾਰ ਦੀਆਂ ਤਪਦੀਆਂ ਗਲੀਆਂ 'ਚੋਂ ਸਿਰ 'ਤੇ ਪਰਨਾ ਰੱਖ ਕੇ ਨਿਕਲੇ। ਭੁੱਖ ਨਾਲ ਤੜਪਦਿਆਂ ਉਹ ਤਿੰਨ ਧਾਰਾਵਾਂ 'ਚ ਵੰਡੀ ਤੁੰਗਾਂ ਨਦੀ ਨੂੰ ਪਾਰ ਕਰਕੇ ਠੰਡੇ ਜੰਗਲ 'ਚ ਜਾ ਵੜੇ ਅਤੇ ਇੱਕ ਘੰਟਾ ਪੈਰ ਘੜੀਸਦਿਆਂ ਪਾਰਿਜਾਤਪੁਰ ਆ ਗਏ। ਧਰਤੀ ਦੀ ਠੰਡਕ ਨੂੰ ਫ਼ੈਲਾਉਂਦਿਆਂ ਸੁਪਾਰੀ ਦੇ ਬਿਰਖ਼ ਹਵਾ ਦੇ ਨਾ ਹੋਣ ਕਰਕੇ ਪੱਤਾ ਤੱਕ ਨਹੀਂ ਹਿਲ ਰਿਹਾ ਸੀ। ਸੜਦੀ ਹੋਈ ਰੇਤ 'ਤੇ ਤੁਰਨ ਨਾਲ ਪੰਡਤਾਂ ਦੇ ਪੈਰਾਂ 'ਚ ਛਾਲੇ ਪੈ ਗਏ ਸਨ। 'ਨਾਰਾਇਣ' ਦੇ ਨਾਂ ਦਾ ਜਾਪ ਕਰਦਿਆਂ ਕਦੇ ਉਸ ਪਾਸੇ ਨਾ ਜਾਣ ਵਾਲੇ ਪੰਡਤ, ਸ਼ਾਹੂਕਾਰ ਮੰਜਈਏ ਦੇ ਘਰੇ ਪਹੁੰਚ ਗਏ। ਦੁਨੀਆਦਾਰੀ ਅਤੇ ਕਾਰੋਬਾਰ 'ਚ ਨਿਪੁੰਨ ਸ਼ਾਹੂਕਾਰ ਬਹੀ-ਖਾਤਾ ਖੋਲ੍ਹੀ ਹਿਸਾਬ ਕਰ ਰਿਹਾ ਸੀ। ਉਹ ਉੱਚੀ ਆਵਾਜ਼ 'ਚ ਬੋਲਿਆ :

"ਓਹੋ! ਕੀ ਗੱਲ ਹੈ, ਪੰਡਤਾਂ ਦੀ ਸਾਰੀ ਟੋਲੀ ਹੀ ਇਧਰ ਆ ਗਈ ਹੈ। ਆਉ... ਆਉ... ਬੈਠੋ, ਥਕਾਵਟ ਦੂਰ ਕਰ ਲਉ। ਪੈਰ ਧੋ ਲਵੋ...। ਉਸ ਨੇ ਆਪਣੀ ਘਰਵਾਲੀ ਨੂੰ ਕੁਝ ਕੇਲੇ ਲਿਆਉਣ ਦੇ ਲਈ ਕਿਹਾ। ਇਉਂ ਉਹਨਾਂ ਦੀ ਖਾਤਿਰਦਾਰੀ ਕੀਤੀ। ਉਸ ਦੀ ਘਰਵਾਲੀ ਇੱਕ ਥਾਲੀ 'ਚ ਕੇਲੇ ਲੈ ਆਈ। "ਅੰਦਰ ਆਉ ਨਾ!" ਨਿਮਰਤਾ ਨਾਲ ਕਹਿ ਕੇ ਉਹ ਅੰਦਰ ਚਲੀ ਗਈ। ਗਰੁੜਾਚਾਰੀਏ ਨੇ ਲੰਬਾ ਸਾਹ ਛੱਡ ਕੇ, ਬੈਠਦੇ-ਬੈਠਦੇ ਨਾਰਣੱਪੇ ਦੇ ਮਰਨ ਦੀ ਖ਼ਬਰ ਦਿੱਤੀ।"



"ਹੇ ਰੱਬਾ! ਕੀ ਹੋ ਗਿਆ ਸੀ ਉਸ ਨੂੰ? ਮਿਲਣ ਦੇ ਲਈ ਅੱਠ-ਦਸ ਦਿਨ ਪਹਿਲਾਂ ਇਧਰ ਆਇਆ ਸੀ। ਆਖਦਾ ਸੀ, ਸ਼ਿਵਮੋਗਾ ਜਾਣਾ ਹੈ। ਕੋਈ ਕੰਮ ਹੋਵੇ ਤਾਂ ਦੱਸੋ। ਮੈਂ ਕਿਹਾ ਸੀ, ਦੇਖ ਆਵੀਂ ਕਿ ਮੰਡੀ 'ਚ ਸੁਪਾਰੀ ਵਿਕ ਗਈ ਕਿ ਨਹੀਂ। ਸ਼ਿਵ... ਸ਼ਿਵ... ਸ਼ਿਵ! ਵੀਰਵਾਰ ਦੇ ਦਿਨ ਮੁੜ ਆਉਣ ਦੀ ਗੱਲ ਕਹੀ ਸੀ। ਕੀ ਬੀਮਾਰੀ ਸੀ?"

ਦਾਸਾਚਾਰੀਏ ਨੇ ਕਿਹਾ, "ਚਾਰ ਦਿਨ ਬੁਖ਼ਾਰ ਰਿਹਾ। ਸੁਣਿਆ, ਸੋਜਾ ਆ ਗਿਆ ਸੀ ਬਸ।"

"ਸ਼ਿਵ... ਸ਼ਿਵ!" ਕਹਿ ਕੇ ਮੰਜਈਏ ਨੇ ਅੱਖਾਂ ਮੀਚ ਲਈਆਂ; ਪੱਖੇ ਨਾਲ ਹਵਾ ਝੱਲਣ ਲੱਗਿਆ। ਉਹ ਕਦੇ-ਕਦੇ ਸ਼ਿਵਮੋਗਾ ਹੋ ਆਉਂਦਾ ਸੀ। ਉਸ ਨੂੰ ਦੋ ਅੱਖਰਾਂ ਵਾਲੇ ਭਿਆਨਕ ਰੋਗ ਦੀ ਯਾਦ ਆਈ, ਪਰ ਸਾਫ਼-ਸਾਫ਼ ਕਹਿਣ ਦੇ ਡਰ ਨਾਲ ਸਿਰਫ਼ 'ਸ਼ਿਵ ਸ਼ਿਵ' ਹੀ ਕਿਹਾ।

ਕੁਝ ਹੀ ਸਮੇਂ 'ਚ ਪਾਰਿਜਾਤਪੁਰ ਦੇ ਨੀਵੀਂ ਜਾਤ ਦੇ ਪੰਡਤ ਇਕੱਠੇ ਹੋ ਗਏ।

ਦੁਨੀਆਦਾਰੀ ਦੇ ਮਾਹਿਰ ਗਰੁੜਾਚਾਰੀਏ ਨੇ ਕਿਹਾ, "ਤੁਸੀਂ ਸਭ ਜਾਣਦੇ ਹੀ ਹੋਵੋਗੇ ਕਿ ਸਾਡਾ ਅਤੇ ਉਸ ਦਾ ਮਤਭੇਦ ਅਤੇ ਲੜਾਈ-ਝਗੜਾ ਹੋਣ ਨਾਲ ਆਪਸੀ ਹੁੱਕਾ-ਪਾਣੀ ਤੱਕ ਬੰਦ ਹੋ ਗਿਆ ਸੀ। ਤੁਸੀਂ ਸਭ ਉਸ ਦੇ ਮਿੱਤਰ ਹੋ ਇਸ ਲਈ...। ਹੁਣ ਉਸ ਦੀ ਲਾਸ਼ ਦੇ ਸੰਸਕਾਰ ਦਾ ਸੁਆਲ ਉੱਠਿਆ ਹੈ... ਇਸ ਲਈ...।"

ਆਪਣੇ ਮਿੱਤਰ ਤੋਂ ਜੁਦਾ ਹੋਣ ਦਾ ਪਾਰਿਜਾਤਪੁਰ ਦੇ ਲੋਕਾਂ ਨੂੰ ਦੁੱਖ ਹੋਇਆ ਪਰ ਇਹ ਜਾਣ ਕੇ ਉਹਨਾਂ ਨੂੰ ਖ਼ੁਸ਼ੀ ਵੀ ਹੋਈ ਕਿ ਉੱਚੀ ਜਾਤ ਦੇ ਇੱਕ ਪੰਡਤ ਦਾ ਦਾਹ-ਸੰਸਕਾਰ ਕਰਨ ਦਾ ਮੌਕਾ ਉਹਨਾਂ ਨੂੰ ਮਿਲ ਰਿਹਾ ਹੈ। ਨਾਰਣੱਪਾ ਉਹਨਾਂ ਦੇ ਘਰ ਬਿਨਾ ਕਿਸੇ ਝਿਜਕ ਦੇ ਰੋਟੀ ਖਾਇਆ ਕਰਦਾ ਸੀ, ਇਹੀ ਉਹਨਾਂ ਲੋਕਾਂ ਦੇ ਪਿਆਰ ਦਾ ਮੁੱਖ ਕਾਰਨ ਸੀ।

ਪਾਰਿਜਾਤਪੁਰ ਦੇ ਪੰਡਤਾਂ ਦੇ ਪੁਰੋਹਿਤ ਸ਼ੰਕਰਈਏ ਨੇ ਕਿਹਾ, "ਆਖਦੇ ਨੇ ਕਿ ਬ੍ਰਾਹਮਣ-ਧਰਮ ਦੇ ਅਨੁਸਾਰ ਸੱਪ ਦੇ ਵੀ ਦੋ ਜਨਮ ਹੁੰਦੇ ਹਨ, ਭਾਵ ਸੱਪ ਦੀ ਲਾਸ਼ ਜੇ ਕਿਤੇ ਮਿਲ ਜਾਵੇ ਉਸ ਦਾ ਵੀ ਸਹੀ ਤਰੀਕੇ ਨਾਲ ਦਾਹ-ਸੰਸਕਾਰ ਕਰਨਾ ਚਾਹੀਦਾ ਹੈ, ਨਹੀਂ ਤਾਂ ਅੰਨ ਛੋਹਿਆ ਨਹੀਂ ਜਾ ਸਕਦਾ। ਕੁਝ ਅਜਿਹਾ ਵਿਧੀ-ਵਿਧਾਨ ਹੈ। ਅਜਿਹੀ ਹਾਲਤ 'ਚ ਜਦ ਇੱਕ ਪੰਡਤ ਦੀ ਮੌਤ ਹੋ ਗਈ ਹੈ ਤਾਂ ਸਾਡਾ ਹੱਥਾਂ ਤੇ ਹੱਥ ਧਰ ਕੇ ਬੈਠਣਾ ਠੀਕ ਨਹੀਂ। ਕਿਉਂ, ਤੁਸੀਂ ਕਿਵੇਂ ਸੋਚਦੇ ਹੋ?"

"ਅਸੀਂ ਵੀ ਸ਼ਾਸਤਰ ਪੜ੍ਹੇ ਹਨ, ਕਿਸੇ ਤੋਂ ਘੱਟ ਨਹੀਂ ਹਾਂ।" ਮਾਧਵਾਂ ਦੀ ਆਕੜ ਭੰਨਣ ਲਈ ਉਸ ਨੇ ਕਿਹਾ।

ਸੁਣ ਕੇ ਦੁਰਗਾਭੱਟ ਨੂੰ ਬੜੀ ਫ਼ਿਕਰ ਹੋਈ। ਇਹ ਭੋਲਾ ਪੰਡਤ ਹੈ। ਕਾਹਲੀ 'ਚ ਕੁਝ ਕਹਿ ਕੇ ਸਮਾਰਤ ਪੰਡਤਾਂ ਦਾ ਯਸ਼ ਖਰਾਬ ਕਰਨਾ ਠੀਕ ਨਹੀਂ। ਇਹ ਸੋਚ ਕੇ ਕੁਝ ਵਿਅੰਗ ਨਾਲ ਕਿਹਾ, "ਠੀਕ ਹੈ... ਮੰਨ ਲੈਂਦੇ ਹਾਂ। ਪ੍ਰਾਣੇਸ਼ਾਚਾਰੀਏ ਦਾ ਵੀ ਇਹੀ ਕਹਿਣਾ ਹੈ ਪਰ ਮੁਸ਼ਕਿਲ ਇਹ ਖੜ੍ਹੀ ਹੋ ਗਈ ਕਿ ਸ਼ਰਾਬ ਅਤੇ ਮਾਸ ਖਾਣ ਅਤੇ ਸਾਲਿਗਰਾਮ ਨੂੰ ਪਾਣੀ 'ਚ ਸੁੱਟ ਦੇਣ ਵਾਲਾ ਨਾਰਣੱਪਾ ਪੰਡਤ ਸੀ ਜਾਂ ਨਹੀਂ? ਦੱਸ, ਕੌਣ ਭਿੱਟੇ ਜਾਣ ਲਈ ਤਿਆਰ ਹੋਵੇਗਾ ਪਰ ਪੰਡਤ ਦੀ ਲਾਸ਼ ਨਾ ਚੁੱਕਣਾ ਵੀ ਅਧਰਮ ਹੈ, ਇਸ ਨੂੰ ਵੀ ਮੈਂ ਪੂਰੀ ਤਰ੍ਹਾਂ ਮੰਨਦਾ ਹਾਂ।"

ਸ਼ੰਕਰਈਆ ਬਹੁਤ ਡਰ ਗਿਆ। ਪਹਿਲਾਂ ਹੀ ਉਹਨਾਂ ਨੂੰ ਨੀਵੀਂ ਜਾਤ ਦਾ ਮੰਨਿਆ ਜਾਂਦਾ ਹੈ। ਇਸ ਕੰਮ ਨਾਲ ਉਹ ਆਪਣੇ ਜਸ਼ 'ਤੇ ਹੋਰ ਕਲੰਕ ਨਹੀਂ ਲਾਉਣਾ ਚਾਹੁੰਦਾ; ਬੋਲਿਆ, "ਇਉਂ ਤਾਂ ਅਸੀਂ ਕਾਹਲ 'ਚ ਕੁਝ ਨਹੀਂ ਕਰਾਂਗੇ। ਤੁਹਾਡੇ ਕੋਲ ਏਥੇ ਬਲਕਿ ਪੂਰੇ ਦੱਖਣ 'ਚ ਪ੍ਰਸਿੱਧ ਪ੍ਰਾਣੇਸ਼ਾਚਾਰੀਆ ਨੂੰ ਗ਼ਲਤ-ਠੀਕ ਦਾ ਫ਼ੈਸਲਾ ਕਰਨ ਦਿਉ। ਉਹਨਾਂ ਦੇ ਕਹਿਣ 'ਤੇ ਅਸੀਂ ਨਾਰਣੱਪੇ ਦਾ ਦਾਹ-ਸੰਸਕਾਰ ਅਤੇ ਬਾਦ ਦੀਆਂ ਕਿਰਿਆਵਾਂ ਕਰਨ ਦੇ ਲਈ ਤਿਆਰ ਹੋ ਜਾਵਾਂਗੇ।

ਮੰਜਈਏ ਨੇ ਕੰਜੂਸ ਮਾਧਵਾਂ ਨੂੰ ਚਿੜਾਉਣ ਦੇ ਲਈ ਕਿਹਾ, "ਖਰਚ ਦੇ ਬਾਰੇ ਤੁਸੀਂ ਫ਼ਿਕਰ ਨਾ ਕਰਿਉ। ਉਹ ਮੇਰਾ ਦੋਸਤ ਸੀ। ਮੈਂ ਆਪ ਦਾਨ ਆਦਿ ਕਰਾਵਾਂਗਾ।"

3

ਸਾਰੇ ਪੰਡਤ ਪਾਰਿਜਾਤਪੁਰ ਚਲੇ ਗਏ ਸਨ। ਪ੍ਰਾਣੇਸ਼ਾਚਾਰੀਏ ਨੇ ਕੁਝ ਤਰਸ ਖਾ ਕੇ ਚੰਦਰੀ ਨੂੰ ਬੈਠਣ ਦੇ ਲਈ ਕਿਹਾ। ਫੇਰ ਆਪਣੇ ਖਾਣ ਦੇ ਕਮਰੇ 'ਚ ਆਏ ਜਿੱਥੇ ਉਹਨਾਂ ਦੀ ਘਰਵਾਲੀ ਸੁੱਤੀ ਪਈ ਸੀ। "ਦੇਖ ਤਾਂ, ਚੰਦਰੀ ਦਾ ਮਨ ਕਿੰਨਾ ਸਾਫ਼ ਹੈ।" ਕਹਿੰਦਿਆਂ ਉਹਨਾਂ ਨੇ ਚੰਦਰੀ ਦੇ ਗਹਿਣੇ ਲਾਹ ਦੇਣ ਅਤੇ ਉਸ ਤੋਂ ਪੈਦਾ ਹੋਣ ਵਾਲੀ ਸਮੱਸਿਆ ਦੇ ਬਾਰੇ 'ਚ ਘਰਵਾਲੀ ਨੂੰ ਦੱਸਿਆ। ਕੁਝ ਦੇਰ ਬਾਦ ਤਾੜ ਪੱਤਰਾਂ 'ਤੇ ਲਿਖੇ ਧਰਮਗ੍ਰੰਥਾਂ ਦੇ ਪੰਨੇ ਪਲਟਣ ਬੈਠ ਗਏ ਕਿ ਇਸ ਬਾਰੇ 'ਚ ਧਰਮ ਸ਼ਾਸਤਰ ਕੀ ਕਹਿੰਦਾ ਹੈ? ਹਮੇਸ਼ਾ ਤੋਂ ਹੀ ਇਹ ਨਾਰਣੱਪਾ ਉਹਨਾਂ ਦੇ ਮੂਹਰੇ ਸਮੱਸਿਆ ਬਣ ਕੇ ਖੜ੍ਹਾ ਰਿਹਾ ਹੈ। ਉਹਨਾਂ ਨੂੰ ਜ਼ਿੱਦ ਸੀ ਕਿ ਦੇਖੀਏ ਅਗਰਹਾਰ 'ਚ ਆਖ਼ਿਰ ਜਿੱਤ ਕਿਸ ਦੀ ਹੁੰਦੀ ਹੈ ਉਹਨਾਂ ਦੇ ਸਨਾਤਨ ਧਰਮ ਅਤੇ ਤਪੱਸਿਆ ਦੀ ਹੁੰਦੀ ਹੈ ਜਾਂ ਨਾਰਣੱਪੇ ਦੇ ਰਾਖ਼ਸ਼ੀ ਸੁਭਾਅ ਦੀ! ਪਤਾ ਨਹੀਂ ਸ਼ਨੀ ਦੀ ਕਿਸ ਦਸ਼ਾ ਨਾਲ ਉਹ ਅਜਿਹਾ ਬਣ ਗਿਆ ਸੀ। ਇਹ ਸੋਚ ਕੇ ਉਹ ਦੁਖੀ ਹੋਏ। ਰੱਬ ਦੀ ਮਿਹਰ ਸਦਕਾ ਉਸ ਦਾ ਭਲਾ ਹੋਵੇ, ਇਹ ਕਾਮਨਾ ਕਰਦਿਆਂ ਹਫ਼ਤੇ 'ਚ ਦੋ ਵਾਰ ਉਹ ਰਾਤ ਦੀ ਰੋਟੀ ਤੱਕ ਛੱਡ ਚੁੱਕੇ ਸਨ। ਉਹਨਾਂ ਦੇ ਦਿਲ 'ਚ ਉਸ ਦੇ ਲਈ ਪਛਤਾਵੇ ਅਤੇ ਪਿਆਰ ਦੀ ਭਾਵਨਾ ਸੀ ਕਿਉਂਕਿ ਉਹਨਾਂ ਨੇ ਉਸ ਦੀ ਮਾਂ ਨੂੰ ਵਚਨ ਦਿੱਤਾ ਸੀ, "ਤੇਰੇ ਪੁੱਤ ਦੀ ਰੱਖਿਆ ਕਰਾਂਗਾ। ਉਸ ਨੂੰ ਚੰਗੇ ਰਾਹ 'ਤੇ ਲਿਆਵਾਂਗਾ।" ਮਰਨ ਕਿਨਾਰੇ ਪਈ ਬੁੱਢੀ ਨੂੰ ਇਹ ਵਚਨ ਦੇ ਕੇ ਉਹਨਾਂ ਧਰਵਾਸ ਦਿੱਤਾ ਸੀ ਪਰ ਨਾਰਣੱਪਾ ਸਹੀ ਰਸਤੇ 'ਤੇ ਨਹੀਂ ਆਇਆ। ਜਿਸ ਗਰੁੜ ਦੇ ਪੁੱਤ ਸ਼ਿਆਮ ਅਤੇ ਲਕਸ਼ਮਣ ਦੇ ਜਵਾਈ ਸ੍ਰੀਪਤਿ ਨੂੰ ਉਹਨਾਂ ਨੇ ਸ਼ਾਸਤਰ ਪੜ੍ਹਾਏ ਸਨ, ਮੰਤਰ ਰਟਾਏ ਸਨ, ਉਸ ਨੇ ਉਹਨਾਂ ਦੋਵਾਂ ਨੂੰ ਉਹਨਾਂ ਦੇ ਪ੍ਰਭਾਵ 'ਚੋਂ ਬਾਹਰ ਕੱਢ ਲਿਆ ਸੀ। ਉਸ ਨੇ ਘਰ ਛੱਡ ਕੇ ਸੈਨਾ 'ਚ ਭਰਤੀ ਹੋਣ ਲਈ ਸ਼ਿਆਮ ਨੂੰ ਭੜਕਾਇਆ ਸੀ। ਗਰੁੜ ਅਤੇ ਲਕਸ਼ਮਣ ਦੀਆਂ ਸ਼ਿਕਾਇਤਾਂ ਸੁਣ ਕੇ ਉਹ ਇੱਕ ਦਿਨ ਉਸ ਦੇ ਕੋਲ ਗਏ ਸਨ। ਉਹ ਗੱਦੀ 'ਤੇ ਸੁੱਤਾ ਪਿਆ ਸੀ। ਉਹਨਾਂ ਨੂੰ ਦੇਖ ਕੇ ਉੱਠ ਖੜ੍ਹਿਆ ਅਤੇ ਉਹਨਾਂ ਦਾ ਆਦਰ-ਮਾਣ ਕੀਤਾ ਪਰ ਜਦ ਉਹ ਉਸ ਦੇ ਭਲੇ ਦੀ ਗੱਲ ਕਰਨ ਲੱਗੇ ਤਾਂ ਉਹ ਪੁੱਠੀਆਂ-ਸਿੱਧੀਆਂ ਗੱਲਾਂ ਕਰਨ ਲੱਗਿਆ। ਪੰਡਤ-ਧਰਮ ਦੀ ਨਿੰਦਾ ਕਰਨ ਲੱਗਿਆ।" ਹੁਣ ਤੁਹਾਡਾ ਸ਼ਾਸਤਰ, ਧਰਮ ਨਹੀਂ ਚੱਲੇਗਾ। ਮੂਹਰੇ ਕਾਂਗਰਸ ਦਾ ਰਾਜ ਆਵੇਗਾ। ਮੰਦਰਾਂ ਦੇ ਦਰਵਾਜ਼ੇ ਸਾਰਿਆਂ ਲਈ ਖੋਲ੍ਹਣੇ ਪੈਣਗੇ। ਕਿਸੇ ਵੀ ਜਾਤ ਦੇ ਬੰਦੇ ਨੂੰ ਮੰਦਰ 'ਚ ਆਉਣੋਂ ਨਹੀਂ ਰੋਕ ਸਕੋਗੇ।" ਅਜਿਹੀਆਂ ਬੇਤੁਕੀਆਂ ਗੱਲਾਂ ਉਸ ਨੇ ਕੀਤੀਆਂ। ਉਹਨਾਂ ਨੇ ਸ੍ਰੀਪਤਿ ਨੂੰ ਅਤੇ ਉਸ ਦੀ ਘਰਵਾਲੀ ਨੂੰ ਵੱਖ ਨਾ ਕਰਨ ਲਈ ਕਿਹਾ ਤਾਂ "ਮੈਂ ਕੀ ਕੀਤਾ ਹੈ" ਕਹਿ ਕੇ ਉਹ 'ਹਾ-ਹਾ' ਕਰਕੇ ਹੱਸ ਪਿਆ ਸੀ।

"ਜੋ ਸੁੱਖ ਨਹੀਂ ਦੇਵੇਗੀ, ਉਸ ਦੇ ਨਾਲ ਕੌਣ ਰਹੇਗਾ ਆਚਾਰੀਆ ਜੀ-ਸਿਵਾਏ ਨਿਪੁੰਸਕ ਪੰਡਤਾਂ ਦੇ? ਤੁਸੀਂ ਸਾਰੇ ਪੰਡਤ ਮੈਨੂੰ ਵੀ ਤਾਂ ਇੱਕ ਪਾਗਲ ਔਰਤ ਨਾਲ ਨੂੜ ਕੇ ਮੇਰੀ ਜ਼ਿੰਦਗੀ ਖਰਾਬ ਕਰਨਾ ਚਾਹ ਰਹੇ ਸੀ। ਆਪਣਾ ਧਰਮ ਆਪਣੇ ਕੋਲ ਹੀ ਰੱਖੋ। ਇੱਕੋ ਵਾਰ ਤਾਂ ਜ਼ਿੰਦਗੀ ਮਿਲਦੀ ਹੈ, ਪੂਰਾ ਸੁੱਖ-ਆਨੰਦ ਮਾਣਾਂਗਾਂ...। ਮੈਂ ਚਾਰਵਾਕ ਦਾ ਵੰਸ਼ਜ ਹਾਂ : ਰਿੰਣ ਕ੍ਰਿਤਿਆ ਘਰਿਤ ਪਿਵੇਤ।" ਭਾਵ ਮੈਂ ਭਾਵੇਂ ਉਧਾਰ ਹੀ ਕਿਉਂ ਨਾ ਲੈਣਾ ਪਵੇ ਪਰ ਘਿਉ ਜ਼ਰੂਰ ਪੀਣਾ ਹੈ।

ਪ੍ਰਾਣੇਸ਼ਾਚਾਰੀਏ ਨੇ ਉਸ ਨੂੰ ਸਮਝਾਇਆ ਕਿ ਇਹ ਭੌਤਿਕ ਸਰੀਰ ਸਦਾ ਰਹਿਣ ਵਾਲਾ ਨਹੀਂ ਹੈ ਭਰਾਵਾ, ਫੇਰ ਜੋ ਮਰਜ਼ੀ ਹੈ ਕਰ, ਪਰ ਇਹਨਾਂ ਬੱਚਿਆਂ ਨੂੰ ਤਾਂ ਬਰਬਾਦ ਨਾ ਕਰ।



ਸੁਣ ਕੇ ਉਹ ਹੱਸ ਪਿਆ, "ਵਿਧਵਾਵਾਂ ਦੀ ਜਾਇਦਾਦ ਹੜੱਪਣ ਵਾਲਾ, ਟੂਣਾ ਟਾਮਣ ਕਰਕੇ ਦੂਜਿਆਂ ਦਾ ਮਾੜਾ ਚਾਹੁਣ ਵਾਲਾ ਗਰੁੜ ਤੁਹਾਡੀ ਨਜ਼ਰ 'ਚ ਪੰਡਤ ਹੈ ਨਾ।" ਆਖ ਕੇ ਉਸ ਨੇ ਮਜ਼ਾਕ ਉਡਾਇਆ ਸੀ।

"ਦੇਖਦੇ ਹਾਂ ਆਚਾਰੀਆ ਜੀ, ਆਖ਼ਿਰ 'ਚ ਤੁਸੀਂ ਜਿੱਤਦੇ ਹੋ ਜਾਂ ਮੈਂ? ਕਿੰਨੀ ਕੁ ਦੇਰ ਤੱਕ ਤੁਹਾਡਾ ਇਹ ਪੰਡਤਾਊਪੁਣਾ ਚੱਲੇਗਾ? ਦਿਲ ਕਰੇ ਤਾਂ ਪੰਡਤਾਊਪੁਣੇ ਦੀ ਇਹ ਸਾਰੀ ਮਹਿਮਾ ਮੈਂ ਇੱਕ ਤੀਵੀਂ ਦੇ ਮਿਲਣ ਵਾਲੇ ਸੁੱਖ 'ਤੇ ਵਾਰ ਦੇਵਾਂ। ਤੁਸੀਂ ਹੁਣ ਜਾਉ। ਜ਼ਿਆਦਾ ਕੁਝ ਕਹਿ ਕੇ ਤੁਹਾਨੂੰ ਦੁੱਖ ਦੇਣ ਨੂੰ ਮੇਰਾ ਜੀ ਨਹੀਂ ਕਰਦਾ।"

ਅਜਿਹੇ ਬੰਦੇ ਨੂੰ ਜਦ ਛੇਕਿਆ ਜਾ ਰਿਹਾ ਸੀ ਉਦੋਂ ਆਚਾਰੀਆ ਹੀ ਵਿਚਾਲੇ ਆ ਗਏ ਸਨ, ਭਲਾ ਕਿਉਂ? ਡਰ ਨਾਲ? ਪਛਤਾਵੇ ਨਾਲ? ਆਖ਼ਿਰ 'ਚ ਆਪਣੇ ਜਿੱਤਣ ਦੀ ਜ਼ਿੱਦ ਉਹਨਾਂ ਨੇ ਕਿਉਂ ਫੜ ਲਈ ਸੀ? ਕੀ ਸੀ ਉਸ ਦਾ ਅਰਥ? ਪਰ ਉਹ ਆਪਣੇ ਕਹੇ ਦੇ ਅਨੁਸਾਰ ਜਿਉਂਦਾ ਰਿਹਾ ਅਤੇ ਹੁਣ ਮਰ ਕੇ ਵੀ ਮੇਰੇ ਪੰਡਤਾਊਪੁਣੇ ਦੀ ਅਗਨ-ਪ੍ਰੀਖਿਆ ਲੈ ਰਿਹਾ ਹੈ।

ਤਿੰਨ ਮਹੀਨੇ ਪਹਿਲਾਂ ਆਖ਼ਰੀ ਵਾਰ ਉਹਨਾਂ ਨੇ ਨਾਰਣੱਪੇ ਨੂੰ ਦੇਖਿਆ ਸੀ। ਉਸ ਦਿਨ ਉਹ ਮੁਸਲਮਾਨਾਂ ਦੇ ਨਾਲ ਗਣੇਸ਼ ਮੰਦਰ ਦੇ ਕੋਲ ਦੀ ਨਦੀ 'ਚੋਂ ਭਗਵਾਨ ਦੀਆਂ ਮੱਛੀਆਂ ਨੂੰ ਸਭ ਦੇ ਸਾਹਮਣੇ ਫੜ ਕੇ ਲੈ ਗਿਆ। ਸ਼ਿਕਾਇਤ ਗਰੁੜਾਚਾਰੀਏ ਨੇ ਆ ਕੇ ਕੀਤੀ ਸੀ। ਲੋਕਾਂ ਨੂੰ ਭਰੋਸਾ ਸੀ ਕਿ ਨਦੀ 'ਚ ਪਲਣ-ਖੇਡਣ ਵਾਲੀਆਂ ਮੱਛੀਆਂ ਨੂੰ ਜਿਹੜਾ ਫੜੇਗਾ, ਉਹ ਲਹੂ ਦੀਆਂ ਉਲਟੀਆਂ ਕਰਕੇ ਮਰੇਗਾ। ਨਾਰਣੱਪੇ ਨੇ ਇਸ ਅੰਧਵਿਸ਼ਵਾਸ ਨੂੰ ਝੂਠਿਆ ਦਿੱਤਾ ਸੀ। ਪ੍ਰਾਣੇਸ਼ਾਚਾਰੀਏ ਦੇ ਅੰਦਰ ਡਰ ਜਾਗਿਆ। ਸੋਚਿਆ ਕਿ ਅਜਿਹਾ ਕਰਨ 'ਤੇ ਸ਼ੂਦਰਾਂ ਅਤੇ ਹੋਰ ਨੀਵੀਂ ਜਾਤ ਵਾਲਿਆਂ ਦੇ ਮਨ 'ਚੋਂ ਨਿਆਂ ਅਤੇ ਧਰਮ ਦਾ ਡਰ ਜਾਂਦਾ ਰਹੇਗਾ। ਅਲੌਕਿਕ ਡਰ ਨਾਲ ਹੀ ਸਹੀ, ਆਮ ਆਦਮੀ 'ਚ ਜੋ ਥੋੜ੍ਹੀ-ਬਹੁਤ ਧਰਮ ਪ੍ਰਤਿ ਜੋ ਸ਼ਰਧਾ ਬਚੀ ਹੈ। ਹੁਣ ਉਹ ਵੀ ਖ਼ਤਮ ਹੋ ਜਾਵੇਗੀ, ਫੇਰ...? ਇਸ ਧਰਤੀ ਦੀ ਰੱਖਿਆ ਕਰਨ ਦੀ ਤਾਕਤ ਫੇਰ ਕਿੱਥੋਂ ਆਵੇਗੀ? ਆਪਣਾ ਚੁੱਪ ਰਹਿਣਾ ਭਲਾ ਨਾ ਸਮਝ ਕੇ ਉਹ ਫੌਰਨ ਨਾਰਣੱਪੇ ਦੇ ਘਰੇ ਗਏ ਅਤੇ ਵਰ੍ਹਾਂਡੇ 'ਚ ਜਾ ਕੇ ਉਸ ਦੇ ਮੂਹਰੇ ਖੜ੍ਹੇ ਹੋ ਗਏ।

ਸ਼ਾਇਦ ਉਸ ਨੇ ਪੀ ਰੱਖੀ ਸੀ। ਅੱਖਾਂ ਲਾਲ ਹੋ ਰਹੀਆਂ ਸੀ। ਵਾਲ ਖਿੰਡੇ ਹੋਏ ਸੀ। ਫੇਰ ਉਹਨਾਂ ਨੂੰ ਦੇਖ ਕੇ ਹੀ ਝੱਟ ਦੇਣੇ ਉੱਠ ਕੇ ਉਸ ਨੇ ਆਪਣਾ ਮੂੰਹ ਕੱਪੜੇ ਨਾਲ ਢਕ ਲਿਆ। ਸੋਚਿਆ ਉਸ ਦੇ ਮਨ 'ਚ ਕਿਤੇ ਨਾ ਕਿਤੇ ਡਰ ਤੇ ਸਤਿਕਾਰ ਹੈ। ਉਸ ਦਾ ਸੁਭਾਅ ਚੱਕਰਵਿਊ ਵਰਗਾ ਸੀ। ਉਸ 'ਚ ਅੰਦਰ ਜਾਣ ਦਾ ਕੋਈ ਰਾਹ ਨਾ ਦੇਖ ਕੇ ਕਦੇ-ਕਦੇ ਆਚਾਰੀਆ ਜੀ ਉਦਾਸੀਨ ਹੋ ਜਾਂਦੇ ਸਨ, ਪਰ ਇਹ ਦੇਖ ਕੇ ਕਿ ਉਸ ਦੇ ਹੰਕਾਰ ਦੇ ਦੈਂਤ ਦੇ ਅੰਦਰ ਇਹਨਾਂ ਨੂੰ ਦੇਖ ਕੇ ਕਿਤੇ ਡਰ ਪੈਦਾ ਹੋ ਗਿਆ ਹੈ, ਉਹਨਾਂ ਨੂੰ ਲੱਗਿਆ ਕਿ ਉਸ ਦੇ ਸਰੀਰ ਅੰਦਰ ਜਿਵੇਂ ਕੋਈ ਸਾਤਵਿਕ ਸ਼ਕਤੀ ਉੱਭਰ ਆਈ ਹੋਵੇ। ਉਹਨਾਂ ਨੂੰ ਥੋੜ੍ਹੀ ਆਸ ਦਿਖੀ।

ਉਹਨਾਂ ਨੇ ਸੋਚਿਆ, ਬਹੁਤੀਆਂ ਗੱਲਾਂ ਕਰਨੀਆਂ ਠੀਕ ਨਹੀਂ। ਜਦ ਤੱਕ ਉਹਨਾਂ ਦੇ ਅੰਦਰਲੀ ਗੰਗਾ ਦੀ ਸਾਤਵਿਕ ਧਾਰਾ ਉਸ ਦੇ ਅੰਦਰ ਵੀ ਨਾ ਵਗਣ ਲੱਗੇਗੀ, ਤਦ ਤੱਕ ਉਹ ਖੁੱਲ੍ਹੇਗਾ ਨਹੀਂ। ਫੇਰ ਵੀ ਪਵਿੱਤਰ ਗਰੁੜ ਦੇ ਝਪੱਟੇ ਦੀ ਤਰ੍ਹਾਂ ਉਸ ਨੂੰ ਝੰਜੋੜ ਕੇ ਉਸ ਦੇ ਅੰਦਰਲੇ ਅੰਮ੍ਰਿਤ ਨੂੰ ਬਾਹਰ ਕੱਢਣ ਦੀ ਉਹਨਾਂ 'ਚ ਅਚਾਨਕ ਇੱਛਾ ਜਾਗੀ।

ਉਹਨਾਂ ਨੇ ਕੌੜੀ ਅੱਖ ਨਾਲ ਉਸ ਵੱਲ ਦੇਖਿਆ। ਉਹਨਾਂ ਦੀ ਨਜ਼ਰ ਹੀ ਅਜਿਹੀ ਸੀ ਕਿ ਸਾਧਾਰਣ ਪਾਪੀ ਡਰ ਕੇ ਜਾਂ ਸ਼ਰਮਸਾਰ ਹੋ ਕੇ ਉਹਨਾਂ ਦੇ ਪੈਰਾਂ 'ਚ ਡਿੱਗ ਪੈਂਦਾ। ਜੇਕਰ ਉਸ ਦੀਆਂ ਅੱਖਾਂ 'ਚੋਂ ਕਿਤੇ ਪਛਤਾਵੇ ਦੀਆਂ ਦੋ ਬੂੰਦਾਂ ਵੀ ਡਿੱਗ ਪੈਣ ਤਾਂ ਬੱਸ...। ਆਪਣੇ ਤੋਂ ਪੰਜ ਸਾਲ ਛੋਟੇ ਇਸ ਨਾਰਣੱਪੇ ਨੂੰ ਭਾਈਆਂ ਵਾਂਗ ਗਲ ਨਾਲ ਲਾ ਲਵਾਂਗਾ। ਇਸ ਇੱਛਾ ਨਾਲ ਉਹ ਉਸ ਦੇ ਵੱਲ

ਦੇਖ ਰਹੇ ਸਨ।

ਨਾਰਣੱਪੇ ਨੇ ਸਿਰ ਨੀਵਾਂ ਕਰ ਲਿਆ। ਉਸ ਨੂੰ ਲੱਗਿਆ ਇੱਕ ਕੀੜੇ ਵਾਂਗ ਸ਼ਿਕਾਰੀ ਗਰੁੜ ਦੇ ਪੰਜਿਆਂ 'ਚ ਫਸ ਗਿਆ ਹੈ। ਅਚਾਨਕ ਪ੍ਰਭਾਵਹੀਣ, ਜਿਵੇਂ ਕੋਈ ਬੰਦ ਦਰਵਾਜ਼ਾ ਬਿਨਾ ਸੋਚੇ-ਸਮਝੇ ਖੁੱਲ੍ਹ ਗਿਆ ਹੋਵੇ।

"ਨਹੀਂ।" ਉਸ ਨੇ ਮੂੰਹ ਤੋਂ ਕੱਪੜਾ ਪਾਸੇ ਵਗਾਹ ਮਾਰਿਆ ਅਤੇ ਉੱਚੀ ਆਵਾਜ਼ 'ਚ ਹੱਸਣ ਲੱਗਿਆ। ਬੋਲਿਆ, "ਚੰਦਰੀ, ਬੋਤਲ ਕਿੱਥੇ ਹੈ? ਆਚਾਰੀਆ ਜੀ ਨੂੰ ਪ੍ਰਸਾਦ ਦੀ ਇੱਕ ਘੁੱਟ ਤਾਂ ਦੇ।"

"ਬਕਵਾਸ ਬੰਦ ਕਰ!" ਆਚਾਰੀਆ ਜੀ ਨੇ ਸਿਰ ਤੋਂ ਪੈਰਾਂ ਤੱਕ ਗੁੱਸੇ ਨਾਲ ਕੰਬਦਿਆਂ ਕਿਹਾ, ਨਾਰਣੱਪਾ ਉਹਨਾਂ ਦੇ ਪ੍ਰਭਾਵ 'ਚੋਂ ਨਿੱਕਲ ਚੁੱਕਿਆ ਸੀ। ਉਹ ਹਤਾਸ਼ ਹੋ ਗਏ। ਉਹਨਾਂ ਨੂੰ ਲੱਗਿਆ ਕਿ ਜਿਵੇਂ ਪੌੜੀਆਂ ਉਤਰਦਿਆਂ ਉਹਨਾਂ ਦਾ ਪੈਰ ਅਗਲੀ ਪੌੜੀ 'ਤੇ ਨਾ ਪੈ ਕੇ ਤਿਲਕ ਗਿਆ ਹੈ ਅਤੇ ਉਹ ਹੇਠਲੀ ਪੌੜੀ 'ਤੇ ਜਾ ਡਿੱਗਿਆ ਹੈ।

"ਵਾਹ! ਆਚਾਰੀਆ ਜੀ ਨੂੰ ਵੀ ਗੁੱਸਾ ਆਉਂਦਾ ਹੈ; ਮੈਂ ਸੋਚਿਆ ਸੀ ਕਿ ਕਾਮ-ਕ੍ਰੋਧ ਤਾਂ ਸਾਡੇ ਵਰਗੇ ਸਾਧਾਰਣ ਲੋਕਾਂ ਦੇ ਲਈ ਹੁੰਦੇ ਹਨ। ਕਹਿੰਦੇ ਹਨ ਜੋ ਕਾਮ ਨੂੰ ਜਿੱਤ ਲੈਂਦਾ ਹੈ, ਉਸ ਦਾ ਗੁੱਸਾ ਨੱਕ ਦੇ ਅਗਲੇ ਹਿੱਸੇ 'ਤੇ ਆ ਜਾਂਦਾ ਹੈ। ਦੁਰਵਾਸਾ, ਪਾਰਾਸ਼ਰ, ਭ੍ਰਿਗੂ, ਬ੍ਰਹਿਸਪਤੀ, ਕਸ਼ਯਪ ਆਦਿ ਸਾਰੇ ਰਿਸ਼ੀ ਬਹੁਤ ਗੁੱਸੇ ਵਾਲੇ ਸਨ। ਚੰਦਰੀ, ਬੋਤਲ ਕਿੱਥੇ ਹੈ? ਆਚਾਰੀਆ ਜੀ ਹਾਂ, ਕਿੰਨੇ ਕੁ ਕਾਮੀ ਲੋਕ ਸਨ ਉਹ। ਉਹਨਾਂ ਦੇ ਹੀ ਕਦਮਾਂ 'ਤੇ ਮੈਂ ਤੁਰ ਰਿਹਾ ਹਾਂ। ਕੀ ਨਾਂ ਸੀ ਉਹਨਾਂ ਦਾ ਜਿਨ੍ਹਾਂ ਨੇ ਬੇੜੀ 'ਚ ਹੀ ਮਛਿਆਰਨ ਨਾਲ ਸੰਭੋਗ ਕਰਕੇ ਉਸ ਦੇ ਸਰੀਰ ਵਿਚ ਹਮੇਸ਼ਾ ਲਈ 'ਸੁਗੰਧੀ' ਭਰ ਦਿੱਤੀ ਸੀ। ਉਹਨਾਂ ਰਿਸ਼ੀਆਂ ਦੇ ਵੰਸ਼ਜ, ਅਗਰਹਾਰ ਦੇ ਇਹਨਾਂ ਵਿਚਾਰੇ ਪੰਡਤਾਂ ਨੂੰ ਤਾਂ ਦੇਖੋ।"

"ਨਾਰਣੱਪੇ, ਬਕਵਾਸ ਬੰਦ ਕਰ।"

ਚੰਦਰੀ ਬੋਤਲ ਨਹੀਂ ਲਿਆਈ। ਗੁੱਸੇ ਨਾਲ ਨਾਰਣੱਪਾ ਆਪ ਉੱਪਰ ਗਿਆ। ਬੋਤਲ ਲਿਆ ਕੇ ਉਸ ਨੇ ਗਿਲਾਸ 'ਚ ਸ਼ਰਾਬ ਪਾਈ। ਚੰਦਰੀ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਇੱਕ ਪਾਸੇ ਸੁੱਟ ਦਿੱਤਾ। ਪ੍ਰਾਣੇਸ਼ਾਚਾਰੀਆ ਨੇ ਅੱਖਾਂ ਮੀਚ ਲਈਆਂ ਅਤੇ ਵਾਪਿਸ ਜਾਣ ਦੇ ਲਈ ਮੁੜੇ।

"ਆਚਾਰੀਆ ਜੀ, ਕੁਝ ਦੇਰ ਤਾਂ ਠਹਿਰੋ।" ਨਾਰਣੱਪੇ ਨੇ ਕਿਹਾ। ਇਸ ਵੇਲੇ ਜੇ ਚਲੇ ਗਏ ਤਾਂ ਇਹ ਡਰ ਗਏ ਨਾ ਕਹੇ, ਇਸ ਲਈ ਇਸ ਡਰੋਂ ਉਹ ਮਸ਼ੀਨ ਵਾਂਗ ਰੁਕ ਗਏ। ਸ਼ਰਾਬ ਦੀ ਬੂ ਬਰਦਾਸ਼ਤ ਤੋਂ ਬਾਹਰ ਸੀ। "ਸੁਣੋ।" ਕਹਿ ਕੇ ਨਾਰਣੱਪੇ ਨੇ ਇੱਕ ਘੁੱਟ ਸ਼ਰਾਬ ਪੀਤੀ ਅਤੇ ਸ਼ਰਾਰਤ ਨਾਲ ਹੱਸਦਿਆਂ ਬੋਲਿਆ, "ਦੇਖੋ, ਆਖ਼ਿਰ ਕੌਣ ਜਿੱਤਦਾ ਹੈ-ਮੈਂ ਜਾਂ ਤੁਸੀਂ?" ਮੈਂ ਪੰਡਤਾਊਪੁਣੇ ਦਾ ਨਾਸ ਕਰਕੇ ਹੀ ਹਟਾਂਗਾ, ਪਰ ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਨਾਸ ਦੇ ਲਈ ਇਸ ਅਗਰਹਾਰ 'ਚ ਤੁਹਾਡੇ ਇਲਾਵਾ ਹੋਰ ਕੋਈ ਪੰਡਤ ਹੀ ਨਾ ਰਿਹਾ। ਗਰੁੜ, ਲਕਸ਼ਮਣ, ਦੁਰਗਾਭੱਟ... ਹਾ-ਹਾ-ਹਾ... ਉਹ ਪੰਡਤ ਹਨ? ਜੇਕਰ ਮੈਂ ਪੰਡਤ ਬਣਿਆ ਰਹਿੰਦਾ ਤਾਂ ਤੁਹਾਡੇ ਗਰੁੜਾਚਾਰੀਏ ਨੇ ਮੈਨੂੰ ਹੁਣ ਤੱਕ ਓਕ 'ਚ ਪਾਣੀ ਨਾਲ ਹੀ ਲੰਘਾ ਜਾਣਾ ਸੀ ਅਤੇ ਜਾਇਦਾਦ ਦੇ ਲੋਭ ਨਾਲ ਗੰਦਗੀ 'ਚ ਪਏ ਸਿੱਕੇ ਨੂੰ ਵੀ ਜੀਭ ਨਾਲ ਚੱਟ ਕੇ ਚੁੱਕ ਲੈਣ ਵਾਲਾ ਉਹ ਲਕਸ਼ਮਣ! ਉਹ ਆਪਣੀ ਇੱਕ ਹੋਰ ਹੱਡੀਆਂ ਦੀ ਮੁੱਠ ਜਿਹੀ ਸਾਲੀ ਨੂੰ ਮੇਰੇ ਗਲੇ ਪਾ ਚੁੱਕਿਆ ਹੁੰਦਾ। ਬੋਦੀ ਰੱਖ ਕੇ, ਸਰੀਰ 'ਤੇ ਸੁਆਹ ਮਲ ਕੇ ਤੁਹਾਡੇ ਥੜ੍ਹਿਆਂ 'ਤੇ ਬੈਠ ਕੇ ਤੁਹਾਡੇ ਮੂੰਹੋਂ ਮੈਨੂੰ ਪੁਰਾਣਾਂ ਦੇ ਗੱਪ ਸੁਣਨੇ ਪੈਂਦੇ।"

ਨਾਰਣੱਪੇ ਨੇ ਫੇਰ ਇੱਕ ਘੁੱਟ ਭਰੀ। ਡਰੀ ਹੋਈ ਚੰਦਰੀ ਅੰਦਰ ਖੜ੍ਹੀ ਸੀ। ਉਸ ਨੇ ਹੱਥ ਜੋੜ ਕੇ ਇਸ਼ਾਰੇ ਨਾਲ ਪ੍ਰਾਣੇਸ਼ਾਚਾਰੀਏ ਨੂੰ ਚਲੇ ਜਾਣ ਦੇ ਲਈ ਕਿਹਾ। ਪ੍ਰਾਣੇਸ਼ਾਚਾਰੀਏ ਨੇ ਵੀ ਸੋਚਿਆ



ਇਸ ਸ਼ਰਾਬੀ ਨਾਲ ਇਸ ਹਾਲਤ 'ਚ ਕੋਈ ਵੀ ਗੱਲ ਕਰਨਾ ਬੇਕਾਰ ਹੈ।

"ਆਚਾਰੀਆ ਜੀ, ਸੁਣੋ। ਏਨਾ ਹੰਕਾਰ ਕਿਉਂ ਕਿ ਅਗਰਹਾਰ ਦੇ ਲੋਕ ਹਮੇਸ਼ਾ ਤੁਹਾਡੀਆਂ ਹੀ ਗੱਲਾਂ ਸੁਣਨ? ਕਦੇ ਮੇਰੀ ਵੀ ਸੁਣ ਲਉ। ਮੈਂ ਇੱਕ ਕਥਾ ਸੁਣਾਉਂਦਾ ਹਾਂ ਸੁਣੋ-ਸੁਣੋ ਬਹੁਤ ਪਹਿਲਾਂ ਇੱਕ ਅਗਰਹਾਰ 'ਚ ਇੱਕ ਪਰਮਪੂਜਨੀਕ ਆਚਾਰੀਆ ਰਹਿੰਦੇ ਸਨ। ਉਹਨਾਂ ਦੀ ਘਰਵਾਲੀ ਹਮੇਸ਼ਾ ਰੋਗਣ ਰਹਿੰਦੀ ਸੀ। ਔਰਤ ਦਾ ਸੁੱਖ ਕਿਸ ਨੂੰ ਕਹਿੰਦੇ ਸਨ ਇਹ ਵੀ ਉਹਨਾਂ ਨੂੰ ਨਹੀਂ ਪਤਾ ਸੀ। ਪਰ ਉਸ ਦਾ ਤੇਜ ਅਤੇ ਉਸ ਦੀ ਪ੍ਰਸਿੱਧੀ ਚਾਰੇ ਪਾਸੇ ਫ਼ੈਲੀ ਸੀ। ਅਗਰਹਾਰ ਦੇ ਬਾਕੀ ਪੰਡਤ ਬਹੁਤ ਪਾਪੀ ਸਨ-ਉਹ ਜੀਭ ਦੇ ਸੁਆਦਾਂ ਦੇ ਗੁਲਾਮ ਸਨ, ਮਹਾਂਲਾਲਚੀ ਅਤੇ ਹਮੇਸ਼ਾ ਧਨ ਦੀ ਭਾਲ 'ਚ ਰਹਿੰਦੇ ਸਨ। ਇਸ ਖ਼ਿਆਲ ਨਾਲ ਕਿ ਆਚਾਰੀਏ ਦੇ ਪੁੰਨ ਨਾਲ ਜਿਵੇਂ ਉਹਨਾਂ ਦੇ ਪਾਪ ਵੀ ਕਟ ਜਾਣਗੇ, ਉਹ ਪਾਪ ਕਰਨ ਤੋਂ ਬਾਜ਼ ਨਹੀਂ ਆਉਂਦੇ ਸਨ। ਇਸ ਤਰ੍ਹਾਂ ਆਚਾਰੀਆ ਜੀ ਦਾ ਪੁੰਨ ਜਿਵੇਂ-ਜਿਵੇਂ ਵਧਦਾ ਗਿਆ ਉਵੇਂ-ਉਵੇਂ ਅਗਰਹਾਰ ਦੇ ਪੰਡਤਾਂ ਦੇ ਪਾਪ ਵੀ ਵਧਦੇ ਗਏ। ਇੱਕ ਦਿਨ ਬੜੀ ਵਧੀਆ ਘਟਨਾ ਵਾਪਰੀ। ਸੁਣ ਰਹੇ ਹੋ ਨਾ ਆਚਾਰੀਆ ਜੀ? ਕਥਾ ਦੇ ਆਖ਼ਿਰ 'ਚ ਇੱਕ ਸਿੱਖਿਆ ਵੀ ਹੈ। ਅਸੀਂ ਜੋ ਕਰਮ ਕਰਦੇ ਹਾਂ, ਉਸ ਦਾ ਫ਼ਲ ਬਿਲਕੁਲ ਉਸ ਦੇ ਉਲਟ ਮਿਲਦਾ ਹੈ। ਇਸ ਸਿੱਟੇ ਨੂੰ ਵੀ ਤੁਸੀਂ ਹੋਰਾਂ ਪੰਡਤਾਂ ਨੂੰ ਦੱਸ ਦਿਉ।"

ਨਾਰਣੱਪੇ ਨੇ ਫੇਰ ਬੋਲਣਾ ਸ਼ੁਰੂ ਕੀਤਾ, "ਤਾਂ ਮਜੇ ਦੀ ਗੱਲ ਇਹ ਨਹੀਂ ਕਿ ਉਸ ਅਗਰਹਾਰ 'ਚ ਇੱਕ ਗੱਭਰੂ ਸੀ। ਉਸ ਦੀ ਘਰਵਾਲੀ ਉਸ ਨਾਲ ਨਹੀਂ ਸੌਂਦੀ ਸੀ। ਉਸ ਦੀ ਮਾਂ ਦਾ ਵੀ ਅਜਿਹਾ ਹੀ ਹੁਕਮ ਸੀ। ਜੀਵਨ 'ਚ ਕੋਈ ਅਨੁਭਵ ਨਾ ਹੁੰਦਿਆਂ ਵੀ ਪੂਜਨੀਕ ਆਚਾਰੀਆ ਜੀ ਕਾਮਭੜਕਾਊ ਸ਼ਿੰਗਾਰ ਰਸ ਦੀ ਕਵਿਤਾ ਪੜ੍ਹਨ/ਸੁਣਾਉਣ 'ਚ ਮਾਹਿਰ ਸਨ। ਇੱਕ ਦਿਨ ਕਾਲੀਦਾਸ ਦੀ ਨਾਇਕਾ ਸ਼ਕੁੰਤਲਾ ਦਾ ਵਰਨਣ ਚੱਲ ਰਿਹਾ ਸੀ। ਛੋਹ ਤੋਂ ਘਬਰਾ ਕੇ ਮਾਂ ਨੂੰ ਦੱਸਣ ਵਾਲੀ ਘਰਵਾਲੀ ਤੋਂ ਉਹ ਗੱਭਰੂ ਬਿਲਕੁਲ ਚਿੜ ਚੁੱਕਿਆ ਸੀ। ਆਚਾਰੀਏ ਦਾ ਸ਼ਕੁੰਤਲਾ ਵਰਨਣ ਸੁਣ ਕੇ ਲੱਗਿਆ ਕਿ ਉਸ ਦੀ ਦੇਹ 'ਚ ਇੱਕ ਔਰਤ ਸਾਹ ਲੈ ਰਹੀ ਹੈ। ਉਸ ਦੀਆਂ ਰਗਾਂ 'ਚ ਜਿਵੇਂ ਲਾਲਸਾ ਦੀ ਅੱਗ ਭੜਕ ਉੱਠੀ। ਆਚਾਰੀਆ ਜੀ ਇਸ ਦਾ ਮਤਲਬ ਕੀ ਹੈ-ਪਤਾ ਹੈ ਨਾ? ਉਹ ਗੱਭਰੂ ਆਚਾਰੀਏ ਦੇ ਥੜ੍ਹੇ ਤੋਂ ਛਾਲ ਮਾਰ ਕੇ ਭੱਜ ਗਿਆ। ਜਾ ਕੇ ਨਦੀ ਦੇ ਠੰਢੇ ਪਾਣੀ 'ਚ ਛਾਲ ਮਾਰੀ। ਚੰਗੇ ਭਾਗੀਂ ਉੱਥੇ ਉਸ ਰਾਤ ਪੂਰੀ ਖਿੜ੍ਹੀ ਚਾਨਣੀ 'ਚ ਇੱਕ ਅਛੂਤ ਔਰਤ ਇਸ਼ਨਾਨ ਕਰ ਰਹੀ ਸੀ। ਚੰਗੀ ਕਿਸਮਤ ਨਾਲ ਉਸ ਦੀ ਦੇਹ 'ਤੇ ਪੂਰੇ ਕੱਪੜੇ ਵੀ ਨਹੀਂ ਸਨ। ਦੇਹ ਦੇ ਜਿਨ੍ਹਾਂ ਅੰਗਾਂ ਨੂੰ ਦੇਖਣ ਦੀ ਉਸ ਗੱਭਰੂ ਦੀ ਇੱਛਾ ਸੀ, ਉਹ ਸਭ ਉਸ ਦੀਆਂ ਅੱਖਾਂ ਮੂਹਰੇ ਸਨ। ਜਿਵੇਂ ਕਿ ਮਤਸਗੰਧਾਂ 'ਚ ਤੁਹਾਡੇ ਰਿਸ਼ੀ ਮੋਹਿਤ ਹੋ ਜਾਂਦੇ ਸਨ, ਉਸੇ ਤਰ੍ਹਾਂ ਦੀ ਉਹ ਵੀ ਸੀ। ਉਸ ਪੰਡਤ ਗੱਭਰੂ ਨੇ ਸਮਝਿਆ ਕਿ ਹੋਵੇ ਨਾ ਹੋਵੇ, ਇਹੀ ਸ਼ਕੁੰਤਲਾ ਹੈ। ਬਸ, ਉਸ ਨੇ ਉੱਥੇ ਹੀ - ਚੰਦਰਮਾ ਨੂੰ ਗਵਾਹ ਮੰਨ ਕੇ - ਉਸ ਦੇ ਨਾਲ ਸੰਭੋਗ ਕੀਤਾ।"

ਨਾਰਣੱਪੇ ਨੇ ਅੱਗੇ ਕਿਹਾ, "ਹੁਣ ਸੋਚ ਕੇ ਦੱਸਿਉ ਕਿ ਕੀ ਉਸ ਆਚਾਰੀਏ ਨੇ ਉਸ ਪਿੰਡ ਦੇ ਪੰਡਤਾਂ ਦੇ ਪੰਡਤਾਊਪੁਣੇ ਦਾ ਨਾਸ ਨਹੀਂ ਕੀਤਾ? ਇਸ ਲਈ ਵੱਡਿਆਂ ਨੇ ਕਿਹਾ ਹੈ ਕਿ ਵੇਦ-ਪੁਰਾਣ ਪੜ੍ਹੋ, ਪਰ ਉਹਨਾਂ ਦਾ ਅਰਥ ਸਮਝਣ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਕਾਸ਼ੀ ਜਾ ਕੇ ਆਏ ਹੋ ਨਾ, ਤੁਸੀਂ ਹੀ ਦੱਸੋ। ਪੰਡਤਾਊਪੁਣੇ ਦਾ ਨਾਸ ਕਿਸ ਨੇ ਕੀਤਾ?"

ਪ੍ਰਾਣੇਸ਼ਾਚਾਰੀਆ ਚੁੱਪ-ਚਾਪ ਨਾਰਣੱਪੇ ਦੀਆਂ ਗੱਲਾਂ ਸੁਣ ਰਹੇ ਸੀ। ਉਹਨਾਂ ਦੇ ਮਨ 'ਚ ਇੱਕ ਵਿਚਾਰ ਆਇਆ। ਕੀ ਇਹ ਸ਼ਰਾਬੀ ਦੀਆਂ ਗੱਲਾਂ ਹਨ? ਕੀ ਅਜਿਹਾ ਸੰਭਵ ਹੈ ਕਿ ਉਹਨਾਂ ਤੋਂ ਵੀ ਅਜਿਹੀਆਂ ਭੁੱਲਾਂ ਹੋਈਆਂ ਹੋਣ?

"ਪੁੰਨ ਦੀ ਜ਼ੁਬਾਨ ਕੋਈ ਨਹੀਂ ਹੁੰਦੀ-ਪਾਪ ਦੀ ਹੁੰਦੀ ਹੈ।" ਪ੍ਰਾਣੇਸ਼ਾਚਾਰੀਏ ਨੇ ਡੂੰਘਾ ਸਾਹ ਲੈਂਦਿਆਂ ਕਿਹਾ, "ਰੱਬ ਤੇਰੇ 'ਤੇ ਮਿਹਰ ਕਰੇ, ਬਸ।"

"ਤੁਸੀਂ ਕਾਮ ਭੜਕਾਊ ਅਤੇ ਰਸਭਰਪੂਰ ਪੁਰਾਣਾਂ ਦਾ ਪਾਠ ਕਰਦੇ ਹੋ, ਪਰ ਉਪਦੇਸ਼ ਦਿੰਦੇ ਹੋ ਨਿਪੁੰਸਕ ਜੀਵਨ ਜਿਉਣ ਦਾ। ਪਰ ਮੇਰੀਆਂ ਗੱਲਾਂ ਦਾ ਇੱਕੋ ਹੀ ਅਰਥ ਹੁੰਦਾ ਹੈ। ਤੀਵੀਂ ਨਾਲ ਸੌਣ ਦਾ ਮਤਲਬ ਤੀਵੀਂ ਨਾਲ ਸੌਣਾ ਹੀ ਹੁੰਦਾ ਹੈ ਅਤੇ ਮੱਛੀ ਖਾਣ ਦੇ ਲਈ ਕਹਾਂ ਤਾਂ ਅਰਥ ਮੱਛੀ ਖਾਣਾ ਹੀ ਹੁੰਦਾ ਹੈ। ਮੈਂ ਤੁਹਾਨੂੰ ਪੰਡਤਾਂ ਨੂੰ ਜੇਕਰ ਕੋਈ ਸਲਾਹ ਦੇ ਸਕਦਾ ਹਾਂ, ਆਚਾਰੀਆ ਜੀ ਤਾਂ ਪਹਿਲਾਂ ਤੁਸੀਂ ਆਪਣੀਆਂ ਤਨ ਅਤੇ ਮਨ ਤੋਂ ਰੋਗਣ ਘਰਵਾਲੀਆਂ ਨੂੰ ਨਦੀ 'ਚ ਸੁੱਟ ਦਿਉ। ਆਪਣੇ ਪੁਰਾਣਾਂ ਦੇ ਰਿਸ਼ੀਆਂ ਵਾਂਗ ਜਿਉਣਾ ਸਿੱਖੋ। ਮੱਛੀ ਦੀ ਸੁਆਦ ਤਰੀ ਬਣਾਉਣ ਵਾਲੀ ਕਿਸੇ ਮਤਸਗੰਧਾ ਜਿਹੀ ਮਛਿਆਰਣ ਦੀਆਂ ਬਾਹਾਂ 'ਚ ਸੌਂ ਜਾਉ। ਅੱਖਾਂ ਖੁੱਲ੍ਹਣ 'ਤੇ ਜੇਕਰ ਤੁਹਾਨੂੰ ਪਰਮਾਤਮਾ ਨਾ ਦਿਖਾਈ ਦੇਵੇ ਤਾਂ ਮੇਰਾ ਨਾ ਨਾਰਣੱਪਾ ਨਹੀਂ।" ਏਨਾ ਕਹਿ ਕੇ ਉਸ ਨੇ ਆਚਾਰੀਆ ਜੀ ਨੂੰ ਅੱਖ ਮਾਰੀ, ਗਿਲਾਸ ਦੀ ਸ਼ਰਾਬ ਗਟਾਗਟ ਕਰਕੇ ਪੀ ਗਿਆ ਅਤੇ ਜੋਰ ਨਾਲ ਇੱਕ ਡਕਾਰ ਮਾਰਿਆ।

ਆਪਣੀ ਰੋਗਣ ਘਰਵਾਲੀ 'ਤੇ ਇਉਂ ਵਿਅੰਗ ਕੀਤੇ ਜਾਣ 'ਤੇ ਆਚਾਰੀਆ ਨੇ ਗੁੱਸੇ ਨਾਲ 'ਥੂ, ਨੀਚ' ਕਹਿ ਕੇ ਨਾਰਣੱਪੇ ਨੂੰ ਝਿੜਕਿਆ ਅਤੇ ਘਰ ਮੁੜ ਗਏ। ਉਸ ਰਾਤ ਨੂੰ ਜਾਪ ਕਰਨ ਦੇ ਲਈ ਜਦ ਉਹ ਬੈਠੇ ਤਾਂ ਚੰਚਲ ਚਿੱਤ ਵਸ਼ 'ਚ ਨਾ ਆਇਆ। ਉਹਨਾਂ ਨੇ ਵਾਰ-ਵਾਰ 'ਈਸ਼ਵਰ' ਕਿਹਾ ਅਤੇ ਬੇਚੈਨ ਰਹੇ।

ਸ਼ਾਮ ਨੂੰ ਪੁਰਾਣਾਂ ਦੀਆਂ ਕਥਾਵਾਂ ਦੀ ਬਜਾਏ ਉਹ ਸਿਰਫ਼ ਨੀਤੀ-ਕਥਾਵਾਂ ਸੁਣਾਉਂਦੇ ਰਹੇ। ਪੁਰਾਣ ਦੀ ਕਥਾ ਸੁਣਾਉਣ ਦਾ ਉਹਨਾਂ ਦਾ ਜਿਵੇਂ ਉਤਸ਼ਾਹ ਹੀ ਲੋਪ ਹੋ ਗਿਆ ਸੀ। ਬਹੁਤ ਸਾਰੇ ਮੁੰਡੇ, ਜੋ ਉਹਨਾਂ ਦੀਆਂ ਰਸਭਰੀਆਂ ਕਹਾਣੀਆਂ ਸੁਣਦੇ, ਉਹਨਾਂ ਦੇ ਮੂੰਹ ਵੱਲ ਦੇਖਦੇ ਰਹਿੰਦੇ, ਉਹਨਾਂ ਮੁੰਡਿਆਂ ਨੇ ਆਉਣਾ ਬੰਦ ਕਰ ਦਿੱਤਾ। ਪੁੰਨ ਪ੍ਰਾਪਤ ਕਰਨ ਦੀ ਆਸ ਨਾਲ ਕਥਾ ਸੁਣਦੇ-ਸੁਣਦੇ ਹਰੇ-ਰਾਮ ਹਰੇ-ਰਾਮ ਕਰਨ ਵਾਲੀਆਂ ਰੰਡੀਆਂ ਤੀਵੀਂਆਂ ਅਤੇ ਬੁੱਢੇ ਠੇਰੇ ਹੀ ਜ਼ਿਆਦਾਤਰ ਸਰੋਤਿਆਂ 'ਚ ਰਹਿ ਗਏ ਸਨ।

ਤਾੜ ਦੇ ਪੱਤਿਆਂ 'ਤੇ ਲਿਖੇ ਗ੍ਰੰਥਾਂ 'ਚ ਖੁਭ ਕੇ ਪੜ੍ਹਦਿਆਂ ਪ੍ਰਾਣੇਸ਼ਾਚਾਰੀਆ ਨੂੰ ਆਪਣੀ ਘਰਵਾਲੀ ਦੀ ਹੂੰਗਰ ਸੁਣਾਈ ਦਿੱਤੀ। ਉਹਨਾਂ ਨੂੰ ਯਾਦ ਆਇਆ ਕਿ ਉਸ ਨੂੰ ਦੁਪਹਿਰੇ ਦਵਾਈ ਨਹੀਂ ਦਿੱਤੀ ਗਈ ਸੀ। ਘਰਵਾਲੀ ਦੇ ਸਿਰ ਨੂੰ ਆਪਣੀ ਛਾਤੀ ਨਾਲ ਲਾ ਕੇ ਉਠਾਇਆ, ਦਵਾਈ ਪਿਆਈ ਅਤੇ ਫੇਰ ਸੌਂ ਜਾਣ ਦੇ ਲਈ ਕਿਹਾ। ਉੱਥੋਂ ਉੱਠ ਕੇ ਉਹ ਵਿਚਕਾਰਲੇ ਕਮਰੇ 'ਚ ਆ ਗਏ। ਧਰਮਸ਼ਾਸਤਰਾਂ 'ਚ ਇਸ ਦੁਵਿਧਾ ਦਾ ਕੋਈ ਹੱਲ ਨਹੀਂ ਹੈ, ਉਹਨਾਂ ਨੇ ਸੋਚਿਆ ਕਿ ਮੇਰੇ ਮਨ 'ਚ ਉੱਠੀ ਇਸ ਸ਼ੰਕਾ ਦਾ ਭਾਵ ਕੀ ਹੈ ? ਇਹ ਸ਼ੰਕਾ ਮਨ 'ਚ ਰੱਖ ਕੇ ਉਹ ਉਹਨਾਂ ਦਾ ਫੇਰ ਪਾਠ ਕਰਨ ਲੱਗੇ।

## 4

ਇਧਰ ਪਾਰਿਜਾਤਪੁਰ ਤੋਂ ਧੁੱਪ ਨਾਲ ਸੜਦੇ ਅਤੇ ਭੁੱਖ ਦੇ ਮਾਰੇ ਪੰਡਤ ਮੁੜ ਆਏ। ਸੋਚਿਆ ਕਿ ਸ਼ਾਮ ਵੇਲੇ ਘਰੇ ਕੁਝ ਦੇਰ ਆਰਾਮ ਕਰ ਲੈਣ ਪਰ ਉੱਥੇ ਉਹਨਾਂ ਪੰਡਤਾਂ ਦੀਆਂ ਘਰਵਾਲੀਆਂ ਨੇ, ਖਾਸਕਰ ਗਰੁੜਾਚਾਰੀਏ ਅਤੇ ਲਕਸ਼ਮਣਾਚਾਰੀਏ ਦੀਆਂ ਘਰਵਾਲੀਆਂ ਨੇ ਉਹਨਾਂ ਨੂੰ ਆਰਾਮ ਨਾ ਕਰਨ ਦਿੱਤਾ।

ਗਰੁੜਾਚਾਰੀਏ ਦਾ ਇੱਕੋ-ਇੱਕ ਮੁੰਡਾ ਘਰੋਂ ਭੱਜ ਕੇ ਫ਼ੌਜ ਵਿਚ ਭਰਤੀ ਹੋ ਗਿਆ। ਅਗਰਹਾਰ 'ਚ ਇਸ ਦੇ ਬਹੁਤ ਸਾਰੇ ਕਾਰਨ ਦੱਸੇ ਜਾਂਦੇ ਹਨ। ਗਰੁੜਾਚਾਰੀਏ ਦੇ ਵਿਰੋਧੀ ਦਸਦੇ ਹਨ ਕਿ ਉਹ ਪਿਉ ਦੀ ਬੇਹੱਦ ਕੁੱਟ ਤੋਂ ਡਰਦਾ ਮਾਰਿਆ ਭੱਜਿਆ ਹੈ। ਜੋ ਲੋਕ ਨਾਰਣੱਪੇ ਦੇ ਵਿਰੋਧੀ ਹਨ ਉਹਨਾਂ ਦਾ ਕਹਿਣਾ ਹੈ ਕਿ ਉਸੇ ਦੀ ਪ੍ਰੇਰਣਾ ਨਾਲ ਹੀ ਉਹ ਮਿਲਟਰੀ 'ਚ ਚਲਾ ਗਿਆ, ਪਰ



ਪ੍ਰਾਣੇਸ਼ਾਚਾਰੀਆ ਦੀ ਸ਼ਾਗਿਰਦੀ ਕਰਦਿਆਂ ਉਸ ਦਾ ਭੱਜ ਜਾਣਾ, ਲਕਸ਼ਮਣਾਚਾਰੀਏ ਦੀ ਨਜ਼ਰ 'ਚ ਗਰੁੜਾਚਾਰੀਏ ਦੇ ਕੀਤੇ ਟੂਣੇ-ਟਾਮਣ ਦਾ ਹੀ ਅਸਰ ਸੀ। ਹੋਇਆ ਇਹ ਕਿ ਉਹੀ ਟੂਣਾ-ਟਾਮਣ ਗਰੁੜਾਚਾਰੀਏ 'ਤੇ ਉਲਟਾ ਪੈ ਗਿਆ। ਅਜਿਹਾ ਟੂਣਾ-ਟਾਮਣ ਬ੍ਰਹਮਾ ਨੂੰ ਭਸਮ ਕਰਨ ਤੁਰਿਆ ਭਸਮਾਸੁਰ ਆਪ ਹੀ ਭਸਮ ਹੋ ਗਿਆ। ਅਜਿਹਾ ਟੂਣਾ ਟਾਮਣ ਕਰਨ ਵਾਲੇ ਦਾ ਨਾਸ਼ ਕਰ ਦਿੰਦਾ ਹੈ। ਲਕਸ਼ਮਣਾਚਾਰੀਏ ਦੀ ਘਰਵਾਲੀ ਅਨੁਸੂਈਆ ਆਪਣੀ ਮਾਂ ਦੀ ਕੁੱਲ ਨੂੰ ਕਲੰਕਿਤ ਹੋਇਆਂ ਦੇਖ ਕੇ ਦੁਖੀ ਹੁੰਦੀ ਅਤੇ ਇਸ ਦਾ ਕਸੂਰਵਾਰ ਗਰੁੜੇ ਨੂੰ ਠਹਿਰਾਉਂਦੀ-ਗਰੁੜਾ ਜੇਕਰ ਟੂਣਾ-ਟਾਮਣ ਨਾ ਕਰਾਉਂਦਾ ਤਾਂ ਉੱਚ ਕੁੱਲ 'ਚ ਜਨਮਿਆ ਨਾਰਣੱਪਾ ਕੁਰਾਹੇ ਕਿਉਂ ਪੈਂਦਾ, ਬਿਰਾਦਰੀ 'ਚੋਂ ਕੱਢਿਆ ਕਿਉਂ ਜਾਂਦਾ ?"

ਚੰਡਾਲ ਨਾਰਣੱਪੇ ਦੀ ਸ਼ਹਿ 'ਤੇ ਉਸ ਦਾ ਮੁੰਡਾ ਬਿਗੜਿਆ, ਇਹ ਸੋਚ ਕੇ ਗਰੁੜਾਚਾਰੀਆ ਦੀ ਘਰਵਾਲੀ ਸੀਤਾ ਦੇਵੀ ਅੰਨ-ਪਾਣੀ ਛੱਡ ਕੇ ਰਾਤ-ਦਿਨ ਮੁੰਡੇ ਦੀ ਉਡੀਕ ਕਰਦੀ ਰਹੀ। ਅੰਤ 'ਚ ਤਿੰਨ ਮਹੀਨੇ ਬਾਦ ਸ਼ਿਆਮ ਦੀ ਇੱਕ ਚਿੱਠੀ ਮਿਲੀ ਤਾਂ ਪਤਾ ਲੱਗਿਆ ਉਹ ਪੂਣੇ ਮਿਲਟਰੀ 'ਚ ਭਰਤੀ ਹੋ ਗਿਆ ਹੈ। ਛੇ ਸੌ ਰੁਪਈਏ ਦਿੱਤੇ ਬਿਨਾਂ ਉੱਥੋਂ ਨਹੀਂ ਨਿਕਲ ਸਕਦਾ। ਰਾਹ 'ਚ ਨਾਰਣੱਪੇ ਨੂੰ ਰੋਕ ਕੇ ਉਸ ਨੇ ਰੱਜ ਕੇ ਗਾਲ੍ਹਾਂ ਦਿੱਤੀਆਂ। ਫੇਰ ਮੁੰਡੇ ਨੂੰ ਚਿੱਠੀ ਲਿਖ ਕੇ ਕਿਹਾ ਕਿ ਕਦੇ ਮਾਸ ਨਾ ਖਾਵੀਂ ਅਤੇ ਸ਼ਾਮ ਨੂੰ ਇਸ਼ਨਾਨ ਕਰਕੇ ਪੂਜਾ ਕਰਨਾ ਨਾ ਛੱਡੀਂ। ਪੁੱਤਰ ਦੀ ਸੁਮੱਤ ਦੇ ਲਈ ਉਹ ਸ਼ੁੱਕਰਵਾਰ ਦੇ ਦਿਨ ਰਾਤ ਨੂੰ ਰੋਟੀ ਵੀ ਨਹੀਂ ਖਾਂਦੀ ਸੀ।

ਗਰੁੜਾਚਾਰੀਏ ਨੇ ਦੁਰਵਾਸਾ ਦੀ ਤਰ੍ਹਾਂ ਗੁੱਸੇ 'ਚ ਆ ਕੇ ਕਿਹਾ, "ਮੇਰੇ ਲਈ ਤਾਂ ਉਹ ਮਰ ਗਿਆ ਸਮਝ। ਹੁਣ ਉਹ ਇਧਰ ਝਾਕਿਆ ਤਾਂ ਉਸ ਦਾ ਸਿਰ ਭੰਨ ਦੇਵਾਂਗਾ।" ਉਹ ਇਉਂ ਉਛਲਿਆ, ਜਿਵੇਂ ਭੂਰੀਆਂ ਕੀੜੀਆਂ ਲੜ ਰਹੀਆਂ ਹੋਣ। ਆਪਣੇ ਘਰਵਾਲੇ ਦੀ ਸਹਿਣਸ਼ੀਲਤਾ ਨੂੰ ਵਧਾਉਣ ਅਤੇ ਉਸ ਦਾ ਮੁੰਡੇ 'ਤੇ ਪ੍ਰੇਮ-ਭਾਵ ਬਣੇ ਰਹਿਣ ਦੇ ਲਈ ਸੀਤਾ ਦੇਵੀ ਰੋਜ਼ ਤੁਲਸੀ ਦੀ ਪੂਜਾ ਅਤੇ ਸ਼ਨਿੱਚਰਵਾਰ ਦੀ ਰਾਤ ਨੂੰ ਵਰਤ ਰੱਖਣ ਲੱਗੀ।

ਅੱਗ ਵਿਚ ਘਿਉ ਪਾਉਂਦਿਆਂ ਮਾਧਵਾਂ ਨਾਲ ਈਰਖਾ ਕਰਨ ਵਾਲੇ ਦੁਰਗਾਭੱਟ ਨੇ ਕਿਹਾ, "ਮਿਲਟਰੀ 'ਚ ਇਸ਼ਨਾਨ, ਪੂਜਾ ਕੋਈ ਨਹੀਂ ਕਰ ਸਕਦਾ। ਉੱਥੇ ਤਾਂ ਧੱਕੇ ਨਾਲ ਮੀਟ ਵੀ ਖਵਾਉਂਦੇ ਹਨ।" ਇਹ ਸੁਣ ਕੇ ਗਰੁੜਾਚਾਰੀਆ ਸਿਰ ਵੀ ਨਾ ਚੁੱਕ ਸਕਿਆ।

ਸੀਤਾ ਦੇਵੀ ਘਰ ਆਈ। ਇਹ ਸੋਚ ਕੇ ਖ਼ੁਸ਼ ਸੀ ਕਿ ਜੇ ਚੰਦਰੀ ਦੇ ਗਹਿਣੇ ਉਹਨਾਂ ਨੂੰ ਮਿਲ ਗਏ ਤਾਂ ਮੁੰਡੇ ਨੂੰ ਮਿਲਟਰੀ ਤੋਂ ਵਾਪਸ ਬੁਲਾ ਲੈਣ 'ਚ ਸੌਖ ਹੋ ਜਾਵੇਗੀ। ਧਰਮਸ਼ਾਸਤਰ ਦੇ ਅਨੁਸਾਰ ਉਸ ਦੇ ਘਰਵਾਲੇ ਨੂੰ ਨਾਰਣੱਪੇ ਦਾ ਦਾਹ-ਸੰਸਕਾਰ ਕਰਨ ਦਾ ਹੱਕ ਹੋਵੇਗਾ... ? ਜਾਂ ਛੂਤਛਾਤ ਨੂੰ ਨਾ ਮੰਨਣ ਵਾਲੇ ਪਾਰਿਜਾਤਪੁਰ ਦੇ ਲੋਕਾਂ ਨੇ ਹੀ ਹਾਮੀ ਭਰ ਦਿੱਤੀ ਤਾਂ... ?

ਬਸ ਇਹੀ ਵੱਡਾ ਫ਼ਿਕਰ ਸੀ। ਉਸ ਨੇ ਹਨੂਮਾਨ ਜੀ ਦੀ ਸੁੱਖਣਾ ਸੁੱਖੀ ਕਿ ਉਸ ਦੇ ਘਰਵਾਲੇ ਨੂੰ ਹੀ ਦਾਹ-ਸੰਸਕਾਰ ਦਾ ਹੱਕ ਮਿਲੇ।

ਹੁਣ ਉਸ ਦੀ ਨਜ਼ਰ 'ਚ ਨਾਰਣੱਪੇ ਦਾ ਮਾਸ ਖਾਣਾ ਉਨਾ ਭਿਆਨਕ ਪਾਪ ਨਹੀਂ ਲੱਗ ਰਿਹਾ ਸੀ। ਕੱਲ੍ਹ ਕਿਤਿਉਂ ਆਪਣਾ ਮੁੰਡਾ ਹੀ ਮੁੜ ਆਇਆ ਤਾਂ ਅਗਰਹਾਰ ਦੇ ਲੋਕ ਚੁੱਪ ਥੋੜ੍ਹਾ ਹੀ ਰਹਿਣਗੇ ? ਉਸ 'ਤੇ ਵੀ ਕੋਈ ਨਾ ਕੋਈ ਤੌਹਮਤ ਲਾਉਣਗੇ ਹੀ। ਜੇਕਰ ਕਿਤੇ ਉਸ ਦੇ ਮੁੰਡੇ ਨੂੰ ਹੀ ਛੇਕ ਦਿੱਤਾ ਗਿਆ ਤਾਂ ਕੀ ਹੋਵੇਗਾ ? ਜਦ ਪ੍ਰਾਣੇਸ਼ਾਚਾਰੀਆ ਦੇ ਸਾਹਮਣੇ ਨਾਰਣੱਪੇ ਨੂੰ ਛੇਕਣ ਦੀ ਸਮੱਸਿਆ ਰੱਖੀ ਗਈ ਸੀ ਤਾਂ ਉਹ ਰਾਜ਼ੀ ਨਹੀਂ ਹੋਏ ਸੀ-ਤਦ ਉਹ ਉਹਨਾਂ ਨੂੰ ਕੋਸਦੀ ਸੀ। ਪਰ ਹੁਣ ਉਹਨਾਂ ਦੇ ਬਾਰੇ 'ਚ ਉਸ ਦੇ ਮਨ 'ਚ ਮਾਣ ਦੀ ਭਾਵਨਾ ਜਾਗ ਪਈ। ਸੋਚਣ ਲੱਗੀ, ਉਹ ਬੜੇ ਦਿਆਲੂ ਹਨ। ਉਸ ਦੇ ਮੁੰਡੇ ਦੇ ਸਾਰੇ ਪਾਪਾਂ ਨੂੰ ਵੀ ਯਕੀਨਨ ਉਹ ਮਾਫ਼ ਕਰ ਦੇਣਗੇ।"

ਗਰੁੜਾਚਾਰੀਏ ਦੇ ਘਰੇ ਪੈਰ ਪਾਉਂਦੇ ਹੀ ਸੀਤਾ ਦੇਵੀ ਰੋਣ ਲੱਗੀ। ਗਰੁੜਾਚਾਰੀਏ ਨੇ ਕਿਹਾ, "ਉਹ ਤੇਰਾ ਮੁੰਡਾ ਤਾਂ ਮੇਰੇ ਲਈ ਮਰ ਚੁੱਕਿਆ ਹੈ। ਉਸ ਦੁਸ਼ਟ ਦੀ ਗੱਲ ਨਾ ਕਰੀਂ।" ਪਰ ਪਤਨੀ ਦਾ ਸੁਝਾਅ ਉਸ ਨੂੰ ਅੰਦਰ ਤੱਕ ਹਿਲਾ ਗਿਆ। ਸਾਰਾ ਕੁਝ ਉੱਜੜ ਜਾਣ ਦੇ, ਚਾਹੇ ਮੁੰਡਾ ਢੱਠੇ ਖੂਹ 'ਚ ਪਵੇ, ਪਰ ਉਹ ਆਪਣੇ ਪੰਡਤਾਊਪੁਣੇ ਨੂੰ ਨਸ਼ਟ ਕਰਨ ਦੇ ਲਈ ਤਿਆਰ ਨਹੀਂ ਸੀ। ਫੇਰ ਵੀ, ਜੇਕਰ ਪ੍ਰਾਣੇਸ਼ਾਚਾਰੀਆ ਆਗਿਆ ਦੇ ਦੇਵੇ, ਸਾਰਾ ਕੁਝ ਸੌਖਾ ਹੋ ਜਾਵੇਗਾ। ਉਸ ਦੀ ਮੌਤ ਦੇ ਬਾਦ ਉਸ ਦਾ ਕਿਰਿਆਕਰਮ ਅਤੇ ਪਿੰਡਦਾਨ ਅਤੇ ਉਸ ਦੀ ਆਤਮਾ ਨੂੰ ਸ਼ਾਂਤੀ ਦੇਣ ਵਾਲੇ ਮੁੰਡੇ ਨੂੰ ਮਿਲਟਰੀ ਤੋਂ ਖਹਿੜਾ ਛੁਡਾਉਣ 'ਚ ਵੀ ਸੌਖ ਹੋ ਜਾਵੇਗੀ।

ਭਾਵੇਂ ਦਹਾੜ ਕੇ ਘਰਵਾਲੀ ਨੂੰ ਉਸ ਨੇ ਕਿਹਾ, "ਅਜਿਹਾ ਨਹੀਂ ਹੋ ਸਕਦਾ, ਚੁੱਪ ਰਹਿ।" ਪਰ ਗਰੁੜਾਚਾਰੀਆ ਚੋਰਾਂ ਦੇ ਵਾਂਗ ਨਿਕਲ ਕੇ ਪ੍ਰਾਣੇਸ਼ਾਚਾਰੀਆ ਦੇ ਘਰੇ ਚਲਾ ਗਿਆ। ਵਿਹੜੇ 'ਚ ਚੰਦਰੀ ਬੈਠੀ ਸੀ। ਉਸ ਨੂੰ ਅਣਦੇਖਿਆ ਕਰਕੇ ਉਹ ਵਰ੍ਹਾਂਡੇ 'ਚ ਆ ਗਿਆ। ਆਚਾਰੀਆ ਜੀ ਤਾੜ ਦੇ ਪੱਤੇ 'ਤੇ ਲਿਖੇ ਸ਼ਾਸਤਰ ਪੜ੍ਹ ਰਹੇ ਸਨ, ਬੋਲੇ :

"ਬੈਠ ਗਰੁੜ, ਸੁਣਿਆ ਹੈ ਕਿ ਪਾਰਿਜਾਤਪੁਰ ਵਾਲੇ ਧਰਮਸ਼ਾਸਤਰ 'ਚ ਲਿਖੇ ਅਨੁਸਾਰ ਸੰਸਕਾਰ ਕਰਨ ਦੇ ਲਈ ਤਿਆਰ ਹਨ। ਇੱਕ ਤਰ੍ਹਾਂ ਨਾਲ ਉਹਨਾਂ ਦਾ ਕਹਿਣਾ ਠੀਕ ਵੀ ਹੈ।" ਉਹ ਫੇਰ ਤਾੜ ਦੇ ਪੱਤੇ ਉਲੱਧਣ ਲੱਗੇ।

ਗਰੁੜ ਨੇ ਗਲਾ ਸਾਫ਼ ਕਰਕੇ ਕਿਹਾ, "ਮਨੂਸਿਮਰਤੀ ਕੀ ਕਹਿੰਦੀ ਹੈ ਆਚਾਰੀਆ ਜੀ ?"

ਆਚਾਰੀਆ ਨੇ ਸਿਰ ਹਿਲਾ ਕੇ ਕਿਹਾ ਕਿ ਇਸ ਬਾਰੇ 'ਚ ਕੋਈ ਪੱਕਾ ਨਹੀਂ ਕਿਹਾ ਜਾ ਸਕਦਾ।

"ਧਰਮਸ਼ਾਸਤਰਾਂ 'ਚ ਕੀ ਹੈ ਜੋ ਤੁਸੀਂ ਨਹੀਂ ਜਾਣਦੇ ? ਮੈਂ ਕਿਸੇ ਧਾਰਣਾ ਨਾਲ ਨਹੀਂ ਪੁੱਛ ਰਿਹਾ ਹਾਂ। ਕੀ ਮੈਂ ਇਹ ਨਹੀਂ ਸੁਣਿਆ ਕਿ ਉਸ ਦਿਨ ਟੀਕਾ ਆਚਾਰੀਏ ਦੇ ਮਠ 'ਚ, ਉਹਨਾਂ ਦੇ ਪੁੰਨ-ਜਨਮ ਦੇ ਮੌਕੇ 'ਤੇ ਗੁਰੂ ਜੀ ਦੇ ਸਾਹਮਣੇ ਬੈਠ ਕੇ ਤੁਸੀਂ ਵਿਆਸ ਰਾਏ ਮਠ ਦੇ ਮਹਾਂਪੰਡਤਾਂ ਦੇ ਨਾਲ ਸ਼ਾਸਤਰਾਂ 'ਤੇ ਚਰਚਾ ਕੀਤੀ ਸੀ, "ਬਿੰਬੋਸਿ, ਪ੍ਰਤਿਬਿੰਬੋਸਮੀ" (ਤੂੰ ਬਿੰਬ ਮੈਂ ਪ੍ਰਤਿਬਿੰਬ) ਦੀ ਵਿਆਖਿਆ ਮਾਧਵਮਤ ਦੇ ਅਨੁਸਾਰ ਕਰਨ ਨੂੰ ਜਦ ਤੁਸੀਂ ਕਿਹਾ ਤਾਂ ਉਹ ਘਬਰਾ ਗਏ। ਉਸ ਦਿਨ ਦਿਨ ਦਾ ਪ੍ਰੀਤੀ ਭੋਜਨ ਚਾਰ ਘੰਟੇ ਤੱਕ ਚੱਲਿਆ। ਤੁਸੀਂ ਇਹ ਨਾ ਸਮਝੋ ਕਿ ਮੈਂ ਇਹੀ ਸਭ ਤੁਹਾਨੂੰ ਯਾਦ ਕਰਾਉਣ ਆਇਆ ਹਾਂ। ਮੈਂ ਤਾਂ ਤੁਹਾਡੇ ਮੂਹਰੇ ਇੱਕ ਅਨਪੜ੍ਹ ਅਤੇ ਅਨਾੜੀ ਹਾਂ।"

ਗਰੁੜ ਦੀ ਖ਼ੁਸ਼ਾਮਦੀ ਕੋਸ਼ਿਸ਼ ਨਾਲ ਆਚਾਰੀਆ ਜੀ ਦੇ ਮਨ 'ਚ ਨਫ਼ਰਤ ਜਿਹੀ ਪੈਦਾ ਹੋ ਗਈ। ਧਰਮ ਸ਼ਾਸਤਰ ਕੀ ਹੈ ਅਤੇ ਕੀ ਨਹੀਂ ਹੈ, ਇਸ ਬਾਰੇ 'ਚ ਗਰੁੜ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਤਾਂ ਚਾਹੁੰਦਾ ਹੈ ਕਿ ਉਹਨਾਂ ਦੇ ਮੂੰਹੋਂ ਸਿਰਫ਼ 'ਹਾਂ' ਨਿਕਲ ਜਾਵੇ ਤਾਂ ਬੱਸ। ਦੂਜੇ ਲੋਕ ਕੋਈ ਦੋਸ਼ ਨਾ ਦੇਣ। ਇਹੀ ਕਾਰਣ ਹੈ ਕਿ ਉਹ ਉਹਨਾਂ ਦੀ ਏਨੀ ਤਾਰੀਫ਼ ਕਰ ਰਿਹਾ ਹੈ ਅਤੇ ਸਭ ਦੇ ਪਿੱਛੇ ਹੈ ਉਹ ਸੋਨਾ। ਨਾਰਣੱਪੇ ਨੇ ਕਿਹਾ ਵੀ ਸੀ ਕਿ ਦਿਆਲੂਤਾ ਦਾ ਫ਼ਲ ਬਿਲਕੁਲ ਇਸ ਦੇ ਉਲਟ ਹੁੰਦਾ ਹੈ। ਹੁਣ ਤਾਂ ਸਿਰਫ਼ ਧਰਮਸ਼ਾਸਤਰ ਜੋ ਕਹੇਗਾ, ਉਸੇ ਦਾ ਚੰਗੀ ਤਰ੍ਹਾਂ ਪਾਲਣ ਕਰਾਉਣਾ ਹੋਵੇਗਾ।

"ਇਹ ਤਾਂ ਹੋ ਹੀ ਨਹੀਂ ਸਕਦਾ ਕਿ ਤ੍ਰੈਕਾਲ ਗਿਆਨੀ ਰਿਸ਼ੀਆਂ ਨੇ ਇਸ ਦੇ ਬਾਰੇ 'ਚ ਕੁਝ ਕਿਹਾ ਹੀ ਨਾ ਹੋਵੇ।"

ਗਰੁੜ ਦੀਆਂ ਗੱਲਾਂ ਦੇ ਵੱਲ ਧਿਆਨ ਨਾ ਦੇ ਕੇ ਆਚਾਰੀਆ ਜੀ ਪੜ੍ਹਨ 'ਚ ਲੱਗੇ ਰਹੇ।

"ਆਚਾਰੀਆ ਜੀ, ਤੁਸੀਂ ਹੀ ਨੇ ਤਾਂ ਕਿਹਾ ਸੀ ਕਿ ਵੇਦਾਂਤ ਦਾ ਅਰਥ ਤੱਤ-ਵਿਚਾਰ ਦਾ ਅੰਤ ਹੁੰਦਾ ਹੈ ਤਾਂ ਵੇਦਾਂਤ 'ਚ ਇਸ ਦਾ ਜੁਆਬ ਨਾ ਹੋਣਾ ਕੀ ਕਦੇ ਸੰਭਵ ਹੈ। ਅਗਰਹਾਰ 'ਚ ਇੱਕ ਪੰਡਤ ਦੀ ਲਾਸ਼ ਪਈ ਹੈ ਅਤੇ ਪਿੰਡ ਦੇ ਸਾਰੇ ਪੰਡਤਾਂ ਦੇ ਲਈ ਵਿਧੀ ਅਨੁਸਾਰ ਨਿਯਮਾਂ ਦਾ



ਪਾਲਣ ਕਰਨ 'ਚ ਰੁਕਾਵਟ ਪੈਦਾ ਹੋ ਗਈ ਹੈ। ਫੇਰ ਤਾਂ...! ਰੋਟੀ ਖਾਣੀ ਵੀ ਸੰਭਵ ਨਹੀਂ ਹੈ, ਪਰ ਇਸ ਲਈ ਵੀ ਮੈਂ ਇਹ ਸੁਆਲ ਨਹੀਂ ਕਰ ਰਿਹਾ ਹਾਂ।"

ਪ੍ਰਾਣੇਸ਼ਾਚਾਰੀਆ ਫੇਰ ਵੀ ਚੁੱਪ ਰਹੇ। ਸੋਚਣ ਲੱਗੇ-ਗਰੁੜ ਮੇਰੇ ਦੱਸੇ ਵੇਦਾਂਤ ਪੁਰਾਣ ਦੇ ਤੱਤ ਹੀ ਮੈਨੂੰ ਸੁਣਾ ਰਿਹਾ ਹੈ। ਕਾਰਣ ?-ਉਹੀ ਸੋਨਾ। ਹੇ ਰੱਬਾ! ਇਹ ਆਦਮੀ ਹੈ ਕਿ ਕੀ ਹੈ।

"ਤੁਸੀਂ ਜੋ ਕੁਝ ਕਿਹਾ ਸੀ, ਉਹ ਸੱਚ ਹੀ ਲੱਗਿਆ ਸੀ ਮੈਨੂੰ। ਉਸ ਦੇ ਪੰਡਤਾਊਪੁਣੇ ਨੂੰ ਛੱਡ ਦੇਣ ਨਾਲ ਵੀ ਉਸ ਨੂੰ ਪੰਡਤਾਊਪੁਣੇ ਨੇ ਨਹੀਂ ਛੱਡਿਆ ਸੀ। ਅਸੀਂ ਉਸ ਨੂੰ ਨਹੀਂ ਛੇਕਿਆ ਸੀ। ਜੇਕਰ ਛੇਕ ਦਿੰਦੇ ਤਾਂ ਉਹ ਮੁਸਲਮਾਨ ਹੋ ਜਾਂਦਾ ਅਤੇ ਸਾਨੂੰ ਸਭ ਨੂੰ ਅਗਰਹਾਰ ਛੱਡ ਕੇ ਜਾਣਾ ਪੈਂਦਾ।"

"ਧਰਮਸ਼ਾਸਤਰ ਦੇ ਅਨੁਸਾਰ ਹੀ ਕੰਮ ਹੋਵੇਗਾ, ਇਸ ਦਾ ਮੈਂ ਵੀ ਫ਼ੈਸਲਾ ਕਰ ਚੁੱਕਿਆ ਹਾਂ, ਗਰੁੜ।" ਉਸ ਨੂੰ ਚੁੱਪ ਕਰਾਉਣ ਦੇ ਲਈ ਉਹਨਾਂ ਨੇ ਸਿਰ ਚੁੱਕ ਕੇ ਉਸ ਦੇ ਵੱਲ ਦੇਖਿਆ। ਫੇਰ ਪੜ੍ਹਨ 'ਚ ਜੁੜ ਗਏ।

"ਜੇਕਰ ਧਰਮਸ਼ਾਸਤਰ 'ਚ ਕੋਈ ਜੁਆਬ ਨਾ ਮਿਲੇ ਤਾਂ ? ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਜੁਆਬ ਮਿਲੇਗਾ ਹੀ ਨਹੀਂ। ਤੁਸੀਂ ਪਹਿਲਾਂ ਵੀ ਕਿਹਾ ਹੈ ਕਿ ਕਿ ਮਜ਼ਬੂਰੀ 'ਚ ਕੀਤੇ ਜਾਣ ਵਾਲੇ ਵਰਜਿਤ ਧਰਮ ਨਾਂ ਦੀ ਕੋਈ ਸਥਿਤੀ ਹੁੰਦੀ ਹੈ। ਕਿਸੇ ਦੀ ਜਾਨ ਬਚਾਉਣ ਦੇ ਲਈ ਜੇਕਰ ਗਊ ਦਾ ਮਾਸ ਖਵਾਉਣਾ ਵੀ ਪਵੇ, ਤਦ ਵੀ ਕੋਈ ਪਾਪ ਨਹੀਂ ਲਗਦਾ। ਇਹ ਗੱਲ ਤੁਸੀਂ ਹੀ ਤਾਂ ਕਹੀ ਸੀ ਨਾ। ਤੁਸੀਂ ਹੀ ਦੱਸਿਆ ਸੀ ਕਿ ਇੱਕ ਵਾਰ ਜਦ ਸੋਕਾ ਪਿਆ ਸੀ ਤਾਂ ਭੁੱਖ ਨਾਲ ਦੁਖੀ ਹੋ ਕੇ ਜੀਵਨ ਰੱਖਿਆ ਨੂੰ ਪਰਮ ਧਰਮ ਮੰਨ ਕੇ ਰਿਸ਼ੀ ਵਿਸ਼ਵਾਮਿੱਤਰ ਮਰੇ ਹੋਏ ਕੁੱਤੇ ਦਾ ਮਾਸ ਖਾਣ ਲੱਗੇ ਸਨ...!"

"ਮੈਂ ਸਮਝ ਗਿਆ ਹਾਂ ਗਰੁੜ। ਹੁਣ ਤੂੰ ਆਪਣੇ ਦਿਲ ਦੀ ਗੱਲ ਸਾਫ਼-ਸਾਫ਼ ਕਰ।" ਥੱਕ ਹਾਰ ਕੇ ਪ੍ਰਾਣੇਸ਼ਾਚਾਰੀਆ ਨੇ ਤਾੜ ਦੇ ਪੱਤਿਆਂ ਨੂੰ ਬੰਦ ਕਰ ਦਿੱਤਾ।

"ਕੁਝ ਨਹੀਂ।" ਗਰੁੜ ਨੇ ਕਹਿ ਕੇ ਨੀਵੀਂ ਪਾ ਲਈ। ਫੇਰ ਆਚਾਰੀਏ ਨੂੰ ਡੰਡਵਤ ਪ੍ਰਣਾਮ ਕਰਕੇ ਉੱਠ ਖੜ੍ਹਿਆ। "ਸ਼ਿਆਮ ਦਾ ਮਿਲਟਰੀ ਤੋਂ ਖਹਿੜਾ ਨਾ ਛੁਡਵਾਇਆ ਤਾਂ ਮੇਰਾ ਦਾਹ-ਸੰਸਕਾਰ ਕੌਣ ਕਰੇਗਾ, ਆਚਾਰੀਆ ਜੀ। ਜੇ ਤੁਸੀਂ ਆਗਿਆ ਦੇਵੋਂ ਤਾਂ...।"

ਹਾਲੇ ਉਹ ਇਹ ਕਹਿ ਹੀ ਰਿਹਾ ਸੀ ਕਿ ਲਕਸ਼ਮਣਾਚਾਰੀਆ ਉੱਥੇ ਆ ਗਿਆ।

ਉਸ ਦੀ ਭੈਣ ਦੇ ਗਲ ਦੇ ਗਹਿਣੇ ਕਿਸੇ ਹੋਰ ਦੇ ਹੋ ਗਏ ਅਤੇ ਇਸੇ ਕੁਲਟਾ ਦੇ ਕਰਕੇ ਮੇਰੀ ਭੈਣ ਆਖ਼ਿਰ ਮਰ ਹੀ ਗਈ, ਅਜਿਹਾ ਸੋਚ ਕੇ ਰੋਂਦਿਆਂ ਲਕਸ਼ਮਣਾਚਾਰੀਏ ਦੀ ਘਰਵਾਲੀ ਅਨੁਸੂਈਆ ਦੇ ਘਰ ਆਈ ਸੀ। ਉਹ ਹੁਣ ਹੌਲੀ-ਹੌਲੀ ਨਾਰਣੱਪੇ ਦੀ ਮੌਤ 'ਤੇ ਹੰਝੂ ਵਹਾਉਣ ਲੱਗੀ ਸੀ। ਕੁਝ ਵੀ ਹੋਵੇ, ਸੀ ਤਾਂ ਉਹ ਆਪਣੇ ਮਾਮੇ ਦਾ ਹੀ ਮੁੰਡਾ। ਮਾਮਾ ਅਤੇ ਭੈਣ ਜਿਉਂਦੇ ਹੁੰਦੇ ਤਾਂ ਉਹ ਗਰੁੜ ਟੂਣਾ-ਟਾਮਣ ਨਾ ਕਰਦਾ-ਕਰਾਉਂਦਾ ਤਾਂ ਆਪਣੇ ਨਾਰਣੱਪੇ ਦੀ ਮੱਤ ਮਾਰੀ ਜਾਂਦੀ। ਇਸ ਨੇ ਏਨਾ ਸਾਰਾ ਸੋਨਾ ਹੋਰਾਂ ਦੇ ਹਵਾਲੇ ਨਾ ਕੀਤਾ ਹੁੰਦਾ, ਤਾਂ ਅੱਜ ਇਉਂ ਬੇਸਹਾਰਾ ਬਣਿਆ ਨਾ ਪਿਆ ਸੜਦਾ।

ਉਹ ਜ਼ੋਰ-ਜ਼ੋਰ ਦੀ ਰੋਣ ਲੱਗੀ। "ਉਸ ਨੇ ਕੁਝ ਵੀ ਕੀਤਾ ਹੋਵੇ, ਪਰ ਮੈਂ ਖ਼ੂਨ ਦੇ ਰਿਸ਼ਤੇ ਨੂੰ ਕਿਵੇਂ ਨਕਾਰ ਦੇਵਾਂ, ਓ ਮੇਰਿਆ ਰੱਬਾ!" ਉਹ ਕੰਧ ਨਾਲ ਢੂਹ ਲਾ ਕੇ ਬੈਠ ਗਈ ਅਤੇ ਹੋਰ ਰੋਣ ਲੱਗੀ।

ਅਚਾਨਕ ਤਦੇ ਮੋਟੀ ਗੁੱਤ, ਕੰਨਾਂ 'ਚ ਵਾਲੀਆਂ ਅਤੇ ਨੱਕ 'ਚ ਫੁੱਲ, ਮੱਥੇ 'ਤੇ ਬੜੀ ਲੰਬੀ ਜਿਹੀ ਕੁਮਕੁਮ ਬਿੰਦੀ, ਛੋਟੇ ਕੱਦ ਦੀ ਮੋਟੀ ਉਸ ਦੀ ਧੀ ਲੀਲਾਵਤੀ ਦਿਖਾਈ ਦਿੱਤੀ ਤਾਂ ਉਸ ਦੀ

ਛਾਤੀ 'ਤੇ ਫੇਰ ਜਿਵੇਂ ਪੱਥਰ ਆ ਡਿੱਗਿਆ ਹੋਵੇ।

"ਸ੍ਰੀਪਤੀ ਨੇ ਕੀ ਕੁਝ ਕਿਹਾ ਸੀ ਕਿ ਕਦ ਆਵੇਗਾ ? ਦਸਵੀਂ ਵਾਰ ਅਨੁਸੂਈਆ ਨੇ ਲੀਲਾਵਤੀ ਨੂੰ ਸੁਆਲ ਕੀਤਾ।

ਲੀਲਾਵਤੀ ਨੇ ਕਿਹਾ, "ਨਹੀਂ।" ਉਸ ਨੇ ਆਪਣੀ ਬੇਸਹਾਰਾ ਬੇਟੀ ਸ੍ਰੀਪਤੀ ਨਾਲ ਵਿਆਹ ਦਿੱਤੀ ਸੀ, ਪਰ ਆਪਣੇ ਹੀ ਨਾਰਣੱਪੇ ਨੇ ਉਸ ਦੀ ਮੱਤ ਮਾਰ ਦਿੱਤੀ। ਉਹ ਉਹਨਾਂ ਦੇ ਲਈ ਆਪਣੇ ਹੀ ਆਂਡੇ ਖਾਣ ਵਾਲੇ ਸੱਪ ਦੇ ਵਾਂਗ ਬਣ ਗਿਆ। ਪਤਾ ਨਹੀਂ ਉਸ ਨੇ ਉਸ ਦੇ ਜਵਾਈ ਦੀ ਖੋਪੜੀ 'ਚ ਕੀ ਭਰ ਦਿੱਤਾ ਸੀ, ਸ੍ਰੀਪਤੀ ਮਹੀਨੇ 'ਚ ਦੋ ਦਿਨ ਵੀ ਘਰੇ ਨਹੀਂ ਰਹਿੰਦਾ ਸੀ। ਯਕਸ਼ਗਾਨ ਦੀ ਨਾਟਕ-ਮੰਡਲੀ ਦੇ ਨਾਲ ਪਿੰਡ-ਪਿੰਡ ਘੁੰਮਦਾ ਰਹਿੰਦਾ। ਪਾਰਿਜਾਤਪੁਰ ਦੇ ਮੁੰਡਿਆਂ ਦੇ ਨਾਲ ਦੋਸਤੀ ਪਾ ਲਈ। ਦੁਰਗਾਭੱਟ ਦੀ ਘਰਵਾਲੀ ਤੋਂ ਪਤਾ ਲੱਗਿਆ ਹੈ ਕਿ ਉਹ ਉੱਥੋਂ ਦੀਆਂ ਇੱਕ-ਦੋ ਵੇਸਵਾਵਾਂ ਦੇ ਕੋਲ ਵੀ ਜਾਂਦਾ ਹੈ। ਸਭ ਤੋਂ ਅੱਖ ਬਚਾ ਕੇ ਨਾਰਣੱਪੇ ਦੇ ਘਰੇ ਵੀ ਸ੍ਰੀਪਤੀ ਗਿਆ ਸੀ। ਉਹ ਤਦੇ ਜਾਣ ਗਈ ਸੀ ਕਿ ਹੁਣ ਅਣਹੋਣੀ ਹੋਵੇਗੀ। ਉਹ ਕੁਰਾਹੇ ਚੱਲ ਪਿਆ ਹੈ। ਉੱਥੇ ਉਸ ਨੇ ਕੀ ਖਾਧਾ, ਪੀਤਾ ਹੋਵੇਗਾ, ਰੱਬ ਹੀ ਜਾਣੇ। ਉਸ ਚੰਦਰੀ ਦੇ ਜਾਲ਼ 'ਚ ਫ਼ਸਣ ਤੋਂ ਕੋਈ ਵੀ ਬਚ ਨਹੀਂ ਸਕਦਾ।

ਜਵਾਈ ਨੂੰ ਰਾਸਤੇ 'ਤੇ ਲਿਆਉਣ ਦੇ ਲਈ ਅਨੁਸੂਈਆ ਨੇ ਆਪਣੀ ਬੇਟੀ ਨੂੰ ਸਮਝਾਇਆ ਸੀ ਕਿ ਆਪਣੇ ਘਰਵਾਲੇ ਨੂੰ ਨੇੜੇ ਨਾ ਲੱਗਣ ਦੇਵੀਂ, ਇਉਂ ਲੱਤਾਂ ਇਕੱਠੀਆਂ ਕਰਕੇ ਮੂੰਹ ਫੇਰ ਕੇ ਸੌਣ ਦਾ ਬਹਾਨਾ ਕਰੀ ਰੱਖੀਂ। ਉਸ ਨੂੰ ਕੋਈ ਅਕਲ ਆਉਣ ਦੇ। ਲੀਲਾਵਤੀ ਨੇ ਉਵੇਂ ਹੀ ਕੀਤਾ। ਰਾਤ ਨੂੰ ਘਰਵਾਲੇ ਦੇ ਨੇੜੇ ਆਉਂਦੇ ਹੀ ਉਹ ਜੱਫੀ ਪਾਉਂਦਾ ਤਾਂ ਉਹ ਰੋਂਦੀ-ਰੋਂਦੀ ਮਾਂ ਦੇ ਕੋਲ ਚਲੀ ਜਾਂਦੀ ਅਤੇ ਸ਼ਿਕਾਇਤ ਲਾਉਂਦੀ ਕਿ ਉਹ ਚੂੰਢੀਆਂ ਵੱਢਦਾ ਹੈ, ਦੰਦੀਆਂ ਵੱਢਦਾ ਹੈ ਅਤੇ ਮਾਂ ਕੋਲ ਜਾ ਕੇ ਸੌਂ ਜਾਂਦੀ।

ਪਰ ਇਸ ਦੇ ਬਾਵਜੂਦ ਸ੍ਰੀਪਤੀ ਨੂੰ ਕੋਈ ਸੁਮੱਤ ਨਹੀਂ ਆਈ। ਘਰਵਾਲਾ ਉਸ ਦੀ ਮਰਜ਼ੀ ਦੇ ਅਨੁਸਾਰ ਨਾ ਤੁਰ ਸਕਿਆ। ਸ੍ਰੀਪਤੀ ਨੇ ਬੋਦੀ ਕਟਾ ਲਈ ਅਤੇ ਪੱਛਮੀ ਢੰਗ ਨਾਲ ਵਾਲ ਵਧਾ ਲਏ। ਦਾਨ-ਦੱਖਣਾ 'ਚ ਮਿਲੇ ਪੈਸਿਆਂ ਨਾਲ ਇੱਕ ਟਾਰਚ ਖਰੀਦ ਲਈ ਅਤੇ ਆਥਣੇ ਸੀਟੀਆਂ ਮਾਰਦਿਆਂ ਅਗਰਹਾਰ ਦੇ ਗੇੜੇ ਮਾਰਨ ਲੱਗਿਆ।

ਲਕਸ਼ਮਣਾਚਾਰੀਆ ਬੁਖ਼ਾਰ ਦੇ ਕਾਰਨ ਕਮਜ਼ੋਰ ਹੋ ਗਿਆ ਸੀ। ਅੱਖਾਂ ਅੰਦਰ ਨੂੰ ਧਸ ਗਈਆਂ ਸੀ, ਜਿਵੇਂ ਦਿਨ ਗਿਣ ਰਿਹਾ ਹੋਵੇ। ਫੇਰ ਅੱਜ ਧੁੱਪ ਅਤੇ ਭੁੱਖ ਦੇ ਕਾਰਨ ਉਸ 'ਚ ਬਹੁਤ ਕਮਜ਼ੋਰੀ ਆ ਗਈ ਸੀ। ਜਿਉਂ ਹੀ ਘਰੇ ਆਇਆ, ਅਨੁਸੂਈਆ ਉਸ ਨੂੰ ਭੜਕਾਉਣ ਲੱਗੀ।

"ਨਾਰਣੱਪਾ ਮੇਰੇ ਮਾਮੇ ਦਾ ਮੁੰਡਾ ਸੀ। ਉਹ ਕਿੰਨਾ ਵੀ ਭਿੱਟਿਆ ਗਿਆ ਹੋਵੇ, ਜੇਕਰ ਉਸ ਦੀ ਲਾਸ਼ ਨੂੰ ਛੂਤ ਛੋਹਣਗੇ ਤਾਂ ਮੈਂ ਆਪਣੀ ਜਾਨ ਦੇ ਦੇਵਾਂਗੀ। ਪ੍ਰਾਣੇਸ਼ਾਚਾਰੀਆ ਬੜੇ ਨਰਮ ਸੁਭਾਅ ਦੇ ਹਨ। ਗਰੁੜ ਤਾਂ ਪਿੰਡ ਨੂੰ ਬਰਬਾਦ ਕਰਨ 'ਤੇ ਤੁਲਿਆ ਹੈ। ਉਹ ਤੁਹਾਡੇ ਵਾਂਗ ਭੋਲੇ ਸੁਭਾਅ ਦਾ ਨਹੀਂ ਹੈ। ਗਰੁੜ ਨੇ ਜੇਕਰ ਦਾਹ-ਸੰਸਕਾਰ ਦੀ ਆਗਿਆ ਲੈ ਲਈ ਤਾਂ ਉਹ ਸੋਨਾ-ਗਹਿਣੇ, ਸਾਰੇ ਸੀਤਾ ਦੇਵੀ ਦੇ ਹੱਥ ਆ ਜਾਣਗੇ, ਜਿਸ ਦੇ ਪੈਰ ਪਹਿਲਾਂ ਹੀ ਭੁੰਜੇ ਨਹੀਂ ਲਗਦੇ ਹਨ। ਉਹਨਾਂ ਦੇ ਮਾੜੇ ਸੁਭਾਅ ਕਾਰਨ ਹੀ ਤਾਂ ਉਹਨਾਂ ਦਾ ਮੁੰਡਾ ਭੱਜ ਕੇ ਸੈਨਾ 'ਚ ਭਰਤੀ ਹੋ ਗਿਆ ਹੈ। ਹੁਣ ਇਹ ਮੇਰੇ ਜਵਾਈ ਦੇ ਬਾਰੇ 'ਚ, ਮੇਰੇ ਮਾਮੇ ਦੇ ਮੁੰਡੇ ਨਾਰਣੱਪੇ ਦੇ ਬਾਰੇ 'ਚ ਬੁਰਾ-ਭਲਾ ਕਹਿੰਦੇ ਹਨ ਪਰ ਕੀ ਭਰੋਸਾ ਹੈ ਕਿ ਉਹਨਾਂ ਦਾ ਮੁੰਡਾ ਸ਼ਿਆਮ ਕਰਮ-ਕਾਂਡ, ਰੀਤੀ-ਰਿਵਾਜ਼ ਦੇ ਅਨੁਸਾਰ ਚੱਲ ਰਿਹਾ ਹੈ ? ਕਿਤੇ ਗਰੁੜ ਪ੍ਰਾਣੇਸ਼ਾਚਾਰੀਆ ਦੇ ਕੋਲ ਜਾ ਕੇ ਉਹਨਾਂ ਨੂੰ ਰਾਜੀ ਨਾ ਕਰ ਲਵੇ, ਤੁਸੀਂ ਵੀ ਜਾਉ। ਤੁਸੀਂ ਏਥੇ ਲੱਤਾਂ ਨਸਾਲੀ ਪਏ ਹੋ ਅਤੇ ਉਹ ਉੱਥੇ ਪਹੁੰਚ ਗਿਆ ਹੋਵੇਗਾ। ਕੀ ਮੈਂ ਇਹ ਨਹੀਂ ਜਾਣਦੀ ?" ਇਹ ਕਹਿੰਦਿਆਂ ਅਨੁਸੂਈਆ ਬਾਹਰ ਆਈ ਅਤੇ ਗਰੁੜਾਚਾਰੀਆ ਦੇ ਘਰ ਦੇ ਅੱਗੇ-ਪਿੱਛੇ ਦੇ ਵੱਲ ਦੇਖ



ਕੇ ਉਸ ਨੇ ਆਪਣੇ ਘਰਵਾਲੇ ਨੂੰ ਜ਼ਬਰਦਸਤੀ ਘਰੋਂ ਬਾਹਰ ਭੇਜ ਦਿੱਤਾ।

ਭਗਵਾਨ ਕ੍ਰਿਸ਼ਨ ਨੇ ਇੱਕ ਸਾਥੀ ਪੰਡਤ ਕੁਚੇਲ ਦੀ ਤਰ੍ਹਾਂ ਹੀਣ-ਖੀਣ ਲਕਸ਼ਮਣਾਚਾਰੀਏ ਨੂੰ ਕਿਤੇ ਬੈਠਾ ਦੇਖ ਕੇ ਗਰੁੜਾਚਾਰੀਏ ਨੂੰ ਬੜਾ ਗੁੱਸਾ ਆਇਆ, ਜਿਵੇਂ ਸ਼ਿਵ-ਪੂਜਾ ਦੇ ਵੇਲੇ ਕੋਈ ਰਿੱਛ ਆ ਜਾਵੇ। ਹੌਂਕਦਿਆਂ, ਗੋਗੜ ਨੂੰ ਇੱਕ ਹੱਥ ਪਾ ਕੇ ਅਤੇ ਦੂਜੇ ਹੱਥ ਨੂੰ ਜ਼ਮੀਨ 'ਤੇ ਟਿਕਾ ਕੇ ਉਹ ਇਉਂ ਕੌੜੀ ਅੱਖ ਨਾਲ ਦੇਖਣ ਲੱਗਿਆ ਜਿਵੇਂ ਉਸ ਨੂੰ ਸਾਰੇ ਦਾ ਸਾਰਾ ਲੰਘਾ ਜਾਵੇਗਾ। ਉਸ ਦਾ ਜੀਅ ਕਰਿਆ ਕਿ ਉਸ ਨੂੰ ਮਹਾਂ ਕੰਜੂਸ, ਮਾਂ ਨੂੰ ਧੋਖਾ ਤੱਕ ਦੇਣ ਵਾਲਾ, ਕਾਣੀ ਕੌਡੀ ਨੂੰ ਦੰਦਾਂ ਨਾਲ ਫੜਨ ਵਾਲਾ ਹੋਰ ਪਤਾ ਨਹੀਂ ਕੀ-ਕੀ ਕਹੇ ਪਰ ਪ੍ਰਾਣੇਸ਼ਾਚਾਰੀਆ ਦੇ ਹੋਣ ਕਾਰਣ ਉਹ ਗੁੱਸਾ ਪੀ ਗਿਆ। ਇੱਕ ਚਮਚਾ ਤਿਲ ਦਾ ਤੇਲ ਵੀ ਨਾ ਖਰੀਦਣ ਵਾਲਾ ਇਹ ਨੀਚ ਪੰਡਤ ਹੈ। ਕੌਣ ਨਹੀਂ ਜਾਣਦਾ ਇਸ ਨੂੰ ਅਗਰਹਾਰ 'ਚ ? ਘਰਵਾਲੀ ਜਦ ਤੇਲ ਮਲ ਕੇ ਨ੍ਹਾਉਣ ਦੇ ਲਈ ਇਸ ਨੂੰ ਕਹਿੰਦੀ ਹੈ ਤਾਂ ਤੜਕੇ-ਤੜਕੇ ਹੀ ਚਾਰ ਮੀਲ ਦੂਰ ਕੋਂਕਣੀ ਦੀ ਦੁਕਾਨ 'ਤੇ ਚਲਾ ਜਾਂਦਾ ਹੈ ਕਹਿੰਦਾ ਹੈ, "ਹਾਂ ਬਈ ਕਾਮਤ, ਤਿਲ ਦਾ ਤੇਲ ਮੰਗਵਾਇਆ ਹੈ ਜਾਂ ਨਹੀਂ ? ਮਾਲ ਕਿਹੋ ਜਿਹਾ ਹੈ, ਕੀ ਕੀਮਤ ਹੈ ? ਖਰਾਬ ਤਾਂ ਨਹੀਂ ਹੈ ? ਦੇਖਾਂ ਤਾਂ ?" ਏਨਾ ਕਹਿ ਕੇ ਦੋ ਚਮਚੇ ਹਥੇਲੀ 'ਤੇ ਪਾ ਲੈਂਦਾ ਹੈ ਅਤੇ ਸੁੰਘ ਕੇ ਕਹਿੰਦਾ ਹੈ, "ਠੀਕ ਹੈ, ਪਰ ਜ਼ਰਾ ਮਿਲਾਵਟ ਲਗਦੀ ਹੈ। ਜਦ ਤਾਜ਼ਾ ਮਾਲ ਆਵੇ ਤਾਂ ਦੱਸ ਦੇਵੀਂ, ਇੱਕ ਪੀਪਾ ਖਰੀਦਣਾ ਹੈ।" ਇਹ ਕਹਿੰਦਿਆਂ ਤੇਲ ਸਿਰ 'ਚ ਲਾ ਲੈਂਦਾ ਹੈ। ਫੇਰ ਮਿਰਚਾਂ ਦੀ ਬੋਰੀ 'ਚ ਹੱਥ ਪਾ ਕੇ ਪੁੱਛਦਾ ਹੈ, "ਕੀ ਭਾਅ ਹੈ ਇਸਦਾ ?" ਫੇਰ ਗੱਲਾਂ ਕਰਦੇ-ਕਰਦੇ ਹੀ ਮੁੱਠੀ ਕੁ ਮਿਰਚਾਂ ਥੈਲੇ 'ਚ ਪਾ ਲੈਂਦਾ ਹੈ। ਉੱਥੋਂ ਸਿੱਧਾ ਸ਼ਣੈ ਦੀ ਦੁਕਾਨ 'ਤੇ ਆਉਂਦਾ ਹੈ ਅਤੇ ਕਹਿੰਦਾ ਹੈ, "ਉਸ ਕਾਮਤ ਦੀ ਦੁਕਾਨ 'ਤੇ ਤਾਂ ਸਭ ਕੁਝ ਮਹਿੰਗਾ ਹੈ।" ਕਾਮਤ ਦੀ ਬਖਤੋਈ ਕਰਕੇ ਫੇਰ ਦੋ ਚਮਚੇ ਤਿਲ ਦਾ ਤੇਲ ਅਤੇ ਮੁੱਠੀ ਕੁ ਮਿਰਚਾਂ ਚੁੱਕ ਲੈਂਦਾ ਹੈ। ਉੱਥੋਂ ਘਰੋਂ ਆਉਂਦਾ ਹੈ। ਖਾਣਾ ਬਣਦਾ ਹੈ। ਫਿਰ ਇਧਰੋਂ-ਉਧਰੋਂ ਬਾਗ਼ 'ਚ ਜਾ ਕੇ ਕੇਲੇ ਦੇ ਪੱਤੇ ਤੋੜ ਲਿਆਉਂਦਾ ਉਹਨਾਂ ਨੂੰ ਸੁਕਾ ਕੇ ਡੋਨੇ ਬਣਾਉਂਦਾ ਹੈ ਅਤੇ ਵੇਚ ਕੇ ਦੋ-ਚਾਰ ਪੈਸੇ ਕਮਾਉਂਦਾ ਹੈ। ਜਨੇਊ ਬਣਾ ਵੇਚ ਕੇ ਵੀ ਕੁਝ ਵੱਟ ਲੈਂਦਾ ਹੈ। ਇੱਲ੍ਹ ਵਾਂਗ ਰੋਟੀ ਦੇ ਨਿਉਂਦੇ ਦੀ ਉਡੀਕ ਕਰਦਾ ਹੈ। ਹੁਣ ਗਹਿਣਿਆਂ 'ਤੇ ਇਸ ਦੀ ਨਜ਼ਰ ਲੱਗੀ ਹੈ। ਕੁਝ ਵੀ ਹੋਵੇ, ਅਜਿਹਾ ਕੁਝ ਕਰਨਾ ਹੋਵੇਗਾ ਕਿ ਉਹ ਇਸ ਲੁੱਟ ਨੂੰ ਹੜੱਪ ਲਵੇ।

"ਨਾਰਾਇਣ-ਨਾਰਾਇਣ" ਕਹਿ ਕੇ ਲਕਸ਼ਮਣਾਚਾਰੀਏ ਨੇ ਡੂੰਘਾ ਸਾਹ ਲਿਆ, ਮੁੜਕਾ ਪੂੰਝਦਿਆਂ ਅਤੇ ਅੱਖਾਂ ਬੰਦ ਕਰਦਿਆਂ ਕਿਹਾ, "ਆਚਾਰੀਆ ਜੀ, ਧਰਮਸ਼ਾਸਤਰਾਂ ਅਨੁਸਾਰ ਜੇ ਠੀਕ ਹੈ ਤਾਂ ਦਾਹ-ਸੰਸਕਾਰ ਕਰਨ 'ਚ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਕੁਝ ਵੀ ਹੈ, ਸੀ ਤਾਂ ਮੇਰਾ ਸਾਢੂ ਹੀ ਨਾ। ਤੁਹਾਡੀ ਸਹਿਮਤੀ ਨਾਲ ਤਾਂ ਦਾਹ-ਸੰਸਕਾਰ ਦਾ ਹੱਕ ਮੇਰੇ ਇਲਾਵਾ ਹੋਰ ਕਿਸੇ ਨੂੰ ਨਹੀਂ ਮਿਲ ਸਕਦਾ।" ਏਨਾ ਕਹਿ ਕੇ ਉਸ ਨੇ ਆਪਣੀਆਂ ਬੰਦ ਅੱਖਾਂ ਖੋਲ੍ਹ ਲਈਆਂ।

ਗਰੁੜਾਚਾਰੀਆ ਹੈਰਾਨ ਹੋ ਗਿਆ। ਸੋਚਣ ਲੱਗਿਆ ਕਿ ਹੁਣ ਇਸ ਤਰਕ ਦਾ ਕੀ ਜੁਆਬ ਦੇਵੇ।

"ਦਾਹ-ਸੰਸਕਾਰ ਦਾ ਹੱਕ ਬੇਸ਼ੱਕ ਤੇਰਾ ਹੀ ਹੈ, ਇਸ ਦੇ ਬਾਰੇ 'ਚ ਮੈਂ ਕੁਝ ਨਹੀਂ ਕਹਿਣਾ। ਤੁਸੀਂ ਹੀ ਇਸ ਨੂੰ ਨਿਬੇੜੋ। ਆਖ਼ਿਰ ਹੋਰਾਂ ਦੇ ਪਾਪ ਢੋਣ ਦੇ ਲਈ ਤਾਂ ਸਾਡਾ ਪੰਡਤਾਂ ਦਾ ਜਨਮ ਹੋਇਆ ਹੈ ਪਰ ਸੁਆਲ ਹੈ ਗਹਿਣਿਆਂ ਦਾ। ਉਹ ਸੋਨਾ ਕੋਰਟ 'ਚ ਜਾਣਾ ਚਾਹੀਦਾ ਹੈ ਜਾਂ ਧਰਮਪੀਠ ਦੇ ਨਿਆਂ ਅਨੁਸਾਰ ਮੈਨੂੰ ਮਿਲਣਾ ਚਾਹੀਦਾ ਹੈ।"

ਪ੍ਰਾਣੇਸ਼ਾਚਾਰੀਆ ਦੁਖੀ ਹੋ ਗਏ। ਦਾਹ-ਸੰਸਕਾਰ ਦੀ ਸਮੱਸਿਆ ਤਾਂ ਸੁਲਝ ਜਾਵੇਗੀ ਪਰ ਇਸ ਸੋਨੇ ਦੀ ਸਮੱਸਿਆ ਨੂੰ ਸੁਲਝਾਉਣਾ ਸੌਖਾ ਨਹੀਂ ਹੋਵੇਗਾ। ਹਰ ਪਲ ਉਹਨਾਂ ਦੀਆਂ ਪਰੇਸ਼ਾਨੀਆਂ ਵਧ ਰਹੀਆਂ ਹਨ। ਨਾਰਣੱਪੇ ਦੀ ਸਮੱਸਿਆ ਵਾਮਨ ਅਵਤਾਰ ਦੇ ਕਦਮ ਦੀ ਤਰ੍ਹਾਂ ਵਧ ਰਹੀ ਹੈ,

ਜਿਸ ਨੇ ਤੀਜੇ ਕਦਮ 'ਚ ਹੀ ਬ੍ਰਹਿਮੰਡ ਨੂੰ ਨਾਪ ਲਿਆ ਸੀ।

ਉਸ ਵੇਲੇ ਵਿਚਾਰੇ ਦਾਸਾਚਾਰੀਏ ਦੀ ਰਹਿਨੁਮਾਈ 'ਚ ਹੋਰ ਪੰਡਤ ਵੀ ਆ ਕੇ ਇਕੱਠੇ ਹੋ ਗਏ।

ਆਚਾਰੀਆ ਜੀ ! ਦਾਸਾਚਾਰੀਏ ਨੇ ਆਪਣੇ ਢਿੱਡ 'ਤੇ ਇਉਂ ਹੱਥ ਫੇਰਦਿਆਂ ਕਿਹਾ ਜਿਵੇਂ ਕੋਈ ਮਾਂ ਆਪਣੇ ਰੁੱਸੇ ਬੱਚੇ ਨੂੰ ਪਿਆਰ ਕਰੇ, "ਮੇਰੀ ਸਿਹਤ ਠੀਕ ਨਹੀਂ ਹੈ, ਤੁਸੀਂ ਜਾਣਦੇ ਹੀ ਹੋ। ਰੋਟੀ ਨਾ ਖਾਵਾਂ ਤਾਂ ਮੇਰੀ ਜਾਨ ਨੂੰ ਖ਼ਤਰਾ ਹੈ। ਤੁਸੀਂ ਕੋਈ ਨਾ ਕੋਈ ਹੱਲ ਕੱਢੋ ਜਾਂ ਇਹ ਦੱਸੋ ਕਿ ਇਸ ਬਿਪਤਾ 'ਚ ਕਰਨਾ ਕੀ ਚਾਹੀਦਾ ਹੈ ? ਅਗਰਹਾਰ 'ਚ ਲਾਸ਼ ਪਈ ਰਹੀ ਤਾਂ ਅਸੀਂ ਰੋਟੀ ਖਾ ਸਕਦੇ ਹਾਂ ਕਿ ਨਹੀਂ ? ਅਤੇ ਫੇਰ ਉੱਤੋਂ ਇਹ ਗਰਮੀ ਦੇ ਦਿਨ ਹਨ। ਇੱਕੋ ਹੀ ਦਿਨ 'ਚ ਲਾਸ਼ 'ਚੋਂ ਬਦਬੂ ਮਾਰਨ ਲੱਗੇਗੀ। ਮੇਰਾ ਘਰ ਉਸ ਦੇ ਘਰ ਦੇ ਕੋਲ ਹੈ। ਇਹ ਕਿਸੇ ਦੇ ਲਈ ਵੀ ਠੀਕ ਨਹੀਂ ਹੈ। ਸਮੁੱਚੇ ਅਗਰਹਾਰ ਦੇ ਭਲੇ ਦੀ ਨਜ਼ਰ ਨਾਲ ਲਕਸ਼ਮਣਾਚਾਰੀਆ ਅਤੇ ਗਰੁੜਾਚਾਰੀਆ ਦੋਵਾਂ ਨੂੰ ਆਪਸ 'ਚ ਕੋਈ ਸਮਝੌਤਾ ਕਰ ਲੈਣਾ ਚਾਹੀਦਾ ਹੈ।"

ਉਸ ਨੇ ਚਾਰੇ ਪਾਸੇ ਦੇਖਿਆ। ਨਾਰਣੱਪੇ ਨੂੰ ਜਿਵੇਂ ਵਾਸਨਾ ਦੀ ਅੱਗ ਤੜਪਾਉਂਦੀ ਰਹਿੰਦੀ ਸੀ, ਉਸੇ ਤਰ੍ਹਾਂ ਦਾਸਾਚਾਰੀਏ ਨੂੰ ਹਮੇਸ਼ਾ ਭੁੱਖ ਸਤਾਉਂਦੀ ਰਹਿੰਦੀ ਸੀ। ਭੁੱਖ ਉਸ ਵੇਲੇ ਉਸ 'ਤੇ ਹਾਵੀ ਸੀ ਅਤੇ ਉਸ ਦੀ ਨਜ਼ਰ ਨੂੰ ਦਿਆਲੂ ਬਣਾ ਰਹੀ ਸੀ।

ਉਸ ਨੇ ਧੀਰਜ ਨਾਲ ਕਿਹਾ, "ਤੁਸੀਂ ਕੁਝ ਤਾਂ ਕਹੋ ਆਚਾਰੀਆ ਜੀ, ਤੁਹਾਡਾ ਹਰ ਬੋਲ ਵੇਦ-ਵਾਕ ਦੀ ਤਰ੍ਹਾਂ ਅਸਰ ਪਾਵੇਗਾ। ਸਾਨੂੰ ਸੋਨਾ ਨਹੀਂ ਚਾਹੀਦਾ, ਨਾ ਕੁਝ ਹੋਰ। ਤੁਸੀਂ ਹੁਕਮ ਦਿਉ। ਅਸੀਂ ਚਾਰੇ ਹੁਣੇ ਮੁਰਦੇ ਨੂੰ ਚੁੱਕ ਕੇ ਲੈ ਜਾਂਦੇ ਹਾਂ ਅਤੇ ਦਾਹ-ਸੰਸਕਾਰ ਕਰ ਆਉਂਦੇ ਹਾਂ। ਤੁਸੀਂ ਉਸ ਸੋਨੇ ਨਾਲ ਹਨੂਮਾਨ ਜੀ ਦੀ ਮੂਰਤੀ ਦੇ ਲਈ ਇੱਕ ਮੁਕਟ ਬਣਵਾ ਦਿਉ ਅਤੇ ਸਾਡੇ ਵੱਲੋਂ ਉਹਨਾਂ 'ਤੇ ਚੜ੍ਹਾ ਦਿਉ।

ਪ੍ਰਾਣੇਸ਼ਾਚਾਰੀਏ ਨੂੰ ਅੰਦਰੋਂ ਜਿਵੇਂ ਅਚਾਨਕ ਫੁਰਨਾ ਫੁਰਿਆ, ਭਾਵੇਂ ਗਰੁੜਾਚਾਰੀਆ ਅਤੇ ਲਕਸ਼ਮਣਾਚਾਰੀਆ ਨਿਰਾਸ਼ ਜਿਹੇ ਦਿਖੇ। ਗਰੁੜਾਚਾਰੀਆ ਸੋਚ ਰਿਹਾ ਸੀ ਕਿ ਕੀ ਕੁਝ ਠੀਕ ਰਹੇਗਾ। ਹਨੂਮਾਨ ਜੀ ਦੇ ਲਈ ਸੋਨਾ ਦੇਣ ਦੀ ਦਾਸਾਚਾਰੀਏ ਦੀ ਗੱਲ ਦਾ ਵਿਰੋਧ ਕਰਨਾ ਤਾਂ ਪਾਪ ਸਮਝਿਆ ਜਾਵੇਗਾ।

"ਧਰਮਸ਼ਾਸਤਰ 'ਚ ਜੋ ਲਿਖਿਆ ਹੈ, ਆਚਾਰੀਆ ਜੀ ਨੂੰ ਉਹੀ ਦੱਸਣ ਦਿਉ। ਕਿਸੇ ਦੀ ਮਨ-ਮਰਜ਼ੀ ਨਾਲ ਕੀ ਹੋ ਸਕਦਾ ਹੈ। ਆਚਾਰੀਆ ਜੀ ਕੋਈ ਨਾ ਕੋਈ ਰਾਹ ਜ਼ਰੂਰ ਲੱਭ ਲੈਣਗੇ ਅਤੇ ਕਿਤੇ ਗੁਰੂ ਜੀ ਨੇ ਉਸ ਰਾਹ ਨੂੰ ਗ਼ਲਤ ਕਹਿ ਦਿੱਤਾ ਤਾਂ ਸਾਡੀ ਕੀ ਹਾਲਤ ਹੋਵੇਗੀ ? ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਆਚਾਰੀਆ ਜੀ ਦੀ ਪ੍ਰਸਿੱਧੀ 'ਤੇ ਕਿਸੇ ਤਰ੍ਹਾਂ ਦਾ ਵੀ ਕੋਈ ਦਾਗ਼ ਨਾ ਲੱਗੇ। ਪਾਰਿਜਾਤਪੁਰ ਦੇ ਪੰਡਤ ਉੱਚ ਜਾਤ ਵਾਲੇ ਪੰਡਤਾਂ ਦੀਆਂ ਨਜ਼ਰਾਂ 'ਚੋਂ ਡਿੱਗ ਪਏ ਹਨ। ਗਰੁੜਾਚਾਰੀਏ ਨੇ ਹੌਲੀ-ਹੌਲੀ ਹੱਸਦਿਆਂ, ਦਾਸਾਚਾਰੀਏ ਦੀਆਂ ਗੱਲਾਂ ਨਾਲ ਸਹਿਮਤੀ ਜਤਾਉਣ ਦੇ ਢੰਗ ਨਾਲ ਕਿਹਾ। ਸੁਣ ਕੇ ਲਕਸ਼ਮਣਾਚਾਰੀਏ ਨੂੰ ਵੀ, ਜਿਸ ਨੂੰ ਇਸ ਢੰਗ ਨਾਲ ਗੱਲ ਕਰਨੀ ਨਹੀਂ ਆਉਂਦੀ ਸੀ, ਖ਼ੁਸ਼ੀ ਹੋਈ।

"ਹੁਣ ਤੁਸੀਂ ਸਾਰੇ ਘਰੇ ਜਾਉ। ਮੈਂ ਅੱਜ ਰਾਤ ਨੂੰ ਇਸ ਦਾ ਜੁਆਬ ਜ਼ਰੂਰ ਲੱਭ ਲਵਾਂਗਾ, ਚਾਹੇ ਮੈਨੂੰ ਧਰਮਸ਼ਾਸਤਰ ਦਾ ਪੰਨਾ-ਪੰਨਾ ਫਰੋਲਣਾ ਪਵੇ।" ਪ੍ਰਾਣੇਸ਼ਾਚਾਰੀਆ ਨੇ ਬੜੀ ਥੱਕੀ ਜਿਹੀ ਆਵਾਜ਼ 'ਚ ਕਿਹਾ।

ਸ਼ਾਮ ਹੋਈ ਪਰ ਆਚਾਰੀਆ ਨੇ ਨਾ ਸ਼ਾਮ ਨੂੰ ਪੂਜਾ-ਅਰਚਨਾ ਕੀਤੀ ਅਤੇ ਨਾ ਹੀ ਰੋਟੀ ਖਾਧੀ। ਬੇਚੈਨ ਹੋ ਕੇ ਪ੍ਰਾਣੇਸ਼ਾਚਾਰੀਆ ਅੰਦਰੋਂ-ਬਾਹਰ ਅਤੇ ਬਾਹਰੋਂ-ਅੰਦਰ ਗੇੜੇ ਕੱਢਣ ਲੱਗੇ। ਵਿਹੜੇ



'ਚ ਚੰਦਰੀ ਬੈਠੀ ਸੀ। ਉਸ ਨੂੰ ਅੰਦਰ ਆ ਕੇ ਬੈਠ ਜਾਣ ਦੇ ਲਈ ਕਿਹਾ। ਉਹ ਘਰਵਾਲੀ ਨੂੰ ਬੱਚੇ ਦੀ ਤਰ੍ਹਾਂ ਦੋਵਾਂ ਹੱਥਾਂ ਨਾਲ ਪਿੱਛਿਉਂ ਚੁੱਕ ਕੇ ਲੈ ਗਏ ਅਤੇ ਪਿਸ਼ਾਬ ਕਰਾਇਆ। ਫੇਰ ਦਵਾਈ ਪਿਆਈ ਅਤੇ ਉਸ ਨੂੰ ਬਿਸਤਰੇ 'ਤੇ ਪਾ ਦਿੱਤਾ। ਵਰ੍ਹਾਂਡੇ 'ਚ ਆ ਕੇ ਕੰਦੀਲ ਦੀ ਰੌਸ਼ਨੀ 'ਚ ਫੇਰ ਪੋਥੀਆਂ ਦੇ ਪੰਨੇ ਫਰੋਲਣ ਲੱਗੇ।

## 5

ਪਿਛਲੀ ਰਾਤ ਕੈਲੂਰ ਦੀ ਇੱਕ ਟੋਲੀ ਦਾ 'ਜਾਂਬਵਤੀ ਕਲਿਆਣ' ਨਾਟਕ ਦੇਖਣ ਦੇ ਲਈ ਸ੍ਰੀਪਤੀ ਸ਼ਿਰਨਾਲੀ ਗਿਆ ਸੀ। ਸ਼ਿਵਮੋਗਾ ਤੋਂ ਨਾਰਣੱਪੇ ਦਾ ਵਾਪਿਸ ਮੁੜਨਾ, ਬੀਮਾਰ ਹੋ ਜਾਣਾ ਅਤੇ ਫੇਰ ਮਰ ਜਾਣਾ-ਇਹਨਾਂ ਗੱਲਾਂ ਦਾ ਸ੍ਰੀਪਤੀ ਨੂੰ ਕੋਈ ਪਤਾ ਨਹੀਂ ਸੀ। ਜੇਕਰ ਪਤਾ ਹੁੰਦਾ ਤਾਂ ਅਗਰਹਾਰ 'ਚ ਰਹਿਣ ਵਾਲੇ ਆਪਣੇ ਇੱਕੋ-ਇੱਕ ਪਿਆਰੇ ਦੋਸਤ ਦੀ ਮੌਤ 'ਤੇ ਉਸ ਨੂੰ ਬਹੁਤ ਦੁੱਖ ਹੁੰਦਾ। ਘਰ ਛੱਡੇ ਉਸ ਨੂੰ ਇੱਕ ਹਫ਼ਤਾ ਹੋ ਗਿਆ ਸੀ। ਕੈਲੂਰ ਟੋਲੀ ਦੇ ਭਾਗਵਤ ਨਾਲ ਉਸ ਦੀ ਦੋਸਤੀ ਹੋ ਗਈ ਸੀ। ਉਸ ਦੀ ਟੋਲੀ ਦੇ ਨਾਲ ਰਹਿ ਕੇ, ਉਹਨਾਂ ਦੇ ਨਾਲ ਖਾ-ਪੀ ਕੇ, ਰਾਤ ਨੂੰ ਨਾਟਕ ਦੇਖ ਕੇ, ਦਿਨੇ ਸੌਂ ਕੇ ਅਤੇ ਵਕਤ ਮਿਲਣ 'ਤੇ ਨਾਲ ਦੇ ਪਿੰਡਾਂ 'ਚ ਜਾ ਕੇ ਟੋਲੀ ਵਾਲਿਆਂ ਦਾ ਇੰਤਜਾਮ ਕਰਕੇ ਉਹ ਮੁੜਦਾ ਸੀ। ਇੱਕ ਹਫ਼ਤਾ ਉਹ ਦੁਨੀਆ-ਜਹਾਨ ਦੇ ਬਾਰੇ 'ਚ ਸਭ ਕੁਝ ਭੁੱਲ ਗਿਆ। ਹੁਣ ਰਾਤ ਨੂੰ ਜੰਗਲ ਦੇ ਰਸਤਿਉਂ ਮੁੜ ਰਿਹਾ ਸੀ, ਹੱਥ 'ਚ ਟਾਰਚ ਸੀ। ਡਰ ਨੂੰ ਦੂਰ ਭਜਾਉਣ ਦੇ ਲਈ ਗਾਣਾ ਗਾਉਂਦਾ ਹੋਇਆ ਤੁਰ ਰਿਹਾ ਸੀ। ਵਾਲ ਵਧ ਗਏ ਸਨ। ਵਾਲ ਵਧਾਉਣ ਦਾ ਕਾਰਣ ਇਹ ਸੀ ਕਿ ਭਗਾਵਤ ਨੇ ਅਗਲੇ ਸਾਲ ਉਸ ਨੂੰ ਨਾਟਕ 'ਚ ਇੱਕ ਔਰਤ-ਪਾਤਰ ਦਾ ਰੋਲ ਦੇਣ ਦਾ ਵਾਅਦਾ ਕੀਤਾ ਸੀ। ਉਸ ਦੀ ਸਿੱਖਿਆ-ਦੀਖਿਆ ਆਖ਼ਿਰ ਪ੍ਰਾਣੇਸ਼ਾਚਾਰੀਏ ਦੇ ਕੋਲ ਹੋਈ ਸੀ। ਭਾਗਵਤ ਉਸ ਦੇ ਸ਼ੁੱਧ ਉਚਾਰਣ ਅਤੇ ਭਾਸ਼ਾ ਤੋਂ ਬੜਾ ਖ਼ੁਸ਼ ਸੀ। ਆਚਾਰੀਆ ਤੋਂ ਉਸ ਨੇ ਸੰਸਕ੍ਰਿਤ, ਤਰਕ ਅਤੇ ਪਰੰਪਰਾਗਤ ਗਿਆਨ ਹਾਸਿਲ ਕੀਤਾ ਸੀ ਅਤੇ ਯਕਸ਼ਗਾਣ ਦੀ ਆਦਿ ਨਾਟ-ਰਚਨਾਵਾਂ ਦੇ ਪਾਤਰਾਂ ਦੇ ਬਾਰੇ 'ਚ ਢੰਗ ਨਾਲ ਗੱਲਬਾਤ ਵੀ ਕਰ ਸਕਦਾ ਸੀ। ਜੇਕਰ ਨਾਟਕ ਦੀ ਅਦਾਕਾਰੀ ਦਾ ਮੌਕਾ ਮਿਲ ਜਾਵੇ ਤਾਂ ਉਹ ਪੰਡਤਾਂ ਤੋਂ ਪਿੱਛਾ ਛੁਡਾ ਲਵੇ, ਦਾਹ-ਸੰਸਕਾਰ 'ਤੇ ਮਿਲਣ ਵਾਲੇ ਨਿਉਂਦਿਆਂ ਤੋਂ ਅਤੇ ਉਸ ਪਿਛਾਂਹ ਖਿੱਚੂ ਜੀਵਨ ਤੋਂ ਆਜ਼ਾਦੀ ਪਾ ਲਵੇ।

ਸ੍ਰੀਪਤੀ ਨੂੰ ਇਸ ਗੱਲ ਨਾਲ ਖ਼ੁਸ਼ੀ ਹੋ ਰਹੀ ਸੀ। ਹਨ੍ਹੇਰੇ ਜੰਗਲ 'ਚ ਵੀ ਉਸ ਦਾ ਡਰ ਜਾਂਦਾ ਰਿਹਾ। ਫੇਰ ਪੁਜਾਰੀ ਸ਼ਸੀ ਦੀ ਝੁੱਗੀ 'ਚੋਂ ਉਹ ਨੀਰਾ* ਵੀ ਪੀ ਆਇਆ ਸੀ। ਨਸ਼ਾ ਚੜ੍ਹਿਆ ਸੀ, ਇਸ ਲਈ ਜੰਗਲ ਦੇ ਸੰਘਣੇ ਹਨ੍ਹੇਰੇ 'ਚ ਠੰਢ ਵੀ ਨਹੀਂ ਸਤਾ ਰਹੀ ਸੀ। ਫੇਰ ਬਟਨ ਦਬਦਿਆਂ ਹੀ ਛਣਕੇ ਰੌਸ਼ਨੀ ਦੇਣ ਵਾਲੀ ਟਾਰਚ ਵੀ ਉਸ ਦੇ ਕੋਲ ਸੀ, ਜਿਸ ਨੂੰ ਦੇਖ ਕੇ ਪਿੰਡ ਦੇ ਲੋਕਾਂ ਨੂੰ ਬੜੀ ਹੈਰਾਨੀ ਹੋਇਆ ਕਰਦੀ ਸੀ। ਉਹ ਉਸ ਨਾਲ ਲੈਸ ਹੋ ਕੇ ਤੁਰ ਰਿਹਾ ਹੈ ਤਾਂ ਭੂਤ-ਪ੍ਰੇਤ ਦਾ ਡਰ ਕਿੱਥੇ ? ਦੁਰਵਾਸਾਪੁਰ ਦੇ ਨੇੜੇ ਆਉਂਦੇ ਹੀ ਉੱਥੋਂ ਮਿਲ ਸਕਣ ਵਾਲੇ ਸੁੱਖ ਦੇ ਬਾਰੇ ਸੋਚਦੇ ਉਸ ਦੀ ਦੇਹ 'ਚ ਗਰਮੀ ਆਉਣ ਲੱਗੀ। ਜੇਕਰ ਉਸ ਦੀ ਘਰਵਾਲੀ ਕੈਂਚੀ ਦੇ ਵਾਂਗ ਆਪਣੀਆਂ ਲੱਤਾਂ ਨੂੰ ਫਸਾ ਕੇ ਸੌਂ ਗਈ ਤਾਂ ? ਬੇਲੀ ਤਾਂ ਹੈ ਹੀ ਨਾ ! ਬੇਲੀ ਛੂਤ ਹੈ ਤਾਂ ਕੀ ਹੋਇਆ ? ਜਿਵੇਂ ਨਾਰਣੱਪਾ ਕਹਿੰਦਾ ਹੈ, "ਕੋਈ ਦੇਵੀ ਹੋਵੇ ਤਾਂ ਕੀ ਜਾਂ ਸਿਰ ਮੁੰਨੀ ਰੰਡੀ ਤੀਵੀਂ ਹੋਵੇ ਤਾਂ ਕੀ ? ਬੇਲੀ ਨਾ ਤਾਂ ਦੇਵੀ ਹੈ, ਨਾ ਰੰਡੀ ਤੀਵੀਂ। ਪਿਚਕੀਆਂ ਗੱਲ੍ਹਾਂ, ਸੁੱਕੇ ਮੁੰਮਿਆਂ ਅਤੇ ਮੂੰਹੋਂ ਮੂੰਗੀ-ਮਸਰੀ ਦੀ ਦਾਲ ਦੀ ਬੂ, ਕਿਹੜੀ ਕੁੜੀ ਉਸ ਦਾ ਮੁਕਾਬਲਾ ਕਰ ਸਕਦੀ ਹੈ ? ਉਸ ਦੇ ਸੁਡੌਲ ਪੱਟ ਹਨ-ਜਦ ਉਹ ਉਸ ਦੇ ਨਾਲ ਭੋਗ ਕਰਦੀ ਹੈ ਤਾਂ ਰੇਤ 'ਤੇ ਕਿਸੇ ਸੱਪ ਦੀ ਤਰ੍ਹਾਂ ਲਿਟਣ ਵਾਂਗ ਤੜਪਦੀ ਹੈ। ਹੁਣ ਤੱਕ ਉਹ ਆਪਣੇ ਘਰ ਦੇ ਬਾਹਰ ਧੁੱਪੇ ਰੱਖੇ ਘੜਿਆਂ 'ਚ ਗਰਮ ਹੋਏ ਪਾਣੀ ਨਾਲ ਨ੍ਹਾ-ਧੋ ਚੁੱਕੀ ਹੋਵੇਗੀ। ਫੇਰ ਘਰ ਦਾ ਨੀਰਾ

ਵੀ ਪੀ ਕੇ ਬਿਲਕੁਲ ਤਿਆਰ ਹੋਵੇਗੀ ਕਸੀ ਹੋਈ ਮ੍ਰਿਦੰਗ ਦੀ ਤਰ੍ਹਾਂ। ਨਾ ਉਹ ਬਹੁਤੀ ਕਾਲੀ ਅਤੇ ਨਾ ਬਹੁਤੀ ਚਿੱਟੀ ਹੀ-ਬੀਜ ਨੂੰ ਲੈਣ ਲਈ ਤਿਆਰ, ਉਪਜਾਊ ਮਿੱਟੀ ਦੇ ਰੰਗ ਦੀ ਸਵੇਰ ਦੇ ਸੂਰਜ ਨਾਲ ਤਪੀ ਉਸ ਦੀ ਦੇਹ ਹੈ। ਤੁਰਦਾ-ਤੁਰਦਾ ਸ੍ਰੀਪਤੀ ਰੁਕ ਗਿਆ। ਖ਼ੁਸ਼ੀ ਨਾਲ ਬੈਟਰੀ ਜਗਾਈ, ਫੇਰ ਬੁਝਾ ਦਿੱਤੀ। ਫੇਰ ਉਸ ਨੇ ਜੰਗਲ ਨੂੰ ਚਾਰੇ ਪਾਸੇ ਰੌਸ਼ਨ ਕਰ ਦਿੱਤਾ-ਰਾਖਸ਼ਾਂ ਦੇ ਰੋਲ ਵਾਂਗ ਖਿੜ ਗਿਆ। ਥਈ-ਥਈ, ਥਕ ਥੈ-ਤਾਲ 'ਤੇ ਨੱਚਣ ਲੱਗਿਆ ਪਰ ਧੰਮ ਦੇਣੇ ਪੈਰਾਂ ਭਾਰ ਬੈਠਣ ਦੀ ਕੋਸ਼ਿਸ਼ 'ਚ ਇੱਕ ਗੋਡੇ 'ਚ ਮੋਚ ਆਈ ਅਤੇ ਉਹ ਉੱਠ ਖੜ੍ਹਿਆ। ਜੰਗਲ ਬਿਲਕੁਲ ਸੁੰਨਾ ਸੀ। ਟਾਰਚ ਦੀ ਰੌਸ਼ਨੀ ਤੋਂ ਘਬਰਾ ਕੇ ਬਹੁਤ ਸਾਰੇ ਪੰਛੀ ਜਾਗ ਗਏ, ਖੰਭ ਮਾਰਨ ਲੱਗੇ। ਇਸ ਸਭ ਕਾਸੇ ਨਾਲ ਉਸ ਦਾ ਨਸ਼ਾ ਹੋਰ ਵਧਣ ਲੱਗਿਆ। ਜਿਉਂ-ਜਿਉਂ ਉਹਨਾਂ ਨੂੰ ਸੱਦਦਾ ਗਿਆ, ਨੌ ਰਸ ਉਸ ਅੱਗੇ ਹਾਜ਼ਿਰ ਹੁੰਦੇ ਗਏ। ਕ੍ਰੋਧ, ਵੀਭਤਸ, ਭੈਅ, ਰੁਦਰ, ਭਗਤੀ, ਸ਼ਿੰਗਾਰ-ਉਸ ਦੀ ਕਲਪਨਾ ਕਿੰਨੇ ਸਹਿਜ ਨਾਲ ਇੱਕ ਰਸ ਤੋਂ ਦੂਜੇ 'ਚ ਤਬਦੀਲ ਹੋ ਰਹੀ ਸੀ। ਪਹੁ-ਫੁਟਾਲੇ ਸ਼ੇਸ਼ਨਾਗ ਦੀ ਸੱਜਾ ਤੇ ਭਗਵਾਨ ਵਿਸ਼ਣੂ ਨੂੰ ਗਾ ਜਗਾਉਂਦੀ ਹੈ ਲਕਸ਼ਮੀ

**ਜਾਗੋ ਨਾਰਾਇਣ ਜਾਗੋ ਨਾਰਾਇਣ**
**ਜਾਗੋ ਲਕਸ਼ਮੀਰਮਣ, ਜਾਗੋ ਜਾਗੋ ਲਕਸ਼ਮੀ ਪਤੀ**
**ਸੂਰਯ ਉਦਯ ਹੁਆ ਹੈ। ਜਾਗੋ ਸੂਰਜ ਚੜ੍ਹਿਆ ਹੈ।**

ਸ੍ਰੀਪਤੀ ਦੀਆਂ ਅੱਖਾਂ 'ਚ ਹੰਝੂ ਆ ਜਾਂਦੇ ਹਨ। ਵਿਸ਼ਣੂ ਦਾ ਵਾਹਨ ਗਰੁੜ ਵੀ ਆ ਕੇ ਜਗਾਉਂਦਾ ਹੈ, "ਜਾਗੋ ਨਾਰਾਇਣ।" ਸੰਦੇਸ਼ ਵਾਹਕ ਅਤੇ ਨਾਰਦ ਮੁਨੀ ਨਾਰਦ, ਤੰਬੂਰਾ ਵਜਾਉਂਦਿਆਂ "ਜਾਗੋ, ਲਕਸ਼ਮੀਰਮਣ' ਕਹਿ ਕੇ ਜਗਾਉਂਦੇ ਹਨ। ਸਾਰੇ ਪਸ਼ੂ-ਪੰਛੀ, ਵਾਨਰ, ਕਿੰਨਰ, ਯਸ਼, ਗੰਦਰਵ ਆਦਿ ਕਹਿੰਦੇ ਹਨ, ...ਜਾਗੋ ...ਸਵੇਰਾ ਹੋ ਗਿਆ।" ਸ੍ਰੀਪਤੀ ਨਾਚ ਦੀ ਮੁਦਰਾ 'ਚ ਆਪਣੀ ਧੋਤੀ ਦੇ ਲੜ ਨੂੰ ਸਾੜ੍ਹੀ ਦੀ ਤਰ੍ਹਾਂ ਫੜ ਕੇ ਗਰਦਨ ਮਟਕਾ ਕੇ ਨੱਚਣ ਲੱਗਿਆ। ਸ਼ਸੀ ਦੇ ਕੋਲ ਪੀਤੀ ਗਈ ਤਾੜੀ ਦਾ ਨਸ਼ਾ ਚੜ੍ਹ ਗਿਆ ਸੀ। ਨਾਰਣੱਪੇ ਦੇ ਕੋਲ ਜਾ ਕੇ ਉਹ ਕੁਝ ਹੋਰ ਜ਼ਿਆਦਾ ਨਸ਼ਾ ਕਰਨ ਦੀ ਸੋਚਣ ਲੱਗਿਆ। ਯਕਸ਼ਗਾਣ ਦੇ ਸਾਰੇ ਔਰਤ ਪਾਤਰਾਂ ਦੀ ਯਾਦ ਆਉਣ ਲੱਗੀ। ਪੁਰਾਣਾਂ 'ਚ ਔਰਤ ਦੇ ਮੋਹ 'ਚ ਨਾ ਫਸਣ ਵਾਲਾ ਇੱਕ ਵੀ ਰਿਸ਼ੀ ਨਹੀਂ ਹੈ। ਉਹ ਮੇਨਕਾ, ਜਿਸ ਨੇ ਰਿਸ਼ੀ ਵਿਸ਼ਵਾਮਿੱਤਰ ਦਾ ਤਪ ਭੰਗ ਕੀਤਾ ਸੀ, ਕਿਹੋ ਜਿਹੀ ਹੋਵੇਗੀ ਉਹ ਖ਼ੂਬਸੂਰਤ ਸੁੰਦਰੀ? ਚੰਦਰੀ ਨਾਲੋਂ ਜ਼ਰੂਰ ਵੱਧ ਸੁੰਦਰ ਹੋਵੇਗੀ। ਫਟੇ-ਪੁਰਾਣੇ ਕੱਪੜੇ ਪਾ ਕੇ, ਗੋਹਾ ਚੁੱਕ ਕੇ ਲਿਜਾਣ ਵਾਲੀ ਬੇਲੀ ਦੀ ਜੁਆਨੀ ਅਤੇ ਰੂਪ 'ਤੇ ਕਿਸੇ ਦੀ ਨਜ਼ਰ ਨਹੀਂ ਪਈ ਸੀ। ਹੈਰਾਨੀ ਦੀ ਗੱਲ ਹੈ। ਉਂਝ ਇਸ 'ਚ ਹੈਰਾਨੀ ਵਾਲੀ ਗੱਲ ਨਹੀਂ ਵੀ ਹੈ। ਇਹਨਾਂ ਪੰਡਤਾਂ ਦੀ ਬਾਂਝ ਦ੍ਰਿਸ਼ਟੀ ਨੂੰ ਰੋਟੀ ਦੇ ਬਗ਼ੈਰ ਹੋਰ ਕੀ ਦਿਖਦਾ ਹੈ? ਬੱਚਿਆਂ ਨੂੰ ਜਿਵੇਂ ਪੁਚਕਾਰਨ ਦੇ ਢੰਗ ਨਾਲ ਪ੍ਰਾਣੇਸ਼ਾਚਾਰੀਆ ਸਮਝਾਉਂਦੇ ਹਨ, "ਊਸ਼ਾਕਾਲ ਦੀ ਸੁੰਦਰੀ ਦੇਵੀ ਨੂੰ ਦੇਖ ਕੇ ਵੇਦ ਬਿਆਸ ਕਿੰਨੇ ਖ਼ੁਸ਼ ਹੋਏ ਹੋਣਗੇ? ਸਵੇਰੇ ਉੱਠ ਕੇ ਊਸ਼ਾ ਨੂੰ ਦੇਖਣ 'ਤੇ ਉਹਨਾਂ ਦੇ ਮੂੰਹੋਂ ਪ੍ਰਭੂ ਨੇ ਇਹ ਸ਼ਬਦ ਕਹਾਏ: ਮਾਹਵਾਰੀ ਦੇ ਬਾਦ ਇਸ਼ਨਾਨ ਕਰਕੇ ਪਵਿੱਤਰ ਹੋਈਆਂ ਸੁੰਦਰ ਔਰਤਾਂ ਦੀ ਤਰ੍ਹਾਂ...। ਵਾਹ! ਕੇਹੀ ਕਲਪਣਾ ਹੈ, ਕੇਹੀ ਉਪਮਾ ਹੈ।" ਪਰ ਇਹਨਾਂ ਫੋਕੇ ਪੰਡਤਾਂ ਦੇ ਲਈ ਇਹ ਸਿਰਫ਼ ਮੰਤਰ ਹੈ, ਰੋਜ਼ੀ-ਰੋਟੀ ਕਮਾਉਣ ਦਾ ਇੱਕ ਰਾਹ। ਕੁੰਦਾਪੁਰ ਦਾ ਨਾਗੱਪਾ ਜਦ ਰਾਜੇ ਦਾ ਭੇਸ ਧਾਰਨ ਕਰ ਲੈਂਦਾ ਹੈ ਤਾਂ ਕਿੰਨੇ ਪਾਖੰਡੀ ਅਤੇ ਕਿੰਨੇ ਮੋਹ ਲੈਣ ਵਾਲੇ ਬੋਲਾਂ 'ਚ ਕਹਿੰਦਾ ਹੈ, "ਇਹ ਭੌਰੇ, ਇਹ ਪਾਰਿਜਾਤ, ਇਹ ਚਮੇਲੀ ਨਾਲ ਭਰੇ ਜੰਗਲ-ਜਿੱਥੇ ਇਕੱਲੀ, ਬੈਚਨ ਅਤੇ ਦੁਖੀ, ਹੇ ਔਰਤ, ਤੂੰ ਕੌਣ ਹੈਂ? ਸ੍ਰੀਪਤੀ ਮੁਸਕਰਾਉਂਦੇ ਹੋਏ ਅੱਗੇ ਤੁਰਦਾ ਹੈ। ਅਗਰਹਾਰ 'ਚ ਸੁੰਦਰਤਾ ਨੂੰ ਪਰਖਣ ਵਾਲੇ ਸਿਰਫ਼ ਦੋ ਹੀ ਤਾਂ ਆਦਮੀ ਹਨ, ਨਾਰਣੱਪਾ ਅਤੇ ਚੰਦਰੀ। ਬੇਹਦ ਰੂਪਵਤੀ ਹੈ ਚੰਦਰੀ। ਆਲੇ-ਦੁਆਲੇ ਦੇ ਸੌ ਮੀਲ ਦੇ ਇਲਾਕੇ 'ਚ-ਚੰਦਰੀ ਵਰਗੀ ਰੂਪਵਤੀ ਕੋਈ ਦਿਖਾਵੇ ਤਾਂ ਉਸ ਨੂੰ ਆਦਮੀ



ਮੰਨਾਂ। ਇਹ ਠੀਕ ਹੈ ਕਿ ਦੁਰਗਾ ਭੱਟ ਵੀ ਥੋੜ੍ਹਾ-ਥੋੜ੍ਹਾ ਰਸੀਆ ਹੈ ਪਰ ਇਧਰ-ਉਧਰ ਦੋ-ਚਾਰ ਸ਼ੈਟੀਆਂ ਦੀਆਂ ਤੀਵੀਆਂ ਦੀ ਦੇਹ 'ਤੇ ਹੱਥ ਫੇਰਨ ਦੇ ਇਲਾਵਾ ਉਸ 'ਚ ਹੋਰ ਕੁਝ ਕਰਨ ਦੀ ਹਿੰਮਤ ਨਹੀਂ ਹੈ। ਇਉਂ ਦੇਖਿਆ ਜਾਵੇ ਤਾਂ ਅਸਲ 'ਚ ਪ੍ਰਾਣੇਸ਼ਾਚਾਰੀਆ ਸਭ ਤੋਂ ਵਧ ਰਸੀਏ ਹਨ। ਹਜ਼ਾਰਾਂ 'ਚੋਂ ਕੋਈ ਇੱਕ ਬੰਦਾ ਹੀ ਉਹਨਾਂ ਦੇ ਵਰਗਾ ਹੁੰਦਾ ਹੈ। ਰੋਜ਼ ਆਥਣੇ ਪੁਰਾਣਾਂ ਦਾ ਪਾਠ ਕਰਦਿਆਂ, ਸ਼ਲੋਕਾਂ ਦੇ ਅਰਥ ਕਰਨ ਦੀ ਬੜੀ ਹੀ ਖਿੱਚ ਭਰਪੂਰ ਸ਼ੈਲੀ ਹੈ ਉਹਨਾਂ ਦੀ, ਜੋ ਵੱਡੇ-ਵੱਡੇ ਭਾਗਵਤਾਂ, ਕਥਾਵਾਚਕਾਂ ਨੂੰ ਈਰਖਾ ਨਾਲ ਸਾੜ ਦੇਵੇ। ਕਿਹੋ ਜਿਹੀ ਹੁੰਦੀ ਹੈ ਉਹਨਾਂ ਦੀ ਬੋਲੀ, ਬੋਲਣ ਦਾ ਢੰਗ, ਮਧੁਰ ਮੁਸਕਰਾਹਟ ਅਤੇ ਅੱਖਾਂ 'ਚ ਵਸ ਜਾਣ ਵਾਲਾ ਉਹਨਾਂ ਦਾ ਸੁੰਦਰ ਰੂਪ। ਬੋਦੀ, ਭਸਮ ਅਤੇ ਜਰੀ ਦਾ ਦੁਸ਼ਾਲਾ-ਇਹ ਸਭ ਸਿਰਫ਼ ਉਹਨਾਂ ਦੇ ਹੀ ਸੋਹਣਾ ਲਗਦਾ ਹੈ। ਅੱਠਾਂ ਮਠਾਂ 'ਚ, ਦੱਖਣ ਦੇ ਮਹਾਂਪੰਡਤਾਂ ਦੇ ਨਾਲ ਵਾਦ-ਵਿਵਾਦ 'ਚ ਜਿੱਥੇ ਹੋਏ ਪੰਦਰਾਂ ਦੁਸ਼ਾਲੇ! ਪਰ ਉਹ ਪਾਡੀ ਨਹੀਂ ਮਾਰਦੇ। ਉਹਨਾਂ ਦੀ ਘਰਵਾਲੀ ਹਮੇਸ਼ਾ ਬੀਮਾਰ ਰਹਿੰਦੀ ਹੈ, ਬੱਚੇ ਵੀ ਨਹੀਂ ਹਨ। ਕਿੰਨੇ ਰਸ ਨਾਲ ਕਾਲੀਦਾਸ ਦੇ ਔਰਤ ਪਾਤਰਾਂ ਦਾ ਉਹ ਵਰਨਣ ਕਰਦੇ ਹਨ-ਕੀ ਕਦੇ ਉਹਨਾਂ 'ਚ ਕਾਮ ਵਾਸਨਾ ਨਹੀਂ ਜਾਗਦੀ ਹੋਵੇਗੀ? ਬੇਲੀ ਪਾਣੀ ਲੈਣ ਦੇ ਲਈ ਨਦੀ 'ਤੇ ਜਦ ਆਈ ਸੀ ਤਾਂ ਉਸ ਨੇ ਪਹਿਲੀ ਵਾਰ ਉਸ ਦੇ ਨਾਲ ਸੰਭੋਗ ਕੀਤਾ ਸੀ-ਆਚਾਰੀਏ ਦੇ ਸ਼ਕੁੰਤਲਾ ਦੇ ਰੂਪ ਅਤੇ ਜੁਆਨੀ ਦਾ ਬਖਾਨ ਸੁਣਦੇ ਹੀ ਰੋਕ ਨਹੀਂ ਸਕਿਆ ਉਹ ਆਪਣੇ-ਆਪ ਨੂੰ। ਬੇਲੀ ਸਿਰ 'ਤੇ ਪਾਣੀ ਦਾ ਘੜਾ ਚੁੱਕੀ ਜਾ ਰਹੀ ਸੀ ਅਤੇ ਧਰਤੀ ਰੰਗੇ ਨੱਚਦੇ ਹੋਏ ਮੁੰਮਿਆਂ ਵਾਲੀ ਬੇਲੀ ਜਿਵੇਂ ਹੀ ਰੁਕੀ, ਬਿਲਕੁਲ ਸ਼ਕੁੰਤਲਾ ਦੇ ਵਾਂਗ ਹੀ ਦਿਖਾਈ ਦੇ ਰਹੀ ਸੀ। ਆਚਾਰੀਏ ਨੇ ਵਰਨਣ ਨਾਲ ਉਸ ਦੇ ਸਾਰੇ ਅੰਗਾਂ ਨੂੰ ਭੋਗ ਲਿਆ ਸੀ।

ਸ੍ਰੀਪਤੀ ਉੱਥੋਂ ਸਿੱਧਾ ਪਹਾੜੀਆਂ 'ਤੇ ਬਣੀਆਂ ਛੋਟੀ ਜਾਤ ਦੇ ਲੋਕਾਂ ਦੀਆਂ ਝੁੱਗੀਆਂ ਦੇ ਵੱਲ ਪਗਡੰਡੀ ਦੀ ਤਰ੍ਹਾਂ ਤੁਰ ਪਿਆ। ਮੱਸਿਆ ਦੀ ਕਾਲੀ ਇੱਕ ਝੁੱਗੀ ਸੜ ਰਹੀ ਸੀ। ਉਸ ਦੀ ਰੌਸ਼ਨੀ 'ਚ ਕੁਝ ਧੁੰਦਲੇ ਆਕਾਰ ਦਿਖਾਈ ਦਿੱਤੇ। ਉਸ ਨੇ ਦੂਰ ਹੀ ਰੁਕ ਕੇ ਦੇਖਿਆ-ਸੁਣਿਆ, ਲੱਗਿਆ ਕਿ ਕੋਈ ਝੁੱਗੀ 'ਚ ਲੱਗੀ ਅੱਗ ਬੁਝਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ। ਹੈਰਾਨੀ ਨਾਲ ਇੱਕ ਬਿਰਖ ਦੇ ਤਣੇ ਓਹਲੇ ਖੜ੍ਹਾ ਉਹ ਦੇਖਦਾ ਰਿਹਾ। ਬਾਂਸ ਅਤੇ ਚਟਾਈਆਂ ਨਾਲ ਬਣੀ ਝੁੱਗੀ ਗਰਮੀ ਦੇ ਦਿਨਾਂ 'ਚ ਪਲ-ਛਿਣ 'ਚ ਸੜਕੇ ਸੁਆਹ ਹੋ ਗਈ। ਧੁੰਦਲੇ ਕਾਲੇ ਆਕਾਰ ਆਪਣੀਆਂ-ਆਪਣੀਆਂ ਝੁੱਗੀਆਂ 'ਚ ਮੁੜ ਗਏ। ਅੱਗ ਦੀਆਂ ਲਾਟਾਂ ਤੋਂ ਭੈਅਭੀਤ ਹੋ ਕੇ ਜੋ ਪੰਛੀ ਬਿਰਖਾਂ ਤੋਂ ਉੱਡ ਗਏ ਸਨ, ਉਹ ਆਪਣੇ ਆਲ੍ਹਣਿਆਂ 'ਚ ਮੁੜ ਆਏ। ਸ੍ਰੀਪਤੀ ਹੌਲੀ-ਹੌਲੀ ਅੱਗੇ ਵਧਿਆ ਅਤੇ ਬੇਲੀ ਦੀ ਝੁੱਗੀ ਤੋਂ ਕੁਝ ਦੂਰ ਖੜ੍ਹ ਕੇ ਤਾੜੀ ਵਜਾਈ।

ਗਰਮ ਪਾਣੀ ਨਾਲ ਨ੍ਹਾਉਣ ਦੇ ਬਾਦ ਇੱਕ ਛੋਟਾ ਜਿਹਾ ਕੱਪੜਾ ਲਪੇਟੇ ਅਤੇ ਉੱਪਰ ਬਿਲਕੁਲ ਨੰਗੀ ਬੇਲੀ ਦੇ ਵਾਲ ਪਿੱਠ ਅਤੇ ਮੂੰਹ 'ਤੇ ਖਿੰਡੇ ਹੋਏ ਸਨ। ਉਹ ਦੱਬੇ ਪੈਰੀਂ ਝੁੱਗੀ ਤੋਂ ਬਾਹਰ ਆਈ, ਫੇਰ ਹੌਲੀ-ਹੌਲੀ ਝਾੜੀਆਂ ਦੀ ਓਟ 'ਚ ਚਲੀ ਗਈ। ਸ੍ਰੀਪਤੀ ਇੱਕ ਝਾੜੀ ਦੇ ਪਿੱਛੇ ਰੁਕਿਆ ਅਤੇ ਅੱਖੋਂ ਓਝਲ ਹੋਣ ਤੱਕ ਉਸ ਨੂੰ ਦੇਖਦਾ ਰਿਹਾ। ਜਦ ਇਧਰ-ਉਧਰ ਕੋਈ ਦਿਖਾਈ ਨਾ ਦਿੱਤਾ ਤਾਂ ਬੇਲੀ ਦੇ ਕੋਲ ਛੇਤੀ ਦੇਣੇ ਚਲਾ ਗਿਆ। ਇੱਕ ਵਾਰ ਬੈਟਰੀ ਮਾਰੀ, ਫੇਰ ਬੁਝਾ ਦਿੱਤੀ ਅਤੇ ਫੇਰ ਉਸ ਨਾਲ ਚਿੰਬੜ ਗਿਆ।

"ਓਹ! ਅੱਜ ਨਹੀਂ।"

ਬੇਲੀ ਨੇ ਅੱਗੇ ਕਦੇ ਇਸ ਤਰ੍ਹਾਂ ਉਸ ਨੂੰ ਰੋਕਿਆ ਨਹੀਂ ਸੀ। ਸ੍ਰੀਪਤੀ ਨੂੰ ਹੈਰਾਨੀ ਹੋਈ ਪਰ ਉਸ ਦੀਆਂ ਗੱਲਾਂ ਵੱਲ ਧਿਆਨ ਨਾ ਕੇ ਉਸ ਦੇ ਲੱਕ ਤੋਂ ਲਿਪਟੇ ਹੋਏ ਕੱਪੜੇ ਖਿੱਚ ਕੇ ਲਾਹ ਦਿੱਤੇ।

"ਜਾਣਦੇ ਹੋ, ਕੀ ਹੋਇਆ ਸੀ? ਅੱਜ ਪਿਲਯ ਅਤੇ ਉਸ ਦੀ ਘਰਵਾਲੀ ਮਰ ਗਏ, ਜਿਵੇਂ ਕੋਈ ਰਾਖਸ਼ ਉਹਨਾਂ 'ਤੇ ਟੁੱਟ ਪਿਆ ਹੋਵੇ।"

ਸ੍ਰੀਪਤੀ ਕੋਲੇ ਇਸ ਵੇਲੇ ਗੱਲਾਂ ਦੇ ਲਈ ਸਮਾਂ ਨਹੀਂ ਸੀ। ਬੇਲੀ ਨੰਗੀ ਖੜ੍ਹੀ ਸੀ। ਉਸ ਨੇ ਉਸ ਨੂੰ ਭੁੰਜੇ ਸੁੱਟ ਲਿਆ।

"...ਕਿਉਂਕਿ ਦੋਵੇਂ ਇਉਂ ਮਰ ਗਏ ਸਨ, ਅਸੀਂ ਉਹਨਾਂ ਦੀਆਂ ਲਾਸ਼ਾਂ ਨੂੰ ਉੱਥੇ ਹੀ ਝੁੱਗੀ 'ਚ ਲਿਆ ਕੇ ਅੱਗ ਲਾ ਦਿੱਤੀ। ਕਿਸੇ ਤਰ੍ਹਾਂ ਦਾ ਬੁਖ਼ਾਰ ਹੋਇਆ ਸੀ, ਮਰ ਗਏ। ਅੱਖਾਂ ਇਉਂ ਬੰਦ ਕਰੀਆਂ ਕਿ ਖੋਲ੍ਹ ਵੀ ਨਾ ਸਕੇ।"

ਸ੍ਰੀਪਤੀ ਬੇਚੈਨ ਹੋ ਰਿਹਾ ਸੀ। ਉਹ ਕੁਝ ਬੋਲ ਰਹੀ ਹੈ, ਕੁਝ ਖੋਈ-ਖੋਈ ਜਿਹੀ ਹੈ। ਮੈਂ ਕਾਮਵਾਸਨਾ ਦੀ ਏਨੀ ਬੇਚੈਨੀ 'ਚ ਆਇਆ ਹਾਂ, ਉਹ ਕਿਸੇ ਦੀ ਮੌਤ ਦੀ ਗੱਲ ਲੈ ਬੈਠੀ ਹੈ। ਅਜਿਹੇ ਵੇਲੇ ਉਹ ਇਸ ਤਰ੍ਹਾਂ ਪਹਿਲਾਂ ਕਦੇ ਨਹੀਂ ਬੋਲੀ। ਉਹ ਤਾਂ ਹਮੇਸ਼ਾ ਬਰਸਦੇ ਪਾਣੀ ਦੇ ਹੇਠਾਂ ਲੁਕਣ ਵਾਲੀ ਕਣਕ ਦੀ ਬੱਲੀ ਦੀ ਤਰ੍ਹਾਂ ਰਹੀ ਹੈ।

ਕੁਝ ਦੇਰ ਬਾਦ ਬੇਲੀ ਕੱਪੜਾ ਲਪੇਟਦਿਆਂ ਬੋਲੀ :

"ਤੁਹਾਨੂੰ ਦੱਸਾਂ ਕਿ ਅਜਿਹੀ ਹੈਰਾਨੀ ਮੈਂ ਕਦੇ ਨਹੀਂ ਦੇਖੀ। ਸਾਨੂੰ ਝੁੱਗੀਆਂ 'ਚ ਖਾਣ ਨੂੰ ਕੀ ਮਿਲਦਾ ਹੈ? ਚੂਹੇ ਏਥੇ ਕਿਉਂ ਆਉਣਗੇ ਭਲਾ? ਸਾਡੀਆਂ ਝੁੱਗੀਆਂ ਪੰਡਤਾਂ ਦੇ ਘਰਾਂ ਦੀ ਤਰ੍ਹਾਂ ਨਹੀਂ ਹਨ। ਹੁਣ ਤਾਂ ਰਿਸ਼ਤੇਦਾਰਾਂ ਦੀ ਤਰ੍ਹਾਂ ਜਿਵੇਂ ਟਿਕਣ ਦੇ ਲਈ ਇਹ ਚੂਹੇ ਏਥੇ ਆਉਣ ਲੱਗੇ ਹਨ। ਛੱਤ ਤੋਂ ਗਿਰਦੇ ਹਨ, ਫੇਰ ਗੇੜੇ ਕੱਢ-ਕੱਢ ਕੇ ਮਰ ਜਾਂਦੇ ਹਨ। ਝੁੱਗੀ 'ਚ ਅੱਗ ਲੱਗਣ 'ਤੇ ਜਿਵੇਂ ਲੋਕ ਜਾਨ ਬਚਾਉਣ ਦੇ ਲਈ ਭੱਜਦੇ ਹਨ ਨਾ, ਉਸੇ ਤਰ੍ਹਾਂ ਇਹ ਚੂਹੇ ਜੰਗਲ ਦੇ ਵੱਲ ਭੱਜਦੇ ਹਨ। ਅਜਿਹੀਆਂ ਗੱਲਾਂ ਮੈਂ ਪਹਿਲਾਂ ਕਦੇ ਨਹੀਂ ਦੇਖੀਆਂ ਸੀ। ਇਹ ਚੂਹੇ ਸਾਡੀ ਅਛੂਤਾਂ ਦੀ ਬਸਤੀ 'ਚ ਕਿਉਂ ਆਉਣ ਲੱਗੇ ਅਤੇ ਲੱਕੜ ਟੁੱਟਣ ਦੀ ਤਰ੍ਹਾਂ 'ਕੜੱਕ' ਦੇਣੇ ਮਰਨ ਕਿਉਂ ਲੱਗੇ? ਸਾਨੂੰ ਜ਼ਰੂਰ ਕਿਸੇ ਦੇਵੀ-ਦੇਵਤੇ ਤੋਂ ਜਾਣਕਾਰੀ ਲੈਣੀ ਚਾਹੀਦੀ ਹੈ।"

ਸ੍ਰੀਪਤੀ ਨੇ ਧੋਤੀ ਬੰਨ੍ਹੀ। ਕਮੀਜ਼ ਪਾਈ। ਜੇਬ 'ਚੋਂ ਕੰਘੀ ਕੱਢ ਕੇ ਵਾਲ ਵਾਹੇ। ਟਾਰਚ ਜਗਾ ਕੇ ਦੇਖਿਆ ਅਤੇ ਫੇਰ ਛੇਤੀ ਦੇਣੇ ਭੱਜ ਗਿਆ। ਬੇਲੀ ਸਿਰਫ਼ ਭੋਗ ਦੇ ਲਈ ਹੀ ਠੀਕ ਸੀ, ਗੱਲਾਂ ਦੇ ਲਈ ਨਹੀਂ। ਜਦ ਬੋਲੇਗੀ ਤਾਂ ਬੱਸ ਗੱਲ-ਗੱਲ 'ਤੇ ਦੇਵੀ-ਦੇਵਤਾ, ਭੂਤ-ਪ੍ਰੇਤ ਦੇ ਬਾਰੇ 'ਚ ਹੀ ਬੋਲੇਗੀ!

ਉਹ ਨਾਰਣੱਪੇ ਨੂੰ ਛੇਤੀ ਮਿਲਣਾ ਚਾਹੁੰਦਾ ਸੀ। ਧੋਤੀ ਗੋਡਿਆਂ ਦੇ ਉੱਪਰ ਤੱਕ ਕਰਕੇ ਛੇਤੀ-ਛੇਤੀ ਪਹਾੜੀ ਤੋਂ ਹੇਠਾਂ ਉਤਰਨ ਲੱਗਿਆ। ਸੋਚਿਆ, ਰਾਤ ਨੂੰ ਥੋੜ੍ਹੀ ਹੋਰ ਸ਼ਰਾਬ ਪੀ ਕੇ ਉੱਥੇ ਹੀ ਸੌਂ ਜਾਵਾਂਗੇ। ਹੌਲੀ ਦੇਣੇ ਉਸ ਨੇ ਨਾਰਣੱਪੇ ਦਾ ਘਰ ਦਾ ਦਰਵਾਜ਼ਾ ਖੋਲ੍ਹਿਆ। ਅੰਦਰੋਂ ਦਰਵਾਜ਼ਾ ਬੰਦ ਨਹੀਂ ਸੀ। ਇਹ ਸੋਚ ਕੇ ਕਿ ਉਹ ਜਾਗਦਾ ਹੋਵੇਗਾ, ਉਹ ਖ਼ੁਸ਼ੀ-ਖ਼ੁਸ਼ੀ ਅੰਦਰ ਗਿਆ। ਬੈਟਰੀ ਮਾਰ ਕੇ ਹਾਕ ਮਾਰੀ। ਨਾਰਣੱਪੇ-ਨਾਰਣੱਪੇ।" ਅਚਾਨਕ ਬਹੁਤ ਬਦਬੂ ਆਈ। ਲੱਗਿਆ ਕਿ ਜਿਵੇਂ ਉਲਟੀ ਆਵੇਗੀ। ਉਹ ਉੱਪਰ ਜਾਣਾ ਚਾਹੁੰਦਾ ਸੀ ਅਤੇ ਆਪਣਾ ਦੋਸਤ ਦਾ ਬੂਹਾ ਖੜਕਾਉਣਾ ਚਾਹੁੰਦਾ ਸੀ। ਹਨ੍ਹੇਰੇ 'ਚ ਜਾਣੀਆਂ-ਪਛਾਣੀਆਂ ਪੌੜੀਆਂ ਚੜ੍ਹਨ ਲੱਗਿਆ। ਤਦੇ ਕੋਨੇ 'ਚ ਪਈ ਕਿਸੇ ਠੰਢੀ ਅਤੇ ਨਰਮ ਚੀਜ਼ 'ਤੇ ਉਸ ਦਾ ਪੈਰ ਪੈ ਗਿਆ। ਘਬਰਾ ਕੇ ਉਸ ਨੇ ਬੈਟਰੀ ਜਗਾਈ। ਦੇਖਿਆ-ਚੂ... ਚੂਹਾ।" ਚੂਹਾ ਪੈਰ ਉੱਪਰ ਚੁੱਕੀ ਮਰਿਆ ਪਿਆ ਸੀ। ਉਸ ਦੇ ਉੱਪਰ ਮੱਖੀਆਂ ਬੈਠੀਆਂ ਸਨ। ਚਾਨਣ 'ਚ ਉਹ ਉੱਡ ਕੇ ਭਿਣਭਿਣਾਉਣ ਲੱਗੀਆਂ। ਛੇਤੀ ਦੇਣੇ ਉਸ ਨੇ ਉੱਪਰ ਜਾ ਕੇ ਫੇਰ ਟਾਰਚ ਬਾਲੀ। ਇਉਂ ਚਾਦਰ ਲੈ ਕੇ ਨਾਰਣੱਪਾ ਭੁੰਜੇ ਹੀ ਕਿਉਂ ਸੁੱਤਾ ਪਿਆ ਹੈ? ਸੋਚਿਆ, ਬਹੁਤਾ ਠਰਰਾ ਪੀ ਗਿਆ ਹੋਵੇਗਾ। ਉਸ ਨੇ ਮੂੰਹ ਤੋਂ ਚਾਦਰ ਹਟਾਈ। ਉਸ ਨੂੰ ਹਿਲਾਉਂਦਿਆਂ ਜ਼ੋਰ ਦੇਣੇ ਬੋਲਿਆ, "ਨਾਰਣੱਪੇ, ਨਾਰਣੱਪੇ।" ਫੇਰ ਜਿਵੇਂ ਉਸ ਦੇ ਪੈਰਾਂ ਹੇਠ ਇੱਕ ਚੂਹਾ ਮਿੱਧਿਆ ਗਿਆ ਹੋਵੇ। ਉਸ ਨੇ ਝੱਟ ਦੇਣੇ ਹੱਥ ਪਾਸੇ ਕਰ ਲਿਆ। ਸਰੀਰ ਬਿਲਕੁਲ ਠੰਢਾ ਸੀ। ਉਸ ਨੇ ਹੱਥ ਖਿੱਚ ਲਿਆ ਅਤੇ ਚਾਨਣ ਕੀਤਾ।



ਦੇਖਿਆ ਕਿ ਉਸ ਦੀਆਂ ਅੱਖਾਂ ਖੁੱਲ੍ਹੀਆਂ, ਹਮੇਸ਼ਾ ਲਈ ਉੱਪਰ ਝਾਕ ਰਹੀਆਂ ਸਨ। ਬੈਟਰੀ ਦੀ ਰੌਸ਼ਨੀ 'ਚ ਉਸ ਨੂੰ ਮੱਖੀਆਂ ਤੇ ਛੋਟੇ-ਛੋਟੇ ਕੀੜੇ ਦਿਸੇ ਅਤੇ ਬਦਬੂ ਉਸ ਦੀਆਂ ਨਾਸਾਂ ਨੂੰ ਚੜ੍ਹ ਗਈ।

## 6

ਅਗਰਹਾਰ 'ਚ ਹੀ ਸਭ ਤੋਂ ਵੱਡੀ ਉਮਰ ਦੀ ਬੁੱਢੀ ਸੀ, ਸੱਤਰ ਸਾਲ ਦੀ ਲਕਸ਼ਮੀ ਦੇਵੰਮਾ! ਉਸ ਨੇ ਕਰਰ ਕਰਰ ਦੀ ਆਵਾਜ਼ ਕਰਦਿਆਂ ਦਰਵਾਜ਼ੇ ਨੂੰ ਖੋਲ੍ਹਿਆ ਅਤੇ ਇੱਕ ਵੱਡਾ ਸਾਰਾ ਡਕਾਰ ਮਾਰਿਆ। ਗਲੀ 'ਚ ਆ ਗਈ। ਹੱਥ 'ਚ ਫੜੀ ਖੂੰਡੀ ਦੇ ਸਹਾਰੇ ਇੱਕ ਵਾਰ ਹੋਰ ਡਕਾਰ ਮਾਰਿਆ। ਰਾਤ ਨੂੰ ਜਦ ਉਸ ਨੂੰ ਨੀਂਦ ਨਾ ਆਉਂਦੀ ਤਾਂ ਉਹ ਗਲੀ 'ਚ ਆ ਜਾਂਦੀ ਅਤੇ ਦੋ-ਤਿੰਨ ਵਾਰ ਗੇੜੇ ਕੱਢ ਕੇ, ਛੇਕੜ ਗਰੁੜਾਚਾਰੀਏ ਦੇ ਘਰ ਮੂਹਰੇ ਖੜ੍ਹ ਜਾਂਦੀ। ਫੇਰ ਉਹ ਦੇਵੀ-ਦੇਵਤਾਵਾਂ ਨੂੰ ਹਾਜ਼ਰ-ਨਾਜ਼ਰ ਮੰਨ ਕੇ ਉਸ ਦੇ ਪੁੱਤ-ਪੋਤਿਆਂ ਨੂੰ ਰੱਜ ਕੇ ਗਾਲ੍ਹਾਂ ਕੱਢਦੀ ਅਤੇ ਸਰਾਪ ਦਿੰਦੀ ਅਤੇ ਫੇਰ ਆ ਕੇ ਕਰਰ ਕਰਰ ਦੀ ਆਵਾਜ਼ ਕਰਨ ਵਾਲੇ ਦਰਵਾਜ਼ੇ ਨੂੰ ਬੰਦ ਕਰਕੇ ਸੌਂ ਜਾਂਦੀ। ਇਹ ਉਸ ਦੀ ਆਦਤ ਬਣ ਚੁੱਕੀ ਹੈ-ਫੇਰ ਮੱਸਿਆ ਅਤੇ ਪੂਰਨਮਾਸ਼ੀ ਦੀਆਂ ਰਾਤਾਂ ਨੂੰ ਤਾਂ ਉਸ ਦੀ ਇਹ ਆਦਤ ਸਿਖ਼ਰ 'ਤੇ ਆ ਜਾਂਦੀ ਹੈ। ਅਗਰਹਾਰ 'ਚ ਦੋ ਚੀਜ਼ਾਂ ਪ੍ਰਸਿੱਧ ਹਨ-ਉਸ ਦੇ ਡਕਾਰ ਅਤੇ ਉਸ ਦੇ ਖੁੱਲ੍ਹਦੇ-ਬੰਦ ਹੁੰਦੇ ਦਰਵਾਜ਼ੇ ਦੀ ਆਵਾਜ਼। ਦੋਵੇਂ ਆਵਾਜ਼ਾਂ ਇਸ ਕੋਨੇ ਤੋਂ ਉਸ ਕੋਨੇ ਤੱਕ ਸੁਣਾਈ ਦਿੰਦੀਆਂ ਹਨ। ਅਗਰਹਾਰ ਦੇ ਪੰਡਤਾਂ 'ਚ ਉਸ ਦਾ ਜਸ ਚਾਰੇ ਦਿਸ਼ਾਵਾਂ 'ਚ ਫ਼ੈਲਿਆ ਹੋਇਆ ਹੈ। ਲਕਸ਼ਮੀ ਦੇਵੰਮਾ ਬਾਲ-ਵਿਧਵਾ ਸੀ, ਇਸ ਕਾਰਣ ਸਾਰੇ ਜਣੇ ਉਸ ਨੂੰ ਕੁਲੱਛਣੀ ਲਕਸ਼ਮੀ ਦੇਵੰਮਾ ਆਖ ਕੇ ਬੁਲਾਉਂਦੇ ਸਨ। ਅਚਾਨਕ ਉਸ ਦੇ ਸਾਹਮਣੇ ਆ ਜਾਣ 'ਤੇ ਅਸ਼ੁਭ ਮੰਨਦੇ ਹੋਏ ਪੰਡਤ ਇੱਕ ਵਾਰ ਚਾਰ ਪੈਰ ਪਿੱਛੇ ਹਟ ਜਾਂਦੇ ਸਨ। ਅੱਗੇ ਆ ਕੇ ਛੇੜਨ ਵਾਲੇ ਬੱਚਿਆਂ ਨੂੰ ਉਹ ਆਪਣੇ ਹੱਥ ਦੀ ਖੂੰਡੀ ਨਾਲ ਭਜਾ ਦਿੰਦੀ ਅਤੇ ਉਹਨਾਂ ਨੂੰ ਸਰਾਪ ਦਿੰਦੀ ਪਰ ਅਸਲ 'ਚ ਕੋਈ ਉਸ ਦੀ ਪਰਵਾਹ ਨਹੀਂ ਕਰਦਾ ਸੀ। ਸਭ ਉਸ ਨੂੰ 'ਖੱਟੇ ਡਕਾਰਾਂ ਵਾਲੀ' ਲਕਸ਼ਮੀ ਦੇਵੰਮਾ ਆਖ ਕੇ ਬੁਲਾਉਂਦੇ ਸਨ, ਭਾਵੇਂ 'ਅੱਧੀ ਪਾਗ਼ਲ' ਲਕਸ਼ਮੀ ਦੇਵੰਮਾ ਦੇ ਨਾਲ ਉਹ ਜ਼ਿਆਦਾ ਪ੍ਰਸਿੱਧ ਸੀ।

ਉਸ ਦੀ ਆਪ ਬੀਤੀ ਵੀ ਇੱਕ ਪੁਰਾਣ ਦੇ ਵਰਗੀ ਹੈ। ਜਦ ਉਹ ਅੱਠ ਸਾਲ ਦੀ ਨਿੱਕੀ ਬੱਚੀ ਸੀ ਤਾਂ ਉਸ ਦਾ ਵਿਆਹ ਕਰ ਦਿੱਤਾ ਗਿਆ ਸੀ। ਦਸ ਸਾਲ ਦੀ ਹੋਣ ਤੱਕ ਉਹ ਵਿਧਵਾ ਹੋ ਗਈ। ਪੰਦਰਾਂ ਦੀ ਹੋਣ ਤੱਕ ਸੱਸ-ਸਹੁਰਾ ਮਰ ਗਏ। 'ਮਾੜੇ ਗ੍ਰਹਿ ਵਾਲੀ' ਕਹਿ ਕੇ ਅਗਰਹਾਰ ਦੇ ਲੋਕ ਉਸ ਦੀ ਬੇਇਜ਼ਤੀ ਕਰਦੇ। ਵੀਹ ਸਾਲ ਦੀ ਹੋਣ ਤੱਕ ਉਸ ਦੇ ਮਾਂ-ਬਾਪ ਵੀ ਨਹੀਂ ਰਹੇ। ਜੋ ਕੁਝ ਥੋੜ੍ਹੀ ਬਹੁਤ ਜਾਇਦਾਦ ਉਸ ਦੇ ਕੋਲ ਬਚੀ ਸੀ, ਉਹ ਗਰੁੜਾਚਾਰੀਏ ਦੇ ਪਿਤਾ ਨੇ ਆਪਣੀ ਸਾਂਭ-ਸੰਭਾਲ ਹੇਠ ਲੈ ਲਈ। ਉਸ ਨੇ ਬੁੱਢੀ ਨੂੰ ਸੱਦ ਕੇ ਆਪਣੇ ਘਰ ਰੱਖ ਲਿਆ। ਉਸ ਦਾ ਤੌਰ-ਤਰੀਕਾ ਅਜਿਹਾ ਹੀ ਸੀ। ਨਾਰਣੱਪੇ ਦੇ ਪਿਤਾ ਨੇ 'ਨਾਸਮਝ ਹੈ''-ਕਹਿ ਕੇ ਉਸ ਦੀ ਜਾਇਦਾਦ ਦੀ ਸਾਂਭ-ਸੰਭਾਲ ਵੀ ਉਸ ਤੋਂ ਲੈ ਲਈ। ਲਕਸ਼ਮੀ ਦੇਵੰਮਾ ਨੇ ਇਸੇ ਤਰ੍ਹਾਂ ਪੱਚੀ ਸਾਲ ਦਾ ਜੀਵਨ ਉਸ ਘਰ 'ਚ ਬਿਤਾਇਆ। ਉਸ ਦੇ ਪਿਤਾ ਦੀ ਮੌਤ ਤੋਂ ਬਾਦ ਗਰੁੜਾਚਾਰੀਏ ਦੇ ਹੱਥ 'ਚ ਜਾਇਦਾਦ ਦੀ ਸਾਰੀ ਦੇਖਭਾਲ ਆ ਗਈ ਸੀ। ਗਰੁੜਾਚਾਰੀਏ ਦੀ ਘਰਵਾਲੀ ਬੜੀ ਕੰਜੂਸ ਸੀ। ਕਦੇ ਕਿਸੇ ਨੂੰ ਰੱਜ ਕੇ ਰੋਟੀ ਨਹੀਂ ਦਿੰਦੀ ਸੀ। ਲਕਸ਼ਮੀ ਦੇਵੰਮਾ ਅਤੇ ਉਸ ਦਾ ਹਮੇਸ਼ਾ ਝਗੜਾ ਹੋਇਆ ਕਰਦਾ ਅਤੇ ਕਦੇ-ਕਦੇ ਹੱਥੋਪਾਈ ਤੱਕ ਦੀ ਵੀ ਨੌਬਤ ਆ ਜਾਂਦੀ। ਫੇਰ ਤੀਵੀਂ-ਮਾਲਕ ਨੇ ਮਿਲ ਕੇ ਲਕਸ਼ਮੀ ਦੇਵੰਮਾ ਨੂੰ ਘਰੋਂ ਬਾਹਰ ਕੱਢ ਦਿੱਤਾ ਅਤੇ ਉਸ ਨੂੰ ਉਸ ਦੇ ਘਰਵਾਲੇ ਦੇ ਪੁਰਾਣੇ ਟੁੱਟੇ-ਭੱਜੇ, ਉਜਾੜ ਘਰ 'ਚ ਸੁੱਟ ਦਿੱਤਾ। ਉਦੋਂ ਤੋਂ ਲਕਸ਼ਮੀ ਦੇਵੰਮਾ ਇਕੱਲੀ ਹੀ ਉੱਥੇ ਰਹਿਣ ਲੱਗੀ। ਲਕਸ਼ਮੀ ਦੇਵੰਮਾ ਨੇ ਪ੍ਰਾਣੇਸ਼ਾਚਾਰੀਏ ਨੂੰ ਵੀ ਸ਼ਿਕਾਇਤ ਕੀਤੀ। ਉਹਨਾਂ ਨੇ ਗਰੁੜ ਨੂੰ ਬੁਲਾ ਕੇ ਬੁਰਾ-ਭਲਾ ਕਿਹਾ, ਉਦੋਂ ਤੋਂ ਹਰ ਮਹੀਨੇ ਉਹ ਇੱਕ

ਰੁਪਈਆ ਉਸ ਨੂੰ ਦੇਣ ਲੱਗਿਆ। ਉਸ ਇੱਕ ਰੁਪਏ ਨਾਲ ਕੀ ਹੋ ਸਕਦਾ ਸੀ ? ਇਸ ਕਾਰਣ ਆਪਣੀ ਜਾਇਦਾਦ ਅਤੇ ਨਗਦੀ ਹੜੱਪਣ ਵਾਲਾ, ਗਰੁੜਚਾਰੀਆ ਜ਼ਹਿਰ ਵਾਂਗ ਲੱਗਣ ਲੱਗਿਆ। ਅਗਰਹਾਰ ਦੇ ਪੰਡਤਾਂ ਤੋਂ ਕਦੇ-ਕਦੇ ਪ੍ਰਾਣੇਸ਼ਾਚਾਰੀਆ ਲਕਸ਼ਮੀ ਦੇਵੰਮਾ ਨੂੰ ਕੁਝ ਚੌਲ ਦਵਾ ਦਿਆ ਕਰਦੇ ਸਨ। ਜਿਵੇਂ-ਜਿਵੇਂ ਉਸ ਦੀ ਉਮਰ ਵਧਦੀ ਗਈ, ਉਸ ਦੇ ਰੋਮ-ਰੋਮ 'ਚ ਈਰਖਾ ਦਾ ਜ਼ਹਿਰ ਸਮਾਉਂਦਾ ਗਿਆ।

ਡਕਾਰ ਲੈਂਦਿਆਂ ਲਕਸ਼ਮੀ ਦੇਵੰਮਾ ਗਰੁੜਾਚਾਰੀਏ ਦੇ ਘਰ ਮੂਹਰੇ ਖੜ੍ਹ ਕੇ ਗਾਲ੍ਹਾਂ ਕੱਢਣ ਲੱਗੀ :

"ਤੇਰਾ ਘਰ ਬਰਬਾਦ ਹੋ ਜਾਵੇ : ਤੂੰ ਅੰਨ੍ਹਾ ਹੋ ਜਾਵੇਂ। ਤੂੰ ਪਿੰਡ ਨੂੰ ਉਜਾੜ ਦਿੱਤਾ। ਤੂੰ ਵਿਧਵਾ ਦੇ ਢਿੱਡ 'ਤੇ ਲੱਤ ਮਾਰਨ ਵਾਲਾ ਹੈਂ। ਤੂੰ ਨਾਰਣੱਪੇ ਦੇ ਬਾਪ 'ਤੇ ਟੂਣਾ ਕਰਾਇਆ। ਛਨਾਲ ਦੀ ਔਲਾਦ ਹੈ ਤੂੰ। ਜ਼ਰਾ ਵੀ ਅਣਖ ਹੈ ਤਾਂ ਬਾਹਰ ਨਿਕਲ ਤੂੰ। ਤੂੰ ਗ਼ਰੀਬ ਵਿਧਵਾ ਦੀ ਜਾਇਦਾਦ ਹੜੱਪ ਲਈ ਹੈ ਨਾ ? ਕੀ ਹਜਮ ਹੋ ਜਾਵੇਗੀ। ਮਰ ਵੀ ਜਾਵਾਂਗੀ ਤਾਂ ਭੂਤ ਬਣ ਕੇ ਤੇਰੇ ਬਾਲ-ਬੱਚਿਆਂ ਨੂੰ ਸਤਾਵਾਂਗੀ ਉਇ...। ਤੂੰ ਮੈਨੂੰ ਅਜੇ ਪਛਾਣਿਆ ਨਹੀਂ ਹੈ।"

ਘਰਘਰਾਹਟ ਦੇ ਨਾਲ ਉਸ ਨੇ ਸਾਹ ਲਿਆ ਅਤੇ ਵੱਡਾ ਸਾਰਾ ਡਕਾਰ ਮਾਰਿਆ। ਫੇਰ ਬੋਲੀ :

"ਓਇ ਕੰਜਰਾ, ਤੇਰੀਆਂ ਕਰਤੂਤਾਂ ਦੇ ਕਾਰਨ ਹੀ ਸੋਨੇ ਵਰਗੇ ਨਾਰਣੱਪੇ ਨੇ ਜਾਤ ਗਵਾ ਲਈ ਅਤੇ ਉਹ ਰੰਡੀ ਦੇ ਨਾਲ ਰਹਿਣ ਲੱਗਿਆ। ਤੁਸੀਂ ਆਪਣੇ-ਆਪ ਨੂੰ ਪੰਡਤ ਆਖਦੇ ਹੋ, ਕਿੱਥੇ ਗਿਆ ਤੁਹਾਡਾ ਪੰਡਤਾਊਪੁਣਾ ? ਚੰਡਾਲੋ। ਨਰਕ 'ਚ ਜਾ ਕੇ ਮਰੋਗੇ ਤੁਸੀਂ ਲੋਕ। ਮੈਂ ਕਦੇ ਨਹੀਂ ਦੇਖਿਆ ਕਿ ਅਗਰਹਾਰ 'ਚ ਸਾਰੀ ਰਾਤ ਬਿਨਾ ਸੰਸਕਾਰ ਦੇ ਇਉਂ ਕੋਈ ਲਾਸ਼ ਪਈ ਰਹੀ ਹੋਵੇ। ਰਾਮ... ਰਾਮ। ਕਿੰਨੇ ਮਾੜੇ ਦਿਨ ਆ ਗਏ ਹਨ। ਪੰਡਤਾਂ ਦਾ ਨਾਸ ਹੋ ਚੁੱਕਿਆ ਹੈ। ਸਿਰ ਮੁੰਨਾ ਕੇ ਤੁਸੀਂ ਸਾਰੇ ਮੁਸਲਮਾਨ ਕਿਉਂ ਨਹੀਂ ਬਣ ਜਾਂਦੇ ? ਤੁਹਾਨੂੰ ਕਿਉਂ ਚਾਹੀਦਾ ਹੈ ਪੰਡਤਾਊਪੁਣਾ ?" ਹੱਥ ਦੀ ਖੂੰਡੀ ਭੁੰਜੇ ਮਾਰ ਕੇ ਉਸ ਨੇ ਫੇਰ 'ਹੈਚ' ਕਹਿ ਕੇ ਇੱਕ ਡਕਾਰ ਮਾਰਿਆ।

"ਹਾਇ ਓਇ" ਕਹਿੰਦਿਆਂ ਸ੍ਰੀਪਤੀ ਨਾਰਣੱਪੇ ਦੇ ਘਰੋਂ ਗਲੀ 'ਚ ਭੱਜ ਆਇਆ। ਘਰ ਦਾ ਦਰਵਾਜ਼ਾ ਬੰਦ ਕਰਨਾ ਭੁੱਲ ਗਿਆ।

"ਦੇਖੋ... ਦੇਖੋ... ਦੇਖੋ... ਨਾਰਣੱਪੇ ਦਾ ਪ੍ਰੇਤ ਉੱਥੇ ਹੈ... ਦੇਖੋ...।" ਕਹਿੰਦਿਆਂ ਅੱਧੀ ਪਾਗ਼ਲ ਲਕਸ਼ਮੀ ਦੇਵੰਮਾ ਵੀ ਸੋਟੀ ਲੈ ਭੱਜ ਕੇ ਘਰ-ਘਰ ਦਾ ਦਰਵਾਜ਼ਾ ਖੜਕਾਇਆ। ਆਪਣੀ ਜਾਨ ਹਥੇਲੀ 'ਤੇ ਧਰ ਕੇ ਸ੍ਰੀਪਤੀ ਨਦੀ ਪਾਰ ਕਰਕੇ ਪਾਰਿਜਾਤਪੁਰ ਦੇ ਨਾਗਰਾਜ ਦੇ ਘਰ ਵੱਲ ਭੱਜਿਆ।

ਪ੍ਰਾਣੇਸ਼ਾਚਾਰੀਏ ਦੇ ਘਰ ਦੇ ਬੜ੍ਹੇ 'ਤੇ ਸੁੱਤੀ ਚੰਦਰੀ ਹੀ ਪਛਾਣ ਸਕੀ ਕਿ ਇਉਂ ਭੱਜ ਕੇ ਜਾਣ ਵਾਲਾ ਸ੍ਰੀਪਤੀ ਹੀ ਸੀ। ਭੁੱਖ ਦੇ ਕਾਰਨ ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਉਸ ਨੇ ਕਦੇ ਇਸ ਜਨਮ ਜਾਂ ਪਹਿਲੇ ਜਨਮਾਂ 'ਚ ਇੱਕ ਦਿਨ ਵੀ ਵਰਤ ਨਹੀਂ ਸੀ ਰੱਖਿਆ ਸੀ ਅਤੇ ਨਾ ਕਦੇ ਉਹ ਇਸ ਤਰ੍ਹਾਂ ਇਕੱਲੀ ਕਿਸੇ ਘਰ ਦੇ ਵਰ੍ਹਾਂਡੇ ਦੀ ਕਰੜੀ ਜ਼ਮੀਨ 'ਤੇ ਪਈ ਹੀ ਸੀ। ਜਦ ਤੋਂ ਉਹ ਕੁੰਦਾਪੁਰ ਦੇ ਘਰੋਂ ਆਈ ਅਤੇ ਨਾਰਣੱਪੇ ਦੇ ਨਾਲ ਰਹਿਣ ਲੱਗੀ ਸੀ, ਉਹ ਹਮੇਸ਼ਾ ਅਗਰਬੱਤੀਆਂ ਦੀ ਖ਼ੁਸ਼ਬੂ ਨਾਲ ਭਰੇ ਕਮਰੇ 'ਚ ਨਰਮ ਅਤੇ ਗੱਦੇਦਾਰ ਬਿਸਤਰੇ 'ਤੇ ਆਰਾਮ ਨਾਲ ਸੌਂਦੀ ਰਹੀ ਹੈ। ਉਹ ਭੁੱਖ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੀ ਸੀ। ਉਹ ਉੱਠੀ ਅਤੇ ਪਿਛਲੇ ਬਗੀਚੇ 'ਚ ਗਈ, ਜਿੱਥੇ ਪੱਕਣ ਲਈ



ਕੇਲੇ ਰੱਖੇ ਹੋਏ ਸਨ। ਰੱਜ ਕੇ ਖਾਣ ਦੇ ਬਾਦ ਨਦੀ 'ਤੇ ਜਾ ਕੇ ਉਸ ਨੇ ਪਾਣੀ ਪੀਤਾ। ਆਪਣੇ ਘਰ ਵੱਲ ਜਾਣ ਨੂੰ ਉਸ ਨੂੰ ਡਰ ਲੱਗ ਰਿਹਾ ਸੀ। ਜਦ ਤੋਂ ਪੈਦਾ ਹੋਈ ਸੀ, ਉਸ ਨੇ ਕਦੇ ਲਾਸ਼ ਨਹੀਂ ਦੇਖੀ ਸੀ। ਨਾਰਣੱਪੇ ਦੀ ਦੇਹ ਦਾ ਦਾਹ-ਸੰਸਕਾਰ ਹੋ ਜਾਂਦਾ ਤਾਂ ਉਸ ਨਾਲ ਆਪਣੇ ਪ੍ਰੇਮ-ਸਬੰਧਾਂ ਨੂੰ ਯਾਦ ਕਰਕੇ ਇੱਕ ਵਾਰ ਰੱਜ ਕੇ ਰੋ ਲੈਂਦੀ ਪਰ ਉਸ ਦੇ ਦਿਲ 'ਚ ਡਰ ਦੇ ਇਲਾਵਾ ਹੋਰ ਕੁਝ ਨਹੀਂ ਸੀ। ਡਰ ਅਤੇ ਫ਼ਿਕਰ ! ਜੇਕਰ ਨਾਰਣੱਪੇ ਦੀ ਲਾਸ਼ ਦਾ ਸਹੀ ਰੀਤੀ-ਰਿਵਾਜ਼ ਨਾਲ ਸੰਸਕਾਰ ਨਾ ਹੋਇਆ ਤਾਂ ਉਹ ਜ਼ੁਲਮੀ ਭੂਤ-ਪ੍ਰੇਤ ਬਣ ਜਾਵੇਗਾ। ਦਸ ਸਾਲ ਤੱਕ ਉਸ ਦੇ ਨਾਲ ਸੁੱਖ ਨਾਲ ਰਹੀ ਹਾਂ, ਉਸ ਨੇ ਸੋਚਿਆ, ਹੁਣ ਉਸ ਦੀ ਲਾਸ਼ ਦਾ ਦਾਹ-ਸੰਸਕਾਰ ਨਾ ਕਰਾ ਸਕਾਂ ਤਾਂ ਮੇਰਾ ਮਨ ਕਿਵੇਂ ਮੰਨੇਗਾ ? ਇਹ ਸੱਚ ਹੈ ਕਿ ਨਾਰਣੱਪੇ ਨੇ ਪੰਡਤਾਊਪੁਣਾ ਛੱਡ ਦਿੱਤਾ ਸੀ। ਉਹ ਮੁਸਲਮਾਨਾਂ ਦੇ ਨਾਲ ਖਾ-ਪੀ ਲੈਂਦਾ ਸੀ। ਉਹ ਆਪ ਵੀ ਤਾਂ ਇਸੇ ਤਰ੍ਹਾਂ ਖਾਂਦੀ-ਪੀਂਦੀ ਸੀ। ਉਸ ਨੂੰ ਇਸ ਦਾ ਕੋਈ ਪਾਪ ਨਹੀਂ ਲੱਗੇਗਾ, ਕਿਉਂਕਿ ਵੇਸ਼ਵਾ ਦੀ ਜੀਵਨ-ਸ਼ੈਲੀ ਵਾਲੀ ਔਰਤ 'ਤੇ ਇਹਨਾਂ ਨੇਮਾਂ ਦੀ ਪਾਬੰਦੀ ਕੋਈ ਅਰਥ ਨਹੀਂ ਰੱਖਦੀ। ਉਹ ਇਹਨਾਂ ਨੇਮਾਂ ਤੋਂ ਪਰੇ ਹੈ। ਉਹ ਹਮੇਸ਼ਾ ਕਲਿਆਣਕਾਰੀ ਹੈ, ਉਸ ਦੇ ਲਈ ਕਦੇ ਕਿਸੇ ਕਿਸਮ ਦੇ ਤਸੀਹੇ ਨਹੀਂ ਹੋਣਗੇ। ਉਹ ਸਦਾ-ਸੁਹਾਗਣ ਹੈ। ਵਗਦੀ ਨਦੀ ਨੂੰ ਕੀ ਕਦੇ ਕੋਈ ਪਾਪ ਲੱਗ ਸਕਦਾ ਹੈ ? ਉਸ ਦਾ ਪਾਣੀ ਪਿਆਸੇ ਦੀ ਪਿਆਸ ਬੁਝਾਉਂਦਾ ਹੈ, ਆਦਮੀ ਗੰਦਾ ਹੋਵੇ ਤਾਂ ਮੈਲ ਧੋਣ ਦੇ ਲਈ ਵੀ ਠੀਕ ਹੈ, ਉਸ ਦਾ ਵਗਦਾ ਪਾਣੀ ਭਗਵਾਨ ਦੇ ਪਵਿੱਤਰ ਅਭਿਸ਼ੇਕ ਦੇ ਲਈ ਵੀ ਸਹੀ ਹੈ। ਸਭ ਦੇ ਲਈ ਹਮੇਸ਼ਾ 'ਹਾਂ', 'ਨਾ' ਕਦੇ ਨਹੀਂ, ਕਿਸੇ ਦੇ ਲਈ ਨਹੀਂ। ਉਸੇ ਦੇ ਤਰ੍ਹਾਂ ਸੁੱਕਦੀ ਨਹੀਂ, ਮੁਰਝਾਉਂਦੀ ਨਹੀਂ। ਉਹ ਤੁੰਗਾ ਨਦੀ ਦੀ ਤਰ੍ਹਾਂ ਹੈ ਜੋ ਕਦੇ ਖੁਸ਼ਕ ਨਹੀਂ ਹੁੰਦੀ, ਕਦੇ ਥਕਦੀ ਨਹੀਂ।

ਇਹਨਾਂ ਪੰਡਤਾਣੀਆਂ ਦੀਆਂ ਦੋ ਜੁਆਕ ਜੰਮ ਕੇ ਗੱਲ੍ਹਾਂ ਪਿਚਕ ਜਾਂਦੀਆਂ ਹਨ, ਅੱਖਾਂ ਅੰਦਰ ਨੂੰ ਧਸ ਜਾਂਦੀਆਂ ਹਨ। ਉਹਨਾਂ ਦੇ ਵਾਂਗ ਉਸ ਦੀਆਂ ਛਾਤੀਆਂ ਢਿੱਲੀਆਂ ਨਹੀਂ ਪਈਆਂ, ਲਟਕ ਨਹੀਂ ਗਈਆਂ। ਉਹ ਨਾ ਸੁੱਕਣ ਵਾਲੀ, ਹਮੇਸ਼ਾ ਰਹਿਣ ਵਾਲੀ, ਨਾ ਕਮਜ਼ੋਰ ਪੈਣ ਵਾਲੀ-ਨਿਰੰਤਰ ਵਗਣ ਵਾਲੀ ਨਦੀ ਹੈ।

ਨਾਰਣੱਪੇ ਨੇ ਦਸ ਵਰ੍ਹਿਆਂ ਦੇ ਬੱਚੇ ਦੀ ਤਰ੍ਹਾਂ ਉਸ ਦੀ ਦੇਹ ਨੂੰ ਮਲਿਆ ਸੀ, ਮਖਿਆਲ ਦੇ ਛੱਤੇ ਦੇ ਸ਼ਹਿਦ ਨੂੰ ਪੀਣ ਦੇ ਲਈ ਆਉਂਦੇ ਲਾਲਚੀ ਰਿੱਛ ਦੀ ਤਰ੍ਹਾਂ ਉਸ ਦੀ ਦੇਹ ਨੂੰ ਚੀਰਿਆ, ਫਾੜਿਆ ਅਤੇ ਖਾਧਾ ਸੀ। ਕਦੇ ਉਹ ਦਹਾੜਦਿਆਂ ਚੀਤੇ ਵਾਂਗ ਉਸ 'ਤੇ ਟੁੱਟ ਪੈਂਦਾ। ਹੁਣ ਉਸ ਦਾ ਸੰਸਕਾਰ ਹੋ ਜਾਵੇ ਤਾਂ ਬਸ ਕੁੰਦਾਪੁਰ ਚਲੀ ਜਾਵਾਂਗੀ ਅਤੇ ਉੱਥੇ ਜਾ ਕੇ ਰੱਜ ਕੇ ਰੋ ਲਵਾਂਗੀ। ਸੰਸਕਾਰ ਪਰ ਇਹਨਾਂ ਪੰਡਤਾਂ ਨੇ ਕੀ ਕਰਨਾ ਹੈ। ਇਹ ਠੀਕ ਹੈ ਕਿ ਨਾਰਣੱਪੇ ਨੇ ਪੰਡਤਾਊਪੁਣੇ ਨੂੰ ਛੱਡ ਦਿੱਤਾ ਸੀ ਪਰ ਪੰਡਤ ਫੇਰ ਵੀ ਉਸ ਨਾਲ ਚਿੰਬੜੇ ਰਹੇ। ਉਸ ਦੀ ਸ਼ਖ਼ਸੀਅਤ ਬੜੀ ਗੁੱਸੇ ਵਾਲੀ, ਜ਼ਿੱਦੀ, ਕਹਿਣੀ-ਕਰਨੀ ਦੀ ਪੱਕੀ ਸੀ। ਛੇਕ ਦੇਣਗੇ ਤਾਂ ਮੁਸਲਮਾਨ ਹੋ ਜਾਵਾਂਗਾ, ਉਹ ਚੁਣੌਤੀ ਦਿੰਦਾ ਸੀ ਪਰ ਉਸ ਦੇ ਮਨ 'ਤੇ ਕੀ ਬੀਤਦੀ ਸੀ ਕੌਣ ਜਾਣਦਾ ਹੈ ? ਉਹ ਤਾਂ ਨਹੀਂ ਜਾਣ ਸਕਦੀ। ਕਿੰਨੀ ਵੀ ਗਰਮੋ-ਗਰਮੀ ਹੋਣ 'ਤੇ ਵੀ ਉਸ ਨੇ ਪ੍ਰਾਣੇਸ਼ਾਚਾਰੀਏ ਨਾਲ ਕਦੇ ਗਾਲਮ-ਗਾਲੀ ਨਹੀਂ ਹੋਇਆ ਸੀ, ਭਾਵੇਂ ਕਿਸੇ ਦਿਨ ਜੋਸ਼ 'ਚ ਆ ਕੇ ਪੁੱਠਾ-ਸਿੱਧਾ ਕਹਿ ਵੀ ਦਿੰਦਾ ਪਰ ਅੰਦਰੋ-ਅੰਦਰ ਉਹਨਾਂ ਤੋਂ ਬਹੁਤ ਡਰਦਾ ਸੀ। ਕਦੇ ਕਿਸੇ ਨਾਲ ਝਗੜਦਾ, ਥੋੜ੍ਹੀ ਦੇਰ 'ਚ ਹੀ ਭੁੱਲ ਜਾਂਦਾ। ਚੰਦਰੀ ਨੇ ਸੋਚਿਆ ਕਿ ਮੇਰੇ ਵਰਗੀ ਈਰਖਾਲੂ ਤੀਵੀਂ ਦੇ ਲਈ ਉਸ ਨੂੰ ਸਮਝ ਪਾਉਣਾ ਸੰਭਵ ਨਹੀਂ ਹੈ। ਜਦ ਉਹ ਪਹਿਲਾਂ-ਪਹਿਲਾਂ ਏਥੇ ਆਈ ਸੀ ਤਾਂ ਬੋਲੀ, "ਮੇਰੇ ਹੱਥ ਦਾ ਪਕਾਇਆ ਨਾ ਖਾਇਉ। ਮਾਸ ਨਾ ਖਾਇਉ। ਮੈਂ ਆਪ ਇਹ ਸਭ ਛੱਡ ਦੇਵਾਂਗੀ। ਕਦੇ ਜੀ ਕਰੇਗਾ ਤਾਂ ਸ਼ੈਟੀ ਦੇ ਘਰੇ ਜਾ ਕੇ ਖਾ ਆਵਾਂਗੀ। ਅਗਰਹਾਰ 'ਚ ਇਹ ਸਭ ਨਹੀਂ ਕਰਾਂਗੀ।" ਪਰ ਉਸ ਨੇ ਕੁਝ ਨਹੀਂ ਸੁਣਿਆ, ਨਾ ਉਹ ਸੁਣਨ ਵਾਲਾ ਬੰਦਾ ਹੀ ਸੀ। ਬਹੁਤ ਜ਼ਿਆਦਾ ਜ਼ਿੱਦੀ। ਉਸ ਦੀ ਜ਼ਿੱਦੀ, ਪਾਗ਼ਲ ਘਰਵਾਲੀ 'ਚ ਘਰਵਾਲੇ ਦੀ ਜ਼ਿੱਦ ਦਾ

ਮੁਕਾਬਲਾ ਕਰਦਿਆਂ ਜਿਉਣ ਦਾ ਹੌਸਲਾ ਨਹੀਂ ਸੀ। ਉਹ ਪੇਕੇ ਚਲੀ ਗਈ। ਉਸ ਨੂੰ ਸਰਾਪ ਦਿੰਦੇ-ਦਿੰਦੇ ਮਰ ਗਈ। ਹੁਣ ਕੌਣ ਪਵੇ ਏਨੀਆਂ ਉਲਝਣਾਂ 'ਚ ? ਉਸ ਦਾ ਦਾਹ-ਸੰਸਕਾਰ ਹੋ ਜਾਵੇ ਬਸ। ਆਖ਼ਰੀ ਵਾਰ ਉਸ ਦੇ ਪੈਰਾਂ ਨੂੰ ਛੋਹ ਕੇ ਘਰ ਚਲੀ ਜਾਵਾਂਗੀ।

ਇੱਕ ਅਨੋਖੀ ਗੱਲ ਇਹ ਸੀ ਜੋ ਉਸ ਨੂੰ ਵਾਰ-ਵਾਰ ਦੁੱਖ ਦੇ ਰਹੀ ਸੀ-ਕਿਸੇ ਦਿਨ ਵੀ ਕਿਸੇ ਦੇਵਤਾ ਮੂਹਰੇ ਹੱਥ ਨਾ ਜੋੜਨ ਵਾਲਾ ਨਾਰਣੱਪਾ, ਬੇਹੋਸ਼ ਹੋਣ 'ਤੇ, ਬੁਖਾਰ ਦੀ ਤੇਜ਼ੀ 'ਚ ਅਨੋਖੀਆਂ ਗੱਲਾਂ ਕਰਨ ਲੱਗਿਆ ਸੀ। "ਓ ਮਾਂ! ਹੇ ਭਗਵਾਨ! ਹੇ ਰਾਮ! ਹੇ ਨਾਰਾਇਣ... ਰਾਮ... ਰਾਮ.।" ਕਿੰਨੀਆਂ ਹੂੰਗਰਾ ਮਾਰ ਰਿਹਾ ਸੀ। ਇਹਨਾਂ ਨਾਵਾਂ ਨੂੰ ਵਾਰ-ਵਾਰ ਦੁਹਰਾ ਰਿਹਾ ਸੀ। ਇਹ ਸ਼ਬਦ, ਇਹ ਦੁਹਾਈ ਕਿਸੇ ਪਾਪੀ ਦੇ, ਕਿਸੇ ਗਿਰੇ ਹੋਏ ਬੰਦੇ ਦੇ ਮੂੰਹੋਂ ਨਿਕਲਣ ਵਾਲੀਆਂ ਗੱਲਾਂ ਨਹੀਂ ਸਨ। ਉਸ ਦੇ ਅੰਦਰ ਕੀ ਕੁਝ ਅਤੇ ਕਿਵੇਂ ਮਥਿਆ ਜਾ ਰਿਹਾ ਸੀ, ਉਸ ਦਾ ਭੇਦ ਨਾ ਪਾ ਸਕੀ ਸੀ। ਹੁਣ ਜੇਕਰ ਸ਼ਾਸਤਰਾਂ ਦੇ ਵਿਧੀ ਵਿਧਾਨ ਅਨੁਸਾਰ ਦਾਹ-ਸੰਸਕਾਰ ਨਹੀਂ ਹੁੰਦਾ ਤਾਂ ਪੱਕਾ ਉਹ ਭੂਤ-ਪ੍ਰੇਤ ਦੀ ਜੂਨੀ 'ਚ ਹੀ ਜਾਵੇਗਾ। ਚੰਦਰੀ ਨੇ ਉਸ ਦਾ ਲੂਣ ਖਾਧਾ ਹੈ...।

ਹੁਣ ਸਭ ਕੁਝ ਪ੍ਰਾਣੇਸ਼ਾਚਾਰੀਆ 'ਤੇ ਹੀ ਨਿਰਭਰ ਕਰਦਾ ਹੈ। ਕਿੰਨੇ ਦਿਆਲੂ ਹਨ ਉਹ। ਨਾਟਕ 'ਚ ਦਰੋਪਦੀ ਦੇ ਬੁਲਾਉਣ 'ਤੇ ਹੱਸਦਿਆਂ ਮਦਦ ਲਈ ਆਉਣ ਵਾਲੇ ਕ੍ਰਿਸ਼ਨ ਵਾਂਗ ਹਨ ਵਿਚਾਰੇ। ਉਹਨਾਂ ਨੂੰ ਸਰੀਰ ਦੇ ਸੁੱਖਾਂ ਦੇ ਬਾਰੇ 'ਚ ਸ਼ਾਇਦ ਕੁਝ ਵੀ ਪਤਾ ਨਹੀਂ ਹੋਵੇਗਾ। ਸੁੱਕੀ ਲੱਕੜ ਦੀ ਤਰ੍ਹਾਂ ਪਈ ਰਹਿੰਦੀ ਹੈ ਉਹਨਾਂ ਦੀ ਘਰਵਾਲੀ। ਫੇਰ ਵੀ ਕਿੰਨੇ ਸਹਿਣਸ਼ੀਲ ਹਨ। ਕਿਵੇਂ ਤੇਜ਼ਵਾਨ ਚਿਹਰਾ, ਸਰਲ ਸੁਭਾਅ ਹੈ। ਫਿਰ ਇੱਕ ਵੀ ਅੱਖ ਚੁੱਕ ਕੇ ਉਸ ਦੇ ਵੱਲ ਨਹੀਂ ਦੇਖਿਆ। ਮਾਂ ਆਖਿਆ ਕਰਦੀ ਸੀ ਕਿ ਵੇਸਵਾਵਾਂ ਨੂੰ ਇਸ ਤਰ੍ਹਾਂ ਦੇ ਪੂਜਨੀਕ ਲੋਕਾਂ ਤੋਂ ਗਰਭ ਧਾਰਨ ਕਰਨਾ ਚਾਹੀਦਾ ਹੈ-ਜਿਹੋ ਜਿਹਾ ਰੂਪ ਅਤੇ ਤੇਜ਼ ਆਚਾਰੀਆ ਜੀ 'ਚ ਹੈ। ਪਰ ਅਜਿਹੇ ਬੰਦੇ ਨਾਲ ਭੋਗ ਕਰਨਾ ਕਿਸਮਤ 'ਚ ਲਿਖਿਆ ਹੋਵੇ ਤਾਂ ਨਾ...।

ਰੱਜ ਕੇ ਕੇਲੇ ਖਾ ਲੈਣ 'ਤੇ ਹੁਣ ਚੰਦਰੀ ਦੀਆਂ ਅੱਖਾਂ ਭਾਰੀ ਹੋਣ ਲੱਗੀਆਂ। ਨੀਂਦ ਦੇ ਟੂਲੇ ਆ ਰਹੇ ਸਨ। ਵਰ੍ਹਾਂਡੇ 'ਚ ਇਧਰ-ਉਧਰ ਪ੍ਰਾਣੇਸ਼ਾਚਾਰੀਆ ਦੇ ਘੁੰਮਣ-ਫਿਰਨ ਉੱਚੀ ਆਵਾਜ਼ 'ਚ ਮੰਤਰਾਂ ਦਾ ਪਾਠ ਕਰਨ 'ਤੇ ਲਗਦਾ ਹੈ ਕਿ ਹਾਲੇ ਉਹ ਜਾਗ ਰਹੇ ਹਨ। ਆਚਾਰੀਆ ਜੀ ਜਾਗ ਰਹੇ ਹਨ ਤਾਂ ਉਹ ਕਿਵੇਂ ਸੌਂ ਸਕਦੀ ਹੈ। ਇਹੀ ਸੋਚ ਕੇ ਚੰਦਰੀ ਨੀਂਦ ਨੂੰ ਟਾਲਣ ਦੀ ਕੋਸ਼ਿਸ਼ ਕਰ ਰਹੀ ਸੀ। ਚਿੰਤਾਵਾਂ ਵੀ ਘੇਰ ਰਹੀਆਂ ਸਨ। ਆਖ਼ਿਰ ਉੱਥੇ ਹੀ ਥੜ੍ਹੇ 'ਤੇ ਬਾਹਾਂ ਦਾ ਸਿਰਹਾਣਾ ਲਾ ਕੇ, ਸ਼ਰਮ ਨਾਲ ਦੋਵੇਂ ਗੋਡਿਆਂ ਨੂੰ ਢਿੱਡ ਨਾਲ ਲਾ ਕੇ, ਸਾੜ੍ਹੀ ਦੇ ਪੱਲੇ ਨਾਲ ਮੂੰਹ ਢਕ ਕੇ ਚੰਦਰੀ ਸੌਂ ਗਈ।

ਤਾੜ ਦੇ ਪੱਤਿਆਂ ਦੀਆਂ ਸਾਰੀਆਂ ਪੋਥੀਆਂ ਦਾ ਉਹ ਪੂਰੀ ਤਰ੍ਹਾਂ ਅਧਿਐਨ ਕਰ ਚੁੱਕੇ ਸਨ। ਅਜਿਹਾ ਕੋਈ ਹੱਲ ਨਹੀਂ ਮਿਲਿਆ ਜਿਹੜਾ ਉਹਨਾਂ ਦੀ ਅੰਤਰ ਆਤਮਾ ਨੂੰ ਮੰਨਜ਼ੂਰ ਹੋਵੇ। ਪ੍ਰਾਣੇਸ਼ਾਚਾਰੀਆ ਦੇ ਲਈ ਇਹ ਗੱਲ ਡਰ ਦਾ ਕਾਰਨ ਬਣੀ ਹੋਈ ਸੀ ਕਿ ਧਰਮਸ਼ਾਸਤਰਾਂ 'ਚ ਹੋ ਸਕਦਾ ਹੈ ਇਸ ਸ਼ੰਕੇ ਦਾ ਕੋਈ ਹੱਲ ਨਾ ਹੋਵੇ। ਉਹਨਾਂ ਨੂੰ ਇਸ ਗੱਲ ਦਾ ਵੀ ਡਰ ਸੀ ਕਿ ਮਠ ਦੇ ਪੰਡਤ ਇਹ ਨਾ ਕਹਿਣ ਲੱਗ ਪੈਣ ਕਿ ਉਹਨਾਂ ਦਾ ਗਿਆਨ ਹੀ ਸੀਮਿਤ ਹੈ। ਫੇਰ...? ਸਭ ਕੁਝ ਚਲਾ ਜਾਵੇ, ਇੱਜ਼ਤ ਨਹੀਂ ਜਾਣੀ ਚਾਹੀਦੀ। ਗਈ ਇੱਜ਼ਤ ਮੁੜ ਕੇ ਨਹੀਂ ਆਉਂਦੀ। ਪਰ ਇਸ ਤਰ੍ਹਾਂ ਦੀ ਸੋਚ-ਵਿਚਾਰ ਨਾਲ ਉਹਨਾਂ ਨੂੰ ਸ਼ਰਮ ਵੀ ਆਈ। ਸੋਚਿਆ, ਅਜਿਹੀ ਹਾਲਤ ਵਿਚ ਵੀ ਆਪਣੀ ਇੱਜ਼ਤ ਦੇ ਬਾਰੇ 'ਚ ਚਿੰਤਿਤ ਹੋ ਰਹੇ ਹਨ। ਉਹਨਾਂ ਦੇ ਮਨ ਨੇ ਕਿਹਾ ਕਿ ਅਜਿਹੇ ਹੰਕਾਰ ਦਾ ਨਾਸ਼ ਹੋਣਾ ਚਾਹੀਦਾ ਹੈ। ਇਸ ਦੇ ਬਾਦ ਉਹਨਾਂ ਇੱਕ ਵਾਰੀ ਫੇਰ ਤਾੜ ਦੇ ਪੱਤੇ ਵਾਲੀਆਂ ਪੋਥੀਆਂ



ਖੋਲ੍ਹੀਆਂ, ਅੱਖਾਂ ਬੰਦ ਕਰਕੇ ਧਿਆਨ ਲਾਇਆ। ਫੇਰ ਧਿਆਨ ਨਾਲ ਪੜ੍ਹਨ ਲੱਗੇ। ਨਹੀਂ! ਫੇਰ ਅੱਖਾਂ ਖੋਲ੍ਹ ਕੇ ਇੱਕ ਪੰਨਾ ਚੁੱਕ ਲਿਆ। ਨਹੀਂ! ਰਸੋਈ 'ਚ ਸੁੱਤੀ ਪਤਨੀ ਦੀਆਂ ਹੂੰਗਰਾਂ ਸੁਣੀਆਂ। ਉੱਥੇ ਗਏ। ਘਰਵਾਲੀ ਨੂੰ ਉਠਾ ਕੇ ਦੋ ਘੁੱਟਾਂ ਨੀਂਬੂ ਦਾ ਰਸ ਪਿਆਇਆ।

"ਨਾਰਣੱਪੇ ਦੀ ਬਜਾਏ ਮੈਨੂੰ ਹੀ ਮੌਤ ਕਿਉਂ ਨਾ ਆ ਗਈ ? ਸੁਹਾਗਣ-ਭਾਗਣ ਕਿਉਂ ਨਹੀਂ ਮਰ ਗਈ ਮੈਂ...? ਇਹ ਸੁਣ ਕੇ ਦੁਖੀ ਘਰਵਾਲੀ ਨੂੰ ਹੌਸਲਾ ਦੇਣ ਫੇਰ ਵਰ੍ਹਾਂਡੇ 'ਚ ਆ ਗਏ। ਲਾਲਟੈਣ ਦੀ ਰੌਸ਼ਨੀ 'ਚ ਉਦਾਸ ਮਨ ਨਾਲ ਬੈਠ ਗਏ। ਸਨਾਤਨ ਸ਼ਾਸਤਰਾਂ 'ਚ ਜੇਕਰ ਇਸ ਸੁਆਲ ਦਾ ਜੁਆਬ ਨਾ ਹੋਵੇ ਤਾਂ ਸਮਝਣਾ ਚਾਹੀਦਾ ਹੈ ਕਿ ਨਾਰਣੱਪੇ ਦੀ ਹੀ ਜਿੱਤ ਹੋਈ ਹੈ ਅਤੇ ਮੇਰੀ ਹਾਰ। ਮੂਲ ਪ੍ਰਸ਼ਨ ਸੀ ਨਾਰਣੱਪੇ ਦੇ ਜਿਉਂਦਿਆਂ ਕਿਉਂ ਨਹੀਂ ਉਹਨਾਂ ਨੇ ਛੇਕਿਆ ? ਕੀ ਇਸ ਦਾ ਕਾਰਨ ਉਹ ਧਮਕੀ ਸੀ ਜਿਸ 'ਚ ਉਹ ਕਹਿੰਦਾ ਸੀ ਕਿ ਉਹ ਮੁਸਲਮਾਨ ਬਣ ਜਾਵੇਗਾ ? ਉਸ ਧਮਕੀ ਤੋਂ ਹੀ ਡਰ ਕੇ ਕਿਉਂ ਉਹ ਧਰਮਸ਼ਾਸਤਰਾਂ ਦੀ ਬੇਅਦਬੀ ਕਰ ਚੁੱਕੇ ਸਨ ? ਜਦਕਿ ਪੰਡਤ ਦੀ ਤਪ-ਸ਼ਕਤੀ ਸਾਰੇ ਸੰਸਾਰ 'ਤੇ ਆਪਣੀ ਪ੍ਰਭੁਤਾ ਚਲਾਉਂਦੀ ਸੀ, ਉਦੋਂ ਅਜਿਹੀਆਂ ਧਮਕੀਆਂ ਤੋਂ ਕੌਣ ਡਰਦਾ ਸੀ। ਅੱਜ ਮਾੜਾ ਵਕਤ ਆ ਗਿਆ ਹੈ ਇਸ ਲਈ ਦੁਚਿੱਤੀ 'ਚੋਂ ਬਾਹਰ ਨਹੀਂ ਆ ਰਹੇ।

ਕੀ ਉਸ ਦੇ ਮੁਸਲਮਾਨ ਬਣ ਕੇ ਅਗਰਹਾਰ 'ਚ ਰਹਿਣ ਦੀ ਧਮਕੀ ਦੇ ਕਾਰਣ ਹੀ ਉਸ ਨੂੰ ਛੇਕਿਆ ਨਹੀਂ ਗਿਆ ਸੀ ? ਨਹੀਂ। ਉਸ ਦੇ ਪ੍ਰਤਿ ਕੁਝ ਹਮਦਰਦੀ ਵੀ ਸੀ... ਉਹਨਾਂ ਦੇ ਦਿਲ 'ਚ ਬਹੁਤ ਰਹਿਮ ਸੀ...। ਜਦ ਉਹਨਾਂ ਨੂੰ ਇਹ ਖ਼ਿਆਲ ਆਇਆ ਤਾਂ ਪ੍ਰਾਣੇਸ਼ਾਚਾਰੀਏ ਨੇ ਆਪਣੇ-ਆਪ ਨੂੰ ਫਿੱਟ-ਲਾਹਣਤ ਪਾਈ-ਇਹ ਤਾਂ ਆਪਣੇ-ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ। ਉਸ ਵਿਚ ਨਿਰਾ ਰਹਿਮ ਨਹੀਂ, ਜ਼ਿੱਦ ਸੀ। ਉਹ ਨਾਰਣੱਪੇ ਦੀ ਜ਼ਿੱਦ ਤੋਂ ਨਹੀਂ ਹਾਰ ਸਕਦੇ ਸੀ। "ਉਸ ਨੂੰ ਧਰਮ ਦੇ ਰਾਹ 'ਤੇ ਲਿਆ ਕੇ ਹੀ ਛੱਡਾਂਗਾ-ਆਪਣੇ ਪੁੰਨ ਦੀ ਸ਼ਕਤੀ ਨਾਲ, ਤਪ ਦੀ ਸ਼ਕਤੀ ਨਾਲ, ਹਰ ਹਫ਼ਤੇ ਦੋ ਦਿਨ ਦੇ ਵਰਤ ਨਾਲ ਉਸ ਨੂੰ ਸਮਝਾ ਕੇ ਹੀ ਦਮ-ਲਵਾਂਗਾ-ਅਜਿਹੀ ਸੀ ਉਹਨਾਂ ਦੀ ਬੇਵਸ ਜ਼ਿੱਦ।"

ਕਿਹੋ ਜਿਹੀ ਸੀ ਉਹਨਾਂ ਦੀ ਜ਼ਿੱਦ। ਉਹਨਾਂ ਨੇ ਨਿਸ਼ਚਾ ਕੀਤਾ ਸੀ ਕਿ ਪਿਆਰ ਨਾਲ, ਹਮਦਰਦੀ ਨਾਲ, ਸਖ਼ਤ ਸੰਜਮ ਨਾਲ ਉਸ ਨੂੰ ਸਹੀ ਰਾਹ 'ਤੇ ਲੈ ਹੀ ਆਉਣਾ ਹੈ। ਅਜਿਹੇ ਨਿਸ਼ਚੇ 'ਚ ਕਿੰਨੀ ਜ਼ਿੱਦ ਸੀ ਅਤੇ ਕਿੰਨੀ ਹਮਦਰਦੀ ? ਉਹਨਾਂ 'ਚ ਸੁਭਾਅ ਦਾ ਮੁੱਖ ਪਹਿਲੂ ਰਹਿਮ ਅਤੇ ਹਮਦਰਦੀ ਹੀ ਲਗਦਾ ਸੀ। ਦੇਹ ਦੇ ਢਲ ਜਾਣ ਦੇ ਬਾਦ ਤਾਂ ਕਾਮ-ਭਾਵਨਾਵਾਂ ਇਸ ਨੂੰ ਛੱਡ ਜਾਂਦੀਆਂ ਹਨ। ਰਹਿਮ ਅਤੇ ਹਮਦਰਦੀ ਦੀਆਂ ਭਾਵਨਾਵਾਂ ਹੀ ਮਨ 'ਚ ਰਹਿ ਜਾਂਦੀਆਂ ਹਨ। ਮਨੁੱਖ 'ਚ ਸੰਵੇਦਨਾ ਦੀ ਪਕੜ ਲਾਲਸਾ ਨਾਲੋਂ ਜ਼ਿਆਦਾ ਪੱਕੀ ਹੁੰਦੀ ਹੈ। ਜੇਕਰ ਰਹਿਮ ਦੀ ਭਾਵਨਾ ਉਹਨਾਂ ਦੇ ਮਨ 'ਚ ਨਾ ਰਹੀ ਹੁੰਦੀ ਤਾਂ ਉਹ ਵਿਆਹ ਵਾਲੇ ਦਿਨ ਤੋਂ ਹੀ ਬਿਸਤਰੇ 'ਤੇ ਪਈ ਘਰਵਾਲੀ ਦੇ ਸੇਵਾ-ਸੰਭਾਲ ਕਿਵੇਂ ਕਰਦੇ ? ਕਦੇ ਕਿਸੇ ਹੋਰ ਔਰਤ ਦੇ ਚੱਕਰ 'ਚ ਕਿਉਂ ਨਾ ਪੈ ਜਾਂਦੇ ? ਨਹੀਂ, ਨਹੀਂ, ਇਸ ਰਹਿਮ ਦੀ ਭਾਵਨਾ ਨੇ ਹੀ ਉਹਨਾਂ ਦੇ ਮਾਨਵਵਾਦੀ ਪੰਡਤਾਊਪੁਣੇ ਦੀ ਲਗਾਤਾਰ ਰੱਖਿਆ ਕੀਤੀ ਹੈ।

ਸੰਵੇਦਨਾ ਅਤੇ ਹਮਦਰਦੀ, ਮਾਨਵਵਾਦੀ ਧਰਮ ਅਤੇ ਪੰਡਤਾਊਪੁਣਾ-ਸਾਰੇ ਭਾਵ ਅੱਜ ਉਲਝ ਗਏ ਹਨ ਅਤੇ ਇਹ ਉਲਝਣ ਉਹਨਾਂ ਨੂੰ ਤੰਗ ਕਰ ਰਹੀ ਹੈ। ਅਸਲ ਸੁਆਲ ਇਹ ਹੈ ਕਿ ਨਾਰਣੱਪਾ ਕਿਉਂ ਏਨਾ ਮਾੜਾ ਅਤੇ ਜ਼ਹਿਰੀਲਾ ਹੋ ਗਿਆ ? ਸ਼ਾਸਤਰਾਂ ਦੇ ਅਨੁਸਾਰ ਤਾਂ ਪਿਛਲੇ ਜਨਮਾਂ ਦੇ ਪੁੰਨ ਕਰਮਾਂ ਕਰਕੇ ਹੀ ਬ੍ਰਾਹਮਣ ਦਾ ਜਨਮ ਮਿਲਦਾ ਹੈ। ਜੇਕਰ ਅਜਿਹਾ ਹੈ ਤਾਂ ਕਿਉਂ ਨਾਰਣੱਪੇ ਨੇ ਆਪਣੇ ਹੱਥੋਂ ਆਪਣੇ ਪੰਡਤਾਊਪੁਣੇ ਨੂੰ ਨਾਲੀ 'ਚ ਕਿਉਂ ਸੁੱਟ ਦਿੱਤਾ ? ਹੈਰਾਨੀ ਹੈ ਕਿ ਆਖ਼ਰੀ ਦਮ ਤੱਕ ਆਪਣੇ ਸੁਭਾਅ ਦੇ ਅਨੁਸਾਰ ਕਿਸ ਤਰ੍ਹਾਂ ਕਾਰਜਸ਼ੀਲ ਰਿਹਾ। ਪ੍ਰਾਣੇਸ਼ਾਚਾਰੀਆ ਨੂੰ ਰਿਗਵੇਦ 'ਚੋਂ ਇੱਕ ਕਥਾ ਯਾਦ ਆ ਗਈ :

ਇੱਕ ਪੰਡਤ ਨੂੰ ਜੂਏ ਦੀ ਆਦਤ ਪੈ ਗਈ ਸੀ। ਉਹ ਆਪਣੀ ਆਦਤ ਤੋਂ ਕਿਸੇ ਵੀ ਤਰ੍ਹਾਂ ਖਹਿੜਾ ਨਹੀਂ ਛੁਡਾ ਸਕਦਾ ਸੀ। ਕੁਲੀਨ ਪੰਡਤਾਂ ਨੇ ਧਰਮਸ਼ਾਲਾ 'ਚ ਉਸ ਦੇ ਆਉਣ ਦੀ ਮਨਾਹੀ ਕਰ ਦਿੱਤੀ। ਕੁੱਤਿਆਂ ਵਾਂਗ ਉਸ ਨੂੰ ਦੁਰਕਾਰਦੇ ਰਹੇ। ਦੇਵੀ-ਦੇਵਤਾਵਾਂ ਦੀ ਦੁਹਾਈ ਦੇ ਕੇ ਉਹ ਰੋਇਆ : "ਹੇ ਰੱਬਾ, ਤੂੰ ਮੈਨੂੰ ਕਿਉਂ ਜੁਆਰੀ ਬਣਾਇਆ ? ਕਿਉਂ ਅਜਿਹੀ ਆਦਤ ਦੇ ਝਾਂਸੇ 'ਚ ਮੈਂ ਆ ਗਿਆ ? ਅੱਠਾਂ ਦਿਸ਼ਾਵਾਂ ਦੇ ਰਾਖਿਉ ਮੈਨੂੰ ਜੁਆਬ ਦਿਉ। ਇੰਦਰ ! ਯਮ ! ਵਰੁਣ ! ਤੁਸੀਂ ਆਉ ਅਤੇ ਮੈਨੂੰ ਜੁਆਬ ਦਿਉ।"

ਉੱਪਰ ਯੱਗ ਵਿਚ ਪੰਡਤ ਆਪਣੇ-ਆਪਣੇ ਚੜ੍ਹਾਵੇ ਲੈ ਕੇ ਅਗਨੀ, ਯਮ, ਇੰਦਰ, ਵਰੁਣ ਤੇ ਹੋਰ ਦੇਵਤਿਆਂ ਨੂੰ ਧਿਆਇਆ ਅਤੇ ਚੜ੍ਹਾਵਾ ਪ੍ਰਵਾਨ ਕਰਨ ਦੀ ਬੇਨਤੀ ਕੀਤੀ। ਪਰ ਦੇਵਤੇ ਉਸ ਜੁਆਰੀ ਦੇ ਬੁਲਾਉਣ 'ਤੇ ਉਸੇ ਦੇ ਕੋਲ ਆ ਗਏ। ਪੰਡਤਾਂ ਨੂੰ ਪੰਡਤਾਊਪੁਣੇ ਦਾ ਹੰਕਾਰ ਛੱਡ ਕੇ ਦੇਵਤਿਆਂ ਨੂੰ ਮਿਲਣ ਲਈ ਉਸ ਜੁਆਰੀ ਕੋਲ ਜਾਣਾ ਪਿਆ। ਧਰਮ ਦੇ ਗੁੱਝੇ ਭੇਦਾਂ ਨੂੰ ਸਮਝਣਾ ਬਹੁਤ ਔਖਾ ਹੈ। ਕੋਈ ਮਹਾਂਪਾਪੀ ਚੰਡਾਲ ਮਰਨ ਵੇਲੇ 'ਨਾਰਾਇਣ' ਕਹਿਕੇ ਮੋਕਸ਼ ਹਾਸਿਲ ਕਰ ਲੈਂਦਾ ਹੈ। ਇੱਕ ਵਾਰੀ ਭਗਵਾਨ ਨੇ 'ਜੈ' ਅਤੇ 'ਵਿਜੈ' ਨਾਮਕ ਪਹਿਰੇਦਾਰਾਂ ਨੂੰ ਪੁੱਛਿਆ ਸੱਤ ਜਨਮ ਤੱਕ ਮੇਰੇ ਭਗਤ ਬਣ ਕੇ ਮੇਰੇ ਤੱਕ ਪਹੁੰਚਣਾ ਚਾਹੋਗੇ ਜਾਂ ਤਿੰਨ ਜਨਮ 'ਚ ਮੇਰੇ ਵੈਰੀ ਬਣ ਕੇ ? ਉਹਨਾਂ ਨੇ ਦੂਜਾ ਰਾਹ ਚੁਣਿਆ। ਸਾਡੇ ਵਰਗਿਆਂ ਨੂੰ ਮੋਕਸ਼ ਪ੍ਰਾਪਤ ਕਰਨ ਦੇ ਲਈ ਪੂਜਾ-ਪਾਠ, ਕਰਮ-ਕਾਂਡ ਕਰਨੇ ਪੈਂਦੇ ਹਨ। ਚੰਦਨ ਦੀ ਲੱਕੜ ਵਾਂਗ ਕਰਮਾਂ ਦੇ ਫ਼ਲ ਨੂੰ ਘਸਾ-ਘਸਾ ਕੇ ਸੱਤ ਜਨਮ ਲੈਣੇ ਪੈਣਗੇ। ਧਰਮ ਦੇ ਅੰਦਰੂਨੀ ਅਰਥ ਸਮਝਣੇ ਬੜੇ ਔਖੇ ਹਨ। ਕੀ ਪਤਾ ਨਾਰਣੱਪੇ ਦੇ ਪ੍ਰਾਣ ਅੰਦਰਲੇ ਕਿਨ੍ਹਾਂ ਤੁਫ਼ਾਨਾਂ ਨਾਲ ਜੂਝ ਰਹੇ ਸਨ ? ਸਾਰਾ ਜੀਵਨ ਉਹ ਉਛਲਦਾ, ਕੁੱਦਦਾ ਅਤੇ ਖੇਡਦਾ ਰਿਹਾ ਪਰ ਬਿੰਦ ਕੁ 'ਚ ਹੀ ਉਸ ਦੇ ਪ੍ਰਾਣ ਨਿਕਲ ਗਏ।

ਕਾਸ਼ ! ਕਿ ਇਸ ਸੰਕਟ ਦੀ ਘੜੀ 'ਚੋਂ ਨਿਕਲਣ ਦੀ ਪਰਮਾਤਮਾ ਸ਼ਕਤੀ ਦੇਵੇ। ਅਚਾਨਕ ਪ੍ਰਾਣੇਸ਼ਾਚਾਰੀਆ ਨੂੰ ਲੱਗਿਆ ਕਿ ਉਹਨਾਂ ਨੂੰ ਕੋਈ ਅਣਕਿਹਾ ਇਸ਼ਾਰਾ ਮਿਲ ਰਿਹਾ ਹੈ, ਉਹਨਾਂ ਦੇ ਮਨ 'ਚ ਇੱਕ ਵਿਚਾਰ ਆਇਆ ਅਤੇ ਉਹ ਖ਼ੁਸ਼ ਹੋ ਗਏ। ਅਗਲੇ ਦਿਨ ਤੜਕੇ-ਤੜਕੇ ਇਸ਼ਨਾਨ ਆਦਿ ਕਰਕੇ ਉਹ ਹਨੂਮਾਨ ਜੀ ਦੇ ਮੰਦਰ ਜਾਵਾਂਗਾ ਤੇ ਪੁੱਛਾਂਗਾ ਕਿ ਹੇ ਵਾਯੂ-ਪੁੱਤਰ ! ਦੁਚਿੱਤੀ ਦੀ ਇਸ ਘੜੀ 'ਚ ਕੀ ਕਰਨਾ ਚਾਹੀਦਾ ਹੈ ? ਪ੍ਰਾਣੇਸ਼ਾਚਾਰੀਆ ਦਾ ਮਨ ਹੌਲਾ ਹੋ ਗਿਆ। ਘਰ 'ਚ ਹੀ ਉਹ ਇਧਰ-ਉਧਰ ਗੇੜੇ ਕੱਢਣ ਲੱਗੇ। ਤਦੇ ਧਿਆਨ ਆਇਆ-ਹਾਂ, ਵਿਚਾਰੀ ਚੰਦਰੀ ਦੇ ਚਟਾਈ ਬਿਨਾ ਹੀ ਵਰ੍ਹਾਂਡੇ 'ਚ ਸੁੱਤੀ ਪਈ ਹੈ। ਉਹਨਾਂ ਨੂੰ ਤਰਸ ਆਇਆ। ਅੰਦਰ ਗਏ। ਚਟਾਈ, ਚਾਦਰ ਅਤੇ ਸਿਰਹਾਣਾ ਲੈ ਕੇ ਆਏ ਅਤੇ ਬੁਲਾਇਆ, "ਚੰਦਰੀ।"

ਚੰਦਰੀ ਉਸ ਵੇਲੇ ਆਪਣੀ ਮਾਂ ਦੀਆਂ ਸੋਚਾਂ 'ਚ ਪਈ ਸੀ। ਝਟਕੇ ਨਾਲ ਉੱਠ ਬੈਠੀ, ਸਿਰ 'ਤੇ ਪੱਲਾਂ ਕਰ ਲਿਆ। ਹਨ੍ਹੇਰੇ 'ਚ ਕਿਸੇ ਬੇਗਾਨੀ ਤੀਵੀਂ ਦੇ ਸਾਹਮਣੇ ਇਸ ਤਰ੍ਹਾਂ ਖੜ੍ਹੇ ਰਹਿਣਾ ਠੀਕ ਨਾ ਸਮਝ ਕੇ ਪ੍ਰਾਣੇਸ਼ਾਚਾਰੀਆ ਨੇ ਕਿਹਾ, "ਇਹ ਚਟਾਈ, ਸਿਰਹਾਣਾ ਲੈ ਲੈ।" ਅਤੇ ਮੁੜ ਗਏ।

ਚੰਦਰੀ ਦੀ ਜੀਭ ਨੂੰ ਜਿਵੇਂ ਲਕਵਾ ਮਾਰ ਗਿਆ ਹੋਵੇ। ਵਰ੍ਹਾਂਡਾ ਪਾਰ ਕਰਕੇ ਪ੍ਰਾਣੇਸ਼ਾਚਾਰੀਆ ਬੂਹੇ 'ਤੇ ਇੱਕ ਵਾਰ ਠਹਿਰੇ। ਕੰਦੀਲ ਦੇ ਚਾਨਣ 'ਚ ਉਹਨਾਂ ਨੇ ਦੇਖਿਆ ਕਿ ਉਹ ਝਿਜਕ ਦੀ ਮਾਰੀ, ਅੱਧ ਖਿੜੀ ਕਲੀ ਦੇ ਵਾਂਗ ਬੈਠੀ ਹੈ। ਜਿਵੇਂ ਉਹ ਘਰ ਦੇ ਅੰਦਰ ਗਏ, ਇੱਕ ਹੋਰ ਵਿਚਾਰ ਉਹਨਾਂ ਦੇ ਮਨ 'ਚ ਆਇਆ। ਚੰਦਰੀ ਨੇ ਜੋ ਗਹਿਣੇ ਲਾਹ ਕੇ ਦਿੱਤੇ ਸਨ, ਉਹਨਾਂ ਦੀ ਗੰਠੜੀ ਮਾਰ ਕੇ ਬਾਹਰ ਲੈ ਆਏ ਅਤੇ ਬੋਲੇ, "ਚੰਦਰੀ !" ਇਹ ਲੈ ਚੰਦਰੀ ! ਤੇਰੀ ਦਿਆਲੁਤਾ ਨੇ ਨਾਰਣੱਪੇ ਦੀ ਸਮੱਸਿਆ ਨੂੰ ਹੋਰ ਪੀਢੀ ਕਰ ਦਿੱਤਾ। ਪੰਡਤ ਦਾ ਫਰਜ਼ ਹੈ ਔਖੇ ਵੇਲੇ ਧਰਮ ਅਨੁਸਾਰ ਚੱਲਣਾ। ਇਹ ਗਹਿਣੇ ਤੂੰ ਆਪਣੇ ਕੋਲ ਰੱਖ। ਨਾਰਣੱਪਾ ਮਰ ਗਿਆ ਹੈ ਪਰ ਤੇਰੀ ਤਾਂ ਹਾਲੇ ਸਾਰੀ



ਉਮਰ ਪਈ ਹੈ।"

ਕੰਦੀਲ ਦੀ ਰੌਸ਼ਨੀ ਲਈ ਪ੍ਰਾਣੇਸ਼ਾਚਾਰੀਆ ਨੇੜੇ ਖੜ੍ਹੇ ਸਨ। ਚੰਦਰੀ ਉਹਨਾਂ ਵੱਲ ਦੀਨ ਭਾਵ ਨਾਲ, ਆਪਣੀਆਂ ਮੋਟੀਆਂ-ਮੋਟੀਆਂ ਕਾਲੀਆਂ ਅੱਖਾਂ ਨਾਲ ਦੇਖ ਰਹੀ ਸੀ। ਰਹਿਮ ਨਾਲ ਪਿਘਲੇ ਆਚਾਰੀਆ ਝੁਕੇ ਅਤੇ ਉਸ ਨੂੰ ਉਸ ਦੇ ਗਹਿਣੇ ਦੇ ਕੇ ਵਾਪਿਸ ਮੁੜ ਗਏ।

## 7

ਦਾਸਾਚਾਰੀਏ ਤੋਂ ਭੁੱਖ ਬਰਦਾਸ਼ਤ ਨਹੀਂ ਹੋ ਰਹੀ ਸੀ। ਢਿੱਡ ਨੂੰ ਜਿਵੇਂ ਗੁੰਨਦਿਆਂ ਉਹ ਬਿਸਤਰੇ 'ਤੇ ਪਾਸੇ ਮਾਰ-ਮਾਰ ਕੇ ਨਾਰਾਇਣ-ਨਾਰਾਇਣ ਕਹਿ ਰਿਹਾ ਸੀ। ਉਸ ਦੇ ਮੁੰਡੇ ਨੂੰ ਵੀ ਨੀਂਦ ਨਹੀਂ ਆ ਰਹੀ ਸੀ। ਉਸ ਨੇ ਆਪਣੀ ਮਾਂ ਨੂੰ ਜਗਾ ਕੇ ਕਿਹਾ ਕਿ ਕਿਤੋਂ ਬੜੀ ਬਦਬੂ ਆ ਰਹੀ ਹੈ।

ਭੁੱਖ ਨਾਲ ਤੜਪਦਿਆਂ ਦਾਸਾਚਾਰੀਏ ਨੂੰ ਕਿਸੇ ਤਰ੍ਹਾਂ ਦੀ ਬਤਬੂ ਨਹੀਂ ਆਈ ਪਰ ਉਸ ਦੀ ਪਤਨੀ ਨੇ ਕਿਹਾ, "ਹਾਂ, ਬਦਬੂ ਜ਼ਰੂਰ ਆ ਰਹੀ ਹੈ।" ਘਰਵਾਲੇ ਨੂੰ ਉਠਾਉਂਦਿਆਂ ਬੋਲੀ, "ਦੇਖੋ ਜੀ, ਇਹ ਬਦਬੂ ਕਿੱਥੋਂ ਆ ਰਹੀ ਹੈ ? ਗਰਮੀ ਦੇ ਦਿਨ ਹਨ। ਲਗਦਾ ਹੈ ਕਿ ਲਾਸ਼ ਸੜ ਕੇ ਸਾਰੇ ਅਗਰਹਾਰ 'ਚ ਬਦਬੂ ਫ਼ੈਲਾ ਰਹੀ ਹੈ।"

ਤਦੇ ਅਧਪਗਲੀ ਲਕਸ਼ਮੀ ਦੇਵੰਮਾ "ਨਾਰਣੱਪੇ ਦਾ ਭੂਤ, ਨਾਰਣੱਪੇ ਦਾ ਭੂਤ" ਕਹਿ ਕੇ ਚੀਕੀ। ਆਵਾਜ਼ ਸੁਣ ਕੇ ਦਾਸਾਚਾਰੀਏ ਦੀ ਘਰਵਾਲੀ ਡਰ ਨਾਲ ਕੰਬ ਗਈ। ਮੁਰਦਾ ਭੂਤ ਬਣ ਕੇ ਭਟਕਣ ਲੱਗਿਆ ਹੈ ਅਤੇ ਬਦਬੂ ਫ਼ੈਲਾ ਰਿਹਾ ਹੈ।

ਝੁੱਗੀ 'ਚ ਬੇਲੀ ਨੂੰ ਨੀਂਦ ਨਹੀਂ ਆ ਰਹੀ ਸੀ। ਉਹ ਉੱਠ ਕੇ ਬੈਠ ਗਈ। ਹਨੇਰੀ ਰਾਤ ਦੇ ਕਾਰਨ ਕੁਝ ਦਿਖਾਈ ਨਹੀਂ ਦੇ ਰਿਹਾ ਸੀ। ਉਹ ਉੱਠ ਕੇ ਬਾਹਰ ਆ ਗਈ। ਪਤੀ-ਪਤਨੀ ਦੀ ਲਾਸ਼ ਨੂੰ ਫੂਕਣ ਦੇ ਲਈ ਝੁੱਗੀ 'ਚ ਅੱਗ ਲਾ ਦਿੱਤੀ ਗਈ ਸੀ ਅਤੇ ਝੁੱਗੀ ਸੜ ਕੇ ਸੁਆਹ ਹੋ ਚੁੱਕੀ ਸੀ। ਹਵਾ ਦੇ ਵਗਣ ਨਾਲ ਉਸ 'ਚੋਂ ਚੰਗਿਆੜੇ ਉੱਡਦੇ ਸਨ। ਦੂਰ ਝਾੜੀ 'ਚ ਬਹੁਤ ਸਾਰੇ ਜੁਗਨੂੰ ਚਮਕ ਰਹੇ ਸਨ। ਦੱਬੇ ਪੈਰੀਂ ਉਹ ਉੱਠ ਕੇ ਉੱਥੇ ਆ ਗਈ। ਦੇਹ ਤੋਂ ਕੱਪੜੇ ਲਾ ਕੇ ਨੰਗੀ ਖੜ੍ਹੀ ਹੋ ਗਈ। ਠੰਢੀ ਹਵਾ ਦੇ ਬੁੱਲੇ ਨਾਲ ਨੰਗੀ ਦੇਹ ਨੂੰ ਚੰਗਾ ਲੱਗ ਰਿਹਾ ਸੀ। ਕੱਪੜਾ ਫ਼ੈਲਾ ਕੇ ਉਸ ਨੇ ਜੁਗਨੂੰਆਂ ਨੂੰ ਫੜ ਲਿਆ। ਫੇਰ ਉੱਥੋਂ ਭੱਜਦਿਆਂ ਉਹ ਝੁੱਗੀ 'ਚ ਆ ਗਈ। ਝੁੱਗੀ 'ਚ ਉਹਨਾਂ ਨੂੰ ਧਰਤੀ 'ਤੇ ਸੁੱਟ ਦਿੱਤਾ। ਜਗਮਗ ਕਰਦੇ ਜੁਗਨੂੰ ਝੁੱਗੀ 'ਚ ਇਧਰ-ਉਧਰ ਉੱਡਣ ਲੱਗੇ ਅਤੇ ਧੁੰਦਲੇ ਜਿਹੇ ਚਾਨਣ ਨਾਲ ਝੁੱਗੀ ਨੂੰ ਜਗਮਗਾ ਦਿੱਤਾ। ਬੇਲੀ ਭੁੰਜਿਉਂ ਉਹਨਾਂ ਨੂੰ ਹੱਥਾਂ ਨਾਲ ਫੜਨ ਲੱਗੀ। ਉਸ ਦਾ ਹੱਥ ਉਸ ਦੇ ਬਾਪ ਨੂੰ ਲੱਗਿਆ ਤਾਂ ਉਹ ਪੁੱਛਣ ਲੱਗਿਆ ਇਸ ਵੇਲੇ ਇਹ ਚੂਹਾ ਏਥੇ ਕੀ ਕਰਦਾ ਹੈ ?"

"ਮਰੇ ਹੋਏ ਚੂਹਿਆਂ ਦੀ ਬਦਬੂ... ਛੀ... ਛੀ...।" ਬੇਲੀ ਨੇ ਕਿਹਾ ਜਦਕਿ ਜੁਗਨੂੰਆਂ ਦੀ ਭਾਲ 'ਚ ਬੇਲੀ ਦਾ ਹੱਥ ਇੱਕ ਮਰੇ, ਠੰਢੇ ਚੂਹੇ ਦੇ ਸਰੀਰ ਨਾਲ ਜਾ ਲੱਗਿਆ। "ਊਈ ਮਾਂ।" ਕਹਿ ਕੇ ਚੀਕੀ। ਚੂਹੇ ਨੂੰ ਪੂਛ ਤੋਂ ਫੜ ਕੇ ਬਾਹਰ ਸੁੱਟ ਆਈ। ਇਹਨਾਂ ਮੂਏ, ਹਰਾਮੀ ਚੂਹਿਆਂ ਨੂੰ ਕੀ ਹੋ ਗਿਆ ਹੈ ਕਿ ਉਹ ਇਉਂ ਭੱਜਦੇ ਅਤੇ ਮਰਦੇ ਫਿਰਦੇ ਹਨ ?" ਫੇਰ ਬੇਲੀ ਨੇ ਕੱਪੜੇ ਪਾਏ ਅਤੇ ਭੁੰਜੇ ਹੀ ਸੌਂ ਗਈ।

ਦਾਸਾਚਾਰੀਆ, ਵੈਂਕਟਰਮਣਾਚਾਰੀਆ, ਸ਼੍ਰੀਨਿਵਾਸਾਚਾਰੀਆ, ਗੁੰਡਾਚਾਰੀਆ, ਲਕਸ਼ਮਣਾਚਾਰੀਆ, ਗਰੁੜਾਚਾਰੀਆ, ਦੁਰਗਾਭੱਟ ਆਦਿ ਸਭ ਨੂੰ ਭੁੱਖ ਦੇ ਮਾਰੇ ਸਾਰੀ ਰਾਤ ਨੀਂਦ ਨਹੀਂ ਆਈ ਅਤੇ ਅੱਖਾਂ ਲਾਲ ਹੋ ਗਈਆਂ ਸਨ। ਉਹ ਸਵੇਰੇ ਉੱਠ ਕੇ ਮੂੰਹ-ਹੱਥ ਧੋ ਕੇ ਸੱਥ 'ਚ ਆ ਗਏ। ਆਖਣ ਲੱਗੇ ਕਿ ਇਸ ਅਗਰਹਾਰ ਨੂੰ ਨਾਰਣੱਪੇ ਦੇ ਕਰਕੇ ਕਿੰਨਾ ਕੁਝ ਸਹਿਣਾ ਪੈ ਰਿਹਾ ਹੈ।

ਘਰਾਂ 'ਚ ਬਦਬੂ ਫ਼ੈਲ ਜਾਣ ਕਾਰਨ ਬੱਚੇ ਕਦੇ ਵਿਹੜੇ 'ਚ ਅਤੇ ਕਦੇ ਪਿੱਛੇ ਭੱਜ-ਦੌੜ ਕਰ ਰਹੇ ਹਨ। ਔਰਤਾਂ ਡਰਦੀਆਂ ਹਨ ਕਿ ਨਾਰਣੱਪੇ ਦਾ ਭੂਤ ਕਿਤੇ ਉਹਨਾਂ ਦੇ ਬੱਚਿਆਂ ਨੂੰ ਨਾ ਚਿੰਬੜ ਜਾਵੇ। ਘਰੇ ਆਉਣ 'ਤੇ ਟਲਣ ਵਾਲੇ ਬੱਚਿਆਂ ਨੂੰ ਕੁੱਟ-ਮਾਰ ਕੇ ਅੰਦਰ ਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਦਿਨੇ ਕਦੇ ਬੱਚੇ ਘਰੇ ਨਹੀਂ ਰਹੇ। ਵਿਹੜੇ ਨੂੰ ਨਾ ਗੋਹੇ ਨਾਲ ਲਿੱਪਿਆ-ਪੋਚਿਆ ਗਿਆ, ਨਾ ਰੰਗੋਲੀ ਬਣਾਈ ਗਈ। ਇਉਂ ਲੱਗ ਰਿਹਾ ਸੀ ਕਿ ਅਗਰਹਾਰ ਦੇ ਲਈ ਹਾਲੇ ਦਿਨ ਹੀ ਨਾ ਨਿੱਕਲਿਆ ਹੋਵੇ। ਹਰ ਚੀਜ਼ ਖਾਲੀ-ਖਾਲੀ ਅਤੇ ਸੁੰਨੀ-ਸੁੰਨੀ ਲੱਗ ਰਹੀ ਸੀ। ਲੱਗਿਆ ਜਿਵੇਂ ਹਰੇਕ ਘਰ ਦੇ ਹਨੇਰੇ ਕੋਨੇ 'ਚ ਇੱਕ ਲਾਸ਼ ਪਈ ਹੋਵੇ। ਸੱਥ 'ਚ ਸਿਰ 'ਤੇ ਹੱਥ ਧਰੀ ਪੰਡਤ ਚੁੱਪਚਾਪ ਬੈਠੇ ਹਨ। ਉਹਨਾਂ ਨੂੰ ਸੁੱਝ ਨਹੀਂ ਰਿਹਾ ਕਿ ਹੁਣ ਅੱਗੇ ਕੀ ਕਰਨਾ ਚਾਹੀਦਾ ਹੈ।

ਸਿਰਫ਼ ਵੈਂਕਟਰਮਣਾਚਾਰੀਏ ਦੇ ਬੱਚੇ ਮਾਂ ਦਾ ਕਹਿਣਾ ਨਾ ਮੰਨ ਕੇ ਬਾਹਰ ਉੱਛਲਦੇ-ਕੁੱਦਦੇ ਲੋਟਣੀਆਂ ਖਾ ਕੇ ਡਿੱਗਦੇ ਚੂਹਿਆਂ ਦੀ ਗਿਣਤੀ ਕਰ ਰਹੇ ਸਨ। ਜਿਵੇਂ ਉਹਨਾਂ ਦੇ ਬਜ਼ੁਰਗ ਝੋਨਾ ਤੋਲਦਿਆਂ ਗਿਣਤੀ-ਮਿਣਤੀ ਕਰਦੇ ਹਨ, ਉਸੇ ਤਰ੍ਹਾਂ ਬੱਚੇ ਚੂਹਿਆਂ ਦੀ ਗਿਣਤੀ ਕਰਨ ਲੱਗੇ :

ਲਾਭ-ਉਇ-ਲਾਭ
ਦੋ-ਉਇ-ਦੋ
ਤਿੰਨ-ਉਇ-ਤਿੰਨ
ਚਾਰ-ਉਇ-ਚਾਰ
ਪੰਜ-ਉਇ-ਪੰਜ
ਛੇ-ਉਇ-ਛੇ
ਇੱਕ ਹੋਰ-ਉਇ-ਇੱਕ ਹੋਰ

ਝਾੜੂ ਲੈ ਕੇ ਜਦ ਮਾਂ ਕੁੱਟਣ ਨੂੰ ਆਈ ਤਾਂ ਬੱਚੇ ਚੀਕਦੇ-ਚੀਕਦੇ ਤਾੜੀ ਵਜਾਉਂਦੇ ਅਤੇ ਉੱਛਲ-ਕੁੱਦ ਕਰਦਿਆਂ ਕਹਿੰਦੇ, ਬੋਲੇ, ਦੇਖੋ ਮਾਂ, ਅੱਠ-ਉਇ-ਅੱਠ... ਨੌਂ-ਉਇ-ਨੌਂ... ਦਸ-ਉਇ-ਦਸ। ਦੇਖ ਮਾਂ, ਦਸ ਚੂਹੇ।

ਮਾਂ ਬਹੁਤ ਗੁੱਸੇ 'ਚ ਸੀ।

"ਬਹੁਤੇ ਚੌਲ ਖਾ ਕੇ ਥੋਨੂੰ ਮਸਤੀ ਚੜ੍ਹ ਰਹੀ ਹੈ ਨਾ ? ਇਹਨਾਂ ਗੰਦੇ-ਮੰਦੇ ਚੂਹਿਆਂ ਦੀ ਗਿਣਤੀ ਕੌਣ ਕਰਦਾ ਹੈ ? ਚਲੋ ਅੰਦਰ, ਨਹੀਂ ਤਾਂ ਏਨਾ ਕੁੱਟਾਂਗੀ ਕਿ ਯਾਦ ਰੱਖੋਗੇ। ਸਟੋਰ 'ਚ ਚੂਹੇ ਹੀ ਚੂਹੇ ਹੋ ਗਏ ਹਨ। ਚੌਲ ਅਤੇ ਦਾਲ 'ਚ ਇਹਨਾਂ ਦੀਆਂ ਮੀਂਗਣਾ ਭਰ ਗਈਆਂ ਹਨ।"

ਚੀਕਦੀ ਹੋਈ ਮਾਂ ਨੇ ਬੱਚਿਆਂ ਨੂੰ ਅੰਦਰ ਕਰਕੇ ਦਰਵਾਜ਼ਾ ਬੰਦ ਕਰ ਦਿੱਤਾ। ਅੰਦਰ ਆਉਂਦਿਆਂ ਹੀ ਬੱਚਿਆਂ ਨੇ ਦੇਖਿਆ ਕਿ ਇੱਕ ਚੂਹਾ ਉਹਨਾਂ ਦੀ ਤਰ੍ਹਾਂ ਹੀ ਗੇੜੇ ਕੱਢ ਰਿਹਾ ਹੈ ਅਤੇ ਪੈਰ ਉੱਪਰ ਕਰਕੇ ਗਿਰ ਪਿਆ ਹੈ। ਇਹ ਦੇਖ ਕੇ ਬੱਚੇ ਬੜੇ ਖ਼ੁਸ਼ ਹੋਏ।

ਕੁਝ ਦੇਰ ਬਾਦ ਇਕੱਠੇ ਹੋਏ ਪੰਡਤ ਆਪਣੇ-ਆਪਣੇ ਨੱਕ 'ਤੇ ਕੱਪੜਾ ਧਰ ਕੇ ਪ੍ਰਾਣੇਸ਼ਾਚਾਰੀਏ ਦੇ ਘਰ ਵੱਲ ਚੱਲੇ। ਉਹਨਾਂ ਨੂੰ ਰੋਕ ਕੇ ਦੁਰਗਾਭੱਟ ਨੇ ਕਿਹਾ, "ਅੱਧਪਗ਼ਲੀ ਬੁੱਢੀ ਨੇ ਜੋ ਕੁਝ ਕਿਹਾ, ਉਹ ਸੱਚ ਵੀ ਤਾਂ ਹੋ ਸਕਦਾ ਹੈ ਨਾ ਆਚਾਰੀਆ ?" ਪੰਡਤ ਜੋ ਅੰਦਰੇ-ਅੰਦਰੇ ਬਹੁਤ ਡਰੇ ਹੋਏ ਸਨ, ਬੋਲੇ, "ਥੋੜ੍ਹੀ ਦੇਰ ਬਾਦ ਪਤਾ ਲੱਗ ਸਕੇਗਾ।" ਉਹ ਸਭ ਜਦ ਨਾਰਣੱਪੇ ਦੇ ਘਰ ਦੇ ਸਾਹਮਣੇ ਆਏ ਦੇਖਿਆ ਕਿ ਦਰਵਾਜ਼ਾ ਖੁੱਲ੍ਹਾ ਪਿਆ ਹੈ। ਸਾਰੇ ਡਰ ਗਏ। ਜ਼ਰੂਰ ਉਸ ਦੀ ਲਾਸ਼ ਭੂਤ ਦੀ ਤਰ੍ਹਾਂ ਚੱਕਰ ਕੱਟ ਰਹੀ ਹੈ। ਜੇਕਰ ਉਸ ਦਾ ਦਾਹ-ਸੰਸਕਾਰ ਰੀਤੀ-ਰਿਵਾਜ਼ ਦੇ ਅਨੁਸਾਰ ਨਹੀਂ ਹੁੰਦਾ ਤਾਂ ਉਹ ਜ਼ਰੂਰ



ਹੀ ਬ੍ਰਹਮ-ਰਾਖਸ਼ ਬਣ ਕੇ ਸਾਰੇ ਅਗਰਹਾਰ ਨੂੰ ਸਤਾਏਗਾ। ਭਰੀਆਂ ਅੱਖਾਂ ਨਾਲ ਦਾਸਾਚਾਰੀਏ ਨੇ ਪੰਡਤਾਂ ਦੀ ਸ਼ਿਕਾਇਤ ਕਰਦਿਆਂ ਕਿਹਾ :

"ਤੁਸੀਂ ਸੋਨੇ-ਗਹਿਣੇ ਦੇ ਲਾਲਚ 'ਚ ਸਾਨੂੰ ਬਰਬਾਦ ਕਰ ਦਿੱਤਾ ਹੈ। ਕਿਹਾ ਸੀ ਨਾ ? ਇਹ ਲਾਸ਼ ਪੰਡਤ ਦੀ ਲਾਸ਼ ਹੈ। ਜੇਕਰ ਵਿਧੀਵਤ ਢੰਗ ਨਾਲ ਸੰਸਕਾਰ, ਸ਼ਰਾਧ ਅਤੇ ਤਰਪਣ ਨਹੀਂ ਹੋਵੇਗਾ ਤਾਂ ਉਹ ਜ਼ਰੂਰ ਦੈਂਤ ਬਣ ਜਾਵੇਗਾ। ਪਰ ਗ਼ਰੀਬ ਦੀ ਗੱਲ ਸੁਣਦਾ ਕੌਣ ਹੈ ? ਇਸ ਗਰਮੀ 'ਚ ਸੜ ਕੇ ਕੀ ਉਹ ਸਾਰੇ ਪਾਸੇ ਮੁਸ਼ਕ ਨਹੀਂ ਉਭਰਾਏਗਾ ? ਫੇਰ ਆਪਾਂ ਵੀ ਕਿੰਨੇ ਕੁ ਦਿਨ ਭੁੱਖੇ ਰਹਾਂਗੇ ਅਤੇ ਜਿਉਂਦੇ ਰਹਾਂਗੇ ਇਸ ਲਾਸ਼ ਨੂੰ ਰੱਖ ਕੇ... ?"

ਦੁਰਗਾਭੱਟ ਭੁੱਖ ਦੇ ਕਾਰਨ ਗੁੱਸੇ 'ਚ ਸੀ, ਬੋਲਿਆ, "ਕਿਹੋ ਜਿਹੇ ਮਾਧਵ ਹੋ ਤੁਸੀਂ ? ਕਿਹੋ ਜਿਹਾ ਆਚਾਰੀਆ ਹੈ ਤੁਹਾਡਾ ? ਅਜਿਹੀ ਹਾਲਤ 'ਚ ਤੁਹਾਨੂੰ ਕੋਈ ਉਪਾਅ ਨਹੀਂ ਸੁੱਝ ਰਿਹਾ ਹੈ ?"

ਹੁਣ ਤੱਕ ਗਰੁੜ ਢੈਲਾ ਪੈ ਚੁੱਕਿਆ ਸੀ। ਕਹਿਣ ਲੱਗਿਆ, "ਮੈਨੂੰ ਕੋਈ ਇਤਰਾਜ਼ ਨਹੀਂ ਹੈ। ਪ੍ਰਾਣੇਸ਼ਾਚਾਰੀਆ ਕਹਿ ਦੇਣ ਤਾਂ ਮੈਨੂੰ ਮੰਜ਼ੂਰ ਹੋਵੇਗਾ। ਤੁਹਾਡੀ ਕੀ ਰਾਇ ਹੈ ? ਗਹਿਣਿਆਂ ਦੇ ਸੁਆਲ 'ਤੇ ਹਾਲੇ ਵਿਚਾਰ ਨਾ ਕਰੋ। ਪਹਿਲਾਂ ਲਾਸ਼ ਨੂੰ ਸ਼ਮਸ਼ਾਨ ਘਾਟ ਪਹੁੰਚਾਉ। ਕੀ ਖ਼ਿਆਲ ਹੈ ਤੁਹਾਡਾ ? ਪ੍ਰਾਣੇਸ਼ਾਚਾਰੀਆ ਸਾਡੇ ਪੰਡਤਾਉਪੁਣੇ ਨੂੰ ਬਚਾ ਲੈਣ, ਏਨਾ ਹੀ ਬਹੁਤ ਹੈ।"

ਸਾਰੇ ਜਣੇ ਪ੍ਰਾਣੇਸ਼ਾਚਾਰੀਆ ਦੇ ਘਰੇ ਜਾ ਕੇ ਉਹਨਾਂ ਦੇ ਵਰ੍ਹਾਂਡੇ 'ਚ ਦੀਨ-ਦੁਖੀਆਂ ਵਾਂਗ ਖੜ੍ਹੇ ਹੋ ਜਾਂਦੇ। ਆਚਾਰੀਆ ਘਰਵਾਲੀ ਨੂੰ ਪਿਸ਼ਾਬ ਕਰਾਉਣ, ਮੂੰਹ-ਹੱਥ ਧੁਆਉਣ ਦੇ ਲਈ ਪਿੱਛੇ ਲੈ ਗਏ ਸਨ, ਦਵਾਈ ਦੇਣ ਦੇ ਬਾਦ ਬਾਹਰ ਆਏ। ਫੇਰ ਆਏ ਹੋਏ ਪੰਡਤਾਂ ਨੂੰ ਗਈ ਰਾਤ ਦਾ ਆਪਣਾ ਫ਼ੈਸਲਾ ਸੁਣਾਇਆ।

ਗਰੁੜ ਨੇ ਇਕੱਠੇ ਆਏ ਸਾਰੇ ਪੰਡਤਾਂ ਦੀ ਸਲਾਹ ਨੂੰ ਬੜੇ ਦੁੱਖ ਨਾਲ ਸਪੱਸ਼ਟ ਕੀਤਾ, "ਸਾਡਾ ਪੰਡਤਾਉਪੁਣਾ ਹੁਣ ਤੁਹਾਡੇ ਹੱਥ 'ਚ ਹੈ। ਲਾਸ਼ ਚੁੱਕ ਦੇਣ ਜਾਂ ਰੱਖੀ ਰੱਖਣ ਨਾਲ ਆਉਣ ਵਾਲੇ ਸੰਕਟਾਂ ਅਤੇ ਬਦਨਾਮੀ ਤੋਂ ਸਾਡੀ ਰੱਖਿਆ ਕਰੋ, ਉਦੋਂ ਤੱਕ ਅਸੀਂ ਸਾਰੇ ਏਥੇ ਬੈਠੇ ਹਾਂ।"

ਆਚਾਰੀਆ ਨੇ ਜਾਂਦਿਆਂ ਕਿਹਾ, "ਤੁਸੀਂ ਸਾਰੇ ਜਾਣਦੇ ਹੀ ਹੋਵੋਗੇ ਕਿ ਨਹੀਂ ਕਿ ਬੱਚਿਆਂ ਦੇ ਲਈ ਖਾਣ-ਪੀਣ ਦੀ ਕੋਈ ਮਨਾਹੀ ਨਹੀਂ ਹੈ। ਉਹ ਰੋਟੀ ਖਾ ਸਕਦੇ ਹਨ।"

ਇੱਕ ਨਿੱਕੀ ਜਿਹੀ ਟੋਕਰੀ 'ਚ ਅਗਰਹਾਰ ਦੇ ਬਿਰਖ਼ਾਂ ਤੋਂ ਤੋੜੇ ਚੰਪਾ ਅਤੇ ਚਮੇਲੀ ਦੇ ਫੁੱਲਾਂ ਨੂੰ ਆਚਾਰੀਆ ਨੇ ਰੱਖ ਲਿਆ। ਟੋਕਰੀ ਨੂੰ ਫੇਰ ਤੁਲਸੀ ਦੇ ਪਵਿੱਤਰ ਪੱਤਿਆਂ ਦੇ ਨਾਲ ਭਰ ਲਿਆ। ਨਦੀ 'ਚ ਇਸ਼ਨਾਨ ਕੀਤਾ, ਭਿੱਜੇ ਕੱਪੜਿਆਂ ਨੂੰ ਦੇਹ 'ਤੇ ਲਪੇਟਿਆ ਅਤੇ ਭਗਵਾਨ ਮਾਰੂਤੀ ਦੇ ਸਨਮੁੱਖ ਹੋ ਕੇ ਨਵਾਂ ਜਨੇਊ ਧਾਰਨ ਕੀਤਾ। ਨਦੀ ਦੇ ਉਸ ਪਾਰ ਜੰਗਲਾਂ 'ਚੋਂ ਹੁੰਦੇ ਹੋਏ ਦੋ ਮੀਲ ਦੂਰ ਸਥਿਤ ਬਿਰਖ਼ਾਂ ਦੇ ਝੁੰਡ ਦੇ ਸ਼ਾਂਤ ਵਾਤਾਵਰਣ 'ਚ ਬਣੇ ਹਨੂਮਾਨ ਜੀ ਦੇ ਮੰਦਰ 'ਚ ਗਏ। ਮੰਦਰ ਦੇ ਖੂਹ 'ਚੋਂ ਕੁਝ ਪਾਣੀ ਖਿੱਚਿਆ ਅਤੇ ਆਪਣੇ ਉੱਪਰ ਪਾ ਲਿਆ। ਜੇਕਰ ਰਾਹ 'ਚ ਕਿਸੇ ਦੀ ਦੇਹ ਦੇ ਨਾਲ ਲੱਗਣ 'ਤੇ ਦੇਹ ਅਪਵਿੱਤਰ ਹੋ ਗਈ ਹੋਵੇ ਉਹ ਧੋਤੀ ਜਾਵੇ। ਫੇਰ ਇੱਕ ਘੜਾ ਪਾਣੀ ਦਾ ਭਰਿਆ ਅਤੇ ਅੰਦਰ ਲੈ ਗਿਆ-ਹਨੂਮਾਨ ਜੀ ਦੀ ਆਦਮਕਦ ਮੂਰਤੀ 'ਤੇ ਫੁੱਲ ਅਤੇ ਤੁਲਸੀ ਦੇ ਸੁੱਕੇ ਪੱਤੇ ਪਾਸੇ ਕੀਤੇ ਅਤੇ ਮੂਰਤੀ ਨੂੰ ਪਾਣੀ ਨਾਲ ਇਸ਼ਨਾਨ ਕਰਾਇਆ। ਇੱਕ ਘੰਟੇ ਤੱਕ ਮੰਤਰ ਪੜ੍ਹਦਿਆਂ ਮੂਰਤੀ ਦੇ ਮੂਹਰੇ ਬੈਠੇ ਰਹੇ। ਚੰਦਨ ਦੀ ਗੇਲੀ ਗਿੱਲੀ ਸਿੱਲ 'ਤੇ ਰਗੜ ਕੇ ਘੋਲ ਬਣਾਇਆ। ਮੂਰਤੀ 'ਤੇ ਇਸ ਸੁਗੰਧਿਤ ਘੋਲ ਦਾ ਲੇਪ ਕਰ ਦਿੱਤਾ, ਅਗਰਬੱਤੀ ਬਾਲੀ ਅਤੇ ਹਨੂਮਾਨ ਜੀ ਦੇ ਚਰਨਾ 'ਚ ਰੱਖ ਦਿੱਤੀ। ਫੁੱਲਾਂ ਅਤੇ ਤੁਲਸੀ ਦੇ ਪੱਤਿਆਂ ਦੇ ਨਾਲ ਮੂਰਤੀ ਨੂੰ ਸਜਾਇਆ। ਫੇਰ ਅੱਖਾਂ ਮੀਚ ਲਈਆਂ ਅਤੇ ਆਪਣੇ ਮਨ ਦੇ ਸਭ ਸੰਸੇ ਭਗਵਾਨ ਦੇ ਸਾਹਮਣੇ ਜ਼ਾਹਿਰ ਕਰਨ ਲੱਗੇ :

"ਤੁਹਾਡੀ ਹਾਂ ਹੋਵੇ ਤਾਂ ਸੱਜੇ ਪਾਸੇ ਦਾ ਪੁਸ਼ਪ-ਪ੍ਰਸਾਦ ਮੈਨੂੰ ਦਿਉ ਅਤੇ ਜੇਕਰ ਤੁਸੀਂ ਲਾਸ਼

ਦੇ ਸੰਸਕਾਰ ਦਾ ਮਨਾਹੀ ਕਰਦੇ ਹੋ ਤਾਂ ਖੱਬੇ ਪਾਸੇ ਦਾ ਫੁੱਲ। ਮੈਂ ਮੰਦਬੁੱਧੀ ਹਾਂ। ਤੁਹਾਡੀ ਸ਼ਰਣ 'ਚ ਆਇਆ ਹਾਂ।" ਏਨਾ ਕਹਿ ਕੇ ਉਹਨਾਂ ਨੇ ਫੇਰ ਅੱਖਾਂ ਬੰਦ ਕਰ ਲਈਆਂ। ਫੇਰ ਅੱਖਾਂ ਖੋਲ੍ਹ ਕੇ ਸੰਕਲਪ ਕੀਤਾ ਅਤੇ ਦੀਵੇ ਦੇ ਚਾਨਣ 'ਚ ਹਨੂਮਾਨ ਜੀ ਦੇ ਵੱਲ ਟਿਕਟਿਕੀ ਲਾ ਕੇ ਦੇਖਦੇ ਰਹੇ।

ਭਾਵੇਂ ਸਵੇਰ ਦੇ ਦਸ ਹੀ ਵੱਜੇ ਸਨ, ਫੇਰ ਵੀ ਬਹੁਤ ਜ਼ਿਆਦਾ ਗਰਮੀ ਪੈਣ ਲੱਗੀ ਸੀ। ਮੰਦਰ ਦਾ ਹਨੇਰਾ ਵੀ ਹੁੰਮਸ ਨਾਲ ਭਰਿਆ ਸੀ ਅਤੇ ਪਸੀਨਾ ਆਉਣ ਲੱਗਿਆ ਸੀ। ਆਚਾਰੀਆ ਨੇ ਇੱਕ ਘੜਾ ਪਾਣੀ ਦਾ ਆਪਣੇ ਉੱਪਰ ਪਾ ਲਿਆ ਅਤੇ ਭਿੱਜੀ ਦੇਹ ਨਾਲ ਫੇਰ ਬੈਠ ਗਏ। "ਤੁਹਾਡੇ ਸੰਕੇਤ ਤੋਂ ਬਿਨਾਂ ਮੈਂ ਏਥੋਂ ਉੱਠਾਂਗਾ ਨਹੀਂ।" ਮਨ ਹੀ ਮਨ ਉਹਨਾਂ ਨੇ ਕਿਹਾ।

ਪ੍ਰਾਣੇਸ਼ਾਚਾਰੀਆ ਦੇ ਘਰੋਂ ਨਿੱਕਲਦੇ ਹੀ ਚੰਦਰੀ, ਜਿਸ 'ਚ ਪੰਡਤ ਦੇ ਗੁਸੈਲ ਚਿਹਰੇ ਦੇਖਣ ਦੀ ਹਿੰਮਤ ਨਹੀਂ ਸੀ, ਕੇਲਿਆਂ ਦੇ ਬਾਗ 'ਚ ਚਲੀ ਗਈ। ਨਦੀ ਪਾਰ ਜਾ ਕੇ ਸਰੀਰ ਮਲ-ਮਲ ਕੇ ਇਸ਼ਨਾਨ ਕੀਤਾ। ਸਾੜ੍ਹੀ ਦੀ ਝੋਲੀ 'ਚ ਪੱਕੇ ਕੇਲੇ ਪਾ ਲਏ। ਉਸ ਦੇ ਕਾਲੇ-ਕਾਲੇ ਲੰਬੇ ਵਾਲ਼ ਉਸ ਦੇ ਸਰੀਰ 'ਤੇ ਖਿੰਡੇ ਹੋਏ ਸਨ। ਉਸ ਦੀ ਭਿੱਜੀ ਸਾੜ੍ਹੀ ਉਸ ਦੀ ਦੇਹ ਨਾਲ ਚਿੰਬੜੀ ਹੋਈ ਸੀ। ਮੰਦਰ ਤੋਂ ਕੁਝ ਦੂਰ ਖੜ੍ਹੇ ਇੱਕ ਬਿਰਖ਼ ਦੇ ਸਹਾਰੇ ਆ ਕੇ ਬੈਠ ਗਈ।

ਦੂਰ ਮੰਦਰ 'ਚੋਂ ਆਚਾਰੀਏ ਨੇ ਜੋ ਘੰਟੀਆਂ ਵਜਾਈਆਂ ਸੁਣ ਰਹੀਆਂ ਸਨ। ਮੰਦਰ 'ਚੋਂ ਆ ਰਹੀ ਇਸ ਪਵਿੱਤਰ ਘੰਟੀਆਂ ਦੀ ਆਵਾਜ਼ ਨਾਲ ਪਿਛਲੀ ਰਾਤ ਅੰਦਰ ਤੱਕ ਹਲਚਲ ਮਚਾਉਣ ਵਾਲਾ ਅਨੁਭਵ ਯਾਦ ਆਇਆ। ਜਦ ਉਹ ਆਪਣੀ ਮਾਂ ਦੀਆਂ ਕਹੀਆਂ ਗੱਲਾਂ ਨੂੰ ਯਾਦ ਕਰਦਿਆਂ ਬੈਠੀ ਸੀ ਤਾਂ ਰਾਤ ਨੂੰ ਉਸ ਦੇ ਕੋਲ ਆਚਾਰੀਆ ਜੀ ਹੱਥਾਂ 'ਚ ਕੰਦੀਲ ਲਈ ਖੜ੍ਹੇ ਸਨ। ਉਸ ਨੂੰ ਚਟਾਈ ਅਤੇ ਸਿਰਹਾਣਾ ਲਿਆ ਕੇ ਦਿੱਤਾ। ਆਚਾਰੀਆ ਜੀ ਨੇ ਹੌਲੀ ਜਿਹੇ ਉਸ ਨੂੰ 'ਚੰਦਰੀ' ਆਖਿਆ ਸੀ ਨਾ। ਇੱਕਦਮ ਉਸ ਨੂੰ ਖ਼ਿਆਲ ਆਇਆ ਕਿ ਉਸ ਦੀ ਉਮਰ ਤੀਹ ਸਾਲ ਪਾਰ ਕਰ ਚੁੱਕੀ ਹੈ। ਦਸ ਵਰ੍ਹਿਆਂ ਤੱਕ ਉਹ ਨਾਰਣੱਪੇ ਦੇ ਨਾਲ ਰਹੀ, ਪਰ ਇੱਕ ਔਲਾਦ ਤੱਕ ਨਾ ਹੋਈ। ਜੇਕਰ ਪੁੱਤਰ ਪੈਦਾ ਹੋ ਜਾਂਦਾ ਤਾਂ ਕੀ ਵੱਡਾ ਸੰਗੀਤਕਾਰ ਬਣ ਸਕਦਾ ਸੀ? ਧੀ ਹੁੰਦੀ ਤਾਂ ਉਸ ਨੂੰ ਭਰਤਨਾਟਯਮ ਨ੍ਰਿਤ ਸਿਖਾਉਂਦੀ। ਸਭ ਕੁਝ ਹੋਣ 'ਤੇ ਵੀ ਉਸ ਦਾ ਕੁਝ ਨਹੀਂ ਰਿਹਾ। ਬਿਰਖ਼ਾਂ 'ਚੋਂ ਫੜ-ਫੜ ਕਰਕੇ ਉੱਡਣ ਵਾਲੇ ਅਤੇ ਫੇਰ ਬਿਰਖ਼ ਦੀਆਂ ਟਾਹਣੀਆਂ 'ਤੇ ਆ ਕੇ ਬੈਠ ਜਾਣ ਵਾਲੇ ਛੋਟੇ-ਛੋਟੇ ਪੰਛੀਆਂ ਦੇ ਵੱਲ ਦੇਖਦੀ ਹੋਈ ਬੈਠੀ ਰਹੀ।

## 8

ਦਾਸਾਚਾਰੀਏ ਨੂੰ ਹੁਣ ਇਹ ਚਿੰਤਾ ਸਤਾਉਣ ਲੱਗੀ ਕਿ ਜੇਕਰ ਉਹ ਛੇਤੀ ਰੋਟੀ ਨਹੀਂ ਖਾਏਗਾ ਤਾਂ ਪੱਕਾ ਹੀ ਮਰ ਜਾਵੇਗਾ। ਬੱਚਿਆਂ ਦੇ ਲਈ ਬਣ ਰਹੇ ਖਾਣੇ ਗੰਧ-ਉਹ ਵਰਤ ਦੇ ਇਸ ਦਿਨ ਸਿਰਫ਼ ਸੁੰਘ ਹੀ ਸਕਦਾ ਸੀ। ਇਸ ਗੰਧ ਨੇ ਜਿਵੇਂ ਬਲਦੀ ਅੱਗ 'ਤੇ ਘਿਉ ਪਾਉਣ ਦਾ ਕੰਮ ਕੀਤਾ। ਮੂੰਹ ਦੇ ਪਾਣੀ ਨੂੰ ਥੁੱਕ ਕੇ ਉਹ ਉੱਠਿਆ। ਸਭ ਤੋਂ ਨਜ਼ਰਾਂ ਬਚਾ ਕੇ ਤੁੰਗਾ ਨਦੀ ਦੇ ਵੱਲ ਗਿਆ ਜਿੱਥੇ ਉਸ ਨੇ ਇਸ਼ਨਾਨ ਕੀਤਾ ਅਤੇ ਫੇਰ ਪਾਰਿਜਾਤਪੁਰ ਦੇ ਵੱਲ ਚਲਾ ਗਿਆ। ਉੱਥੋਂ ਦੇ ਸ਼ਾਹੂਕਾਰ ਮੰਜਈਏ ਦੇ ਘਰ ਦੇ ਛੱਜੇ ਦੀ ਛਾਂ 'ਚ ਆ ਕੇ ਰੁਕ ਗਿਆ। ਸੋਚਿਆ, ਏਥੇ ਕਿਵੇਂ ਖਾਣ ਦੇ ਲਈ ਪਹੁੰਚ ਗਿਆ? ਸਾਰੀ ਉਮਰ ਨੀਵੀਂ ਜਾਤ ਦੇ ਇਹਨਾਂ ਪੰਡਤਾਂ ਦੇ ਹੱਥੋਂ ਪਾਣੀ ਤੱਕ ਉਸ ਨੇ ਨਹੀਂ ਪੀਤਾ ਸੀ। ਆਖ਼ਿਰ ਉਹ ਅਜਿਹਾ ਪੰਡਤ ਸੀ ਜੋ ਵਿਭਿੰਨ ਸੰਸਕਾਰਾਂ ਤੋਂ ਮਿਲਿਆ ਭੋਜਨ ਹੀ ਖਾ ਸਕਦਾ ਸੀ। ਇਸ ਦੇ ਬਾਰੇ ਜੇ ਦੂਜਿਆਂ ਦੇ ਆਉਣ ਤੋਂ ਪਹਿਲਾਂ ਹੀ ਉਸ ਦੇ ਪੈਰ ਉਸ ਨੂੰ ਚਿਓੜੇ ਅਤੇ ਨਮਕੀਨ ਚੌਲ ਖਾ ਰਹੇ ਮੰਜਈਏ ਦੇ ਮੂਹਰੇ ਖਿੱਚ ਲਿਆਏ।



"ਵਾਹ ਜੀ ਵਾਹ... ਆਉ-ਆਉ, ਆਚਾਰੀਆ ਜੀ। ਦੱਸੋ? ਇੱਧਰ ਕਿਵੇਂ ਆਉਣਾ ਹੋਇਆ? ਕਿਉਂ, ਪ੍ਰਾਣੇਸ਼ਾਚਾਰੀਆ ਹਾਲੇ ਤੱਕ ਕਿਸੇ ਫ਼ੈਸਲੇ ਤੱਕ ਪਹੁੰਚੇ ਕਿ ਨਹੀਂ? ਕਿੰਨੀ ਔਖਿਆਈ ਹੈ ਕਿ ਤੁਸੀਂ ਦਾਹ-ਸੰਸਕਾਰ ਤੋਂ ਪਹਿਲਾਂ ਕੁਝ ਖਾ ਵੀ ਨਹੀਂ ਸਕਦੇ ਨਾ? ਕਿਰਪਾ ਕਰਕੇ ਬੈਠੋ। ਥਕਾਵਟ ਥੋੜ੍ਹੀ ਦੂਰ ਕਰ ਲਉ। ਓ ਭਾਗਵਾਨੇ, ਆਚਾਰੀਆ ਜੀ ਦੇ ਲਈ ਪਟੜਾ ਤਾਂ ਡਾਹ ਦੇ।" ਮੰਜਈਏ ਨੇ ਉਸ ਦਾ ਸੁਆਗਤ ਕਰਦਿਆਂ ਕਿਹਾ।

ਦਾਸਾਚਾਰੀਏ ਦੀ ਨਜ਼ਰ ਅਣਮੰਨੇ ਭਾਵ ਨਾਲ ਸਿਰਫ਼ ਉਪਮਾ ਦੇ ਵੱਲ ਜਾ ਰਹੀ ਸੀ। ਮੰਜਈਏ ਨੇ ਜਾਣ ਲਿਆ ਅਤੇ ਉਸ ਦੇ ਵੱਲ ਦੇਖਦਿਆਂ ਪੁੱਛਿਆ, "ਕਿਉਂ? ਆਚਾਰੀਆ ਜੀ ਚੱਕਰ ਆ ਰਹੇ ਹਨ? ਤੁਹਾਡੇ ਲਈ ਕੋਈ ਸ਼ਰਬਤ ਬਣਵਾਵਾਂ?"

ਦਾਸਾਚਾਰੀਆ ਬਿਨਾ 'ਹਾਂ' ਜਾਂ 'ਨਾ' ਕਹੇ ਚੁੱਪਚਾਪ ਪਟੜੇ 'ਤੇ ਬੈਠ ਗਿਆ। ਕਿਵੇਂ ਮੂੰਹ ਟੱਢ ਕੇ ਮੰਗ ਲਵੇ? ਹੌਸਲਾ ਕਰਕੇ ਬੇਤੁਕਾ ਬੋਲਣਾ ਸ਼ੁਰੂ ਕਰ ਦਿੱਤਾ। ਉਪਮਾ ਖਾਂਦਿਆਂ ਮੰਜਈਆ ਉਸ ਦੀਆਂ ਗੱਲਾਂ ਸੁਣਦਾ ਰਿਹਾ।

"ਕੱਲ੍ਹ ਸਾਡੇ ਬੰਦਿਆਂ ਨੇ ਤੁਹਾਨੂੰ ਕੁਝ ਕਿਹਾ, ਮੈਨੂੰ ਅਸਲ 'ਚ ਚੰਗਾ ਨਹੀਂ ਲੱਗਿਆ ਮੰਜਈਆ ਜੀ।"

"ਛੀ! ਛੀ... ਤੁਸੀਂ ਇਉਂ ਨਾ ਕਹੋ।" ਮੰਜਈਏ ਨੇ ਰਸਮੀ ਤੌਰ 'ਤੇ ਕਿਹਾ।

"ਇਉਂ ਦੇਖਿਆ ਜਾਵੇ ਤਾਂ ਇਸ ਕਲਯੁੱਗ ਵਿਚ ਸੱਚੇ ਪੰਡਤ ਹਨ ਵੀ ਕਿੰਨੇ ਕੁ, ਮੰਜਈਆ ਜੀ?"

"ਹਾਂ, ਉਹ ਤਾਂ ਸੱਚ ਹੈ, ਆਚਾਰੀਆ ਜੀ! ਦਿਨ ਹੀ ਖ਼ਰਾਬ ਆ ਗਏ ਹਨ।"

"ਇਹ ਇਸ ਲਈ ਕਹਿ ਰਿਹਾ ਹਾਂ, ਮੰਜਈਆ ਜੀ ਕਿ ਪਰੰਪਰਾ ਅਤੇ ਨੇਮ-ਨਿਸ਼ਠਾ ਦੇ ਪਾਲਣ 'ਚ ਤੁਸੀਂ ਕਿਨ੍ਹਾਂ ਪੰਡਤਾਂ ਤੋਂ ਪਿੱਛੇ ਹੋ? ਇੱਕ ਤੁਸੀਂ ਹੋ ਕਿ ਬਿਨਾ ਕਿਸੇ ਦਾਨ-ਦੱਖਣਾ ਦੇ ਸੰਸਕਾਰ ਕਰਨ ਦੇ ਲਈ ਹੀ ਤਿਆਰ ਹੋ ਗਏ ਅਤੇ ਉਧਰ ਸਾਡੇ ਅਗਰਹਾਰ ਦੇ ਗਰੁੜ ਅਤੇ ਲਕਸ਼ਮਣ-ਦੋਵੇਂ ਇੱਲ੍ਹਾਂ ਅਤੇ ਕਾਵਾਂ ਦੇ ਵਾਂਗ ਸੋਨੇ ਦੇ ਕੁਝ ਟੁਕੜਿਆਂ ਦੇ ਲਈ ਲੜਨ ਲੱਗੇ।"

"ਨਹੀਂ... ਨਹੀਂ... ਭਰਾਵਾ, ਨਹੀਂ ਤਾਂ।" ਮੰਜਈਆ ਕਿਸੇ ਦੀ ਭਲਾਈ-ਬੁਰਾਈ ਦੇ ਝਗੜੇ 'ਚ ਨਹੀਂ ਪੈਣਾ ਚਾਹੁੰਦਾ ਸੀ, ਇਸ ਲਈ ਉਸ ਨੇ ਕੁਝ ਵੀ ਜਵਾਬ ਦੇਣ ਦੇ ਲਈ ਇਉਂ ਕਹਿ ਦਿੱਤਾ।

"ਆਪਸੀ ਤੌਰ 'ਤੇ ਦੱਸ ਰਿਹਾ ਹਾਂ, ਮੰਜਈਆ ਜੀ, ਸਭ ਆਖ ਰਹੇ ਨੇ ਕਿ ਗਰੁੜ ਦੇ ਜਾਦੂ-ਟੂਣੇ ਨਾਲ ਨਾਰਣੱਪਾ ਰਾਹੋਂ ਭਟਕ ਗਿਆ ਸੀ। ਉਸੇ ਦਾ ਇੱਕ ਮਾੜਾ ਸਿੱਟਾ ਇਹ ਨਿਕਲਿਆ ਕਿ ਉਸ ਦਾ ਮੁੰਡਾ ਮਿਲਟਰੀ 'ਚ ਭਰਤੀ ਹੋ ਗਿਆ। ਉਸ ਵਿਚਾਰੀ ਲਕਸ਼ਮੀ ਦੇਵੰਮਾ ਦੀ ਜ਼ਮੀਨ-ਜਾਇਦਾਦ ਤੱਕ ਹੜੱਪ ਲਈ ਗਰੁੜ ਨੇ।"

ਮੰਜਈਆ ਖ਼ੁਸ਼ ਹੋ ਰਿਹਾ ਸੀ, ਪਰ ਚੁੱਪ ਰਿਹਾ।

"ਮੈਂ ਇਹ ਸਭ ਇਸ ਲਈ ਕਿਹਾ ਹੈ ਕਿ ਦੱਸੋ, ਸੱਚੇ ਪੰਡਤ ਅੱਜ ਏਥੇ ਕਿਹੜੇ ਹਨ, ਕਿੱਥੇ ਹਨ? ਅਸਲ 'ਚ ਮੇਰੇ ਮਨ 'ਚ ਗਰੁੜ ਦੇ ਲਈ ਕੋਈ ਲਗ-ਲਗਾਅ ਨਹੀਂ ਹੈ। ਗੁਰੂ ਤੋਂ ਪੰਜ ਦਿਨ ਲਗਾਤਾਰ ਸਾਲ 'ਚ ਇੱਕ ਵਾਰ ਪੰਡਤ ਦੀ ਮੋਹਰ ਲਵਾਉਣ ਨਾਲ ਹੀ ਕੀ ਸਾਰੇ ਪਾਪ ਕਟ ਜਾਂਦੇ ਹਨ? ਉਹ ਪੰਡਤ ਜੋ ਕੁਝ ਖ਼ੁਦ ਨਹੀਂ ਕਰਨਾ ਚਾਹੁੰਦੇ, ਉਸੇ ਕੰਮ ਨੂੰ ਤੁਹਾਡੇ ਤੋਂ ਕਰਾਉਣਾ ਚਾਹੁੰਦੇ ਹਨ, ਇਹ ਗੱਲ ਮੈਨੂੰ ਬਿਲਕੁਲ ਵੀ ਚੰਗੀ ਨਹੀਂ ਲੱਗੀ ਪਰ ਜੋ ਮਰਜ਼ੀ ਕਹੋ ਮੰਜਈਆ ਜੀ, ਸੱਚੇ ਅਰਥਾਂ 'ਚ ਜੇਕਰ ਕੋਈ ਪੰਡਤ ਹੈ ਉਹ ਹੈ ਪ੍ਰਾਣੇਸ਼ਾਚਾਰੀਆ ਜੀ। ਉਹਨਾਂ 'ਚ ਕਿੰਨਾ ਤੇਜ਼ ਹੈ... ਕਿੰਨੀ ਤਪ ਵਾਲੀ ਜ਼ਿੰਦਗੀ ਹੈ।"

"ਠੀਕ ਹੈ, ਤੁਸੀਂ ਬਿਲਕੁਲ ਠੀਕ ਆਖਦੇ ਹੋ।" ਮੰਜਈਏ ਨੇ ਗੱਲ ਮੰਨਦਿਆਂ ਕਿਹਾ ਅਤੇ ਫੇਰ ਪੁੱਛਿਆ, "ਇਸ਼ਨਾਨ ਕਰਕੇ ਆਏ ਹੋ ਨਾ ਆਚਾਰੀਆ ਜੀ ?"

ਦਾਸਾਚਾਰੀਆ ਨੂੰ ਬੜੀ ਖ਼ੁਸ਼ੀ ਹੋਈ। "ਜੀ ਹਾਂ, ਨਦੀ 'ਚ ਇਸ਼ਨਾਨ ਕਰਕੇ ਹੀ ਇਧਰ ਆਇਆ ਹਾਂ।"

"ਫੇਰ ਸਾਡੇ ਨਾਲ ਕੁਝ ਖਾ ਲਓਨਾ, ਆਚਾਰੀਆ ਜੀ।"

"ਮੈਨੂੰ ਤੁਹਾਡੇ ਘਰ ਖਾਣ 'ਚ ਜ਼ਰਾ ਵੀ ਦਿੱਕਤ ਨਹੀਂ ਹੈ ਪਰ ਅਗਰਹਾਰ ਦੇ ਉਹਨਾਂ ਲਫੰਗਿਆਂ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਫੇਰ ਕਿਸੇ ਰੀਤੀ-ਸੰਸਕਾਰ ਦੇ ਲਈ ਨਹੀਂ ਬੁਲਾਏਗਾ। ਮੈਂ ਕੀ ਕਰਾਂ, ਮੰਜਈਆ ਜੀ ?" ਪੰਡਤ ਦਾਸਾਚਾਰੀਏ ਦੇ ਦੁਖੀ ਹੋ ਕੇ ਕਹੇ ਗਏ ਇਹਨਾਂ ਸ਼ਬਦਾਂ ਨੂੰ ਸੁਣ ਕੇ ਅਤੇ ਇਸ ਗੱਲ ਤੋਂ ਬਹੁਤ ਖ਼ੁਸ਼ ਹੁੰਦਿਆਂ ਕਿ ਅਗਰਹਾਰ ਦਾ ਇੱਕ ਹੋਰ ਪੰਡਤ ਉਹਨਾਂ ਦੇ ਘਰ ਖਾਣੇ ਦੇ ਲਈ ਆਇਆ, ਮੰਜਈਆ ਹੌਲੀ ਦੇਣੇ ਬੋਲਿਆ, "ਤੁਸੀਂ ਸਾਡੇ ਘਰ ਖਾਣਾ ਖਾਓਗੇ, ਇਹ ਗੱਲ ਕਿਸੇ ਨੂੰ ਕਹਿਣ ਥੋੜ੍ਹਾ ਜਾਵਾਂਗੇ, ਆਚਾਰੀਆ ਜੀ ? ਚਲੋ, ਉੱਠੋ... ਹੱਥ-ਪੈਰ ਧੋ ਲਵੋ। ਓ ਭਾਗਵਾਨੇ, ਦੇਖ ਤਾਂ...। ਜ਼ਰਾ ਉਪਮਾ ਤਾਂ ਲਿਆਈਂ।"

ਉਪਮਾ ਦਾ ਨਾਂ ਸੁਣਦੇ ਹੀ ਦਾਸਾਚਾਰੀਏ ਦੇ ਢਿੱਡ 'ਚ ਗੁੜ-ਗੁੜ ਹੋਣ ਲੱਗੀ। ਫੇਰ ਵੀ ਦਾਸਾਚਾਰੀਆ ਕਿਸੇ ਸਮਾਰਤ ਦੇ ਘਰ ਪੱਕਿਆ-ਪਕਾਇਆ ਖਾਣਾ ਖਾਣ ਤੋਂ ਝਿਜਕ ਗਏ। ਇਸ ਲਈ ਬੋਲੇ :

"ਨਹੀਂ, ਨਹੀਂ! ਉਪਮਾ ਮੇਰੇ ਲਈ ਠੀਕ ਨਹੀਂ। ਹਾਂ, ਕੁਝ ਚਿਓੜੇ, ਥੋੜ੍ਹਾ ਗੁੜ ਅਤੇ ਥੋੜ੍ਹਾ ਜਿਹਾ ਦੁੱਧ ਹੀ ਬਹੁਤ ਹੈ।"

ਗੱਲ ਸਮਝ ਕੇ ਮੰਜਈਆ ਅੰਦਰ ਹੀ ਅੰਦਰ ਮੁਸਕਰਾਇਆ। ਆਚਾਰੀਆ ਨੂੰ ਹੱਥ-ਮੂੰਹ ਧੋਣ ਦੇ ਲਈ ਪਾਣੀ ਦੇ ਕੇ ਲੁਕਾ-ਛਿਪਾ ਕੇ ਰਸੋਈ 'ਚ ਲੈ ਗਿਆ। ਉੱਥੇ ਬਿਠਾ ਕੇ ਉਸ ਨੂੰ ਦੁੱਧ, ਗੁੜ, ਚਿਓੜੇ, ਕੇਲੇ ਅਤੇ ਸ਼ਹਿਦ ਦਿੱਤਾ। ਭੋਜਨ ਕਰਦੇ-ਕਰਦੇ ਦਾਸਾਚਾਰੀਏ ਨੂੰ ਨਸ਼ਾ ਜਿਹਾ ਆ ਗਿਆ, ਅੰਤ 'ਚ ਮੰਜਈਏ ਨੇ ਬੇਨਤੀ ਕੀਤੀ, "ਇੱਕ ਚਮਚਾ ਉਪਮਾ 'ਚ ਕੀ ਰੱਖਿਆ ਹੈ, ਲੈ ਲਉ।" ਅਤੇ ਚਮਚਾ ਕੁ ਉਪਮਾ ਪਰੋਸ ਦਿੱਤਾ ਅਤੇ ਉਸ ਨੂੰ ਖੁਆ ਦਿੱਤਾ। ਮੰਜਈਏ ਦੀ ਘਰਵਾਲੀ ਨੇ ਚਾਰ ਚਮਚੇ ਉਪਮਾ ਹੋਰ ਦਿੱਤਾ। ਦਾਸਾਚਾਰੀਆ ਢਿੱਡ 'ਤੇ ਹੱਥ ਫੇਰਦਿਆਂ ਈਸ਼ਵਰ-ਈਸ਼ਵਰ ਕਰਦਿਆਂ, ਮਨ੍ਹਾਂ ਨਹੀਂ ਕਰ ਸਕਿਆ। ਫੇਰ 'ਬਸ, ਰਹਿਣ ਦਿਉ।' ਕਹਿੰਦਿਆਂ ਰਸਮੀ ਤੌਰ 'ਤੇ ਆਪਣੇ ਸਾਹਮਣੇ ਖਾਣ ਵਾਲੇ ਸਾਮਾਨ ਨਾਲ ਭਰੇ ਪੱਤੇ ਨੂੰ ਹੱਥਾਂ ਨਾਲ ਢਕ ਦਿੱਤਾ।

## 9

ਉਸ ਦਿਨ ਬੇਲੀ ਦੀ ਥਾਵੇਂ ਚਿੰਨੀ ਗੋਹਾ ਚੁੱਕਣ ਆਈ। ਉਸ ਨੇ ਦੱਸਿਆ, "ਬੇਲੀ ਦੇ ਮਾਂ-ਬਾਪ ਦੋਵੇਂ ਬੀਮਾਰ ਹੋ ਗਏ ਅਤੇ ਮੰਜੇ 'ਤੇ ਪਏ ਹਨ।" ਅਗਰਹਾਰ ਦੇ ਪੰਡਤਾਂ ਦੀਆਂ ਔਰਤਾਂ ਨੂੰ ਆਪਣੀ ਚਿੰਤਾ ਸਤਾ ਰਹੀ ਸੀ। ਉਹਨਾਂ ਨੇ ਚਿੰਨੀ ਦੇ ਵੱਲ ਧਿਆਨ ਨਾ ਦਿੱਤਾ ਪਰ ਗੋਹਾ ਚੁਕਦਿਆਂ ਚਿੰਨੀ ਬਿਨਾਂ ਇਸ ਗੱਲ ਦੀ ਪਰਵਾਹ ਕਰੇ ਕਿ ਕੋਈ ਸੁਣ ਰਿਹਾ ਹੈ ਜਾਂ ਨਹੀਂ, ਆਪੇ ਬੋਲਦੀ ਰਹੀ, "ਚੌਂਡਾ ਮਰ ਗਿਆ, ਉਸ ਦੀ ਘਰਵਾਲੀ ਵੀ ਮਰ ਗਈ। ਅਸੀਂ ਉਹਨਾਂ ਦੀ ਝੁੱਗੀ ਨੂੰ ਅੱਗ ਲਾ ਦਿੱਤੀ ਅਤੇ ਉਸ ਨੂੰ ਵੀ ਖ਼ਤਮ ਕਰ ਦਿੱਤਾ। ਜ਼ਰੂਰ ਕੋਈ ਦੈਵੀ ਪ੍ਰਕੋਪ ਹੈ, ਪਰ ਕੌਣ ਕਹਿ ਸਕਦਾ ਹੈ ?"

ਗਰੁੜਾਚਾਰੀਏ ਦੀ ਘਰਵਾਲੀ ਸੀਤਾ ਦੇਵੀ ਢਾਕਾਂ 'ਤੇ ਹੱਥ ਧਰ ਕੇ ਆਪਣੇ ਮੁੰਡੇ ਦੇ ਬਾਰੇ 'ਚ ਹੀ ਸੋਚ ਰਹੀ ਸੀ-"ਜੇਕਰ ਫ਼ੌਜ ਵਿਚ ਉਸ ਨੂੰ ਕੁਝ ਹੋ ਜਾਵੇ-ਹੁੰਦਾ ਰਹੇ ਤਾਂ... ਕੁਝ ਵੀ, ਕੀ ਕਰ ਸਕਦਾ ਹੈ ?" ਇਧਰ ਦੂਰ ਖੜ੍ਹੀ ਹੋ ਕੇ ਚਿੰਨੀ ਮਿਣ-ਮਿਣ ਕਰ ਰਹੀ ਸੀ, "ਮਾਂ ਜੀ, ਮਾਂ ਜੀ। ਮੇਰੇ ਭੁੱਖੇ



ਢਿੱਡ ਦੇ ਲਈ ਵੀ ਇੱਕ ਬੁਰਕੀ ਮੇਰੇ ਵੱਲ ਸੁੱਟ ਦਿਉ।"

ਸੀਤਾ ਦੇਵੀ ਅੰਦਰ ਗਈ। ਪਾਨ, ਸੁਪਾਰੀ ਅਤੇ ਥੋੜ੍ਹਾ ਜਿਹਾ ਤਮਾਕੂ ਲਿਆ ਕੇ ਉਸ ਦੇ ਵੱਲ ਸੁੱਟਿਆ ਅਤੇ ਫੇਰ ਆਪਣੇ ਖ਼ਿਆਲਾਂ 'ਚ ਖੋ ਗਈ।

ਪਾਨ, ਸੁਪਾਰੀ ਅਤੇ ਤਮਾਕੂ ਨੂੰ ਲੱਕ 'ਚ ਥੁੰਨਦਿਆਂ ਚਿੰਨੀ ਬੋਲੀ, "ਮਾਂ ਜੀ, ਬਾਹਰੋਂ ਹੁਣ ਕਿੰਨੇ ਚੂਹੇ ਆ ਗਏ ਹਨ, ਜਿਵੇਂ ਜੰਨ ਦੇ ਲਈ ਇਕੱਠੇ ਹੋ ਰਹੇ ਹਨ। ਪਤਾ ਨਹੀਂ ਇਹ ਕੀ-ਕੁਝ ਕਰਨਗੇ।" ਫੇਰ ਗੋਹੇ ਨਾਲ ਭਰੀ ਟੋਕਰੀ ਸਿਰ 'ਤੇ ਧਰੀ ਅਤੇ ਤੁਰ ਪਈ।

ਬੇਲੀ ਨੂੰ ਵੀ ਥੋੜ੍ਹਾ ਜਿਹਾ ਤਮਾਕੂ ਦੇਣ ਦੇ ਖ਼ਿਆਲ ਨਾਲ ਚਿੰਨੀ ਉਸ ਦੀ ਝੁੱਗੀ ਦੇ ਕੋਲ ਆਈ। ਦੂਰੋਂ ਹੀ ਉਸ ਦੇ ਮਾਂ-ਬਾਪ ਦਾ ਚੀਕ-ਚਿਹਾੜਾ ਸੁਣਾਈ ਦਿੱਤਾ।

"ਬੁਖ਼ਾਰ ਹੋਣ 'ਤੇ ਕਿੰਨਾ ਰੌਲਾ ਪੈ ਰਿਹਾ ਹੈ। ਜਿਵੇਂ ਕੋਈ ਭੂਤ-ਪ੍ਰੇਤ ਸਿਰ ਨੂੰ ਚੜ੍ਹਿਆ ਹੋਵੇ।" ਇਹ ਕਹਿੰਦਿਆਂ ਚਿੰਨੀ ਬੇਲੀ ਨੂੰ ਬੁਲਾਉਂਦਿਆਂ ਅੱਗੇ ਗਈ।

ਬੇਲੀ ਮਾਂ-ਬਾਪ ਦੇ ਕੋਲੇ ਸਿਰ 'ਤੇ ਹੱਥ ਧਰੇ ਬੈਠੀ ਸੀ। ਚਿੰਨੀ ਕਹਿਣਾ ਚਾਹੁੰਦੀ ਸੀ ਕਿ ਅਗਰਹਾਰ 'ਚ ਇਸੇ ਤਰ੍ਹਾਂ ਚੂਹਿਆਂ ਦੀ ਬਾਰਾਤ ਨਿਕਲ ਰਹੀ ਹੈ, ਪਰ ਚੁੱਪ ਹੋ ਕੇ ਖੜ੍ਹੀ ਰਹੀ। ਫੇਰ ਥੋੜ੍ਹਾ ਤਮਾਕੂ ਦਿੰਦਿਆਂ ਬੋਲੀ, "ਲੈ ਲੈ, ਸੀਤਾ ਅੰਮਾ ਨੇ ਮੈਨੂੰ ਦਿੱਤਾ।" ਬੇਲੀ ਉੱਠ ਕੇ ਬੈਠ ਗਈ ਅਤੇ ਤਮਾਕੂ ਨੂੰ ਆਪਣੇ ਹੱਥਾਂ 'ਚ ਮਲਕੇ ਮੂੰਹ 'ਚ ਰੱਖ ਲਿਆ।

"ਜੇਕਰ ਅੱਜ ਪਿਲਿਆ 'ਤੇ ਭੂਤ ਚੜ੍ਹ ਗਿਆ ਤਾਂ ਸਾਨੂੰ ਪੁੱਛ-ਤਾਛ ਕਰਨੀ ਚਾਹੀਦੀ ਹੈ। ਚਿੰਨੀ, ਅੱਜ ਮੈਨੂੰ ਬਹੁਤ ਡਰ ਲੱਗ ਰਿਹਾ ਹੈ। ਇਹ ਕੀ ਚੱਕਰ ਹੈ ਕਿ ਇਹ ਚੂਹੇ ਆਪਣੇ ਚੰਡਾਲਾਂ ਦੀ ਗ਼ਰੀਬ ਬਸਤੀ 'ਚ ਵੀ ਫ਼ੌਜ ਦੀ ਫ਼ੌਜ ਬਣਾਈ ਤੁਰੇ ਆ ਰਹੇ ਹਨ ? ਚੌਂਡਾ ਅਤੇ ਉਸ ਦੀ ਘਰਵਾਲੀ ਚੁਟਕੀ 'ਚ ਮਰ ਗਏ ਅਤੇ ਹੁਣ ਮਾਂ-ਬਾਪ ਵੀ ਉਸੇ ਤਰ੍ਹਾਂ ਪਏ ਹਨ ਜਿਵੇਂ ਉਹਨਾਂ ਨੂੰ ਕਿਸੇ ਰਾਖਸ਼ ਨੇ ਫੜ ਰੱਖਿਆ ਹੋਵੇ।" ਬੇਲੀ ਨੇ ਕਿਹਾ।

ਚਿੰਨੀ ਨੇ ਉਸ ਦਾ ਦਿਲ ਰੱਖਣ ਲਈ ਕਿਹਾ, "ਚੁੱਪ ਰਹਿ, ਮੂਰਖ-ਜਿਹੀ!"

ਸ਼ਿਵ ਜੀ ਦੇ ਤੀਜੇ ਗੁਸੈਲ ਨੇਤਰ ਦੀ ਤਰ੍ਹਾਂ ਦੁਪਹਿਰੇ ਦੋ ਵਜੇ ਦਾ ਸੂਰਜ ਮੱਥੇ 'ਤੇ ਬੜੀ ਤੇਜ਼ੀ ਨਾਲ ਤਪ ਰਿਹਾ ਸੀ। ਭੁੱਖ ਨਾਲ ਪਹਿਲਾਂ ਹੀ ਅਧਮਰੇ ਪੰਡਤ ਗਰਮੀ ਦੇ ਮਾਰੇ ਬੇਹਾਲ ਹੋ ਗਏ ਸਨ। ਪ੍ਰਾਣੇਸ਼ਾਚਾਰੀਏ ਦੇ ਆਉਣ ਦੀ ਉਡੀਕ ਕਰਦਿਆਂ ਉਹ ਗਲੀਆਂ 'ਚ ਹੁਣ ਚਮਕਦੀ ਧੁੱਪ ਦੇ ਛਲਾਵੇ ਨੂੰ ਦੇਖ ਰਹੇ ਸਨ। ਬੇਹੱਦ ਡਰ ਅਤੇ ਬੇਹੱਦ ਭੁੱਖ ਨੇ ਉਹਨਾਂ ਦੇ ਅੰਦਰ ਕਿਸੇ ਬਲਾ ਦਾ ਰੂਪ ਧਾਰ ਲਿਆ ਸੀ। ਹਨੂਮਾਨ ਜੀ ਦਾ ਹੁਕਮ ਲੈਣ ਲਈ ਗਏ ਪ੍ਰਾਣੇਸ਼ਾਚਾਰੀਆ ਦੇ ਚਾਰੇ ਪਾਸੇ ਇਹਨਾਂ ਫ਼ਿਕਰਾਂ 'ਚ ਡੁੱਬੇ ਪੰਡਤਾਂ ਦੀਆਂ ਜਾਨਾਂ ਚਮਗਿੱਦੜਾਂ ਵਾਂਗ ਲਟਕੀਆਂ ਹੋਈਆਂ ਸਨ। ਥੋੜ੍ਹੀ ਜਿਹੀ ਆਸ ਦਿਖ ਰਹੀ ਸੀ ਕਿ ਨਾਰਣੱਪੇ ਦੀ ਲਾਸ਼ ਨੂੰ ਇੱਕ ਰਾਤ ਹੋਰ ਰੱਖਣ ਦੀ ਨੌਬਤ ਨਹੀਂ ਆਵੇਗੀ।

ਸੀਤਾ ਦੇਵੀ ਨੂੰ ਚੌਲਾਂ ਦੇ ਭਾਂਡਿਆਂ 'ਚੋਂ ਇੱਕ ਮਰਿਆ ਹੋਇਆ ਚੂਹਾ ਮਿਲਿਆ, ਜਿਸ ਨੂੰ ਉਸ ਦੀ ਪੂਛ ਤੋਂ ਫੜ ਕੇ ਪੱਲੇ ਨਾਲ ਨੱਕ ਢਕ ਕੇ ਸੁੱਟਣ ਦੇ ਲਈ ਬਾਹਰ ਆਈ ਤਾਂ ਝਪਟਾ ਮਾਰ ਕੇ ਇੱਕ ਇੱਲ੍ਹ ਉਸ ਦੇ ਵੱਲ ਆਸਮਾਨ ਤੋਂ ਉਤਰੀ ਅਤੇ ਫੇਰ ਦਿਸ਼ਾ ਬਦਲ ਕੇ ਉਸ ਦੇ ਘਰ ਦੇ ਬਨੇਰੇ 'ਤੇ ਜਾ ਬੈਠੀ। ਸੀਤਾ ਨੇ ਚੀਕ ਮਾਰੀ, "ਹਾਏ, ਦੇਖਿਉ ਜੀ, ਆਇਉ ਜੀ।" ਘਰ ਦੀ ਛੱਤ 'ਤੇ ਇੱਲ੍ਹ ਦਾ ਬੈਠਣਾ ਮੌਤ ਦੇ ਅਪਸ਼ਗੁਨ ਦੇ ਬਰਾਬਰ ਹੁੰਦਾ ਹੈ। ਇਉਂ ਕਦੇ ਨਹੀਂ ਹੋਇਆ ਸੀ। ਗਰੁੜਾਚਾਰੀਆ ਭੱਜ ਕੇ ਆਇਆ ਅਤੇ ਇੱਲ੍ਹ ਨੂੰ ਦੇਖਦੇ ਹੀ ਧੰਮ ਦੇਣੇ ਬੈਠ ਗਿਆ। "ਹਾਏ, ਕਿਤੇ ਮੇਰੇ ਮੁੰਡੇ ਨੂੰ ਤਾਂ ਨਹੀਂ ਕੁਝ ਹੋ ਗਿਆ ?" ਕਹਿੰਦਿਆਂ ਸੀਤਾ ਦੇਵੀ ਰੋਣ ਲੱਗੀ।

ਗਰੁੜਾਚਾਰੀਏ ਦੇ ਦਿਲ 'ਚ ਡਰ ਪੈਦਾ ਹੋ ਗਿਆ ਕਿ ਸ਼ਾਇਦ ਹਨੂਮਾਨ ਜੀ 'ਤੇ ਸੋਨੇ ਦੇ

ਗਹਿਣੇ ਚੜ੍ਹਾਉਣ ਦੇ, ਅੰਦਰੇ-ਅੰਦਰ ਦਾਸਾਚਾਰੀਏ ਦੇ ਜਿਸ ਸੁਝਾਅ ਨੂੰ ਉਸ ਨੇ ਨਕਾਰਿਆ ਸੀ, ਉਸੇ ਦੀ ਸਜਾ ਮਿਲ ਰਹੀ ਹੈ। ਉਸ ਦੇ ਮਨ 'ਚ ਡਰ ਦੀ ਲਹਿਰ ਦੌੜ ਗਈ। ਆਪਣੀ ਘਰਵਾਲੀ ਦਾ ਆਸਰਾ ਲੈ ਕੇ ਉਹ ਅੰਦਰ ਆਇਆ। ਭਗਵਾਨ ਮੂਹਰੇ ਚੜ੍ਹਾਵਾ ਚੜ੍ਹਾਇਆ ਅਤੇ ਪ੍ਰਾਰਥਨਾ ਕਰਦਿਆਂ ਕਿਹਾ, "ਹੇ ਰੱਬਾ, ਰਹਿਮ ਕਰ, ਮੈਥੋਂ ਭੁੱਲ ਹੋਈ ਹੈ। ਉਹ ਗਹਿਣਾ-ਸੋਨਾ ਤੁਹਾਡਾ ਹੀ ਹੈ, ਤੁਹਾਨੂੰ ਹੀ ਮਿਲਣਾ ਚਾਹੀਦਾ ਹੈ, ਮੈਨੂੰ ਮਾਫ਼ ਕਰ ਦਿਉ।" ਫੇਰ ਉਹ ਬਾਹਰ ਆ ਕੇ ਇੱਲ੍ਹਾਂ ਨੂੰ ਉਡਾਉਣ ਦੇ ਲਈ 'ਹੁਸ਼-ਹੁਸ਼' ਕਰਨ ਲੱਗਿਆ।

ਸੀਤਾ ਦੇਵੀ ਵੱਲੋਂ ਸੁੱਟੇ ਗਏ ਚੂਹੇ ਨੂੰ ਪੰਜਿਆਂ ਨਾਲ ਚੁੱਕ ਕੇ ਇੱਲ੍ਹ ਛੱਤ 'ਤੇ ਬੈਠ ਕੇ ਨਿਡਰ ਹੋ ਕੇ ਖਾ ਰਹੀ ਸੀ। ਉਹ ਕਿਸੇ ਢੀਠ ਅਤੇ ਬੇਸ਼ਰਮ ਮਹਿਮਾਨ ਵਾਂਗ ਬੈਠੀ ਖਾ ਰਹੀ ਸੀ।

ਅੱਖਾਂ ਚੁੰਧਿਆਉਣ ਵਾਲੀ ਧੁੱਪ 'ਚ ਗਰੁੜ ਨੇ ਸਿਰ ਚੁੱਕ ਕੇ ਦੇਖਿਆ-ਹਰ ਪਾਸੇ ਇੱਲ੍ਹਾਂ ਮੰਡਰਾ ਰਹੀਆਂ ਸਨ-ਆਕਾਸ਼ 'ਚ ਉਡਦੀਆਂ-ਉਡਦੀਆਂ, ਚੱਕਰ ਖਾ ਕੇ ਹੇਠਾਂ ਉਤਰਦੀਆਂ ਇੱਲ੍ਹਾਂ ਹੀ ਇੱਲ੍ਹਾਂ।

"ਦੇਖ, ਉਧਰ ਦੇਖ।" ਉਸ ਨੇ ਘਰਵਾਲੀ ਨੂੰ ਹਾਕ ਮਾਰੀ। ਸੀਤਾ ਦੇਵੀ ਭੱਜ ਕੇ ਬਾਹਰ ਆ ਗਈ, ਹੱਥ ਨੂੰ ਅੱਖਾਂ 'ਤੇ ਰੱਖ ਕੇ ਉਪਰ ਵੱਲ ਦੇਖਿਆ, ਫੇਰ 'ਹਾਇ ਉਇ' ਕਹਿ ਕੇ ਲੰਬਾ ਸਾਹ ਲਿਆ। ਉਹ ਹਾਲੇ ਉਪਰ ਦੇਖ ਹੀ ਰਹੇ ਸਨ ਕਿ ਇੱਕ ਇੱਲ੍ਹ ਨਰਤਕੀ ਵਾਂਗ ਵਲ ਖਾਂਦਿਆਂ, ਹਵਾ 'ਚ ਤੈਰਦਿਆਂ ਹੇਠਾਂ ਉਤਰੀ ਅਤੇ ਉਹਨਾਂ ਦੇ ਪੈਰਾਂ ਦੇ ਕੋਲੋਂ ਗੋਦਾਮ ਦੇ ਪਿਛਿਉਂ ਭੱਜ ਕੇ ਜਾਂਦਿਆਂ ਇੱਕ ਚੂਹੇ ਨੂੰ ਚੁੰਝ ਨਾਲ ਦੱਬ ਕੇ ਉੱਡੀ ਅਤੇ ਘਰ ਦੀ ਛੱਤ 'ਤੇ ਜਾ ਬੈਠੀ। ਉਹ ਦੋਵੇਂ ਸਿਰ ਤੋਂ ਪੈਰਾਂ ਤੱਕ ਕੰਬ ਗਏ ਅਤੇ ਭੁੰਜੇ ਬੈਠ ਗਏ। ਇੱਕ ਹੋਰ ਇੱਲ੍ਹ ਆਕਾਸ਼ 'ਚ ਬਹੁਤ ਉੱਚੀ ਉੱਡਦੀ ਹੋਈ ਉਤਰ ਕੇ ਨਾਰਣੱਪੇ ਦੀ ਛੱਤ 'ਤੇ ਆ ਬੈਠੀ ਸੀ ਫੇਰ ਆਪਣੀ ਲੰਬੀ ਜਿਹੀ ਧੌਣ ਚੁੱਕ ਕੇ ਉਸ ਨੇ ਆਪਣੇ ਵੱਡੇ-ਵੱਡੇ ਖੰਭ ਜ਼ੋਰ ਨਾਲ ਮਾਰੇ, ਸ਼ਾਂਤ ਹੋ ਕੇ ਬੈਠ ਗਈ ਫੇਰ ਪੈਨੀ ਨਜ਼ਰ ਇੱਕ ਵਾਰ ਸਮੁੱਚੇ ਅਗਰਹਾਰ 'ਤੇ ਘੁੰਮਾਈ। ਕੁਝ ਦੇਰ ਬਾਅਦ ਬਹੁਤ ਸਾਰੀਆਂ ਇੱਲ੍ਹਾਂ ਆਸਮਾਨ 'ਚੋਂ ਉਤਰਨ ਲੱਗੀਆਂ ਅਤੇ ਹਰੇਕ ਘਰ 'ਤੇ ਇੱਕ-ਇੱਕ ਜੋੜਾ ਆ ਕੇ ਬੈਠ ਗਿਆ, ਜਿਵੇਂ ਇਉਂ ਬੈਠਣਾ ਉਹਨਾਂ ਨੇ ਪਹਿਲਾਂ ਤੋਂ ਹੀ ਸੋਚ ਰੱਖਿਆ ਹੋਵੇ। ਕੁਝ ਇੱਲ੍ਹਾਂ ਅਚਾਨਕ ਇੱਕ-ਇੱਕ ਕਰਕੇ ਹੇਠਾਂ ਉਤਰਦੀਆਂ, ਚੂਹਿਆਂ ਨੂੰ ਫੜਦੀਆਂ, ਫੇਰ ਛੱਤਾਂ 'ਤੇ ਜਾ ਕੇ ਬਹਿ ਜਾਂਦੀਆਂ। ਇਹ ਸ਼ਿਕਾਰੀ ਇੱਲ੍ਹਾਂ ਆਪਣੇ ਘਰ-ਵਾਰ ਛੱਡ ਕੇ ਅਗਰਹਾਰ 'ਚ ਆ ਗਈਆਂ ਸਨ। ਲੱਗਿਆ ਕਿ ਜਿਵੇਂ ਪਰਲੋ ਆ ਗਈ ਹੋਵੇ। ਇੱਲ੍ਹਾਂ ਨੂੰ ਦੇਖਣ ਦੇ ਲਈ ਸਾਰੇ ਜਣੇ ਘਰਾਂ 'ਚੋਂ ਨਿਕਲ ਕੇ, ਹੱਥ ਮੂੰਹ 'ਤੇ ਰੱਖ ਕੇ ਗਲੀਆਂ 'ਚ ਇਕੱਠੇ ਹੋ ਗਏ। ਅਗਰਹਾਰ 'ਚ ਸਾਰਿਆਂ ਦੇ ਘਰਾਂ 'ਤੇ ਇੱਲ੍ਹਾਂ ਬੈਠੀਆਂ ਹੋਣ ਦੇ ਅਜਿਹੇ ਅਪਸ਼ਗੁਨ ਨੂੰ ਦੇਖ ਕੇ ਸੀਤਾ ਦੇਵੀ ਦਾ ਮਨ ਕੁਝ ਖੜ੍ਹਿਆ। ਅਪਸ਼ਗੁਨ ਸਿਰਫ਼ ਉਸ ਦੇ ਮੁੰਡੇ ਦੇ ਲਈ ਹੀ ਨਹੀਂ ਹੋਇਆ ਹੈ। ਬਿੰਦ ਕੁ ਦੇ ਲਈ ਹੀ ਅਗਰਹਾਰ ਦੇ ਪੰਡਤ, ਤੀਵੀਆਂ ਅਤੇ ਬੱਚੇ ਬੇਚੈਨ ਖੜ੍ਹੇ ਰਹੇ। ਤਦੇ ਉਹਨਾਂ ਇਨ੍ਹਾਂ ਨੂੰ ਉਡਾਉਣ ਦੇ ਲਈ ਦੁਰਗਾਭੱਟ ਨੇ 'ਹੋ ਹੋ ਹੋ' ਕਰਕੇ ਰੌਲਾ ਪਾਇਆ ਪਰ ਇਸ ਦਾ ਕੋਈ ਸਿੱਟਾ ਨਾ ਨਿਕਲਿਆ। ਸਾਰੇ ਪੰਡਤਾਂ ਨੇ ਇਕੱਠੇ ਹੋ ਕੇ ਉੱਚੀ ਆਵਾਜ਼ 'ਚ ਰੌਲਾ ਪਾਇਆ, ਪਰ ਇਸ ਦਾ ਵੀ ਕੋਈ ਅਸਰ ਨਹੀਂ ਪਿਆ।

ਹੁਣੇ ਹੀ ਉਪਮਾ ਖਾ ਕੇ ਖ਼ੁਸ਼ੀ-ਖ਼ੁਸ਼ੀ ਆਏ ਦਾਸਾਚਾਰੀਏ ਨੂੰ ਇੱਕ ਜੁਗਤ ਸੁੱਝੀ। "ਝਾਂਝ ਲਿਆ ਕੇ ਵਜਾਉ।" ਉਸ ਨੇ ਕਿਹਾ। ਸਭ ਲੋਕ ਇਸ ਸੁਝਾਅ ਨਾਲ ਖ਼ੁਸ਼ ਹੋ ਗਏ। ਭੱਜ ਕੇ ਘਰਾਂ ਕਾਂਸੇ ਦੇ ਝਾਂਝ ਅਤੇ ਸ਼ੰਖ ਲੈ ਆਏ। ਮਹਾਂਮੰਗਲ-ਆਰਤੀ ਦੇ ਮੌਕੇ ਹੋਣ ਵਾਲੇ ਬਹੁਤ ਰੌਲੇ-ਰੱਪੇ ਦੇ ਵਾਂਗ ਦੁਪਹਿਰ ਦੀ ਸੁੰਨ-ਸਰਾਂ ਜਿਵੇਂ ਯੁੱਧ ਦੇ ਢੋਲਾਂ ਦੀ ਗਰਜਣਾ ਨਾਲ ਚੂਰ-ਚੂਰ ਹੋ ਗਈ। ਪੰਜ-ਛੇ ਮੀਲ ਦੂਰ ਦੇ ਖੇਤਰਾਂ 'ਚ ਰਹਿਣ ਵਾਲੇ ਲੋਕਾਂ ਨੂੰ ਭਰਮ ਹੋਇਆ ਕਿ ਦੁਰਵਾਸਾਪੁਰ 'ਚ ਪੂਜਾ-ਆਰਤੀ ਹੋ



ਰਹੀ ਹੈ ਕਿ ਉਹ ਮੰਦਰ ਦੀ ਮੂਰਤੀ ਨੂੰ ਬਲਦੇ ਹੋਏ ਕਪੂਰ ਦੀ ਭੇਟਾ ਮੰਦਰ 'ਚ ਰੱਖੇ ਵੱਡੇ-ਵੱਡੇ ਢੋਲ ਵਜਾ ਕੇ ਭੇਂਟ ਕਰ ਰਹੇ ਹਨ।

ਇੱਲ੍ਹਾਂ ਨੂੰ ਵੀ ਹੈਰਾਨੀ ਹੋਈ। ਉਹ ਇਧਰ-ਉਧਰ ਦੇਖਣ ਲੱਗੀਆਂ। ਖੰਭ ਮਾਰ ਕੇ ਅਤੇ ਚੂਹਿਆਂ ਨੂੰ ਚੁੰਝ 'ਚ ਲੈ ਕੇ ਉਹ ਉੱਡ ਗਈਆਂ। ਉੱਡ ਕੇ ਆਕਾਸ਼ 'ਚ ਤੈਰਦੇ-ਚਮਕਦੇ ਧੱਬਿਆਂ ਵਾਂਗ ਦਿਖਾਈ ਦੇਣ ਲੱਗੀਆਂ। 'ਨਾਰਾਇਣ', 'ਨਾਰਾਇਣ' ਕਹਿੰਦਿਆਂ, ਥੱਕੇ-ਹਾਰੇ ਪੰਡਤ, ਕੱਪੜੇ ਨਾਲ ਨੱਕ ਢਕ ਕੇ ਸੱਥ 'ਚ ਆ ਗਏ ਅਤੇ ਮੂੰਹੋਂ ਮੁੜਕਾ ਪੂੰਝਣ ਲੱਗੇ। ਸੀਤਾ ਦੇਵੀ ਅਤੇ ਅਨੁਸੂਈਆ ਦੋਵੇਂ ਆਪਣੇ ਘਰਵਾਲਿਆਂ ਦੇ ਕੋਲ ਜਾ ਹੰਝੂ ਵਹਾਉਂਦੀਆਂ ਹੋਈਆਂ ਬੋਲੀਆਂ, "ਗਹਿਣੇ ਜਾਣ ਢੱਠੇ ਖੂਹ 'ਚ। ਹੋਰਾਂ ਦੀ ਜ਼ਮੀਨ ਜਾਇਦਾਦ ਲੈ ਕੇ ਅਸੀਂ ਕੀ ਕਰਨੀ ਹੈ? ਪਹਿਲਾਂ ਕਿਸੇ ਤਰ੍ਹਾਂ ਦਾਹ-ਸੰਸਕਾਰ ਕਰ ਦਿਉ। ਨਾਰਣੱਪੇ ਦਾ ਭੂਤ ਹੀ ਇਹਨਾਂ ਇੱਲ੍ਹਾਂ ਨੂੰ ਸੱਦ ਕੇ ਇਕੱਠਾ ਕਰ ਰਿਹਾ ਹੈ।"

ਹਵਾ ਇੱਕਦਮ ਰੁਕੀ ਹੋਈ ਸੀ। ਬਦਬੂ ਜਿਵੇਂ ਪੱਕ ਕੇ ਹਰ ਘਰ 'ਚ ਠਹਿਰ ਗਈ ਸੀ। ਅਤੇ ਹੁੰਮਸ ਡਰ ਅਤੇ ਭੁੱਖ ਤੋਂ ਪਹਿਲਾਂ ਹੀ ਘਬਰਾਏ ਲੋਕਾਂ ਨੂੰ ਭੂਤ ਦੀ ਤਰ੍ਹਾਂ ਸਤਾਉਣ ਲੱਗੀ ਸੀ। ਰੂੜ੍ਹੀਵਾਦੀ ਪੰਡਤਾਂ ਨੂੰ ਲੱਗਿਆ ਕਿ ਅੱਜ ਦੇ ਦਿਨ ਦੀ ਗੰਦਗੀ ਜਨਮਾਂ-ਜਨਮਾਂਤਰਾਂ 'ਚ ਵੀ ਨਹੀਂ ਧੋਤੀ ਜਾਵੇਗੀ ਅਤੇ ਉਹ ਪਰੇਸ਼ਾਨ ਹੋ ਗਏ।

ਦੁਪਹਿਰ ਦਾ ਸੂਰਜ ਸਿਰ 'ਤੇ ਚੜ੍ਹ ਆਇਆ। ਬਿਰਖ਼ ਦੀ ਛਾਂ 'ਚ ਬੈਠੀ ਚੰਦਰੀ ਨੂੰ ਬੜੀ ਥਕਾਵਟ ਲੱਗ ਰਹੀ ਸੀ। ਉਸ ਦੇ ਪੱਲੇ 'ਚ ਰੱਖੇ ਕੇਲਿਆਂ ਨੂੰ ਜਦ ਉਸ ਦਾ ਹੱਥ ਲੱਗਿਆ ਤਾਂ ਮੰਦਰ 'ਚ ਵਰਤ ਰੱਖ ਕੇ ਅਤੇ ਪ੍ਰਭੂ ਭਗਤੀ 'ਚ ਲੀਨ ਬੈਠੇ ਪ੍ਰਾਣੇਸ਼ਾਚਾਰੀਏ ਦੀ ਉਸ ਨੂੰ ਯਾਦ ਆ ਗਈ ਅਤੇ ਉਹ ਆਪ ਵੀ ਕੁਝ ਨਾ ਖਾ ਸਕੀ। ਦੂਰੋਂ ਆ ਰਹੇ ਸ਼ੰਖ-ਝਾਂਝਾਂ ਦਾ ਰੌਲਾ ਸੁਣ ਕੇ ਉਸ ਨੂੰ ਹੈਰਾਨੀ ਹੋਈ। ਉਸ ਨੇ ਚਾਰੇ-ਪਾਸੇ ਨਜ਼ਰ ਘੁਮਾਈ। ਹਵਾ ਬਿਲਕੁਲ ਨਹੀਂ ਚੱਲ ਰਹੀ ਸੀ। ਪੱਤਾ ਤੱਕ ਨਹੀਂ ਹਿੱਲ ਰਿਹਾ ਸੀ। ਦੂਰ ਨੀਲੇ ਆਕਾਸ਼ 'ਚ ਉਡਦੀਆਂ ਹੋਈਆਂ ਸਿਰਫ਼ ਇੱਲ੍ਹਾਂ ਨਜ਼ਰ ਆ ਰਹੀਆਂ ਸਨ। ਪ੍ਰਾਣੇਸ਼ਾਚਾਰੀਏ ਨੇ ਜਦ ਇੱਕ ਘੜਾ ਪਾਣੀ ਦਾ ਆਪਣੇ ਉਪਰ ਹੋਰ ਪਾਇਆ ਤਾਂ ਚੰਦਰੀ ਨੇ ਸੋਚਿਆ ਕਿ ਮੇਰੇ ਹੀ ਕਾਰਨ ਇਹਨਾਂ ਨੂੰ ਇੰਨਾ ਦੁੱਖ ਝੱਲਣਾ ਪੈ ਰਿਹਾ ਹੈ। ਅਜਿਹਾ ਸੋਚ ਕੇ ਉਸ ਨੂੰ ਧੱਕਾ ਵੀ ਲੱਗਿਆ। ਅਣਜਾਣੇ 'ਚ ਹੀ ਉਹ ਛਿਲਕਾ ਲਾਹ ਕੇ ਇੱਕ ਕੇਲਾ ਖਾਣ ਲੱਗੀ। ਇਹਨਾਂ ਸਭ ਗੱਲਾਂ ਨਾਲ ਪਰ ਉਸ ਦਾ ਕੀ ਸਰੋਕਾਰ ਹੈ? ਇਹ ਸੋਚ ਕੇ ਉਸ ਨੇ ਮਨ ਨੂੰ ਪਰਚਾ ਲਿਆ।

ਇੱਲ੍ਹਾਂ ਘੁੰਮ-ਫਿਰ ਕੇ ਫੇਰ ਘਰਾਂ 'ਤੇ ਬੈਠਣ ਲੱਗੀਆਂ। ਪੰਡਤ ਘਰਾਂ 'ਚੋਂ ਬਾਹਰ ਆ ਕੇ ਫੇਰ ਸ਼ੰਖ ਅਤੇ ਝਾਂਝ ਵਜਾਉਣ ਲੱਗੇ। ਸ਼ਾਮ ਤੱਕ ਇਹ ਲੜਾਈ ਚਲਦੀ ਰਹੀ। ਆਖ਼ਿਰ ਪੰਡਤ ਹੀ ਥੱਕ ਗਏ, ਅਸਲ 'ਚ ਪ੍ਰਾਣੇਸ਼ਾਚਾਰੀਆ ਦੀ ਉਡੀਕ ਕਰਦੇ-ਕਰਦੇ ਉਹ ਕਾਫ਼ੀ ਥੱਕ ਚੁੱਕੇ ਸਨ ਪਰ ਉਹਨਾਂ ਦਾ ਕੋਈ ਅਤਾ-ਪਤਾ ਨਹੀਂ ਸੀ। ਕਿਵੇਂ ਇਸ ਹਾਲ 'ਚ ਇੱਕ ਰਾਤ ਹੋਰ ਬੀਤੇਗੀ? ਇਸ ਦਾ ਖ਼ਿਆਲ ਹੀ ਕੰਬਾ ਜਾਂਦਾ ਹੈ। ਅਗਰਹਾਰ 'ਚ ਹੌਲੀ-ਹੌਲੀ ਰਾਤ ਉਤਰ ਆਈ ਅਤੇ ਇੱਲ੍ਹਾਂ ਉੱਡ ਕੇ ਲੋਪ ਹੋ ਗਈਆਂ।

## 10

ਪ੍ਰਾਣੇਸ਼ਾਚਾਰੀਆ ਪ੍ਰਸਾਦ ਦੀ ਉਡੀਕ 'ਚ ਬੈਠੇ-ਬੈਠੇ ਨਿਰਾਸ਼ ਹੋਣ ਲੱਗੇ ਸਨ। ਰੱਬ ਦੀ ਮਰਜ਼ੀ। "ਦਾਹ-ਸੰਸਕਾਰ ਦੇ ਬਿਨਾਂ ਲਾਸ਼ ਸੜਨ ਲੱਗੀ ਹੈ, ਹਨੂਮਾਨ ਜੀ! ਮੇਰਾ ਇਮਤਿਹਾਨ ਕਦ ਤੱਕ ਲਉਗੇ?" ਉਹਨਾਂ ਨੇ ਬੇਨਤੀ ਕੀਤੀ, "ਜੇ ਨਾ ਹੀ ਕਰਨੀ ਹੈ ਤਾਂ ਖੱਬੇ ਪਾਸਿਉਂ ਪ੍ਰਸਾਦ ਦੇਣ ਦੀ ਹੀ ਕਿਰਪਾ ਕਰੋ।" ਪ੍ਰਭੂ ਨੂੰ ਖ਼ੁਸ਼ ਕਰਨ ਦੇ ਲਈ ਭਗਤੀ-ਭਰੇ ਪ੍ਰੇਮ-ਗੀਤ ਗਾਉਣ ਲੱਗੇ। ਇਹਨਾਂ

ਗੀਤਾਂ 'ਚ ਕਦੇ ਬੱਚਾ ਬਣੇ, ਕਦੇ ਪ੍ਰੇਮਿਕਾ, ਕਦੇ ਮਾਂ ਬਣੇ। ਫੇਰ ਉਲਾਂਭਾ ਦੇਣ ਲੱਗੇ। ਪ੍ਰਭੂ ਦੀਆਂ ਸੈਂਕੜੇ ਭੁੱਲਾਂ ਅਤੇ ਕਮੀਆਂ ਨੂੰ ਗਿਣਾਉਣ ਵਾਲੇ ਗੀਤ ਗਾਉਣ ਲੱਗੇ।

ਹਨੂਮਾਨ ਜੀ ਦੀ ਆਦਮਕਦ ਮੂਰਤੀ, ਲਕਸ਼ਮਣ ਦੇ ਪ੍ਰਾਣਾਂ ਦੀ ਰੱਖਿਆ ਦੇ ਲਈ ਸੰਜੀਵਨੀ ਬੂਟੀ ਦੇ ਪਰਬਤ ਨੂੰ ਚੁੱਕ ਲਿਆਉਣ ਦੀ ਮੁਦਰਾ 'ਚ ਅਡੋਲ ਖੜ੍ਹੀ ਸੀ। ਉਸ ਦੇ ਸਨਮੁੱਖ ਦੰਡਵਤ ਪ੍ਰਣਾਮ ਕਰਦਿਆਂ ਪ੍ਰਾਣੇਸ਼ਾਚਾਰੀਏ ਨੇ ਬੜੀ ਬੇਨਤੀ ਕੀਤੀ। ਸ਼ਾਮ ਹੋ ਗਈ। ਰਾਤ ਹੋ ਗਈ। ਦੀਵੇ ਦੀ ਲੋਅ 'ਚ ਫੁੱਲਾਂ ਨਾਲ ਸਜੀ ਨਾ ਹਿੱਲੀ, ਨਾ ਕੋਈ ਪ੍ਰਸਾਦ ਹੀ ਦਿੱਤਾ। "ਧਰਮ ਸ਼ਾਸਤਰਾਂ 'ਚੋਂ ਮੈਨੂੰ ਕੋਈ ਹੱਲ ਨਹੀਂ ਮਿਲਿਆ ਅਤੇ ਨਾ ਹੀ ਤੁਸੀਂ ਕੋਈ ਜੁਆਬ ਦਿੱਤਾ ਤਾਂ ਕੀ ਮੈਂ ਤੇਰੀ ਮਿਹਰ ਦੇ ਲਾਇਕ ਨਹੀਂ ? ਮੈਨੂੰ ਉਡੀਕਦੇ, ਮੇਰੇ 'ਚ ਸ਼ਰਧਾ ਰੱਖਣ ਵਾਲੇ ਲੋਕਾਂ ਨੂੰ ਮੈਂ ਕੀ ਮੂੰਹ ਦਿਖਾਵਾਂਗਾ।?" ਉਹਨਾਂ ਨੇ ਆਪਣੇ-ਆਪ ਨੂੰ ਬੜਾ ਬੇਇੱਜ਼ਤ ਮਹਿਸੂਸ ਕੀਤਾ। "ਮੇਰੀ ਹੀ ਪ੍ਰੀਖਿਆ ਲੈ ਰਹੇ ਹੋ ਨਾ ?" ਕਹਿ ਕੇ ਹਨੂਮਾਨ ਜੀ ਨੂੰ ਉਲਾਂਭਾ ਦਿੱਤਾ।

ਹਨੇਰਾ ਗਾੜ੍ਹਾ ਹੋਣ ਲੱਗਿਆ ਅਤੇ ਫੇਰ ਪ੍ਰਾਣੇਸ਼ਾਚਾਰੀਏ ਨੂੰ ਯਾਦ ਆਇਆ ਕਿ ਉਸ ਦਿਨ ਮੱਸਿਆ ਸੀ। "ਇਹ ਨਾ ਸਮਝ ਕਿ ਪ੍ਰੀਖਿਆ ਮੇਰੀ ਹੀ ਹੈ, ਉਸ ਸੜਦੀ ਹੋਈ ਲਾਸ਼ ਦਾ ਵੀ ਖ਼ਿਆਲ ਕਰੀਂ।" ਕਹਿ ਕੇ ਉਹਨਾਂ ਨੇ ਹਨੂਮਾਨ ਜੀ ਨੂੰ ਮਨਾਉਣਾ ਚਾਹਿਆ ਪਰ ਹਨੂਮਾਨ ਜੀ ਕਿਸੇ ਵੀ ਗੱਲ 'ਤੇ ਨਾ ਪਿਘਲੇ, ਕੁਝ ਵੀ ਜਿਵੇਂ ਨਾ ਸੁਣਿਆ ਹੋਵੇ, ਹੱਥ 'ਤੇ ਚੁੱਕੇ ਪਰਬਤ ਦੇ ਵੱਲ ਮੂੰਹ ਕਰੀ ਦੇਖਦੇ ਰਹੇ। ਤਦੇ ਘਰਵਾਲੀ ਨੂੰ ਦਵਾਈ ਦੇਣ ਦੀ ਗੱਲ ਆਚਾਰੀਆ ਜੀ ਨੂੰ ਯਾਦ ਆਈ। ਬੈਠੇ-ਬੈਠੇ ਉਹਨਾਂ ਦੀਆਂ ਲੱਤਾਂ ਸੁੰਨ ਹੋ ਗਈਆਂ ਸਨ। ਉਹ ਖੜ੍ਹੇ ਹੋ ਗਏ। ਫੇਰ ਹੌਲੀ-ਹੌਲੀ ਕਦਮਾਂ ਨਾਲ ਮੰਦਰ 'ਚੋਂ ਬਾਹਰ ਆ ਗਏ।

ਕੁਝ ਹੀ ਦੂਰ ਗਏ ਸੀ ਕਿ ਸੰਘਣੇ ਜੰਗਲ 'ਚ ਪਿੱਛਿਉਂ ਕਿਸੇ ਦੇ ਪੈਰਾਂ ਦੀ ਆਹਟ ਸੁਣਾਈ ਦਿੱਤੀ। ਉਹ ਖੜ੍ਹ ਗਏ। ਚੂੜੀਆਂ ਦੀ ਆਵਾਜ਼ ਜਿਹੀ ਆਈ ਅਤੇ ਪੁੱਛਿਆ, "ਕੌਣ ਹੈ ?"

"ਮੈਂ ਹਾਂ।" ਚੰਦਰੀ ਨੇ ਸੰਗਦਿਆਂ ਹਲਕੀ ਜਿਹੀ ਆਵਾਜ਼ 'ਚ ਜੁਆਬ ਦਿੱਤਾ।

ਜੰਗਲ ਦੇ ਹਨੇਰੇ 'ਚ ਇਉਂ ਖ਼ੁਦ ਨੂੰ ਅਚਾਨਕ ਇੱਕ ਤੀਵੀਂ ਦੇ ਸਾਹਮਣੇ ਖੜ੍ਹਾ ਦੇਖ ਕੇ ਪ੍ਰਾਣੇਸ਼ਾਚਾਰੀਆ ਨੂੰ ਅਜੀਬ ਜਿਹਾ ਲੱਗਿਆ। ਕਹਿਣ ਦੇ ਲਈ ਸ਼ਬਦ ਲੱਭਣ ਲੱਗੇ। ਫੇਰ ਬੇਚੈਨ ਹੋ ਕੇ ਆਪਣੀ ਹੀ ਬੇਵਸ ਹਾਲਤ ਦਾ ਖ਼ਿਆਲ ਕਰਕੇ 'ਮਾਰੂਤੀ-ਮਾਰੂਤੀ' ਕਹਿੰਦਿਆਂ ਉਹ ਖੜ੍ਹੇ ਰਹੇ।

ਉਹਨਾਂ ਦੀ ਦੁਖਭਰੀ ਆਵਾਜ਼ ਨੂੰ ਸੁਣ ਕੇ ਚੰਦਰੀ ਦਾ ਦਿਲ ਰਹਿਮ ਨਾਲ ਭਰ ਗਿਆ। ਵਿਚਾਰੇ ਮੇਰੇ ਲਈ ਹੀ ਭੁੱਖਣ ਭਾਣੇ, ਫ਼ਿਕਰਮੰਦ ਅਤੇ ਦੁਖੀ ਹੋ ਰਹੇ ਹਨ, ਮੇਰੇ ਹੀ ਕਾਰਨ ਇੱਕ ਦਿਨ 'ਚ ਹੀ ਕਿੰਨੇ ਕਮਜ਼ੋਰ ਦਿਖਣ ਲੱਗੇ। ਮਨ 'ਚ ਆਇਆ ਕਿ ਉਹਨਾਂ ਦੇ ਪੈਰੀਂ ਪੈ ਜਾਵੇ ਅਤੇ ਉਹਨਾਂ ਦੇ ਪ੍ਰਤਿ ਆਪਣੀ ਸ਼ਰਧਾ ਦਾ ਇਜ਼ਹਾਰ ਕਰੇ। ਅਗਲੇ ਹੀ ਪਲ ਉਹ ਉਹਨਾਂ ਦੇ ਚਰਨਾਂ 'ਚ ਝੁਕ ਰਹੀ ਸੀ।

ਹਨੇਰਾ ਸੰਘਣਾ ਸੀ ਕੁਝ ਦਿਖਾਈ ਨਹੀਂ ਦੇ ਰਿਹਾ ਸੀ। ਜਿਉਂ ਹੀ ਉਹ ਝੁਕੀ, ਪੈਰਾਂ ਦੀ ਥਾਂ ਉਹਨਾਂ ਦੇ ਗੋਡੇ ਉਸ ਦੀ ਛਾਤੀ ਨਾਲ ਲੱਗੇ। ਝੁਕਣ ਦੀ ਕਾਹਲ ਕਾਰਨ ਉਸ ਦੀ ਚੋਲੀ ਦੇ ਬਟਨ ਫਸ ਗਏ ਅਤੇ ਟੁੱਟ ਗਏ। ਉਹ ਉਹਨਾਂ ਦੇ ਪੱਟਾਂ ਨਾਲ ਚਿੰਬੜ ਗਈ। ਮਨ ਵਿਚ ਉਹਨਾਂ ਦੇ ਬਾਰੇ ਉੱਭਰ ਆਈਆਂ ਕੋਮਲ ਭਾਵਨਾਵਾਂ ਕਿ ਇਹ ਵਿਚਾਰਾ ਪੰਡਤ ਸਾਰੀ ਉਮਰ ਔਰਤ ਦੇ ਸੁੱਖ ਤੋਂ ਰਹਿਤ ਰਿਹਾ, ਪਰ ਇਸ ਖ਼ਿਆਲ ਦੇ ਆਉਣ ਨਾਲ ਵੀ ਕਿ ਅਗਰਹਾਰ ਦੇ ਇਸ ਪੰਡਤ ਦੇ ਇਲਾਵਾ ਹੋਰ ਕੋਈ ਸ਼ੁਭਚਿੰਤਕ ਨਹੀਂ ਹੈ, ਭਾਵੁਕ ਹੋ ਕੇ ਰੋਣ ਲੱਗੀ।

ਪ੍ਰਾਣੇਸ਼ਾਚਾਰੀਆ ਦਾ ਦਿਲ ਤਰਸ ਨਾਲ ਭਰ ਗਿਆ। ਇੱਕ ਪਰਾਈ ਤੀਵੀਂ ਦੀ ਮਜ਼ਬੂਤ ਪਕੜ ਨਾਲ ਉਹ ਹੈਰਾਨ ਹੋ ਗਿਆ ਸੀ। ਆਸ਼ੀਰਵਾਦ ਦੇਣ ਦੇ ਲਈ ਉਹਨਾਂ ਨੇ ਹੱਥ ਵਧਾਇਆ।



ਹੱਥ 'ਤੇ ਚੰਦਰੀ ਦੇ ਗਰਮ ਸਾਹ ਅਤੇ ਉਸ ਦੇ ਕੋਸੇ-ਕੋਸੇ ਹੰਝੂ ਪਏ। ਉਹ ਡੂੰਘੀ ਸੰਵੇਦਨਾ ਨਾਲ ਭਰ ਗਏ। ਕੋਮਲਤਾ ਨਾਲ ਉਸ ਦੇ ਖਿੰਡੇ ਵਾਲਾਂ 'ਤੇ ਹੱਥ ਫੇਰਿਆ। ਖਿੰਡੇ ਵਾਲਾਂ 'ਤੇ ਉਹਨਾਂ ਦੇ ਹੱਥ ਫੇਰਨ ਨਾਲ ਚੰਦਰੀ ਜ਼ਿਆਦਾ ਉਤੇਜਿਤ ਹੋ ਗਈ। ਉਹਨਾਂ ਦੇ ਹੱਥਾਂ ਨੂੰ ਕਸ ਕੇ ਫੜ ਕੇ ਉਹ ਉੱਠ ਖੜ੍ਹੀ ਹੋਈ ਅਤੇ ਕਬੂਤਰ ਦੀ ਤਰ੍ਹਾਂ ਫੜਫੜਾ ਰਹੀਆਂ ਆਪਣੀਆਂ ਛਾਤੀਆਂ ਨੂੰ ਉਹਨਾਂ ਦੇ ਦੋਵਾਂ ਹੱਥਾਂ ਨਾਲ ਦੱਬ ਲਿਆ।

ਭਰਵੀਆਂ ਛਾਤੀਆਂ ਦੀ ਛੋਹ ਤੋਂ ਪ੍ਰਾਣੇਸ਼ਾਚਾਰੀਆ ਅਨਜਾਣ ਸਨ। ਜਿਵੇਂ ਮਦਹੋਸ਼ੀ ਜਿਹੀ ਮਹਿਸੂਸ ਹੋਈ। ਜਿਵੇਂ ਸੁਪਨੇ 'ਚ ਹੀ ਉਹਨਾਂ ਦੇ ਹੱਥ ਉਸ ਦੇ ਮੁੰਮਿਆਂ ਨੂੰ ਦਬਾਉਂਦੇ ਰਹੇ। ਉਹ ਖੜ੍ਹੇ ਨਹੀਂ ਰਹਿ ਪਾ ਰਹੇ ਸਨ। ਚੰਦਰੀ ਨੇ ਝੱਟ ਦੇਣੇ ਉਹਨਾਂ ਨੂੰ ਬਿਠਾ ਲਿਆ। ਆਚਾਰੀਆ ਜੀ ਨੂੰ ਹਾਲੇ ਤੱਕ ਆਪਣੀ ਭੁੱਖ ਮਹਿਸੂਸ ਨਹੀਂ ਹੋਈ ਸੀ। ਹੁਣ ਉਹ ਅਚਾਨਕ ਭੜਕ ਉੱਠੀ ਅਤੇ ਉਹਨਾਂ ਨੇ ਬਿਪਤਾ 'ਚ ਪਏ ਘਬਰਾਏ ਹੋਏ ਕਿਸੇ ਬੱਚੇ ਦੀ ਤਰ੍ਹਾਂ ਕਿਹਾ, "ਓ ਮਾਂ।" ਚੰਦਰੀ ਨੇ ਉਹਨਾਂ ਨੂੰ ਆਪਣੀ ਛਾਤੀ ਨਾਲ ਲਾ ਲਿਆ। ਪੱਲੇ 'ਚੋਂ ਕੇਲੇ ਕੱਢ ਕੇ ਉਹਨਾਂ ਨੂੰ ਖੁਆਏ। ਫੇਰ ਆਪਣੇ ਹੱਥਾਂ ਨਾਲ ਆਪਣੀ ਸਾੜ੍ਹੀ ਲਾਹ ਕੇ ਜ਼ਮੀਨ 'ਤੇ ਵਿਛਾ ਦਿੱਤੀ ਅਤੇ ਪ੍ਰਾਣੇਸ਼ਾਚਾਰੀਆ ਨੂੰ ਆਪਣੀਆਂ ਬਾਹਾਂ 'ਚ ਲੈ ਕੇ ਪੈ ਗਈ, ਰੋਂਦੀ ਰਹੀ-ਬੇਵਸ ਹੰਝੂਆਂ ਦਾ ਵਹਿਣ ਵਗਦਾ ਰਿਹਾ।

## ਦੂਜਾ ਭਾਗ

### 1

ਅੱਧੀ ਰਾਤ ਨੂੰ ਆਚਾਰੀਆ ਜੀ ਦੀ ਨੀਂਦ ਖੁੱਲ੍ਹੀ। ਉਹਨਾਂ ਦਾ ਸਿਰ ਚੰਦਰੀ ਦੀ ਗੋਦੀ 'ਚ ਸੀ, ਗੱਲ੍ਹਾਂ ਉਸ ਦੇ ਢਿੱਡ ਦੇ ਹੇਠਲੇ ਨੰਗੇ ਹਿੱਸੇ 'ਤੇ ਟਿਕੀਆਂ ਹੋਈਆਂ ਸਨ। ਚੰਦਰੀ ਆਪਣੀਆਂ ਉਂਗਲੀਆਂ ਉਹਨਾਂ ਦੇ ਕੰਨ, ਸਿਰ ਅਤੇ ਪੀਠ 'ਤੇ ਫੇਰ ਰਹੀ ਸੀ।

ਜਿਵੇਂ ਉਹ ਆਪਣੇ-ਆਪ ਲਈ ਓਪਰੇ ਹੋ ਗਏ ਹੋਣ, ਆਚਾਰੀਏ ਨੇ ਅੱਖਾਂ ਖੋਲ੍ਹੀਆਂ ਅਤੇ ਸੋਚਣ ਲੱਗੇ, "ਮੈਂ ਕਿੱਥੇ ਹਾਂ ? ਏਥੇ ਕਿਵੇਂ ਆਇਆ ? ਇਹ ਹਨੇਰਾ ਕੇਹਾ ਹੈ ? ਇਹ ਕਿਹੜਾ ਜੰਗਲ ਹੈ ? ਇਹ ਤੀਵੀਂ ਕੌਣ ਹੈ ?"

ਬਚਪਨ 'ਚ ਥਕਾਵਟ ਨਾਲ ਚੂਰ ਹੋ ਜਾਣ 'ਤੇ ਮਾਂ ਦੀ ਗੋਦੀ 'ਚ ਜਿਵੇਂ ਉਹ ਲੁੜਕ ਜਾਂਦੇ ਅਤੇ ਆਰਾਮ ਕਰਦੇ ਸਨ, ਉਹਨਾਂ ਨੂੰ ਉਸੇ ਦੀ ਯਾਦ ਆ ਗਈ। ਸਾਰੇ ਪਾਸੇ ਹੈਰਾਨੀ ਨਾਲ ਦੇਖਿਆ। ਖੰਭ ਖਿਲਾਰ ਕੇ ਮੋਰ ਦੀ ਤਰ੍ਹਾਂ ਨਛੱਤਰਾਂ ਨਾਲ ਭਰੀ ਰਾਤ ਸੀ। ਸਪਤ ਰਿਸ਼ੀਆਂ ਦਾ ਮੰਡਲ, ਰਿਸ਼ੀ ਅਗਸਤ ਦੇ ਕੋਲ ਸਤੀ ਔਰਤਾਂ ਦੀ ਆਦਰਸ਼ ਅਰੁੰਧਤੀ। ਹੇਠਾਂ ਹਰੇ ਘਾਹ ਦੀ ਗੰਧ, ਸਲ੍ਹਾਬੀ ਅਤੇ ਠੰਢੀ ਮਿੱਟੀ, ਵਿਸ਼ਣੂਕਾਂਤੀ ਦੇ ਨੀਲੇ ਫੁੱਲਾਂ ਦੀ ਮਹਿਕ ਅਤੇ ਜੰਗਲੀ ਸੰਘਣੀਆਂ ਵੇਲਾਂ। ਇੱਕ ਤੀਵੀਂ ਦੀ ਪ੍ਰੇਮ ਅਤੇ ਵਾਸਨਾ ਨਾਲ ਭਿੱਜੀ ਦੇਹ। ਹਨੇਰੇ ਨਾਲ ਭਰਿਆ ਆਕਾਸ਼। ਚੁੱਪਚਾਪ ਖੜ੍ਹੇ ਬਿਰਖ। ਇਹ ਸਭ ਸੁਪਨਾ ਵੀ ਹੋ ਸਕਦਾ ਹੈ, ਉਹਨਾਂ ਨੇ ਅੱਖਾਂ ਮਲੀਆਂ। "ਮੈਂ ਬਿਲਕੁਲ ਭੁੱਲ ਗਿਆ ਹਾਂ ਕਿ ਕਿਧਰੋਂ ਮੈਂ ਆਇਆ ਹਾਂ, ਕਿੱਧਰ ਜਾਣਾ ਹੈ।"-ਇਹ ਸੋਚ ਕੇ ਮਨ ਫ਼ਿਕਰਮੰਦ ਹੋਇਆ। ਉਹਨਾਂ ਨੇ ਬੁਲਾਇਆ, "ਚੰਦਰੀ।" ਅਤੇ ਹੁਣ ਪੂਰੀ ਤਰ੍ਹਾਂ ਜਾਗ ਗਏ। ਉਸ ਜੰਗਲ 'ਚ, ਉਸ ਮੌਨ 'ਚ, ਉਹ ਹਨੇਰਾ ਕਿਸੇ ਗੁੱਝੇ ਭੇਦ ਨਾਲ ਭਰਿਆ ਜਾਪ ਰਿਹਾ ਸੀ। ਨਾਲ ਦੀ ਇੱਕ ਝਾੜੀ 'ਚੋਂ, ਜਿਸ ਨੇ ਅਚਾਨਕ ਰੱਥ ਦਾ ਆਕਾਰ ਲੈ ਲਿਆ ਅਤੇ ਜੁਗਨੂੰਆਂ ਦੇ ਝੁੰਡ ਜਗ ਉੱਠੇ, ਹਲਕੀ ਜਿਹੀ ਕਿਸੇ ਪੰਛੀ ਦੀ ਆਵਾਜ਼ ਆ ਰਹੀ ਸੀ। ਅਚਾਨਕ ਉਹਨਾਂ ਨੇ ਉਸ ਨੂੰ ਦੇਖਿਆ। ਕੰਨ ਲਾ ਕੇ ਸੁਣਨ ਦੀ ਕੋਸ਼ਿਸ਼ ਕੀਤੀ। ਉਹਨਾਂ ਦੀਆਂ ਅੱਖਾਂ ਮੂਹਰੇ ਆਏ ਦ੍ਰਿਸ਼ ਸਾਫ਼ ਹੋ ਗਏ। ਉਹਨਾਂ ਦੇ ਕੰਨਾਂ 'ਚ ਜੰਗਲ

ਅਤੇ ਹਨੇਰੇ ਦੀ ਆਵਾਜ਼ ਭਰ ਗਈ। ਉਹਨਾਂ ਨੇ ਫੇਰ ਬੁਲਾਇਆ, "ਚੰਦਰੀ!" ਉਸ ਦੇ ਢਿੱਡ ਨੂੰ ਛੋਹਿਆ ਅਤੇ ਉੱਠ ਕੇ ਬੈਠ ਗਏ।

ਚੰਦਰੀ ਨੂੰ ਡਰ ਸੀ ਕਿ ਪ੍ਰਾਨੇਸ਼ਾਚਾਰੀਆ ਉਸ ਨਾਲ ਗੁੱਸੇ ਹੋਣਗੇ, ਉਸ ਨਾਲ ਨਫ਼ਰਤ ਕਰਨਗੇ। ਮਨ 'ਚ ਇਸ ਗੱਲ ਦੀ ਆਸ ਵੀ ਸੀ ਕਿ ਉਹਨਾਂ ਦੀ ਛੋਹ ਨਾਲ ਸ਼ਾਇਦ ਉਸ ਦੀ ਕੁੱਖ ਫ਼ਲ ਪਾਵੇਗੀ। ਇਹ ਕ੍ਰਿਤਗਤਾ ਦੀ ਭਾਵਨਾ ਮਨ 'ਚ ਸੀ ਕਿ ਇਸ ਕਾਰਨ ਸ਼ਾਇਦ ਉਸ ਨੇ ਕੁਝ ਪੁੰਨ ਵੀ ਕਮਾ ਲਿਆ ਹੋਵੇ ਪਰ ਉਹ ਬੋਲੀ ਨਹੀਂ ਚੁੱਪ ਰਹੀ। ਪ੍ਰਾਨੇਸ਼ਾਚਾਰੀਆ ਵੀ ਕਾਫ਼ੀ ਦੇਰ ਤੱਕ ਮੌਨ ਧਾਰੀ ਬੈਠੇ ਰਹੇ। ਆਖ਼ਿਰਕਾਰ ਉੱਠ ਕੇ ਖੜ੍ਹੇ ਹੋਏ ਅਤੇ ਬੋਲੇ :

"ਉੱਠ ਚੰਦਰੀ, ਚੱਲੀਏ। ਕੱਲ੍ਹ ਜਦ ਪੰਡਤ ਇਕੱਠੇ ਹੋਣਗੇ ਤਾਂ ਇਹ ਜੋ ਕੁਝ ਵੀ ਹੋਇਆ ਹੈ, ਆਪਾਂ ਉਹਨਾਂ ਨੂੰ ਦੱਸ ਦੇਵਾਂਗੇ। ਬਲਕਿ ਤੂੰ ਆਪ ਹੀ ਦੱਸੀਂ। ਜਿੱਥੋਂ ਤੱਕ ਅਗਰਹਾਰ ਦੇ ਲਈ ਕੋਈ ਫ਼ੈਸਲੇ ਕਰਨ ਦੀ ਮੇਰੇ ਹੱਕ ਦੀ ਗੱਲ ਹੈ...।"

ਹੋਰ ਅੱਗੇ ਕੀ ਕਹਿਣਾ, ਨਹੀਂ ਕਹਿਣਾ ਹੈ, ਹੀ ਠੀਕ ਹੈ, ਪ੍ਰਾਨੇਸ਼ਾਚਾਰੀਆ ਜਕੋਤਕੀ 'ਚ ਖੜ੍ਹੇ ਰਹੇ।

"...ਉਸ ਨੂੰ ਮੈਂ ਗੁਆ ਚੁੱਕਿਆ ਹਾਂ। ਕੱਲ੍ਹ ਜੇਕਰ ਮੇਰੇ 'ਚ ਬੋਲਣ ਦਾ ਹੌਸਲਾ ਨਾ ਹੋਇਆ ਤਾਂ ਤੈਨੂੰ ਹੀ ਬੋਲਣਾ ਪਵੇਗਾ। ਦਾਹ-ਸੰਸਕਾਰ ਦੇ ਲਈ ਮੈਂ ਆਪ ਤਿਆਰ ਹਾਂ। ਹੋਰਾਂ ਪੰਡਤਾਂ ਨੂੰ ਇਹ ਕਹਿਣ ਦਾ ਮੈਨੂੰ ਕੋਈ ਹੱਕ ਨਹੀਂ... ਬੱਸ।" ਏਨਾ ਕਹਿਣ ਦੇ ਬਾਦ ਪ੍ਰਾਨੇਸ਼ਾਚਾਰੀਆ ਦੀ ਜਿਵੇਂ ਸਾਰੀ ਥਕਾਵਟ ਮਿਟ ਗਈ।

ਦੋਵਾਂ ਨੇ ਇਕੱਠੇ ਨਦੀ ਪਾਰ ਕੀਤੀ। ਉਲਝਣ ਭਰੀ ਚੰਦਰੀ ਨੇ ਆਪਣੀ ਤੋਰ ਹੌਲੀ ਕਰ ਦਿੱਤੀ, ਤਾਂ ਕਿ ਪ੍ਰਾਨੇਸ਼ਾਚਾਰੀਆ ਅੱਗੇ-ਅੱਗੇ ਤੁਰਨ ਅਤੇ ਆਪ ਉਹ ਉਹਨਾਂ ਦੇ ਪਿੱਛੇ। ਅਗਰਹਾਰ 'ਚ ਆਉਣ ਵੇਲੇ ਉਸ ਨੂੰ ਫ਼ਿਕਰ ਹੋਣ ਲੱਗਿਆ-ਅਜਿਹਾ ਕਿਉਂ ਹੈ ਕਿ ਮੈਂ ਜੋ ਕੁਝ ਵੀ ਕਰਦੀ ਹਾਂ, ਉਸ ਦਾ ਸਿੱਟਾ ਇਹ ਨਿਕਲਦਾ ਹੈ? ਮੈਂ ਆਪਣੇ ਵੱਲੋਂ ਚੰਗਾ ਸਮਝ ਕੇ ਹੀ ਗਹਿਣੇ ਲਾਹ ਕੇ ਦਿੱਤੇ ਸਨ, ਪਰ ਨਤੀਜਾ ਪਰੇਸ਼ਾਨੀ ਦੇ ਸਿਵਾ ਕੀ ਹੋਇਆ? ਅਤੇ ਹੁਣ ਉਸ ਦਾ ਕਿਰਿਆਕਰਮ ਕਰਨ ਦੀ ਕੋਸ਼ਿਸ਼ ਕਰ ਰਹੇ ਆਚਾਰੀਆ ਜੀ ਕਿੰਨੇ ਬੇਚੈਨ ਹੋ ਗਏ ਹਨ।

ਪਰ ਸੁਭਾਵਿਕ ਤੌਰ 'ਤੇ ਭੋਗ-ਵਿਲਾਸ ਨਾਲ ਲਬਰੇਜ਼ ਚੰਦਰੀ ਆਪਾ ਪੜਚੋਲ ਦੀ ਆਦੀ ਨਹੀਂ ਸੀ। ਅਗਰਹਾਰ ਦੀਆਂ ਹਨੇਰੀਆਂ ਗਲੀਆਂ 'ਚ ਲੰਘਦਿਆਂ ਉਸ ਨੂੰ ਯਾਦ ਆ ਰਿਹਾ ਸੀ-ਹਨੇਰਾ ਜੰਗਲ, ਉਸ ਦਾ ਰੁਕਣਾ, ਅਚਾਨਕ ਝੁਕਣਾ, ਫੇਰ ਆਪਸ 'ਚ ਸੰਭੋਗ। ਅਗਿਆਤ ਫੁੱਲਾਂ ਦੀ ਸੁਗੰਧ ਦੀ ਤਰ੍ਹਾਂ ਜਦ ਇਹ ਗੱਲਾਂ ਯਾਦ ਆਈਆਂ ਤਾਂ ਉਹ ਸਾਰਥਕਤਾ ਦੀ ਭਾਵਨਾ ਨਾਲ ਭਰ ਗਈ। ਵਿਚਾਰੇ ਆਚਾਰੀਆ ਜੀ ਨੂੰ ਅਜਿਹਾ ਮਹਿਸੂਸ ਹੁੰਦਾ ਹੈ ਕਿ ਨਹੀਂ। ਹੁਣ ਉਹਨਾਂ ਦੇ ਘਰੇ ਜਾ ਕੇ ਉਹਨਾਂ ਨੂੰ ਹੋਰ ਦੁਖੀ ਨਹੀਂ ਕਰਨਾ ਚਾਹੀਦਾ। ਅਚਾਨਕ ਹੀ ਉਸ ਦੇ ਜੀਵਨ 'ਚ ਜੋ ਸੁਭਾਗ ਆ ਗਿਆ ਹੈ ਨਾ, ਦਿਨ ਦੇ ਚਾਨਣ 'ਚ ਉਹਨਾਂ ਖੁਸ਼ਕ, ਅਕਾਊ ਪੰਡਤਾਂ ਦੇ ਮੂਹਰੇ ਉਸ ਦਾ ਬਿਆਨ, ਜਿਵੇਂ ਕਿ ਆਚਾਰੀਆ ਉਸ ਨੂੰ ਕਰਨ ਲਈ ਕਹਿ ਰਹੇ ਹਨ, ਕਰਨ ਦਾ ਕੋਈ ਅਰਥ ਨਹੀਂ ਹੈ। ਉਹਨਾਂ ਪੰਡਤਾਂ ਦੇ ਮੂਹਰੇ ਆਚਾਰੀਏ ਦੀ ਮਾਣ-ਮਰਿਆਦਾ ਨੂੰ ਮਿੱਟੀ 'ਚ ਮਿਲਾ ਦੇਣਾ ਨਹੀਂ ਚਾਹੁੰਦੀ। ਉਸ ਦੇ ਲਈ ਇਹ ਸੰਭਵ ਨਹੀਂ ਹੈ ਪਰ ਹੁਣ ਉਹ ਕੀ ਕਰੇ? ਆਚਾਰੀਆ ਜੀ ਦੇ ਘਰੇ ਜਾਣਾ ਉਸ ਨੂੰ ਠੀਕ ਨਹੀਂ ਲੱਗ ਰਿਹਾ ਅਤੇ ਆਪਣੇ ਮਰ ਚੁੱਕੇ ਆਦਮੀ ਦੇ ਘਰੇ ਜਾਣ 'ਚ ਵੀ ਉਸ ਨੂੰ ਡਰ ਲਗਦਾ ਹੈ। ਹੁਣ ਉਹ ਕਰ ਕੀ ਸਕਦੀ ਹੈ?

ਫੇਰ ਚੰਦਰੀ ਨੇ ਸੋਚਿਆ ਕਿ ਕੁਝ ਵੀ ਹੋਵੇ, ਉਸ ਨੇ ਮੇਰੇ ਨਾਲ ਏਨਾ ਲੰਬਾ ਸਮਾਂ ਗੁਜ਼ਾਰਿਆ



ਸੀ ਨਾ ਅਤੇ ਉਸ ਦੇ ਮਨ 'ਚ ਹੌਸਲਾ ਹੋਇਆ। ਉੱਥੇ ਜਾ ਕੇ ਦੇਖਣਾ ਚਾਹੀਦਾ ਹੈ। ਡਰ ਲੱਗਿਆ ਤਾਂ ਸੱਥ 'ਚ ਆ ਕੇ ਸੌਂ ਜਾਵਾਂਗੀ। ਨਹੀਂ ਤਾਂ ਆਚਾਰੀਏ ਦੇ ਥੜ੍ਹੇ 'ਤੇ ਚਲੀ ਜਾਵਾਂਗੀ। ਇਸ ਬਿਪਤਾ 'ਚ ਹੋਰ ਕੀਤਾ ਵੀ ਕੀ ਜਾ ਸਕਦਾ ਹੈ।

ਮਨ 'ਚ ਅਜਿਹੀਆਂ ਦਲੀਲਾਂ ਦਿੰਦਿਆਂ ਉਹ ਸਿੱਧੀ ਆਪਣੇ ਘਰ ਚਲੀ ਗਈ-ਹੇਠਾਂ ਰੁਕ ਕੇ ਸੁਣਨ ਲੱਗੀ। ਹਰ ਰਾਤ ਦੀ ਤਰ੍ਹਾਂ ਕੁੱਤੇ ਭੌਂਕ ਰਹੇ ਸਨ। ਉਹ ਪੌੜੀਆਂ ਚੜ੍ਹਨ ਲੱਗੀ। ਹੱਥ ਨਾਲ ਠੋਕਰ ਕੇ ਦੇਖਿਆ, ਦਰਵਾਜ਼ਾ ਖੁੱਲ੍ਹਾ ਹੈ। 'ਹੇ ਰੱਬਾ, ਕਿਤੇ ਕੁੱਤਿਆਂ-ਗਿੱਦੜਾਂ ਨੇ ਆ ਕੇ ਲਾਸ਼ ਤਾਂ ਨਹੀਂ ਖਾ ਲਈ...।" ਉਹ ਦੁਖੀ ਹੋ ਗਈ, ਡਰ ਨੂੰ ਦੂਰ ਕਰਕੇ ਤੇਜ਼ੀ ਨਾਲ ਕਮਰੇ 'ਚ ਵੜ ਗਈ। ਆਦਤ ਅਨੁਸਾਰ ਕੰਧ ਦੇ ਇੱਕ ਆਲੇ 'ਚ ਮਾਚਿਸ ਚੁੱਕ ਕੇ ਕੰਦੀਲ ਬਾਲੀ। ਭਿਆਨਕ ਬਦਬੂ! ਸੜਦੇ ਹੋਏ, ਮਰੇ ਹੋਏ, ਚੂਹੇ ਹੀ ਚੂਹੇ। ਦੁੱਖ ਸਤਾਉਣ ਲੱਗਿਆ ਕਿ ਉਸ ਦੇ ਲਈ ਸਾਰੇ ਅਗਰਹਾਰ ਨਾਲ ਟੱਕਰ ਲੈਣ ਵਾਲੇ ਨਾਰਣੱਪੇ ਦੀ ਲਾਸ਼ ਨੂੰ ਇਉਂ ਬੇਸਹਾਰਾ ਛੱਡ ਕੇ ਚਲੀ ਗਈ ਸੀ।

ਉਹ ਉਪਰ ਚਲੀ ਗਈ। "ਮੈਨੂੰ ਖ਼ੁਸ਼ਬੂਦਾਰ ਧੂਪ ਲਾਉਣੀ ਚਾਹੀਦੀ ਸੀ, ਤਾਂ ਕਿ ਸਾਰਾ ਘਰ ਖ਼ੁਸ਼ਬੂ ਨਾਲ ਭਰ ਜਾਂਦਾ।" ਲਾਸ਼ ਬਹੁਤ ਜ਼ਿਆਦਾ ਮੁਸਕ ਰਹੀ ਸੀ। ਲਾਸ਼ ਦਾ ਢਿੱਡ ਫੁੱਲ ਗਿਆ ਸੀ ਅਤੇ ਮੂੰਹ ਡਰਾਉਣਾ ਅਤੇ ਬਦਰੂਪ ਹੋ ਚੁੱਕਿਆ ਸੀ। ਉਹ ਚੀਕੀ, ਭੱਜ ਕੇ ਬਾਹਰ ਆ ਗਈ। ਉਸ ਦੀ ਆਤਮਾ ਚੀਕ ਉੱਠੀ-ਉਹ, ਉਹ ਤਾਂ ਨਹੀਂ ਜੋ ਉਪਰ ਪਿਆ ਹੈ-ਉਹ ਤਾਂ ਉਹੀ ਹੈ ਜੋ ਉਸ ਨੂੰ ਪਿਆਰ ਕਰਦਾ ਸੀ-ਨਹੀਂ, ਨਹੀਂ-ਉਹਨਾਂ ਦੋਵਾਂ 'ਚ ਕੋਈ ਸਮਾਨਤਾ ਨਹੀਂ ਹੈ, ਉਸ ਦੇ ਦਿਲ ਨੇ ਜ਼ੋਰ ਦੀ ਕਿਹਾ।

ਜਿਵੇਂ ਉਹ ਆਵੇਸ਼ 'ਚ ਆ ਗਈ ਹੋਵੇ, ਕੰਦੀਲ ਲੈ ਕੇ ਚੰਦਰੀ ਨੀਵੀਂ ਜਾਤ ਦੇ ਲੋਕਾਂ ਦੇ ਘਰ ਵੱਲ ਮੀਲ ਕੁ ਭੱਜਦੀ ਹੋਈ ਪਹੁੰਚੀ। ਗੱਡੀ ਵਾਲੇ ਸ਼ੇਸ਼ੱਪਾ ਦੇ ਵਿਹੜੇ 'ਚ ਬੰਨ੍ਹੇ ਬਲਦਾਂ ਨੂੰ ਦੇਖ ਕੇ ਉਸ ਨੇ ਘਰ ਪਛਾਣ ਲਿਆ-ਉਹ ਆਂਡੇ ਲਿਆ ਕੇ ਦਿਆ ਕਰਦਾ ਸੀ। ਉਹ ਅੰਦਰ ਚਲੀ ਗਈ। ਓਪਰੇ ਬੰਦੇ ਨੂੰ ਦੇਖ ਕੇ ਬਲਦ ਖੜ੍ਹੇ ਹੋ ਗਏ, ਜ਼ੋਰ ਦੀ ਬੁਸ-ਬੁਸ ਕਰਦੇ ਰੱਸਾ ਤੁੜਾਉਣ ਲੱਗੇ। ਕੁੱਤੇ ਭੌਂਕਣ ਲੱਗੇ। ਸ਼ੇਸ਼ੱਪਾ ਉੱਠ ਕੇ ਬਾਹਰ ਆ ਗਿਆ। ਚੰਦਰੀ ਨੇ ਛੇਤੀ ਦੇਣੇ ਸਾਰਾ ਹਾਲ ਦੱਸ ਕੇ ਉਸ ਨੂੰ ਕਿਹਾ, "ਤੂੰ ਆਪਣੀ ਬਲਦ ਗੱਡੀ ਲੈ ਆ ਅਤੇ ਲਾਸ਼ ਨੂੰ ਉਸ 'ਚ ਪਾ ਕੇ ਸ਼ਮਸ਼ਾਨ ਘਾਟ ਲੈ ਜਾ। ਘਰੇ ਲੱਕੜਾਂ ਪਈਆਂ ਹਨ, ਅਸੀਂ ਆਪ ਉਸ ਨੂੰ ਦਾਗ ਲਾ ਦੇਵਾਂਗੇ।

ਸ਼ੇਸ਼ੱਪ ਸ਼ਰਾਬ ਪੀ ਕੇ ਸੁੱਤਾ ਸੀ। ਆਰਾਮ ਨਾਲ ਨੀਂਦੋ ਜਾਗਿਆ ਸੀ, ਸੁਣ ਕੇ ਘਬਰਾ ਗਿਆ। ਦੀਨ ਭਾਵ ਨਾਲ ਬੋਲਿਆ, ਚੰਦਰੰਮਾ, ਇਹ ਨਹੀਂ ਹੋ ਸਕਦਾ। ਪੰਡਤ ਦੀ ਲਾਸ਼ ਨੂੰ ਹੱਥ ਲਾ ਕੇ ਮੈਂ ਨਰਕਾਂ ਨੂੰ ਜਾਵਾਂ, ਕੀ ਇਹ ਚਾਹੁੰਦੀ ਹੈਂ? ਸਾਰੀ ਦੁਨੀਆ ਦੇ ਵੈਭਵ ਦਾ ਲਾਲਚ ਵੀ ਦੇਵੇਂ ਤਾਂ ਵੀ ਇਹ ਸੰਭਵ ਨਹੀਂ ਹੈ। ਤੈਨੂੰ ਜੇਕਰ ਡਰ ਲਗਦਾ ਹੈ ਤਾਂ ਇਸ ਗ਼ਰੀਬ ਦੀ ਝੁੱਗੀ 'ਚ ਰਾਤ ਬਿਤਾ ਕੇ ਦਿਨ ਚੜ੍ਹੇ ਘਰੇ ਚਲੀ ਜਾਵੀਂ।"

ਚੰਦਰੀ ਇੱਕ ਸ਼ਬਦ ਵੀ ਬਿਨਾ ਬੋਲੇ ਬਾਹਰ ਆ ਗਈ। ਹੁਣ ਉਹ ਕੀ ਕਰੇ? ਇੱਕ ਖ਼ਿਆਲ ਉਸ ਦੇ ਮਨ 'ਚ ਚਮਕ ਰਿਹਾ ਸੀ। ਉਹ ਉੱਥੇ ਸੜ ਰਿਹਾ ਹੈ, ਜਿਸ ਦਾ ਢਿੱਡ ਫੁੱਲ ਗਿਆ ਹੈ, ਉਹ ਉਸ ਦਾ ਪ੍ਰੇਮੀ ਨਾਰਣੱਪਾ ਨਹੀਂ ਹੈ। ਉਹ ਪੰਡਤ ਵੀ ਨਹੀਂ ਹੈ, ਸ਼ੂਦਰ ਵੀ ਨਹੀਂ ਹੈ। ਉਹ ਸਿਰਫ਼ ਇੱਕ ਲਾਸ਼ ਹੈ-ਸੜਦੀ, ਮੁਸਕਦੀ ਹੋਈ।

ਉਹ ਸਿੱਧੀ ਮੁਸਲਮਾਨਾਂ ਦੇ ਹਲਕੇ 'ਚ ਆ ਗਈ। ਉਹਨਾਂ ਨੂੰ ਪੈਸੇ ਦੇਣ ਦੀ ਗੱਲ ਕਹੀ। ਮੱਛੀਆਂ ਦੇ ਵਪਾਰੀ ਅਹਿਮਦ ਬਾਰੀ ਨੂੰ ਮਿਲੀ। ਇੱਕ ਵਾਰ ਜਦ ਉਸ ਕੋਲ ਬਲਦ ਖਰੀਦਣ ਦੇ ਲਈ ਪੈਸੇ ਨਹੀਂ ਸਨ ਤਾਂ ਨਾਰਣੱਪੇ ਨੇ ਉਸ ਨੂੰ ਪੈਸੇ ਦਿੱਤੇ ਸਨ। ਅਹਿਮਦ ਬਾਰੀ ਨੂੰ ਉਹ ਘਟਨਾ ਯਾਦ ਆਈ, ਉਸ ਨੇ ਚੁੱਪਚਾਪ ਬਲਦ ਗੱਡੀ ਤਿਆਰ ਕੀਤੀ। ਲਾਸ਼ ਅਤੇ ਲੱਕੜਾਂ ਇੱਕੋ ਨਾਲ ਲੱਦ ਕੇ,

ਸਭ ਤੋਂ ਅੱਖ ਬਚਾ ਕੇ ਸ਼ਮਸ਼ਾਨ ਦੇ ਵੱਲ ਲੈ ਗਿਆ। ਹਨੇਰੇ 'ਚ ਹੀ ਲੱਕੜਾਂ 'ਚ ਅੱਗ ਲਾ ਦਿੱਤੀ ਅਤੇ ਥੋੜ੍ਹੀ ਹੀ ਦੇਰ 'ਚ ਸਭ ਕੁਝ ਭਸਮ ਹੋ ਜਾਣ 'ਤੇ ਬਲਦਾਂ ਨੂੰ ਤੇਜ਼ੀ ਨਾਲ ਹੱਕਦਿਆਂ ਮੁੜ ਆਇਆ। ਚੰਦਰੀ ਰੋਈ, ਘਰ ਆ ਕੇ ਕੁਝ ਰੇਸ਼ਮੀ ਸਾੜ੍ਹੀਆਂ, ਸੰਦੂਕ 'ਚ ਰੱਖੇ ਪੈਸੇ ਅਤੇ ਆਚਾਰੀਏ ਵੱਲੋਂ ਮੋੜੇ ਗਏ ਗਹਿਣੇ ਲੈ ਕੇ ਬਾਹਰ ਆ ਗਈ। ਪ੍ਰਾਣੇਸ਼ਾਚਾਰੀਆ ਦੇ ਕੋਲ ਜਾ ਕੇ ਅਤੇ ਉਹਨਾਂ ਦੇ ਪੈਰੀਂ ਹੱਥ ਲਾਉਣ ਦੀ ਇੱਛਾ ਨੂੰ ਦਬਾ ਕੇ ਕੁੰਦਾਪੁਰ ਜਾਣ ਵਾਲੀ ਪਹਿਲੀ ਬੱਸ ਦੀ ਉਡੀਕ ਕਰਨ ਦੇ ਲਈ ਉਸ ਰਾਹ 'ਤੇ ਤੁਰ ਪਈ, ਜੋ ਜੰਗਲ 'ਚੋਂ ਹੋ ਕੇ ਜਾਂਦਾ ਸੀ।

2

ਉਧਰ ਪਾਰਿਜਾਤਪੁਰ 'ਚ ਸ਼ਾਹੂਕਾਰ ਮੰਜਈਏ ਦੇ ਘਰੇ ਸ੍ਰੀਪਤੀ, ਗਣੇਸ਼, ਗੰਗੱਪਾ, ਮੰਜੂ ਨਾਥ ਅਤੇ ਅਗਰਹਾਰ ਦੇ ਚਾਰ-ਪੰਜ ਹੋਰ ਨੌਜਵਾਨ 'ਗੁਲਬਕਾਵਲੀ' ਨਾਟਕ ਦੀ ਤਿਆਰੀ ਕਰ ਰਹੇ ਸਨ। ਹਾਰਮੋਨੀਅਮ ਵਿਚਾਲੇ ਪਿਆ ਸੀ, ਜੋ ਕਿ ਨਾਰਣੱਪੇ ਨੇ ਹੀ ਨਾਟਕ ਮੰਡਲੀ ਨੂੰ ਦਿੱਤਾ ਸੀ। ਜਦ ਤੱਕ ਉਹ ਜਿਉਂਦਾ ਰਿਹਾ, ਉਸ ਨੂੰ ਹਰ ਨਾਟਕ ਦੇ ਮੌਕੇ 'ਤੇ ਜਾਣਾ ਪੈਂਦਾ ਸੀ। ਉਸ ਦੇ ਯੋਗਦਾਨ ਦੇ ਬਿਨਾ ਇਹ ਪਾਰਿਜਾਤ ਨਾਟਕ ਮੰਡਲੀ ਹੋਂਦ 'ਚ ਹੀ ਨਾ ਆ ਪਾਉਂਦੀ। ਉਹੀ ਮੂਲ ਪ੍ਰੇਰਕ ਸੀ, ਉਸ ਨੇ ਹੀ ਨੌਜੁਆਨਾਂ ਰਾਹੀਂ ਇਕੱਠੇ ਕੀਤੇ ਪੈਸਿਆਂ 'ਚ ਆਪਣੇ ਪੈਸੇ ਮਿਲਾ ਕੇ ਸ਼ਿਵਮੋਗਾ ਤੋਂ ਸੀਨ-ਸੀਨਰੀਆਂ ਅਤੇ ਪਰਦੇ ਖਰੀਦ ਕੇ ਲਿਆ ਦਿੱਤੇ ਸਨ। ਉਹੀ ਉਹਨਾਂ ਨੂੰ ਨਾਟਕ-ਕਲਾ ਦੇ ਬਾਰੇ 'ਚ ਸੁਝਾਅ ਦਿੰਦਾ ਸੀ। ਨੇੜੇ-ਤੇੜੇ ਦੇ ਪਿੰਡਾਂ 'ਚੋਂ ਇਕੱਲੇ ਉਸ ਦੇ ਕੋਲ ਹੀ ਗ੍ਰਾਮੋਫ਼ੋਨ ਸੀ। ਹਿਰਣੱਪਾ ਨਾਟਕ ਕੰਪਨੀ ਦੇ ਨਾਟਕਾਂ ਦੇ ਗਾਣੇ ਦੇ ਰਿਕਾਰਡ ਵੀ ਉਸ ਦੇ ਕੋਲ ਸਨ। ਇਹਨਾਂ ਨੌਜਵਾਨਾਂ ਦੇ ਸਾਹਮਣੇ ਗ੍ਰਾਮੋਫ਼ੋਨ 'ਚ ਚਾਬੀ ਭਰ ਕੇ ਉਹ ਉਹਨਾਂ ਰਿਕਾਰਡਾਂ ਨੂੰ ਵਜਾ ਕੇ ਸੁਣਾਇਆ ਕਰਦਾ ਸੀ। ਕਦੇ-ਕਦੇ ਕਾਂਗਰਸ ਦੇ ਬਾਰੇ 'ਚ ਵੀ ਸੁਣੀਆਂ-ਸੁਣਾਈਆਂ ਖ਼ਬਰਾਂ ਦਿੰਦਾ ਸੀ। ਉਸ ਨੇ ਨੌਜਵਾਨਾਂ ਨੂੰ ਹੱਥਖੱਡੀ ਦਾ ਖੱਦਰ ਦਾ ਕੁਰਤਾ, ਖੁੱਲ੍ਹਾ-ਢਿੱਲਾ ਪਜਾਮਾ ਅਤੇ ਚਿੱਟੀਆਂ ਟੋਪੀਆਂ ਲੈਣ ਦਾ ਫੈਸ਼ਨ ਸਿਖਾਇਆ ਸੀ। ਉਸ ਦੀ ਮੌਤ 'ਤੇ ਹੁਣ ਇਹ ਨੌਜਵਾਨ ਬਹੁਤ ਦੁਖੀ ਸਨ, ਪਰ ਵੱਡਿਆਂ ਦੇ ਡਰ ਕਰਕੇ ਚੁੱਪ ਸਨ।

ਦਰਵਾਜ਼ੇ ਬੰਦ ਕਰਕੇ 'ਪਾਸ਼ਿੰਗ ਸ਼ੋ' ਦੀ ਸਿਗਰਟ ਪੀਂਦਿਆਂ ਕੁਝ ਅਣਮੰਨੇ ਭਾਵ ਨਾਲ ਪ੍ਰੈਕਟਿਸ ਚੱਲ ਰਹੀ ਸੀ। ਸ੍ਰੀਪਤੀ ਨੂੰ ਯਕਸ਼ਗਾਨ 'ਚ ਰੁਚੀ ਸੀ। ਇਸ ਨਾਟਕ 'ਚ ਉਸ ਨੂੰ ਕੋਈ ਪਾਰਟ ਨਹੀਂ ਮਿਲਿਆ ਸੀ ਪਰ ਮੂੰਹ ਨੂੰ ਰੰਗ ਨਾਲ ਪੋਚ ਕੇ, ਮੁਖੌਟਾ ਪਾਉਣ ਦਾ ਉਸ ਨੂੰ ਬੜਾ ਸ਼ੌਕ ਸੀ। ਅਭਿਆਸ ਦੇ ਨਾਲ-ਨਾਲ ਬਾਂਸ ਦੇ ਇੱਕ ਭਾਂਡੇ 'ਚ ਰੱਖੇ ਮਸਾਲੇਦਾਰ ਚਿਉੜੇ ਅਤੇ ਗਰਮ-ਗਰਮ ਕੌਫ਼ੀ ਦਾ ਦੌਰ ਵੀ ਚੱਲਿਆ। ਅੱਧੀ ਰਾਤ ਤੱਕ, ਵਿਚ-ਵਿਚ ਨਾਰਣੱਪੇ ਨੂੰ ਯਾਦ ਕਰਦਿਆਂ ਚਿਉੜੇ ਖਾਂਦੇ ਅਤੇ ਕੌਫ਼ੀ ਪੀਂਦਿਆਂ ਪ੍ਰੈਕਟਿਸ ਚਲਦੀ ਰਹੀ। ਪ੍ਰੈਕਟਿਸ ਖ਼ਤਮ ਹੋਣ 'ਤੇ ਨਾਗਰਾਜ ਨੇ ਗਣੇਸ਼ ਨੂੰ ਅੱਖ ਦਾ ਇਸ਼ਾਰਾ ਕੀਤਾ। ਗਣੇਸ਼ ਨੇ ਕੋਲੇ ਬੈਠੇ ਬੰਦੇ ਦਾ ਚਰਿੱਤਰ ਨਿਭਾਉਣ ਵਾਲੇ ਮੰਜੂਨਾਥ ਨੂੰ ਚੂੰਢੀ ਵੱਢੀ। ਮੰਜੂਨਾਥ ਨੇ ਮਾਲੇਰ ਜਾਤੀ ਦੇ ਗੰਗੱਪੇ ਨੂੰ ਛੇੜਿਆ ਅਤੇ ਗੰਗੱਪੇ ਨੇ ਸ੍ਰੀਪਤੀ ਦੀ ਧੋਤੀ ਨੂੰ ਹੌਲੀ ਜਿਹੇ ਖਿੱਚਿਆ। ਇਹਨਾਂ ਲੁਕਵੇਂ ਇਸ਼ਾਰਿਆਂ ਦੇ ਮੁੱਕਣ 'ਤੇ ਬਾਕੀ ਨੌਜਵਾਨਾਂ ਨੂੰ ਕਿਹਾ ਗਿਆ ਕਿ ਪ੍ਰੈਕਟਿਸ ਅੱਜ ਦੇ ਲਈ ਖ਼ਤਮ ਹੋ ਗਈ ਅਤੇ ਉਹ ਉੱਠ ਕੇ ਚਲੇ ਗਏ।

ਉਹਨਾਂ ਲੋਕਾਂ ਦੇ ਤੁਰ ਜਾਣ ਦੇ ਬਾਦ ਨਾਗਰਾਜ ਨੇ ਦਰਵਾਜ਼ੇ ਬੰਦ ਕਰ ਲਏ। ਹੌਲੀ ਦੇਣੇ ਸੰਦੂਕ ਦਾ ਢੱਕਣ ਖੋਲ੍ਹ ਕੇ ਸ਼ਰਾਬ ਦੀਆਂ ਦੋ ਬੋਤਲਾਂ ਕੱਢੀਆਂ। ਆਪਣੇ ਗੁਰੂ-ਸਮਾਨ ਨਾਰਣੱਪੇ ਦੀ ਯਾਦ 'ਚ ਉਹ ਪੀਣ ਦੇ ਬਾਰੇ 'ਚ ਇੱਕ ਪੁਰਾਣੇ ਨਾਟਕ 'ਚੋਂ ਹਿਰਣੱਪਾ ਦਾ ਇੱਕ ਗੀਤ ਸੁਣਾਉਣ ਲੱਗਿਆ। ਫੇਰ ਚੁੱਪਚਾਪ ਬੋਤਲਾਂ ਨੂੰ ਇੱਕ ਥੈਲੇ 'ਚ ਪਾ ਲਿਆ, ਕੇਲੇ ਦੇ ਪੱਤੇ 'ਚ ਚਿਉੜੇ ਬੰਨ੍ਹ ਲਏ



ਗਏ ਅਤੇ ਜ਼ਰਾ ਵੀ ਆਵਾਜ਼ ਕੀਤੇ ਬਿਨਾ ਗਿਲਾਸ ਵੀ ਸੰਭਾਲ ਕੇ ਰੱਖ ਲਏ ਗਏ। ਨਾਗਰਾਜ ਨੇ ਕਿਹਾ, "ਸਭ ਤਿਆਰ ?" ਜੁਆਬ ਮਿਲਿਆ, "ਤਿਆਰ।" ਵਾਰੀ-ਵਾਰੀ ਸਾਰੇ ਪੌੜੀਆਂ ਉਤਰਨ ਲੱਗੇ, ਤਦੇ ਮੰਜੂਨਾਥ ਨੇ ਕਿਸੇ ਬਸ ਕੰਡਕਟਰ ਦੀ ਤਰ੍ਹਾਂ ਇੱਕ ਪਲ ਰੁਕਣ ਦੇ ਲਈ ਕਿਹਾ। ਫੇਰ ਇੱਕ ਨੀਂਬੂ ਕੱਟ ਕੇ ਉਸ ਦੇ ਟੁਕੜੇ ਜੇਬ 'ਚ ਰੱਖ ਲਏ। ਆਪਣਾ ਪਿਛਲਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਸਭ ਲੋਕ ਅਗਰਹਾਰ ਪਾਰ ਕਰ ਗਏ।

ਇਹ ਨੌਜਵਾਨ ਆਪਣੇ ਇਸ ਇਤਰਾਜ਼ਯੋਗ ਕੰਮ 'ਤੇ ਖ਼ੁਸ਼ ਸਨ ਅਤੇ ਹਨੇਰੇ 'ਚ ਸ੍ਰੀਪਤੀ ਦੀ ਟਾਰਚ ਦੀ ਰੌਸ਼ਨੀ 'ਚ ਨਾਰਣੱਪੇ ਨੂੰ ਯਾਦ ਕਰਦਿਆਂ ਨਦੀ ਵੱਲ ਗਏ। ਰਾਸਤੇ 'ਚ ਨਾਗਰਾਜ ਨੇ ਕਿਹਾ, "ਪੂਰੀ ਇੱਕ ਬੋਤਲ ਪੀ ਲੈਣ 'ਤੇ ਵੀ ਉਸ ਤੋਂ ਤਬਲੇ ਦੀ ਤਾਲ 'ਤੇ ਇੱਕ ਵੀ ਗ਼ਲਤੀ ਨਹੀਂ ਹੁੰਦੀ ਸੀ।" ਨਦੀ ਦੇ ਕਿਨਾਰੇ ਚਿਉੜਾ, ਬੋਤਲਾਂ ਅਤੇ ਗਿਲਾਸ ਧਰ ਕੇ ਇਹ ਸਾਰੇ ਜਣੇ ਬੈਠ ਗਏ। ਉਹਨਾਂ ਨੂੰ ਅਜਿਹਾ ਲੱਗਿਆ ਕਿ ਇਸ ਵੇਲੇ ਸਾਰੇ ਸੰਸਾਰ 'ਚ ਉਹ ਸਿਰਫ਼ ਪੰਜ ਬੰਦੇ ਹੀ ਹਨ। ਫੇਰ ਨੱਸ਼ਤਰਾ ਨੂੰ ਗਵਾਹ ਬਣਾ ਕੇ, ਨਸ਼ੇ ਦੀ ਮਦਦ ਨਾਲ ਅਗਰਹਾਰ ਦੇ ਪੰਡਤ ਦੀ ਵਾਮਨ ਵਾਂਗ ਪ੍ਰਵਿਰਤੀ ਨੂੰ ਤਿਲਾਂਜਲੀ ਦੇ ਕੇ ਤ੍ਰਿਵਿਕਰਮ ਵਰਗਾ ਵਿਸ਼ਾਲ ਰੂਪ ਧਾਰਨ ਦੇ ਲਈ ਤਿਆਰ ਹੋ ਗਏ। ਕਲ ਕਲ ਵਗਦੀ ਨਦੀ ਦੀ ਆਵਾਜ਼ ਉਹਨਾਂ ਦੇ ਇਕਾਂਤ ਨੂੰ ਭੰਗ ਕਰਨ ਦਾ ਭਰੋਸਾ ਦੇ ਰਹੀ ਸੀ।

ਨਸ਼ਾ ਸਿਰ ਚੜ੍ਹਨ ਲੱਗਿਆ ਤਾਂ ਸ੍ਰੀਪਤੀ ਕੰਬਦੀ ਆਵਾਜ਼ 'ਚ ਬੋਲਿਆ, "ਆਪਣਾ ਇੱਕ ਨੇੜਲਾ ਬੰਦਾ ਮਰ ਗਿਆ ਹੈ ਨਾ।"

"ਹਾਂ। ਸੱਚ ਹੈ।" ਨਾਗਰਾਜ ਨੇ ਮੁੱਠੀ ਭਰ ਕੇ ਖਸਤਾ ਚਿਉੜਾ ਚੁੱਕਦਿਆਂ ਕਿਹਾ, "ਸਾਡੀ ਮੰਡਲੀ ਦਾ ਬੜਾ ਵੱਡਾ ਆਸਰਾ ਹੀ ਟੁੱਟ ਗਿਆ। ਇਸ ਸਾਰੇ ਖੇਤਰ 'ਚ ਉਸ ਦੇ ਵਾਂਗ ਤਬਲੇ 'ਤੇ ਤਾਲ ਦੇਣ ਵਾਲਾ ਕਿੱਥੇ ਮਿਲ ਸਕਦਾ ਹੈ ਭਲਾਂ ?"

ਬਹੁਤ ਵਾਰ ਨੀਂਬੂ ਨਿਚੋੜ ਲੈਣ 'ਤੇ ਵੀ ਮੰਜੂਨਾਥ ਦਾ ਸਿਰ ਚਕਰਾਉਣ ਲੱਗਿਆ। ਕੁਝ ਬੋਲਣ ਦੀ ਕੋਸ਼ਿਸ਼ 'ਚ ਉਹ ਇਹੀ ਕਹਿ ਸਕਿਆ, "ਚੰਦਰੀ, ਚੰਦਰੀ।"

ਸ੍ਰੀਪਤੀ ਅਚਾਨਕ ਭਾਵੁਕ ਹੋ ਗਿਆ ਅਤੇ ਬੋਲਿਆ, "ਕੋਈ ਕੁਝ ਵੀ ਕਹੇ, ਪੰਡਤ ਕੁਝ ਵੀ ਭੌਂਕਣ... ਕਿਉਂ ? ਸਹੁੰ ਖਾ ਕੇ ਮੈਂ ਕਹਿੰਦਾ ਹਾਂ... ਚੰਦਰੀ ਦੀ ਤਰ੍ਹਾਂ ਸੋਹਣੀ, ਸਮਝਦਾਰ ਅਤੇ ਚੰਗੀ ਤੀਵੀਂ ਸੌ ਮੀਲ ਦੇ ਘੇਰੇ 'ਚ ਵੀ ਤਾਂ ਕੋਈ ਦਿਖਾ ਦੇਵੇ। ਮੇਰੇ ਨਾਲ ਕੋਈ ਸ਼ਰਤ ਲਾ ਲਵੇ। ਜੇਕਰ ਮਿਲ ਜਾਵੇ ਤਾਂ ਮੈਂ ਆਪਣੀ ਜਾਤ ਬਦਲਣ ਲਈ ਤਿਆਰ ਹਾਂ। ਵੇਸਵਾ ਹੋਣ ਨਾਲ ਕੀ ਹੋਇਆ ? ਦੱਸੋ ਤਾਂ, ਨਾਰਣੱਪੇ ਦੇ ਨਾਲ ਕਿਸੇ ਘਰਵਾਲੀ ਤੋਂ ਵੀ ਚੰਗਾ ਵਿਹਾਰ ਉਸ ਨੇ ਨਹੀਂ ਕੀਤਾ ? ਜੇਕਰ ਕਦੇ ਉਹ ਜ਼ਿਆਦਾ ਪੀ ਕੇ ਉਲਟੀ ਕਰ ਦਿੰਦਾ ਤਾਂ ਉਹ ਉਦੋਂ ਹੀ ਸਫ਼ਾਈ ਕਰ ਦਿੰਦੀ ਸੀ। ਉਸ ਨੇ ਸਾਡੀਆਂ ਉਲਟੀਆਂ ਵੀ ਸਾਫ਼ ਕਰਨ 'ਚ ਕਦੇ ਹਿਚਕਿਚਾਹਟ ਨਹੀਂ ਕੀਤੀ। ਅੱਧੀ ਰਾਤ ਨੂੰ ਵੀ ਜਗਾਏ ਜਾਣ 'ਤੇ ਇੱਕ ਸ਼ਬਦ ਮੂੰਹੋਂ ਕੱਢੇ ਬਗ਼ੈਰ, ਉਸ ਨੂੰ ਇਹ ਖ਼ੁਸ਼ੀ-ਖ਼ੁਸ਼ੀ ਰੋਟੀ ਬਣਾ ਕੇ ਦਿੰਦੀ ਸੀ। ਕਿਹੜੀ ਪੰਡਤਾਣੀ ਏਨੀ ਕਰਦੀ ਹੈ ? ਸਾਰੀਆਂ ਬੇਕਾਰ, ਸਿਰ-ਮੁੰਨੀਆਂ, ਥੂ।" ਮੰਜੂਨਾਥ ਅੰਗਰੇਜ਼ੀ ਦੇ ਤਿੰਨ ਸ਼ਬਦ ਹੀ ਜਾਣਦਾ ਸੀ, ਉਸ 'ਚੋਂ ਇੱਕ ਹੁਣ ਬੋਲਿਆ, "ਯੈਸ, ਯੈਸ।" ਨਾਗਰਾਜ ਨੇ ਟਿੱਚਰ ਕਰਦਿਆਂ ਕਿਹਾ, "ਮੰਜੂਨਾਥ ਹੋਰ ਪੀ ਲੈ ਤਾਂ ਪੂਰੀ ਅੰਗਰੇਜ਼ੀ ਬੋਲਣ ਲੱਗੇਗਾ।"

ਹੁਣ ਗੱਲਾਂ ਦੀ ਲੜੀ ਕੁੜੀਆਂ ਵੱਲ ਤੁਰ ਪਈ। ਛੋਟੀ ਜਾਤ ਦੀਆਂ ਸਾਰੀਆਂ ਕੁੜੀਆਂ ਦਾ ਉਹ ਲੇਖਾ-ਜੋਖਾ ਕਰਨ ਲੱਗੇ। ਉਸ ਦੇ ਅਤੇ ਬੇਲੀ ਦੇ ਰਿਸ਼ਤੇ ਦੇ ਬਾਰੇ 'ਚ ਨਾਰਣੱਪੇ ਨੂੰ ਹੀ ਪਤਾ ਸੀ, ਇਸ ਲਈ ਸ੍ਰੀਪਤੀ ਬੜੇ ਧੀਰਜ ਨਾਲ ਉਸ ਦੀਆਂ ਗੱਲਾਂ ਸੁਣਦਾ ਰਿਹਾ। ਚੰਗਾ ਹੈ ਕਿ ਬੇਲੀ ਇਹਨਾਂ ਲੋਕਾਂ ਦੀਆਂ ਨਜ਼ਰਾਂ 'ਚ ਨਹੀਂ ਚੜ੍ਹੀ ਸੀ। ਜੇਕਰ ਚੜ੍ਹ ਜਾਂਦੀ ਤਾਂ ਅਛੂਤ ਸਮਝ ਕੇ ਉਸ ਨੂੰ ਛੋਹਣ 'ਚ ਇਹਨਾਂ ਨੂੰ ਡਰ ਹੁੰਦਾ। ਚਲੋ, ਠੀਕ ਹੀ ਰਿਹਾ।

ਦੂਸਰੀ ਬੋਦਲ ਦਾ ਡੱਟ ਪੱਟਦਿਆਂ ਸ੍ਰੀਪਤੀ ਨੇ ਕਿਹਾ, "ਆਪਣਾ ਦੋਸਤ ਮਰ ਕੇ ਸੜਦਾ ਹੋਇਆ ਉੱਥੇ ਪਿਆ ਹੈ। ਉਸ ਦੇ ਦਾਹ-ਸੰਸਕਾਰ ਦੀ ਫ਼ਿਕਰ ਕਿਸੇ ਨੂੰ ਨਹੀਂ ਹੈ-ਅਤੇ ਇਧਰ ਅਸੀਂ ਕੀ ਕਰ ਰਹੇ ਹਾਂ, ਮੌਜ ਮਸਤੀ ਹੀ ਨਾ ?" ਇਹ ਕਹਿ ਕੇ ਉਹ ਰੋਣ ਲੱਗਿਆ। ਇਸ ਨੂੰ ਰੋਂਦਾ ਦੇਖ ਕੇ ਬਾਕੀ ਮੁੰਡੇ ਵੀ ਰੋਣ ਲੱਗੇ ਅਤੇ ਇੱਕ ਦੂਜੇ ਦੇ ਗਲੇ ਲੱਗਣ ਲੱਗੇ।

ਸ੍ਰੀਪਤੀ ਨੇ ਕਿਹਾ, "ਦੱਸੋ, ਏਥੇ ਕੌਣ ਹੈ ਜੋ ਆਪਣੇ-ਆਪ ਨੂੰ ਮਰਦ ਕਹਿ ਸਕਦਾ ਹੋਵੇ ?"

"ਮੈਂ... ਮੈਂ... ਮੈਂ... ਮੈਂ...।" ਚਾਰਾਂ ਨੇ ਕਿਹਾ ਅਤੇ ਨਾਟਕਾਂ 'ਚ ਤੀਵੀਆਂ ਦੇ ਰੋਲ ਲਿਭਾਉਣ ਵਾਲੇ ਮੰਜੂਨਾਥ ਨੂੰ ਨਾਗਰਾਜ ਨੇ ਕਿਹਾ, "ਤੂੰ ਵੀ ? ਤੂੰ ਤਾਂ ਸਾਡੀ ਨਾਇਕਾ ਹੈਂ। ਤੂੰ ਹਮੇਸ਼ਾ ਤੋਂ ਰਮਾ, ਸ਼ਕੁੰਤਲਾ ਹੈਂ।" ਉਸ ਨੇ ਉਸ ਦੀਆਂ ਗੱਲ੍ਹਾਂ ਨੂੰ ਚੁੰਮਿਆ।

"ਜੇਕਰ ਤੁਸੀਂ ਵਾਕਈ ਮਰਦ ਹੋ ਤਾਂ ਮੈਂ ਇੱਕ ਗੱਲ ਕਹਿੰਦਾ ਹਾਂ। ਗੱਲ ਮੰਨੋਗੇ ਤਾਂ ਕਹਾਂਗਾ ਕਿ ਠੀਕ ਹੀ ਕਹਿੰਦੇ ਸੀ। ਨਾਰਣੱਪਾ ਸਾਡਾ ਜਿਗਰੀ ਯਾਰ ਸੀ। ਬਦਲੇ 'ਚ ਅਸੀਂ ਉਸ ਨੂੰ ਕੀ ਦਿੱਤਾ। ਚਲੋ, ਆਪਾਂ ਚੁੱਪਚਾਪ ਉਸ ਦੀ ਮੁਰਦਾ ਦੇਹ ਫੂਕ ਆਈਏ। ਕੀ ਕਹਿੰਦੇ ਹੋ ? ਉੱਠੋ।"

ਸ੍ਰੀਪਤੀ ਨੇ ਹੌਸਲੇ ਨਾਲ ਸਭ ਦੇ ਗਿਲਾਸ ਸ਼ਰਾਬ ਨਾਲ ਭਰ ਦਿੱਤੇ। ਗਟ-ਗਟ ਪੀ ਕੇ ਫੇਰ ਬਿਨਾ ਕੁਝ ਸੋਚੇ-ਵਿਚਾਰੇ ਟਾਰਚ ਦੀ ਲੋਅ 'ਚ ਲੜਖੜਾਉਂਦੇ ਕਦਮਾਂ ਨਾਲ ਸਾਰੇ ਸ੍ਰੀਪਤੀ ਦੇ ਪਿੱਛੇ ਤੁਰ ਪਏ ਅਤੇ ਨਦੀ ਪਾਰ ਕੀਤੀ। ਰਾਤ ਨੂੰ ਕੋਈ ਆਹਟ ਤੱਕ ਨਾ ਸੁਣਾਈ ਦਿੱਤੀ। ਨਸ਼ਾ ਹੁਣ ਉਹਨਾਂ 'ਤੇ ਹਾਵੀ ਹੋ ਚੁੱਕਿਆ ਸੀ। ਉਹ ਅਗਰਹਾਰ ਆ ਗਏ। ਨਾਰਣੱਪੇ ਦੇ ਘਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਨਿਡਰ ਹੋ ਕੇ ਅੰਦਰ ਚਲੇ ਗਏ। ਨਸ਼ੇ 'ਚ ਟੁੰਨ ਉਹਨਾਂ ਨੂੰ ਮੁਸ਼ਕ ਵੀ ਨਾ ਆਇਆ। ਉਹ ਸਿੱਧੇ ਉੱਪਰ ਚਲੇ ਗਏ। ਕਿੱਥੇ ਹੈ ? ਕਿੱਥੇ ਹੈ ? ਨਾਰਣੱਪੇ ਦੀ ਲਾਸ਼ ਕਿਤੇ ਦਿਖ ਨਹੀਂ ਰਹੀ ਸੀ। ਅਚਾਨਕ ਉਹਨਾਂ ਸਭਨਾਂ ਨੂੰ ਖ਼ਤਰਾ ਦਿਖਾਈ ਦੇਣ ਲੱਗਿਆ।

"ਉਇ ਨਾਰਣੱਪਾ ਭੂਤ ਬਣ ਕੇ ਭੱਜ ਗਿਆ ਹੈ।" ਨਾਗਰਾਜ ਨੇ ਕਿਹਾ। ਉਸ ਦਾ ਇਹ ਕਹਿਣਾ ਸੀ ਕਿ ਸ਼ਰਾਬ ਦੀਆਂ ਬੋਤਲਾਂ ਅਤੇ ਗਿਲਾਸਾਂ ਦੇ ਥੈਲੇ ਉੱਥੇ ਹੀ ਛੱਡ ਕੇ ਪੰਜੇ ਹੀ ਜਵਾਨ ਜਾਨ ਬਚਾ ਕੇ ਭੱਜੇ।

ਨੀਂਦ ਨਾ ਆਉਣ ਦੇ ਕਾਰਨ ਲਕਸ਼ਮੀ ਦੇਵੰਮਾ ਗਲੀ 'ਚ ਗੇੜੇ ਕੱਢ ਰਹੀ ਸੀ। ਉਹਨਾਂ ਨੂੰ ਦੇਖ ਕੇ ਚੀਕੀ, "ਭੂਤ, ਦੇਖੋ, ਦੇਖੋ... ਇਹਨਾਂ ਭੂਤਾਂ ਨੂੰ।" ਫੇਰ ਜ਼ੋਰ ਦੇਣੇ ਉਸ ਨੇ ਵੱਡਾ ਸਾਰਾ ਡਕਾਰ ਮਾਰਿਆ।

3

ਏਨੀ ਰਾਤ ਬੀਤਣ 'ਤੇ ਵੀ ਪ੍ਰਾਣੇਸ਼ਾਚਾਰੀਆ ਜੀ ਨਾ ਮੁੜੇ ਤਾਂ ਪਰੇਸ਼ਾਨ ਪੰਡਤਾਂ ਨੇ ਆਪਣੇ ਘਰਾਂ ਦੇ ਦਰਵਾਜ਼ੇ ਬੰਦ ਕੀਤੇ, ਭਿਆਨਕ ਬਦਬੂ ਤੋਂ ਬਚਣ ਦੇ ਲਈ ਨੱਕ 'ਤੇ ਕੱਪੜਾ ਬੰਨ੍ਹ ਕੇ ਸੌਣ ਦੀ ਕੋਸ਼ਿਸ਼ ਕੀਤੀ। ਨੀਂਦ ਨਹੀਂ ਆਈ। ਭੁੱਖ ਅਤੇ ਡਰ ਦੇ ਮਾਰੇ ਠੰਢੇ ਫਰਸ਼ 'ਤੇ ਉਹ ਪਾਸੇ ਮਾਰਦੇ ਰਹੇ। ਰਾਤ ਦੇ ਹਨੇਰੇ 'ਚ ਕਦਮਾਂ ਦੀ ਆਹਟ ਬਲਦ-ਗੱਡੀ ਦੇ ਪਹੀਆਂ ਦੀ ਆਵਾਜ਼, ਲਕਸ਼ਮੀ ਦੇਵੰਮਾ ਦੀ ਕੁੱਤਿਆਂ ਦੇ ਰੋਣ ਵਾਂਗ ਦੁਹਾਈ ਅਤੇ ਡਕਾਰ-ਜਿਵੇਂ ਕਿਸੇ ਹੋਰ ਦੁਨੀਆ ਤੋਂ ਆਉਂਦੀ ਸੁਣਾਈ ਦੇ ਰਹੇ ਸੀ। ਉਹਨਾਂ ਦੇ ਪ੍ਰਾਣ ਕੰਬ ਰਹੇ ਸਨ, ਅਗਰਹਾਰ ਜਿਵੇਂ ਇੱਕ ਉਜਾੜ, ਸੁੰਨਾ ਜੰਗਲ ਜਿਹਾ ਬਣ ਗਿਆ ਸੀ-ਜਿਵੇਂ ਕਿ ਉਹਨਾਂ ਦੇ ਰਖਵਾਲੇ ਦੇਵਤੇ ਉਹਨਾਂ ਦੀ ਕਿਸਮਤ ਸਹਾਰੇ ਛੱਡ ਕੇ ਚਲੇ ਗਏ ਹੋਣ। ਘਰ-ਘਰ 'ਚ ਬੱਚੇ, ਮਾਂ-ਬਾਪ-ਸਾਰੇ ਡਰ ਦੇ ਮਾਰੇ ਸੁੰਘੜੇ ਇੱਕ-ਦੂਜੇ ਨਾਲ ਚਿੰਬੜੇ, ਹਨੇਰੇ ਵਿਚ ਕੰਬ ਰਹੇ ਸਨ।

ਹਨੇਰਾ ਛਟਣ ਲੱਗਿਆ। ਸੂਰਜ ਦੀਆਂ ਕਿਰਣਾਂ ਛੱਤਾਂ ਦੀਆਂ ਕੜੀਆਂ 'ਚੋਂ ਛਣ ਕੇ



ਅੰਦਰ ਆਈਆਂ ਅਤੇ ਹਨੇਰੇ ਘਰਾਂ 'ਚ ਚਾਨਣ ਦੇ ਛੋਟੇ-ਛੋਟੇ ਘੇਰਿਆਂ ਦੇ ਕਾਰਨ ਹੌਸਲਾ ਹੋਣ ਲੱਗਿਆ। ਹੌਲੀ ਦੇਣੇ ਉੱਠ ਕੇ ਉਹਨਾਂ ਨੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਬਾਹਰ ਦੇਖਿਆ। ਸਾਰੇ ਪਾਸੇ ਸੜਦੀਆਂ ਲਾਸ਼ਾਂ ਨੂੰ ਖਾਣ ਦੇ ਲਈ ਇੱਲ੍ਹਾਂ ਛੱਤਾਂ 'ਤੇ ਆ ਕੇ ਬੈਠਣ ਵਾਲੇ ਕਾਂਵਾਂ ਨੂੰ ਉਡਾ ਕੇ ਜੰਮ ਕੇ ਬੈਠ ਗਈਆਂ ਸਨ। ਉਹਨਾਂ ਨੇ ਰੌਲਾ ਪਾ ਕੇ ਭਜਾਉਣਾ ਚਾਹਿਆ, ਤਾੜੀਆਂ ਵਜਾਈਆਂ, ਪਰ ਉਹ ਟਸ ਤੋਂ ਮਸ ਨਹੀਂ ਹੋਈਆਂ। ਹਾਰ ਕੇ ਉਹ ਫੇਰ ਸ਼ੰਖ ਅਤੇ ਝਾਂਝ ਵਜਾਉਣ ਲੱਗੇ।

ਸਿਰਫ਼ ਦੁਆਦਸ਼ੀ ਵਾਲੇ ਦਿਨ ਸਵੇਰੇ-ਸਵੇਰੇ ਗਾਏ ਜਾਣ ਵਾਲੇ ਮੰਗਲ ਬੋਲ ਅੱਜ ਸੁਣਾਈ ਦੇਣ 'ਤੇ ਪ੍ਰਾਣੇਸ਼ਾਚਾਰੀਏ ਨੇ ਹੈਰਾਨੀ ਨਾਲ ਬਾਹਰ ਆ ਕੇ ਦੇਖਿਆ। ਉਹ ਇੱਕ ਅਜਿਹੀ ਉਲਝਣ ਦੇ ਸ਼ਿਕਾਰ ਸਨ, ਜਿਸ ਤੋਂ ਖਹਿੜਾ ਛੁਡਾਉਣਾ ਮੁਸ਼ਕਿਲ ਸੀ, ਕੀ ਕਰਨ, ਕੀ ਨਾ ਕਰਨ-ਸੋਚਦਿਆਂ, ਬਾਹਰੋਂ ਅੰਦਰ ਅਤੇ ਅੰਦਰੋਂ-ਬਾਹਰ ਉਹ ਗੇੜੇ ਕੱਢਣ ਲੱਗੇ। ਰਸੋਈ 'ਚ ਪਈ ਹੂੰਗਰਾਂ ਮਾਰਦੀ ਘਰਵਾਲੀ ਨੂੰ ਰੋਜ਼ ਦੀ ਤਰ੍ਹਾਂ ਜਦ ਉਹ ਦਵਾਈ ਪਿਆ ਰਹੇ ਸੀ ਤਾਂ ਹੱਥ ਕੰਬ ਗਿਆ ਅਤੇ ਕੁਝ ਦਵਾਈ ਡੁੱਲ੍ਹ ਗਈ। ਨੀਂਦ 'ਚ ਜਦ ਕਦੇ ਦਵਾਈ ਦਿੰਦੇ ਵੇਲੇ ਆਪਣੀ ਬੀਮਾਰ ਘਰਵਾਲੀ ਦੀਆਂ ਦੇ ਕੋਇਆਂ ਦੀ, ਦ੍ਰਿਸ਼ਟੀਹੀਣ, ਬੇਵਸ ਨਜ਼ਰ ਜੋ ਕਿ ਉਹਨਾਂ ਦੇ ਤਿਆਗ, ਬਲੀਦਾਨ ਅਤੇ ਫਰਜ਼ ਦਾ ਪ੍ਰਤੀਕ ਲੱਗੀਆਂ। ਜਦ ਇਹ ਖ਼ਿਆਲ ਜ਼ਿਹਨ 'ਚ ਉਭਰ ਆਉਂਦਾ ਸੀ ਤਾਂ ਉਹਨਾਂ ਦੀਆਂ ਲੱਤਾਂ ਕੰਬਣ ਲਗਦੀਆਂ ਸਨ ਅਤੇ ਉਹਨਾਂ ਨੂੰ ਅਜਿਹਾ ਅਨੁਭਵ ਹੁੰਦਾ ਸੀ ਕਿ ਉਹ ਕਿਸੇ ਡੂੰਘੇ ਖੱਡੇ 'ਚ ਚੱਕਰ ਖਾਂਦੇ ਗਿਰ ਰਹੇ ਹਨ। ਉਹਨਾਂ ਨੂੰ ਲੱਗਿਆ ਕਿ ਜਿਵੇਂ ਪੱਚੀ ਸਾਲ ਬਾਦ ਰੋਗੀ ਅਤੇ ਵੈਦ ਦੇ ਰਿਸ਼ਤੇ ਦੇ ਅਤੇ ਪ੍ਰੇਮ ਅਤੇ ਹਮਦਰਦੀ ਦੇ ਨਾਤੇ ਦੇ ਆਖ਼ੀਰ 'ਤੇ ਹੁਣ ਉਹਨਾਂ ਨੂੰ ਇੱਕ ਖਾਈ ਦਿਖਾਈ ਦੇਣ ਲੱਗੀ ਹੈ। ਜਿਵੇਂ ਉਹਨਾਂ ਨੂੰ ਚੱਕਰ ਆ ਗਿਆ ਹੋਵੇ, ਉਹ ਕੰਬਣ ਲੱਗੇ। ਇਉਂ ਲੱਗਿਆ ਕਿ ਉਹਨਾਂ ਨੂੰ ਘੇਰ ਰਹੀ ਭਾਰੀ ਬਦਬੂ ਦਾ ਇੱਕੋ-ਇੱਕ ਸਾਧਨ ਕਿਤੇ ਇਹਨਾਂ ਵਿਚਾਰਾਂ 'ਚ ਹੈ। ਮਾਂ ਦੇ ਢਿੱਡ ਨਾਲ ਚਿੰਬੜ ਕੇ ਇੱਕ ਟਾਹਣੀ ਤੋਂ ਦੂਜੀ ਟਾਹਣੀ 'ਤੇ ਛਾਲ ਮਾਰਦੇ ਵੇਲੇ ਜਿਵੇਂ ਕਿਸੇ ਬਾਂਦਰ ਦੇ ਬੱਚੇ ਦੀ ਪਕੜ ਛੁਟ ਜਾਵੇ, ਉਹੋ ਹੀ ਹਾਲਤ ਆਪਣੇ ਸੰਸਕਾਰਾਂ ਅਤੇ ਕਰਮਕਾਂਡਾਂ ਤੋਂ ਅਚਾਨਕ ਕਟ ਜਾਣ 'ਤੇ ਪ੍ਰਾਣੇਸ਼ਾਚਾਰੀਏ ਦੀ ਹੋ ਰਹੀ ਸੀ।

ਬੇਜਾਨ ਚੀਜ਼ ਵਾਂਗ ਬਿਸਤਰੇ 'ਤੇ ਪਈ, ਇੱਕ ਗ਼ਰੀਬ ਮੰਗਤੀ ਜਿਹੀ ਬਣੀ ਘਰਵਾਲੀ ਦੀ ਰੱਖਿਆ ਦੇ ਲਈ ਹੀ ਕੀ ਉਹਨਾਂ ਨੇ ਇਸ ਫਰਜ਼, ਇਸ ਧਰਮ ਨੂੰ ਹੁਣ ਤੱਕ ਕਸ ਕੇ ਫੜ ਰੱਖਿਆ ਸੀ ਜਾਂ ਕਿ ਪਿਛਲੇ ਜਨਮ ਦੇ ਕਰਮ ਅਤੇ ਸੰਸਕਾਰਾਂ ਦੀ ਵਜ੍ਹਾ ਨਾਲ ਧਰਮ ਹੀ ਉਂਗਲੀ ਫੜ ਕੇ ਉਹਨਾਂ ਨੂੰ ਇਸ ਰਾਹ 'ਤੇ ਚਲਾਉਂਦਾ ਆਇਆ ਹੈ ? ਉਹ ਕੁਝ ਜਾਨ ਨਹੀਂ ਪਾ ਰਹੇ ਸੀ। ਜਦ ਉਹਨਾਂ ਦਾ ਵਿਆਹ ਹੋਇਆ ਸੀ ਤਾਂ ਉਹ ਸੋਲ੍ਹਾਂ ਸਾਲ ਦੇ ਸੀ ਅਤੇ ਉਹਨਾਂ ਦੀ ਘਰਵਾਲੀ ਬਾਰ੍ਹਾਂ ਸਾਲ ਦੀ। ਸੰਸਾਰ ਦੇ ਮਾਇਆਜਾਲ਼ ਨੂੰ ਤਿਆਗ ਕੇ ਸੰਨਿਆਸੀ ਬਣ ਕੇ ਰਹਿਣ ਅਤੇ ਆਤਮਦਾਨ ਦੀ ਜੀਵਨ ਬਿਤਾਉਣ ਦੀ ਆਪਣੀ ਬਚਪਨ ਤੋਂ ਹੀ ਪੈਦਾ ਹੋਈ ਚੁਣੌਤੀ ਦੇ ਵਾਂਗ ਇੱਛਾ ਦੇ ਕਾਰਨ ਹੀ ਉਹਨਾਂ ਨੇ ਜਾਣਦੇ-ਬੁਝਦੇ ਹੋਏ ਵੀ ਜਮਾਂਦਰੂ ਅਪਾਹਿਜ ਅਤੇ ਬੀਮਾਰ ਇਸ ਔਰਤ ਦੇ ਨਾਲ ਵਿਆਹ ਕਰ ਲਿਆ ਸੀ। ਅਹਿਸਾਨਮੰਦ ਸਹੁਰਿਆਂ 'ਚ ਘਰਵਾਲੀ ਨੂੰ ਛੱਡ ਕੇ ਉਹਨਾਂ ਨੇ ਕਾਸ਼ੀ ਜਾ ਕੇ ਬਹੁਤ ਅਧਿਐਨ ਕੀਤਾ। ਉੱਥੋਂ 'ਵੇਦਾਂਤ-ਸ਼੍ਰੋਮਣੀ' ਦੀ ਉਪਾਧੀ ਪ੍ਰਾਪਤ ਕਰਕੇ ਮੁੜੇ। ਨਿਸ਼ਕਾਮ ਕਰਮਾਂ ਦੇ ਰਾਹੀਂ, ਨਿਰਲੇਪ ਰਹਿੰਦਿਆਂ ਜੀਵਨ ਨਿਰਵਾਹ ਦੀ ਆਪਣੀ ਸਮਰੱਥਾ ਉਹਨਾਂ 'ਚ ਪੈਦਾ ਹੋ ਗਈ ਹੈ ਜਾਂ ਨਹੀਂ, ਇਸ ਦੀ ਕਰੜੀ ਪ੍ਰੀਖਿਆ ਦੇ ਲਈ ਪ੍ਰਭੂ ਨੇ ਜਿਵੇਂ ਘਰ 'ਚ ਹੀ ਇਸ ਰੋਗੀ ਨੂੰ ਉਹਨਾਂ ਦੇ ਹਵਾਲੇ ਕਰ ਰੱਖਿਆ ਸੀ। ਇਸੇ ਭਾਵ ਤੋਂ ਪ੍ਰੇਰਿਤ ਉਹ ਉਸ ਦੀ ਸੇਵਾ-ਭਾਵ 'ਚ ਜੁੜੇ ਰਹੇ। ਉਸ ਦੇ ਲਈ ਆਪ ਰੋਟੀ ਬਣਾਉਂਦੇ, ਆਪਣੇ ਹੱਥੋਂ ਬਣਿਆ ਦਲੀਆ ਖਵਾਉਂਦੇ, ਰੋਜ਼ਾਨਾ ਲਗਨ ਨਾਲ ਪੂਜਾ-ਪਾਠ ਸੰਪੰਨ ਕਰਕੇ, ਰਾਮਾਇਣ, ਮਹਾਂਭਾਰਤ, ਭਾਗਵਤ ਆਦਿ ਪੜ੍ਹਦੇ ਅਤੇ ਹੋਰਾਂ ਪੰਡਤਾਂ ਦੇ

ਲਈ ਉਸ ਦੀ ਵਿਆਖਿਆ ਕਰਦੇ। ਜਿਵੇਂ ਕੋਈ ਕੰਜੂਸ ਇੱਕ-ਇੱਕ ਕੌਡੀ ਤੱਕ ਜੋੜਦਾ ਰਹਿੰਦਾ ਹੈ, ਉਹ ਆਪਣੇ ਤਪ ਅਤੇ ਪੁੰਨਾਂ ਨੂੰ ਜੋੜਦੇ ਰਹਿੰਦੇ। ਇਸ ਮਹੀਨੇ ਗਾਇਤਰੀ ਦਾ ਜਾਪ ਗਿਣ ਕੇ ਇੱਕ ਲੱਖ ਵਾਰ ਕੀਤਾ, ਅਗਲੇ ਮਹੀਨੇ ਇੱਕ ਲੱਖ ਵਾਰ ਇਹ ਜਾਪ ਹੋਰ ਹੋਵੇਗਾ। ਇਉਂ ਤੁਲਸੀ-ਮਾਲਾ ਨੂੰ ਫੇਰਦਿਆਂ ਲੱਖਾਂ-ਕਰੋੜਾਂ ਵਾਰ ਕੀਤੇ ਗਏ ਜਾਪ ਅਤੇ ਤਪ ਦਾ ਉਹ ਹਿਸਾਬ ਰੱਖਦੇ। ਇੱਕ ਵਾਰ ਸਮਾਰਤ ਪੰਡਤ ਨੇ ਆ ਕੇ ਉਹਨਾਂ ਨਾਲ ਬਹਿਸ ਕੀਤੀ। ਸਿਰਫ਼ ਸਾਧੂ-ਸੁਭਾਅ ਨਾਲ ਹੀ ਮੁਕਤੀ ਮਿਲ ਸਕਦੀ ਹੈ, ਇਹ ਮਤ ਦੀ ਨਿਰਾਸ਼ਾ ਦਾ ਰੂਪ ਨਹੀਂ ਹੈ? ਕੀ ਇਸ ਨਾਲ ਮਨੁੱਖੀ ਆਸਾਂ ਨੂੰ ਸੱਟ ਨਹੀਂ ਲਗਦੀ-ਕਿਸੇ ਚੀਜ਼ ਦੀ ਇੱਛਾ ਕਰਨ ਅਤੇ ਉਸ ਨੂੰ ਨਾ ਪਾ ਸਕਣਾ? ਇਸ 'ਤੇ ਆਚਾਰੀਆ ਨੇ ਤਰਕ ਦਿੱਤਾ ਸੀ। ਪਹਿਲਾਂ ਤਾਂ ਤਾਮਸਿਕ ਸੁਭਾਅ ਵਾਲੇ ਲੋਕਾਂ 'ਚ ਮੁਕਤੀ-ਮੋਕਸ਼ ਦੀ ਇੱਛਾ ਹੀ ਨਹੀਂ ਜਾਗਦੀ, ਇਸ ਲਈ ਜਿਸ ਦੀ ਇੱਛਾ ਹੀ ਨਹੀਂ ਹੈ, ਉਸ ਨੂੰ ਨਾ ਪਾਉਣ 'ਤੇ ਨਿਰਾਸ਼ਾ ਕਾਹਦੀ? ਕਿਸੇ ਦੇ ਲਈ ਇਹ ਵੀ ਕਹਿਣਾ ਠੀਕ ਨਹੀਂ ਹੈ ਕਿ ਉਹ ਸਾਤਵਿਕ ਸੁਭਾਅ ਦਾ ਬਣੇਗਾ, ਸਿਰਫ਼ ਇਹੀ ਦਾਅਵਾ ਕੀਤਾ ਜਾ ਸਕਦਾ ਹੈ ਕਿ ਮੈਂ ਸਾਤਵਿਕ ਸੁਭਾਅ ਦਾ ਹਾਂ। ਪ੍ਰਭੂ-ਪ੍ਰਮਾਤਮਾ ਦੀ ਮਿਹਰ ਦੇ ਲਈ ਅਜਿਹੇ ਸੁਭਾਅ ਦੇ ਲੋਕ ਹੀ ਭੁੱਖੇ ਅਤੇ ਲੋਭੀ ਹੁੰਦੇ ਹਨ।

"ਜਨਮ ਤੋਂ ਹੀ ਮੇਰਾ ਸੁਭਾਅ ਸਾਤਵਿਕ ਹੈ। ਇਹ ਰੋਗੀ ਘਰਵਾਲੀ ਮੇਰੇ ਤਿਆਗ ਅਤੇ ਉਤਸਰਗ ਦੀ ਵੇਦੀ ਹੈ।" ਇਹਨਾਂ ਹੀ ਵਿਚਾਰਾਂ ਅਤੇ ਨਿਸ਼ਚੇ ਦੀ ਰਾਹ ਨਾਲ ਉਹ ਮੁਕਤੀ ਮਾਰਗ ਦੇ ਵੱਲ ਵਧ ਰਹੇ ਹਨ। ਨਾਰਣੱਪੇ ਦੀ ਉਹਨਾਂ ਦੇ ਸਾਧੂ ਸੁਭਾਅ ਦੀ ਪ੍ਰੀਖਿਆ ਦਾ ਸਾਧਨ ਬਣ ਗਿਆ ਸੀ। ਹੁਣ ਅਜਿਹਾ ਲੱਗ ਰਿਹਾ ਹੈ ਕਿ ਉਹਨਾਂ ਦੀਆਂ ਸਾਰੀਆਂ ਮਾਨਤਾਵਾਂ ਖਿੰਡ-ਪੁੰਡ ਗਈਆਂ ਹਨ ਅਤੇ ਉਹ ਉੱਥੋਂ ਮੁੜ ਰਹੇ ਹਨ ਜਿੱਥੋਂ ਉਹ ਸੋਲ੍ਹਾਂ ਸਾਲ ਦੀ ਉਮਰ 'ਚ ਤੁਰੇ ਸੀ। ਸਹੀ ਰਾਸਤਾ ਕਿਹੜਾ ਹੈ? ਉਹ ਰਾਸਤਾ ਉੱਥੇ ਹੈ ਜੋ ਉਹਨਾਂ ਨੂੰ ਪਤਾਲ ਵਿਚ ਡਿੱਗਣ ਤੋਂ ਬਚਾਵੇ?

ਘਬਰਾਹਟ ਅਤੇ ਬੇਚੈਨੀ ਵਿਚ ਉਹਨਾਂ ਨੇ ਘਰਵਾਲੀ ਨੂੰ ਬਾਹਾਂ 'ਚ ਚੁੱਕ ਕੇ ਉਠਾਇਆ-ਬਾਹਰ ਗਲੀ 'ਚੋਂ ਆ ਰਹੀ ਛੈਣੇ ਅਤੇ ਸ਼ੰਖ ਦੀਆਂ ਆਵਾਜ਼ ਉਸ ਨੂੰ ਬੇਚੈਨ ਕਰ ਰਹੀਆਂ ਸਨ। ਘਰਵਾਲੀ ਨੂੰ ਨਵਾਉਂਦਿਆਂ ਜਦ ਉਹਨਾਂ ਨੇ ਉਸ ਦੇ ਸਰੀਰ 'ਤੇ ਪਾਣੀ ਪਾਇਆ ਤਾਂ ਉਸ ਦੇ ਸੁੰਘੜੇ, ਸੁੱਕੇ ਮੁੰਮੇ, ਗੋਲ-ਮਟੋਲ ਨੱਕ ਅਤੇ ਉਸ ਦੀ ਛੋਟੀ ਅਤੇ ਰੁੱਖੀ ਜਿਹੀ ਗੁੱਤ ਵੱਲ ਦੇਖਿਆ-ਤਾਂ ਮਨ ਬੈਰਾਗ ਨਾਲ ਭਰ ਗਿਆ। ਸ਼ੰਖ ਅਤੇ ਛੈਣੇ ਵਜਾ ਕੇ ਇੱਲ੍ਹਾਂ ਨੂੰ ਉਡਾਉਣ ਦੀ ਕੋਸ਼ਿਸ਼ 'ਚ ਲੱਗੇ ਪੰਡਤਾਂ ਨੂੰ ਗੁੱਸੇ ਨਾਲ ਰੋਕ ਦੇਣ ਦਾ ਜੀਅ ਕੀਤਾ। ਪਹਿਲੀ ਵਾਰ ਉਹਨਾਂ ਦੀਆਂ ਅੱਖਾਂ 'ਚ ਸੁਹਜ ਅਤੇ ਕੁਹਜ ਦਾ ਭੇਦ ਦਿਖਾਈ ਦੇਣ ਲੱਗਿਆ। ਅੱਜ ਤੱਕ ਉਹਨਾਂ ਨੇ ਕਾਵਿ 'ਚ ਵਰਨਣ ਕੀਤੀ ਸੁੰਦਰਤਾ ਨੂੰ ਆਪ ਆਪਣੇ ਜੀਵਨ 'ਚ ਪ੍ਰਾਪਤ ਕਰਨ ਦੀ ਇੱਛਾ ਨਹੀਂ ਕੀਤੀ ਸੀ। ਦੁਨੀਆ ਦੀ ਸਾਰੀ ਸੁਗੰਧ ਸਿਰਫ਼ ਪ੍ਰਭੂ ਦੀ ਮੂਰਤੀ ਦੇ ਵਾਲਾਂ ਨੂੰ ਸਜਾਉਣ ਵਾਲੇ ਫੁੱਲਾਂ 'ਚ ਹੁੰਦੀ ਹੈ। ਤੀਵੀਆਂ ਦੀ ਸੰਪੂਰਨ ਸੁੰਦਰਤਾ ਨਾਰਾਇਣ ਦੀ ਦਾਸੀ ਅਤੇ ਉਹਨਾਂ ਦੀ ਸੇਵਾ 'ਚ ਲੀਨ ਲਕਸ਼ਮੀ 'ਚ ਕੇਂਦਰਿਤ ਹੈ। ਸਾਰਾ ਪ੍ਰੇਮ-ਸੁੱਖ ਕ੍ਰਿਸ਼ਣ ਦੇ ਲਈ ਹੀ ਹੈ, ਜਦਕਿ ਉਹ ਇਸ਼ਨਾਨ ਕਰ ਰਹੀਆਂ ਔਰਤਾਂ ਦੇ ਕੱਪੜੇ ਚੁਰਾ ਲੈਂਦਾ ਸੀ ਅਤੇ ਪਾਣੀ 'ਚ ਉਹਨਾਂ ਨੂੰ ਨੰਗਾ ਛੱਡ ਦਿੰਦਾ। ਅੱਜ ਇਨ੍ਹਾਂ ਸਭ 'ਚੋਂ ਇੱਕ ਅੰਸ਼ ਆਪਣੇ ਲਈ ਵੀ ਹਾਸਿਲ ਕਰਨ ਦੀ ਇੱਛਾ ਉਹਨਾਂ 'ਚ ਜਾਗੀ। ਘਰਵਾਲੀ ਦੀ ਗਿੱਲੀ ਦੇਹ ਪੂੰਝ ਕੇ ਉਸ ਨੇ ਬਿਸਤਰੇ 'ਤੇ ਲਿਟਾ ਕੇ ਉਹ ਬਾਹਰ ਆ ਗਏ। ਛੈਣੇ ਅਤੇ ਸ਼ੰਖ ਦੀ ਆਵਾਜ਼ ਅਚਾਨਕ ਰੁਕ ਗਈ। ਉਹਨਾਂ ਦੇ ਕੰਨ ਜਿਵੇਂ ਮੌਨ, ਅਥਾਹ ਪਾਣੀ ਦੀ ਗਹਿਰਾਈ 'ਚ ਡੁੱਬਣ ਲੱਗੇ। 'ਮੈਂ' ਏਥੇ ਬਾਹਰ ਕਿਉਂ ਆ ਗਿਆ? ਕੀ ਮੇਰਾ ਜੀ ਚੰਦਰੀ ਨੂੰ ਦੇਖਣ ਨੂੰ ਕਰਦਾ ਹੈ? ਪਰ ਚੰਦਰੀ ਤਾਂ ਏਥੇ ਨਹੀਂ ਹੈ। ਬਿਸਤਰੇ 'ਤੇ ਪਈ ਹੋਈ ਇਹ ਔਰਤ ਅਤੇ ਜੰਗਲ 'ਚ ਮੇਰੇ ਹੱਥੋਂ ਆਪਣੀਆਂ ਛਾਤੀਆਂ ਨੂੰ ਦਬਵਾਉਣ ਵਾਲੀ ਉਹ ਤੀਵੀਂ-ਜੇਕਰ ਦੋਵੇਂ ਮੈਨੂੰ ਛੱਡ ਕੇ ਚਲੀਆਂ ਜਾਣ ਤਾਂ..." ਪਹਿਲੀ ਵਾਰ ਬਹੁਤ ਅੰਦਰੋਂ ਉਹਨਾਂ



ਨੂੰ ਬੇਹੱਦ ਸੁੰਨੇਪਣ ਦਾ, ਅਚਾਨਕ ਬੇਸਹਾਰਾ ਹੋ ਜਾਣ ਦਾ ਅਹਿਸਾਸ ਹੋਇਆ।

ਇੱਲ੍ਹਾਂ ਉਡਾਉਣ 'ਚ ਜਿਹੜੇ ਪੰਡਤ ਹੁਣ ਤੱਕ ਰੁੱਝੇ ਸਨ, ਉਹਨਾਂ ਨੇ ਆਪਣੇ ਮੁਰਦਿਆਂ ਵਰਗੇ ਜ਼ਰਦ ਚਿਹਰਿਆਂ ਨੂੰ ਉੱਪਰ ਚੁੱਕਿਆ ਅਤੇ ਇਕੱਠੇ ਹੋ ਕੇ ਵਰ੍ਹਾਂਡੇ 'ਚ ਆ ਗਏ। ਉਹ ਆਪਣੀ ਸੁਆਲੀਆਂ ਨਜ਼ਰਾਂ ਨਾਲ ਉਹਨਾਂ ਦੇ ਮੂੰਹ ਵੱਲ ਦੇਖਣ ਲੱਗੇ। ਜਦ ਦੇਖਿਆ ਕਿ ਆਚਾਰੀਆ ਝਿਜਕ ਰਹੇ ਹਨ ਅਤੇ ਕਿਸੇ ਤਰ੍ਹਾਂ ਦੀ ਵੀ ਪ੍ਰਤਿਕਿਰਿਆ ਨਹੀਂ ਦਿਖਾ ਰਹੇ ਹਨ ਤਾਂ ਉਹ ਡਰ ਗਏ। ਘਰ ਰਹਿਤ ਬੇਸਹਾਰਿਆਂ ਵਾਂਗ ਰਾਹ ਦਿਖਾਉਣ ਦੇ ਲਈ ਉਹਨਾਂ ਦੇ ਵੱਲ ਦੇਖਦਿਆਂ ਪੰਡਤਾਂ ਦੀਆਂ ਅੱਖਾਂ 'ਚ ਆਚਾਰੀਆ ਜੀ ਨੇ ਆਪਣੀਆਂ ਅੱਖਾਂ ਪਾਈਆਂ-ਉਹਨਾਂ ਪੰਡਤਾਂ ਨੇ ਆਪਣੇ ਪੰਡਤਾਊਪੁਣੇ ਦੀ ਸਾਰੀ ਜ਼ਿੰਮੇਵਾਰੀ ਆਚਾਰੀਏ ਦੇ ਮੋਢਿਆਂ 'ਤੇ ਪਾ ਰੱਖੀ ਸੀ। ਆਚਾਰੀਏ ਨੂੰ ਨਾ ਕਿਸੇ ਕਿਸਮ ਦਾ ਪਛਤਾਵਾ ਹੋਇਆ ਬਲਕਿ ਉਹਨਾਂ ਨੇ ਆਪਣੇ ਮਨ 'ਚ ਇੱਕ ਹੌਲਾਪਣ ਜਿਹਾ ਮਹਿਸੂਸ ਕੀਤਾ, ਜਿਵੇਂ ਕਿ ਉਹਨਾਂ ਨੇ ਆਪਣੀ ਖੋਈ ਹੋਈ ਆਜ਼ਾਦੀ ਹਾਸਿਲ ਕਰ ਲਈ ਹੋਵੇ। ਰਾਹ ਦਸੇਰੇ ਦੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਏ ਹੋਣ ਅਤੇ ਸਭ ਤਰ੍ਹਾਂ ਦੇ ਹੱਕਾਂ ਦੇ ਬੋਝ ਤੋਂ ਖਹਿੜਾ ਛੁਡਾ ਲਿਆ ਹੋਵੇ। "ਮੈਂ ਕਿਹੋ ਜਿਹਾ ਬੰਦਾ ਹਾਂ? ਮੈਂ ਤੁਹਾਡੇ ਵਰਗਾ ਹੀ ਹਾਂ-ਇੱਕ ਅਜਿਹੇ ਅੰਤਕਰਣ ਵਾਲਾ ਬੰਦਾ ਜਿਸ ਨੂੰ ਕਿ ਲਾਲਸਾਵਾਂ ਅਤੇ ਨਫ਼ਰਤ ਤੁਹਾਡੇ ਹੀ ਵਾਂਗ ਉਤੇਜਿਤ ਕਰਦੀ ਹੈ। ਨਿਮਰਤਾ ਅਤੇ ਦੀਨਤਾ ਦਾ ਸ਼ਾਇਦ ਇਹ ਪਹਿਲਾ ਪਾਠ ਮੈਂ ਪੜ੍ਹਿਆ ਹੈ। ਆ, ਚੰਦਰੀ ਆ ਅਤੇ ਇਹਨਾਂ ਲੋਕਾਂ ਨੂੰ ਸਾਰਾ ਕੁਝ ਦੱਸ ਦੇ। ਮੇਰੇ 'ਤੇ ਜੋ ਜ਼ਿੰਮੇਵਾਰੀ ਅਤੇ ਬੰਨ੍ਹਣ ਗੁਰੂ ਜੀ ਨੇ ਪਾ ਰੱਖੇ ਹਨ ਉਹਨਾਂ ਤੋਂ ਮੈਨੂੰ ਭਾਰ-ਮੁਕਤ ਕਰੋ।" ਅੰਦਰੇ-ਅੰਦਰ ਉਹਨਾਂ ਨੇ ਅਜਿਹਾ ਸੋਚਿਆ ਅਤੇ ਚਾਰੇ ਪਾਸੇ ਦੇਖਿਆ। ਨਹੀਂ, ਉਹ ਉੱਥੇ ਨਹੀਂ ਸੀ। ਉਹ ਉੱਥੇ ਕਿਤੇ ਵੀ ਨਹੀਂ ਸੀ। ਉਰਵਸ਼ੀ ਵਾਂਗ ਉਹਨਾਂ ਨੂੰ ਛੱਡ ਕੇ ਉਹ ਜਾ ਚੁੱਕੀ ਸੀ। ਸਪੱਸ਼ਟ ਹੈ ਇਹ ਕਹਿਣ 'ਚ ਉਹਨਾਂ ਨੂੰ ਝਿਜਕ ਹੋ ਰਹੀ ਸੀ ਕਿ ਉਹਨਾਂ ਨੇ ਵੀ ਨਾਰਣੱਪੇ ਦੇ ਵਾਂਗ ਹੀ ਸੁੱਖ ਭੋਗਿਆ ਹੈ। ਉਹਨਾਂ ਦੇ ਹੱਥੋਂ ਮੁੜ੍ਹਕਾ ਚੋਣ ਲੱਗਿਆ ਅਤੇ ਉਹ ਠੰਡੇ ਹੋ ਗਏ। ਆਮ ਆਦਮੀਆਂ ਦੀ ਤਰ੍ਹਾਂ ਉਹਨਾਂ 'ਚ ਪਹਿਲੀ ਵਾਰ ਝੂਠ ਬੋਲਣ ਦੀ, ਚੀਜ਼ਾਂ ਨੂੰ ਲੁਕੋਣ ਦੀ ਅਤੇ ਆਪਣੇ ਹੀ ਹਿਤ ਦੀ ਰੱਖਿਆ ਦੀ ਗੱਲ ਸੋਚਣ ਦੀ ਇੱਛਾ ਜਾਗੀ। ਇਹਨਾਂ ਪੰਡਤਾਂ ਨੇ ਜੋ ਬੇਹੱਦ ਭਰੋਸਾ ਕੀਤਾ ਹੈ, ਉਸ ਨੂੰ ਸੱਟ ਮਾਰਨ ਦਾ ਹੌਸਲਾ ਉਹ ਨਹੀਂ ਕਰ ਪਾ ਰਹੇ ਸਨ। ਇਹ ਸਭ ਕੀ ਹੈ-ਆਪਣੇ 'ਤੇ ਤਰਸ, ਆਪਣੇ ਹਿਤ ਲਈ ਚਿੰਤਨ, ਆਦਤ, ਆਲਸ ਜਾਂ ਕਿ ਸਿਰਫ਼ ਧੋਖੇਬਾਜ਼ੀ? ਹਰ ਰੋਜ਼ ਯਾਦ ਨਾਲ ਅਤੇ ਮਨ ਦੀਆਂ ਡੁਘਾਣਾ ਤੋਂ ਜੋ ਮੰਤਰਾਂ ਦਾ ਪਾਠ ਕਰਿਆ ਕਰਦੇ ਸਨ, ਉਹ ਹੁਣ ਉਹਨਾਂ ਦੇ ਮਨ 'ਚ ਗੂੰਜਣ ਲੱਗਿਆ: ਪਾਪੋਹੰ, ਪਾਕਰਮਾਹੰ, ਪਾਪਾਤਮਾ, ਪਾਪਸੰਭਵ: (ਮੈਂ ਪਾਪ ਹਾਂ, ਮੇਰਾ ਕਰਮ ਪਾਪ ਹੈ, ਮੇਰੀ ਆਤਮਾ ਪਾਪ ਹੈ, ਪਾਪ ਸੰਭਵ ਹੈ।) ਨਹੀਂ, ਨਹੀਂ, ਇਹ ਵੀ ਝੂਠ ਹੈ। ਰੱਟੇ-ਰਟਾਏ ਇਹਨਾਂ ਮੰਤਰਾਂ ਨੂੰ ਭੁੱਲਣਾ ਹੋਵੇਗਾ-ਮਨ ਨੂੰ ਕਿਸੇ ਅਬੋਧ ਬਾਲ-ਮਨ ਦੀ ਤਰ੍ਹਾਂ ਖੁੱਲ੍ਹ ਨਾਲ ਵਿਚਰਨ ਦੇਣਾ ਹੋਵੇਗਾ। ਜਦ ਉਹ ਚੰਦਰੀ ਦੀਆਂ ਛਾਤੀਆਂ ਨੂੰ ਪਲੋਸ ਰਹੇ ਸਨ ਤਾਂ ਉਹਨਾਂ ਨੂੰ 'ਮੈਂ ਪਾਪ ਹਾਂ' ਦੀ ਯਾਦ ਬਿਲਕੁਲ ਨਹੀਂ ਆਈ। ਹੁਣ ਉਹਨਾਂ ਨੂੰ ਖ਼ੁਸ਼ੀ ਹੋਈ ਕਿ ਸ਼ਰਮਿੰਦਾ ਕਰਨ ਦੇ ਲਈ ਚੰਦਰੀ ਉੱਥੇ ਨਹੀਂ ਸੀ। ਜਾਗ ਜਾਣ 'ਤੇ ਪੈਦਾ ਹੋਣ ਵਾਲੀਆਂ ਭਾਵਨਾਵਾਂ ਅਤੇ ਵਿਚਾਰ ਉਹਨਾਂ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਨਾਲੋਂ ਵੱਖਰੇ ਹੁੰਦੇ ਹਨ। ਜਿਨ੍ਹਾਂ ਦਾ ਅਨੁਭਵ ਅਚੇਤਨ ਅਵਸਥਾ 'ਚ ਹੁੰਦਾ ਹੈ। ਹੁਣ ਉਹਨਾਂ ਨੂੰ ਅਹਿਸਾਸ ਹੋਇਆ ਕਿ ਜ਼ਿੰਦਗੀ 'ਚ ਹਮੇਸ਼ਾ ਦੋਹਰਾਪਣ ਹੁੰਦਾ ਹੈ ਹੁਣ ਉਹ ਕਰਮ ਦੇ ਚੱਕਰ 'ਚ ਫਸ ਗਏ ਹਨ। ਇਸ ਦੁਰਦਸ਼ਾ ਤੋਂ ਖਹਿੜਾ ਛੁਡਾਉਣ ਦੇ ਲਈ ਇੱਕ ਵਾਰ ਫੇਰ ਉਹਨਾਂ ਨੇ ਅਚੇਤ ਹੋਣਾ ਹੈ ਅਤੇ ਚੰਦਰੀ ਨੂੰ ਗਲ਼ ਨਾਲ ਲਾਉਣਾ ਹੈ-ਤਦੇ ਉਹ ਆਪਣੀ ਦੁਰਦਸ਼ਾ ਦੇ ਗਿਆਨ 'ਚ ਜਾਗਣਗੇ; ਇਸ ਚੱਕਰ ਤੋਂ ਮੁਕਤੀ ਪਾਉਣ ਦੇ ਲਈ ਇੱਕ ਵਾਰ ਫੇਰ ਚੰਦਰੀ ਦੇ ਕੋਲ ਜਾਣਾ ਜ਼ਰੂਰੀ ਹੈ। ਇਹੀ ਚੱਕਰ ਹੈ-ਕਰਮ ਦਾ ਚੱਕਰ। ਇਹੋ ਲਾਲਸਾਵਾਂ ਭਰਿਆ ਜੀਵਨ ਹੈ। ਜੇਕਰ ਉਹ ਕਰਮ ਅਤੇ ਲਾਲਸਾ

ਦਾ ਤਿਆਗ ਕਰ ਵੀ ਦੇਣ, ਫੇਰ ਵੀ ਕਰਮ ਤੇ ਲਾਲਸਾ ਤਾਂ ਉਹਨਾਂ ਨੂੰ ਨਹੀਂ ਛੱਡ ਰਹੀ ਹੈ। ਸੰਸੇ ਦੇ ਭੰਵਰ 'ਚ ਫਸੇ ਪ੍ਰਾਣੇਸ਼ਾਚਾਰੀਏ ਦੇ ਮੂੰਹੋਂ ਇੱਕ ਵੀ ਸ਼ਬਦ ਨਾ ਨਿਕਲਿਆ; ਬੈਠੇ ਹੋਏ ਪੰਡਤਾਂ ਨੂੰ ਛੱਡ ਕੇ ਉਹ ਆਪਣੇ ਪੂਜਾ ਵਾਲੇ ਕਮਰੇ 'ਚ ਆ ਗਏ। ਰੋਜ਼ ਵਾਂਗ ਉਹਨਾਂ ਨੇ ਪਰਮਾਤਮਾ ਨੂੰ ਬਹੁਤ ਸਾਰੇ ਨਾਵਾਂ ਨਾਲ ਬੁਲਾਇਆ। ਜੇਕਰ ਉਹ ਸੱਚ ਨਹੀਂ ਕਹਿੰਦੇ, ਜੇਕਰ ਸੱਚ ਉਹਨਾਂ ਦੀ ਬੁੱਕਲ 'ਚ ਗਿਰੇ ਹੋਏ ਅੰਗਿਆਰਿਆਂ ਦੀ ਤਰ੍ਹਾਂ ਜਲਦਾ ਰਹਿੰਦਾ ਹੈ ਤਾਂ ਉਹ ਫੇਰ ਕਦੇ ਮਾਰੂਤੀ ਦੇ ਦਰਸ਼ਨ ਨਹੀਂ ਕਰ ਸਕਣਗੇ ਅਤੇ ਨਾ ਹੀ ਆਪਣੀ ਰੋਗੀ ਘਰਵਾਲੀ ਦੀ ਸਾਫ਼ ਦਿਲ ਨਾਲ ਸੇਵਾ ਹੀ ਕਰ ਸਕਣਗੇ; "ਹੇ ਹਨੂਮਾਨ, ਇਸ ਸੰਸੇ 'ਚੋਂ ਮੈਨੂੰ ਬਾਹਰ ਕੱਢੋ। ਕੀ ਚੰਦਰੀ ਆ ਗਈ ਹੈ? ਕੀ ਉਹ ਸਭ ਕੁਝ ਦੱਸ ਦੇਵੇਗੀ?"–ਇਸ ਡਰ ਦੇ ਮਾਰੇ ਉਹ ਬਾਹਰ ਆ ਗਏ। ਪੰਡਤ ਹਾਲੇ ਵੀ ਉਡੀਕ ਰਹੇ ਸਨ। ਘਰਾਂ ਦੇ ਬਨੇਰਿਆਂ 'ਤੇ ਇੱਲ੍ਹਾਂ ਫੇਰ ਆ ਕੇ ਬੈਠ ਗਈਆਂ ਸਨ। ਆਚਾਰੀਏ ਨੇ ਅੱਖਾਂ ਮੀਚ ਲਈਆਂ, ਇੱਕ ਲੰਬਾ ਸਾਹ ਲਿਆ, ਹੌਸਲਾ ਕੀਤਾ। ਪਰ ਉਹਨਾਂ ਦੇ ਮੂੰਹੋਂ ਸਿਰਫ਼ ਇਹੀ ਸ਼ਬਦ ਨਿਕਲੇ, "ਮੈਂ ਭਟਕ ਗਿਆ ਹਾਂ ਅਤੇ ਮੈਂ ਹਾਰ ਗਿਆ ਹਾਂ। ਕਿਸੇ ਵੀ ਹੁਕਮ ਦੇ ਲਈ ਮੈਂ ਹਨੂਮਾਨ ਜੀ ਨੂੰ ਨਹੀਂ ਮਨਾ ਸਕਿਆ। ਮੈਨੂੰ ਕੁਝ ਵੀ ਨਹੀਂ ਪਤਾ। ਤੁਸੀਂ ਉਹੀ ਕਰੋ, ਜੋ ਤੁਹਾਡਾ ਦਿਲ ਠੀਕ ਸਮਝੇ।"

ਪੰਡਤਾਂ ਦੇ ਮੂੰਹ ਟੱਡੇ ਰਹਿ ਗਏ। ਗਰੁੜਾਚਾਰੀਏ ਨੇ ਹੈਰਾਨੀ ਨਾਲ ਕਿਹਾ, "ਨਹੀਂ, ਨਹੀਂ ਇਹ ਸੰਭਵ ਨਹੀਂ ਹੈ।" ਦਾਸਾਚਰੀਏ ਨੇ ਕੱਲ੍ਹ ਰੱਜ ਕੇ ਢਿੱਡ ਭਰਨ ਦੇ ਬਾਦ, ਕਿਉਂਕਿ ਹੁਣ ਉਸ ਦੀ ਜਾਨ 'ਚ ਜਾਨ ਆ ਗਈ ਸੀ, ਕਿਹਾ, "ਤਾਂ ਅਸੀਂ ਕੀ ਕਰੀਏ? ਸਾਨੂੰ ਕੈਮਰ ਦੇ ਅਗਰਹਾਰ 'ਚ ਜਾਣਾ ਚਾਹੀਦਾ ਹੈ, ਉੱਥੋਂ ਸੁੱਬਣਾਚਾਰੀਆ ਜੀ ਤੋਂ ਪੁੱਛ ਲੈਂਦੇ ਹਾਂ। ਮੇਰੇ ਕਹਿਣ ਦਾ ਇਹ ਭਾਵ ਨਹੀਂ ਕਿ ਜੋ ਆਚਾਰੀਆ ਜੀ ਨੂੰ ਨਹੀਂ ਪਤਾ, ਉਹ ਉਸ ਨੂੰ ਪਤਾ ਹੋਵੇਗਾ। ਉਹਨਾਂ ਨੂੰ ਵੀ ਨਾ ਪਤਾ ਹੋਇਆ ਤਾਂ ਉੱਥੋਂ ਸਿੱਧੇ ਮਠ ਵਿਚ ਸਵਾਮੀ ਜੀ ਨੂੰ ਪੁੱਛਾਂਗੇ। ਭੁੱਖੇ ਰਹਿ ਕੇ ਅਤੇ ਲਾਸ਼ ਦੀ ਬਦਬੂ 'ਚ, ਇਸ ਅਗਰਹਾਰ 'ਚ ਕਦ ਤੱਕ ਭਟਕਦੇ ਰਹਾਂਗੇ? ਇਸੇ ਬਹਾਨੇ ਗੁਰੂ ਦੇ ਦਰਸ਼ਨ ਵੀ ਹੋ ਜਾਣਗੇ। ਨਾਲੇ ਤ੍ਰੈਦਸ਼ੀ ਵਾਲੇ ਦਿਨ ਮਠ ਵਿਚ ਪੂਜਾ ਵੀ ਹੈ। ਤੁਹਾਡਾ ਕੀ ਖ਼ਿਆਲ ਹੈ? ਕੈਮਰ ਜਾ ਕੇ ਸਾਨੂੰ ਆਪਣੇ ਅਪਵਿੱਤਰ ਹੋਏ ਜਨੇਊ ਵੀ ਬਦਲ ਲੈਣੇ ਚਾਹੀਦੇ ਹਨ। ਕੀ ਉੱਥੋਂ ਦੇ ਪੰਡਤ ਸਾਨੂੰ ਖਾਣ ਦੇ ਲਈ ਕੁਝ ਨਹੀਂ ਦੇਣਗੇ? ਇਸ ਅਗਰਹਾਰ 'ਚ, ਜਿੱਥੇ ਬਿਨਾ ਦਾਹ-ਸੰਸਕਾਰ ਦੇ ਲਾਸ਼ ਪਈ ਹੈ, ਕਿਸੇ ਤਰ੍ਹਾਂ ਦਾ ਖਾਣਾ ਬਿਲਕੁਲ ਵਰਜਿਤ ਹੈ, ਪਰ ਕੈਮਰ 'ਚ ਤਾਂ ਖਾਣ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਤੁਹਾਡਾ ਕੀ ਖ਼ਿਆਲ ਹੈ?"

ਸਾਡੇ ਪੰਡਤਾਂ ਨੇ 'ਹਾਂ-ਹਾਂ' ਕਹਿ ਕੇ ਹਾਮੀ ਭਰੀ। ਲਕਸ਼ਮਣਾਚਾਰੀਏ ਨੂੰ ਯਾਦ ਆਇਆ, ਕੈਮਰ ਦੇ ਵੈਸ਼ਣਜਾਚਾਰੀਏ ਨੇ ਉਸ ਨੂੰ ਕਿਹਾ ਕਿ ਕੀ ਸੌ ਡੂਨੇ ਅਤੇ ਇੱਕ ਹਜ਼ਾਰ ਪੱਤਲਾਂ ਦੀ ਉਸ ਨੂੰ ਲੋੜ ਹੈ। ਕੈਮਰ ਜਾਂਦਿਆਂ ਉਹ ਇਹਨਾ ਨੂੰ ਨਾਲ ਲੈ ਜਾਣਗੇ। ਗਰੁੜਾਚਾਰੀਏ ਨੂੰ ਵੀ ਗੁਰੂ ਜੀ ਨਾਲ ਕੋਈ ਕੰਮ ਸੀ। ਦਾਸਾਚਾਰੀਏ ਦੇ ਕੈਮਰ ਜਾਣ ਦੇ ਸੁਝਾਅ ਨਾਲ ਪ੍ਰਾਣੇਸ਼ਾਚਾਰੀਏ ਨੂੰ ਵੀ ਸੁੱਖ ਦਾ ਸਾਹ ਮਿਲਿਆ-ਅਚਾਨਕ ਮੋਢਿਆਂ ਤੋਂ ਭਾਰ ਲਹਿ ਜਾਣ ਨਾਲ ਉਹਨਾਂ ਨੂੰ ਲੱਗਿਆ ਜਿਵੇਂ ਥਕੇਵਾਂ ਮਿਟ ਗਿਆ ਹੋਵੇ।

4

ਘਰ ਜਾ ਕੇ ਦੁਰਗਾਭੱਟ ਨੂੰ ਲੱਗਿਆ ਕਿ ਇਹਨਾਂ ਦੋਗਲੇ ਮਾਧਵ ਪੰਡਤਾਂ ਨਾਲ ਰਹਿ ਕੇ ਤਾਂ ਉਹ ਫਸ ਗਿਆ ਸੀ, ਉਹ ਗਿਰਦਾ ਜਾ ਰਿਹਾ ਸੀ-ਇਹ ਸਾਰੇ ਪੰਡਤ ਸਿਰ-ਮੁੰਨੀਆਂ ਰੰਡੀਆਂ ਤੀਵੀਆਂ ਦੇ ਪ੍ਰੇਮੀ ਹਨ। ਉਸ ਨੇ ਬਲ਼ਦ-ਗੱਡੀ ਤਿਆਰ ਕੀਤੀ ਅਤੇ ਆਪਣੀ ਘਰਵਾਲੀ ਅਤੇ ਬੱਚਿਆਂ ਨੂੰ ਲੈ ਕੇ ਆਪਣੇ ਸਹੁਰੇ ਚਲਾ ਗਿਆ। ਉਧਰ ਕੈਮਰ ਜਾਣ ਦੇ ਲਈ ਲਕਸ਼ਮਣਾਚਾਰੀਏ ਨੇ



ਡੂਨੇ ਅਤੇ ਪੱਤਲ ਬੰਨ੍ਹ ਲਏ। ਰਸਤੇ 'ਚ ਖਾਣ ਦੇ ਲਈ ਦਾਸਾਚਾਰੀਏ ਨੇ ਕੁਝ ਮੁਰਮੁਰੇ ਲੈ ਲਏ, ਜਾਣ ਦੇ ਲਈ ਆਪਣੀ ਘਰਵਾਲੀ ਅਤੇ ਬੱਚਿਆਂ ਨੂੰ ਜਗਾਇਆ ਅਤੇ ਲਕਸ਼ਮੀ ਦੇਵੰਮਾ ਨੂੰ ਆਪਣੇ ਰਿਸ਼ਤੇਦਾਰਾਂ ਦੇ ਕੋਲ ਭੇਜ ਦਿੱਤਾ। ਜਦ ਤੱਕ ਕਿ ਸਾਰੇ ਪੰਡਤ ਪ੍ਰਾਣੇਸ਼ਾਚਾਰੀਏ ਦੇ ਸਾਹਮਣੇ ਵਰ੍ਹਾਂਡੇ 'ਚ ਇਕੱਠੇ ਹੁੰਦੇ ਤਾਂ ਉਹਨਾਂ ਦੀ ਘਰਵਾਲੀ ਨੂੰ ਮਾਂਹਵਾਰੀ ਆ ਗਈ ਸੀ। ਆਚਾਰੀਏ ਨੇ ਕਿਹਾ ਕਿ ਹੁਣ ਉਹ ਪੰਡਤਾਂ ਦੇ ਨਾਲ ਨਹੀਂ ਜਾ ਸਕਣਗੇ; ਉਹ ਮੰਜੇ 'ਤੇ ਪਈ ਆਪਣੀ ਬੀਮਾਰ ਘਰਵਾਲੀ ਨੂੰ ਇਕੱਲਾ ਨਹੀਂ ਛੱਡ ਸਕਦੇ। ਇਸ ਨੂੰ ਠੀਕ ਹੀ ਸਮਝਿਆ ਗਿਆ ਅਤੇ ਛੱਤਾਂ 'ਤੇ ਬੈਠੀਆਂ ਇੱਲ੍ਹਾਂ ਦੀ ਪਰਵਾਹ ਨਾ ਕਰਦਿਆਂ ਪੰਡਤ ਛੇਤੀ-ਛੇਤੀ ਕੈਮਰ ਦੇ ਲਈ ਤੁਰ ਪਏ।

ਜਦ ਉਹ ਕੈਮਰ ਪਹੁੰਚੇ, ਦਿਨ ਦੀ ਗਰਮੀ ਸ਼ਾਮ ਦੀ ਠੰਡਕ 'ਚ ਬਦਲ ਚੁੱਕੀ ਸੀ। ਸਭ ਨੇ ਇਸ਼ਨਾਨ ਕੀਤਾ, ਨਵੇਂ ਜਨੇਊ ਪਾਏ, ਮੱਥੇ 'ਤੇ ਟਿੱਕੇ ਲਾਏ ਅਤੇ ਸੁੱਬਣਾਚਾਰੀਏ ਦੇ ਘਰ ਦੇ ਥੜ੍ਹੇ 'ਤੇ ਆ ਕੇ ਬੈਠ ਗਏ। ਆਚਾਰੀਆ ਜੀ ਨੇ ਕਿਹਾ ਕਿ ਪਹਿਲਾਂ ਉਹ ਸਾਰੇ ਰੋਟੀ ਖਾ ਲੈਣ। ਪੰਡਤ ਇਸੇ ਗੱਲ ਦੀ ਉਡੀਕ 'ਚ ਸਨ। ਉਹ ਗਰਮਾ-ਗਰਮ ਚੌਲ ਅਤੇ ਸਾਂਬਰ 'ਤੇ ਟੁੱਟ ਪਏ ਅਤੇ ਆਤਮਾ ਦੀ ਪੂਰੀ ਸੰਤੁਸ਼ਟੀ ਹੋਣ ਤੱਕ ਖਾਂਦੇ ਰਹੇ। ਫੇਰ ਉਹ ਤਸੱਲੀ ਅਤੇ ਖ਼ੁਸ਼ੀ ਨਾਲ ਸੁੱਬਣਾਚਾਰੀਏ ਨੂੰ ਘੇਰ ਕੇ ਬੈਠ ਗਏ। ਸੁੱਬਣਾਚਾਰੀਆ ਇੱਕ ਜੋਤਿਸ਼ੀ ਸੀ-ਉਹਨਾਂ ਦੇ ਲਈ ਇਹ ਜਾਣਨਾ ਬੜਾ ਜ਼ਰੂਰੀ ਸੀ ਕਿ ਨਾਰਣੱਪੇ ਦੀ ਮੌਤ ਦਾ ਸਮਾਂ ਸ਼ੁਭ ਜਾਂ ਅਸ਼ੁਭ ਸੀ-ਤਦੇ ਉਹ ਉਸ ਦੀਆਂ ਆਖ਼ਰੀ ਰਸਮਾਂ ਬਾਰੇ ਫ਼ੈਸਲਾਕੁੰਨ ਰੂਪ ਤੋਂ ਕੁਝ ਕਹਿ ਸਕਦੇ ਸਨ। ਉਹਨਾਂ ਨੇ ਐਨਕ ਲਾਈ, ਪੰਚਾਂਗ ਦੇਖਿਆ, ਕੌਢੀਆਂ ਸੁੱਟੀਆਂ ਅਤੇ ਉਹਨਾਂ ਨੂੰ ਗਿਣਿਆ; ਫੇਰ ਬੋਲੇ, "ਅਸ਼ੁਭ!" ਆਪਣਾ ਸਿਰ ਹਿਲਾਉਂਦਿਆਂ ਉਹਨਾਂ ਨੇ ਕਿਹਾ, "ਜਦ ਪ੍ਰਾਣੇਸ਼ਾਚਾਰੀਆ ਆਪ ਕੋਈ ਸਲਾਹ ਨਹੀਂ ਕੇ ਸਕੇ ਤਾਂ ਮੈਂ ਕਹਿ ਹੀ ਕੀ ਸਕਦਾ ਹਾਂ?" ਇਹ ਸੁਣ ਕੇ ਦਾਸਾਚਾਰੀਏ ਨੂੰ ਖ਼ੁਸ਼ੀ ਹੋਈ। ਜਦ ਸਾਰੇ ਜਣੇ ਉੱਠ ਕੇ ਮਠ ਦੇ ਵੱਲ ਤੁਰ ਪਏ-ਸਭ ਖ਼ੁਸ਼ ਅਤੇ ਹੌਸਲੇ 'ਚ ਸਨ ਕਿ ਮਠ ਪਹੁੰਚ ਕੇ ਉਹਨਾਂ ਨੂੰ 'ਪੂਜਾ' ਦੇ ਪ੍ਰਸਾਦ ਦਾ ਹਿੱਸਾ ਮਿਲ ਸਕੇਗਾ।

ਕੈਮਰ ਦੇ ਲੋਕਾਂ ਨੇ ਉਹਨਾਂ ਨੂੰ ਕਿਹਾ, "ਇਸ ਵੇਲੇ ਹਨੇਰਾ ਹੋ ਚੁੱਕਿਆ ਹੈ। ਤੁਸੀਂ ਰਾਤ ਏਥੇ ਹੀ ਕੱਟੋ ਅਤੇ ਕੱਲ੍ਹ ਨੂੰ ਤੜਕੇ-ਤੜਕੇ ਚਲੇ ਜਾਇਉ।" ਪੰਡਤਾਂ ਨੇ ਉਹਨਾਂ ਦੀ ਮਹਿਮਾਨ-ਨਿਵਾਜ਼ੀ ਮੰਨ ਲਈ। ਪਰ ਸਵੇਰੇ ਜਦ ਉਹ ਉੱਠੇ ਤਾਂ ਦਾਸਾਚਾਰੀਏ ਨੂੰ ਬੁਖ਼ਾਰ ਚੜ੍ਹਿਆ ਹੋਇਆ ਸੀ। ਉਸ ਨੂੰ ਜਗਾਇਆ ਤਾਂ ਉਹ ਬੁਖਾਰ ਦੀ ਘੂਕੀ 'ਚ ਸੀ। ਉਹਨਾਂ ਨੇ ਬਹੁਤ ਜਗਾਇਆ, ਪਰ ਉਹ ਜਾਗਿਆ ਨਹੀਂ।

ਗਰੁੜਾਚਾਰੀਏ ਨੇ ਕਿਹਾ ਕਿ ਸ਼ਾਇਦ ਜ਼ਿਆਦਾ ਖਾ ਲੈਣ ਦੇ ਕਾਰਨ ਉਸ ਨੂੰ ਬਦ-ਹਜ਼ਮੀ ਹੋ ਗਈ ਹੈ। ਉਹਨਾਂ ਪੰਡਤਾਂ ਨੂੰ ਇਸ ਗ਼ਰੀਬ 'ਤੇ ਤਰਸ ਆਇਆ ਕਿ ਉਹ ਪੂਜਾ, ਆਰਤੀ ਦੇ ਭੋਜਨ ਅਤੇ ਚੜ੍ਹਾਵੇ ਤੋਂ ਵਿਰਵਾ ਰਹਿ ਜਾਵੇਗਾ। ਉਹ ਛੇਤੀ-ਛੇਤੀ ਉੱਠੇ, ਨ੍ਹਾਤੇ, ਦਹੀ ਦੇ ਨਾਲ ਚਿਉੜਾ ਖਾਧਾ ਅਤੇ ਰਾਤ ਹੋ ਜਾਣ ਤੋਂ ਪਹਿਲਾਂ ਵੀਹ ਮੀਲ ਪੈਦਲ ਤੁਰ ਕੇ ਅਗਲੇ ਅਗਰਹਾਰ 'ਚ ਪਹੁੰਚ ਗਏ। ਉਸ ਰਾਤ ਉਹ ਉੱਥੇ ਹੀ ਠਹਿਰੇ ਅਤੇ ਖਾਣਾ ਖਾਧਾ ਅਤੇ ਜਦ ਅਗਲੀ ਸਵੇਰੇ ਉੱਠੇ ਤਾਂ ਪਦਮਨਾਭਾਚਾਰੀਏ ਨੂੰ ਕਾਫ਼ੀ ਬੁਖ਼ਾਰ ਸੀ ਅਤੇ ਉਹ ਬਿਸਤਰੇ 'ਚ ਪਿਆ ਸੀ। ਪੰਡਤਾਂ ਨੇ ਸੋਚਿਆ ਏਨੀ ਦੂਰ ਪੈਦਲ ਤੁਰਨ ਦੀ ਥਕਾਵਟ ਕਾਰਨ ਹੀ ਉਸ ਨੂੰ ਬੁਖ਼ਾਰ ਚੜ੍ਹਿਆ ਹੈ। ਉਸ ਨੂੰ ਉੱਥੇ ਹੀ ਛੱਡ ਕੇ ਤੁਰ ਪਏ। ਮਠ ਤੱਕ ਪਹੁੰਚਣ ਦੇ ਲਈ ਹਾਲੇ ਉਹਨਾਂ ਨੂੰ ਦਸ ਮੀਲ ਹੋਰ ਤੁਰਨਾ ਸੀ। ਉਹ ਜਦ ਏਥੇ ਪਹੁੰਚੇ, ਤਦ ਦੁਪਹਿਰ ਦੀ ਪੂਜਾ ਦੇ ਨਗਾਰੇ ਵੱਜ ਰਹੇ ਸਨ।

5

ਅਗਰਹਾਰ 'ਚ ਮਹਾਂਵਾਰੀ ਤੋਂ ਪੀੜਤ ਅਤੇ ਬਿਸਤਰੇ 'ਚ ਬੇਵਸ ਪਈ ਉਹਨਾਂ ਦੀ ਬੀਮਾਰ

ਘਰਵਾਲੀ ਕੁਝ ਕਾਂ ਅਤੇ ਇੱਲ੍ਹਾਂ ਦੇ ਇਲਾਵਾ ਕੋਈ ਹੋਰ ਜੀਵ ਨਜ਼ਰ ਨਹੀਂ ਆ ਰਿਹਾ ਸੀ। ਕਿਤਿਉਂ ਪੂਜਾ-ਪਾਠ ਜਾਂ ਕਰਮ-ਕਾਂਡ ਦੀ ਆਵਾਜ਼ ਵੀ ਨਹੀਂ ਸੁਣਾਈ ਦੇ ਰਹੀ ਸੀ। ਇੱਕ ਡਰਾਉਣੀ ਅਤੇ ਅਸ਼ੁਭ ਚੁੱਪ ਜਿਵੇਂ ਉਸ ਸਾਰੇ ਇਲਾਕੇ 'ਚ ਛਾ ਗਈ ਸੀ। ਸੱਤ ਘਰੇ ਪਰੇ ਇੱਕ ਮੁਰਦਾ ਸੜ ਰਿਹਾ ਸੀ, ਉਸ 'ਚੋਂ ਆ ਰਹੀ ਬਦਬੂ ਜਿਵੇਂ ਸਾਹਾਂ 'ਚ ਵਸਦੀ ਜਾ ਰਹੀ ਸੀ। ਘਰ-ਘਰ ਦੀ ਛੱਤ 'ਤੇ ਇੱਲ੍ਹਾਂ ਬੈਠੀਆਂ ਸਨ ਅਤੇ ਇਹ ਸਭ ਗੱਲਾਂ ਪ੍ਰਾਣੇਸ਼ਾਚਾਰੀਏ ਨੂੰ ਬੇਚੈਨ ਅਤੇ ਦੁਖੀ ਕਰ ਰਹੀਆਂ ਸਨ। ਜਦ ਉਹ ਪੂਜਾ ਦੇ ਕਮਰੇ 'ਚ ਗਏ ਅਤੇ ਦੇਖਿਆ ਕਿ ਅਪਸ਼ਗੁਨ ਦੀ ਤਰ੍ਹਾਂ ਚੱਕਰ ਖਾ ਕੇ ਇੱਕ ਚੂਹਾ ਪਿੱਠ ਪਰਨੇ ਗਿਰਿਆ ਅਤੇ ਉੱਥੇ ਹੀ ਮਰ ਗਿਆ। ਉਹਨਾਂ ਨੂੰ ਬੜੀ ਘਿੰਨ ਆਈ। ਉਹਨਾਂ ਨੇ ਪੂਛ ਤੋਂ ਫੜ ਕੇ ਚੁੱਕਿਆ ਅਤੇ ਇੱਲ੍ਹਾਂ ਮੂਹਰੇ ਸੁੱਟ ਦਿੱਤਾ। ਤਾਪਦੀ ਦੁਪਹਿਰ ਦੇ ਸ਼ਮਸ਼ਾਨ ਵਰਗੀ ਚੁੱਪ-ਚਾਂ ਵਿਚ ਆਸਮਾਨ ਦੇ ਵੱਲ ਉਹ ਆਪਣੀਆਂ ਅੱਖਾਂ ਨਹੀਂ ਚੁੱਕ ਪਾ ਰਹੇ ਸਨ। ਇੱਲ੍ਹਾਂ ਨੂੰ ਉਡਾਉਣ ਦੀ ਨਾਕਾਮ ਕੋਸ਼ਿਸ਼ ਦੇ ਬਾਦ ਉਹ ਘਰ ਦੇ ਅੰਦਰ ਚਲੇ ਗਏ। ਭੁੱਖ ਉਹਨਾਂ ਨੂੰ ਸਤਾ ਰਹੀ ਸੀ ਅਤੇ ਸਹਿ ਨਹੀਂ ਪਾ ਰਹੇ ਸੀ। ਉਹਨਾਂ ਨੇ ਧੋਤੀ ਦੇ ਲੜ ਨਾਲ ਕੁਝ ਕੇਲੇ ਬੰਨ੍ਹ ਲਏ, ਇਸ਼ਨਾਨ ਕੀਤਾ, ਨਦੀ ਪਾਰ ਦੇ ਇੱਕ ਬਿਰਖ਼ ਦੀ ਛਾਂ ਹੇਠ ਬੈਠ ਕੇ ਖਾਣ ਲੱਗੇ। ਉਹਨਾਂ ਦੀ ਭੁੱਖ ਸ਼ਾਂਤ ਹੋ ਗਈ। ਉਹਨਾਂ ਨੂੰ ਯਾਦ ਆਇਆ ਕਿ ਇਸੇ ਤਰ੍ਹਾਂ ਦੇ ਹਨੇਰੇ 'ਚ ਚੰਦਰੀ ਨੇ ਆਪਣੀ ਬੁੱਕਲ 'ਚੋਂ ਕੇਲੇ ਕੱਢ ਕੇ ਖੁਆਏ ਸਨ।

ਕੀ ਉਹਨਾਂ ਨੇ ਰਹਿਮ ਕਰਕੇ ਚੰਦਰੀ ਨੂੰ ਭੋਗਿਆ ਸੀ? ਇਸ 'ਚ ਸ਼ੱਕ ਹੈ। ਉਹ ਤਾਂ ਕਿਸੇ ਚੀਤੇ ਵਾਂਗ ਦਹਾੜਦੀ, ਉਹਨਾਂ ਦੇਹ ਦੀ ਕਾਮੁਕਤਾ ਦੀ ਭਾਵਨਾ ਸੀ, ਜੋ ਰਹਿਮ ਦੇ ਰੂਪ ਵਿਚ ਆਪਣੇ-ਆਪ ਨੂੰ ਪੇਸ਼ ਕਰ ਰਹੀ ਸੀ-ਰਹਿਮ ਅਤੇ ਸੰਵੇਦਨਾ ਦੀਆਂ ਭਾਵਨਾਵਾਂ ਦੇ ਰੂਪ ਵਿਚ-ਜੋ ਹੁਣ ਤੱਕ ਸਦਾਚਾਰ ਦੇ ਬੰਨ੍ਹਾਂ 'ਚ ਬੰਨ੍ਹੀ ਹੋਈ ਬੇਵਸ ਪਈ ਸੀ। ਚੰਦਰੀ ਦੀਆਂ ਛਾਤੀਆਂ ਦੀ ਇੱਕ ਛੋਹ ਨਾਲ ਹੀ ਉਹਨਾਂ ਦੇ ਅੰਦਰਲਾ ਜਾਨਵਰ ਆਪਣੇ ਸੁਭਾਵਿਕ ਅਤੇ ਹਮਲਾਵਰ ਰੂਪ ਦਿਖਾਉਣ ਲੱਗਿਆ। ਉਹਨਾਂ ਨੂੰ ਨਾਰਣੱਪੇ ਦੇ ਸ਼ਬਦ ਯਾਦ ਗਏ, "ਦੇਖੀਏ ਕਿ ਕੌਣ ਜਿੱਤਦਾ ਹੈ, ਤੁਸੀਂ ਜਾਂ ਮੈਂ... ਆਚਾਰੀਆ ਜੀ, ਕਿਸੇ ਮੰਤਸਰਗੰਧਾ ਜਿਹੀ ਖ਼ੁਸ਼ਬੂ ਫੈਲਾਉਣ ਵਾਲੀ ਮਛਿਆਰਨ ਨਾਲ ਚਿੰਬੜ ਕੇ ਸੋਵੋਂ।" ਨਾਰਣੱਪੇ ਨੇ ਇਸ ਸਿਧਾਂਤ ਦੀ ਵੀ ਵਿਆਖਿਆ ਕੀਤੀ ਸੀ ਕਿ ਕਿਵੇਂ ਸਾਡੇ ਸਭ ਕਰਮਾਂ ਦੇ ਨਤੀਜੇ ਉਲਟ ਨਿਕਲਦੇ ਹਨ। ਨਾਰਣੱਪੇ ਦੇ ਕਾਰਨ ਨਹੀਂ, ਪਰ ਉਹਨਾਂ ਦੇ ਕਰਕੇ, ਉਹਨਾਂ ਦੀ ਜ਼ਿੱਦ ਦੇ ਕਰਕੇ, ਉਹਨਾਂ ਦੇ ਕਰਮਾਂ ਦੇ ਕਾਰਨ-ਇਸ ਅਗਰਹਾਰ ਦਾ ਸਾਰਾ ਜੀਵਨ ਉਲਟ ਪੁਲਟ ਗਿਆ। ਉਹਨਾਂ ਨੇ ਸੁਣਿਆ ਸੀ ਕਿ ਇੱਕ ਨੌਜਵਾਨ ਮੁੰਡਾ ਉਹਨਾਂ ਤੋਂ ਸ਼ਕੁੰਤਲਾ ਦੇ ਬਿਰਤਾਂਤ ਨੂੰ ਸੁਣ ਕੇ ਕਿਵੇਂ ਨਦੀ ਦੇ ਕਿਨਾਰੇ ਗਿਆ ਅਤੇ ਉੱਥੇ ਉਸ ਨੇ ਇੱਕ ਛੋਟੀ ਜਾਤ ਦੀ ਕੁੜੀ ਨਾਲ ਸੰਭੋਗ ਕੀਤਾ। ਹੁਣ ਉਸ ਦੀ ਪਛਾਣ ਦੇ ਲਈ ਆਚਾਰੀਏ ਦੀ ਕਲਪਣਾ ਉਹਨਾਂ ਦੇ ਮਨ 'ਚ ਉਹਨਾਂ ਸਭ ਛੋਟੀ ਜਾਤ ਦੀਆਂ ਕੁੜੀਆਂ ਨੂੰ ਖਿੱਚ ਲਿਆਈ ਜਿਨ੍ਹਾਂ ਦੇ ਬਾਰੇ 'ਚ ਉਹਨਾਂ ਨੇ ਪਹਿਲਾਂ ਕਦੇ ਸੋਚਿਆ ਨਹੀਂ ਸੀ, ਕਲਪਣਾ 'ਚ ਹੀ ਆਚਾਰੀਆ ਜੀ ਉਹਨਾਂ ਨੂੰ ਬੇਪਰਦ ਕਰਕੇ ਦੇਖਦੇ ਰਹੇ ਕਿ ਉਹ ਕੌਣ ਸੀ। ਕੌਣ ਹੋ ਸਕਦੀ ਹੈ ਉਹ? ਹਾਂ, ਬੇਲੀ, ਉਹੀ ਬੇਲੀ। ਮਿੱਟੀ ਰੰਗੀਆਂ ਉਸ ਦੀਆਂ ਛਾਤੀਆਂ ਨੂੰ ਯਾਦ ਕਰਕੇ, ਜਿਵੇਂ ਕਿ ਖ਼ਿਆਲਾਂ 'ਚ ਪਹਿਲਾਂ ਕਦੇ ਨਹੀਂ ਹੋਇਆ ਸੀ, ਉਹਨਾਂ ਦੇ ਸਰੀਰ 'ਚ ਉਤੇਜਨਾ ਜਾਗ ਉੱਠੀ। ਉਹਨਾਂ ਨੂੰ ਆਪਣੀ ਇਸ ਕਲਪਣਾ 'ਤੇ ਸ਼ਰਮ ਆਈ। ਨਾਰਣੱਪੇ ਨੇ ਮਜ਼ਾਕ ਕਰਦਿਆਂ ਇੱਕ ਵਾਰ ਕਿਹਾ ਸੀ, "ਆਪਣੇ ਪੰਡਤਾਊਪੁਣੇ ਨੂੰ ਬਚਾਉਣ ਦੇ ਲਈ ਵੇਦ ਅਤੇ ਪੁਰਾਣਾਂ ਨੂੰ ਬਿਨਾਂ ਸਮਝਦਿਆਂ, ਉਹਨਾਂ 'ਚ ਦਰਜ ਭਾਵਨਾਵਾਂ ਦੀ ਉਪੇਖਿਆ ਕਰਦਿਆਂ, ਉਹਨਾਂ ਨੂੰ ਪੜ੍ਹਨਾ ਚਾਹੀਦਾ ਹੈ।" ਉਸ ਦੇ ਰਹਿਮ ਅਤੇ ਦਿਆ 'ਚ ਅਤੇ ਉਸ ਦੀ ਵਿੱਦਿਆ ਅਤੇ ਗਿਆਨ 'ਚ ਕਿਤੇ ਕੋਈ ਇੱਕ ਚੰਗਿਆੜੀ ਲੁਕੀ ਸੀ ਜੋ ਕਿ ਹੋਰਾਂ ਦੀ ਜੜ੍ਹਤਾ ਅਤੇ ਮੂੜ੍ਹਤਾ 'ਚ ਨਹੀਂ ਸੀ। ਹੁਣ ਉਸ ਦੇ ਅੰਦਰਲੇ ਘਰੇਲੂ ਜਾਨਵਰ ਦੀ ਤਰ੍ਹਾਂ ਪਲਿਆ ਹੋਇਆ ਚੀਤਾ ਆਪਣੇ ਦੰਦ ਦਿਖਾਉਂਦਾ ਹੋਇਆ, ਘੁਰਰ-



ਘੁਰਰ ਕਰਦਿਆਂ ਬਾਹਰ ਨਿੱਕਲ ਆਉਣਾ ਚਾਹੁੰਦਾ ਸੀ।

ਇੱਕ ਨਵੇਂ ਅਨੁਭਵ ਦੇ ਲਈ, ਬੇਲੀ ਦੀਆਂ ਛਾਤੀਆਂ ਨੂੰ ਛੋਹਣ ਦੇ ਲਈ ਉਸ ਦੇ ਹੱਥ ਮਚਲਣ ਲੱਗੇ। ਉਹਨਾਂ ਨੂੰ ਲੱਗਿਆ ਕਿ ਉਹਨਾਂ 'ਚ ਹਾਲੇ ਤੱਕ ਜੀਵਨ ਦੀ ਘਾਟ ਸੀ, ਉਹ ਉਹੀ ਕਰਦੇ ਰਹੇ ਸਨ ਜੋ ਸਾਰੇ ਕਰਦੇ ਸਨ। ਉਹਨਾਂ ਹੀ ਪੁਰਾਣੇ ਮੰਤਰਾਂ ਨੂੰ ਦੁਹਰਾਉਂਦੇ ਰਹੇ ਅਤੇ ਕੋਈ ਅਨੁਭਵ ਨਾ ਪ੍ਰਾਪਤ ਕਰ ਸਕੇ। ਅਨੁਭਵ ਦਾ ਅਰਥ ਹੁੰਦਾ ਹੈ ਖ਼ਤਰਾ ਮੁੱਲ ਲੈਣਾ, ਹਮਲਾ ਕਰਨਾ। ਕੋਈ ਅਜਿਹੀ ਗੱਲ ਕਰਨਾ ਜੋ ਪਹਿਲਾਂ ਕਦੇ ਨਾ ਕੀਤੀ ਹੋਵੇ, ਜਿਵੇਂ ਜੰਗਲ ਦੇ ਹਨੇਰੇ 'ਚ ਕਿਸੇ ਨਾਲ ਚਿੰਬੜ ਜਾਣਾ। ਹੁਣ ਤੱਕ ਉਹ ਇਹੀ ਸੋਚਦੇ ਰਹੇ ਸਨ ਕਿ ਮਨ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਨੂੰ ਅਨੁਭਵ ਕਹਿੰਦੇ ਹਨ। ਪਰ ਹੁਣ ਇਉਂ ਲੱਗਣ ਲੱਗਿਆ ਹੈ ਕਿ ਅਨੁਭਵ ਦਾ ਅਰਥ ਹੈ ਕਿ ਅਦ੍ਰਿਸ਼ 'ਚ, ਅਕੱਥ ਸਥਿਤੀ 'ਚ, ਜ਼ਿੰਦਗੀ 'ਚ ਕਿਨ੍ਹਾਂ ਛਾਤੀਆਂ ਦਾ ਅਚਾਨਕ ਛੋਹਿਆ ਜਾਣਾ। ਜਿਵੇਂ ਉਹਨਾਂ ਨੇ ਇੱਕ ਤੀਵੀਂ ਦੇ ਨਾਲ ਗਲਵਕੜੀ ਪਾਈ, ਕੀ ਨਾਰਣੱਪਾ ਉਸੇ ਤਰ੍ਹਾਂ ਹਨੇਰੇ 'ਚ ਅਤੇ ਬਿਨਾ ਕਿਸੇ ਚਾਹਨਾ ਦੇ ਪ੍ਰਭੂ ਦੇ ਚਰਨਾਂ ਨੂੰ ਛੋਹ ਸਕਿਆ ਸੀ? ਮੀਂਹ ਦੇ ਪ੍ਰਤਿਕਿਰਿਆ ਸਰੂਪ ਧਰਤੀ ਵਿਚ ਡਿੱਗਿਆ ਬੀਜ, ਮਿੱਟੀ ਦੀ ਹਲਕੀ ਜਿਹੀ ਦਾਬ ਨਾਲ ਕਰੜੇ ਤੋਂ ਕਰੜਾ ਬੀਜ ਵੀ ਪੁੰਗਰ ਜਾਂਦਾ ਹੈ। ਜੇਕਰ ਕੋਈ ਜ਼ਿੱਦੀ ਹੋਵੇ ਉਸ ਦਾ ਬੀਜ ਸੁੱਕ ਕੇ ਹੋਰ ਵੀ ਸਖ਼ਤ ਹੋ ਜਾਂਦਾ ਹੈ। ਨਾਰਣੱਪਾ ਅਜਿਹਾ ਹੀ ਜ਼ਿੱਦੀ ਬੰਦਾ ਸੀ, ਹੁਣ ਮਰ ਕੇ ਸੜ ਰਿਹਾ ਹੈ। 'ਚੰਦਰੀ' ਦੇ ਮੇਲ ਤੋਂ ਪਹਿਲਾਂ, ਉਹ ਆਪ ਵੀ ਨਾਰਣੱਪੇ ਦੀ ਤਰ੍ਹਾਂ ਜ਼ਿੱਦੀ ਸੀ, ਉਸ ਦੇ ਮਨੋਬਲ ਦੇ ਸਾਹਮਣੇ ਆਪਣਾ ਮਨੋਬਲ ਉਹਨਾਂ ਖੜ੍ਹਾ ਕਰ ਰੱਖਿਆ ਸੀ। ਮੈਂ ਕਾਮ ਵਾਸਨਾਵਾਂ ਨੂੰ ਛੱਡ ਦਿੱਤਾ ਸੀ ਪਰ ਕਾਮ ਵਾਸਨਾਵਾਂ ਨੇ ਮੈਨੂੰ ਨਹੀਂ ਛੱਡਿਆ। ਅਜਿਹਾ ਕਿਉਂ ਸੰਭਵ ਨਹੀਂ ਹੈ ਕਿ ਇੱਛਾ ਦੇ ਬਗ਼ੈਰ ਵੀ ਪਰਮਾਤਮਾ ਨਾਲ ਮੇਲ ਹੋਵੇ?

ਚੰਦਰੀ ਇਸ ਵੇਲੇ ਕਿੱਥੇ ਹੈ? ਮੈਨੂੰ ਕੋਈ ਦੁੱਖ ਨਾ ਹੋਵੇ, ਇਸ ਕਰਕੇ ਨਾਰਣੱਪੇ ਦੀ ਲਾਸ਼ ਕੋਲ ਜਾ ਬੈਠੀ ਹੈ? ਕਿਵੇਂ ਉਹ ਭਿਆਨਕ ਬਦਬੂ ਸਹਿ ਰਹੀ ਹੋਵੇਗੀ? ਉਹਨਾਂ ਨੂੰ ਫ਼ਿਕਰ ਹੋਣ ਲੱਗਿਆ। ਉਹਨਾਂ ਨੇ ਨਦੀ 'ਚ ਚੁੱਬੀ ਮਾਰੀ, ਇਧਰ-ਉਧਰ ਤੈਰਨ ਲੱਗ ਪਏ। ਕਾਸ਼, ਉਹਨਾਂ ਨੇ ਸੋਚਿਆ ਕਿ ਮੈਂ ਏਥੇ ਹੀ ਰਹਿ ਸਕਾਂ, ਹਮੇਸ਼ਾ ਨਦੀ 'ਚ ਤੈਰਦਾ ਰਹਾਂ। ਉਹਨਾਂ ਨੂੰ ਆਪਣੇ ਬਚਪਨ ਦੇ ਦਿਨ ਯਾਦ ਆਏ, ਜਦੋਂ ਉਹ ਆਪਣੀ ਮਾਂ ਤੋਂ ਅੱਖ ਬਚਾ ਕੇ ਨਦੀ ਵੱਲ ਚਲੇ ਜਾਂਦੇ ਸੀ। ਉਹਨਾਂ ਨੂੰ ਹੈਰਾਨੀ ਹੋਈ ਕਿ ਏਨੇ ਸਾਲਾਂ ਬਾਦ ਬਚਪਨ ਦੀਆਂ ਇੱਛਾਵਾਂ ਹੁਣ ਉਹਨਾਂ 'ਚ ਜਾਗ ਰਹੀਆਂ ਹਨ। ਮਾਂ ਨੂੰ ਕੋਈ ਸ਼ੱਕ ਨਾ ਹੋਵੇ, ਇਸ ਲਈ ਤੈਰਨ ਦੇ ਬਾਦ ਉਹ ਰੇਤ 'ਚ ਪਏ ਲਿਟੇ ਰਹਿੰਦੇ ਸੀ ਅਤੇ ਆਪਣੇ ਆਪ ਨੂੰ ਸੁਕਾ ਕੇ ਹੀ ਘਰ ਆਉਂਦੇ ਸਨ। ਕੀ ਸੂਰਜ ਦੀ ਤਪਾਈ ਹੋਈ ਰੇਤ 'ਚ ਠੰਡੇ ਪਾਣੀ 'ਚ ਤੈਰਨ ਦੇ ਬਾਦ ਲਿਟਣ ਦੀ ਬਰਾਬਰੀ ਕਰਨ ਵਾਲਾ ਕੋਈ ਸੁੱਖ ਹੈ? ਮੁੜ ਕੇ ਅਗਰਹਾਰ ਜਾਣ ਲਈ ਉਹਨਾਂ ਦਾ ਜੀ ਨਹੀਂ ਕਰ ਰਿਹਾ ਸੀ। ਉਹ ਨਦੀ 'ਚੋਂ ਨਿਕਲ ਕੇ ਕਿਨਾਰੇ 'ਤੇ ਆ ਗਏ ਖਿੰਡੀ ਰੇਤ 'ਚ ਲਿਟ ਗਏ। ਦੁਪਹਿਰ ਦੀ ਧੁੱਪ 'ਚ ਉਹਨਾਂ ਦਾ ਸਰੀਰ ਛੇਤੀ ਹੀ ਸੁੱਕ ਗਿਆ ਅਤੇ ਪਿੱਠ ਸੜਨ ਲੱਗੀ।

ਉਹਨਾਂ ਨੂੰ ਇੱਕ ਵਿਚਾਰ ਅਚਾਨਕ ਆਇਆ ਅਤੇ ਉੱਠ ਖੜ੍ਹੇ ਹੋਏ। ਕਿਸੇ ਇੱਕ ਅਜਿਹੇ ਪਸ਼ੂ ਦੀ ਤਰ੍ਹਾਂ ਜੋ ਧਰਤੀ ਨੂੰ ਆਪਣੀ ਥੂਥਣ ਨਾਲ ਸੁੰਘ-ਸੁੰਘ ਕੇ ਅੱਗੇ ਜਾਂਦਾ ਹੈ, ਜੰਗਲ 'ਚ ਉਹ ਉਸ ਖਾਸ ਥਾਂ ਦੇ ਵੱਲ ਗਏ ਜਿੱਥੇ ਉਹਨਾਂ ਨੇ ਚੰਦਰੀ ਨੂੰ ਪ੍ਰੇਮ ਕੀਤਾ ਸੀ। ਸਿਖ਼ਰ ਦੁਪਹਿਰੇ ਵੀ ਥੋੜ੍ਹਾ ਹਨੇਰਾ ਸੀ। ਝਾੜੀਆਂ 'ਚ ਤਾਂ ਹਨੇਰਾ ਕਾਫ਼ੀ ਸੰਘਣਾ ਸੀ। ਉਹ ਉਸ ਥਾਵੇਂ ਆ ਕੇ ਖੜ੍ਹ ਗਏ ਜਿੱਥੇ ਉਹਨਾਂ ਦੇ ਜੀਵਨ ਨੇ ਇੱਕ ਨਵਾਂ ਮੋੜ ਲਿਆ ਸੀ। ਹਰੇ ਘਾਹ 'ਤੇ ਉਹਨਾਂ ਦੋਵਾਂ ਸਰੀਰਾਂ ਦੇ ਭਾਰ ਨਾਲ ਬਣੇ ਆਕਾਰ ਹੁਣ ਵੀ ਸਾਫ਼ ਦਿਖਾਈ ਦੇ ਰਹੇ ਸਨ। ਉਹ ਉੱਥੇ ਹੀ ਬੈਠ ਗਏ ਅਤੇ ਬਿਨਾ ਕੁਝ ਸੋਚੇ-ਸਮਝੇ ਉਹਨਾਂ ਨੇ ਘਾਹ ਦੀ ਤਿੜ ਜੜ੍ਹੋਂ ਉਖਾੜੀ ਅਤੇ ਉਸ ਨੂੰ ਸੁੰਘਿਆ। ਮੌਤ ਦੀ ਬਦਬੂ ਨਾਲ ਭਰੇ ਅਗਰਹਾਰ 'ਚੋਂ ਉਹ ਆਏ ਸਨ। ਇਸ ਕੱਚੀ ਮਿੱਟੀ ਨਾਲ ਲਿੱਬੜੀ ਘਾਹ ਦੀਆਂ ਜੜ੍ਹਾਂ ਦੀ ਖ਼ੁਸ਼ਬੂ

ਉਹਨਾਂ ਨੂੰ ਮਸਤ ਕਰਨ ਲੱਗੀ। ਮੁਰਗੇ ਦੀ ਤਰ੍ਹਾਂ ਜ਼ਮੀਨ 'ਚ ਚੁੰਝ ਮਾਰਦਿਆਂ ਅਤੇ ਉਸ ਨੂੰ ਖੁਰਚਦਿਆਂ, ਉਹਨਾਂ ਦੇ ਹੱਥ ਜੋ ਕੁਝ ਵੀ ਆਇਆ ਉਸ ਨੂੰ ਪੁੱਟਿਆ ਅਤੇ ਸੁੰਘਿਆ। ਉਹਨਾਂ ਦੇ ਲਈ ਸਿਰਫ਼ ਇੱਕ ਬਿਰਖ਼ ਦੀ ਠੰਡੀ ਛਾਂ 'ਚ ਬੈਠ ਜਾਣਾ ਆਪਣੇ ਆਪ 'ਚ ਇੱਕ ਠੰਡਕ ਨਾਲ ਘਾਹ 'ਤੇ, ਹਰਿਆਲੀ 'ਤੇ, ਫੁੱਲਾਂ ਦੀ ਖ਼ੁਸ਼ਬੂ 'ਚ, ਕਿਸੇ ਵਿਛੋੜੇ ਦੀ ਪੀੜ 'ਚ, ਧੁੱਪ 'ਚ, ਛਾਂ 'ਚ ਇੱਛਾਵਾਂ ਅਤੇ ਮੁੱਲਾਂ ਤੋਂ ਵੱਖ ਹੋ ਕੇ-ਕਿਸੇ ਵਿਸ਼ੇਸ਼ ਲਗਾਉ ਦੇ ਬਿਨਾਂ-ਜਦ ਕਿਤੇ ਅਦਿਖ 'ਚੋਂ ਆਵਾਜ਼ ਆਉਂਦੀ ਹੈ-'ਏਥੇ'-ਤਾਂ ਬੜੀ ਮਿਹਰਬਾਨੀ ਸਹਿਤ ਉਸ ਦਾ ਸੁਆਗਤ ਕਰਨਾ ਚਾਹੀਦਾ ਹੈ, ਕਾਹਲ 'ਚ ਹੱਥ ਨਹੀਂ ਟੱਡਣਾ, ਉੱਪਰ ਨਹੀਂ ਚੜ੍ਹਨਾ, ਖੋਹ-ਖਿੰਝੀ 'ਚ ਨਹੀਂ ਪੈਣਾ ਚਾਹੀਦਾ। ਚਿਰਾਇਤੇ* ਦੀ ਵੇਲ ਦਾ ਇੱਕ ਛੋਟਾ ਬੂਟਾ ਉਹਨਾਂ ਦੇ ਹੱਥ ਆਇਆ। ਉਹਨਾਂ ਨੇ ਉਸ ਨੂੰ ਪੁੱਟਣ ਦੀ ਕੋਸ਼ਿਸ਼ ਕੀਤੀ। ਵੇਲ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਫ਼ੈਲ ਚੁੱਕੀਆਂ ਸਨ, ਉਹ ਉਸ ਨੂੰ ਪੁੱਟ ਨਾ ਸਕੇ। ਘਾਹ ਦੀਆਂ ਛੋਟੀਆਂ-ਛੋਟੀਆਂ ਜੜ੍ਹਾਂ ਦੀ ਤਰ੍ਹਾਂ, ਜੋ ਧਰਤੀ ਦੇ ਉਪਰਲੇ ਹਿੱਸੇ 'ਚ ਹੀ ਲੱਗੀਆਂ ਹੁੰਦੀਆਂ ਹਨ। ਚਿਰਾਇਤੇ ਦੀ ਵੇਲ ਦੀਆਂ ਜੜ੍ਹਾਂ ਹੇਠਲੀ ਸਖ਼ਤ ਧਰਤੀ ਤੱਕ ਪਹੁੰਚ ਚੁੱਕੀਆਂ ਸਨ। ਉਹ ਬੈਠ ਗਏ ਅਤੇ ਦੋਵੇਂ ਹੱਥਾਂ ਨਾਲ ਵੇਲ ਨੂੰ ਪੁੱਟਣ ਲੱਗੇ। ਲਗਭਗ ਅੱਧੀ ਜੜ੍ਹ ਉਖੜ ਕੇ ਉਹਨਾਂ ਦੇ ਹੱਥ 'ਚ ਆ ਗਈ। ਉਹਨਾਂ ਨੇ ਉਸ ਨੂੰ ਸੁੰਘਿਆ। ਉਸ ਜੜ੍ਹ 'ਚ ਇੱਕ ਖਾਸ ਤਰ੍ਹਾਂ ਦੀ ਗੰਧ ਵਸ ਗਈ ਸੀ ਜੋ ਕਿ ਉੱਥੋਂ ਦੀ ਤਪਸ਼ ਅਤੇ ਠੰਡਕ, ਉੱਥੋਂ ਦੀ ਮਿੱਟੀ ਅਤੇ ਉਪਰਲੇ ਆਸਮਾਨ-ਸਭ ਨੂੰ ਮਿਲਾ ਕੇ ਬਣੀ ਸੀ। ਇਹ ਗੰਧ ਉਹਨਾਂ ਦੇ ਧੁਰ ਅੰਦਰ ਤਕ ਰਚ-ਵਸ ਗਈ। ਇੱਕ ਲੋਭੀ ਬੰਦੇ ਦੀ ਤਰ੍ਹਾਂ ਉਸ ਜੜ੍ਹ ਨੂੰ ਸੁੰਘਦੇ ਹੋਏ ਉਹ ਉੱਥੇ ਬੈਠੇ ਰਹੇ।

ਗੰਧ ਉਹਨਾਂ ਦੀਆਂ ਨਾਸਾਂ 'ਚ ਵਸ ਗਈ। ਇੱਕ ਮਿਠਾਸ ਉਹਨਾਂ ਦੇ ਲਹੂ 'ਚ ਵਗਣ ਲੱਗੀ ਪਰ ਗੰਧ ਦਾ ਉਹ ਅਨੁਭਵ ਛੇਤੀ ਹੀ ਲੋਪ ਹੋ ਗਿਆ ਅਤੇ ਉਹਨਾਂ ਨੂੰ ਅਤ੍ਰਿਪਤ ਛੱਡ ਗਿਆ। ਉਹਨਾਂ ਨੇ ਜੜ੍ਹ ਨੂੰ ਅੱਡ ਰੱਖ ਦਿੱਤਾ, ਜੰਗਲ ਦੀਆਂ ਹੋਰ ਗੰਧਾਂ ਨੂੰ ਸੁੰਘਣ ਲੱਗੇ। ਫੇਰ ਤੋਂ ਉਹਨਾਂ ਨੇ ਚਿਰਾਇਤੇ ਦੀ ਜੜ੍ਹ ਵੱਲ ਮੂੰਹ ਕੀਤਾ ਅਤੇ ਇਉਂ ਲੱਗਿਆ ਜਿਵੇਂ ਫੇਰ ਤੋਂ ਉਹ ਜੜ੍ਹ ਵਿਚ ਤਾਜ਼ਗੀ ਆ ਗਈ ਹੋਵੇ। ਉਹ ਜੰਗਲ 'ਚੋਂ ਬਾਹਰ ਆ ਗਏ ਅਤੇ ਵਿਸ਼ਣੂਕਾਂਤੀ ਦੇ ਫੁੱਲਾਂ ਦੇ ਵੱਲ ਲਗਾਤਾਰ ਦੇਖਦੇ ਰਹੇ-ਛਾਂ 'ਚ ਜੜੀਆਂ ਨੀਲਮਣੀਆਂ ਵਾਂਗ ਉਹ ਲੱਗ ਰਹੇ ਸਨ। ਇੱਕ ਵਾਰ ਫੇਰ ਤੋਂ ਉਹ ਨਦੀ 'ਚ ਉਤਰ ਗਏ ਅਤੇ ਚਾਰੇ-ਪਾਸੇ ਤੈਰਨ ਲੱਗੇ। ਪਾਣੀ 'ਚ ਉਸ ਡੂੰਘਾਈ ਤੱਕ ਜਾ ਕੇ ਖੜ੍ਹੇ ਹੋਏ ਜਿੱਥੇ ਪਾਣੀ ਉਹਨਾਂ ਦੀ ਠੋਡੀ ਨੂੰ ਛੋਂਹਦਾ ਸੀ। ਮੱਛੀਆਂ ਦੇ ਝੁੰਡਾਂ ਦੇ ਝੁੰਡ ਉਹਨਾਂ ਘੇਰ ਰਹੇ ਸਨ ਅਤੇ ਪੈਰਾਂ ਦੀਆਂ ਉਂਗਲਾਂ, ਕੱਛਾਂ 'ਚ, ਪਸਲੀਆਂ 'ਤੇ ਮੱਛੀਆਂ ਦੇ ਛੋਹਣ ਨਾਲ ਉਹਨਾਂ ਨੂੰ ਕੁਤਕੁਤਾੜੀਆਂ ਹੋਈਆਂ। ਕਿਸੇ ਸ਼ਰਾਰਤੀ ਬੱਚੇ ਵਾਂਗ ਚਹਿਕ ਕੇ ਪ੍ਰਾਣੇਸ਼ਾਚਾਰੀਏ ਨੇ ਕਿਹਾ, "ਅਹਾ" ਅਤੇ ਫੇਰ ਨਦੀ 'ਚ ਤੈਰਨ ਲੱਗੇ। ਕੁਝ ਦੇਰ ਬਾਦ ਉਹ ਨਦੀ 'ਚੋਂ ਬਾਹਰ ਨਿਕਲ ਆਏ ਅਤੇ ਸਰੀਰ ਨੂੰ ਸੁਕਾਉਣ ਦੇ ਲਈ ਧੁੱਪੇ ਖੜ੍ਹੇ ਰਹੇ। ਤਦੇ ਉਹਨਾਂ ਨੂੰ ਧਿਆਨ ਆਇਆ ਕਿ ਆਪਣੀ ਘਰਵਾਲੀ ਨੂੰ ਚੌਲਾਂ ਦੀ ਪਿੱਛ ਦੇਣ ਦਾ ਵਕਤ ਹੋ ਗਿਆ ਹੈ ਅਤੇ ਉਹ ਛੇਤੀ-ਛੇਤੀ ਅਗਰਹਾਰ ਆ ਗਏ।

ਜਿਵੇਂ ਹੀ ਉਹਨਾਂ ਨੇ ਫੇਰ ਤੋਂ ਕਾਵਾਂ ਅਤੇ ਇੱਲ੍ਹਾਂ ਦੀਆਂ ਕਤਾਰਾਂ ਨੂੰ ਦੇਖਿਆ ਉਹਨਾਂ ਨੂੰ ਇਉਂ ਲੱਗਿਆ, ਜਿਵੇਂ ਕਿਸੇ ਨੇ ਉਹਨਾਂ ਦੇ ਮੂੰਹ 'ਤੇ ਚਪੇੜ ਮਾਰੀ ਹੋਵੇ। ਘਰੇ ਜਾ ਕੇ ਦੇਖਿਆ ਉਹਨਾਂ ਦੀ ਘਰਵਾਲੀ ਦਾ ਮੂੰਹ ਲਾਲ ਸੁਰਖ ਹੋਇਆ ਪਿਆ ਸੀ। ਉਹਨਾਂ ਨੇ ਉਸ ਨੂੰ ਬੁਲਾਉਂਦਿਆਂ ਕਿਹਾ, "ਇਧਰ ਦੇਖ, ਇਧਰ ਦੇਖ।" ਕੀ ਇਸ ਦਾ ਬੁਖ਼ਾਰ ਵਧ ਗਿਆ ਹੈ? ਮਾਂਹਵਾਰੀ ਆਉਣ ਕਰਕੇ ਇਸ ਅਪਵਿੱਤਰ ਤੀਵੀਂ ਨੂੰ ਮੈਂ ਕਿਵੇਂ ਛੋਹ ਸਕਦਾ ਹਾਂ? ਪਰ ਛੇਤੀ ਹੀ ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਅਤੇ ਬੋਲੇ, "ਦੂਰ ਫਿਟੇ ਮੂੰਹ।" ਉਹਨਾਂ ਨੇ ਆਪਣੀ ਘਰਵਾਲੀ ਦੇ ਮੱਥੇ 'ਤੇ ਹੱਥ ਰੱਖਿਆ ਅਤੇ ਹੱਥ ਨੂੰ ਹੈਰਾਨ ਹੋ ਕੇ ਝਟਕੇ ਨਾਲ ਪਿੱਛੇ ਖਿੱਚਿਆ। ਇਹ ਨਾ ਜਾਣਦਿਆਂ ਵੀ ਹੁਣ ਕੀ ਕਰਨਾ



ਚਾਹੀਦਾ ਹੈ, ਉਹਨਾਂ ਇੱਕ ਗਿੱਲਾ ਕੱਪੜਾ ਘਰਵਾਲੀ ਦੇ ਮੱਥੇ 'ਤੇ ਧਰਿਆ। ਉਸ ਦੇ ਉੱਪਰ ਪਏ ਕੰਬਲ ਨੂੰ ਖਿੱਚਿਆ ਅਤੇ ਪਿੰਡੇ ਨੂੰ ਹੱਥ ਲਾ ਕੇ ਦੇਖਿਆ। ਉਸ ਦੇ ਢਿੱਡ ਦੇ ਹੇਠਲੇ ਹਿੱਸੇ ਵੱਲ ਇੱਕ ਗਿਲਟੀ ਨਿਕਲ ਆਈ ਸੀ। ਕੀ ਇਹ ਉਸੇ ਤਰ੍ਹਾਂ ਦਾ ਬੁਖ਼ਾਰ ਹੈ ਜਿਸ ਨੇ ਨਾਰਣੱਪੇ ਦੀ ਜਾਨ ਲਈ ਸੀ? ਜਿੰਨੀਆਂ ਵੀ ਜੜ੍ਹੀਆਂ-ਬੂਟੀਆਂ ਦਾ ਉਹਨਾਂ ਪਤਾ ਸੀ, ਉਹਨਾਂ ਨੂੰ ਸਿੱਲ 'ਤੇ ਰਗੜਿਆ, ਆਪਣੀ ਘਰਵਾਲੀ ਦਾ ਮੂੰਹ ਖੋਲ੍ਹਿਆ ਅਤੇ ਉਸ 'ਚ ਦਵਾਈ ਪਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਦਵਾਈ ਉਸ ਦੇ ਗਲੇ ਤੋਂ ਹੇਠਾਂ ਨਹੀਂ ਜਾ ਸਕੀ। ਇਹ ਉਹਨਾਂ ਦੀ ਕਿਹੋ ਜਿਹੀ ਨਵੀਂ ਪ੍ਰੀਖਿਆ ਹੈ? ਇਧਰ-ਉਧਰ ਘੁੰਮਦਿਆਂ ਸੋਚਦੇ ਰਹੇ। ਕਾਵਾਂ ਅਤੇ ਇੱਲ੍ਹਾਂ ਦੀਆਂ ਆਵਾਜ਼ਾਂ ਸਹੀਆਂ ਨਹੀਂ ਜਾ ਰਹੀਆਂ ਸਨ। ਬਦਬੂ ਉਹਨਾਂ ਤੋਂ ਬਰਦਾਸ਼ਤ ਨਹੀਂ ਹੋ ਰਹੀ ਸੀ। ਉਹ ਭੱਜ ਕੇ ਘਰ ਦੇ ਪਿਛਵਾੜੇ ਆ ਗਏ। ਉਹ ਏਥੇ ਹਲਕੇ ਹਨੇਰੇ 'ਚ ਪਏ ਰਹੇ। ਸ਼ਾਮ ਹੋ ਗਈ। ਕਾਂ ਅਤੇ ਇੱਲ੍ਹਾਂ ਨੂੰ ਉੱਡ ਕੇ ਜਾਂਦੇ ਦੇਖ ਕੇ ਸੁੱਖ ਦਾ ਸਾਹ ਆਇਆ। ਆਪਣੇ-ਆਪ ਨੂੰ ਕੋਸਦਿਆਂ ਫੇਰ ਘਰ ਦੇ ਅੰਦਰ ਆਏ ਕਿਉਂਕਿ ਆਪਣੀ ਬੀਮਾਰ ਘਰਵਾਲੀ ਨੂੰ ਏਨੀ ਦੇਰ ਤੱਕ ਇਕੱਲੀ ਛੱਡ ਗਏ ਸਨ। ਡਰਦੇ ਹੋਏ ਉਹਨਾਂ ਨੇ ਕੰਦੀਲ ਬਾਲੀ ਅਤੇ ਬੁਲਾਇਆ, "ਜ਼ਰਾ ਇਧਰ ਦੇਖ, ਇਧਰ ਦੇਖ।" ਕੋਈ ਜੁਆਬ ਨਾ ਮਿਲਿਆ। ਅਚਾਨਕ ਉਹਨਾਂ ਨੂੰ ਲੱਗਿਆ ਕਿ ਚੁੱਪ ਬੋਲਣ ਲੱਗੀ ਹੈ। ਅਚਾਨਕ ਉਹਨਾਂ ਦੀ ਘਰਵਾਲੀ ਨੇ ਏਨੀ ਜ਼ੋਰ ਦੀ ਚੀਕ ਮਾਰੀ ਕਿ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਆਚਾਰੀਆ ਜੀ ਕੰਬ ਗਏ। ਚੀਕ ਤੋਂ ਬਾਦ ਜਿਵੇਂ ਆਕਾਸ਼ 'ਚ ਸੰਘਣਾ ਹਨੇਰਾ ਜਿਹਾ ਛਾ ਗਿਆ ਹੋਵੇ। ਏਥੇ ਇਕੱਲੇ ਖੜ੍ਹੇ ਰਹਿਣ ਦਾ ਹੌਸਲਾ ਉਹਨਾਂ 'ਚ ਨਹੀਂ ਰਿਹਾ। ਇਸ ਤੋਂ ਪਹਿਲਾਂ ਕਿ ਸਚੇਤ ਹੋ ਕੇ ਜਾਣ ਸਕਦੇ ਕਿ ਉਹ ਕੀ ਕਰ ਰਹੇ ਹਨ, ਉਹ ਨਾਰਣੱਪੇ ਦੇ ਘਰ ਵੱਲ 'ਚੰਦਰੀ', 'ਚੰਦਰੀ' ਕਹਿੰਦਿਆਂ ਭੱਜੇ। ਪਰ ਉੱਥੋਂ ਵੀ ਕੋਈ ਜੁਆਬ ਨਹੀਂ ਮਿਲਿਆ। ਘੁੱਪ ਹਨੇਰਾ ਸੀ। ਉਹਨਾਂ ਨੇ ਵਿਚਕਾਰਲੇ ਕਮਰੇ 'ਚ ਅਤੇ ਫੇਰ ਰਸੋਈ 'ਚ ਲੱਭਿਆ। ਕੋਈ ਉੱਥੇ ਵੀ ਨਹੀਂ ਸੀ। ਜਿਉਂ ਹੀ ਉਹ ਪੌੜੀਆਂ ਚੜ੍ਹ ਕੇ ਉੱਪਰ ਦੇ ਕਮਰੇ 'ਚ ਜਾਣ ਲੱਗੇ, ਉਹਨਾਂ ਨੂੰ ਧਿਆਨ ਆਇਆ ਕਿ ਉੱਪਰ ਤਾਂ ਲਾਸ਼ ਪਈ ਹੈ। ਅਚਾਨਕ ਇੱਕ ਡਰ ਨੇ ਉਹਨਾਂ ਨੂੰ ਜਕੜ ਲਿਆ, ਉਹ ਜਿਵੇਂ ਬਚਪਨ 'ਚ ਕਿਸੇ ਭੂਤ-ਪ੍ਰੇਤ ਦੇ ਡਰ ਦੇ ਮਾਰੇ ਕਿਸੇ ਹਨੇਰੇ ਕਮਰੇ 'ਚ ਨਹੀਂ ਜਾਂਦੇ ਸਨ, ਭੱਜਦਿਆਂ ਉਹ ਘਰ ਆ ਗਏ। ਉਹਨਾਂ ਨੇ ਆਪਣੀ ਘਰਵਾਲੀ ਦਾ ਮੱਥਾ ਛੋਹਿਆ ਉਹ ਠੰਡਾ ਪੈ ਚੁੱਕਿਆ ਸੀ। ਉਸ ਅੱਧੀ ਰਾਤ ਨੂੰ ਹੱਥ 'ਚ ਇੱਕ ਕੰਦੀਲ ਲਈ ਉਹ ਦੂਜੇ ਅਗਰਹਾਰ ਵੱਲ ਤੁਰ ਪਏ ਅਤੇ ਸੁੱਬਣਾਚਾਰੀਏ ਦੇ ਘਰੇ ਗਏ। ਉਹਨਾਂ ਦੇ ਪਿੱਛੇ-ਪਿੱਛੇ 'ਨਾਰਾਇਣ', 'ਨਾਰਾਇਣ' ਆਖਦਿਆਂ ਚਾਰ ਪੰਡਤ ਆ ਰਹੇ ਸਨ, ਜੋ ਦਾਸਾਚਾਰੀਏ ਦਾ ਦਾਹ-ਸਸਕਾਰ ਕਰਕੇ ਅਤੇ ਸਿਰਾਂ 'ਤੇ ਗਿੱਲੀਆਂ ਧੋਤੀਆਂ ਲਪੇਟੀ ਹਾਲੇ ਆਏ ਹੀ ਸਨ। ਉਹਨਾਂ ਪੰਡਤਾਂ ਨੂੰ ਆਪਣੇ ਨਾਲ ਲੈ ਆਏ ਅਤੇ ਆਪਣੀ ਘਰਵਾਲੀ ਦੀ ਲਾਸ਼ ਨੂੰ ਸ਼ਮਸ਼ਾਨ ਲੈ ਗਏ। ਪੂਰੇ ਕਰਮ-ਕਾਂਡ ਨਾਲ ਉਸ ਦਾ ਦਾਹ-ਸੰਸਕਾਰ ਪਹੁ-ਫਟਣ ਤੋਂ ਪਹਿਲਾਂ ਹੀ ਕਰ ਦਿੱਤਾ। ਜਿਵੇਂ ਕਿ ਉਹ ਆਪ ਹੀ ਬੋਲ ਰਹੇ ਹੋਣ, ਉਹਨਾਂ ਨੇ ਬਹੁਤ ਹੌਲੀ ਜਿਹਾ, "ਅਗਰਹਾਰ 'ਚ ਸੰਸਕਾਰ ਦੀ ਉਡੀਕ 'ਚ ਇੱਕ ਹੋਰ ਲਾਸ਼ ਵੀ ਪਈ ਹੈ ਪਰ ਉਸ ਦੇ ਬਾਰੇ 'ਚ ਫ਼ੈਸਲਾ ਗੁਰੂ ਜੀ ਦੇ ਮਠ 'ਚ ਹੀ ਹੋਵੇਗਾ। ਹੁਣ ਬੇਸ਼ਕ ਤੁਸੀਂ ਜਾ ਸਕਦੇ ਹੋ।"

ਇਹ ਪੰਡਤ ਪ੍ਰਾਣੇਸ਼ਾਚਾਰੀਏ ਨੂੰ ਆਪਣੀ ਘਰਵਾਲੀ ਦੇ ਰਾਖ ਹੁੰਦੇ ਸਰੀਰ ਨੂੰ ਦੇਖਣ ਦੇ ਲਈ ਛੱਡ ਗਏ, ਜੋ ਘਰਵਾਲੀ ਹੱਡੀਆਂ ਦੀ ਮੁੱਠ ਤੋਂ ਵੱਧ ਨਹੀਂ ਸੀ ਅਤੇ ਸਿਰਫ਼ ਉਹਨਾਂ ਦੀ ਜੀਵਨ-ਤਪੱਸਿਆ ਦਾ ਪ੍ਰਤੀਕ ਸੀ ਅਤੇ ਹੁਣ ਉਹ ਹੱਡੀਆਂ ਦੀ ਮੁੱਠ ਭਸਮ ਹੋ ਜਾਣ ਲਈ ਤਿਆਰ ਸੀ। ਉਹਨਾਂ ਨੇ ਹੰਝੂਆਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਉਨੀ ਦੇਰ ਰੋਂਦੇ ਰਹੇ ਜਿੰਨੀ ਦੇਰ ਮਨ ਦਾ ਦੁੱਖ ਹੰਝੂਆਂ ਥਾਣੀਂ ਨਾ ਵਹਿ ਗਿਆ।

6

ਮਠ ਦੀ ਪੂਜਾ ਦਾ ਪ੍ਰੀਤੀ ਭੋਜ ਖ਼ਤਮ ਕਰਨ ਤੱਕ ਕੋਈ ਵੀ ਪੰਡਤ ਮੂੰਹੋਂ ਕੋਈ ਮਾੜੀ ਗੱਲ ਕੱਢਣਾ ਨਹੀਂ ਚਾਹੁੰਦਾ ਸੀ। ਚੁੱਪ ਚਾਪ ਉਹਨਾਂ ਨੇ ਚਰਨਾਮਤ ਲਿਆ ਅਤੇ ਤਰ੍ਹਾਂ-ਤਰ੍ਹਾਂ ਦੇ ਵਿਅੰਜਨ ਕੜਾਹ ਸਮੇਤ ਖਾਧੇ। ਗੁਰੂ ਤੋਂ ਇੱਕ-ਇੱਕ ਆਨਾ ਦੱਖਣਾ ਵੀ ਮਿਲੀ। ਲਕਸ਼ਮਣਾਚਾਰੀਏ ਨੂੰ ਬੜੀ ਨਿਰਾਸ਼ਾ ਹੋਈ, ਅੰਦਰੇ-ਅੰਦਰ ਸੋਚਿਆ ਕਿ ਇਹ ਕੇਹੇ ਕੰਜੂਸ ਸੰਨਿਆਸੀ ਹਨ। ਇੱਕ ਆਨੇ ਦੇ ਸਿੱਕੇ ਨੂੰ ਧੋਤੀ ਦੀ ਲਾਂਗੜ 'ਚ ਬੁੰਨ ਲਿਆ, "ਨਾ ਇਸ ਦੇ ਕੋਈ ਬਾਲ-ਬੱਚੇ ਹਨ ਅਤੇ ਨਾ ਆਰ-ਪਰਿਵਾਰ, ਫੇਰ ਵੀ ਦੇਖੋ ਧਨ-ਦੌਲਤ 'ਤੇ ਕਿਵੇਂ ਕੁੰਡਲੀ ਮਾਰੀ ਬੈਠਾ ਹੈ।" ਪ੍ਰੀਤੀ ਭੋਜ ਦੇ ਬਾਦ ਮਠ ਦੇ ਵਿਹੜੇ 'ਚ ਠੰਡੇ ਫਰਸ਼ 'ਤੇ ਪੰਡਤ ਬੈਠੇ ਅਤੇ ਉਹਨਾਂ ਵਿਚਾਲੇ ਕੁਰਸੀ 'ਤੇ ਆ ਕੇ ਗੁਰੂ ਜੀ ਬੈਠ ਗਏ। ਗੁਰੂ ਜੀ ਨੇ ਭਗਵੇਂ ਕੱਪੜੇ ਪਾਏ ਹੋਏ ਸਨ ਅਤੇ ਗਲ 'ਚ ਤੁਲਸੀ-ਮਾਲਾ ਅਤੇ ਮੱਥੇ 'ਤੇ ਚੰਦਨ ਦਾ ਤਿਲਕ ਲਾਇਆ ਹੋਇਆ ਸੀ। ਇੱਕ ਗੋਲ-ਮਟੋਲ, ਲਾਲ ਗੱਲ੍ਹਾਂ ਵਾਲੀ ਗੁੜੀਆ ਤਰ੍ਹਾਂ ਆਪਣੇ ਛੋਟੇ-ਛੋਟੇ ਪੈਰ ਇੱਕ ਦੂਜੇ ਨਾਲ ਰਗੜਦਿਆਂ ਉਹਨਾਂ ਨੇ ਆਮ ਸੁਆਲਾਂ ਤੋਂ ਸ਼ੁਰੂਆਤ ਕੀਤੀ, "ਪ੍ਰਾਣੇਸ਼ਾਚਾਰੀਆ ਆਪ ਕਿਉਂ ਨਹੀਂ ਆਏ ? ਉਹ ਕਿਵੇਂ ਹਨ ? ਉਹ ਠੀਕ-ਠਾਕ ਤਾਂ ਹਨ ? ਅਸੀਂ ਉਹਨਾਂ ਨੂੰ ਬੁਲਾਇਆ ਸੀ, ਕੀ ਇਹ ਸੂਚਨਾ ਉਹਨਾਂ ਤੱਕ ਨਹੀਂ ਪਹੁੰਚੀ ?"

ਗਲ਼ ਸਾਫ਼ ਕਰਦਿਆਂ ਗਰੁੜਾਚਾਰੀਏ ਨੇ ਸਾਰਾ ਹਾਲ ਸੁਣਾਇਆ।

ਗੁਰੂ ਜੀ ਨੇ ਹਰੇਕ ਗੱਲ ਧਿਆਨ ਨਾਲ ਸੁਣੀ ਅਤੇ ਆਖ਼ਿਰ 'ਚ ਦ੍ਰਿੜ੍ਹਤਾ ਨਾਲ ਕਿਹਾ, "ਭਾਵੇਂ ਨਾਰਣੱਪੇ ਨੇ ਪੰਡਤਾਊਪੁਣੇ ਨੂੰ ਤਿਲਾਂਜਲੀ ਦੇ ਦਿੱਤੀ ਸੀ ਪਰ ਪੰਡਤਾਊਪੁਣੇ ਨੇ ਉਸ ਨੂੰ ਨਹੀਂ ਛੱਡਿਆ ਸੀ। ਇਸ ਦਾ ਅਰਥ ਇਹ ਹੈ ਕਿ ਸਹੀ ਅਤੇ ਪੂਰਨ ਕਰਮ-ਕਾਂਡ ਦੇ ਨਾਲ ਉਸ ਦਾ ਦਾਹ-ਸੰਸਕਾਰ ਕੀਤਾ ਜਾਵੇ ਪਰ ਦੋਸ਼ਾਂ ਦਾ ਦੂਰ ਹੋਣਾ ਵੀ ਜ਼ਰੂਰੀ ਹੈ। ਉਸ ਦੀ ਸਾਰੀ ਜਾਇਦਾਦ ਚਾਂਦੀ ਅਤੇ ਸੋਨੇ ਸਮੇਤ ਇਸ ਮਠ ਨੂੰ, ਭਗਵਾਨ ਕ੍ਰਿਸ਼ਣ ਨੂੰ ਭੇਂਟ ਕਰਨੀ ਹੋਵੇਗੀ।"

ਗਰੁੜ ਨੇ ਕੁਝ ਹੌਸਲਾ ਦਿਖਾਇਆ, ਧੋਤੀ ਨਾਲ ਆਪਣਾ ਮੂੰਹ ਪੂੰਝਿਆ ਅਤੇ ਬੋਲਿਆ, "ਹੇ ਮਹਾਰਾਜ, ਉਸ ਦੇ ਅਤੇ ਮੇਰੇ ਪਿਤਾ ਦੇ ਪੁਰਾਣੇ ਝਗੜੇ ਦੇ ਬਾਰੇ 'ਚ ਤੁਸੀਂ ਜਾਣਦੇ ਹੀ ਹੋ। ਉਸ ਦੇ ਬਗੀਚੇ ਦੇ ਸੁਪਾਰੀ ਦੇ ਤਿੰਨ ਸੌ ਬਿਰਖ਼ ਮੈਨੂੰ ਮਿਲਣੇ ਚਾਹੀਦੇ ਹਨ।"

ਲਕਸ਼ਮਣਾਚਾਰੀਏ ਨੇ ਵਿਚਾਲੇ ਹੀ ਟੋਕ ਕੇ ਕਿਹਾ 'ਅਹਾ', 'ਹੇ ਮਹਾਰਾਜ, ਕੀ ਇਸ ਵਿਸ਼ੇ ਦੇ ਬਾਰੇ 'ਚ ਇਨਸਾਫ਼ ਦੇ ਲਈ ਕੋਈ ਥਾਂ ਨਹੀਂ ਹੈ ? ਜਿਵੇਂ ਕਿ ਤੁਹਾਨੂੰ ਪਤਾ ਹੈ ਨਾਰਣੱਪੇ ਦੀ ਘਰਵਾਲੀ ਅਤੇ ਮੇਰੀ ਘਰਵਾਲੀ-ਦੋਵੇਂ ਸਕੀਆਂ ਭੈਣਾਂ ਸਨ।"

ਗੋਲ ਅਤੇ ਲਾਲ ਮੂੰਹ ਵਾਲੇ ਸਵਾਮੀ ਦੇ ਮੂੰਹ 'ਤੇ ਗੁੱਸਾ ਉਭਰ ਆਇਆ।

"ਕਿਹੋ ਜਿਹੇ ਨੀਚ ਹੋ ਤੁਸੀਂ ਲੋਕ ? ਇਹ ਪਰੰਪਰਾ ਤੋਂ ਚੱਲਿਆ ਆ ਰਿਹਾ ਨਿਯਮ ਹੈ ਕਿ ਸਾਰੀ ਬੇਸਹਾਰਾ ਜਾਇਦਾਦ ਭਗਵਾਨ ਦੀ ਸੇਵਾ 'ਚ ਭੇਂਟ ਕਰ ਦਿੱਤੀ ਜਾਂਦੀ ਹੈ। ਇਸ ਨੂੰ ਕਦੇ ਨਾ ਭੁੱਲਿਓ। ਜੇਕਰ ਅਸੀਂ ਦਾਹ-ਸੰਸਕਾਰ ਦੀ ਆਗਿਆ ਨਾ ਦੇਈਏ ਤਾਂ..." ਉਹਨਾਂ ਨੇ ਗਰਜ ਕੇ ਕਿਹਾ, "ਤੁਹਾਨੂੰ ਸਭ ਨੂੰ ਆਪ ਅਗਰਹਾਰ ਛੱਡ ਕੇ ਚਲੇ ਜਾਣਾ ਪਵੇਗਾ।"

ਦੋਵੇਂ ਪੰਡਤਾਂ ਨੇ ਆਪਣੀ-ਆਪਣੀ ਭੁੱਲ ਦੀ ਮਾਫ਼ੀ ਮੰਗੀ। ਬਾਕੀ ਸਾਰੇ ਪੰਡਤਾਂ ਦੇ ਨਾਲ ਉਹਨਾਂ ਨੇ ਸਵਾਮੀ ਜੀ ਦੰਡਵਤ ਪ੍ਰਣਾਮ ਕੀਤਾ।

ਜਦ ਉਹ ਵਾਪਿਸ ਮੁੜਨ ਲਈ ਉੱਠੇ ਤਾਂ ਉਹਨਾਂ ਨੂੰ ਗਰੁੜਾਚਾਰੀਆ ਕਿਤੇ ਦਿਸਿਆ ਨਹੀਂ। ਦੇਖਿਆ ਕਿ ਮਠ ਦੀ ਅਟਾਰੀ 'ਤੇ ਬੁਖ਼ਾਰ ਨਾਲ ਪਿਆ ਹੈ। ਉਸ ਨੇ ਕੁਝ ਖਾਧਾ ਪੀਤਾ ਵੀ ਨਹੀਂ ਸੀ। ਪੰਡਤਾਂ ਨੂੰ ਛੇਤੀ ਜਾ ਕੇ ਲਾਸ਼ ਦਾ ਦਾਹ-ਸੰਸਕਾਰ ਕਰਨ ਦੀ ਕਾਹਲ ਸੀ। ਗਰੁੜਾਚਾਰੀਏ ਨੂੰ ਉੱਥੇ ਹੀ ਛੱਡ ਕੇ ਸਾਰੇ ਵਾਪਿਸ ਤੁਰ ਪਏ।



ਆਪਣੀ ਘਰਵਾਲੀ ਦੇ ਸੰਸਕਾਰ ਅਤੇ ਬਾਦ ਆਚਾਰੀਆ ਅਗਰਹਾਰ ਨਹੀਂ ਆਏ। ਉਹਨਾਂ ਨੇ ਘਰ ਦੇ ਸੰਦੂਕ 'ਚ ਪਏ ਸੁਨਹਿਰੀ ਗੋਟੇ ਵਾਲੇ ਪੰਦਰਾਂ ਸ਼ਾਲਾਂ ਦੀ ਵੀ ਪਰਵਾਹ ਨਹੀਂ ਕੀਤੀ ਅਤੇ ਨਾ ਹੀ ਦੋ ਸੌ ਰੁਪਏ ਦੀ ਅਤੇ ਨਾ ਹੀ ਮਠ ਦੀ ਦਿੱਤੀ ਸੋਨੇ ਨਾਲ ਮੜ੍ਹੀ ਤੁਲਸੀ ਦੀ ਮਾਲਾ ਲੈ ਆਉਣ ਬਾਰੇ ਕੁਝ ਸੋਚਿਆ।

ਜਿੱਧਰ ਨੂੰ ਪੈਰ ਲੈ ਜਾਣ ਉਧਰ ਨੂੰ ਹੀ ਮੂੰਹ ਕਰਕੇ ਉਹ ਤੁਰਨ ਲੱਗੇ।

## ਭਾਗ ਤੀਜਾ

1

ਸਵੇਰ ਦੇ ਸੂਰਜ ਦੀ ਧੁੱਪ ਸੰਘਣੇ ਜੰਗਲ ਦੇ ਦਰਖ਼ਤਾਂ 'ਚੋਂ ਛਣ ਕੇ ਧਰਤੀ 'ਤੇ ਤਰ੍ਹਾਂ-ਤਰ੍ਹਾਂ ਦੇ ਆਕਾਰ ਬਣਾ ਰਹੀ ਸੀ। ਥੱਕ ਕੇ ਪੈਰ ਘੜੀਸਦਿਆਂ ਪ੍ਰਾਣੇਸ਼ਾਚਾਰੀਏ ਨੇ ਨਾ ਤਾਂ ਦਿਸ਼ਾ ਅਤੇ ਅਤੇ ਨਾ ਹੀ ਉਹ ਥਾਂ ਦੇ ਬਾਰੇ 'ਚ ਸੋਚਿਆ ਜਿਸ ਦੇ ਵੱਲ ਤੁਰੇ ਜਾ ਰਹੇ ਸੀ। ਅਕਸਰ ਇੱਕ ਪਲ ਦੇ ਲਈ ਉਹਨਾਂ ਦੇ ਮਨ 'ਚ ਉਹ ਪਛਤਾਵਾ ਵੀ ਹੋਇਆ ਕਿ ਭਸਮ ਹੋਈ ਰਾਖ ਅਤੇ ਅਧਸੜੀਆਂ ਹੱਡੀਆਂ ਨੂੰ ਚੁੱਕਣ ਦਾ ਧੀਰਜ ਉਹਨਾਂ 'ਚ ਨਹੀਂ ਸੀ, ਤਾਂ ਕਿ ਘਰਵਾਲੀ ਦੇ ਫੁੱਲਾਂ ਨੂੰ ਵਗਦੀ ਹੋਈ ਨਦੀ 'ਚ ਰੋੜ ਦਿੰਦੇ। ਉਹਨਾਂ ਨੂੰ ਉਹ ਦੁਖਦਾਈ ਖ਼ਿਆਲ ਸਤਾਉਣ ਲੱਗਿਆ ਕਿ ਫੁੱਲਾਂ ਨੂੰ ਕੁੱਤੇ ਅਤੇ ਲੂੰਬੜੀਆਂ ਪੈਰਾਂ ਹੇਠ ਮਧੋਲਣਗੇ ਪਰ ਇਹ ਸੋਚ ਕੇ ਉਹਨਾਂ ਨੇ ਆਪਣੇ ਆਪ ਨੂੰ ਤਸੱਲੀ ਦਿੱਤੀ ਕਿ ਉਹ ਬਿਲਕੁਲ ਆਜ਼ਾਦ ਹੋ ਕੇ, ਘਰ ਵਾਰ, ਸਭ ਫਰਜ਼, ਸਭ ਕਰਜ਼ੇ ਆਦਿ ਪਿੱਛੇ ਛੱਡ ਆਏ ਹਨ। ਮੈਂ ਕਿਹਾ ਸੀ ਕਿ ਮੈਂ ਉੱਥੇ ਤੱਕ ਜਾਵਾਂਗਾ ਜਿੱਥੇ ਤੱਕ ਮੇਰੇ ਪੈਰ ਮੈਨੂੰ ਲੈ ਜਾਣਗੇ, ਹੁਣ ਮੈਨੂੰ ਆਪਣੇ ਫ਼ੈਸਲੇ ਦੇ ਅਨੁਸਾਰ ਹੀ ਤੁਰਦੇ ਰਹਿਣਾ ਚਾਹੀਦਾ ਹੈ-ਅਜਿਹਾ ਸੋਚਦਿਆਂ ਮਨ 'ਚ ਇੱਕ ਤਰ੍ਹਾਂ ਦੇ ਸੰਤੁਲਨ ਨੂੰ ਬਣਾ ਕੇ ਉਹ ਤੁਰਦੇ ਰਹੇ। ਇਸ ਤੋਂ ਪਹਿਲਾਂ ਜਦ ਕਦੇ ਉਹਨਾਂ ਦਾ ਮਨ ਬੇਚੈਨ ਹੁੰਦਾ ਸੀ ਤਾਂ ਉਹ ਉਸ ਨੂੰ ਇਕਾਗਰ ਕਰਨ ਦੇ ਲਈ 'ਅਚੁਯਤਾਨੰਤਗੋਵਿੰਦਾ' ਦੇ ਨਾਂ ਦਾ ਪਾਠ ਕਰਦੇ ਸਨ। ਹੁਣ ਵੀ ਇੱਕ ਵਾਰ ਉਵੇਂ ਹੀ ਕਰਨ ਦੀ ਉਹਨਾਂ ਦੀ ਇੱਛਾ ਹੋਈ। ਉਹਨਾਂ ਨੂੰ ਯੋਗ ਦੇ ਪਹਿਲੇ ਸਿਧਾਂਤ ਦੀ ਯਾਦ ਆਈ। "ਯੋਗਿਸ਼ਚਿਤਵਰਿੱਤੀ ਨਿਰੋਧ" ਪਰ ਨਹੀਂ, ਇਹ ਉਹਨਾਂ ਨੇ ਅੰਦਰੇ-ਅੰਦਰ ਕਿਹਾ ਸੰਨਿਆਸ-ਧਰਮ ਨੂੰ ਛੱਡਣਾ ਪਿਆ।

ਮੰਤਰਾਂ ਦਾ ਜਾਪ, ਨਾਮ-ਸਿਮਰਨ ਦੀਆਂ ਝੂਠੀਆਂ ਤਸੱਲੀਆਂ ਨੂੰ ਦੂਰ ਕਰ ਦਿਉ, ਇਕੱਲੇ ਆਪਣੇ ਪੈਰਾਂ 'ਤੇ ਖੜ੍ਹੇ ਰਹੋ। ਮਨ ਨੂੰ ਚਾਨਣ ਅਤੇ ਛਾਂ ਦੇ ਉਹਨਾਂ ਆਕਾਰਾਂ ਦੀ ਤਰ੍ਹਾਂ ਹੋਣ ਦਿਉ ਜੋ ਧੁੱਪ ਦੇ ਬਿਰਖ਼ਾਂ 'ਚੋਂ ਛਣ ਕੇ ਆਉਣ ਨਾਲ ਕੁਦਰਤੀ ਬਣ ਜਾਂਦੇ ਹਨ। ਆਕਾਸ਼ 'ਚ ਰੌਸ਼ਨੀ, ਬਿਰਖ਼ਾਂ ਦੇ ਹੇਠਾਂ ਛਾਂ ਅਤੇ ਧਰਤੀ 'ਤੇ ਆਕਾਰ ! ਜੇਕਰ ਕਿਸਮਤ ਨਾਲ ਮੀਂਹ ਪੈ ਜਾਵੇ ਤਾਂ ਸਤਰੰਗੀ ਪੀਂਘ ਦਾ ਛਲਾਵਾ ਵੀ ਬਣ ਜਾਂਦੀ ਹੈ। ਮਨੁੱਖ ਦਾ ਜੀਵਨ ਇਸੇ ਧੁੱਪ ਵਾਂਗ ਹੋਣਾ ਚਾਹੀਦਾ ਹੈ। ਸਿਰਫ਼ ਇੱਕ ਗਿਆਨ, ਸਿਰਫ਼ ਇੱਕ ਖਰੀ ਹੈਰਾਨੀ-ਨਿਹਚਲ-ਨਿਹਚਲਤਾ 'ਚ ਤੈਰਦਿਆਂ ਅਤੇ ਜਿਵੇਂ ਕੋਈ ਵੱਡੇ, ਪਸਰੇ ਹੋਏ ਖੰਭਾਂ ਵਾਲਾ ਪੰਛੀ ਆਕਾਸ਼ 'ਚ ਤੈਰਦਾ ਹੈ। ਪੈਰ ਤੁਰਦੇ ਹਨ, ਅੱਖਾਂ ਦੇਖਦੀਆਂ ਹਨ, ਕੰਨ ਸੁਣਦੇ ਹਨ-ਕਾਸ਼ ਕਿ ਅਸੀਂ ਬਿਲਕੁਲ ਇੱਛਾਵਾਂ ਤੋਂ ਬਿਨਾਂ ਹੋ ਸਕਦੇ। ਤਦੇ ਹੀ ਜੀਵਨ ਪ੍ਰਾਪਤੀ ਦੀ ਹਾਲਤ 'ਚ ਪਹੁੰਚਦਾ ਹੈ। ਨਹੀਂ ਤਾਂ ਇੱਛਾਵਾਂ ਦੇ ਸਖ਼ਤ ਛਿਲਕੇ 'ਚ ਉਹ ਸੁੱਕ ਜਾਂਦਾ ਹੈ, ਮੁਰਝਾ ਜਾਂਦਾ ਹੈ ਅਤੇ ਯਾਦ ਕਰੇ ਹੋਏ ਹਿਸਾਬ ਦੇ ਪਹਾੜਿਆਂ ਦੇ ਪੁੰਜ ਦੀ ਤਰ੍ਹਾਂ ਹੋ ਜਾਂਦਾ ਹੈ। ਉਹ ਕਣਕ, ਅਨਪੜ੍ਹ ਸੰਤ ਉਸ ਦਾ ਮਨ ਇੱਕ ਆਪੇ ਜਨਮੇ ਗਿਆਨ ਦੀ ਤਰ੍ਹਾਂ ਹੀ ਸੀ, ਇੱਕ ਅਚਰਜ ਦੀ ਤਰ੍ਹਾਂ, ਤਦੇ ਉਹ ਰਿਸ਼ੀ ਬਣ ਸਕਿਆ ਅਤੇ ਇਹ ਸੁਆਲ ਪੁੱਛ ਸਕਿਆ, "ਤੁਸੀਂ ਚਾਹੁੰਦੇ

ਹੋ ਕਿ ਮੈਂ ਉੱਥੇ ਕੇਲੇ ਖਾਵਾਂ ਜਿੱਥੇ ਇੱਕ ਵੀ ਕੇਲਾ ਨਹੀਂ ਹੈ? ਕਿੱਥੇ ਜਾ ਕੇ ਮੈਂ ਅਜਿਹਾ ਕਰ ਸਕਦਾ ਹਾਂ? ਪਰਮਾਤਮਾ ਤਾਂ ਸਾਰੇ ਪਾਸੇ ਹੈ-ਮੈਂ ਕੀ ਕਰਾਂ?" ਪ੍ਰਾਣੇਸ਼ਾਚਾਰੀਏ ਨੇ ਮਨ 'ਚ ਸੋਚਿਆ ਕਿ ਪਰਮਾਤਮਾ ਉਹਨਾਂ ਦੇ ਲਈ ਅੰਕਾਂ ਦੇ ਰੱਟੇ ਹੋਏ ਪਹਾੜਿਆਂ ਦੀ ਤਰ੍ਹਾਂ ਹੋ ਗਿਆ ਹੈ-ਇੱਕ ਸੁਭਾਵਿਕ ਗਿਆਨ ਜਾਂ ਅਚੰਭੇ ਦੇ ਰੂਪ ਵਿਚ, ਜਿਵੇਂ ਕਿ ਉਹ ਕਣਕ ਰਿਸ਼ੀ ਦੇ ਲਈ ਸੀ, ਨਹੀਂ ਰਿਹਾ।

ਇੱਕ ਵਾਰ ਪ੍ਰਭੂ ਨਾਲੋਂ ਨਾਤਾ ਤੋੜ ਲੈਣ ਦੇ ਬਾਦ ਪੁਰਾਣੇ ਸਭ ਰਿਣਾਂ ਤੋਂ-ਗੁਰੂ-ਰਿਣ, ਪਿਤਰੀ ਰਿਣ, ਦੇਵ ਰਿਣ-ਇਹਨਾਂ ਸਭ ਤੋਂ ਖ਼ੁਦ ਨੂੰ ਮੁਕਤ ਮੰਨ ਲੈਣਾ ਚਾਹੀਦਾ ਹੈ ਅਤੇ ਸਭ ਸਮਾਜਿਕ ਬੰਨ੍ਹਣਾਂ ਤੋਂ ਕੱਟ ਕੇ ਰਹਿਣਾ ਚਾਹੀਦਾ ਹੈ। ਇਸ ਲਈ ਇਹ ਫ਼ੈਸਲਾ ਠੀਕ ਅਤੇ ਯੋਗ ਹੈ ਕਿ ਜਿੱਧਰ ਪੈਰ ਲੈ ਚੱਲਣ, ਤੁਰਦੇ ਰਹਿਣਾ ਚਾਹੀਦਾ ਹੈ। ਇਸ ਰਾਹ ਹੀਣ ਜੰਗਲ 'ਚ, ਇਸੇ ਤਰ੍ਹਾਂ ਅੱਗੇ ਤੁਰਦਾ ਰਹਿਣਾ ਚਾਹੀਦਾ ਹੈ।

ਪ੍ਰਾਣੇਸ਼ਾਚਾਰੀਏ ਦੀ ਇਸ ਵਿਚਾਰਧਾਰਾ 'ਚ ਅਚਾਨਕ ਇੱਕ ਰੁਕਾਵਟ ਆਈ ਪਰ ਥਕਾਵਟ, ਭੁੱਖ ਅਤੇ ਪਿਆਸ ਨਾਲ ਬੇਵਸ ਹੋਣ 'ਤੇ...? ਇਉਂ ਲੱਗਿਆ ਕਿ ਉਹ ਇੱਕ ਭੁੱਲ ਭੁਲੱਈਏ ਵਰਗੀ ਗੁਫ਼ਾ 'ਚ ਦਾਖਲ ਹੋ ਰਹੇ ਹਨ। ਭਾਵੇਂ ਇਹੀ ਨਿਸ਼ਚਾ ਕਰਕੇ ਹੀ ਉਹ ਤੁਰੇ ਸੀ ਕਿ ਜਿਧਰ ਪੈਰ ਲੈ ਜਾਣਗੇ, ਉਧਰ ਹੀ ਉਹਨਾਂ ਨੂੰ ਜਾਣਾ ਹੋਵੇਗਾ, ਇਹ ਕਿਵੇਂ ਹੋਇਆ ਕਿ ਉਹ ਪਸ਼ੂਆਂ ਦੇ ਗਲ 'ਚ ਬੰਨ੍ਹੀਆਂ ਲੱਕੜ ਦੀਆਂ ਟੱਲੀਆਂ ਦੀ ਆਵਾਜ਼ ਅਤੇ ਆਜੜੀਆਂ ਵੱਲੋਂ ਛੇੜੀ ਗਈ ਬੰਸਰੀ ਦੇ ਸੁਰਾਂ ਨੂੰ ਸੁਣਦਿਆਂ ਹੀ ਏਨੀ ਦੂਰ ਤੱਕ ਤੁਰੇ ਆਏ ਹਨ? ਫ਼ੈਸਲਾ ਜੋ ਵੀ ਹੋਇਆ ਹੋਵੇ, ਉਹਨਾਂ ਦੇ ਪੈਰ ਮਨੁੱਖਾਂ ਦੀ ਬਸਤੀ ਦੇ ਨੇੜੇ ਹੀ ਉਹਨਾਂ ਨੂੰ ਖਿੱਚ ਲਿਆਏ ਹਨ। ਇਹੋ ਉਹਨਾਂ ਦੇ ਸੰਸਾਰ ਦੀ, ਉਹਨਾਂ ਦੀ ਆਜ਼ਾਦੀ ਦੀ-ਇਹੋ ਹੱਦ ਹੈ। ਸਪੱਸ਼ਟ ਹੈ ਕਿ ਉਹਨਾਂ ਦੇ ਲਈ ਮਨੁੱਖੀ-ਮੇਲ ਤੋਂ ਬਿਨਾਂ ਰਹਿਣਾ ਔਖਾ ਹੈ। ਲੋਕ-ਕਥਾਵਾਂ 'ਚ ਲੀਨ ਸੰਨਿਆਸੀ ਦੀ ਲੰਗੋਟੀ ਦੀ ਤਰ੍ਹਾਂ ਹੀ...। ਲੰਗੋਟੀ ਨੂੰ ਚੂਹਾ ਨਾ ਕਤਰੇ ਤਾਂ ਇੱਕ ਬਿੱਲੀ ਨੂੰ ਪਾਲਣਾ ਪਿਆ। ਬਿੱਲੀ ਦੇ ਦੁੱਧ ਲਈ ਗਾਂ ਰੱਖਣੀ ਪਈ। ਗਾਂ ਦੀ ਰਾਖੀ ਦੇ ਲਈ ਤੀਵੀਂ ਦੀ ਲੋੜ ਮਹਿਸੂਸ ਹੋਈ ਅਤੇ ਵਿਆਹ ਕਰਾ ਲਿਆ। ਇਸ ਚੱਕਰ 'ਚ ਸੰਨਿਆਸ-ਧਰਮ ਨੂੰ ਛੱਡਣਾ ਪਿਆ।

ਪ੍ਰਾਣੇਸ਼ਾਚਾਰੀਆ ਇੱਕ ਕਟਹਲ ਦੇ ਬਿਰਖ਼ ਹੇਠ ਬੈਠ ਗਏ। "ਇਸ ਸਾਰੀ ਸਮੱਸਿਆ ਨੂੰ ਮੈਨੂੰ ਪੂਰੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਭਵਿੱਖ ਵਿਚ ਮੇਰਾ ਵਿਹਾਰ ਵੱਖਰਾ ਹੋਵੇਗਾ ਅਤੇ ਆਪਣੇ-ਆਪ ਨੂੰ ਲੇਸ ਮਾਤਰ ਵੀ ਧੋਖਾ ਦੇਣ ਦੀ ਗੁੰਜਾਇਸ਼ ਨਹੀਂ ਹੈ। ਪਤਨੀ ਦੇ ਦਾਹ-ਸੰਸਕਾਰ ਦੇ ਤੁਰੰਤ ਬਾਦ ਮੈਂ ਕਿਉਂ ਉੱਥੋਂ ਭੱਜ ਆਇਆ ਹਾਂ? ਅਗਰਹਾਰ 'ਚ ਬੇਤਹਾਸ਼ਾ ਬਦਬੂ ਫ਼ੈਲੀ ਹੋਈ ਸੀ, ਇਸ ਬਦਬੂ ਨੂੰ ਬਰਦਾਸ਼ਤ ਕਰਨ ਦਾ ਮੇਰੇ 'ਚ ਹੌਸਲਾ ਨਹੀਂ ਸੀ। ਇੱਕ ਤਾਂ ਇਹ ਖਾਸ ਕਾਰਨ ਹੈ-ਹਰ ਸਾਹ 'ਚ ਉਸ ਬਦਬੂ ਦਾ ਵਸ ਜਾਣਾ, ਉਸ ਤੋਂ ਪੈਦਾ ਹੋਈ ਸੂਤਕ ਭਾਵਨਾ, ਨਿਸ਼ਚੇ ਹੀ। ਪਰ ਅੱਗੇ ਕੀ? ਜੋ ਪੰਡਤ ਮੇਰੀ ਉਡੀਕ ਕਰ ਰਹੇ ਸਨ, ਉਹਨਾਂ ਦੇ ਸਾਹਮਣੇ ਜਾਣ ਤੋਂ ਮੈਂ ਕਤਰਾ ਕਿਉਂ ਰਿਹਾ ਸੀ? ਭਲਾ ਕਿਉਂ?" ਪ੍ਰਾਣੇਸ਼ਾਚਾਰੀਏ ਨੇ ਥਕਾਵਟ ਨੂੰ ਦੂਰ ਕਰਨ ਦੇ ਲਈ ਲੱਤਾਂ ਨਸਾਲੀਆਂ ਅਤੇ ਇਸ ਉਡੀਕ 'ਚ ਰਹੇ ਕਿ ਉਹਨਾਂ ਦੇ ਮਨ ਦੀਆਂ ਗੰਢਾਂ ਆਪੇ ਹੀ ਖੁੱਲ੍ਹ ਜਾਣ। ਇੱਕ ਵੱਛਾ ਉਹਨਾਂ ਦੇ ਕੋਲੇ ਆ ਕੇ ਖੜ੍ਹ ਗਿਆ, ਉਹਨਾਂ ਨੂੰ ਪਤਾ ਹੀ ਨਾ ਲੱਗਿਆ। ਵੱਛੇ ਨੇ ਆਪਣਾ ਮੂੰਹ ਚੁੱਕਿਆ ਅਤੇ ਉਹਨਾਂ ਦੀ ਗਰਦਨ ਨੂੰ ਸੁੰਘਿਆ, ਉਸ ਦੇ ਗਰਮ-ਗਰਮ ਸਾਹ ਉਹਨਾਂ ਦੀ ਗਰਦਨ 'ਤੇ ਮਹਿਸੂਸ ਹੋਏ। ਵੱਛੇ ਦੀਆਂ ਰਹਿਮ ਨਾਲ ਭਿੱਜੀਆਂ ਅੱਖਾਂ ਨੇ ਜਿਵੇਂ ਉਹਨਾਂ ਨੂੰ ਧੁਰ ਤੱਕ ਪਿਘਲਾ ਦਿੱਤਾ ਅਤੇ ਉਸ 'ਚ ਭਾਵਨਾਵਾਂ ਦਾ ਇੱਕ ਜਵਾਰਭਾਟਾ ਆ ਗਿਆ। ਉਸ ਦੇ ਗਲਕੰਬਲ* ਨੂੰ ਉਹ ਉਂਗਲੀਆਂ ਨਾਲ ਪਲੋਸਣ ਲੱਗੇ। ਵੱਛੇ ਨੇ ਆਪਣੀ ਗਰਦਨ ਉੱਚੀ ਚੁੱਕੀ ਅਤੇ ਉਹਨਾਂ ਦੇ ਹੋਰ ਨੇੜੇ ਆ ਗਿਆ। ਆਪਣੇ ਗਦਗਦਾਏ ਪਿੰਡੇ ਨੂੰ ਉਹਨਾਂ ਦੇ ਹੱਥ ਫੇਰਨ ਲਈ ਅੱਗੇ ਕਰ ਦਿੱਤਾ। ਵੱਛਾ ਆਪਣੀ ਕੋਸੀ



ਅਤੇ ਖੁਰਦਰੀ ਜੀਭ ਨਾਲ ਉਹਨਾਂ ਦੇ ਕੰਨਾਂ ਅਤੇ ਗੱਲ੍ਹਾਂ ਨੂੰ ਚੱਟਣ ਲੱਗਿਆ। ਵੱਛੇ ਨਾਲ ਖੇਡਣ ਲਈ ਖੜ੍ਹੇ ਹੋ ਗਏ, ਉਸ ਦੇ ਗਲ ਦੇ ਹੇਠਾਂ ਹੱਥ ਫੇਰਦਿਆਂ ਉਹਨਾਂ ਨੇ ਪੁਚਕਾਰਿਆ। ਵੱਛਾ ਆਪਣੇ ਪਿਛਲੇ ਪੈਰਾਂ 'ਤੇ ਖੜ੍ਹਾ ਹੋ ਕੇ ਉਹਨਾਂ 'ਤੇ ਕੁੱਦਣ ਲੱਗਿਆ-ਫੇਰ ਖਿੜੀ ਹੋਈ ਧੁੱਪ 'ਚ ਛਾਲਾਂ ਮਾਰਦਾ ਹੋਇਆ ਭੱਜ ਗਿਆ ਅਤੇ ਅੱਖੋਂ ਓਹਲੇ ਹੋ ਗਿਆ।

ਪ੍ਰਾਣੇਸ਼ਾਚਾਰੀਆ ਨੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਕੀ ਸੋਚ ਰਹੇ ਸਨ? "ਹਾਂ, ਸੁਆਲ ਇਹ ਹੈ ਕਿ ਮੈਂ ਮੁੜਕੇ ਉਹਨਾਂ ਪੰਡਤਾਂ ਨੂੰ ਕਿਉਂ ਨਹੀਂ ਮਿਲਿਆ? ਇਸ ਖ਼ਿਆਲ 'ਤੇ ਮਨ ਟਿਕ ਨਹੀਂ ਰਿਹਾ ਸੀ। ਉਹਨਾਂ ਨੂੰ ਭੁੱਖ ਸਤਾਉਣ ਲੱਗੀ ਸੀ, ਕਿਸੇ ਨਾਲ ਦੇ ਪਿੰਡ ਜਾ ਕੇ ਖਾਣ-ਪੀਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਹ ਉੱਠੇ ਅਤੇ ਗਾਵਾਂ ਦੇ ਖੁਰਾਂ ਦੇ ਨਿਸ਼ਾਨ 'ਤੇ ਗਿਰੇ ਫੋਸ ਦੀ ਦਿਸ਼ਾ 'ਚ ਤੁਰ ਪਏ। ਇੱਕ ਘੰਟਾ ਕੁ ਤੁਰਨ ਮਗਰੋਂ ਉਹ ਕਿਸੇ ਦੇਵੀ ਦੇ ਮੰਦਰ ਦੇ ਕੋਲ ਪਹੁੰਚੇ-ਮਤਲਬ ਇਹ ਕਿ ਅਗਰਹਾਰ ਪੰਡਤਾਂ ਦਾ ਨਹੀਂ ਹੈ। ਉਹ ਅੱਗੇ ਗਏ ਅਤੇ ਪਿੰਡ ਦੇ ਬਾਹਰ ਇੱਕ ਬਿਰਖ਼ ਦੇ ਹੇਠ ਬੈਠ ਗਏ।

ਧੁੱਪ ਵਧ ਰਹੀ ਸੀ, ਬਿਰਖ਼ ਦੀ ਛਾਂ ਹੇਠ ਵੀ ਗਰਮੀ ਲੱਗਣ ਲੱਗੀ ਸੀ ਅਤੇ ਪਿਆਸ ਵੀ ਲੱਗੀ ਸੀ। ਜੇਕਰ ਕੋਈ ਆਜੜੀ ਹੀ ਉਹਨਾਂ ਨੂੰ ਦੇਖ ਲਵੇ ਤਾਂ ਫ਼ਲ ਅਤੇ ਦੁੱਧ ਲਿਆ ਕੇ ਉਹਨਾਂ ਨੂੰ ਦੇਵੇ। ਤਲਾਅ ਦੇ ਵੱਲ ਮੱਝ ਹੱਕਦਿਆਂ ਇੱਕ ਬੰਦੇ ਨੇ ਹੱਥ ਦੀ ਛਾਂ ਕਰਦਿਆਂ ਧੁੱਪ ਤੋਂ ਅੱਖਾਂ ਨੂੰ ਬਚਾਉਂਦਿਆਂ ਉਹਨਾਂ ਨੂੰ ਦੇਖ ਹੀ ਲਿਆ। ਪਾਨ ਅਤੇ ਸੁਪਾਰੀ ਦਾ ਪੂਰੀ ਤਰ੍ਹਾਂ ਚਿੱਥਿਆ ਬੀੜਾ ਉਸ ਦੇ ਮੂੰਹ 'ਚ ਸੀ। ਵੱਡੀਆਂ-ਵੱਡੀਆਂ ਮੁੱਛਾਂ ਸਨ, ਸਿਰ 'ਤੇ ਡੱਬੀਦਾਰ ਸਾਫਾ ਬੰਨ੍ਹਿਆ ਸੀ। ਪ੍ਰਾਣੇਸ਼ਾਚਾਰੀਏ ਨੇ ਅੰਦਾਜ਼ਾ ਲਾਇਆ ਕਿ ਉਹ ਸ਼ਾਇਦ ਪਿੰਡ ਦਾ ਸਰਪੰਚ ਹੋਵੇਗਾ ਕਿਉਂਕਿ ਮੂੰਹ ਪਾਨ ਨਾਲ ਭਰਿਆ ਸੀ, ਪਾਨ ਦੀ ਲਾਰ ਜਿਹੀ ਬਾਹਰ ਨਾ ਆ ਜਾਵੇ, ਇਸ ਲਈ ਮੂੰਹ ਚੁੱਕ ਕੇ ਹੱਥਾਂ ਦੇ ਇਸ਼ਾਰੇ ਨਾਲ ਪੁੱਛਣਾ ਚਾਹਿਆ ਕਿ ਇਸ ਓਪਰੇ ਬੰਦੇ ਦਾ ਕਿੱਥੋਂ ਆਉਣਾ ਹੋਇਆ ਹੈ? ਜੇ ਪਤਾ ਹੁੰਦਾ ਕਿ ਉਹ ਖ਼ੁਦ ਪ੍ਰਾਣੇਸ਼ਾਚਾਰੀਆ ਹਨ ਤਾਂ ਉਹ ਬੰਦਾ ਮੂੰਹ 'ਚ ਪਾਨ ਪਾ ਕੇ ਇਉਂ ਨਾ ਖੜ੍ਹਾ ਰਹਿੰਦਾ ਅਤੇ ਬੇਇੱਜ਼ਤੀ ਜਿਹੀ ਕਰਦਿਆਂ ਇਸ ਤਰ੍ਹਾਂ ਦੇ ਇਸ਼ਾਰੇ ਨਾਲ ਉਹਨਾਂ ਤੋਂ ਕੁਝ ਨਾ ਪੁੱਛਦਾ। "ਜਦ ਕੋਈ ਆਪਣੇ ਅਤੀਤ, ਆਪਣੇ ਇਤਿਹਾਸ ਨਾਲੋਂ ਰਿਸ਼ਤਾ ਤੋੜ ਲੈਂਦਾ ਹੈ ਤਾਂ ਦੁਨੀਆ ਤਾਂ ਹੋਰਾਂ ਦੇ ਵਾਂਗ ਇੱਕ ਆਮ ਪੰਡਤ ਹੀ ਮੰਨੇਗੀ।" ਇਸ ਖ਼ਿਆਲ ਨਾਲ ਉਹ ਕੁਝ ਬੇਚੈਨ ਹੋਏ। ਕੋਈ ਜੁਆਬ ਨਾ ਮਿਲਣ 'ਤੇ ਬੰਦੇ ਨੇ ਪਰੇ ਜਾ ਕੇ ਮੂੰਹ 'ਚੋਂ ਪਾਨ ਥੁੱਕਿਆ ਅਤੇ ਕੱਪੜੇ ਨਾਲ ਆਪਣੀਆਂ ਮੁੱਛਾਂ ਨੂੰ ਸਾਫ਼ ਕਰਦਿਆਂ ਆਇਆ, ਆਚਾਰੀਏ ਦੇ ਵੱਲ ਉਤਸੁਕਤਾ ਨਾਲ ਦੇਖਦਿਆਂ ਨਿਮਰਤਾ ਨਾਲ ਬੋਲਿਆ :

"ਮਹਾਰਾਜ ਜੀ, ਕਿਹੜੇ ਪਾਸੇ ਜਾ ਰਹੇ ਹੋ?"

ਪ੍ਰਾਣੇਸ਼ਾਚਾਰੀਏ ਨੂੰ ਥੋੜ੍ਹੀ ਤਸੱਲੀ ਹੋਈ ਕਿ ਉਸ ਪੇਂਡੂ ਨੇ ਕੁਝ ਆਦਰ-ਉਕਰ ਤਾਂ ਦਿਖਾਇਆ ਅਤੇ ਸਿੱਧੇ ਇਹ ਪੁੱਛ ਕੇ ਅਪਸ਼ਗੁਨ ਨਹੀਂ ਕੀਤਾ ਕਿ, "ਤੁਸੀਂ ਕਿਧਰ ਜਾ ਰਹੇ ਹੋ।" ਕੋਈ ਸਾਫ਼ ਜੁਆਬ ਦੇਣ 'ਚ ਅਸਮਰਥ ਉਹਨਾਂ ਨੇ ਜੁਆਬ ਦਿੱਤਾ, "ਬਸ ਐਵੇਂ ਹੀ ਉਧਰ...।" ਅਤੇ ਹੱਥ ਨਾਲ ਕਿਸੇ ਵੀ ਦਿਸ਼ਾ ਵੱਲ ਕੋਈ ਸਾਫ਼ ਇਸ਼ਾਰਾ ਨਾ ਕਰਦਿਆਂ ਮੱਥੇ ਦਾ ਮੁੜਕਾ ਪੂੰਝ ਲਿਆ। ਉਹ ਪ੍ਰਭੂ ਦੀ ਕਿਰਪਾ ਸੀ ਕਿ ਬੰਦੇ ਨੇ ਉਹਨਾਂ ਨੂੰ ਪਛਾਣਿਆ ਨਹੀਂ।

"ਕੀ ਮਹਾਰਾਜ ਜੀ, ਘਾਟੀ ਦੇ ਉਸ ਪਾਰੋਂ ਆਏ ਹੋ?" ਬੰਦੇ ਨੇ ਉਤਸੁਕਤਾ ਨਾਲ ਪੁੱਛਿਆ। ਪ੍ਰਾਣੇਸ਼ਾਚਾਰੀਏ ਨੂੰ ਝੂਠ ਬੋਲਣ ਦੀ ਆਦਤ ਨਹੀਂ ਸੀ, ਉਹਨਾਂ ਨੇ ਫੇਰ ਐਵੇਂ ਹੀ 'ਹਾਂ' ਕਹਿ ਦਿੱਤਾ।

"ਦੱਖਣਾ ਦੇ ਲਈ ਨਿਕਲੇ ਹੋਵੋਗੇ?"

ਪ੍ਰਾਣੇਸ਼ਾਚਾਰੀਏ ਦਾ ਨੀਵੀਂ ਪਾ ਲੈਣ ਨੂੰ ਜੀ ਕੀਤਾ-ਇਸ ਭਲੇ ਬੰਦੇ ਨੇ ਉਹਨਾਂ ਨੂੰ ਭਿਖਿਆ ਅਤੇ ਦੱਖਣਾ ਲੈਣ ਵਾਲਾ ਸਾਧਾਰਨ ਪੰਡਤ ਸਮਝ ਲਿਆ ਹੈ। ਉਹ ਆਪਣਾ ਕੁੱਲ, ਤੇਜ

ਅਤੇ ਸਮਰੱਥਾ ਗੁਆ ਚੁੱਕੇ ਹਨ ਅਤੇ ਹਰ ਕਿਸੇ ਨੂੰ ਦਾਨ-ਦੱਖਣਾਂ ਲੈਣ ਵਾਲਾ ਪੰਡਤ ਜਿਹਾ ਹੀ ਦਿਖਦਾ ਹੋਵਾਂਗਾ। ਨਿਮਰ ਹੋਣ ਦੀ ਸਿੱਖਿਆ ਦਾ ਇਹ ਪਹਿਲਾ ਕਾਂਡ ਸੀ। ਉਹਨਾਂ ਨੇ ਖ਼ੁਦ ਨੂੰ ਕਿਹਾ ਅਤੇ ਫੇਰ 'ਹਾਂ' 'ਚ ਜੁਆਬ ਦਿੱਤਾ। ਕਿਸੇ ਓਪਰੇ ਬੰਦੇ ਦੇ ਸਾਹਮਣੇ ਆਪਣੀ ਇੱਛਾ ਜਾਂ ਜ਼ਰੂਰਤ ਦੇ ਅਨੁਸਾਰ ਆਪਣੀ ਸ਼ਖ਼ਸੀਅਤ ਬਣਾ ਲੈਣ ਦੀ ਤਾਕਤ ਨਾਲ ਉਹਨਾਂ ਨੇ ਅਨੁਭਵ ਕੀਤਾ ਕਿ ਉਹਨਾਂ ਦੀ ਆਜ਼ਾਦੀ ਦਾ ਘੇਰਾ ਹੋਰ ਵਧ ਗਿਆ ਹੈ।

"ਏਥੇ ਨੇੜੇ-ਤੇੜੇ ਕਿਸੇ ਪੰਡਤ ਦਾ ਘਰ ਨਹੀਂ ਹੈ।"

ਕੁਝ ਉਪੇਖਿਆ ਨਾਲ ਪ੍ਰਾਣੇਸ਼ਾਚਾਰੀਏ ਨੇ ਜੁਆਬ 'ਚ ਸਿਰਫ਼ 'ਓਹ।' ਹੀ ਕਿਹਾ।

"ਪੰਡਤਾਂ ਦਾ ਅਗਰਹਾਰ ਏਥੋਂ ਕੋਈ ਦਸ-ਬਾਰ੍ਹਾਂ ਕੁ ਮੀਲ ਦੀ ਦੂਰੀ 'ਤੇ ਹੈ।"

"ਅੱਛਾ ?"

"ਜੇਕਰ ਤੁਸੀਂ ਗੱਡੀਆਂ ਵਾਲੇ ਰਾਹੋਂ ਜਾਵੋਂ ਤਾਂ ਅਗਰਹਾਰ ਹੋਰ ਵੀ ਦੂਰ ਪਵੇਗਾ। ਡੰਡੀਉਂ-ਡੰਡੀ ਜਾਵੋ ਤਾਂ ਉਹ ਕਾਫ਼ੀ ਨੇੜੇ ਹੈ।"

"ਠੀਕ ਹੈ।"

"ਏਥੇ ਇੱਕ ਖੂਹ ਹੈ। ਮੈਂ ਤੁਹਾਨੂੰ ਇੱਕ ਘੜਾ ਲਿਆ ਦਿੰਦਾ ਹਾਂ। ਤੁਸੀਂ ਪਾਣੀ ਖਿੱਚ ਕੇ ਇਸ਼ਨਾਨ ਕਰ ਲਉ। ਮੈਂ ਤੁਹਾਨੂੰ ਚੌਲ ਅਤੇ ਥੋੜ੍ਹੀ ਦਾਲ ਵੀ ਦੇ ਦੇਵਾਂਗਾ, ਤੁਸੀਂ ਇੱਟਾਂ ਰੱਖ ਕੇ ਚੁੱਲ੍ਹਾ ਬਣਾ ਲਉ ਅਤੇ ਆਪਣੇ ਲਈ ਖਾਣਾ ਪਕਾ ਲਉ। ਤੁਸੀਂ ਜ਼ਰੂਰ ਥੱਕ ਗਏ ਹੋਵੋਗੇ, ਵਿਚਾਰੇ! ਜੇਕਰ ਤੁਸੀਂ ਛੇਤੀ ਅਗਰਹਾਰ ਹੀ ਪਹੁੰਚਣਾ ਚਾਹੋ ਤਾਂ ਵੀ ਦੱਸ ਦਿਉ-ਗੱਡੀ ਵਾਲਾ ਸ਼ੇਸ਼ੱਪਾ ਆਪਣੇ ਇੱਕ ਰਿਸ਼ਤੇਦਾਰ ਨੂੰ ਮਿਲਣ ਆਇਆ ਹੋਇਆ ਹੈ, ਉਸ ਦੀ ਗੱਡੀ ਘਰ ਤੱਕ ਖਾਲੀ ਹੀ ਜਾਵੇਗੀ। ਉਹ ਅਗਰਹਾਰ ਦੇ ਕੋਲੇ ਹੀ ਰਹਿੰਦਾ ਹੈ। ਪਰ ਜੋ ਕੁਝ ਦੱਸ ਰਿਹਾ ਸੀ, ਮੈਂ ਨਹੀਂ ਸਮਝਦਾ ਕਿ ਤੁਸੀਂ ਅਗਰਹਾਰ ਜਾਣਾ ਚਾਹੋਗੇ। ਉਸ ਨੇ ਦੱਸਿਆ ਕਿ ਇੱਕ ਲਾਸ਼ ਤਿੰਨ ਦਿਨ-ਰਾਤ ਤੋਂ ਉੱਥੇ ਪਈ ਸੜ ਰਹੀ ਹੈ। ਕਿਸੇ ਪੰਡਤ ਦੀ ਲਾਸ਼। ਓਹੋ, ਸ਼ੇਸ਼ੱਪਾ ਨੇ ਕਿਹਾ ਸੀ। ਰਾਤ ਦੇ ਹਨੇਰੇ 'ਚ ਉਸ ਭਲੇ ਪੰਡਤ ਦੀ ਰਖੈਲ ਸ਼ੇਸ਼ੱਪਾ ਦੇ ਕੋਲ ਉਸ ਦੀ ਲਾਸ਼ ਦਾ ਦਾਹ-ਸੰਸਕਾਰ ਕਰਨ ਲਈ ਮਦਦ ਮੰਗਣ ਦੇ ਲਈ ਆਈ ਸੀ। ਇਉਂ ਲੱਗਿਆ ਕਿ ਉਸ ਪੰਡਤ ਦੀ ਕੋਈ ਔਲਾਦ ਨਹੀਂ ਹੈ। ਕੋਈ ਮੁਰਦਾ ਪੰਡਤ ਬਿਨਾਂ ਸੰਸਕਾਰ ਦੇ ਕਿਵੇਂ ਇਉਂ ਪਿਆ ਰਹਿ ਸਕਦਾ ਹੈ? ਜਦ ਆਪਣੀ ਬਲ਼ਦ-ਗੱਡੀ 'ਚ ਉਸ ਰਾਤ ਤੋਂ ਸ਼ੇਸ਼ੱਪਾ ਆਇਆ ਸੀ ਤਾਂ ਉਸ ਨੇ ਦੱਸਿਆ ਕਿ ਅਗਰਹਾਰ ਦੇ ਘਰਾਂ 'ਤੇ ਇੱਲ੍ਹਾਂ ਬੈਠੀਆਂ ਸਨ...।"

ਹੱਥਾਂ 'ਤੇ ਤਮਾਕੂ ਮਲਦਾ ਹੋਇਆ ਬੰਦਾ ਗੱਲਾਂ ਕਰਦਿਆਂ ਸਾਹਮਣੇ ਬੈਠ ਗਿਆ। ਸ਼ੇਸ਼ੱਪਾ ਏਥੇ ਹੀ ਕਿਤੇ ਗੁਆਂਢ 'ਚ ਹੀ ਹੈ। ਇਹ ਸੁਣ ਕੇ ਪ੍ਰਾਣੇਸ਼ਾਚਾਰੀਆ ਘਬਰਾ ਜਿਹੇ ਗਏ। ਉਹ ਨਹੀਂ ਚਾਹੁੰਦੇ ਸਨ ਕਿ ਸ਼ੇਸ਼ੱਪਾ ਉਹਨਾਂ ਨੂੰ ਇਸ ਹਾਲ 'ਚ ਦੇਖੇ। ਹੁਣ ਜ਼ਿਆਦਾ ਦੇਰ ਏਥੇ ਰੁਕਣਾ ਠੀਕ ਨਹੀਂ ਹੈ।

ਉਸ ਬੰਦੇ ਨੂੰ ਕਿਹਾ, ਜੇਕਰ ਤੂੰ ਮੈਨੂੰ ਕੁਝ ਕੇਲੇ ਅਤੇ ਦੁੱਧ ਦੇ ਦੇਵੇਂ ਤਾਂ ਮੈਂ ਆਪਣਾ ਰਾਹ ਫੜਾਂ।"

"ਮਹਾਰਾਜ, ਇਹ ਕਿਹੜੀ ਵੱਡੀ ਗੱਲ ਹੈ? ਮੈਂ ਹੁਣੇ ਲਿਆਇਆ। ਜੇ ਪਿੰਡ 'ਚ ਕੋਈ ਪੰਡਤ ਭੁੱਖਾ ਹੋਵੇ ਤਾਂ ਮੈਂ ਆਪ ਵੀ ਰੋਟੀ ਨਹੀਂ ਖਾ ਸਕਦਾ, ਇਸੇ ਲਈ ਦਾਲ-ਚੌਲ ਦੇਣ ਦੀ ਗੱਲ ਤੁਹਾਨੂੰ ਕਹੀ ਸੀ...।"

ਕਹਿ ਕੇ ਉਹ ਚਲਾ ਗਿਆ। ਪ੍ਰਾਣੇਸ਼ਾਚਾਰੀਏ ਨੂੰ ਲੱਗਿਆ, ਜਿਵੇਂ ਉਹ ਕੰਡਿਆਂ 'ਤੇ ਬੈਠੇ ਹੋਣ। ਜੇਕਰ ਸ਼ੇਸ਼ੱਪਾ ਉਹਨਾਂ ਨੂੰ ਦੇਖ ਲਵੇ ਤਾਂ ਕੀ ਹੋਵੇਗਾ? ਆਪਣੇ ਡਰ ਦੇ ਮਾਰੇ, ਉਹਨਾਂ ਨੇ ਚਾਰੇ-ਪਾਸੇ ਦੇਖਿਆ। "ਜਦ ਮੈਂ ਸਾਰਾ ਕੁਝ ਛੱਡ-ਛਡਾ ਆਇਆ ਹਾਂ ਤਾਂ ਮੇਰੇ ਮਨ 'ਚ ਡਰ ਕਿਉਂ?"



ਉਹਨਾਂ ਨੇ ਆਪਣੇ-ਆਪ ਤੋਂ ਪੁੱਛਿਆ ਭਾਵੇਂ ਵਧਦੇ ਹੋਏ ਡਰ ਨੂੰ ਰੋਕ ਨਾ ਸਕਣ ਕਰਕੇ ਉਹਨਾਂ ਦੀ ਬੇਚੈਨੀ ਵਧ ਰਹੀ ਸੀ। ਉਹ ਬੰਦਾ ਇੱਕ ਪਿਆਲਾ ਦੁੱਧ ਅਤੇ ਕੇਲਿਆਂ ਦਾ ਇੱਕ ਗੁੱਛਾ ਲੈ ਕੇ ਆ ਗਿਆ। ਆਚਾਰੀਏ ਮੂਹਰੇ ਰੱਖਦਿਆਂ ਕਿਹਾ :

"ਸਹੀ ਸਮੇਂ 'ਤੇ ਹੀ ਪੰਡਤ ਮਹਾਰਾਜ ਦਾ ਸਾਡੇ ਪਿੰਡ 'ਚ ਆਉਣਾ ਹੋਇਆ ਹੈ। ਕੀ ਤੁਸੀਂ ਮੈਨੂੰ ਭਵਿੱਖ ਦੇ ਬਾਰੇ ਦੱਸੋਗੇ? ਆਪਣੇ ਮੁੰਡੇ ਦੇ ਲਈ, ਸੌ ਰੁਪਏ ਖਰਚ ਕਰਕੇ ਇੱਕ ਵਹੁਟੀ ਲਿਆਂਦੀ ਪਰ ਉਹ ਜਦ ਤੋਂ ਆਈ ਹੈ, ਚੁੱਪ ਚਾਪ ਇੱਕ ਕੋਨੇ 'ਚ ਬੈਠੀ ਰਹਿੰਦੀ ਹੈ, ਜਿਵੇਂ ਕਿਸੇ ਭੂਤ-ਪ੍ਰੇਤ ਦੀ ਕਸਰ ਹੋਵੇ। ਤੁਸੀਂ ਜੇਕਰ ਕੋਈ ਮੰਤਰ-ਤਬੀਤ ਦੇ ਸਕੋ...।"

ਆਚਾਰੀਆ ਆਪਣੇ ਹਮੇਸ਼ਾ ਦੇ ਅਭਿਆਸ ਦੀ ਤਰ੍ਹਾਂ ਆਪਣੀ ਪੰਡਤਾਈ ਦੇ ਫਰਜ਼ ਨੂੰ ਨਿਭਾਉਂਦਿਆਂ ਕੁਝ ਕਹਿਣ ਹੀ ਲੱਗੇ ਸਨ ਕਿ ਉਹਨਾਂ ਨੇ ਆਪਣੇ ਮੂੰਹ ਦੀ ਲਗਾਮ ਖਿੱਚ ਕੇ ਅਚਾਨਕ ਰੋਕਿਆ। "ਭਾਵੇਂ ਕਿ ਮੈਂ ਆਪਣਾ ਸਭ ਕੁਝ ਪਿੱਛੇ ਛੱਡ ਦਿੱਤਾ ਹੈ, ਸਮਾਜ ਫੇਰ ਵੀ ਮੇਰੇ ਨਾਲ ਚਿੰਬੜਿਆ ਹੋਇਆ ਹੈ ਅਤੇ ਬ੍ਰਾਹਮਣ-ਵੰਸ਼ 'ਚ ਜਨਮ ਲੈਣ ਦੇ ਕਾਰਨ ਮੇਰੇ ਜੋ-ਜੋ ਫਰਜ਼ ਬਣਦੇ ਹਨ, ਉਹਨਾਂ ਨੂੰ ਪੂਰਾ ਕਰਨ ਦੀ ਇੱਛਾ ਰੱਖਦਾ ਹਾਂ। ਇਸ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ ਹੈ। ਹੁਣ ਇਸ ਬੰਦੇ ਨੂੰ ਕੀ ਜੁਆਬ ਦੇਵਾਂ, ਜਿਸ ਨੇ ਏਨੀ ਫ਼ਿਕਰ ਕਰਕੇ ਇੱਕ ਓਪਰੇ ਬੰਦੇ ਨੂੰ ਖਾਣ-ਪੀਣ ਦੇ ਲਈ ਦੁੱਧ ਅਤੇ ਕੇਲੇ ਲਿਆ ਕੇ ਦਿੱਤੇ ਹਨ? ਕੀ ਮੈਂ ਸੱਚ-ਸੱਚ ਕਹਿ ਦੇਵਾਂ ਕਿ ਮੈਂ ਪਾਪ ਕੀਤਾ ਹੈ ਅਤੇ ਆਪਣੇ ਸਭ ਇਕੱਠੇ ਕੀਤੇ ਪੁੰਨਾਂ ਤੋਂ ਕੋਰਾ ਹੋ ਗਿਆ ਹਾਂ? ਕਿ ਮੈਂ ਪੰਡਤਾਊਪੁਣਾ ਵੀ ਗੁਆ ਬੈਠਾ ਹਾਂ? ਜਾਂ ਜੋ ਕੁਝ ਹੋਇਆ ਹੈ, ਉਸ ਨੂੰ ਠੀਕ-ਠੀਕ ਦੱਸ ਦੇਵਾਂ?"

ਤਦੇ ਉਹਨਾਂ ਨੂੰ ਇੱਕ ਸਹੀ ਜੁਆਬ ਸੁੱਝ ਗਿਆ ਜੋ ਕਿ ਝੂਠ ਵੀ ਨਹੀਂ ਸੀ, "ਅੱਜ ਮੈਂ ਆਪਣੇ ਮੰਤਰ ਦੇ ਜਾਪ ਦੀ ਵਰਤੋਂ ਕਰਨ ਦੀ ਦਸ਼ਾ 'ਚ ਨਹੀਂ ਹਾਂ। ਮੇਰੇ ਇੱਕ ਨੇੜਲੇ ਰਿਸ਼ਤੇਦਾਰ ਦੀ ਮੌਤ ਹੋ ਗਈ ਹੈ ਅਤੇ ਮੈਂ ਹਾਲੇ ਸੂਤਕ 'ਚ ਹਾਂ।" ਉਹਨਾਂ ਨੇ ਦੁੱਧ ਪੀਤਾ, ਕੱਪੜੇ 'ਚ ਕੇਲੇ ਬੰਨ੍ਹੇ ਅਤੇ ਤੁਰਨ ਲਈ ਉੱਠ ਕੇ ਖੜ੍ਹੇ ਹੋ ਗਏ।

"ਜੇਕਰ ਤੁਸੀਂ ਇਸੇ ਰਸਤੇ ਦਸ ਕੁ ਮੀਲ ਤੁਰੋਂ ਤਾਂ ਮੇਲੀਗੇ ਨਾਮਕ ਇੱਕ ਥਾਂ ਆਵੇਗਾ। ਉੱਥੋਂ ਦੇ ਮੰਦਰ 'ਚ ਅੱਜ, ਕੱਲ੍ਹ ਅਤੇ ਪਰਸੋਂ ਰਥ-ਯਾਤਰਾ ਦਾ ਉਤਸਵ ਮਨਾਇਆ ਜਾਵੇਗਾ। ਉੱਥੇ ਚਲੇ ਜਾਉ ਤਾਂ ਵਧੀਆ ਦੱਖਣਾ ਵੀ ਮਿਲ ਜਾਵੇਗੀ।" ਇਹ ਕਹਿ ਕੇ ਫੇਰ ਤੋਂ ਪਾਨ ਚਬਾਉਂਦਾ ਅਤੇ ਆਪਣੀਆਂ ਮੈਸਾਂ ਨੂੰ ਹੱਕਦਾ ਹੋਇਆ ਬੰਦਾ ਆਪਣੇ ਰਾਹੇ ਚਲਾ ਗਿਆ।

ਜਦ ਉਹ ਅੱਖੋਂ ਓਹਲੇ ਹੋ ਗਿਆ ਤਾਂ ਪ੍ਰਾਣੇਸ਼ਾਚਾਰੀਆ ਜੰਗਲ 'ਚ ਗਿਆ ਅਤੇ ਡੰਡੀਉਂ-ਡੰਡੀ ਅੱਗੇ ਵਧਣ ਲੱਗੇ। ਉਹਨਾਂ ਨੂੰ ਫ਼ਿਕਰ ਹੋਣ ਲੱਗਿਆ ਕਿ ਉਹਨਾਂ ਦੀ ਸਮੱਸਿਆ ਕਿੰਨੀ ਉਲਝ ਗਈ ਹੈ। "ਮੈਨੂੰ ਅਜਿਹਾ ਡਰ ਪਹਿਲਾਂ ਕਦੇ ਮਹਿਸੂਸ ਨਹੀਂ ਹੋਇਆ। ਪਛਾਣੇ ਜਾਣ ਦਾ ਡਰ, ਫੜੇ ਜਾਣ ਦਾ ਡਰ। ਇਹ ਡਰ ਕਿ ਮੈਂ ਆਪਣੇ ਅੰਦਰਲੇ ਭੇਦ ਨੂੰ ਮੈਂ ਦੂਜਿਆਂ ਦੀਆਂ ਅੱਖਾਂ ਤੋਂ ਬਚਾ ਕੇ ਰੱਖ ਸਕਾਂਗਾ? ਮੈਂ ਆਪਣੀ ਨਿੱਡਰਤਾ ਜਿਹੇ ਗੁਆ ਲਈ ਹੈ? ਕਿਵੇਂ, ਕਿਉਂ? ਡਰ ਦੇ ਕਾਰਨ ਮੈਂ ਵਾਪਿਸ ਅਗਰਹਾਰ ਨਹੀਂ ਜਾ ਸਕਿਆ-ਇਸ ਡਰ ਦੇ ਮਾਰੇ ਕਿ ਉਹਨਾਂ ਪੰਡਤਾਂ ਦੇ ਸਾਹਮਣੇ ਮੈਂ ਜਿਉਂਦਾ ਕਿਵੇਂ ਰਹਿ ਸਕਾਂਗਾ? ਹਾਇ, ਇਹ ਡਾਢੀ ਚਿੰਤਾ ਕਿ ਜਦ ਮੇਰੀ ਗੋਦੀ 'ਚ ਗੱਠ ਬੰਨ੍ਹ ਕੇ ਇੱਕ ਝੂਠ ਪਿਆ ਹੈ, ਮੈਂ ਸਾਹ ਵੀ ਕਿਵੇਂ ਲੈ ਸਕਾਂਗਾ?"

ਜਿਉਂ ਜਿਉਂ ਜੰਗਲ ਦਾ ਸੰਨਾਟਾ ਵਧਿਆ, ਉਹਨਾਂ ਦਾ ਮੈਲਾ ਮਨ ਸਾਫ਼ ਹੋਣ ਲੱਗਿਆ। ਕੇਲਿਆਂ ਨੂੰ ਛਿੱਲਦਿਆਂ ਅਤੇ ਖਾਂਦੇ ਸਮੇਂ ਉਹ ਹੌਲੀ-ਹੌਲੀ ਤੁਰਨ ਲੱਗੇ। ਪੇਂਡੂ ਬੰਦੇ ਨਾਲ ਮਿਲਣ 'ਤੇ ਉਸ ਦੀ ਸਮੱਸਿਆ ਉਹਨਾਂ ਦੇ ਅੰਦਰ ਬੈਠ ਗਈ ਸੀ। ਇਸ ਸਮੱਸਿਆ ਨੂੰ ਬੜੇ ਧਿਆਨ ਨਾਲ ਸੁਲਝਾਉਣਾ ਹੋਵੇਗਾ। ਇਸ ਸਭ ਕੁਝ ਦੀ ਜੋ ਜੜ੍ਹ ਸੀ, ਉਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਉਹ

ਚੀਜ਼ ਤਾਂ ਹੈ ਨਾਰਣੱਪਾ, ਜੋ ਸਾਰੀ ਉਮਰ ਪੰਡਤਾਊਪੁਣੇ ਨੂੰ ਲੱਤਾਂ ਮਾਰਦਾ ਰਿਹਾ। ਹਾਲੇ ਤੱਕ ਦਾਹ-ਸੰਸਕਾਰ ਦੀ ਉਡੀਕ 'ਚ ਹੈ, ਜਿਵੇਂ ਹਰ ਚੀਜ਼ ਨੇ ਇੱਕ ਦਿਨ ਸੜ ਕੇ ਸੁਆਹ ਹੋ ਜਾਣਾ ਹੀ ਹੈ, ਉਹੀ ਸਮੱਸਿਆ ਬਣ ਕੇ ਉਹਨਾਂ ਨੂੰ ਸਤਾ ਰਿਹਾ ਹੈ। ਇਹ ਸੋਚ ਕੇ ਕਿ ਸਮੱਸਿਆ ਦਾ ਹੱਲ ਉਹ ਧਰਮਸ਼ਾਸਤਰਾਂ 'ਚੋਂ ਲੱਭ ਸਕਣਗੇ, ਉਹਨਾਂ ਨੇ ਪੁਰਾਣੇ ਸ਼ਾਸਤਰਾਂ ਨੂੰ ਛਾਣਿਆ, ਮਾਰੂਤੀ ਦੀ ਸ਼ਰਣ 'ਚ ਗਏ, ਆਖ਼ਿਰਕਾਰ ਉਸ ਜੰਗਲ 'ਚ, ਉਸ ਹਨੇਰੇ 'ਚ।

ਉਹ ਰੁਕੇ। ਠੀਕ ਤਰ੍ਹਾਂ ਜਾਣ ਲੈਣ ਦੇ ਲਈ, ਆਪਣੇ ਮਨ ਨੂੰ ਸੰਤੁਲਨ ਕਰਨ ਲੱਗੇ। ਇਹ ਸਭ ਕੀ ਅਤੇ ਕਿਉਂ ਹੋ ਗਿਆ, ਜਦ ਕੋਈ ਇਹ ਜਾਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਉਂ ਲਗਦਾ ਹੈ ਕਿ ਜਿਵੇਂ ਕਿਸੇ ਪਹਿਲਾਂ ਦੇਖੇ ਗਏ ਸੁਪਨੇ ਨੂੰ ਦੁਬਾਰਾ ਦੇਖਣ ਦੀ ਕੋਸ਼ਿਸ਼ ਕਰ ਰਿਹਾ ਹੈ।

"ਉਸ ਦੇ ਮੁੰਮਿਆਂ ਦੀ ਅਚਾਨਕ ਮਿਲੀ ਛੋਹ ਨਾਲ ਉਹ ਗਦਗਦ ਹੋ ਗਏ ਸੀ। ਆਪਣੀ ਸਾੜ੍ਹੀ ਦੇ ਪੱਲੇ ਨਾਲ ਬੰਨ੍ਹੇ ਹੋਏ ਕੇਲੇ ਕੱਢ ਕੇ ਉਸ ਨੇ ਮੈਨੂੰ ਖੁਆਏ। ਭੁੱਖ ਥਕਾਵਟ ਅਤੇ ਅਕੇਵਾਂ-ਉਹਨਾਂ ਨੂੰ ਨਿਰਾਸ਼ਾ ਹੋਈ, ਭਗਵਾਨ ਮਾਰੂਤੀ ਤੋਂ ਉਹਨਾਂ ਨੂੰ ਕੋਈ ਜੁਆਬ ਨਾ ਮਿਲਿਆ-ਇਹਨਾਂ ਸਭ ਤੋਂ ਉਹ ਦਬ ਜਿਹੇ ਗਏ ਸਨ। ਉਹਨਾਂ ਨੂੰ ਆਭਾਸ ਹੋਇਆ ਕਿ ਉਹ ਐਵੇਂ ਹੀ ਝੁਰਦੇ ਰਹੇ ਹਨ-ਸ਼ਾਇਦ ਇਹ ਪ੍ਰਭੂ ਦੀ ਮਰਜ਼ੀ ਸੀ। ਹੁਣ ਉਹ ਸਮਾ ਆ ਗਿਆ ਸੀ-ਅਸਲ 'ਚ ਕਾਰਨ ਇਹੀ ਸੀ। ਇਹੀ ਇੱਕ ਅਜਿਹੀ ਘੜੀ ਸੀ ਜਿਸ 'ਚ ਉਹ ਸਭ ਕੁਝ ਵਾਪਰਿਆ, ਜੋ ਪਹਿਲਾ ਨਾ ਕਦੇ ਵਾਪਰਿਆ ਸੀ ਅਤੇ ਨਾ ਜਿਸ ਦੀ ਕੋਈ ਹੋਂਦ ਬਾਦ 'ਚ ਹੀ ਰਹੀ। ਪਹਿਲਾਂ ਵੀ ਰੂਪ ਰਹਿਤ ਸੀ ਅਤੇ ਬਾਦ 'ਚ ਵੀ ਰੂਪ-ਰਹਿਤ। ਵਿਚਕਾਰਲੇ ਉਸ ਪਲ ਦਾ ਹੀ, ਉਸ ਘੜੀ ਦਾ ਹੀ ਇੱਕ ਸਾਕਾਰ, ਠੋਸ ਰੂਪ ਸੀ। ਇਸ ਦਾ ਅਰਥ ਇਹ ਹੋਇਆ ਕਿ ਉਸ ਨਾਲ ਸੰਭੋਗ ਕਰਨ ਦੀ ਜਿੰਮੇਵਾਰੀ ਮੇਰੇ 'ਤੇ ਬਿਲਕੁਲ ਨਹੀਂ ਆਉਂਦੀ। ਮੈਂ ਉਸ ਘੜੀ ਦੇ ਲਈ ਜਿੰਮੇਵਾਰ ਨਹੀਂ ਹਾਂ ਪਰ ਉਸ ਘੜੀ ਨੇ ਮੇਰੇ 'ਚ ਏਨਾ ਬਦਲਾਅ ਕਿਉਂ ਕਰ ਦਿੱਤਾ ਹੈ? ਇਸ ਬਦਲੇ ਹੋਏ ਬੰਦੇ ਦੇ ਲਈ ਮੈਂ ਆਪਣੀ ਜਿੰਮੇਵਾਰੀ ਸਮਝਦਾ ਹਾਂ, ਇਹੀ ਮੇਰੇ ਲਈ ਦੁਖਦਾਈ ਹੈ। ਉਹ ਘੜੀ ਫੇਰ ਇੱਕ ਯਾਦ ਬਣ ਕੇ ਰਹਿ ਗਈ ਹੈ, ਪਰ ਇਹ ਯਾਦ ਜਿਵੇਂ ਹੀ ਉੱਭਰਦੀ ਹੈ, ਮੈਂ ਫੇਰ ਤੋਂ ਉਸ ਦੀ ਤਾਂਘ ਕਰਦਾ ਹਾਂ। ਇੱਕ ਵਾਰ ਫੇਰ ਜੀ ਕਰਦਾ ਹੈ ਕਿ ਚੰਦਰੀ ਨੂੰ ਬਾਹਾਂ 'ਚ ਲੈ ਲਵਾਂ।"

ਉਤੇਜਨਾ ਜਿਉਂ ਹੀ ਉਹਨਾਂ ਨੂੰ ਬੇਚੈਨ ਕਰਨ ਲੱਗੀ, ਆਚਾਰੀਏ ਦਾ ਸਰੀਰ ਚੰਦਰੀ ਦੇ ਸਰੀਰ ਦੀ ਛੋਹ ਦੇ ਲਈ ਤੜਪਣ ਲੱਗਿਆ। ਉਹਨਾਂ ਦੀਆਂ ਅੱਖਾਂ ਭਰ ਆਈਆਂ। ਸੋਚਿਆ ਕਿ ਕੁੰਦਾਪੁਰ ਜਾ ਕੇ ਚੰਦਰੀ ਨੂੰ ਲੱਭਾਂ। ਸਵੈ-ਪੜਚੋਲ ਕਰਦੀ ਉਹਨਾਂ ਦੀ ਤਰਕ ਸ਼ਕਤੀ ਕਮਜ਼ੋਰ ਹੋ ਗਈ ਸੀ। "ਜੇਕਰ ਮੈਂ ਉਸ ਦੀ ਭਾਲ 'ਚ ਜਾਵਾਂ ਅਤੇ ਫੇਰ ਤੋਂ ਸੰਭੋਗ ਕਰਾਂ, ਫੇਰ ਤਾਂ ਪੂਰੀ ਜਿੰਮੇਵਾਰੀ ਮੇਰੀ ਹੀ ਹੋਵੇਗੀ। ਸੰਭਵ ਹੈ ਮੈਂ ਆਪਣੀ ਇਸ ਮੁਸੀਬਤ ਤੋਂ ਛੁਟਕਾਰਾ ਪਾ ਸਕਾਂ, ਇਸ ਵਿਚਾਰ ਨਾਲ ਕਿ ਮੈਂ ਬਿਨਾ ਕਿਸੇ ਕਾਰਨ, ਅਚਾਨਕ ਮੈਂ ਆਪਣੇ ਜੀਵਨ ਦੇ ਮਾਰਗ 'ਤੇ ਉਲਟ ਦਿਸ਼ਾ 'ਚ ਤੁਰਨ ਲੱਗਿਆ। ਫੇਰ ਮੈਂ ਆਪਣੇ ਇਸ ਸੱਚ ਦੇ ਨਾਲ ਆਪ ਖੜ੍ਹਾਂ ਹੋਵਾਂਗਾ-ਉਹ ਸੱਚ ਜੋ ਮੇਰੇ ਹੱਥੋਂ ਘੜਿਆ ਜਾਵੇਗਾ, ਉਹ ਨਵੀਂ ਸ਼ਖ਼ਸੀਅਤ ਜਿਸ ਨੂੰ ਮੈਂ ਆਪ ਬਣਾਵਾਂਗਾ ਤਾਂ ਕਿ ਆਪਣੇ ਪ੍ਰਭੂ ਅਤੇ ਆਪਣੇ ਭਵਿੱਖ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖ ਸਕਾਂ। ਮੇਰੀ ਸ਼ਖ਼ਸੀਅਤ ਨੇ ਮੇਰੇ ਪਿਛਲੇ ਰੂਪ ਨੂੰ ਗੁਆ ਦਿੱਤਾ ਹੈ, ਕਿਸੇ ਨਵੇਂ ਰੂਪ ਨੂੰ ਕਬੂਲ ਨਹੀਂ ਕੀਤਾ-ਇਸ ਲਈ ਕੁੱਖ 'ਚੋਂ ਸਮੇਂ ਤੋਂ ਪਹਿਲਾਂ ਕੱਢੇ ਗਏ ਰਾਖ਼ਸ਼ੀ ਪਿੰਡ ਦੀ ਤਰ੍ਹਾਂ ਉਹ ਬਣ ਗਿਆ ਹੈ। ਬਿਨਾਂ ਕਿਸੇ ਡਰ ਦੇ ਮੈਨੂੰ ਆਪਣੇ ਇਸ ਵਿਸ਼ਵਾਸ ਦੀ ਵੀ ਪੜਚੋਲ ਕਰਨੀ ਚਾਹੀਦੀ ਹੈ ਕਿ ਜੰਗਲ ਦੇ ਉਸ ਹਨੇਰੇ 'ਚ ਉਹ ਬੜੀ ਅਚਾਨਕ ਹੀ ਮੇਰੇ ਚਾਹੁਣ ਤੋਂ ਬਿਨਾਂ ਹੀ ਵਾਪਰ ਗਈ। ਇਹ ਸੱਚ ਹੈ ਕਿ ਉਹ ਘੜੀ ਅਚਾਨਕ ਆ ਗਈ ਸੀ-ਮੈਂ ਉਸ ਨੂੰ ਫੜਨ ਲਈ ਨਹੀਂ ਭੱਜਿਆ ਸੀ। ਪਸਰੇ ਹੋਏ ਹੱਥਾਂ ਨੇ ਉਸ ਦੀਆਂ ਛਾਤੀਆਂ ਛੋਹੀਆਂ ਤਦੇ ਵਾਸਨਾ ਪੈਦਾ



ਹੋਈ-ਉਸੇ ਘੜੀ ਦਾ ਰਹੱਸ ਹੀ ਉਸੇ 'ਚ ਝੁਕਿਆ ਹੈ। ਉਹੀ ਇੱਕ ਘੜੀ ਸੀ ਜਦ ਮੈਂ ਇਹ ਫ਼ੈਸਲਾ ਕਰ ਸਕਦਾ ਸੀ ਕਿ ਜ਼ਿੰਦਗੀ ਦੇ ਕਿਹੜੇ ਰਾਹ ਨੂੰ ਫੜਾਂ। ਇਹੀ ਉਹ ਪਲ ਸੀ ਜਦ ਮੈਂ ਇਹ ਫ਼ੈਸਲਾ ਲੈ ਸਕਦਾ ਸੀ ਕਿ ਆਪਣੇ ਜੀਵਨ ਦੀ ਦਿਸ਼ਾ ਨੂੰ ਬਦਲਾਂ ਜਾਂ ਨਾ ਬਦਲਾਂ। ਇਹ ਜੁਆਬ ਠੀਕ ਨਹੀਂ ਹੈ ਕਿ ਅਜਿਹਾ ਮੇਰੇ ਸਰੀਰ ਦੀ ਮਰਜ਼ੀ ਨਾਲ ਹੋਇਆ, ਪਰ ਹਨੇਰੇ 'ਚ ਮੇਰੇ ਹੱਥ ਕਾਹਲ 'ਚ ਚੰਦਰੀ ਦੀਆਂ ਛਾਤੀਆਂ ਅਤੇ ਪੱਟਾਂ ਨੂੰ ਲੱਭ ਰਹੇ ਸੀ-ਉਸੇ ਕਾਹਲ ਨਾਲ ਮੈਂ ਕਦੇ ਧਰਮ ਦੀ ਵੀ ਭਾਲ ਨਹੀਂ ਕੀਤਾ। ਉਹ ਪਲ ਮੇਰੀ ਜ਼ਿੰਦਗੀ ਦੀ ਕਾਇਆ ਕਲਪ ਦੇ ਫ਼ੈਸਲਾਕੁੰਨ ਪਲ ਸਨ ਅਤੇ ਮੈਂ ਫ਼ੈਸਲਾ ਲਿਆ ਚੰਦਰੀ ਨਾਲ ਸੰਭੋਗ ਕਰਨ ਦਾ। ਜੇਕਰ ਮੈਂ ਆਪਣੇ-ਆਪ 'ਤੇ ਕਾਬੂ ਨਾ ਰੱਖ ਸਕਿਆ ਤਾਂ ਇਸ ਦੀ ਜਿੰਮੇਵਾਰੀ ਵੀ ਮੇਰੀ ਹੀ ਹੈ। ਮਨੁੱਖ ਦਾ ਕੋਈ ਫ਼ੈਸਲਾ ਇਸ ਲਈ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਮਨੁੱਖ ਦੇ ਲਈ ਆਪਣੇ-ਆਪ ਕਾਬੂ ਕਰਨ ਨੂੰ ਖੋ ਦੇਣਾ ਸੰਭਵ ਹੁੰਦਾ ਹੈ, ਇਸ ਲਈ ਨਹੀਂ ਕਿ ਕੋਈ ਫ਼ੈਸਲਾ ਕਰਨਾ ਸੌਖਾ ਹੁੰਦਾ ਹੈ। ਵਿਭਿੰਨ ਫ਼ੈਸਲਿਆਂ 'ਚੋਂ ਕਿਸੇ ਇੱਕ ਦੀ ਚੋਣ ਕਰਕੇ ਹੀ ਅਸੀਂ ਕੋਈ ਰੂਪ ਘੜਦੇ ਹਾਂ-ਜਿਸ ਨੂੰ ਸ਼ਖ਼ਸੀਅਤ ਕਹਿੰਦੇ ਹਨ, ਉਸ ਦੀ ਰੂਪ ਰੇਖਾ ਤਿਆਰ ਕਰਦੇ ਹਾਂ। ਨਾਰਣੱਪੇ ਵਰਗਾ ਬੰਦਾ ਬਣਿਆ, ਉਹ ਆਪਣੇ ਫ਼ੈਸਲੇ ਕਰਕੇ ਹੀ। ਮੇਰਾ ਫ਼ੈਸਲਾ ਕੁਝ ਹੋਰ ਬਣਨ ਦਾ ਸੀ ਅਤੇ ਉਸ ਦੇ ਅਨੁਸਾਰ ਮੈਂ ਜਿਉਂਇਆ ਵੀ, ਪਰ ਅਚਾਨਕ ਮੇਰੀ ਜ਼ਿੰਦਗੀ ਇੱਕ ਮੋੜ 'ਤੇ ਆ ਕੇ ਰੁਕ ਗਈ। ਹੁਣ ਮੈਂ ਉਦੋਂ ਤੱਕ ਆਜ਼ਾਦ ਹੋ ਸਕਾਂਗਾ, ਜਦ ਤੱਕ ਇਹ ਨਾ ਮੰਨ ਲਵਾਂਗਾ ਕਿ ਉਸ ਮੋੜ 'ਤੇ ਮੁੜਨਾ ਵੀ ਮੇਰੇ ਰਾਹੀਂ ਹੀ ਕੀਤੀ ਗਈ ਇੱਕ ਪ੍ਰਤਿਕਿਰਿਆ ਸੀ ਅਤੇ ਉਸ ਦੀ ਜਿੰਮੇਵਾਰੀ ਮੇਰੇ ਮੋਢਿਆ 'ਤੇ ਹੈ। ਜ਼ਿੰਦਗੀ 'ਚ ਉਸ ਨਵੇਂ ਮੋੜ ਦੇ ਆ ਜਾਣ ਬਾਦ ਕੀ ਹੋਇਆ? ਜੀਵਨ 'ਚ ਦਵੰਦ ਅਤੇ ਸੰਘਰਸ਼ ਉਭਰ ਆਏ। ਦੋ ਸੱਚਾਂ ਦੇ ਵਿਚਕਾਰ ਤ੍ਰਿਸ਼ੰਕੂ ਦੀ ਤਰ੍ਹਾਂ ਮੈਂ ਲਟਕ ਗਿਆ। ਪੁਰਾਣੇ ਰਿਸ਼ੀ ਅਜਿਹੇ ਅਨੁਭਵਾਂ ਦਾ ਮੁਕਾਬਲਾ ਕਿਵੇਂ ਕਰਦੇ ਸਨ ਜਾਂ ਬਗੈਰ ਦਵੰਦ ਅਤੇ ਸੰਘਰਸ਼ ਦੇ? ਉਹ ਮਹਾਨ ਰਿਸ਼ੀ ਜਿਸ ਨੇ ਮਛਿਆਰਨ ਮਤਸਗੰਧਾ ਨੂੰ ਬੇੜੀ ਦੇ ਸਫ਼ਰ ਦੌਰਾਨ ਹੀ ਗਰਭਵਤੀ ਕਰ ਦਿੱਤਾ ਸੀ ਅਤੇ ਵਿਆਸ ਰਿਸ਼ੀ ਦਾ ਪਿਤਾ ਬਣ ਗਿਆ ਸੀ, ਕੀ ਉਸ ਨੂੰ ਵੀ ਮੇਰੀ ਤਰ੍ਹਾਂ ਅਜਿਹੇ ਦਵੰਦ ਨੂੰ ਸਹਾਰਨਾ ਪਿਆ ਸੀ? ਕੀ ਤਪੱਸਿਆ 'ਚੋਂ ਕਮਾਈ ਗਈ ਪੂੰਜੀ ਨੂੰ ਅਚਾਨਕ ਇੱਕ ਤੀਵੀਂ ਦੇ ਲਈ ਗੁਆ ਦੇਣ 'ਤੇ ਰਿਸ਼ੀ ਵਿਸ਼ਵਾਮਿੱਤਰ ਨੂੰ ਇਸੇ ਤਰ੍ਹਾਂ ਦੁੱਖ ਸਹਿਣਾ ਪਿਆ ਸੀ? ਜੀਵਨ ਨੂੰ ਇੱਕ ਤਿਆਗ਼ ਅਤੇ ਬਲੀਦਾਨ ਮੰਨਦਿਆਂ, ਪਰਮਾਤਮਾ ਦਾ ਸੰਗ-ਸਾਥ ਬਣਾਏ ਰੱਖਦਿਆਂ, ਸੰਘਰਸ਼ਾਂ ਅਤੇ ਅੰਤਰਵਿਰੋਧਾਂ ਨੂੰ ਉਹਨਾਂ ਦੇ ਵਿਚਕਾਰੋਂ ਲੰਘਦਿਆਂ ਉਹਨਾਂ 'ਤੇ ਜਿੱਤ ਹਾਸਿਲ ਕਰਦਿਆਂ, ਉਸ ਹਰ ਬਦਲਾਅ ਨੂੰ ਕਬੂਲ ਕਰਦਿਆਂ ਜੋ ਧਰਤੀ ਉਹਨਾਂ ਨੂੰ ਦਿੰਦੀ ਹੈ ਅਤੇ ਆਖ਼ਿਰ ਸਮੁੰਦਰ 'ਚ ਆਪਣੇ ਰੂਪ ਨੂੰ ਗੁਆ ਦੇਣ ਦੇ ਲਈ ਵਗਦੀ ਹੋਈ ਨਦੀ ਦੀ ਤਰ੍ਹਾਂ ਉਹ ਜਿਉਂ ਸਕਦੇ ਸਨ। ਜਿੱਥੋਂ ਤੱਕ ਮੇਰਾ ਸਬੰਧ ਹੈ, ਮੈਂ ਪਰਮੇਸ਼ਵਰ ਨਾਲ ਏਨਾ ਨੇੜਲਾ ਰਿਸ਼ਤਾ ਕਦੇ ਨਹੀਂ ਬਣਾ ਸਕਿਆ। "ਜੇਕਰ ਕੋਈ ਨੇੜੇ ਰਿਹਾ ਤਾਂ ਉਹ ਸੀ ਉਸ ਦਾ ਮਿੱਤਰ ਮਹਾਂਬਲ। ਮੇਰੇ ਬਚਪਨ ਦੇ ਸਾਰੇ ਦੋਸਤਾਂ 'ਚੋਂ ਸਿਰਫ਼ ਉਸੇ ਦੇ ਮਨ 'ਚ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਬੜੀ ਭੁੱਖ ਸੀ। ਅਸੀਂ ਅਧਿਐਨ ਦੇ ਲਈ ਇਕੱਠੇ ਕਾਸ਼ੀ ਗਏ ਸੀ। ਕਿਹੋ ਜਿਹੀ ਸੀ ਉਸ ਦੀ ਅਕਲ। ਲੰਬਾ, ਛਰਹਰਾ, ਗੋਰਾ ਸਰੀਰ ਸੀ ਉਸ ਦਾ। ਅਜਿਹੀ ਕੋਈ ਗੱਲ ਨਹੀਂ ਸੀ ਜੋ ਉਸ ਦੀ ਸਮਝ ਅਤੇ ਪਹੁੰਚ ਦੇ ਬਾਹਰ ਹੋਵੇ। ਗੁਰੂ ਜੀ ਹਾਲੇ ਪਹਿਲਾ ਪਾਠ ਹੀ ਪੜ੍ਹਾ ਰਹੇ ਹੁੰਦੇ, ਉਹ ਅਗਲਾ ਆਪ ਬੁੱਝ ਲੈਂਦਾ ਸੀ। ਉਸ ਦੇ ਬਾਰੇ 'ਚ ਮੇਰੇ ਮਨ 'ਚ ਬੇਹੱਦ ਪਿਆਰ ਸੀ ਅਤੇ ਬਹੁਤ ਈਰਖਾ ਵੀ ਸੀ। ਉਸ ਦੀ ਤੁਲਨਾ 'ਚ ਮੈਂ ਰੂਪ ਅਤੇ ਅਕਲ ਦੋਵਾਂ 'ਚ ਬਹੁਤ ਘੱਟ ਸੀ। ਆਪਣੀ ਮਿੱਤਰਤਾ ਦੀ ਇਸ ਭਾਵਨਾ ਨੂੰ ਇਸ ਕਰਕੇ ਕਿਤੇ ਵੀ ਸੱਟ ਨਾ ਲਗਦੀ ਸੀ ਕਿ ਜਿੱਥੇ ਮੈਂ ਮਾਧਵ ਸੀ ਉਹ ਸਮਾਰਤ ਸੀ। ਜਦਕਿ ਮੈਂ ਮਾਧਵ ਮੱਤ ਦੇ ਪ੍ਰਚਾਰ ਵਿਚ ਲੱਗਿਆ ਰਹਿੰਦਾ ਸੀ, ਉਸ ਦੇ ਲਈ ਪ੍ਰਭੂ ਹੀ ਸਭ ਕੁਝ ਸਨ-ਬਾਕੀ ਸਭ ਫਾਲਤੂ ਸੀ। ਜੇਕਰ ਮੈਂ ਤਰਕ ਦਿੰਦਾ ਕਿ ਪ੍ਰਭੂ ਦੀ ਸੱਤਾ ਦੇ ਅਨੁਭਵ

ਦੇ ਲਈ ਵੀ ਕੀ ਕਿਸੇ ਮਾਰਗ ਦੀ ਲੋੜ ਨਹੀਂ ਹੁੰਦੀ, ਆਤਮਾ ਅਤੇ ਪਰਮਾਤਮਾ ਦੇ ਦੂਈ-ਦਵੈਤ ਦੇ ਗਿਆਨ ਨਾਲ ਹੀ ਉਸ ਤੱਕ ਪਹੁੰਚਿਆ ਜਾ ਸਕਦਾ ਹੈ-ਤਾਂ ਉਹ ਆਖਦਾ-ਮਾਰਗ ਤੋਂ ਤੇਰਾ ਕੀ ਭਾਵ ਹੈ ? ਪਰਮਾਤਮਾ ਕੀ ਕੋਈ ਸਵਰਗ ਜਾਂ ਜਗ੍ਹਾ ਜਾਂ ਕੋਈ ਪਿੰਡ ਹੈ ਕਿ ਉਸ ਨੂੰ ਲੱਭਣ ਦੇ ਲਈ ਕਿਸੇ ਮਾਰਗ ਦੀ ਲੋੜ ਹੋਵੇ ? ਪਰਮਾਤਮਾ ਜਿੱਥੇ ਵੀ ਕੋਈ ਖੜ੍ਹਾ ਹੈ, ਉੱਥੇ ਹੀ ਮਿਲ ਜਾਣਾ ਚਾਹੀਦਾ ਹੈ। ਸੰਗੀਤ ਉਸ ਨੂੰ ਤਰਕ ਅਤੇ ਮੀਮਾਂਸਾ ਤੋਂ ਜ਼ਿਆਦਾ ਪਿਆਰਾ ਸੀ। ਪ੍ਰਭੂ ਕ੍ਰਿਸ਼ਣ ਸਬੰਧੀ ਜਦ ਜੈਦੇਵ ਦੇ ਗੀਤ ਨੂੰ ਉਹ ਗਾਉਂਦਾ, ਸਰੋਤਾ ਜਿਵੇਂ ਕ੍ਰਿਸ਼ਣ ਦੇ ਵਨ 'ਚ ਪਹੁੰਚ ਜਾਂਦਾ, "ਲਲਿਤ ਲਵੰਗ-ਲਤਾ-ਪਰਸ਼ੀਲਨ ਕੋਮਲ ਮਲਯ ਸਮੀਰੇ" (ਭਾਵ ਦੱਖਣੀ ਪਹਾੜਾਂ 'ਤੇ ਚੰਦਨ ਦੇ ਜੰਗਲ ਵੱਲੋਂ ਆਉਂਦੀ ਮੰਦ-ਮੰਦ ਵਗਦੀ ਹਵਾ ਲੌਂਗ ਦੀਆਂ ਕੋਮਲ ਲਤਾਵਾਂ ਨੂੰ ਪਲੋਸ ਰਹੀ ਹੈ) ਗੀਤ ਦੇ ਸੁਰ ਉਸ ਦੇ ਧੁਰ ਅੰਦਰੋਂ ਉੱਠਿਆ ਕਰਦੇ ਸਨ।" ਆਪਣੇ ਦੋਸਤ ਦੀ ਯਾਦ ਆਉਣ 'ਤੇ ਪ੍ਰਾਣੇਸ਼ਾਚਾਰੀਏ ਦੀ ਆਵਾਜ਼ ਭਾਰੀ ਹੋ ਗਈ ਅਤੇ ਗਲਾ ਭਰ ਆਇਆ। "ਪਰਮਾਤਮਾ ਦੇ ਲਈ ਉਵੇਂ ਪ੍ਰੇਮ ਦਾ ਅਨੁਭਵ ਮੈਨੂੰ ਕਦੇ ਨਹੀਂ ਹੋਇਆ।" ਅੰਤ 'ਚ ਮਹਾਬਲ ਦਾ ਕੀ ਹੋਇਆ ? ਹਾਲੇ ਉਹ ਦੋਵੇਂ ਕਾਸ਼ੀ 'ਚ ਹੀ ਸਨ ਕਿ ਉਹ ਆਪਣੇ 'ਚ ਸਿਮਟਿਆ ਰਹਿਣ ਲੱਗਿਆ, ਅਤੇ ਉਹਨਾਂ ਦੋਵਾਂ 'ਚ ਦੂਰੀ ਆ ਗਈ। ਸਮਝ 'ਚ ਨਹੀਂ ਆਇਆ ਕਿ ਕਿਉਂ ਮੈਂ ਦੁਖੀ ਰਹਿਣ ਲੱਗਿਆ। ਪੜ੍ਹਾਈ 'ਚ ਮਨ ਨਹੀਂ ਲਗਦਾ ਸੀ। ਮੇਰਾ ਦੋਸਤ, ਜੋ ਹਮੇਸ਼ਾ ਮੇਰੇ ਨਾਲ ਰਿਹਾ ਕਰਦਾ ਸੀ, ਹੁਣ ਮੈਥੋਂ ਦੂਰ-ਦੂਰ ਰਹਿੰਦਾ ਸੀ। ਮੈਂ ਸਮਝ ਨਹੀਂ ਪਾ ਰਿਹਾ ਸੀ ਕਿ ਇਹ ਕੀ ਅਤੇ ਕਿਉਂ ਹੋ ਰਿਹਾ ਹੈ। ਮਹਾਬਲ ਨੂੰ ਜਿੰਨਾ ਮੈਂ ਉਦੋਂ ਚਾਹੁੰਦਾ ਸੀ, ਕਿਸੇ ਨੂੰ ਵੀ ਕਦੇ ਏਨਾ ਚਾਹਿਆ ਸੀ। ਜਿਵੇਂ ਮੇਰੇ ਸਿਰ 'ਤੇ ਇੱਕ ਪਾਗ਼ਲਪਣ ਸਵਾਰ ਸੀ। ਕਈ-ਕਈ ਦਿਨ ਖੱਬੀ ਗੱਲ੍ਹ 'ਤੇ ਕਾਲੇ ਤਿਲ ਵਾਲਾ ਲਾਲ ਮੂੰਹ ਮੇਰੇ ਅੱਖਾਂ ਮੂਹਰੇ ਛਾਇਆ ਰਹਿੰਦਾ ਅਤੇ ਮੈਂ ਉਸ ਦੇ ਸਾਥ ਦੇ ਲਈ ਤੜਪਦਾ ਰਹਿੰਦਾ। ਜਦ ਮੈਂ ਉਸ ਦੇ ਨੇੜੇ ਜਾਂਦਾ ਤਾਂ ਕੋਈ ਨਾ ਕੋਈ ਬਹਾਨਾ ਬਣਾ ਕੇ ਦੂਰ ਚਲਾ ਜਾਂਦਾ। ਇੱਕ ਦਿਨ ਉਹ ਅਚਾਨਕ ਹੀ ਲਾਪਤਾ ਹੋ ਗਿਆ। ਪੜ੍ਹਾਈ ਦੇ ਲਈ ਵੀ ਆਉਣਾ ਬੰਦ ਕਰ ਦਿੱਤਾ। ਉਸ ਨੂੰ ਲੱਭਣ ਦੇ ਲਈ ਮੈਂ ਕਾਸ਼ੀ ਦੀ ਗਲੀ-ਗਲੀ ਛਾਣ ਮਾਰੀ। ਮੈਨੂੰ ਇਹ ਡਰ ਸਤਾਉਂਦਾ ਸੀ ਕਿ ਕਿਸੇ ਨੇ ਕਿਸੇ ਵਿਸ਼ੇਸ਼ ਕਿਰਿਆ ਕਾਂਡ ਦੇ ਲਈ ਉਸ ਦੀ ਨਰ ਬਲੀ ਹੀ ਨਾ ਦੇ ਦਿੱਤੀ ਹੋਵੇ। ਇੱਕ ਦਿਨ ਮਕਾਨ ਦੇ ਬਾਹਰਲੇ ਥੜ੍ਹੇ 'ਤੇ ਉਹ ਬੈਠਾ ਮਿਲਿਆ। ਮੈਂ ਹੈਰਾਨੀ ਨਾਲ ਭਰ ਗਿਆ, ਉਹ ਇਕੱਲਾ ਬੈਠਾ ਹੁੱਕਾ ਪੀ ਰਿਹਾ ਸੀ। ਇਸ ਦ੍ਰਿਸ਼ ਨੂੰ ਨਾ ਸਹਾਰ ਸਕਣ 'ਤੇ ਮੈਂ ਉਸ ਦੇ ਵੱਲ ਭੱਜਿਆ ਅਤੇ ਹੱਥ ਫੜ ਕੇ, ਖਿੱਚ ਕੇ ਉਠਾਉਣ ਲੱਗਿਆ। ਆਪਣੀਆਂ ਭਰੀਆਂ ਅੱਖਾਂ ਨੂੰ ਉੱਪਰ ਚੁੱਕ ਕੇ ਉਸ ਨੇ ਕਿਹਾ, "ਪ੍ਰਾਣੇਸ਼, ਤੂੰ ਆਪਣੀ ਰਾਹ 'ਤੇ ਚਲਾ ਜਾ। ਬਸ, ਏਨਾ ਹੀ। ਮੈਂ ਫੇਰ ਉਸ ਨੂੰ ਜ਼ਬਰਦਸਤੀ ਚੁੱਕਣਾ ਚਾਹਿਆ। ਗੁੱਸੇ 'ਚ ਭਰ ਕੇ ਅਚਾਨਕ ਉੱਠਿਆ ਅਤੇ ਬੋਲਿਆ, "ਸੱਚ ਜਾਣਨਾ ਚਾਹੁੰਦਾ ਹੈਂ ਤੂੰ ? ਹੈਂ ਨਾ ? ਮੈਂ ਪੜ੍ਹਨਾ-ਲਿਖਣਾ ਛੱਡ ਦਿੱਤਾ ਹੈ। ਜਾਣਦੈਂ ਕਿਸ ਦੀ ਖਾਤਿਰ ਹੁਣ ਜਿਉਂਦਾ ਹਾਂ ? ਅੰਦਰ ਆ, ਦਿਖਾਵਾਂ। ਮੈਨੂੰ ਖਿੱਚ ਕੇ ਅੰਦਰ ਲੈ ਗਿਆ ਅਤੇ ਦੁਪਹਿਰ ਦੀ ਰੋਟੀ ਖਾਣ ਬਾਦ ਗੱਦੇ 'ਤੇ ਸੌਂ ਰਹੀ ਇੱਕ ਮੁਟਿਆਰ ਦੇ ਵੱਲ ਇਸ਼ਾਰਾ ਕੀਤਾ। ਉਹ ਬਾਹਾਂ ਪਸਾਰ ਕੇ ਸੁੱਤੀ ਸੀ। ਕੱਪੜਿਆਂ ਅਤੇ ਮੂੰਹ ਦੀ ਲਿੱਪਾ-ਪੋਚੀ ਤੋਂ ਮੈਨੂੰ ਲੱਗਿਆ ਕਿ ਉਹ ਕੋਈ ਵੇਸਵਾ ਹੈ। ਮੈਨੂੰ ਹੈਰਾਨੀ ਹੋਈ। ਡਰ ਨਾਲ ਮੈਂ ਕੰਬਣ ਲੱਗਿਆ। ਮਹਾਬਲ ਨੇ ਕਿਹਾ, "ਪ੍ਰਾਣੇਸ਼, ਹੁਣ ਤੈਨੂੰ ਪਤਾ ਲੱਗ ਗਿਆ ਹੈ। ਮੇਰੀ ਫ਼ਿਕਰ ਬਿਲਕੁਲ ਨਾ ਕਰੀਂ ਅਤੇ ਹੁਣ ਤੂੰ ਜਾਹ। ਦੁਚਿੱਤੀ ਜਿਹੀ 'ਚ ਮੈਂ ਆ ਗਿਆ, ਇਹ ਵੀ ਨਹੀਂ ਸੁੱਝਿਆ ਕਿ ਕਹਾਂ ਤਾਂ ਕੀ ਕਹਾਂ ? ਉਦੋਂ ਮੇਰਾ ਮਨ ਪੱਥਰ ਵਰਗਾ ਸਖ਼ਤ ਹੋ ਗਿਆ। ਇੱਕ ਸੰਕਲਪ ਕਰਕੇ ਮੈਂ ਉੱਥੋਂ ਆ ਗਿਆ। ਇਸ ਪਤਿਤ ਮਹਾਬਲ ਦੇ ਰਾਹ 'ਤੇ ਕਦੇ ਨਹੀਂ ਤੁਰਨਾ ਹੈ। ਮੈਂ ਹਮੇਸ਼ਾ ਇਸ ਦੀ ਉਲਟ ਦਿਸ਼ਾ ਦਾ ਰਾਹੀ ਰਹਾਂਗਾ। ਮੈਂ ਜਦ ਕਦੇ ਵੀ ਨਾਰਣੱਪੇ ਨੂੰ ਦੇਖਦਾ ਹਾਂ ਤਾਂ ਮੈਨੂੰ ਮਹਾਬਲ ਯਾਦ ਆ ਜਾਂਦਾ ਹੈ। ਭਾਵੇਂ ਉਹਨਾਂ ਦੋਵਾਂ ਦੀ ਦੁਨੀਆ ਵੱਖਰੀ ਸੀ ਅਤੇ ਇੱਕ ਦੂਜੇ



ਤੋਂ ਓਨੇ ਹੀ ਅਲੱਗ ਜਿੰਨਾ ਕਿ ਇੱਕ ਹਾਥੀ ਅਤੇ ਇੱਕ ਬੱਕਰੀ।

"ਹੁਣ ਮੇਰਾ ਜੀ ਕਰਦਾ ਹੈ ਕਿ ਮਹਾਬਲ ਨੂੰ ਮਿਲਾਂ ਅਤੇ ਪੁੱਛਾਂ ਤੂੰ ਆਪਣਾ ਰਾਹ ਆਪ ਹੀ ਕਿਉਂ ਬਦਲ ਲਿਆ ਸੀ ? ਕਿਹੜੇ ਅਨੁਭਵ, ਕਿਹੜੀ ਲੋੜ, ਕਿਸ ਜ਼ੋਰਦਾਰ ਇੱਛਾ ਨੇ ਤੈਨੂੰ ਇਸ ਰਾਹ 'ਤੇ ਤੋਰਿਆ ਸੀ ? ਮੈਨੂੰ ਹੁਣ ਕੀ ਸਲਾਹ ਦੇਵੇਂਗਾ ? ਤੀਵੀਂ ਅਤੇ ਉਸ ਦੇ ਰਾਹੀਂ ਦਿੱਤੇ ਗਏ ਸੁੱਖ ਨਾਲ ਤੈਨੂੰ ਸੰਪੂਰਨ ਸੰਤੁਸ਼ਟੀ ਹਾਸਿਲ ਹੋਈ ਹੈ ? ਤੇਰੀ ਉਹ ਖ਼ੁਸ਼ਹਾਲ ਆਤਮਾ ਕੀ ਸਿਰਫ਼ ਇੱਕ ਤੀਵੀਂ ਦੇ ਨਾਲ ਸੰਤੁਸ਼ਟ ਹੋ ਗਈ ?"

"ਅਹਾ ! ਹੁਣ ਜਾਣਿਆ।" ਪ੍ਰਾਣੇਸ਼ਾਚਾਰੀਆ ਉੱਠ ਖੜ੍ਹੇ ਹੋਏ ਅਤੇ ਤੁਰਨ ਲੱਗੇ। "ਹਾਂ, ਇਸ ਗੱਲ ਦੀ ਜੜ੍ਹ ਏਥੇ ਹੀ ਹੈ। ਮਹਾਬਲ ਤੋਂ ਜੋ ਨਿਰਾਸ਼ਾ ਮੈਨੂੰ ਹੋਈ ਸੀ, ਉਹ ਮੇਰੇ ਮਨ 'ਚ ਬਣੀ ਰਹੀ। ਬਿਨਾ ਕੁਝ ਸਮਝੇ ਮੈਂ ਨਾਰਣੱਪੇ 'ਚ ਮਹਾਬਲ ਨੂੰ ਦੇਖਦਾ ਰਿਹਾ ਹਾਂ। ਉੱਥੇ ਜੋ ਮੇਰੀ ਹਾਰ ਹੋਈ ਸੀ, ਉਸ ਨੂੰ ਮੈਂ ਨਾਰਣੱਪੇ ਦੇ ਮਾਮਲੇ 'ਚ ਜਿੱਤ 'ਚ ਬਦਲਣਾ ਚਾਹਿਆ ਪਰ ਮੇਰੀ ਹਾਰ ਹੋਈ, ਬੁਰੀ ਤਰ੍ਹਾਂ ਹਾਰ ਹੋਈ। ਜਿਸ ਦੇ ਖ਼ਿਲਾਫ਼ ਮੈਂ ਹਮੇਸ਼ਾ ਸੰਘਰਸ਼ਸ਼ੀਲ ਰਿਹਾ, ਮੈਂ ਆਪ ਉਹੀ ਹੋ ਗਿਆ। ਪਰ ਕਿਉਂ ? ਕਿੱਥੇ, ਕਿਵੇਂ ਮੈਂ ਹਾਰਿਆ ? ਇਸ ਪੜਚੋਲ 'ਚ ਤਾਂ ਜਿਵੇਂ ਹਰ ਗੱਲ ਹੋਰ ਜ਼ਿਆਦਾ ਉਲਝ ਜਾਂਦੀ ਹੈ।

"ਦੇਖੋ, ਇੱਕ ਗੱਲ ਦੂਜੀ ਨਾਲ ਕਿਵੇਂ ਜੁੜੀ ਹੈ। ਮਹਾਬਲ ਨਾਲ ਨਾਰਣੱਪਾ, ਨਾਰਣੱਪੇ ਨਾਲ ਮੇਰੀ ਜ਼ਿੱਦ, ਉਹ ਪੁਰਾਣ-ਗਾਥਾਵਾਂ ਜਿਨ੍ਹਾਂ ਦਾ ਮੈਂ ਪ੍ਰਵਚਨ ਕਰਦਾ ਸੀ, ਉਹਨਾਂ ਦਾ ਅਸਰ ਚੰਦਰੀ ਦੀਆਂ ਛਾਤੀਆਂ ਦੇ ਲਈ ਕਿਵੇਂ ਮੈਂ ਆਪ ਆਖ਼ਿਰ 'ਚ ਕਾਮ ਦੇ ਵਸ ਹੋ ਗਿਆ-ਇਸ ਸਭ ਦੀ ਰੂਪ-ਰੇਖਾ, ਪਰੋਖ ਵਿਚ ਮੇਰੇ ਅਣਜਾਣੇ 'ਚ ਪਤਾ ਨਹੀਂ ਕਦ ਤਿਆਰ ਹੋ ਰਹੀ ਸੀ। ਮੈਨੂੰ ਸ਼ੱਕ ਹੈ ਕਿ ਜਦ ਮੈਂ ਚੰਦਰੀ ਨਾਲ ਸੰਭੋਗ ਕੀਤਾ ਸੀ, ਉਹ ਘੜੀ ਬਿਨਾਂ ਮੇਰੇ ਚਾਹੇ ਆਪਣੇ-ਆਪ ਹਰ ਭਾਵਨਾ ਨੂੰ ਜ਼ਾਹਿਰ ਕਰਨ ਦੇ ਲਈ ਉਤਸੁਕ ਹੋ ਚੁੱਕੀ ਸੀ-ਸਟੋਰ 'ਚੋਂ ਛਾਲ ਮਾਰ ਕੇ ਬਾਹਰ ਆਉਣ ਵਾਲੇ ਚੂਹਿਆਂ ਦੀ ਤਰ੍ਹਾਂ।" ਅਗਰਹਾਰ ਮਨ ਦੀ ਯਾਦ 'ਚ ਉੱਭਰ ਆਇਆ ਅਤੇ ਉਹਨਾਂ ਦਾ ਜੀ ਕੱਚਾ-ਕੱਚਾ ਹੋਣ ਲੱਗਿਆ। "ਜਿਸ ਦੁਵਿਧਾ ਦਾ ਸਾਹਮਦਾ ਮੈਂ ਕਰ ਰਿਹਾ ਹਾਂ, ਅਗਰਹਾਰ ਉਸੇ ਦਾ ਸਥੂਲ ਪ੍ਰਤਿਰੂਪ ਬਣ ਕੇ ਹੁਣ ਮੇਰੇ ਸਾਹਮਣੇ ਖੜ੍ਹਾ ਹੈ-ਮੇਰੇ ਜੀਵਨ ਦੇ ਇੱਕ ਨਿੱਕੇ ਜਿਹੇ ਪਦ ਦੇ ਮੁਕਾਬਲੇ 'ਚ ਇੱਕ ਵਿਸ਼ਾਲ ਅਧਿਆਇ ਦੀ ਤਰ੍ਹਾਂ। ਮੇਰੇ ਮਨ 'ਚ ਇੱਕ ਗੱਲ ਹੀ ਸਪੱਸ਼ਟ ਹੈ ਕਿ ਮੈਂ ਏਥੋਂ ਭੱਜ ਜਾਵਾਂ ਜਿੱਥੇ ਚੰਦਰੀ ਰਹਿੰਦੀ ਹੈ। ਮਹਾਬਲ ਵਰਗਾ ਹੋ ਜਾਵਾਂ। ਉਸੇ ਦੀ ਤਰ੍ਹਾਂ ਆਪਣੇ ਜੀਵਨ ਦਾ ਮਾਰਗ ਚੁਣਾਂ। ਇਸ ਦੁਵਿਧਾ ਅਤੇ ਤ੍ਰਿਸ਼ੰਕੁ ਦੇ ਵਾਂਗ ਜ਼ਿੰਦਗੀ 'ਚੋਂ ਉੱਭਰ ਸਕਾਂ। ਇਸ ਤੋਂ ਪਹਿਲਾਂ ਕਿ ਕੋਈ ਮੈਨੂੰ ਪਛਾਣ ਲਵੇ, ਮੈਨੂੰ ਏਥੋਂ ਚਲੇ ਜਾਣਾ ਚਾਹੀਦਾ ਹੈ।

ਉਹ ਤੁਰ ਰਹੇ ਸੀ ਅਤੇ ਤੁਰਦੇ-ਤੁਰਦੇ ਉਹਨਾਂ ਨੂੰ ਲੱਗਿਆ ਕਿ ਜੰਗਲ 'ਚ ਉਹਨਾਂ ਦੇ ਪਿੱਛੇ-ਪਿੱਛੇ ਕੋਈ ਤੁਰਿਆ ਆ ਰਿਹਾ ਹੈ। ਇਉਂ ਲੱਗਿਆ ਕਿ ਉਸ ਦੀਆਂ ਅੱਖਾਂ ਉਹਨਾਂ ਦੀ ਪਿੱਠ 'ਚ ਧਸੀਆਂ ਹਨ। ਉਹਨਾਂ ਨੇ ਪਿੱਠ ਸਿੱਧੀ ਕੀਤੀ ਅਤੇ ਤੁਰਦੇ ਰਹੇ। ਮੁੜ ਕੇ ਉਹ ਦੇਖਣਾ ਚਾਹੁੰਦੇ ਸਨ ਕਿ ਕੌਣ ਉਹਨਾਂ ਦਾ ਪਿੱਛਾ ਕਰ ਰਿਹਾ ਹੈ, ਪਰ ਡਰ ਵੀ ਲੱਗ ਰਿਹਾ ਸੀ। ਉਹਨਾਂ ਨੇ ਕੋਈ ਆਵਾਜ਼ ਸੁਣੀ ਅਤੇ ਮੁੜ ਕੇ ਦੇਖਿਆ। ਦੇਖਿਆ ਕਿ ਕੁਝ ਦੂਰੀ 'ਤੇ ਇੱਕ ਨੌਜੁਆਨ ਉਹਨਾਂ ਦੇ ਵੱਲ ਤੁਰਿਆ ਆ ਰਿਹਾ ਹੈ। ਪ੍ਰਾਣੇਸ਼ਾਚਾਰੀਆ ਛੋਹਲੇ ਕਦਮੀਂ ਤੁਰਨ ਲੱਗੇ ਪਰ ਉਸ ਨੌਜੁਆਨ ਨੇ ਉਹਨਾਂ ਦਾ ਪਿੱਛਾ ਨਾ ਛੱਡਿਆ, ਬਲਕਿ ਉਸ ਦੀ ਤੇਜ਼ ਤੋਰ ਨਾਲ ਉਹਨਾਂ ਦੇ ਅਤੇ ਉਸ ਦੇ ਵਿਚਲਾ ਫਾਸਲਾ ਘਟਣ ਲੱਗਿਆ। ਜੇਕਰ ਉਹ ਕੋਈ ਓਪਰਾ ਨਾ ਨਿੱਕਲਿਆ, ਫੇਰ ਕੀ ਹੋਵੇਗਾ ? ਨੌਜੁਆਨ ਲਗਾਤਾਰ ਉਹਨਾਂ ਦੇ ਨੇੜੇ ਆਉਂਦਾ ਜਾ ਰਿਹਾ ਸੀ। ਪ੍ਰਾਣੇਸ਼ਾਚਾਰੀਆ ਦੀਆਂ ਲੱਤਾਂ ਥੱਕਣ ਲੱਗੀਆਂ ਅਤੇ ਆਖ਼ਿਰ ਉਹਨਾਂ ਨੂੰ ਆਪਣੀ ਤੋਰ ਹੌਲੀ ਕਰਨੀ ਪਈ। ਨੌਜੁਆਨ ਉਹਨਾਂ ਦੇ ਨਾਲ ਆ ਰਲਿਆ। ਹੌਂਕਦਿਆਂ ਉਹ ਉਹਨਾਂ ਦੇ ਨਾਲ ਹੀ ਤੁਰਨ ਲੱਗਿਆ। ਉਤਸੁਕਤਾ ਨਾਲ ਆਚਾਰੀਏ ਨੇ ਉਸ ਦੇ

ਵੱਲ ਦੇਖਿਆ। ਕੋਈ ਓਪਰਾ ਨਿਕਲਿਆ।

ਮੈਂ ਮਾਲੇਰ* ਦਾ ਪੁੱਟਾ ਹਾਂ। ਮਲਿਗੇ ਦੇ ਰਥ-ਯਾਤਰਾ ਉਤਸਵ ਨੂੰ ਦੇਖਣ ਦੇ ਲਈ ਜਾ ਰਿਹਾ ਹਾਂ ਅਤੇ ਤੁਸੀਂ ?" ਉਸ ਓਪਰੇ ਮੁੰਡੇ ਨੇ ਗੱਲਬਾਤ ਕਰਨ ਉਦੇਸ਼ ਨਾਲ ਪੁੱਛਿਆ।

ਪ੍ਰਾਣੇਸ਼ਾਚਾਰੀਏ ਦਾ ਗੱਲਬਾਤ ਕਰਨ ਨੂੰ ਬਿਲਕੁਲ ਜੀ ਨਹੀਂ ਕਰਦਾ ਸੀ। ਜੁਆਬ ਕੀ ਦੇਣ, ਜਦ ਇਹ ਨਾ ਸੁੱਝਿਆ ਤਾਂ ਉਹਨਾਂ ਨੇ ਨੌਜੁਆਨ ਦੇ ਮੂੰਹ ਵੱਲ ਦੇਖਿਆ-ਕਾਲੇ ਰੰਗ ਦਾ ਮੂੰਹ, ਕੁਝ ਮੁਰਝਾਇਆ ਜਿਹਾ, ਮੁੜਕੇ ਦੀਆਂ ਬੂੰਦਾਂ ਉਸ 'ਤੇ ਚਮਕ ਰਹੀਆਂ ਸਨ। ਮੂੰਹ 'ਤੇ ਲੰਬੀ ਨੱਕ ਨਾਲ ਉਹ ਦ੍ਰਿੜ੍ਹ-ਸੰਕਲਪ ਵਾਲਾ ਬੰਦਾ ਦਿਖਾਈ ਦਿੰਦਾ ਸੀ। ਧਸੀਆਂ ਹੋਈਆਂ ਅੱਖਾਂ ਉਸ ਦੀ ਨਜ਼ਰ ਨੂੰ ਪੈਨਾ ਬਣਾ ਰਹੀਆਂ ਸਨ ਅਤੇ ਉਸ ਨਜ਼ਰ ਤੋਂ ਕੋਈ ਵੀ ਬੰਦਾ ਘਬਰਾ ਅਤੇ ਝਿਪ ਸਕਦਾ ਸੀ। ਸਿਰ ਦੇ ਵਾਲ ਬਹੁਤ ਛੋਟੇ-ਛੋਟੇ ਕੱਟੇ ਹੋਏ ਸਨ ਅਤੇ ਧੋਤੀ ਦੇ ਉੱਪਰ ਕਿਸੇ ਸ਼ਹਿਰੀ ਵਾਂਗ ਉਸ ਨੇ ਕਮੀਜ ਪਾ ਰੱਖੀ ਸੀ।

"ਜਦ ਮੈਂ ਤੁਹਾਨੂੰ ਪਿੱਛਿਉਂ ਦੇਖਿਆ ਤਾਂ ਤੁਹਾਡੀ ਚਾਲ ਤੋਂ ਅਜਿਹਾ ਲੱਗਿਆ ਕਿ ਜਿਵੇਂ ਮੈਂ ਤੁਹਾਨੂੰ ਜਾਣਦਾ ਹਾਂ। ਹੁਣ ਵੀ ਤੁਹਾਡੇ ਮੂੰਹ ਨੂੰ ਦੇਖ ਕੇ ਲਗਦਾ ਹੈ ਕਿ ਮੈਂ ਤੁਹਾਨੂੰ ਪਹਿਲਾਂ ਕਿਤੇ ਦੇਖਿਆ ਹੈ...।"

ਭਾਵੇਂ ਕਿਸੇ ਵੀ ਪਿੰਡ ਦੇ ਨਿਵਾਸੀ ਦੀ ਤਰ੍ਹਾਂ ਪੁੱਟੇ ਨੇ ਗੱਲ ਦੀ ਸ਼ੁਰੂਆਤ ਕੀਤੀ ਸੀ, ਫੇਰ ਵੀ ਪ੍ਰਾਣੇਸ਼ਾਚਾਰੀਆ ਅੰਦਰੇ-ਅੰਦਰ ਘਬਰਾਉਣ ਲੱਗੇ।

"ਮੈਂ ਹੇਠਲੀ ਘਾਟੀ 'ਚ ਰਹਿੰਦਾ ਹਾਂ, ਦੱਖਣਾ ਦੇ ਲਈ ਨਿਕਲਿਆ ਹਾਂ।" ਉਹਨਾਂ ਨੇ ਗੱਲਬਾਤ ਦਾ ਇਹ ਸਿਲਸਿਲਾ ਖ਼ਤਮ ਕਰ ਦੇਣ ਦੇ ਢੰਗ ਨਾਲ ਕਿਹਾ।

"ਹਾਂ-ਹਾਂ, ਉਸ ਘਾਟੀ ਦੇ ਤਾਂ ਬਹੁਤ ਸਾਰੇ ਲੋਕਾਂ ਨੂੰ ਮੈਂ ਜਾਣਦਾ ਹਾਂ। ਉਂਜ ਮੇਰੇ ਸਹੁਰੇ ਵੀ ਉੱਥੇ ਹੀ ਹਨ। ਮੈਂ ਅਕਸਰ ਉੱਥੇ ਆਇਆ-ਜਾਇਆ ਕਰਦਾ ਹਾਂ, ਇਸ ਘਾਟੀ 'ਚ ਤੁਹਾਡਾ ਘਰ ਕਿੱਥੇ ਹੈ ?"

"ਕੁੰਦਾਪੁਰ 'ਚ।"

"ਬਈ ਵਾਹ ! ਕੁੰਦਾਪੁਰ ? ਸੱਚੀਂ ? ਕੀ ਤੁਸੀਂ ਸ਼ੀਨੱਪਈਏ ਨੂੰ ਜਾਣਦੇ ਹੋ ?"

ਪ੍ਰਾਣੇਸ਼ਾਚਾਰੀਏ ਨੇ ਕਿਹਾ, "ਨਹੀਂ।" ਆਪਣੀ ਚਾਲ ਫੇਰ ਤੇਜ਼ ਕਰ ਦਿੱਤੀ ਪਰ ਪੁੱਟਾ ਤਾਂ ਗੱਲਾਂ ਕਰਨ ਦੇ ਲਈ ਕਾਹਲਾ ਸੀ, ਉਹ ਗੱਲ ਏਥੇ ਹੀ ਨਹੀਂ ਮੁਕਾਉਣੀ ਚਾਹੁੰਦਾ ਸੀ।

"ਸ਼ੀਨੱਪਈਏ ਅਤੇ ਸਾਡੇ 'ਚ ਬੜੀ ਨੇੜ੍ਹਤਾ ਹੈ। ਮੇਰੇ ਸਹੁਰੇ ਦਾ ਵਧੀਆ ਦੋਸਤ ਹੈ, ਉਸ ਨੇ ਆਪਣੇ ਦੂਜੇ ਮੁੰਡੇ ਦਾ ਵਿਆਹ ਮੇਰੀ ਘਰਵਾਲੀ ਦੀ ਛੋਟੀ ਭੈਣ ਨਾਲ ਕਰਾਇਆ ਸੀ...।"

"ਹੂੰ-ਹੂੰ ਕਰਕੇ ਪ੍ਰਾਣੇਸ਼ਾਚਾਰੀਏ ਨੇ ਆਪਣੀ ਤੋਰ ਤੇਜ਼ ਕੀਤੀ ਪਰ ਉਹਨਾਂ ਦੇ ਨਾਲ ਤੁਰ ਰਿਹਾ ਸਾਥੀ ਵੀ ਏਨੀ ਛੇਤੀ ਹਾਰ ਮੰਨਣ ਵਾਲਾ ਨਹੀਂ ਸੀ। ਇਹ ਸੋਚ ਕੇ ਪ੍ਰਾਣੇਸ਼ਾਚਾਰੀਏ ਨੇ ਸੋਚਿਆ ਕਿ ਜੇ ਇਸ ਨੂੰ ਕਾਹਲ ਹੋਈ ਤਾਂ ਆਪੇ ਚਲਾ ਜਾਵੇਗਾ। ਥੱਕ ਜਾਣ ਦਾ ਬਹਾਨਾ ਕਰਕੇ ਉਹ ਬਿਰਖ ਦੀ ਛਾਂ ਹੇਠ ਬੈਠ ਗਏ। ਪੁੱਟੇ ਨੂੰ ਜਿਵੇਂ ਇਸ ਨਾਲ ਵੀ ਖ਼ੁਸ਼ੀ ਹੋਈ, ਉਹ ਵੀ ਇੱਕ ਲੰਬਾ ਸਾਹ ਲੈ ਕੇ ਬੈਠ ਗਿਆ। ਜੇਬ 'ਚੋਂ ਉਸ ਨੇ ਬੀੜੀਆਂਅਤੇ ਮਾਚਿਸ ਕੱਢੀ ਅਤੇ ਇੱਕ ਬੀੜੀ ਪ੍ਰਾਣੇਸ਼ਾਚਾਰੀਏ ਵੱਲ ਕੀਤੀ। ਇਹ ਕਹਿ ਕੇ ਕਿ ਉਹ ਪੀਂਦੇ ਨਹੀਂ, ਉਹਨਾਂ ਨੇ ਬੀੜੀ ਨਹੀਂ ਲਈ। ਪੁੱਟੇ ਨੇ ਆਪਣੀ ਬੀੜੀ ਬਾਲੀ। ਇਹ ਦਰਸਾਉਂਦਿਆਂ ਕਿ ਉਹਨਾਂ ਦੀ ਥਕਾਨ ਛੇਤੀ ਹੀ ਘਟ ਗਈ, ਉਹ ਉੱਠ ਕੇ ਖੜ੍ਹੇ ਹੋ ਗਏ ਅਤੇ ਫੇਰ ਤੁਰਨਾ ਸ਼ੁਰੂ ਕਰ ਦਿੱਤਾ। ਪੁੱਟਾ ਵੀ ਖੜ੍ਹਾ ਹੋ ਗਿਆ ਅਤੇ ਉਹਨਾਂ ਦੇ ਨਾਲ ਹੋ ਗਿਆ। "ਗੱਲ ਇਹ ਹੈ ਕਿ ਜੇਕਰ ਲੰਬੇ ਰਸਤੇ 'ਚ ਕੋਈ ਗੱਲਬਾਤ ਕਰਨ ਦੇ ਲਈ ਮਿਲ ਜਾਵੇ ਤਾਂ ਰਸਤੇ ਦਾ ਪਤਾ ਹੀ ਨਹੀਂ ਚਲਦਾ, ਮੈਨੂੰ ਤਾਂ ਖਾਸਕਰ ਹਮੇਸ਼ਾ ਹੀ ਕਿਸੇ ਦੇ ਸਾਥ ਦੀ ਭਾਲ ਰਹਿੰਦੀ ਹੈ ਜਿਸ ਨਾਲ



ਗੱਲਾਂ ਕਰਦਾ ਜਾਵਾਂ।" ਪੁੱਟੇ ਨੇ ਮੁਸਕਰਾਉਂਦਿਆਂ ਅਤੇ ਪ੍ਰਾਣੇਸ਼ਾਚਾਰੀਏ ਦੇ ਵੱਲ ਕੁਝ ਉਤਸੁਕਤਾ ਨਾਲ ਦੇਖਦਿਆਂ ਕਿਹਾ।

## 2

ਆਚਾਰੀਏ ਦੀ ਘਰਵਾਲੀ ਦੇ ਦਾਹ-ਸੰਸਕਾਰ ਦੇ ਅਤੇ ਜਿੱਧਰ ਉਹਨਾਂ ਦੇ ਪੈਰ ਲੈ ਜਾਣ ਉਧਰ ਹੀ ਤੁਰ ਪੈਣ ਦੇ ਉਹਨਾਂ ਦੇ ਨਿਸ਼ਚੇ ਦੇ ਕੁਝ ਹੀ ਘੰਟਿਆਂ ਦੇ ਅੰਦਰ ਪਾਰਿਜਾਤਪੁਰ ਦੇ ਲੋਕਾਂ ਨੂੰ ਸਭ ਕੁਝ ਪਤਾ ਲੱਗ ਗਿਆ-ਸਿਵਾਏ ਇਸ ਦੇ ਕਿ ਨਾਰਣੱਪਾ ਦਾ ਅਗਨ-ਸੰਸਕਾਰ ਅਸਲ 'ਚ ਕਿਸੇ ਮੁਸਲਮਾਨ ਦੇ ਹੱਥੋਂ ਹੋਇਆ ਹੈ। ਪਾਰਿਜਾਤਪੁਰ ਦੇ ਉਹ ਨੌਜੁਆਨ, ਜਿਨ੍ਹਾਂ ਬਹਾਦਰੀ ਦੇ ਭਾਵ ਜਾਗ ਪੈਣ ਦੇ ਇੱਕ ਪਲ 'ਚ ਆਪਣੇ ਮਿੱਤਰ ਨਾਰਣੱਪੇ ਦਾ ਦਾਹ-ਸੰਸਕਾਰ ਆਪ ਕਰਨ ਦਾ ਨਿਸ਼ਚਾ ਕੀਤਾ ਸੀ, ਪਰ ਆਪਣੀ ਜਾਨ ਬਚਾਉਣ ਦੇ ਲਈ ਡਰ ਨਾਲ ਤਾਬੜ ਤੋੜ ਭੱਜੇ ਸਨ, ਜੋ ਕੁਝ ਉਹਨਾਂ ਨੇ ਉੱਥੇ ਦੇਖਿਆ, ਉਸ ਬਾਰੇ ਚੁੱਪ ਹੀ ਕਰ ਗਏ, ਕਿਸੇ ਨੂੰ ਕੁਝ ਨਹੀਂ ਕਿਹਾ। ਮੰਜਈਏ ਨੂੰ ਜਿਸ ਗੱਲ ਨੇ ਸਭ ਤੋਂ ਫ਼ਿਕਰਮੰਦ ਕੀਤਾ, ਉਹ ਸੀ ਕਿ ਇੱਕ ਦੇ ਬਾਦ ਇੱਕ ਹੋ ਰਹੀ ਮੌਤ। ਸਭ ਤੋਂ ਪਹਿਲਾਂ ਨਾਰਣੱਪਾ, ਫੇਰ ਦਾਸਾਚਾਰੀਆ, ਫੇਰ ਪ੍ਰਾਣੇਸ਼ਾਚਾਰੀਆ ਦੀ ਘਰਵਾਲੀ-ਇਸ ਲੜੀ ਦਾ ਇੱਕੋ ਹੀ ਅਰਥ ਸੀ, ਮਹਾਂਮਾਰੀ। ਜਿਵੇਂ ਅਨੁਭਵੀ ਅਤੇ ਵਿਹਾਰ ਵਿਚ ਉਹ ਨਿਪੁੰਨ ਸੀ-ਮੰਡੀਆਂ 'ਚ, ਕੋਰਟ-ਕਚਹਿਰੀਆਂ 'ਚ, ਸ਼ਿਵਮੋਗਾ ਦੇ ਦਫ਼ਤਰਾਂ 'ਚ, ਉਸ ਨੂੰ ਪੰਡਤਾਂ ਦੇ ਦੱਸੇ ਗਏ ਮੌਤਾਂ ਦੇ ਇਹਨਾਂ ਕਾਰਨਾਂ 'ਤੇ ਤਰਸ ਅਤੇ ਹਾਸੀ ਹੀ ਆ ਰਹੀ ਸੀ। ਉਹਨਾਂ ਪੰਡਤਾਂ ਦਾ ਵਿਸ਼ਵਾਸ ਸੀ ਕਿ ਜੋ ਕੁਝ ਵਾਪਰ ਰਿਹਾ ਸੀ ਉਸ ਦਾ ਕਾਰਨ ਸਿਰਫ਼ ਨਾਰਣੱਪੇ ਦੀ ਬੇਵਕਤੀ ਮੌਤ ਸੀ ਅਤੇ ਫੇਰ ਪੰਡਤਾਂ ਵੱਲੋਂ ਆਪਣੇ ਫਰਜ਼ ਦੀ ਲਾਪਰਵਾਹੀ, ਉਸ ਦਾ ਠੀਕ ਢੰਗ ਨਾਲ ਕਿਰਿਆ ਕਰਮ ਨਾ ਕਰਨਾ। ਮੰਜਈਏ ਨੇ ਬੇਸ਼ਕ ਏਨਾ ਜ਼ਰੂਰ ਕਿਹਾ, "ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਦਾਸਾਚਾਰੀਆ ਮਰ ਗਿਆ। ਪਰਸੋਂ ਹੀ ਤਾਂ ਉਹ ਉਹਨਾਂ ਦੇ ਘਰ ਆ ਕੇ ਉਪਮਾ ਖਾ ਕੇ ਗਿਆ ਸੀ।" ਪਰ ਮੰਜਈਆ ਇਸ ਗੱਲ ਤੋਂ ਡਰਿਆ ਵੀ ਸੀ ਕਿ ਉਸੇ ਨੇ ਹੀ ਤਾਂ ਉਸ ਪੰਡਤ ਨੂੰ ਆਪਣੇ ਘਰੇ ਆਉਣ ਦਿੱਤਾ ਸੀ। ਜਿਵੇਂ ਹੀ ਉਸ ਨੂੰ ਪਤਾ ਲੱਗਿਆ ਕਿ ਨਾਰਣੱਪੇ ਦੀ ਮੌਤ ਸ਼ਿਵਮੋਗੇ ਤੋਂ ਮੁੜਨ 'ਤੇ ਤੇਜ਼ ਬੁਖ਼ਾਰ ਅਤੇ ਢਿੱਡ ਦੇ ਹੇਠਲੇ ਹਿੱਸੇ 'ਚ ਨਿਕਲੀ ਹੋਈ ਗਿਲਟੀ ਕਾਰਨ ਹੋਈ ਹੈ, ਉਸ ਨੂੰ ਸ਼ੱਕ ਹੋਣ ਲੱਗਿਆ ਸੀ। ਹੁਣ ਤਾਂ ਉਹ ਉਸ ਭਿਆਨਕ ਬੀਮਾਰੀ ਦਾ ਨਾਂ ਲੈਣੋਂ ਵੀ ਡਰ ਰਿਹਾ ਸੀ। ਕਿਉਂ ਅੱਗੇ ਆ ਕੇ ਲੋਕਾਂ ਦੀ ਨਜ਼ਰ 'ਚ ਆਵੇ, ਉਸ ਨੇ ਸੋਚਿਆ ਪਰ ਜਦ ਉਸ ਨੂੰ ਪਤਾ ਲੱਗਿਆ ਕਿ ਚੂਹੇ ਅਗਰਹਾਰ 'ਚੋਂ ਭੱਜ ਕੇ ਚਾਰੇ ਦਿਸ਼ਾਵਾਂ 'ਚ ਫਿਰ ਰਹੇ ਹਨ ਅਤੇ ਵਿਚਾਲੇ ਹੀ ਗਿਰ ਕੇ ਮਰ ਜਾਂਦੇ ਹਨ ਅਤੇ ਮਾਸਖੋਰੇ ਪੰਛੀ ਉਹਨਾਂ ਨੂੰ ਖਾਣ ਦੇ ਲਈ ਇਕੱਠੇ ਹੋ ਗਏ ਹਨ ਤਾਂ ਉਸ ਦਾ ਸ਼ੱਕ ਵਿਸ਼ਵਾਸ 'ਚ ਬਦਲ ਗਿਆ। ਉਸ ਦਾ ਅੰਦਾਜ਼ਾ ਸੋਲ੍ਹਾਂ ਆਨੇ ਸੱਚ ਹੀ ਨਿਕਲਿਆ। ਕੱਲ੍ਹ ਹੀ ਤਾਂ 'ਤਾਯਨਾਡੂ' ਅਖ਼ਬਾਰ ਦਾ ਜੋ ਅੰਕ ਉਸ ਨੂੰ ਦੇਖਣ ਨੂੰ ਮਿਲਿਆ, ਜੋ ਇੱਕ ਹਫ਼ਤਾ ਪੁਰਾਣਾ ਸੀ, ਉਸ ਦੀ ਇੱਕ ਨੁੱਕਰ 'ਚ ਖ਼ਬਰ ਛਪੀ ਸੀ, 'ਸ਼ਿਵਮੋਗਾ 'ਚ ਪਲੇਗ', ਨਾਰਣੱਪਾ ਹੀ ਪਲੇਗ ਦੀ ਮਹਾਂਮਾਰੀ ਨੂੰ ਅਗਰਹਾਰ 'ਚ ਲੈ ਆਇਆ ਸੀ ਅਤੇ ਇਹ ਪਲੇਗ ਜੰਗਲ ਦੀ ਅੱਗ ਦੀ ਤਰ੍ਹਾਂ ਫ਼ੈਲਦੀ ਗਈ। ਏਨੀ ਦੇਰ ਤੋਂ ਮਹਾਂਮਾਰੀ ਦੇ ਵਿਰੁੱਧ ਕੋਈ ਵੀ ਕਦਮ ਨਾ ਚੁੱਕ ਕੇ, ਅੰਧ ਵਿਸ਼ਵਾਸਾਂ ਨਾਲ ਚਿੰਬੜੇ ਰਹਿ ਕੇ ਅਤੇ ਮਰ ਚੁੱਕੇ ਨਾਰਣੱਪੇ ਦਾ ਦਾਹ-ਸੰਸਕਾਰ ਨਾ ਕਰਕੇ ਇਹਨਾਂ ਲੋਕਾਂ ਨੇ ਜਿਵੇਂ ਆਪਣੇ ਹੀ ਸਿਰਾਂ 'ਤੇ ਪਹਾੜ ਨੂੰ ਸੁੱਟ ਲਿਆ ਸੀ। "ਉਹ ਆਪ ਵੀ ਤਾਂ ਕੋਈ ਘੱਟ ਮੂਰਖ਼ ਨਹੀਂ ਸੀ। ਬਾਹਰ ਵਰ੍ਹਾਂਡੇ 'ਚ ਖੜ੍ਹ ਕੇ ਉਸ ਨੇ ਕਿਹਾ, "ਛੇਤੀ ਦੇਣੇ ਬਲ਼ਦ-ਗੱਡੀਆਂ ਜੋੜ ਕੇ ਤਿਆਰ ਕਰੋ।" ਹੁਣ ਸਮਾਂ ਖ਼ਰਾਬ ਕਰਨ ਦਾ ਵਕਤ ਨਹੀਂ ਹੈ। ਕਿਸੇ ਵੀ ਵੇਲੇ ਪਲੇਗ ਦੀ ਹਵਾ ਨਦੀ ਪਾਰ ਕਰ ਜਾਵੇਗੀ ਅਤੇ ਅਗਰਹਾਰ 'ਚ ਆ ਜਾਵੇਗੀ। ਪਲੇਗ ਨਾਲ

ਮਰੇ ਕਿਸੇ ਚੂਹੇ ਨੂੰ ਇੱਲ੍ਹ ਉਹਨਾਂ ਦੇ ਵੱਲ ਚੁੰਝ 'ਚੋਂ ਸੁੱਟ ਗਈ, ਏਨੇ ਨਾਲ ਹੀ ਸੱਤਿਆਨਾਸ ਹੋ ਸਕਦਾ ਹੈ। ਉਹ ਘਰ ਦੇ ਬਾਹਰ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਕੇ ਜਿਵੇਂ ਸਭ ਨੂੰ ਸੁਣਾਉਣ ਲੱਗਿਆ, "ਜਦ ਤੱਕ ਮੈਂ ਸ਼ਹਿਰੋਂ ਮੁੜ ਨਾ ਆਵਾਂ, ਕੋਈ ਵੀ ਦੁਰਵਾਸਾਪੁਰ ਦੇ ਨੇੜੇ ਵੀ ਨਾ ਜਾਵੇ।" ਅਗਰਹਾਰ ਦਾ ਮੁਖੀ ਹੋਣ ਦੇ ਅਤੇ ਉਹ ਉਹਨਾਂ ਨੂੰ ਪਲੇਗ ਦਾ ਨਾਂ ਲੈ ਕੇ ਡਰਾਉਣਾ ਨਹੀਂ ਚਾਹੁੰਦਾ ਸੀ।

ਬਲ਼ਦ ਗੱਡੀ ਤਿਆਰ ਹੋ ਗਈ ਸੀ। ਅੰਦਰ ਰੱਖੇ ਇੱਕ ਸਿਰਹਾਣੇ ਨਾਲ ਢੋਹ ਲਾ ਕੇ ਉਹ ਬੈਠਦਿਆਂ ਅਤੇ ਗੱਡੀਵਾਨ ਨੂੰ ਤੀਰਥੱਲੀ ਦੇ ਵੱਲ ਬਲ਼ਦਾਂ ਨੂੰ ਹੱਕਣ ਦੇ ਲਈ ਕਿਹਾ। ਉਸ ਦੀ ਯਥਾਰਥਵਾਦੀ ਸੂਝ-ਬੂਝ ਨਾਲ ਸਭ ਯੋਜਨਾ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ-ਇੱਕ, ਨਗਰਪਾਲਿਕਾ ਵਾਲਿਆਂ ਨੂੰ ਕਹਿ ਕੇ ਲਾਸ਼ ਨੂੰ ਉੱਥੋਂ ਚੁਕਵਾ ਦਿਉ, ਦੋ, ਡਾਕਟਰਾਂ ਨੂੰ ਬੁਲਾ ਕੇ ਪਲੇਗ ਦੇ ਬਚਾਅ ਦੇ ਲਈ ਟੀਕੇ ਲਗਵਾਉਣਾ, ਤਿੰਨ, ਚੂਹਿਆਂ ਨੂੰ ਮਾਰਨ ਵਾਲਿਆਂ ਨੂੰ ਬੁਲਾਉਣਾ, ਚੂਹਿਆਂ ਦੀਆਂ ਖੁੱਡਾਂ 'ਚ ਪੰਪਾਂ ਨਾਲ ਜ਼ਹਿਰੀਲੀ ਗੈਸ ਦਾ ਛਿੜਕਾ ਕਰਨਾ, ਚਾਰ, ਲੋੜ ਪੈਣ 'ਤੇ ਅਗਰਹਾਰ ਵਾਸੀਆਂ ਨੂੰ ਸੁਰੱਖਿਅਤ ਥਾਵੇਂ ਭੇਜਣਾ। ਕਾਫ਼ੀ ਦੇਰ ਤੱਕ ਉਹ ਬੁੜਬੁੜਾਉਂਦਾ ਰਿਹਾ, ਮੂਰਖ, ਮਹਾਂਮੂਰਖ, ਇਸ ਦੇ ਨਾਲ ਗੱਡੀ ਵਾਲੇ ਨੂੰ ਵੀ ਬਲ਼ਦਾਂ ਦੀ ਪੂਛ ਮਰੋੜ ਕੇ ਉਹਨਾਂ ਨੂੰ ਤੇਜ਼ੀ ਨਾਲ ਭਜਾਉਣ ਦੇ ਲਈ ਕਿਹਾ। ਬਲ਼ਦ-ਗੱਡੀ ਤੀਰਥੱਹਲੀ ਦੀ ਸੜਕ 'ਤੇ ਭੱਜ ਰਹੀ ਸੀ।

ਮਠ 'ਚੋਂ ਕੁਝ ਨਿਰਾਸ਼ਾ ਨਾਲ ਨਿਕਲਦਿਆਂ 'ਹਰੀ-ਹਰੀ' ਦਾ ਨਾਂ ਜਪਦਿਆਂ ਗਰੁੜਾਚਾਰੀਆ, ਲਕਸ਼ਮਣਾਚਾਰੀਆ ਅਤੇ ਹੋਰ ਪੰਡਤ ਅਗਰਹਾਰ ਵਾਪਿਸ ਆ ਗਏ। ਪਦਮਨਾਭਾਚਾਰੀਆ ਤੇਜ਼ ਬੁਖ਼ਾਰ ਨਾਲ ਮੰਜੇ 'ਤੇ ਪਿਆ ਸੀ, ਜਦ ਉਹ ਅਗਰਹਾਰ ਪਹੁੰਚੇ ਤਾਂ ਉਹ ਬੇਹੋਸ਼ੀ 'ਚ ਸੀ। ਉਹਨਾਂ 'ਚੋਂ ਹੀ ਇੱਕ ਪੇਕੇ ਗਈ ਉਸ ਦੀ ਘਰਵਾਲੀ ਨੂੰ ਉਸ ਦੀ ਹਾਲਤ ਦੇ ਬਾਰੇ ਦੱਸਣ ਲਈ ਗਿਆ। ਦੂਜਾ ਡਾਕਟਰ ਬੁਲਾਉਣ ਦੇ ਲਈ ਸ਼ਹਿਰ ਵੱਲ ਭੱਜਿਆ। ਗਰੁੜਾਚਾਰੀਆ ਡਰ ਗਿਆ। ਮਠ 'ਚ ਬੁਖ਼ਾਰ ਨੇ ਗੁੰਡਾਚਾਰੀਏ ਨੂੰ ਵੀ ਦਬੋਚ ਲਿਆ ਸੀ, ਕੈਮਰ 'ਚ ਦਾਸਾਚਾਰੀਆ ਬੁਖ਼ਾਰ ਨਾਲ ਪਿਆ ਸੀ। ਏਥੇ ਪਦਮਨਾਭਾਚਾਰੀਆ ਦੀ ਜੀਭ ਮੂੰਹੋਂ ਬਾਹਰ ਆ ਰਹੀ ਸੀ-ਅਗਰਹਾਰ 'ਤੇ ਕੋਈ ਭਿਆਨਕ ਖ਼ਤਰਾ ਮੰਡਰਾ ਰਿਹਾ ਸੀ। ਸਭ ਦੇ ਸਾਹਮਣੇ ਲਕਸ਼ਮਣ ਨੇ ਗਰੁੜ ਨੂੰ ਨਾਰਣੱਪੇ ਦੇ ਦਾਹ-ਸੰਸਕਾਰ 'ਚ ਰੁਕਾਵਟ ਪਾਉਣ ਦੇ ਲਈ ਗਾਲ੍ਹਾਂ ਕੱਢੀਆਂ। ਪਰ ਇਸ ਦੀ ਕਿਸੇ ਨੇ ਪਰਵਾਹ ਨਾ ਕੀਤੀ, ਸੰਕਟ ਦਾ ਇਹ ਸਮਾਂ ਆਪਸ 'ਚ ਗਾਲਮ-ਗਾਲੀ ਹੋਣ ਦਾ ਨਹੀਂ ਹੈ-ਸਭ ਨੂੰ ਮਿਲ ਕੇ ਛੇਤੀ ਤੋਂ ਛੇਤੀ ਦਾਹ-ਸੰਸਕਾਰ ਕਰ ਦੇਣਾ ਚਾਹੀਦਾ ਹੈ। ਮਰਜ਼ੀ ਦੇ ਬਿਨਾ ਰੋਗੀ ਪਦਮਨਾਭਾਚਾਰੀਏ ਨੂੰ ਉਹ ਉੱਥੇ ਹੀ ਛੱਡ ਗਏ ਅਤੇ ਨਿਕਲ ਪਏ। ਗਰੁੜ ਨੇ ਹੱਥ ਜੋੜ ਕੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਮਠ ਦੇ ਵੈਦ ਨੂੰ ਨਾਲ ਲੈ ਕੇ ਜਾਣ ਅਤੇ ਉੱਥੇ ਬੇਵਸ ਪਏ ਗੁੰਡਾਚਾਰੀਏ ਦੀ ਦਵਾ ਦਾਰੂ ਦੀ ਵੀ ਕੋਸ਼ਿਸ਼ ਕਰਨ। ਰਸਤੇ 'ਚ ਕਿਸੇ ਨੂੰ ਇੱਕ ਸ਼ਬਦ ਵੀ ਬੋਲਣ ਦਾ ਹੌਸਲਾ ਨਹੀਂ ਹੋਇਆ। ਇੱਕ ਡੂੰਘੀ ਉਦਾਸੀ ਉਹਨਾਂ 'ਤੇ ਛਾ ਗਈ ਸੀ। ਗਰੁੜ ਅੰਦਰੇ-ਅੰਦਰ ਹਨੂਮਾਨ ਜੀ ਨੂੰ ਪ੍ਰਾਰਥਨਾ ਕਰ ਰਿਹਾ ਸੀ, "ਮੈਂ ਜ਼ਰੂਰ ਦੰਡ ਭੁਗਤਾਂਗਾ। ਹੇ ਭਗਵਾਨ ਮੈਨੂੰ ਮਾਫ਼ ਕਰ ਦਿਉ।" ਭਾਰੀ ਮਨ ਨਾਲ ਉਹ ਕੈਮਰ ਜਾ ਪਹੁੰਚੇ ਅਤੇ ਉੱਥੇ ਜਾ ਕੇ ਕੀ ਦੇਖਿਆ, ਸੁਣਿਆ? ਦਾਸਾਚਾਰੀਏ ਦੇ ਫੁੱਲ ਅਤੇ ਪ੍ਰਾਣੇਸ਼ਾਚਾਰੀਏ ਦੀ ਘਰਵਾਲੀ ਦੀ ਮੌਤ ਦੀ ਖ਼ਬਰ ਸੁਣ ਕੇ ਉਹ ਹੱਕੇ-ਬੱਕੇ ਰਹਿ ਗਏ। ਉਹਨਾਂ ਦੇ ਸੰਸਾਰ 'ਚ ਇਹ ਕੇਹੀ ਉਥਲ-ਪੁਥਲ ਮੱਚ ਰਹੀ ਸੀ? ਉਹਨਾਂ ਨੂੰ ਲੱਗਿਆ ਕਿ ਹਨੇਰੇ 'ਚ ਉਹਨਾਂ ਨੂੰ ਭੂਤ-ਪ੍ਰੇਤ ਦਿਖਾਈ ਦੇ ਰਹੇ ਹਨ। ਬੱਚਿਆਂ ਵਾਂਗ ਉਹ ਕੰਧਾਂ ਦਾ ਸਹਾਰਾ ਲੈ ਕੇ ਉਹ ਹੰਝੂ ਬਹਾਉਣ ਲੱਗੇ।

ਉਹਨਾਂ ਸਭ 'ਚੋਂ ਵੱਡੇ ਸੁਬੱਣਾਚਾਰੀਏ ਨੇ ਉਹਨਾਂ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ। ਕਾਫ਼ੀ ਦੇਰ ਤੋਂ ਸੁੰਨ ਜਿਹੇ ਬੈਠੇ ਗਰੁੜ ਨੇ ਗ਼ਮਗੀਨ ਆਵਾਜ਼ 'ਚ ਪੁੱਛਿਆ, "ਕੀ ਚੂਹੇ ਹੁਣ ਵੀ ਮਰ ਰਹੇ ਹਨ?" ਸੁਬੱਣਾਚਾਰੀਏ ਨੇ ਕਿਹਾ, "ਇਸ ਤੋਂ ਤੁਹਾਡਾ ਕੀ ਭਾਵ ਹੈ?" "ਕੁਝ ਨਹੀਂ।" ਗਰੁੜਾਚਾਰੀਏ



ਨੇ ਜੁਆਬ ਦਿੱਤਾ, "ਇੱਲ੍ਹਾਂ ਹਾਲੇ ਵੀ ਘਰਾਂ ਦੀਆਂ ਛੱਤਾਂ 'ਤੇ ਬੈਠੀਆਂ ਹੋਈਆਂ ਹਨ।"

ਸੁਬੱਣਾਚਾਰੀਏ ਨੇ ਕਿਹਾ, "ਉੱਠੋ, ਦਾਹ-ਸੰਸਕਾਰ ਪੂਰਾ ਹੋ ਜਾਵੇ, ਸਭ ਕੁਝ ਠੀਕ ਹੋ ਜਾਵੇਗਾ।" ਗਰੁੜਾਚਾਰੀਏ ਨੇ ਕਿਹਾ ਕਿ ਉਹ ਤਾਂ ਅਗਰਹਾਰ 'ਚ ਨਹੀਂ ਜਾਵੇਗਾ। ਬਾਕੀ ਦੇ ਪੰਡਤਾਂ 'ਚ ਘੁਸਰ-ਮੁਸਰ ਸ਼ੁਰੂ ਹੋ ਗਈ, "ਸੜ ਚੁੱਕੀ ਲਾਸ਼ ਦਾ ਸੰਸਕਾਰ ਕਿਵੇਂ ਹੋਵੇਗਾ? ਚਾਰ ਗੱਡੇ ਭਰ ਕੇ ਲੱਕੜਾਂ ਵੀ ਇਸ ਦੇ ਲਈ ਥੋੜ੍ਹੀਆਂ ਹੋਣਗੀਆਂ।" ਲਕਸ਼ਮਣਾਚਾਰੀਏ ਨੇ ਕਿਹਾ, "ਫੇਰ ਤਾਂ ਜਾਣਾ ਹੀ ਠੀਕ ਹੈ।" ਗਰੁੜਾਚਾਰੀਏ ਨੇ ਜੁਆਬ ਦਿੱਤਾ, "ਮੈਂ ਬਿਲਕੁਲ ਥੱਕ ਗਿਆ ਹਾਂ ਤੁਹਾਡੇ 'ਚੋਂ ਕੋਈ ਦਾਹ-ਸੰਸਕਾਰ ਕਰ ਕਰਾ ਦੇਵੇ।" ਇਸ 'ਤੇ ਸੁਬੱਣਾਚਾਰੀਆ ਬੋਲੇ, "ਜੇਕਰ ਤੁਹਾਡੇ ਵਰਗੇ ਪ੍ਰੌੜ ਅਤੇ ਅਨੁਭਵੀ ਬੰਦੇ ਵੀ ਇਸ ਤਰ੍ਹਾਂ ਡਰ ਜਾਣਗੇ ਤਾਂ ਹੋਰ ਲੋਕਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ?"

ਗਰੁੜਾਚਾਰੀਏ ਨੇ ਫੇਰ ਜ਼ਿੱਦ ਕਰਕੇ ਕਿਹਾ, "ਮੈਂ ਤਾਂ ਬਿਲਕੁਲ ਕੁਝ ਨਹੀਂ ਕਰ ਸਕਾਂਗਾ।"

ਲਕਸ਼ਮਣਾਚਾਰੀਏ ਨੇ ਉਸ ਨੂੰ ਫੇਰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਅਗਰਹਾਰ 'ਚ ਕੋਈ ਵੀ ਤਾਂ ਨਹੀਂ ਹੈ।" ਬਾਕੀ ਪੰਡਤਾਂ ਨੇ ਇੱਕ ਮਤ ਹੋ ਕੇ ਕਿਹਾ, "ਠੀਕ ਹੀ ਤਾਂ ਹੈ।" 'ਹਰੀ-ਹਰੀ' ਦਾ ਨਾਂ ਲੈਂਦਿਆਂ ਸਭ ਜਾਣ ਦੇ ਲਈ ਤਿਆਰ ਹੋ ਗਏ। ਸਾਰੇ ਰਸਤੇ 'ਰਾਘਵੇਨੁ ਸਤੋਤਰ' ਦਾ ਪਾਠ ਕਰਦੇ ਰਹੇ।

ਬੇਲੀ ਦੇ ਘਰਦਿਆਂ ਨੇ ਮੁਰਗੇ ਦੀ ਬਲੀ ਦਿੱਤੀ ਅਤੇ ਇੱਕ ਸੁੱਖ ਇਹ ਵੀ ਸੁੱਖੀ ਕਿ ਅਗਲੀ ਮੱਸਿਆ ਨੂੰ ਇੱਕ ਬੱਕਰੇ ਦੀ ਬਲੀ ਦੇਣਗੇ, ਫੇਰ ਵੀ ਬੇਲੀ ਦੇ ਮਾਤਾ-ਪਿਤਾ ਨਹੀਂ ਬਚ ਸਕੇ। ਉਸੇ ਰਾਤ ਪ੍ਰਾਣੇਸ਼ਾਚਾਰੀਏ ਦੀ ਘਰਵਾਲੀ ਦੀ ਮੌਤ ਹੋਈ ਸੀ। ਬੇਲੀ ਦਾ ਰੋਣਾ-ਕੁਰਲਾਉਣਾ ਸੁਣ ਕੇ ਆਂਢ-ਗੁਆਂਢ ਦੇ ਲੋਕ ਇਕੱਠੇ ਹੋ ਗਏ। ਉਹਨਾਂ ਦੇ ਕਾਲੇ, ਅੱਧ ਨੰਗੇ ਸਰੀਰ ਉਸ ਕੁਟੀਆ ਦੇ ਦੁਆਲੇ ਬੈਠ ਗਏ ਅਤੇ ਅੱਧੇ ਘੰਟੇ ਤੱਕ ਹਨੇਰੇ 'ਚ ਉਸ ਦੇ ਨਾਲ ਰੋਂਦੇ ਰਹੇ। ਉਦੋਂ ਤਾੜ ਦੇ ਸੁੱਕੇ ਪੱਤਿਆਂ ਨਾਲ ਛੱਤੀ ਉਸ ਝੁੱਗੀ ਨੂੰ ਅੱਗ ਲਾ ਦਿੱਤੀ ਗਈ। ਦੇਖਦੇ-ਦੇਖਦੇ ਅੱਗ ਦੀਆਂ ਲਾਟਾਂ ਆਸਮਾਨ ਛੋਹਣ ਲੱਗੀਆਂ ਅਤੇ ਬੇਲੀ ਦੇ ਮਾਤਾ-ਪਿਤਾ ਨੂੰ ਵੀ ਚਟ ਕਰ ਗਈਆਂ। ਬੇਲੀ, ਜੋ ਹੁਣ ਤੱਕ ਉੱਥੇ ਖੜ੍ਹੀ ਇਸ ਅਗਨੀ ਕਾਂਡ ਨੂੰ ਦੇਖ ਰਹੀ ਸੀ, ਡਰੇ ਹੋਏ ਪਿੰਡੋਂ ਭੱਜਦੇ ਹੋਏ ਚੂਹਿਆਂ ਦੀ ਤਰ੍ਹਾਂ ਹੀ, ਦਿਸ਼ਾਹੀਣ ਹਨੇਰੇ ਦੇ ਵੱਲ ਭੱਜ ਗਈ।

ਮਾਲੇਰ ਦਾ ਪੁੱਟਾ ਪ੍ਰਾਣੇਸ਼ਾਚਾਰੀਏ ਦੇ ਪਿੱਛੇ ਹੀ ਲੱਗਿਆ ਰਿਹਾ-ਅਤੀਤ ਦੇ ਉਹਨਾਂ ਦੇ ਕਿਸੇ ਪਾਪ ਦੀ ਤਰ੍ਹਾਂ! ਜਦ ਉਹ ਰੁਕਦੇ ਤਾਂ ਉਹ ਵੀ ਰੁਕ ਜਾਂਦਾ; ਬੈਠਦੇ, ਤਾਂ ਬੈਠ ਜਾਂਦਾ। ਛੋਹਲੇ ਕਦਮੀਂ ਤੁਰਦਿਆਂ ਤਾਂ ਉਹ ਵੀ ਆਪਣੀ ਚਾਲ ਤੇਜ਼ ਕਰ ਦਿੰਦਾ, ਹੌਲੀ ਹੁੰਦੇ ਤਾਂ ਹੌਲੀ ਹੋ ਜਾਂਦਾ। ਪ੍ਰਾਣੇਸ਼ਾਚਾਰੀਏ ਦੀ ਪਰੇਸ਼ਾਨੀ ਇਉਂ ਵਧ ਰਹੀ ਸੀ। ਉਹਨਾਂ ਦਾ ਬਿਲਕੁਲ ਇਕੱਲਾ ਹੋਣ ਨੂੰ ਜੀ ਕਰ ਰਿਹਾ ਸੀ, ਅੱਖਾਂ ਮੀਚ ਕੇ ਆਪਣੇ ਬਾਰੇ ਸੋਚਣਾ ਚਾਹੁੰਦੇ ਸਨ ਪਰ ਇਹ ਪੁੱਟਾ ਨਿਰੰਤਰ ਬੁੜਬੁੜਾਈ ਜਾ ਰਿਹਾ ਸੀ। ਆਚਾਰੀਏ ਨੇ ਉਸ ਵੱਲ ਇੱਕ ਵਾਰ ਵੀ ਨਾ ਦੇਖਿਆ ਪਰ ਫੇਰ ਵੀ ਉਹ ਜਿਵੇਂ ਉਹਨਾਂ ਨਾਲ ਚਿੰਬੜਿਆ ਹੋਇਆ ਹੈ। ਪਰ ਉਸ ਨੂੰ ਇਹ ਨਹੀਂ ਪਤਾ ਕਿ ਵੇਦਾਂਤ-ਸ਼ਿਰੋਮਣੀ ਪ੍ਰਾਣੇਸ਼ਾਚਾਰੀਆ ਇਹੀ ਹਨ, ਉਸ ਦਾ ਵਤੀਰਾ ਦਾਨ-ਦੱਖਣਾ ਲੈਣ ਨੂੰ ਨਿਕਲੇ ਇੱਕ ਆਮ ਪੰਡਤ ਵਰਗਾ ਹੈ। ਆਚਾਰੀਏ ਨੂੰ ਉਸ ਨੇ ਕਿਹਾ ਕਿ ਏਨਾ ਲੰਬਾ ਰਾਹ ਨੰਗੇ ਪੈਰੀਂ ਨਹੀਂ ਤੁਰਨਾ ਚਾਹੀਦਾ, ਦੱਸਿਆ ਸੀ ਕਿ ਤੀਰਥਹੱਲੀ 'ਚ ਹੱਥ ਨਾਲ ਸਿਉਂਤੀਆਂ ਚੱਪਲਾਂ ਤਿੰਨ ਰੁਪਏ 'ਚ ਲਈਆਂ ਜਾ ਸਕਦੀਆਂ ਹਨ। ਉਪਦੇਸ਼ ਭਰੀ ਆਵਾਜ਼ 'ਚ ਉਸ ਨੇ ਪੁੱਛਿਆ, "ਪੈਸਾ ਜਾਂ ਆਰਾਮ, ਇਹਨਾਂ 'ਚ ਕਿਹੜੀ ਗੱਲ ਜ਼ਿਆਦਾ ਮਹੱਤਵ ਰੱਖਦੀ ਹੈ? ਮੇਰੀਆਂ ਚੱਪਲਾਂ ਦੇਖੋ, ਇੱਕ ਸਾਲ ਹੋ ਗਿਆ ਲਈਆਂ ਨੂੰ, ਪਰ ਥੋੜ੍ਹੀਆਂ ਜਿਹੀਆਂ ਵੀ ਘਸੀਆਂ ਨਹੀਂ।" ਉਸ ਨੇ ਚੱਪਲਾਂ ਨੂੰ ਪੈਰਾਂ 'ਚੋਂ ਲਾਹਿਆ ਅਤੇ ਆਚਾਰੀਆ ਨੂੰ ਦਿਖਾਈਆਂ। ਉਸ ਨੇ ਕਿਹਾ, "ਗੱਲਾਂ ਕਰਨਾ ਮੈਨੂੰ ਬੜਾ ਵਧੀਆ ਲਗਦਾ ਹੈ। ਆਉ, ਮੈਂ ਇੱਕ

ਬੁਝਾਰਤ ਪਾਉਂਦਾ ਹਾਂ।" ਉਸ ਨੂੰ ਬੁੱਝ ਕੇ ਦਿਖਾਉ ਤਾਂ ਮੰਨਾਂ ?

ਪ੍ਰਾਣੇਸ਼ਾਚਾਰੀਆ ਆਪਣੇ ਉਬਲਦੇ ਹੋਏ ਗੁੱਸੇ ਨੂੰ ਕਾਬੂ ਕਰਨ ਦੀ ਕੋਸ਼ਿਸ਼ 'ਚ ਚੁੱਪ ਰਹੇ। "ਇੱਕ ਨਦੀ, ਇੱਕ ਬੇੜੀ ਅਤੇ ਇੱਕ ਮਲਾਹ। ਮਲਾਹ ਦੇ ਕੋਲ ਘਾਹ ਦੀ ਇੱਕ ਪੰਡ ਵੀ ਹੈ ਅਤੇ ਨਾਲ ਹਨ ਚੀਤਾ ਅਤੇ ਇੱਕ ਗਾਂ। ਇਹਨਾਂ 'ਚੋਂ ਸਿਰਫ਼ ਇੱਕ ਨੂੰ ਨਾਲ ਲਿਜਾ ਕੇ ਹੀ ਉਹ ਇੱਕ ਵਾਰ ਨਦੀ ਪਾਰ ਕਰ ਸਕਦਾ ਹੈ। ਇਸ ਗੱਲ ਦਾ ਧਿਆਨ ਵੀ ਉਸ ਨੇ ਰੱਖਣਾ ਹੈ ਕਿ ਕਿਤੇ ਗਾਂ ਘਾਹ ਨਾ ਚਰ ਜਾਵੇ ਜਾਂ ਚੀਤਾ ਗਾਂ ਨੂੰ ਮਾਰ ਕੇ ਨਾ ਖਾ ਲਵੇ। ਨਦੀ ਦੇ ਇੱਕ ਕਿਨਾਰੇ ਤੋਂ ਦੂਜੇ ਕਿਨਾਰੇ 'ਤੇ ਸਾਰਿਆਂ ਨੇ ਪਹੁੰਚਣਾ ਵੀ ਹੈ। ਦੱਸੋ, ਇਹ ਸਭ ਕਿਵੇਂ ਹੋਵੇਗਾ ? ਦੇਖੀਏ, ਤੁਸੀਂ ਕਿੰਨੇ ਅਕਲਮੰਦ ਹੋ ?" ਬੁਝਾਰਤ ਪਾ ਕੇ ਮੌਜ ਨਾਲ ਉਸ ਨੇ ਇੱਕ ਬੀੜੀ ਲਾ ਲਈ। ਭਾਵੇਂ ਆਚਾਰੀਏ ਦਾ ਗੁੱਸਾ ਹਾਲੇ ਘਟਿਆ ਨਹੀਂ ਸੀ, ਬੁਝਾਰਤ ਉਹਨਾਂ ਦੇ ਦਿਮਾਗ਼ 'ਚ ਚੱਲਣ ਲੱਗੀ। ਪੁੱਟਾ ਨਾਲ ਹੀ ਤੁਰਿਆ ਜਾ ਰਿਹਾ ਸੀ ਅਤੇ ਹੁਣ ਆਚਾਰੀਏ ਦਾ ਮਜ਼ਾਕ ਵੀ ਉਡਾਉਣ ਲੱਗਿਆ। "ਲੱਭਿਆ ? ਜੁਆਬ ਲੱਭਿਆ ?" ਭਾਵੇਂ ਆਚਾਰੀਏ ਨੂੰ ਜੁਆਬ ਸੁੱਝ ਗਿਆ ਸੀ ਪਰ ਦੱਸਦਿਆਂ ਉਹ ਝਿਪ ਜਿਹੇ ਗਏ। ਜੇਕਰ ਬੁਝਾਰਤ ਨੂੰ ਉਹ ਬੁੱਝ ਲੈਂਦੇ ਹਨ ਤਾਂ ਪੁੱਟਾ ਉਹਨਾਂ ਦਾ ਦੋਸਤ ਬਣਨ ਦੀ ਕੋਸ਼ਿਸ਼ ਕਰੇਗਾ। ਇੱਕ ਨਵੀਂ ਦੁਵਿਧਾ ਪੈਦਾ ਹੋ ਗਈ। ਇਸ ਪੁੱਟੇ ਦੀ ਨਜ਼ਰ 'ਚ ਦੀ ਉਹ ਬੁੱਧੀਮਾਨ ਆਦਮੀ ਬਣਨਾ ਕਬੂਲ ਕਰ ਲੈਣ ?

ਪੁੱਟੇ ਨੇ ਫੇਰ ਪੁੱਛਿਆ, "ਨਹੀਂ ਮਿਲਿਆ ਨਾ ਜੁਆਬ ?" ਅਤੇ ਬੀੜੀ ਦੇ ਸੂਟੇ ਮਾਰਦਾ ਰਿਹਾ। ਪ੍ਰਾਣੇਸ਼ਾਚਾਰੀਏ ਨੇ ਸਿਰ ਹਿਲਾ ਕੇ ਕਹਿ ਦਿੱਤਾ ਕਿ "ਨਹੀਂ।" ਪੁੱਟਾ ਹੋ-ਹੋ ਕਰਕੇ ਹੱਸਿਆ। ਇਸ ਭੋਲੇ ਪਰ ਅਨਾੜੀ ਪੰਡਤ 'ਤੇ ਉਸ ਨੂੰ ਬੜਾ ਪਿਆਰ ਆਇਆ। ਫੇਰ ਛੇਤੀ ਦੇਣੇ ਬੁਝਾਰਤ ਦਾ ਹੱਲ ਦੱਸ ਦਿੱਤਾ।" ਹੁਣ ਸੁਣੋ, ਇੱਕ ਹੋਰ ਬੁਝਾਰਤ। ਉਸ ਨੇ ਕਿਹਾ :

"ਨਹੀਂ, ਨਹੀਂ।" ਪ੍ਰਾਣੇਸ਼ਾਚਾਰੀਏ ਨੇ ਕਿਹਾ।

"ਤਾਂ ਠੀਕ ਹੈ, ਤੁਸੀਂ ਹੀ ਕੋਈ ਬੁਝਾਰਤ ਪਾਉ। ਇਸ ਵਾਰ ਤੁਸੀਂ ਮੈਨੂੰ ਹਰਾ ਦਿਉ-ਜੈਸੇ ਨੂੰ ਤੈਸਾ ਹੋ ਜਾਵੇ।" ਆਚਾਰੀਏ ਨੇ ਕਿਹਾ, "ਮੈਨੂੰ ਬੁਝਾਰਤਾਂ ਪਾਉਣੀਆਂ ਨਹੀਂ ਆਉਂਦੀਆਂ।"

"ਵਿਚਾਰੇ।" ਪੁੱਟੇ ਨੇ ਮਨ 'ਚ ਕਿਹਾ। ਗੱਲਬਾਤ ਦਾ ਕੋਈ ਨਵਾਂ ਸਿਲਸਿਲਾ ਛੇੜਨ ਦੇ ਲਈ ਉਸ ਦੀ ਜੀਭ 'ਤੇ ਖੁਰਕ ਹੋ ਰਹੀ ਸੀ। ਉਸ ਨੂੰ ਇੱਕ ਨਵਾਂ ਵਿਸ਼ਾ ਸੁੱਝਿਆ, "ਆਚਾਰੀਆ ਜੀ, ਜਾਣਦੇ ਹੋ ਤੁਸੀਂ ? ਸ਼ਿਆਮ, ਜੋ ਕੁੰਦਾਪੁਰ ਦੀ ਨਾਟ-ਮੰਡਲੀ ਦਾ ਮੈਂਬਰ ਸੀ, ਵਿਚਾਰਾ ਮਰ ਗਿਆ ਹੈ।" ਆਚਾਰੀਆ ਨੇ ਜੁਆਬ ਦਿੱਤਾ, "ਹਰੇ ਰਾਮ, ਮੈਨੂੰ ਨਹੀਂ ਪਤਾ ਸੀ।"

"ਫੇਰ ਤਾਂ ਤੁਹਾਨੂੰ ਪਿੰਡ ਛੱਡੇ ਬਹੁਤ ਚਿਰ ਹੋ ਗਿਆ ਹੈ।" ਪੁੱਟੇ ਨੇ ਕਿਹਾ।

ਸਾਹਮਣੇ ਵਾਲਾ ਰਸਤਾ ਦੋ ਹਿੱਸਿਆਂ 'ਚ ਵੰਡ ਰਿਹਾ ਸੀ ਇਹ ਦੇਖ ਕੇ ਆਚਾਰੀਏ ਨੂੰ ਬੜੀ ਖ਼ੁਸ਼ੀ ਹੋਈ। ਰੁਕ ਕੇ ਉਹਨਾਂ ਨੇ ਪੁੱਟੇ ਨੂੰ ਪੁੱਛਿਆ, "ਤੂੰ ਕਿਹੜੇ ਰਸਤੇ ਜਾ ਰਿਹਾ ਹੈਂ ?" ਇੱਕ ਰਸਤੇ ਵੱਲ ਇਸ਼ਾਰਾ ਕਰਦਿਆਂ ਪੁੱਟੇ ਨੇ ਦੱਸਿਆ, "ਇਧਰ।" ਆਚਾਰੀਏ ਨੇ ਦੂਜੇ ਰਸਤੇ ਦੇ ਵੱਲ ਉਂਗਲ ਕਰਕੇ ਕਿਹਾ, "ਮੇਰਾ ਰਸਤਾ ਤਾਂ ਉਹ ਹੈ।" ਪੁੱਟੇ ਨੇ ਕਿਹਾ, "ਦੋਵੇਂ ਰਸਤੇ ਹੀ ਮਲਿਗੇ ਦੇ ਵੱਲ ਜਾਂਦੇ ਹਨ-ਇੱਕ ਜ਼ਰਾ ਲੰਬਾ ਪੈਂਦਾ ਹੈ, ਪਰ ਕੋਈ ਗੱਲ ਨਹੀਂ ਮੈਨੂੰ ਵੀ ਕਿਹੜਾ ਕੋਈ ਕਾਹਲ ਹੈ ? ਮੈਂ ਵੀ ਤੁਹਾਡੇ ਵਾਲੇ ਰਾਹ 'ਤੇ ਚਲਦਾ ਹਾਂ।" ਉਸ ਨੇ ਗੁੜ ਅਤੇ ਨਾਰੀਅਲ ਦੇ ਕੁਝ ਟੁਕੜੇ ਕੱਢੇ ਅਤੇ ਉਹਨਾਂ 'ਚੋਂ ਇੱਕ ਟੁਕੜਾ ਪ੍ਰਾਣੇਸ਼ਾਚਾਰੀਏ ਨੂੰ ਦਿੰਦਿਆਂ ਬੋਲਿਆ, "ਲਉ, ਥੋੜ੍ਹਾ ਖਾ ਲਉ।" ਅਤੇ ਬਾਕੀ ਸਾਰਾ ਆਪ ਖਾਣ ਲੱਗਿਆ। ਆਚਾਰੀਏ ਨੂੰ ਵੀ ਭੁੱਖ ਲੱਗੀ ਸੀ ਅਤੇ ਪੁੱਟੇ ਦੇ ਪ੍ਰਤਿ ਉਹਨਾਂ 'ਚ ਅਹਿਸਾਨ ਦੇ ਭਾਵ ਜਾਗੇ। ਉਹ ਜਿੱਥੇ ਵੀ ਜਾਂਦੇ ਹਨ, ਜੋ ਕੁਝ ਵੀ ਉਹਨਾਂ ਨਾਲ ਵਾਪਰਦਾ ਹੈ, ਮਨੁੱਖੀ ਮੇਲ ਉਹਨਾਂ ਦੇ ਨਾਲ ਇਸੇ ਤਰ੍ਹਾਂ ਚਿੰਬੜਿਆ ਰਹਿੰਦਾ ਹੈ ਜਿਵੇਂ ਪਿਛਲੇ ਜਨਮ ਦੇ ਉਹਨਾਂ ਦੇ ਕਰਮਾਂ ਦਾ ਫ਼ਲ ਹੋਵੇ।



ਪੁੱਟੇ ਨੇ ਹੁਣ ਨਿੱਜੀ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। "ਤੁਸੀਂ ਜ਼ਰੂਰ ਵਿਆਹੇ ਹੋਵੋਗੇ, ਠੀਕ ਹੈ ਨਾ। ਵਿਆਹ ਕੌਣ ਨਹੀਂ ਕਰਾਉਂਦਾ ? ਮੈਂ ਵੀ ਕਿਹੋ ਜਿਹਾ ਮੂਰਖ਼ਤਾ ਭਰਿਆ ਸੁਆਲ ਕੀਤਾ। ਬੱਚੇ ਕਿੰਨੇ ਹਨ ? ਕੋਈ ਵੀ ਨਹੀਂ ? ਬੜੇ ਦੁੱਖ ਦੀ ਗੱਲ ਹੈ। ਮੇਰੇ ਦੋ ਬੱਚੇ ਹਨ। ਮੈਂ ਦੱਸਿਆ ਸੀ ਜਾਂ ਨਹੀਂ ? ਕਿ ਮੇਰੀ ਘਰਵਾਲੀ ਵੀ ਕੁੰਦਾਪੁਰ ਦੀ ਹੈ। ਦੇਖੋ, ਪਤਾ ਨਹੀਂ ਇਸ ਗੱਲ ਨਹੀਂ ਸੋਚ ਕੇ ਹੱਸਣਾ ਚਾਹੀਦਾ ਹੈ ਜਾਂ ਕਿ ਰੋਣਾ ਉਹ ਆਪਣੇ ਮਾਂ-ਬਾਪ ਨੂੰ ਬਹੁਤ ਪਿਆਰ ਕਰਦੀ ਹੈ। ਅਕਸਰ ਹਰ ਮਹੀਨੇ ਜਾਂ ਘੱਟੋ-ਘੱਟ ਦੋ ਮਹੀਨੇ 'ਚ ਇੱਕ ਵਾਰ ਜ਼ਰੂਰ ਪੇਕੇ ਜਾਣ ਦੀ ਜ਼ਿੱਦ ਕਰੇਗੀ। ਇਹਨਾਂ ਦਿਨਾਂ 'ਚ ਬੱਸ-ਗੱਡੀ ਦਾ ਦੋ ਰੁਪਏ ਦਾ ਭਾੜਾ ਵਾਰ-ਵਾਰ ਕੌਣ ਖਰਚ ਸਕਦਾ ਹੈ, ਦੱਸੋ ਤਾਂ ? ਪਰ ਉਹ ਕਿਸੇ ਦੀ ਨਹੀਂ ਮੰਨਦੀ। ਦੋ ਬੱਚਿਆਂ ਦੀ ਮਾਂ ਬਣ ਚੁੱਕੀ ਹੈ, ਫੇਰ ਵੀ ਬਚਪਨ ਨਹੀਂ ਗਿਆ। ਪਰ, ਅਸਲ 'ਚ ਉਮਰ ਵੀ ਤਾਂ ਬਹੁਤੀ ਨਹੀਂ। ਮੇਰੀ ਸੱਸ ਇੱਕ ਝਗੜਾਲੂ ਔਰਤ ਹੈ, ਪਰ ਸਹੁਰੇ ਦਾ ਦਿਲ ਬਹੁਤ ਵੱਡਾ ਹੈ। ਠੀਕ ਆਖਦਾ ਹਾਂ ਤੁਹਾਨੂੰ। ਆਖ਼ਿਰਕਾਰ, ਉਸ ਨੇ ਦੁਨੀਆ ਦੇਖ ਰੱਖੀ ਹੈ। ਮੇਰੀ ਸੱਸ ਕਦੇ-ਕਦੇ ਕਹਿੰਦੀ ਹੈ, ਮੇਰੇ ਜਮਾਈ ਨੂੰ ਕੀ ਹੱਕ ਹੈ ਕਿ ਮੇਰੀ ਧੀ ਨੂੰ ਮਾਰ-ਕੁੱਟੇ ? ਪਰ ਮੇਰੇ ਸਹੁਰੇ ਨੇ ਇਸ ਵੱਲ ਕਦੇ ਧਿਆਨ ਨਹੀਂ ਦਿੱਤਾ, ਇੱਕ ਵਾਰ ਵੀ ਨਹੀਂ। ਕੁੱਟ ਖਾ-ਖਾ ਕੇ ਵੀ ਮੇਰੀ ਘਰਵਾਲੀ ਨਹੀਂ ਬਦਲੀ। ਜੇਕਰ ਉਸ ਨੂੰ ਪੇਕੇ ਜਾਣ ਤੋਂ ਮਨ੍ਹਾ ਕਰਦਾ ਹਾਂ ਤਾਂ ਖੂਹ 'ਚ ਛਾਲ ਮਾਰਨ ਦੀ ਧਮਕੀ ਦਿੰਦੀ ਹੈ। ਹੁਣ ਮੈਂ ਕੀ ਕਰ ਸਕਦਾ ਹਾਂ ? ਉਹ ਏਨੀ ਸਾਫ਼-ਸੁਥਰੀ ਹੈ ਅਤੇ ਹਰ ਚੀਜ਼ ਦੀ ਏਨੀ ਜਾਣਕਾਰੀ ਰੱਖਦੀ ਹੈ-ਬਸ ਘਾਟ ਇਹੀ ਹੈ ਉਸ ਵਿਚ। ਰੋਟੀ ਬਣਾਉਣ 'ਚ ਜਾਂ ਭਾਂਡੇ ਮਾਂਜਣ 'ਚ ਉਹ ਸਫ਼ਾਈ ਦਾ ਬੜਾ ਹੀ ਧਿਆਨ ਰੱਖਦੀ ਹੈ। ਬਸ ਇਸੇ ਗੱਲ ਨੂੰ ਲੈ ਕੇ ਕਲੇਸ਼ ਪਿਆ ਰਹਿੰਦਾ ਹੈ। ਦੱਸੋ, ਮੈਨੂੰ ਕੋਈ ਸਲਾਹ ਦਿਉ...।

ਪ੍ਰਾਣੇਸ਼ਾਚਾਰੀਆ ਹੱਸ ਪਏ, ਉਹਨਾਂ ਨੂੰ ਅਚਾਨਕ ਇਹ ਨਹੀਂ ਸੁੱਝਿਆ ਕਿ ਕੀ ਸਲਾਹ ਦਿੱਤੀ ਜਾਵੇ। ਪੁੱਟਾ ਵੀ ਹੱਸਣ ਲੱਗਿਆ। ਬਜ਼ੁਰਗਾਂ ਦਾ ਕਹਿਣਾ ਹੈ, "ਤੀਵੀਆਂ ਦੇ ਮਨ ਨੂੰ ਕੌਣ ਜਾਣ ਸਕਿਆ ਹੈ ਇਹ ਤੈਰਦੀ ਮੱਛੀ ਦਾ ਰਸਤਾ ਜਾਣਨ ਦੇ ਬਰਾਬਰ ਹੈ।"

"ਬਿਲਕੁਲ ਠੀਕ ਹੈ।" ਪ੍ਰਾਣੇਸ਼ਾਚਾਰੀਏ ਨੇ ਕਿਹਾ। ਛੇਕੜ ਪੁੱਟਾ ਚੁੱਪ ਕਰ ਗਿਆ। ਆਚਾਰੀਏ ਨੇ ਸੋਚਿਆ, "ਕਿਸੇ ਸ਼ਬਦਾਂ ਦੇ ਸੰਸਾਰ ਤੋਂ ਪਰੇ ਕਿਸੇ ਹੋਰ ਸੰਸਾਰ 'ਚ ਘਰਵਾਲੀ ਦੇ ਕੀਤੇ ਗਏ ਸੁਆਲਾਂ ਦੇ ਜੁਆਬ ਲੱਭਣ 'ਚ ਲੱਗ ਗਿਆ ਹੋਵੇਗਾ। ਹੁਣ ਮੇਰੀ ਇਹ ਅਣਬੁਝ ਬੁਝਾਰਤ ਹੈ। ਮੈਂ ਪਹਿਲਾਂ ਇਸ 'ਤੇ ਕਦੇ ਗ਼ੌਰ ਨਹੀਂ ਕੀਤਾ। ਮੇਰੇ ਜੀਵਨ ਦੇ ਫ਼ੈਸਲਾਕੁੰਨ ਪਲ ਨੇ... ਉਹ ਪਲ ਜੋ ਮੇਰੇ ਹਰੇਕ ਰਿਸ਼ਤੇ ਦੀ ਵਿਆਖਿਆ ਕਰ ਸਕਦਾ ਹੈ-ਨਾਰਣੱਪੇ ਨਾਲ, ਮਹਾਂਬਲ ਨਾਲ, ਮੇਰੀ ਘਰਵਾਲੀ ਨਾਲ, ਹੋਰਾਂ ਪੰਡਤਾਂ ਨਾਲ, ਉਸ ਸਮੁੱਚੇ ਧਰਮ ਨਾਲ ਜਿਸ 'ਤੇ ਕਿ ਮੈਂ ਏਨਾ ਨਿਰਭਰ ਸੀ, ਮੇਰੇ ਆਪਣੀ ਕਿਸੇ ਵੀ ਕੋਸ਼ਿਸ਼ ਦੇ ਬਿਨਾਂ ਜਨਮ ਲੈ ਲਿਆ ਸੀ। ਜੰਗਲ ਦੇ ਹਨੇਰੇ 'ਚ ਅਚਾਨਕ ਮੈਂ ਪਲਟ ਗਿਆ, ਪਰ ਮੇਰੀ ਦੁਵਿਧਾ, ਮੇਰਾ ਫ਼ੈਸਲਾ, ਮੇਰੀ ਸਮੱਸਿਆ ਸਿਰਫ਼ ਮੇਰੀ ਨਹੀਂ ਸੀ, ਇਸ ਨੇ ਸਾਰੇ ਅਗਰਹਾਰ ਨੂੰ ਆਪਣੀ ਲਪੇਟ 'ਚ ਲੈ ਲਿਆ। ਇਹ ਫ਼ਿਕਰ, ਧਰਮ ਦੀ ਇਹ ਦੋਹਰੀ ਪਕੜ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹੀ ਹੈ। ਨਾਰਣੱਪੇ ਦੀ ਲਾਸ਼ ਦੇ ਦਾਹ-ਸੰਸਕਾਰ ਦਾ ਜਦ ਸੁਆਲ ਉੱਠਿਆ ਤਾਂ ਉਸ ਦਾ ਆਪ ਹੱਲ ਕਰਨ ਦੀ ਕੋਸ਼ਿਸ਼ ਮੈਂ ਨਹੀਂ ਕੀਤੀ। ਮੈਂ ਪਰਮਾਤਮਾ 'ਤੇ ਭਰੋਸਾ ਕਰਦਾ ਰਿਹਾ, ਧਰਮ-ਸ਼ਾਸਤਰਾਂ ਦੇ ਪੰਨੇ ਫ਼ਰੋਲਦਾ ਰਿਹਾ। ਪਰ ਕੀ ਇਸੇ ਉਦੇਸ਼ ਨਾਲ ਅਸੀਂ ਸ਼ਾਸਤਰਾਂ ਦਾ ਨਿਰਮਾਣ ਨਹੀਂ ਕੀਤਾ ਹੈ ? ਸਾਡੇ ਰਾਹੀਂ ਕੀਤੇ ਗਏ ਫ਼ੈਸਲਿਆਂ ਦੇ ਅਤੇ ਸਮੁੱਚੇ ਸਮਾਜ ਦੇ ਵਿਚਕਾਰ ਡੂੰਘਾ ਸਬੰਧ ਹੁੰਦਾ ਹੈ। ਆਪਣੀ ਹਰੇਕ ਪ੍ਰਕਿਰਿਆ 'ਚ ਅਸੀਂ ਆਪਣੇ ਪੁਰਖਿਆਂ, ਆਪਣੇ ਗੁਰੂਆਂ, ਆਪਣੇ ਦੇਵੀ-ਦੇਵਤਿਆਂ, ਆਪਣੇ ਸੰਗੀ-ਸਾਥੀਆਂ ਨੂੰ ਲਪੇਟ ਲੈਂਦੇ ਹਨ। ਅੰਦਰਲਾ ਮੇਲ ਇਸੇ ਕਾਰਨ ਪੈਦਾ ਹੁੰਦਾ ਹੈ। ਜਦ ਮੈਂ ਚੰਦਰੀ ਦੇ ਨਾਲ ਸੁੱਤਾ ਸੀ ਤਾਂ ਕਿਸੇ ਅਜਿਹੇ ਸੰਘਰਸ਼ ਦਾ ਪਤਾ ਲੱਗਿਆ ਸੀ ? ਕੀ ਉਸ ਬਾਰੇ 'ਚ

ਆਪਣਾ ਫ਼ੈਸਲਾ ਕਿਸੇ ਖਾਸ ਨਾਪ-ਤੋਲ ਦੇ ਬਾਦ ਮੈਂ ਕੀਤਾ ਸੀ ? ਹੁਣ ਤਰਕ ਧੁੰਦਲਾਉਣ ਲੱਗਿਆ ਹੈ। ਮੇਰੇ ਉਹ ਫ਼ੈਸਲੇ ਨੇ, ਉਸ ਇੱਕ ਕਿਰਿਆ ਨੇ ਮੈਨੂੰ ਆਪਣੇ ਅਤੀਤ ਨਾਲੋਂ ਤੋੜ ਕੇ ਪਰੇ ਸੁੱਟ ਦਿੱਤਾ-ਪੰਡਤਾਂ ਦੇ ਸੰਸਾਰ ਤੋਂ ਵੀ ਆਪਣੀ ਘਰਵਾਲੀ ਦੀ ਹੋਂਦ ਤੋਂ ਵੀ, ਮੇਰੀ ਮੌਲਿਕ ਆਸਥਾ ਤੋਂ ਵੀ। ਨਤੀਜਾ ਕੀ ਨਿਕਲਿਆ ? ਹਵਾ ਦੇ ਚੱਲਣ ਨਾਲ ਲਟਕ ਰਹੇ ਇੱਕ ਤੰਤੂ ਦੀ ਤਰ੍ਹਾਂ ਮੈਂ ਕੰਬ ਰਿਹਾ ਹਾਂ।"

"ਕੀ ਇਸ ਤੋਂ ਕਦੇ ਮੁਕਤੀ ਮਿਲੇਗੀ ?"

ਪੁੱਟੇ ਨੇ ਕਿਹਾ, "ਆਚਾਰੀਆ ਜੀ !"

"ਹਾਂ ਦੱਸ।"

"ਕੀ ਗੁੜ ਅਤੇ ਨਾਰੀਅਲ ਹੋਰ ਲਉਗੇ।"

"ਥੋੜ੍ਹਾ ਜਿਹਾ ਦੇ ਦੇ।"

ਪੁੱਟੇ ਨੇ ਥੋੜ੍ਹਾ ਗੁੜ ਅਤੇ ਕੁਝ ਨਾਰੀਅਲ ਦੀਆਂ ਫਾੜੀਆਂ ਦਿੰਦਿਆਂ ਉਹਨਾਂ ਨੂੰ ਕਿਹਾ, "ਜੇਕਰ ਸਾਥ ਨਾ ਹੋਵੇ ਤਾਂ ਰਾਹ ਕੱਟਣਾ ਮੁਸ਼ਕਿਲ ਹੋ ਜਾਂਦਾ ਹੈ, ਠੀਕ ਹੈ ? ਜੇਕਰ ਤੁਹਾਨੂੰ ਅਕੇਵਾਂ ਹੋ ਰਿਹਾ ਹੈ ਤਾਂ ਮੈਂ ਹੋਰ ਬੁਝਾਰਤਾਂ ਵੀ ਪਾ ਸਕਦਾ ਹਾਂ। ਇਸ ਦਾ ਜੁਆਬ ਦਿਉ-ਇੱਕ ਖੇਡਦੀ ਹੈ, ਇੱਕ ਵਗਦਾ ਹੈ, ਇੱਕ ਸਥਿਰ ਖੜ੍ਹਾ ਰਹਿੰਦਾ ਹੈ ਅਤੇ ਦੇਖਦਾ ਰਹਿੰਦਾ ਹੈ। ਦੱਸੋ ਕੀ ?" ਪੁੱਟੇ ਨੇ ਇੱਕ ਬੀੜੀ ਲਾ ਲਈ।

"ਤਾਂ ਮੇਰੀ ਚਿੰਤਾ ਦਾ ਮੂਲ ਕਾਰਨ ਮੇਰਾ ਚੰਦਰੀ ਨਾਲ ਸੰਭੋਗ ਕਰਨਾ ਹੈ। ਇਸੇ ਕਰਕੇ ਅਨਿਸਚਿੱਤਤਾ ਹੈ, ਇਹ ਤ੍ਰਿਸ਼ੰਕੂ ਵਾਲੀ ਸਥਿਤੀ। ਇਸ ਤੋਂ ਖਹਿੜਾ ਤਦੇ ਛੁਡਾ ਸਕਾਂਗਾ ਜਦ ਮੈਂ ਸੁਤੰਤਰ ਹੋ ਕੇ ਆਪਣੀ ਇੱਛਾ ਨਾਲ ਨਤੀਜੇ ਨੂੰ ਜਾਣਦੇ-ਬੁਝਦੇ ਉਹੀ ਕੁਝ ਦੁਹਰਾਵਾਂਗਾ। ਨਹੀਂ ਤਾਂ, ਹਵਾ 'ਚ ਇੱਕ ਤੰਤੂ ਵਾਂਗ ਹਿਲਦਾ ਰਹਾਂਗਾ ਜਾਂ ਉਹਨਾਂ ਬੱਦਲਾਂ ਵਾਂਗ ਰਹਿ ਜਾਵਾਂਗਾ ਜਿਨ੍ਹਾਂ ਦਾ ਰੂਪ-ਆਕਾਰ ਹਵਾ ਦੇ ਵਗਣ ਨਾਲ ਬਦਲਦਾ ਰਹਿੰਦਾ ਹੈ। ਇਸ ਵੇਲੇ ਤਾਂ ਮੈਂ ਸਿਰਫ਼ ਜੜ੍ਹ-ਪਦਾਰਥ ਬਣ ਗਿਆ ਹਾਂ, ਤਦ ਮੈਂ ਫੇਰ ਤੋਂ ਮਨੁੱਖ ਬਣ ਸਕਾਂਗਾ। ਆਪਣੀ ਕਰਨੀ ਦੀ ਜਿੰਮੇਵਾਰੀ ਮੇਰੀ ਹੀ ਹੋਵੇਗੀ। ਇਸ ਦਾ ਅਰਥ ਹੋਇਆ... ਇਸ ਅਰਥ ਇਹ ਹੋਇਆ... ਮੈਂ ਆਪਣੇ ਇਸ ਫ਼ੈਸਲੇ ਨੂੰ ਭੁੱਲ ਜਾਵਾਂ ਕਿ ਜਿੱਥੇ ਮੇਰੇ ਪੈਰ ਮੈਨੂੰ ਲੈ ਜਾਣ ਮੈਂ ਚਲਾ ਜਾਵਾਂਗਾ। ਮੈਂ ਬਸ ਫੜ ਕੇ ਕੁੰਦਾਪੁਰ ਜਾਵਾਂਗਾ ਅਤੇ ਉੱਥੇ ਚੰਦਰੀ ਦੇ ਨਾਲ ਰਹਾਂਗਾ। ਤਦ ਮੇਰੀ ਇਹ ਪੀੜ ਦੂਰ ਹੋ ਜਾਵੇਗੀ। ਪੂਰੀ ਤਰ੍ਹਾਂ ਹੋਸ਼ੋ-ਹਵਾਸ 'ਚ ਮੈਂ ਆਪਣੀ ਨਵੀਂ ਸਿਰਜਣਾ ਕਰਾਂਗਾ...।

ਪੁੱਟੇ ਨੇ ਹੱਸਦਿਆਂ ਪੁੱਛਿਆ, "ਕੀ ਸਮਝ ਆਈ ਬੁਝਾਰਤ ?"

"ਹਾਂ, ਮੱਛੀ ਖੇਡਦੀ ਹੈ, ਪਾਣੀ ਵਗਦਾ ਹੈ, ਪੱਥਰ ਸਥਿਰ ਖੜ੍ਹਾ ਰਹਿੰਦਾ ਹੈ, ਸਿਰਫ਼ ਦੇਖਦਾ ਰਹਿੰਦਾ ਹੈ।" ਪ੍ਰਾਣੇਸ਼ਾਚਾਰੀਏ ਨੇ ਜੁਆਬ ਦਿੱਤਾ।

"ਬਹੁਤ ਵਧੀਆ। ਤੁਸੀਂ ਜਿੱਤ ਗਏ। ਜਾਣਦੇ ਹੋ, ਮੈਨੂੰ ਲੋਕ ਘਰੇ ਕੀ ਕਹਿੰਦੇ ਹਨ ? ਬੁਝਾਰਤਾਂ ਦਾ ਰਾਜਾ ਪੁੱਟਾ।" ਮੈਨੂੰ ਬਹੁਤ ਸਾਰੀਆਂ ਬੁਝਾਰਤਾਂ ਆਉਂਦੀਆਂ ਹਨ। ਮੇਰੇ ਨਾਲ ਸੌ ਮੀਲ ਤੁਰ ਕੇ ਦੇਖ ਲਉ, ਹਰ ਮੀਲ 'ਤੇ ਨਵੀਂ ਬੁਝਾਰਤ ਪਾਉਂਦਾ ਜਾਵਾਂਗਾ। ਪੁੱਟੇ ਨੇ ਕਿਹਾ ਅਤੇ ਬੀੜੀ ਦਾ ਪਿਛਲਾ ਹਿੱਸਾ ਸੁੱਟ ਦਿੱਤਾ।

ਧੁੱਪ 'ਚ ਲਗਾਤਾਰ ਤੁਰ ਕੇ ਜਦ ਤੱਕ ਗਰੁੜ, ਲਕਸ਼ਮਣ ਅਤੇ ਹੋਰ ਪੰਡਤ ਦੁਰਵਾਸਾਪੁਰ ਪਹੁੰਚੇ, ਸੂਰਜ ਡੁੱਬਣ ਵਾਲਾ ਸੀ। ਅਗਰਹਾਰ 'ਚ ਬੜਾ ਡਰਦਿਆਂ ਉਹਨਾਂ ਨੇ ਪੈਰ ਪਾਇਆ। ਪਰ ਘਰਾਂ ਦੀਆਂ ਛੱਤਾਂ 'ਤੇ ਇੱਲ੍ਹਾਂ ਨੂੰ ਨਾ ਬੈਠਾ ਦੇਖ ਕੇ ਉਹਨਾਂ ਨੂੰ ਥੋੜ੍ਹੀ ਤਸੱਲੀ ਹੋਈ। ਲਕਸ਼ਮਣਾਚਾਰੀਏ ਨੇ ਹੌਲੀ ਦੇਣੇ ਕਿਹਾ, "ਮੈਂ ਜ਼ਰਾ ਦੇਖ ਕੇ ਆਵਾਂ ਕਿ ਮੇਰੇ ਘਰਾਂ ਦੇ ਡੰਗਰਾਂ ਦਾ ਕੀ ਹਾਲ ਹੈ, ਤੁਸੀਂ



ਚਲੋ।" ਗਰੁੜਾਚਾਰੀਏ ਨੂੰ ਗੁੱਸਾ ਆ ਗਿਆ ਅਤੇ ਉਹ ਤਿਉੜੀ ਪਾ ਕੇ ਬੋਲਿਆ, "ਸਭ ਤੋਂ ਪਹਿਲਾਂ ਤੈਨੂੰ ਦਾਹ-ਸੰਸਕਾਰ ਦੀ ਸੁੱਝਣੀ ਚਾਹੀਦੀ ਹੈ, ਘਰ ਦਾ ਕੰਮ-ਕਾਰ ਪਿੱਛੋਂ ਵੀ ਦੇਖਿਆ ਜਾ ਸਕਦਾ ਹੈ।" ਜੁਆਬ ਦੇਣ ਦੀ ਲਕਸ਼ਮਣਾਚਾਰੀਏ ਦੀ ਹਿੰਮਤ ਨਹੀਂ ਹੋਈ। ਸਭ ਲੋਕ ਪ੍ਰਾਣੇਸ਼ਾਚਾਰੀਏ ਦੇ ਘਰ ਆ ਗਏ। ਸਭ ਦੇ ਮਨ 'ਚ ਬਦਕਿਸਮਤ ਆਚਾਰੀਏ ਦੇ ਪ੍ਰਤਿ ਹਮਦਰਦੀ ਜ਼ਾਹਿਰ ਕਰਨ ਦੀ ਇੱਛਾ ਸੀ। ਉਹਨਾਂ ਨੇ ਆਚਾਰੀਏ ਨੂੰ ਬੁਲਾਇਆ ਪਰ ਉੱਥੇ ਮਰੇ ਹੋਏ ਚੂਹਿਆਂ ਦੀ ਬਦਬੂ ਦੇ ਸਿਵਾਏ ਕੁਝ ਨਹੀਂ ਸੀ। ਇਸ ਦੇ ਬਾਦ ਕਿਸੇ ਦਾ ਵੀ ਆਪਣੇ ਘਰੇ ਵੜਨ ਦਾ ਹੌਸਲਾ ਨਹੀਂ ਹੋਇਆ। ਜਦ ਉਹ ਮੁੱਖ ਗਲੀ 'ਚ ਆਏ, ਇੱਕ ਗ਼ੈਰਕੁਦਰਤੀ ਮੋਹ ਉਹਨਾਂ 'ਤੇ ਹਾਵੀ ਹੋ ਗਿਆ। ਗਲੀ ਉੱਜੜ ਚੁੱਕੀ ਸੀ। ਇੱਕ ਦੂਜੇ ਦੇ ਨੇੜੇ ਹੋ ਕੇ ਉਹ ਸੋਚ-ਵਿਚਾਰ ਕਰਨ ਲੱਗੇ ਕਿ ਹੁਣ ਕੀ ਕਰੀਏ ? ਉਹਨਾਂ 'ਚੋਂ ਇੱਕ ਨੇ ਕਿਹਾ, "ਸਭ ਤੋਂ ਪਹਿਲਾਂ ਦਾਹ-ਸੰਸਕਾਰ।" ਪਰ ਨਾਰਣੱਪੇ ਦੇ ਘਰੇ ਜਾ ਕੇ ਉਸ ਦੀ ਸੜੀ ਹੋਈ ਲਾਸ਼ ਨੂੰ, ਜੋ ਹੁਣ ਤੱਕ ਭਿਆਨਕ ਅਤੇ ਡਰਾਉਣਾ ਰੂਪ ਧਾਰ ਚੁੱਕੀ ਹੋਵੇਗੀ, ਦੇਖਣ ਦਾ ਵੀ ਕਿਸੇ ਨੂੰ ਹੌਸਲਾ ਨਹੀਂ ਹੋ ਰਿਹਾ ਸੀ। ਗਰੁੜਾਚਾਰੀਏ ਨੂੰ ਇੱਕ ਜੁਗਤ ਸੁੱਝੀ, "ਪ੍ਰਾਣੇਸ਼ਾਚਾਰੀਆ ਨਦੀ ਤੱਕ ਜਾਂ ਕਿਤੇ ਨੇੜੇ-ਤੇੜੇ ਗਏ ਹੋਣਗੇ, ਉਹਨਾਂ ਦੇ ਮੁੜ ਆਉਣ ਤੱਕ ਸਾਨੂੰ ਉਡੀਕ ਕਰਨੀ ਚਾਹੀਦੀ ਹੈ।" ਲਕਸ਼ਮਣਾਚਾਰੀਏ ਨੇ ਜੁਆਬ ਦਿੱਤਾ ਕਿ ਗੁਆਉਣ ਦੇ ਲਈ ਵਕਤ ਨਹੀਂ ਹੈ, ਘੱਟੋ-ਘੱਟ ਲਾਸ਼ ਦੇ ਦਾਹ-ਸੰਸਕਾਰ ਦੀਆਂ ਤਿਆਰੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਨੇ। ਦੂਜੇ ਪੰਡਤਾਂ ਨੇ ਕਿਹਾ, "ਲੱਕੜਾਂ ਕਿੱਥੋਂ ਮਿਲਣਗੀਆਂ ?" ਇੱਕ ਨੇ ਜੁਆਬ ਦਿੱਤਾ ਕਿ ਇੱਕ ਅੰਬ ਦਾ ਬਿਰਖ਼ ਕੱਟ ਲਿਆ ਜਾਵੇ। ਦੂਜੇ ਨੇ ਕਿਹਾ, "ਇੱਕ ਸੜੀ ਹੋਈ ਲਾਸ਼ ਹਰੀਆਂ, ਗਿੱਲੀਆਂ ਲੱਕੜਾਂ ਨਾਲ ਭਲਾ ਕਿਵੇਂ ਸੜੇਗੀ ?"

ਲਕਸ਼ਮਣਾਚਾਰੀਏ ਨੇ ਕਿਹਾ, "ਤਾਂ ਇਸ ਹਾਲਤ 'ਚ ਉਸੇ ਦੇ ਘਰੋਂ ਲੱਕੜਾਂ ਲਿਆ ਉਸ ਦਾ ਦਾਹ-ਸੰਸਕਾਰ ਕਰ ਦੇਈਏ।" ਉਸ 'ਤੇ ਤਾਅਨਾ ਮਾਰਦਿਆਂ ਗਰੁੜ ਨੇ ਕਿਹਾ, "ਤੈਨੂੰ ਤਾਂ ਆਪਣੇ ਘਰੋਂ ਕਿਸੇ ਨੇ ਲੱਕੜਾਂ ਲਿਆਉਣ ਨੂੰ ਨਹੀਂ ਕਿਹਾ।" ਤਦ ਉਹ ਇਕੱਠੇ ਨਾਰਣੱਪੇ ਦੇ ਘਰ ਦੇ ਪਿੱਛੇ ਗਏ, ਉੱਥੇ ਲੱਕੜਾਂ ਕਾਫ਼ੀ ਨਹੀਂ ਸਨ। ਉਹਨਾਂ ਨੇ ਚੰਦਰੀ ਦਾ ਨਾਂ ਲੈ ਕੇ ਕਈ ਵਾਰ ਹਾਕਾਂ ਮਾਰੀਆਂ। ਕੋਈ ਜੁਆਬ ਨਾ ਮਿਲਿਆ। ਪੰਡਤ ਬੁੜਬੁੜਾਏ, "ਸਾਰੇ ਪਿੰਡ ਨੂੰ ਉਜਾੜ ਕੇ ਉਹ ਆਪ ਕੁੰਦਾਪੁਰ ਦਫ਼ਾ ਹੋ ਗਈ ਹੈ।" ਹੁਣ ਕੀ ਕਰੀਏ ? ਗਰੁੜਾਚਾਰੀਏ ਨੇ ਕਿਹਾ, "ਹਰ ਬੰਦਾ ਆਪਣੇ-ਆਪਣੇ ਘਰੋਂ ਥੋੜ੍ਹੀਆਂ-ਥੋੜ੍ਹੀਆਂ ਲੱਕੜਾਂ ਲਿਆਵੇ ਅਤੇ ਉਹਨਾਂ ਨੂੰ ਮੜ੍ਹੀਆਂ ਤੱਕ ਪਹੁੰਚਾ ਦੇਵੇ।" ਸਭ ਨੇ ਮੰਨ ਲਿਆ ਅਤੇ ਲੱਕੜਾਂ ਸਿਰ 'ਤੇ ਚੁੱਕ ਕੇ ਦੋ ਮੀਲ ਦੂਰ ਮੜ੍ਹੀਆਂ ਤੱਕ ਛੱਡ ਆਏ। ਜਦ ਉਹ ਅਗਰਹਾਰ ਮੁੜੇ ਤਾਂ ਉਦੋਂ ਵੀ ਪ੍ਰਾਣੇਸ਼ਾਚਾਰੀਆ ਨਾ ਦਿਖੇ। "ਹੁਣ ਲਾਸ਼ ਨੂੰ ਲੈ ਆਈਏ।" ਕਿਸੇ ਇੱਕ ਨੇ ਕਿਹਾ। ਗਰੁੜ ਨੇ ਕਿਹਾ, "ਪ੍ਰਾਣੇਸ਼ਾਚਾਰੀਏ ਨੂੰ ਆ ਜਾਣ ਦਿਉ।" ਲਕਸ਼ਮਣਾਚਾਰੀਏ ਨੇ ਵੀ ਇਸ ਦੀ ਹਾਮੀ ਭਰੀ। ਆਚਾਰੀਏ ਦੇ ਘਰੇ ਅੰਦਰ ਜਾ ਕੇ ਦੇਖਣ 'ਚ ਹਰੇਕ ਨੂੰ ਡਰ ਲੱਗ ਰਿਹਾ ਸੀ। ਗਰੁੜ ਨੇ ਕਿਹਾ, "ਸਾਨੂੰ ਕਾਹਲ 'ਚ ਕੰਮ ਨਹੀਂ ਕਰਨਾ ਚਾਹੀਦਾ। ਪ੍ਰਾਣੇਸ਼ਾਚਾਰੀਏ ਦੀ ਆਗਿਆ ਦੇ ਬਿਨਾਂ ਕੁਝ ਵੀ ਕਰਨਾ ਠੀਕ ਨਹੀਂ ਹੋਵੇਗਾ।" ਪੰਡਤਾਂ ਨੇ ਕਿਹਾ ਕਿ ਇਸ ਦੌਰਾਨ ਉਹਨਾਂ ਨੂੰ ਬਾਕੀ ਤਿਆਰੀਆਂ ਪੂਰੀਆਂ ਕਰ ਹੀ ਲੈਣੀਆਂ ਚਾਹੀਦੀਆਂ ਹਨ ਅਤੇ ਉਦੋਂ ਤੱਕ ਆਚਾਰੀਏ ਦੀ ਉਡੀਕ ਵੀ ਹੋ ਜਾਵੇਗੀ। ਮਿੱਟੀ ਦੇ ਇੱਕ ਭਾਂਡੇ 'ਚ ਅੱਗ ਬਾਲ ਕੇ ਨਾਰਣੱਪੇ ਦੇ ਘਰ ਦੇ ਬਾਹਰ ਰੱਖ ਦਿੱਤੀ ਗਈ, ਬਾਂਸ ਲਿਆਂਦੇ ਗਏ ਅਤੇ ਲਾਸ਼ ਦੇ ਲਈ ਅਰਥੀ ਤਿਆਰ ਹੋ ਗਈ ਅਤੇ ਫੇਰ ਉਹ ਪ੍ਰਾਣੇਸ਼ਾਚਾਰੀਏ ਦੀ ਉਡੀਕ 'ਚ ਬੈਠ ਗਏ।

ਦੁਪਹਿਰੇ ਤਿੰਨ ਵਜੇ ਦੇ ਲਗਭਗ ਪੁੱਟੇ ਦੇ ਨਾਲ ਪ੍ਰਾਣੇਸ਼ਾਚਾਰੀਆ ਮਲਿਗੇ ਦੇ ਤਲਾਅ ਕਿਨਾਰੇ ਪਹੁੰਚੇ। ਗੱਡੀਆਂ ਦੇ ਲਈ ਬਣੀ ਵੱਡੀ ਅਤੇ ਲੰਬੀ ਸੜਕ ਪਾਰ ਕਰਕੇ ਉਹ ਆਏ ਸਨ; ਸਾਰੇ

ਸਰੀਰ 'ਤੇ ਲਾਲ ਰੰਗ ਦੀ ਧੂੜ ਜੰਮ ਗਈ ਸੀ। ਜਦ ਹੱਥ ਮੂੰਹ ਧੋਣ ਪੁੱਟਾ ਤਲਾਅ 'ਚ ਗਿਆ ਤਾਂ ਉਸ ਨੇ ਕਿਹਾ, "ਦੇਖੋ ਮੈਂ ਕਿੰਨੀਆਂ ਗੱਲਾਂ ਤੁਹਾਡੇ ਨਾਲ ਕੀਤੀਆਂ, ਪਰ ਤੁਸੀਂ ਆਪਣੇ ਜੀਵਨ ਦੇ ਬਾਰੇ 'ਚ ਕੁਝ ਦੱਸਿਆ ਨਹੀਂ।"ਉਹ ਮੂੰਹ ਧੋ ਰਿਹਾ ਸੀ ਕਿ ਆਚਾਰੀਏ ਦੇ ਮਨ 'ਚ ਫੇਰ ਡਰ ਪੈਦਾ ਹੋਣ ਲੱਗਿਆ, ਮਲਿਗੇ 'ਚ ਉਹਨਾਂ ਨੂੰ ਕੋਈ ਪਛਾਣ ਲਵੇ ਤਾਂ? ਡਰ ਕਾਰਨ ਉਹ ਬੇਚੈਨ ਹੋ ਗਏ। ਤਸੱਲੀ ਦੀ ਇੱਕੋ ਹੀ ਗੱਲ ਸੀ-ਮਲਿਗੇ ਦੇ ਸਾਰੇ ਪੰਡਤ ਸਮਾਰਤ ਸਨ ਅਤੇ ਇਸ ਲਈ ਅਕਸਰ ਓਪਰੇ। ਇਸ ਮੇਲੇ ਦੀ ਧੂਮ-ਧਾਮ 'ਚ ਉਹਨਾਂ ਦੀ ਸੁਖ-ਸਹੂਲਤ ਅਤੇ ਪਰਵਰਿਸ਼ ਦਾ ਧਿਆਨ ਕੌਣ ਰੱਖੇਗਾ? ਜਦ ਉਹਨਾਂ ਨੇ ਇੱਕ ਵਾਰ ਫ਼ੈਸਲਾ ਲੈ ਹੀ ਲਿਆ ਹੈ ਤਾਂ ਡਰ ਕਿਸ ਗੱਲ ਦਾ? ਫੇਰ ਵੀ, ਡਰ ਹੋਣਾ ਕੁਦਰਤੀ ਹੈ ਪਰ ਕਿਉਂ ਜਦ ਕਿ ਉਸ ਦਾ ਕੋਈ ਕਾਰਨ ਹੀ ਨਾ ਰਿਹਾ ਹੋਵੇ? ਇਸ ਡਰ ਦੀ ਜੜ੍ਹ ਤੱਕ ਨੂੰ ਤਲਾਸ਼ਣਾ ਚਾਹੀਦਾ ਹੈ, ਇਸ ਦੇ ਮੂਲ ਨੂੰ ਪੁੱਟ ਕੇ ਸੁੱਟ ਦੇਣਾ ਚਾਹੀਦਾ ਹੈ।ਅਗਰਹਾਰ ਵਿਚ ਕਿਵੇਂ ਏਨਾ ਨਿਡਰ ਹੋ ਕੇ ਨਾਰਣੱਪਾ ਚੰਦਰੀ ਨਾਲ ਰਹਿੰਦਾ ਰਿਹਾ ਸੀ। ਜੇਕਰ ਉਹਨਾਂ ਦਾ ਚੰਦਰੀ ਨਾਲ ਕਦੇ ਫੇਰ ਮੇਲ-ਮਿਲਾਪ ਹੋ ਜਾਵੇ ਤਾਂ ਸ਼ਾਇਦ ਆਪਣਾ ਮੂੰਹ ਹੀ ਢਕ ਕੇ ਰੱਖਣਗੇ। ਕੌਣ ਜਾਣਦਾ ਹੈ? ਇਹ ਜਿਉਣਾ ਵੀ ਕਿਸ ਤਰ੍ਹਾਂ ਦਾ ਜਿਉਣਾ ਹੋਇਆ?

"ਤੁਸੀਂ ਸੋਚਦੇ ਹੋਵੋਗੇ ਕਿ ਮੈਂ ਏਨਾ ਬੋਲਦਾ ਕਿਉਂ ਹਾਂ, ਕਹਿੰਦੇ ਹੋਵੋਗੇ, ਕਿਵੇਂ ਜੋਕ ਵਾਂਗ ਚਿੰਬੜ ਰਿਹਾ ਹੈ। ਮੈਂ ਦਸਦਾ ਹਾਂ ਕਿ ਕਿਉਂ? ਤੁਸੀਂ ਜ਼ਿਆਦਾ ਨਹੀਂ ਬੋਲਦੇ, ਪਰ ਤੁਹਾਨੂੰ ਵੀ ਲੋਕਾਂ ਦੀ, ਸਮਾਜ ਦੀ, ਗੱਲਬਾਤ ਦੀ ਲੋੜ ਮਹਿਸੂਸ ਹੁੰਦੀ ਹੋਵੇਗੀ। ਤੁਸੀਂ ਕੁਝ ਜ਼ਿਆਦਾ ਹੀ ਨਰਮ ਸੁਭਾਅ ਦੇ ਹੋ। ਅੰਦਰੇ-ਅੰਦਰ ਦੁੱਖ ਸਹਾਰਨ ਵਾਲਿਆਂ 'ਚੋਂ ਹੋ।" ਪੁੱਟੇ ਨੇ ਆਪਣੇ ਗਿੱਲੇ ਮੂੰਹ ਨੂੰ ਪੂੰਝਦਿਆਂ ਕਿਹਾ, "ਮੈਨੂੰ ਦੱਸੋ, ਮੇਰਾ ਅੰਦਾਜ਼ਾ ਸਹੀ ਹੈ ਜਾਂ ਗ਼ਲਤ? ਮੈਂ ਮੂੰਹ ਦੇਖ ਕੇ ਕਿਸੇ ਦੀ ਵੀ ਪ੍ਰਕਿਰਤੀ ਅਤੇ ਸੁਭਾਅ ਨੂੰ ਪਛਾਣ ਲੈਂਦਾ ਹਾਂ। ਮੈਨੂੰ ਤੁਹਾਡੇ ਤੋਂ ਕੋਈ ਲੁਕੋ ਰੱਖਣ ਦੀ ਲੋੜ ਨਹੀਂ। ਮੈਂ ਸਮਝਦਾ ਹਾਂ ਕਿ ਤੁਸੀਂ ਮੈਨੂੰ ਨਿੱਕੀ ਜਾਤ ਦਾ ਪੰਡਤ ਨਹੀਂ ਮੰਨ ਲਿਆ ਹੋਵੇਗਾ। ਮੈਂ ਤੁਹਾਨੂੰ ਦੱਸਿਆ ਸੀ ਨਾ ਕਿ ਮੈਂ ਮਾਲੇਰ ਹਾਂ? ਮੇਰੇ ਪਿਤਾ ਉੱਚ-ਕੁਲੀਨ ਪੰਡਤ ਸਨ। ਉਹਨਾਂ ਨੇ ਮੇਰੀ ਮਾਂ ਦੀ, ਜਿਸ ਨੂੰ ਉਹ ਹਮੇਸ਼ਾ ਨਾਲ ਰੱਖਦੇ ਸਨ, ਸਾਰੀ ਉਮਰ ਏਨੀ ਦੇਖ-ਭਾਲ ਕੀਤੀ ਜਿੰਨੀ ਕੋਈ ਆਪਣੀ ਵਿਆਹੁਤਾ ਘਰਵਾਲੀ ਦੀ ਨਹੀਂ ਕਰਦਾ ਹੈ। ਉਹਨਾਂ ਨੇ ਮੇਰੇ 'ਜਨੇਊ ਸੰਸਕਾਰ' ਤੱਕ ਕੀਤਾ। ਦੇਖੋ ਮੇਰਾ ਜਨੇਊ?" ਉਸ ਨੇ ਆਪਣੇ ਕਮੀਜ਼ ਦੇ ਹੇਠੋਂ ਉਹਨਾਂ ਪਵਿੱਤਰ ਧਾਗਿਆਂ ਨੂੰ ਕੱਢ ਕੇ ਦਿਖਾਉਂਦਿਆਂ ਕਿਹਾ। "ਇਸੇ ਕਾਰਨ ਮੇਰੇ ਸਾਰੇ ਦੋਸਤ ਵੀ ਪੰਡਤ ਨੌਜਵਾਨਾਂ 'ਚੋਂ ਹੀ ਹਨ।" ਉਸ ਨੇ ਫੇਰ ਕਿਹਾ, "ਆਉ ਚੱਲੀਏ।" ਤਲਾਅ ਦੀਆਂ ਪੌੜੀਆਂ ਚੜ੍ਹ ਕੇ ਜਦ ਉਹ ਸੜਕ ਦੇ ਕਿਨਾਰੇ ਪਹੁੰਚਿਆ ਤਾਂ ਹੱਸਣ ਲੱਗਿਆ, "ਮੈਂ ਬਿਲਕੁਲ ਉਵੇਂ ਹੀ ਹਾਂ ਜਿਵੇਂ ਕਿ ਲੋਕ ਮੇਰੇ ਬਾਰੇ 'ਚ ਕਹਿੰਦੇ ਹਨ। ਮੇਰਾ ਇੱਕ ਨਾਂ ਹੈ ਬੁਝਾਰਤਾਂ ਵਾਲਾ ਪੁੱਟਾ ਅਤੇ ਦੂਜਾ ਨਾਂ ਹੈ ਗੱਪੀ ਪੁੱਟਾ। ਉਂਜ ਸੁਭਾਅ ਤੋਂ ਹੀ ਮੈਂ ਹੋਰਾਂ ਲੋਕਾਂ ਨੂੰ ਪਸੰਦ ਕਰਦਾ ਹਾਂ।"

ਮੇਲੇ ਦੇ ਕਰਕੇ ਮਲਿਗੇ 'ਚ ਬੜੀ ਰੌਣਕ ਸੀ। ਮੰਦਰ ਦਾ ਰਥ ਸ਼ਹਿਰ ਦੇ ਵਿਚਕਾਰ ਰੁਕਿਆ ਸੀ, ਉਸ ਦਾ ਉਪਰਲਾ ਸਿਖ਼ਰ ਕੰਨਿਆ, ਬ੍ਰਿਸ਼ਚਕ, ਮਿਥੁਨ ਆਦਿ ਨਕਸ਼ਤਰਾਂ ਨਾਲ ਸਜਾਇਆ ਸੀ। ਰਥ ਖਿੱਚਣ ਦੇ ਲਈ ਦੋ ਮੋਟੀਆਂ ਰੱਸੀਆਂ ਬੰਨ੍ਹੀਆਂ ਗਈਆਂ ਸਨ। ਭਗਤ ਰਥ ਨੂੰ ਹੇਠੋਂ ਏਥੇ ਤੱਕ ਖਿੱਚ ਕੇ ਲਿਆਏ ਸਨ ਅਤੇ ਨਾਰੀਅਲ ਅਤੇ ਫ਼ਲ-ਫੁੱਲ ਦੇ ਚੜ੍ਹਾਵੇ ਦੇ ਲਈ ਉਸ ਨੂੰ ਉੱਥੇ ਛੱਡ ਦਿੱਤਾ ਸੀ। ਇੱਕ ਨੌਜੁਆਨ ਪੰਡਤ ਭਗਤਾਂ ਦੇ ਚੜ੍ਹਾਵੇ ਨੂੰ ਪੌੜੀ 'ਤੇ ਉਤਰ-ਚੜ੍ਹ ਕੇ ਉਸ ਪੁਜਾਰੀ ਤੱਕ ਪਹੁੰਚਾਉਂਦਾ ਜਾ ਰਿਹਾ ਸੀ ਜੋ ਕਿ ਰਥ ਦੇ ਉਪਰ ਆਪਣੇ ਥਾਵੇਂ ਪਹਿਲਾਂ ਹੀ ਬੈਠ ਚੁੱਕਿਆ ਸੀ। ਰਥ ਨੂੰ ਚਾਰੇ ਪਾਸਿਉਂ ਘੇਰੀ, ਚੜ੍ਹਾਵੇ ਚੜ੍ਹਾਉਣ ਨੂੰ ਕਾਹਲੇ ਭਗਤ ਖੜ੍ਹੇ ਸਨ। ਪ੍ਰਾਣੇਸ਼ਾਚਾਰੀਏ ਨੇ ਇਸ ਭੀੜ 'ਤੇ ਇੱਕ ਸਰਸਰੀ ਨਜ਼ਰ ਇਸ ਮਕਸਦ ਨਾਲ ਮਾਰੀ ਕਿ ਉਸ 'ਚ ਕੋਈ ਜਾਣੂ ਬੰਦਾ ਤਾਂ



ਨਹੀਂ ਖੜ੍ਹਾ ਜੋ ਉਹਨਾਂ ਨੂੰ ਪਛਾਣ ਲਵੇ। ਭੀੜ ਏਨੀ ਜ਼ਿਆਦਾ ਸੀ ਅਤੇ ਧੱਕਾ-ਮੁੱਕੀ ਏਨੀ ਜ਼ਿਆਦਾ ਸੀ ਕਿ ਜੇਕਰ ਕੋਈ ਮੁੱਠ ਕੁ ਤਿਲ ਸੁੱਟਦਾ ਤਾਂ ਇੱਕ ਦਾਣਾ ਵੀ ਸੜਕ 'ਤੇ ਨਾ ਡਿੱਗਦਾ। ਇਸ ਭੀੜ-ਭੜੱਕੇ 'ਚ ਪ੍ਰਾਣੇਸ਼ਾਚਾਰੀਏ ਦਾ ਇੱਕ ਹੱਥ ਫੜ ਕੇ ਪੁੱਟਾ ਇੱਕ ਦੁਕਾਨ ਕੋਲ ਲੈ ਗਿਆ ਅਤੇ ਰਥ ਦੇਵਤੇ 'ਤੇ ਚੜ੍ਹਾਉਣ ਦੇ ਲਈ ਨਾਰੀਅਲ ਅਤੇ ਕੇਲੇ ਲਏ। "ਜਰਾ ਭੀੜ ਛਟਣ ਦਿਉ, ਅਸੀਂ ਫੇਰ ਪੂਜਾ ਕਰਾਂਗੇ। ਆਉ, ਉਦੋਂ ਤੱਕ ਘੁੰਮ-ਫਿਰ ਲਿਆ ਜਾਵੇ। ਆਉ, ਆਚਾਰੀਆ ਜੀ।" ਪੁੱਟੇ ਨੇ ਉਹਨਾਂ ਨੂੰ ਬੇਨਤੀ ਕੀਤੀ।

ਭੀੜ 'ਚੋਂ ਜਦ ਉਹ ਬਾਹਰ ਨਿਕਲ ਆਏ ਤਾਂ ਸਰਕੜੇ ਦੀਆਂ ਪੀਪਣੀਆਂ ਦੀਆਂ ਆਵਾਜ਼ਾਂ ਚਾਰੇ ਪਾਸਿਉਂ ਆ ਰਹੀਆਂ ਸਨ। ਪਿੰਡ ਦੇ ਹਰੇਕ ਬੱਚੇ ਦੇ ਮੂੰਹ 'ਚ ਵੱਖ-ਵੱਖ ਤਰ੍ਹਾਂ ਦੀਆਂ ਆਵਾਜ਼ਾਂ ਵਾਲੀਆਂ ਪੀਪਣੀਆਂ ਸਨ-ਪੀਪਣੀਆਂ ਜੋ ਜ਼ਿੱਦ ਕਰਕੇ ਮਾਂ-ਬਾਪ ਤੋਂ ਲਏ ਪੈਸਿਆਂ ਦੀਆਂ ਖਰੀਦੀਆਂ ਗਈਆਂ ਸਨ। ਕਪੂਰ ਅਤੇ ਅਗਰਬੱਤੀਆਂ ਦੀ ਖ਼ੁਸ਼ਬੂ ਵੀ ਚਾਰੇ ਪਾਸੇ ਫ਼ੈਲ ਰਹੀ ਸੀ। ਨਵੇਂ ਕੱਪੜਿਆਂ ਦੀ ਗੰਧ ਸੀ। ਬੁਲਬੁਲੇ ਵੇਚਣ ਵਾਲਿਆਂ ਦੇ ਗਾਣਿਆਂ ਦਾ ਰੌਲਾ। ਇੱਕ ਕੋਨੇ 'ਚ ਬੰਬਈ ਤਮਾਸ਼ੇ ਵਾਲਾ ਆਪਣੇ ਬਕਸੇ ਨੂੰ ਲੈ ਕੇ ਬੈਠਾ ਸੀ। ਇੱਕ ਪੈਸਾ ਦੇਣ 'ਤੇ ਬਕਸੇ ਵਾਲਾ ਘੁੰਗਰੂਆਂ ਨੂੰ ਬਕਸੇ ਨਾਲ ਖੜਕਾ ਕੇ ਤਮਾਸ਼ਾ ਦਿਖਾਉਂਦਾ ਹੈ, "ਦੇਖੋ, ਦਿੱਲੀ ਸ਼ਹਿਰ ਦੇਖੋ, ਅਠਾਰ੍ਹਾਂ ਦਾ ਦਰਬਾਰ ਦੇਖੋ, ਬੈਂਗਲੂਰ ਦਾ ਬਾਜ਼ਾਰ ਦੇਖੋ, ਮੈਸੂਰ ਦਾ ਮਹਾਰਾਜ ਦੇਖੋ। ਆਹਾ, ਮਹਾਰਾਜ ਦਾ ਦਰਬਾਰ ਦੇਖੋ, ਤਿਰੂਪਤੀ ਦੇ ਭਗਵਾਨ ਦੇਖੋ। ਆਹਾ, ਬੰਬਈ ਦੀ ਵੇਸਵਾ ਦੇਖੋ, ਦੇਖੋ, ਦੇਖੋ।" ਵਜਦੇ ਹੋਏ ਘੁੰਗਰੂਆਂ ਦੀ ਰੁਣਝੁਣ ਰੁਕ ਜਾਂਦੀ ਹੈ। ਉਹ ਜ਼ੋਰ ਦੀ ਚੀਕਦਾ ਹੈ, "ਦੇਖੋ ਬੰਬਈ ਤਮਾਸ਼ੇ ਦਾ ਬਕਸਾ, ਤਮਾਸ਼ੇ ਦਾ ਬਕਸਾ, ਤਮਾਸ਼ਾ-ਸਿਰਫ਼ ਇੱਕ ਪੈਸੇ 'ਚ।"

ਪੁੱਟਾ ਇਸ ਤਮਾਸ਼ੇ ਨੂੰ ਦੇਖੇ ਬਿਨਾ ਅੱਗੇ ਨਹੀਂ ਜਾਣਾ ਚਾਹੁੰਦਾ। "ਆਚਾਰੀਆ ਜੀ, ਮੈਨੂੰ ਇਸ ਨੂੰ ਦੇਖ ਲੈਣ ਦਿਉ।" ਉਸ ਨੇ ਬੇਨਤੀ ਕੀਤੀ। "ਜ਼ਰੂਰ, ਜ਼ਰੂਰ।" ਪ੍ਰਾਣੇਸ਼ਾਚਾਰੀਏ ਨੇ ਜੁਆਬ ਦਿੱਤਾ। ਪੁੱਟੇ ਨੇ ਕਿਹਾ, "ਪਰ ਮੈਨੂੰ ਛੱਡ ਕੇ ਨਾ ਚਲੇ ਜਾਇਉ। ਏਥੇ ਹੀ ਖੜ੍ਹੇ ਰਹੋ ਅਤੇ ਇਹ ਕਹਿ ਕੇ ਬਕਸੇ ਦੇ ਕਾਲੇ ਕੱਪੜੇ ਨਾਲ ਆਪਣੇ ਸਿਰ ਨੂੰ ਢਕ ਲਿਆ ਅਤੇ ਬਕਸੇ ਦਾ ਤਮਾਸ਼ਾ ਦੇਖਣ ਲੱਗਿਆ। ਆਚਾਰੀਏ ਦੇ ਮਨ 'ਚ ਆਇਆ ਕਿ ਪੁੱਟੇ ਨੂੰ ਉੱਥੇ ਹੀ ਛੱਡ ਕੇ ਅੱਗੇ ਤੁਰ ਜਾਣ। ਫੇਰ ਸੋਚਿਆ, "ਵਿਚਾਰਾ ਕਿੰਨਾ ਭੋਲਾ ਹੈ-ਇਸ ਤਰ੍ਹਾਂ ਇਸ ਨਾਲ ਕਿਵੇਂ ਕਰ ਸਕਦਾ ਹਾਂ, ਹਾਲਾਂਕਿ ਮੇਰੀ ਆਪਣੀ ਸ਼ਾਂਤੀ ਦੇ ਲਈ ਇਹ ਇੱਕ ਪਲ ਵੀ ਨਹੀਂ ਛੱਡਦਾ, ਮੈਨੂੰ ਕੁਝ ਦੇਰ ਇਕੱਲੇ ਹੋਣ ਦੀ ਵੀ ਬਹੁਤ ਲੋੜ ਹੈ, ਇਉਂ ਸੋਚ-ਵਿਚਾਰ ਕੇ ਉਹ ਤੁਰ ਪਏ। ਕੁਝ ਹੀ ਪੁਲਾਂਘਾ ਪੁੱਟੀਆਂ ਹੋਣਗੀਆਂ ਕਿ ਪਿੱਛਿਉਂ ਆਵਾਜ਼ ਆਈ,"ਆਚਾਰੀਆ ਜੀ।" ਉਹਨਾਂ ਨੇ ਮੁੜ ਕੇ ਦੇਖਿਆ, ਪੁੱਟਾ ਹੀ ਸੀ। "ਮੈਂ ਤਾਂ ਇੱਕ ਵਾਰ ਡਰ ਹੀ ਗਿਆ ਸੀ ਕਿ ਤੁਸੀਂ ਮੈਨੂੰ ਇਕੱਲਾ ਛੱਡ ਕੇ ਚਲੇ ਗਏ ਹੋ। ਉਸ ਤਮਾਸ਼ੇ ਵਾਲੇ ਨੇ ਦੱਸਿਆ ਕਿ ਤੁਸੀਂ ਇੱਧਰ ਨੂੰ ਜਾ ਰਹੇ ਸੀ। ਚਲੋ, ਚੱਲੀਏ।" ਇੱਕ ਵਾਰ ਤਾਂ ਪ੍ਰਾਣੇਸ਼ਾਚਾਰੀਏ ਨੂੰ ਗੁੱਸਾ ਆਇਆ। ਕੀ ਉਸ ਨੂੰ ਉਹ ਝਿੜਕਣ? ਪਰ ਬਿਨਾਂ ਕਿਸੇ ਸੁਆਰਥ ਦੇ ਦੋਸਤੀ ਦੇ ਲਈ ਹੱਥ ਵਧਾਉਣ ਵਾਲੇ ਕਿਸੇ ਮਨੁੱਖ ਨੂੰ ਕੋਈ ਕਿਵੇਂ ਦੁੱਖ ਦੇ ਸਕਦਾ ਹੈ? ਉਹਨਾਂ ਨੇ ਦਿਲ 'ਚੋਂ ਕਿਹਾ ਕਿ ਇਸ ਦੇ ਸਾਥ ਨੂੰ ਕਬੂਲ ਕਰ ਹੀ ਲੈਣਾ ਚਾਹੀਦਾ ਹੈ। ਪੁੱਟੇ ਨੇ ਕਿਹਾ, "ਆਹਾ, ਜ਼ਰਾ ਇਧਰ ਤਾਂ ਦੇਖੋ।" ਇੱਕ ਡੂਮ ਕਲਾਬਾਜ਼ੀ ਦੀ ਖੇਡ ਦਿਖਾ ਰਿਹਾ ਸੀ। ਸੱਪ ਵਰਗੀ ਪਤਲੀ ਅਤੇ ਕਣਕਬੰਨੇ ਰੰਗ ਵਾਲੀ ਇੱਕ ਮੁਟਿਆਰ, ਜਿਸ ਦੇ ਸਾਰੇ ਸਰੀਰ 'ਚ ਮੋੜ ਹੀ ਮੋੜ ਸਨ, ਬਾਜ਼ ਦੀ ਤਰ੍ਹਾਂ ਆਪਣੇ ਹੱਥ-ਪੈਰ ਪਸਾਰ ਕੇ ਸਿਰਫ਼ ਆਪਣੇ ਨੰਗੇ ਢਿੱਡ ਦੇ ਭਾਰ ਬਾਂਸ ਦੇ ਉਪਰੀ ਕਿਨਾਰੇ 'ਤੇ ਝੂਲ ਰਹੀ ਸੀ। ਡੂਮ ਢੋਲ ਵਜਾ ਰਿਹਾ ਸੀ। ਅਗਲੇ ਹੀ ਪਲ ਉਹ ਕੁੜੀ ਉਸੇ ਬਾਂਸ ਦੇ ਸਹਾਰੇ ਤਿਲਕ ਕੇ ਧਰਤੀ 'ਤੇ ਆ ਗਈ ਅਤੇ ਨੱਚਣ ਲੱਗੀ। ਭੀੜ 'ਚੋਂ ਲੋਕ ਉਸ ਦੇ ਵੱਲ ਪੈਸੇ ਸੁੱਟਣ ਲੱਗੇ। ਪੁੱਟੇ ਨੇ ਵੀ ਇੱਕ ਪੈਸਾ ਸੁੱਟਿਆ। ਤੁਰ

ਕੇ ਜਿਉਂ ਹੀ ਉਹ ਮੰਦਰ ਵੱਲ ਗਏ, ਸੜਕ ਦੇ ਦੋਵੇਂ ਪਾਸੇ ਮੰਗਤੇ ਭੀਖ ਮੰਗ ਰਹੇ ਸਨ-ਮੰਗਤੇ ਜਿਨ੍ਹਾਂ ਦੇ ਹੱਥ ਜਾਂ ਪੈਰ ਨਹੀਂ ਸਨ, ਉਹਨਾਂ ਦੀ ਥਾਵੇਂ ਬਲਕਿ ਟੁੰਡ ਹੀ ਸਨ। ਅੰਨ੍ਹੇ ਮੰਗਤੇ, ਅਜਿਹੇ ਮੰਗਤੇ ਜਿਨ੍ਹਾਂ ਦੇ ਨੱਕ ਦੀ ਥਾਵੇਂ ਸਿਰਫ਼ ਦੋ ਮੋਰੀਆਂ ਹੀ ਦਿਖ ਰਹੀਆਂ ਸਨ-ਹਰ ਤਰ੍ਹਾਂ ਦੇ ਲੰਗੜੇ-ਲੂਲ੍ਹੇ, ਕੋਹੜੀ ਮੰਗਤੇ। ਉਹਨਾਂ 'ਚੋਂ ਇੱਕ ਮੰਗਤੇ ਵੱਲ ਪੁੱਟੇ ਨੇ ਇੱਕ ਪੈਸਾ ਸੁੱਟਿਆ। ਅੱਗੇ ਜਾ ਕੇ ਰੇੜ੍ਹੇ 'ਤੇ ਸਜਾਈ ਗਈ ਇੱਕ ਚਲਦੀ-ਫ਼ਿਰਦੀ ਦੁਕਾਨ ਤੋਂ ਉਸ ਨੇ ਆਪਣੀ ਘਰਵਾਲੀ ਦੇ ਲਈ ਇੱਕ ਗਜ ਰੀਬਨ ਖਰੀਦਿਆ-ਬਹੁਤ ਸਾਰੇ ਰੰਗ-ਬਿਰੰਗੇ ਰੀਬਨ ਇੱਕ ਨਿੱਕੇ ਜਿਹੇ ਬਾਂਸ ਦੇ ਸਹਾਰੇ ਲਟਕ ਰਹੇ ਸਨ। "ਉਸ ਨੂੰ ਰਿਬਨ ਪਾਉਣ ਦਾ ਬੜਾ ਚਾਅ ਹੈ।" ਪੁੱਟੇ ਨੇ ਕਿਹਾ। ਬੱਚਿਆਂ ਦੇ ਲਈ ਉਸ ਨੇ ਦੋ ਪੀਪਣੀਆਂ ਲਈਆਂ, ਇੱਕ ਵਾਰ ਉਹਨਾਂ ਨੂੰ ਵਜਾ ਕੇ ਦੇਖਿਆ ਅਤੇ ਫੇਰ ਕਿਹਾ, "ਹੁਣ ਚਲੋ।" ਪ੍ਰਾਣੇਸ਼ਾਚਾਰੀਏ ਨੂੰ ਲੱਗਿਆ ਕਿ ਇਸ ਧੱਕਮ-ਧੱਕੇ ਅਤੇ ਭੀੜ-ਭੜੱਕੇ 'ਚ ਉਹ ਬੇਤਾਲ ਦੀ ਤਰ੍ਹਾਂ ਚੱਕਰ ਲਾ ਰਹੇ ਹਨ, ਇਸ ਰੌਲੇ ਅਤੇ ਭੀੜ 'ਚ ਉਹ ਜੜਹੀਣ ਪਦਾਰਥ ਦੀ ਤਰ੍ਹਾਂ ਹੋ ਗਏ ਹਨ।

ਪੁੱਟੇ ਨੇ ਸੋਡੇ ਦੀਆਂ ਬੋਤਲਾਂ ਵੇਚਣ ਵਾਲੀ ਜਿਵੇਂ ਹੀ ਇੱਕ ਦੁਕਾਨ ਦੇਖੀ, ਉਵੇਂ ਹੀ ਕਿਹਾ, "ਆਉ, ਸੰਤਰੇ ਦੇ ਰੰਗ ਦਾ ਸੋਡਾ ਪੀਤਾ ਜਾਵੇ।" ਪ੍ਰਾਣੇਸ਼ਾਚਾਰੀਏ ਨੇ ਨਹੀਂ ਮੰਨਿਆ ਕਿਹਾ, "ਮੈਂ ਏਨਾ ਚੀਜ਼ਾਂ ਨੂੰ ਨਹੀਂ ਪੀਂਦਾ।" ਕੋਂਕਣੀ ਦੀ ਫੂਸ ਨਾਲ ਬਣੀ ਦੁਕਾਨ ਮੂਹਰੇ ਪੁੱਟਾ ਰੁਕ ਗਿਆ, ਧਿਆਨ ਨਾਲ ਲਾਲ ਰੰਗ ਦੇ ਸੋਡੇ ਦੀ ਇੱਕ ਬੋਤਲ ਨੂੰ ਦੇਖਿਆ ਅਤੇ ਕਿਹਾ, "ਇਹ ਇੱਕ ਬੋਤਲ ਮੈਨੂੰ ਦੇ ਦਿਉ।" ਦੁਕਾਨ 'ਚ ਪੇਂਡੂ ਤੀਵੀਆਂ ਦੀ ਭੀੜ ਸੀ, ਜੋ ਉਸ ਖ਼ੂਬਸੂਰਤ ਸੋਡੇ ਨੂੰ ਸੰਗਦਿਆਂ ਪਰ ਸ਼ੌਕ ਨਾਲ ਪੀ ਰਹੀਆਂ ਸਨ। ਸਿਰ 'ਤੇ ਚੋਪੜਿਆ ਤੇਲ ਚਮਕ ਰਿਹਾ ਸੀ, ਵਾਲ ਚੰਗੀ ਤਰ੍ਹਾਂ ਵਾਹੇ-ਸੰਵਾਰੇ ਸਨ। ਬਹੁਤ ਸਾਰੀਆਂ ਦੇ ਵਾਲਾਂ 'ਚ ਫੁੱਲ ਟੰਗੇ ਹੋਏ ਸਨ। ਤੀਵੀਆਂ ਨੇ ਨਵੀਆਂ-ਨਵੀਆਂ ਸਾੜ੍ਹੀਆਂ ਪਾ ਰੱਖੀਆਂ ਸਨ, ਕਿਸਾਨਾਂ ਨੇ ਨਵੀਆਂ ਕਮੀਜ਼ਾਂ। ਸੋਡੇ ਦੀਆਂ ਬੋਤਲਾਂ ਦੇ ਢੱਕਣ ਦੀਆਂ ਬਿਲੌਰੀ ਗੋਲੀਆਂ ਹੇਠਾਂ ਦਬਦੇ ਸਮੇਂ ਇੱਕ ਕਲਕਲ ਦੀ ਆਵਾਜ਼ ਦੀ ਆਉਂਦੀ ਸੀ। ਫੇਰ ਉਸ ਰੰਗੀਨ ਸੋਡੇ ਨੂੰ ਪੀ ਕੇ ਡਕਾਰ ਆਉਂਦੇ ਸਨ। ਇਹ ਸਭ ਦੇਖਣਾ-ਸੁਣਨਾ ਆਪਣੇ-ਆਪ 'ਚ ਸਾਰਾ ਕੁਝ ਸੰਭਾਵਨਾ, ਅਨੁਭਵ ਅਤੇ ਇੱਕ ਤਸੱਲੀ ਦਾ ਸੰਚਾਰ ਕਰਦਾ ਸੀ। ਇਸ ਮੇਲੇ ਦੇ ਅਨੇਕਾਂ ਸੁੱਖਾਂ 'ਚੋਂ ਇੱਕ ਸੁੱਖ ਇਹ ਵੀ ਹੈ। ਸਭ ਭਗਤ ਇਸ ਦੇ ਬਾਰੇ 'ਚ ਸੋਚ ਕੇ ਪਹਿਲਾਂ ਹੀ ਪੈਸੇ ਕੱਢ ਕੇ ਰੱਖ ਦਿੰਦੇ ਹਨ। ਪ੍ਰਾਣੇਸ਼ਾਚਾਰੀਆ ਇਹਨਾਂ ਸਾਧਾਰਣ ਸੁੱਖਾਂ ਦੇ ਸੰਸਾਰ ਤੋਂ ਬਾਹਰ ਨਿਰਪੱਖ ਹੋ ਕੇ ਖੜ੍ਹੇ ਰਹੇ ਅਤੇ ਭੀੜ ਨੂੰ ਦੇਖਦੇ ਰਹੇ। ਪੁੱਟੇ ਨੇ ਇੱਕ ਵੱਡਾ ਸਾਰਾ ਡਕਾਰ ਮਾਰਿਆ ਅਤੇ ਉਸ ਦਾ ਚਿਹਰਾ ਖਿੜ ਗਿਆ। "ਚਲੋ ਚੱਲੀਏ, ਪਰ ਤੁਸੀਂ ਤਾਂ ਕੁਝ ਪੀਤਾ ਹੀ ਨਹੀਂ।"

ਏਨੀ ਭੀੜ-ਭੜੱਕੇ ਅਤੇ ਰੌਲੇ-ਗੌਲੇ 'ਚ, ਬੁਲਬਲਿਆਂ-ਪੀਪਣੀਆਂ ਦੀਆਂ ਆਵਾਜ਼ਾਂ 'ਚ, ਸੋਡਾ ਖੁੱਲ੍ਹਣ ਦੀਆਂ ਅਤੇ ਮਠਿਆਈ ਵੇਚਣ ਵਾਲਿਆਂ ਦੀਆਂ ਹਾਕਾਂ 'ਚ, ਮੰਦਰ ਦੇ ਘੰਟਿਆਂ ਦੀ ਆਵਾਜ਼ 'ਚ, ਤੀਵੀਆਂ ਦੇ ਗੁੱਟਾਂ ਦੇ ਲਈ ਕੱਚ ਦੀਆਂ ਚੂੜੀਆਂ ਵੇਚਣ ਵਾਲੀਆਂ ਦੁਕਾਨਾਂ ਦੀ ਤੜਕ-ਭੜਕ 'ਚ, ਪੁੱਟੇ ਦੇ ਪਿੱਛੇ-ਪਿੱਛੇ ਕਿਵੇਂ ਖਿੱਚੇ ਤੁਰੇ ਆ ਰਹੇ ਸਨ ਪ੍ਰਾਣੇਸ਼ਾਚਾਰੀਆ ਜੀ। ਸਾਰੀ ਥਾਵੇਂ ਸੱਜਗ ਅਤੇ ਉਤਸੁਕ ਅੱਖਾਂ ਦਿਖਾਈ ਦੇ ਰਹੀਆਂ ਸਨ। ਕਿਸੇ ਨਾ ਕਿਸੇ ਦ੍ਰਿਸ਼ ਜਾਂ ਕੰਮ ਕਾਰ 'ਚ ਰੁੱਝੀਆਂ। ਸਿਰਫ਼ ਉਹਨਾਂ ਦੀਆਂ ਹੀ ਅੱਖਾਂ ਸਨ ਜੋ ਕਿਸੇ ਚੀਜ਼ 'ਤੇ ਨਹੀਂ ਟਿਕ ਰਹੀਆਂ ਸਨ। ਪੁੱਟਾ ਠੀਕ ਹੀ ਕਹਿੰਦਾ ਸੀ। "ਉਸ ਦਾ ਇਸ ਤਰ੍ਹਾਂ ਅਚਾਨਕ ਮਿਲ ਜਾਣਾ ਵੀ ਹੋਣੀ ਦੀ ਹੀ ਦੇਣ ਹੈ। ਆਪਣੇ ਫ਼ੈਸਲੇ ਦੀ ਪਾਲਣਾ 'ਚ ਮੇਰੇ 'ਚ ਜੀਵਨ ਦੇ ਪ੍ਰਤਿ ਲੀਨ ਹੋਣ ਦੀ ਸਮਰੱਥਾ ਵੀ ਪੈਦਾ ਹੋਣੀ ਚਾਹੀਦੀ ਹੈ। ਲਗਨ ਦੀ ਇਹੀ ਦੁਨੀਆ ਚੰਦਰੀ ਦੀ ਵੀ ਹੈ। ਪਰ ਮੈਂ ਨਾ ਤਾਂ ਇਸ ਸੰਸਾਰ ਦਾ ਹਾਂ, ਨਾ ਉਸ ਸੰਸਾਰ ਦਾ। ਇਹਨਾਂ ਆਪਸੀ ਦੋ ਵਿਰੋਧੀ ਧਰੁਵਾਂ 'ਚ ਫਸਿਆ ਪਿਆ ਹਾਂ।" ਉਹਨਾਂ ਦੇ ਨੱਕ ਨੂੰ ਕੌਫ਼ੀ ਅਤੇ ਮਸਾਲੇ ਡੋਸੇ ਦੀ ਮਹਿਕ ਮਹਿਸੂਸ ਹੋਈ। ਪੁੱਟਾ ਰੁਕ ਗਿਆ ਅਤੇ ਫੇਰ ਆਚਾਰੀਆ ਜੀ



ਵੀ।

ਪੁੱਟੇ ਨੇ ਕਿਹਾ, "ਆਉ, ਇੱਕ-ਇੱਕ ਪਿਆਲਾ ਕੌਫ਼ੀ ਹੋ ਜਾਵੇ।"

"ਮੈਂ ਤਾਂ ਨਹੀਂ ਪੀ ਸਕਾਂਗਾ।" ਪ੍ਰਾਣੇਸ਼ਾਚਾਰੀਆ ਨੇ ਜੁਆਬ ਦਿੱਤਾ।

ਇਹ ਤਾਂ ਇੱਕ ਬ੍ਰਾਹਮਣ ਦਾ ਹੋਟਲ ਹੈ। ਇਸੇ ਉਤਸਵ ਦੇ ਲਈ ਤੀਰਥਹੱਲੀ ਤੋਂ ਇਸ ਨੂੰ ਏਥੇ ਏਨੀ ਦੂਰ ਲਿਆਂਦਾ ਗਿਆ ਹੈ। ਏਥੇ ਖਾਣ-ਪੀਣ ਲਈ ਕੋਈ ਹਰਜ ਨਹੀਂ ਹੈ। ਤੁਹਾਡੇ ਵਰਗੇ ਕੱਟੜਾਂ ਪੰਡਤਾਂ ਦੇ ਲਈ ਬੈਠਣ ਲਈ ਅੰਦਰ ਵੱਖਰੀ ਥਾਂ ਰੱਖੀ ਗਈ ਹੈ।"

"ਨਹੀਂ, ਮੈਨੂੰ ਕੌਫ਼ੀ ਨਹੀਂ ਚਾਹੀਦੀ।"

"ਇਹ ਕਿਵੇਂ ਸੰਭਵ ਹੈ? ਆਉ ਤਾਂ ਸਹੀ। ਮੈਂ ਤੁਹਾਡੇ ਲਈ ਕੌਫ਼ੀ ਲੈਣੀ ਹੀ ਹੈ।" ਪੁੱਟੇ ਨੇ ਕਿਹਾ ਅਤੇ ਹੱਥ ਫੜ ਕੇ ਉਹਨਾਂ ਨੂੰ ਅੰਦਰ ਲੈ ਗਿਆ। ਅਨਮੰਨੇ ਮਨ ਨਾਲ ਇੱਕ ਚੌਕੀ 'ਤੇ ਪ੍ਰਾਣੇਸ਼ਾਚਾਰੀਆ ਬੈਠ ਗਏ। ਡਰ ਕੇ ਉਹਨਾਂ ਨੇ ਚਾਰੇ ਪਾਸੇ ਨਜ਼ਰ ਮਾਰੀ-ਕੋਈ ਜਾਣੂ ਬੰਦਾ ਤਾਂ ਨਹੀਂ ਉੱਥੇ ਬੈਠਾ ਹੈ?" ਜੇਕਰ ਕੋਈ ਵੇਦਾਂਤ-ਸ਼ਿਰੋਮਣੀ ਨੂੰ ਇਸ ਗੰਦੇ ਹੋਟਲ 'ਚ ਕੌਫ਼ੀ ਦਾ ਪਿਆਲਾ ਪੀਂਦਾ ਦੇਖ ਲਵੇ ਤਾਂ?"

"ਸੱਚ ਤਾਂ ਇਹ ਹੈ ਕਿ ਮੈਂ ਪਹਿਲਾਂ ਤਾਂ ਅਜਿਹੇ ਡਰਾਂ ਤੋਂ ਖਹਿੜਾ ਛੁਡਾਉਣਾ ਹੈ।" ਸੋਚ ਕੇ ਖ਼ੁਦ ਨੂੰ ਦੇਰ ਤੱਕ ਕੋਸਦੇ ਰਹੇ। ਉਹਨਾਂ ਦੇ ਸ੍ਰੇਸ਼ਠ ਪੰਡਤ ਹੋਣ ਕਾਰਨ ਮਾਣ 'ਚ ਕੁਝ ਦੂਰੀ 'ਤੇ ਖੜ੍ਹਾ ਰਿਹਾ। ਆਪਣੇ ਸਾਹਮਣੇ ਖੜ੍ਹੇ ਵੇਟਰ ਨੂੰ ਉਸ ਨੇ ਕਿਹਾ, "ਦੋ ਸਪੈਸ਼ਲ ਕੌਫ਼ੀ ਲੈ ਆ।" ਉਸ ਨੇ ਦੋ ਆਨੇ ਦਿੱਤੇ, ਕੌਫ਼ੀ ਦਾ ਆਪਣਾ ਪਿਆਲਾ ਪੀ ਲਿਆ ਅਤੇ ਹਿਕਾਰਤ ਭਰੇ ਸ਼ਬਦਾਂ 'ਚ ਬੋਲਿਆ, "ਇਹਨਾਂ ਮੇਲਿਆਂ 'ਚ ਕਿੰਨੀ ਮਾੜੀ ਕੌਫ਼ੀ ਮਿਲਦੀ ਹੈ।" ਪ੍ਰਾਣੇਸ਼ਾਚਾਰੀਏ ਨੂੰ ਪਿਆਸ ਲੱਗੀ ਹੋਈ ਸੀ, ਉਹਨਾਂ ਨੂੰ ਤਾਂ ਆਪਣੀ ਕੌਫ਼ੀ ਚੰਗੀ ਹੀ ਲੱਗੀ।

ਭਾਵਨਾ ਦੀ ਇਸ ਨਵੀਂ ਉਡਾਣ ਦੇ ਨਾਲ ਉਹ ਬਾਹਰ ਆਏ। ਪੁੱਟੇ ਨੇ ਕਿਹਾ, "ਤੁਸੀਂ ਮੰਦਰ 'ਚ ਜਾ ਕੇ ਭੋਜਨ ਕਿਉਂ ਨਹੀਂ ਕਰ ਆਉਂਦੇ? ਅੱਜ ਸ਼ਾਮ ਛੇ ਵਜੇ ਤੱਕ ਪੰਡਤਾਂ ਦੇ ਲਈ ਭੰਡਾਰਾ ਖੁੱਲ੍ਹਾ ਰਹੇਗਾ।" ਠੀਕ ਢੰਗ ਨਾਲ ਰੋਟੀ ਖਾਧੇ ਪ੍ਰਾਣੇਸ਼ਾਚਾਰੀਏ ਨੂੰ ਕਿੰਨੇ ਹੀ ਦਿਨ ਬੀਤ ਗਏ ਸਨ, ਗਰਮ-ਗਰਮ ਚੌਲ ਅਤੇ ਸਾਂਬਰ ਖਾਣ ਨੂੰ ਮਨ ਕੀਤਾ। ਪਰ ਤਦੇ ਉਹਨਾਂ ਨੂੰ ਖ਼ਿਆਲ ਆਇਆ ਕਿ ਘਰਵਾਲੀ ਦੀ ਮੌਤ ਕਾਰਨ ਉਹ ਤਾਂ ਸੂਤਕ 'ਚ ਹਨ। ਕਿਵੇਂ ਕੋਈ ਇਸ ਹਾਲ 'ਚ ਮੰਦਰ ਦੀ ਪਵਿੱਤਰ ਧਰਤੀ 'ਤੇ ਪੈਰ ਰੱਖ ਸਕਦਾ ਹੈ ਅਤੇ ਉੱਥੇ ਖਾਣਾ ਖਾ ਸਕਦਾ ਹੈ-ਮੰਦਰ ਭਿੱਟਿਆ ਜਾਵੇਗਾ। ਫੇਰ ਯਾਤਰਾ ਵਾਲਾ ਰਥ ਇੱਕ ਇੰਚ ਵੀ ਅੱਗੇ ਨਹੀਂ ਤੁਰ ਸਕੇਗਾ। ਪਰ ਨਾਰਣੱਪੇ ਦਾ ਗਣਪਤੀ ਸਰੋਵਰ ਦੀਆਂ ਮੱਛੀਆਂ ਖਾ ਕੇ ਕੀ ਵਿਗੜ ਗਿਆ।? ਕਰਮਕਾਂਡ ਅਤੇ ਪਰੰਪਰਾ ਨਾਲ ਲੜਨ ਦਾ ਹੌਸਲਾ ਉਹਨਾਂ 'ਚ ਕਿੱਥੇ ਹੈ? ਉਹਨਾਂ ਦਾ ਦਿਲ ਆਪਣਾ ਮਜ਼ਾਕ ਉਡਾਉਣ ਲੱਗਿਆ, "ਚੰਦਰੀ ਨੂੰ ਮਿਲਣ ਅਤੇ ਉਸ ਦੇ ਨਾਲ ਰਹਿਣ ਦਾ ਤੁਹਾਡਾ ਨਿਸ਼ਚਾ ਬਿਲਕੁਲ ਬੇਅਰਥ ਹੈ। ਜੇਕਰ ਤੁਸੀਂ ਆਪਣੇ ਫ਼ੈਸਲੇ 'ਤੇ ਡਟੇ ਰਹਿਣਾ ਹੈ ਤਾਂ ਪੂਰੇ ਹੌਸਲੇ ਅਤੇ ਵਿਸ਼ਵਾਸ ਨਾਲ ਅੱਗੇ ਤੁਰੋ, ਨਹੀਂ ਤਾਂ ਇਸ ਨਿਸ਼ਚੇ ਤੋਂ ਹੱਥ ਖਿੱਚ ਲਉ। ਅੰਦਰੂਨੀ ਵਿਰੋਧਾਂ ਦੀ ਖਿੱਚਾ-ਤਾਣੀ ਤੋਂ ਪਾਰ ਪਾਉਣ ਦਾ ਹੋਰ ਕੋਈ ਸਾਧਨ ਨਹੀਂ ਹੈ, ਡਰ ਤੋਂ ਮੁਕਤ ਹੋਣ ਦਾ ਵੀ ਇਹ ਇੱਕੋ-ਇੱਕ ਜ਼ਰੀਆ ਹੈ। ਜ਼ਰਾ ਸੋਚੋ-ਮਹਾਬਲ ਕਿਸ ਤਰ੍ਹਾਂ ਆਪਣੇ ਦ੍ਰਿੜ੍ਹ ਨਿਸ਼ਚੇ 'ਤੇ ਅਡੋਲ ਰਿਹਾ ਸੀ।"

"ਜ਼ਰਾ ਰੁਕੋ, ਆਚਾਰੀਆ ਜੀ, ਉਧਰ ਦੇਖੋ।" ਪੁੱਟੇ ਨੇ ਕਿਹਾ। ਥੋੜ੍ਹੀ ਹੀ ਦੂਰ ਪਹਾੜੀ 'ਤੇ ਜਿਵੇਂ ਮੰਤਰਮੁਗਧ ਹੋਈ ਛੋਟੀ ਜਾਤ ਦੇ ਲੋਕਾਂ ਦਾ ਇੱਕ ਸਮੂਹ ਖੜ੍ਹਾ ਸੀ। "ਆਉ, ਉੱਥੇ ਚੱਲੀਏ। ਮੈਂ ਸਮਝਦਾ ਹਾਂ ਕਿ ਉੱਥੇ ਕੁੱਕੜਾਂ ਦੀ ਲੜਾਈ ਚੱਲ ਰਹੀ ਹੋਵੇਗੀ।" ਪ੍ਰਾਣੇਸ਼ਾਚਾਰੀਏ ਦੇ ਮਨ ਨੂੰ ਜਿਵੇਂ ਠੇਸ ਜਿਹੀ ਲੱਗੀ। ਉਹਨਾਂ ਲੋਕਾਂ ਤੋਂ ਥੋੜ੍ਹਾ ਪਰੇ ਹੋ ਕੇ ਦੇਖਣ ਲੱਗੇ। ਤਾੜੀ ਦੀ ਹਵਾੜ ਆ ਰਹੀ ਸੀ।

ਉਸ ਦੀ ਬਦਬੂ ਨਾਲ ਉਲਟੀ ਆਉਣ ਵਾਲੀ ਹੋ ਗਈ। ਪੱਬਾਂ ਭਾਰ ਬੈਠੇ ਹੋਏ ਲੋਕ ਦੋ ਕੁੱਕੜਾਂ ਦਾ ਇੱਕ-ਦੂਜੇ 'ਤੇ ਝਪਟਣਾ ਦੇਖ ਰਹੇ ਸਨ, ਕੁੱਕੜਾਂ ਦੇ ਪੈਰਾਂ ਨਾਲ ਚਾਕੂ ਬੰਨ੍ਹੇ ਹੋਏ ਸਨ-ਖੰਭ ਫੜਫੜਾ ਕੇ ਇੱਕ ਦੂਜੇ 'ਤੇ ਹਮਲਾ ਕਰ ਰਹੇ ਸਨ। ਇਹਨਾਂ ਲੜਦੇ ਹੋਏ ਕੁੱਕੜਾਂ ਨੂੰ ਦੇਖਣ ਲਈ ਲੋਕ ਪੱਬਾਂ ਭਾਰ ਹੋਏ ਬੈਠੇ ਸਨ। ਅਜਿਹੀ ਇਕਾਗਰਤਾ, ਏਨੀਆਂ ਕਰੂਰ, ਨਿਰਦਈ ਨਜ਼ਰਾਂ ਉਹਨਾਂ ਨੇ ਪਹਿਲਾਂ ਕਦੇ ਨਹੀਂ ਦੇਖੀਆਂ ਸਨ। ਜਿਵੇਂ ਉਹਨਾਂ ਦੀ ਸਮੁੱਚੀ ਹੋਂਦ ਹੀ ਉਹਨਾਂ ਦੀਆਂ ਅੱਖਾਂ 'ਚ ਆ ਗਈ ਸੀ ਅਤੇ ਤਦੇ ਦੋ ਕੁੱਕੜ ਅਤੇ ਫੜਫੜਾਉਂਦੇ ਚਾਰ ਖੰਭ, ਚਾਰ ਚਾਕੂ। ਕੋਕ, ਕੋਕ, ਕੋਕ ਦੀਆਂ ਤੇਜ਼ ਆਵਾਜ਼ਾਂ ਅਤੇ ਉਹਨਾਂ ਲਾਲ ਕਲਗੀਆਂ ਵਾਲੇ ਕੁੱਕੜਾਂ ਨੂੰ, ਚਾਕੂਆਂ ਦੀ ਚਮਕਦੀ ਧਾਰ ਨੂੰ ਘੇਰੀ ਖੜ੍ਹੀਆਂ ਚਾਲੀ-ਪੰਜਾਹ ਅੱਖਾਂ। ਸੂਰਜ ਦੀਆਂ ਕਿਰਨਾਂ ਚਾਕੂਆਂ ਦੇ ਨਾਲ ਟਕਰਾ ਕੇ ਚੁੰਧਿਆਉਂਦੀਆਂ ਹੋਈਆਂ ਪਲਟਦੀਆਂ। ਚਾਕੂਆਂ ਦੇ ਟਕਰਾਉਣ ਦੇ ਨਾਲ ਚੰਗਿਆੜੀਆਂ ਫੁੱਟਦੀਆਂ। ਆਹ! ਕੇਹੀ ਚਤੁਰਾਈ, ਯੁੱਧ ਦੀ ਨਿਪੁੰਨਤਾ ਦਿਖਾਈ ਦੇ ਰਹੀ ਸੀ। ਉਹਨਾਂ 'ਚੋਂ ਇੱਕ ਕੁੱਕੜ ਚੁੰਝਾਂ ਮਾਰ-ਮਾਰ ਕੇ ਜ਼ਖ਼ਮੀ ਕੁੱਕੜ ਦੇ ਉਪਰ ਚੜ੍ਹ ਬੈਠਾ। ਪ੍ਰਾਨੇਸ਼ਾਚਾਰੀਏ ਦੀ ਜਾਨ ਨਿਕਲਣ ਵਰਗੀ ਹੋ ਗਈ। ਅਚਾਨਕ ਕਿਹੋ ਜਿਹੀ ਨਿਰਦਈ ਦੁਨੀਆ 'ਚ ਆ ਗਏ। ਭਿਆਨਕ ਡਰ ਦੇ ਮਾਰੇ ਉਹ ਭੁੰਜੇ ਬੈਠ ਗਏ-ਜੇ ਇਸ ਪਾਤਾਲ ਲੋਕ 'ਚ ਜਿੱਥੇ ਉਹਨਾਂ ਨੇ ਚੰਦਰੀ ਦੇ ਨਾਲ ਮਿਲ ਕੇ ਰਹਿਣ ਦਾ ਅਹਿਦ ਕੀਤਾ ਹੈ, ਜੇਕਰ ਉਸ ਗਹਿਰਾਈ ਦੇ ਹਨੇਰੇ 'ਚ, ਉਸ ਗੁਫ਼ਾ 'ਚ ਇਹ ਅੱਧ-ਮੂਰਛਿਤ ਲੋਕਾਂ ਦੀਆਂ ਅੱਖਾਂ 'ਚ ਚਮਕਣ ਵਾਲੀ ਵਿਰਤੀ ਇਸ ਤਰ੍ਹਾਂ ਦੀਆਂ ਕਰੂਰ ਖੇਡਾਂ ਦਾ ਹੀ ਅੰਸ਼ ਹੈ ਤਾਂ ਉਹਨਾਂ ਵਰਗਾ ਪੰਡਤ ਤਾਂ ਬਿਲਕੁਲ ਬੇਜਾਨ ਹੋ ਜਾਵੇਗਾ। ਕੁੱਕੜਾਂ ਦੇ ਮਾਲਿਕ ਭਿੰਨ-ਭਿੰਨ ਤਰ੍ਹਾਂ ਦੀਆਂ ਆਵਾਜ਼ਾਂ ਦੇ ਨਾਲ ਆਪਣੇ ਕੁੱਕੜਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ-ਪੱਕਾ ਇਹ ਆਵਾਜ਼ਾਂ ਕਿਸੇ ਮਨੁੱਖ ਦੇ ਗਲ਼ੇ 'ਚੋਂ ਨਿਕਲੀਆਂ ਆਵਾਜ਼ਾਂ ਨਹੀਂ ਹੋ ਸਕਦੀਆਂ। ਉਹਨਾਂ ਨੂੰ ਸਪੱਸ਼ਟ ਹੋ ਗਿਆ ਕਿ ਇਸ ਤਰ੍ਹਾਂ ਦੇ ਕਰੂਰ ਅਤੇ ਨਿਰਦਈ ਭਾਵਨਾਵਾਂ ਵਾਲੇ ਸੰਸਾਰ 'ਚ ਸਾਹ ਲੈਣ ਦੇ ਲਈ ਵੀ ਮੁਸ਼ਕਿਲ ਹੁੰਦਾ ਹੈ। ਕਾਮੁਕਤਾ ਦਾ ਇੱਕ ਪੱਖ ਕੋਮਲਤਾ 'ਚ ਜ਼ਾਹਿਰ ਹੁੰਦਾ ਹੈ ਅਤੇ ਦੂਸਰਾ ਰਾਖ਼ਸ਼ੀ ਕੁਭਾਵਾਂ 'ਚ। ਉਹਨਾਂ ਦੀ ਕਾਇਰਤਾ ਮੁੜ ਆਈ-ਉਹੋ ਜਿਹੀ ਕਾਇਰਤਾ ਜੋ ਉਸ ਦਿਨ ਅਨੁਭਵ ਹੋਈ ਸੀ ਜਦ ਨਾਰਣੱਪਾ ਚੁਣੌਤੀ ਦੇ ਕੇ ਉਹਨਾਂ ਦੇ ਸਾਹਮਣੇ ਖੜ੍ਹਾ ਹੋ ਗਿਆ ਸੀ, ਜਦਕਿ ਉਹਨਾਂ ਦੀ ਸਮੁੱਚੀ ਸ਼ਖ਼ਸੀਅਤ ਉਸ ਦੇ ਹੰਕਾਰ ਦੇ ਮੂਹਰੇ ਸੁੰਘੜਦੀ ਜਿਹੀ ਜਾਪੀ ਸੀ।

ਲੋਕਾਂ ਨੇ ਲੜਾਕੂ ਕੁੱਕੜਾਂ ਨੂੰ ਧੱਕੇ ਨਾਲ ਅੱਡ-ਅੱਡ ਕੀਤਾ, ਉਹਨਾਂ ਦੇ ਜ਼ਖ਼ਮਾਂ ਦੀ ਮੱਲ੍ਹਮ-ਪੱਟੀ ਕੀਤੀ ਅਤੇ ਫੇਰ ਤੋਂ ਲੜਾਈ ਦੇ ਮੈਦਾਨ 'ਚ ਉਹਨਾਂ ਨੂੰ ਉਤਾਰ ਦਿੱਤਾ। ਇਸ ਦੌਰਾਨ ਪੁੱਟੇ ਨੇ, ਜੋ ਬੜੇ ਉਤਸ਼ਾਹ ਨਾਲ ਕੁੱਕੜਾਂ ਦੀ ਲੜਾਈ ਨੂੰ ਦੇਖ ਰਿਹਾ ਸੀ, ਇੱਕ ਓਪਰੇ ਬੰਦੇ ਨਾਲ ਸ਼ਰਤ ਲਾ ਲਈ। "ਉਹ ਕੁੱਕੜ ਮੇਰਾ ਹੈ, ਜੇਕਰ ਉਹ ਜਿੱਤਿਆ ਤਾਂ ਤੁਹਾਨੂੰ ਦੋ ਆਨੇ ਦੇਣੇ ਪੈਣਗੇ।" ਉਸ ਨੇ ਕਿਹਾ, "ਜੇਕਰ ਮੇਰਾ ਕੁੱਕੜ ਜਿੱਤਿਆ ਤਾਂ ਤੁਸੀਂ ਚਾਰ ਆਨੇ ਹਾਰਨ ਦੀ ਬਾਜ਼ੀ ਲਾਓ।" ਪੁੱਟਾ ਹੋਰ ਵਧਿਆ, ਬੋਲਿਆ, "ਅੱਠ ਆਨੇ।" ਓਪਰਾ ਬੰਦਾ ਸ਼ਰਤ ਨੂੰ ਦਸ ਆਨੇ 'ਤੇ ਲੈ ਗਿਆ, ਪੁੱਟਾ ਬਾਰ੍ਹਾਂ ਆਨੇ 'ਤੇ।" "ਠੀਕ, ਬਾਰ੍ਹਾਂ ਆਨੇ ਦੀ ਹੀ ਸ਼ਰਤ ਰਹੀ, ਦੇਖੋ ਕੌਣ ਜਿੱਤਦਾ ਹੈ।" ਓਪਰੇ ਬੰਦੇ ਕਿਹਾ। ਫ਼ਿਕਰਮੰਦ ਪ੍ਰਾਨੇਸ਼ਾਚਾਰੀਆ ਦੇਖਦੇ ਰਹੇ। ਜੇਕਰ ਉਹ ਅਨੁਭਵਹੀਣ ਨੌਜਵਾਨ ਆਪਣਾ ਸਾਰਾ ਪੈਸਾ ਹਾਰ ਦੇਵੇ ਤਾਂ ਕੀ ਹੋਵੇਗਾ? ਜਦ ਪੁੱਟਾ ਜਿੱਤ ਗਿਆ ਤਾਂ ਉਹਨਾਂ ਨੂੰ ਬਹੁਤ ਜ਼ਿਆਦਾ ਹੈਰਾਨੀ ਹੋਈ। ਤੁਰਨ ਦੇ ਲਈ ਪੁੱਟਾ ਉੱਠ ਖੜ੍ਹਿਆ। ਜੋ ਬੰਦਾ ਹਾਰਿਆ ਸੀ, ਉਸ ਨੇ ਕਿਹਾ ਕਿ ਇੱਕ ਵਾਰੀ ਹੋਰ ਸ਼ਰਤ ਲੱਗ ਜਾਵੇ। ਪੁੱਟੇ ਨੇ ਕਿਹਾ, "ਨਹੀਂ?" ਓਪਰੇ ਬੰਦੇ ਨੇ ਪੀ ਰੱਖੀ ਸੀ, ਨਸ਼ੇ 'ਚ ਉਸ ਨਾਲ ਲੜਨ ਦੇ ਲਈ ਤਿਆਰ ਹੋ ਗਿਆ। ਪ੍ਰਾਨੇਸ਼ਾਚਾਰੀਏ ਨੇ ਉਸ ਨੂੰ ਰੋਕਿਆ। ਆਪਣੇ ਸਾਹਮਣੇ ਇੱਕ ਪੰਡਤ ਨੂੰ ਦੇਖ ਕੇ ਓਪਰਾ ਬੰਦਾ ਆਪਣੇ ਗੁੱਸੇ ਨੂੰ ਪੀ ਗਿਆ। ਬਾਕੀ ਭੀੜ ਤਮਾਸ਼ਬੀਨਾਂ ਵਾਂਗ



ਇਕੱਠੀ ਹੋ ਗਈ। ਪ੍ਰਾਨੇਸ਼ਾਚਾਰੀਏ ਨੇ ਪੁੱਟੇ ਦੀ ਬਾਂਹ ਫੜ ਕੇ ਭੀੜ 'ਚੋਂ ਬਾਹਰ ਕੱਢ ਲਿਆ ਅਤੇ ਇੱਕ ਪਾਸੇ ਤੁਰ ਪਏ।

ਪੁੱਟੇ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ। ਬਾਰ੍ਹਾਂ ਆਨੇ ਜਿੱਤ ਕੇ ਉਹ ਖ਼ੁਸ਼ ਹੋ ਰਿਹਾ ਸੀ। ਪ੍ਰਾਨੇਸ਼ਾਚਾਰੀਏ ਦੇ ਮਨ 'ਚ ਉਸ ਦੇ ਪ੍ਰਤਿ ਮਮਤਾ ਪੈਦਾ ਹੋ ਗਈ। "ਮੇਰੇ ਵੀ ਕੋਈ ਮੁੰਡਾ ਹੁੰਦਾ ਤਾਂ ਮੈਂ ਉਸ ਦਾ ਬੜੇ ਲਾਡ-ਪਿਆਰ ਨਾਲ ਪਾਲਣ-ਪੋਸ਼ਣ ਕਰਦਾ।" ਉਹਨਾਂ ਨੇ ਅੰਦਰੋ-ਅੰਦਰ ਕਿਹਾ।

ਮਿੱਤਰਤਾ ਦੀਆਂ ਇਹਨਾਂ ਭਾਵਨਾਵਾਂ ਨੇ ਪਰੇ ਛੱਡਦਿਆਂ ਪ੍ਰਾਨੇਸ਼ਾਚਾਰੀਏ ਨੇ ਕਿਹਾ, "ਪੁੱਟੇ, ਹੁਣ ਮੈਨੂੰ ਆਪਣੇ ਰਸਤੇ 'ਤੇ ਜਾਣ ਦੇ।"

ਪੁੱਟੇ ਦਾ ਮੂੰਹ ਲਟਕ ਗਿਆ, ਉਸ ਨੇ ਪੁੱਛਿਆ, "ਕਿਸ ਪਾਸੇ ਜਾਓਗੇ?" ਆਚਾਰੀਆ ਜੀ ਗਹਿਰਾਈ ਨਾਲ ਸੋਚਣ ਲੱਗੇ ਕਿ ਕੀ ਕਾਰਨ ਹੋ ਸਕਦਾ ਹੈ ਕਿ ਇਹ ਨੌਜਵਾਨ ਮੇਰਾ ਪਿੱਛਾ ਛੱਡਣ ਨੂੰ ਤਿਆਰ ਨਹੀਂ ਹੈ।

"ਕਿਤੇ ਵੀ ਜਾਵਾਂ। ਹਾਲੇ ਮੈਂ ਸੋਚਿਆ ਨਹੀਂ ਹੈ?" ਉਹਨਾਂ ਨੇ ਕਿਹਾ।

"ਤਾਂ ਥੋੜ੍ਹੀ ਦੂਰ ਤੁਹਾਡੇ ਨਾਲ ਚੱਲਾਂਗਾ। ਪਰ ਤੁਸੀਂ ਘੱਟੋ-ਘੱਟ ਮੰਦਰ 'ਚ ਭੋਜਨ ਕਰਕੇ ਜਾਇਓ।"

ਪ੍ਰਾਨੇਸ਼ਾਚਾਰੀਏ ਨੇ ਸੋਚਿਆ ਕਿ ਹੁਣ ਸ਼ਾਇਦ ਵਾਧੂ ਦਾ ਪੰਗਾ ਹੀ ਹੋਵੇਗਾ। ਉਹਨਾਂ ਨੇ ਅਚਾਨਕ ਕਹਿ ਦਿੱਤਾ, "ਮੈਂ ਕਿਸੇ ਸੁਨਿਆਰ ਦੇ ਜਾਣਾ ਹੈ।"

"ਪਰ ਕਿਉਂ?" ਜਿਵੇਂ ਪਿੱਛਾ ਨਾ ਛੱਡਣ ਵਾਲੇ ਸ਼ਬਦਾਂ 'ਚ ਪੁੱਟੇ ਨੇ ਕਿਹਾ।

"ਮੈਂ ਸੋਨੇ ਦੀ ਇੱਕ ਚੀਜ਼ ਵੇਚਣੀ ਹੈ।"

"ਅਜਿਹੀ ਤੁਹਾਨੂੰ ਕੀ ਲੋੜ ਪੈ ਗਈ? ਜੇਕਰ ਕੋਲੇ ਲੋੜੀਂਦੇ ਪੈਸੇ ਨਾ ਹੋਣ ਤਾਂ ਮੈਂ ਬਾਰ੍ਹਾਂ ਆਨੇ ਤੁਹਾਨੂੰ ਉਧਾਰ ਦੇ ਸਕਦਾ ਹਾਂ। ਤੁਸੀਂ ਸੌਖਿਆਂ ਮੋੜ ਦਿਉ।"

ਇਸ ਬੰਦੇ ਤੋਂ ਖਹਿੜਾ ਛੁਡਾਉਣ ਦਾ ਕੋਈ ਬਹਾਨਾ ਲੱਭਣ ਦੇ ਲਈ ਆਚਾਰੀਆ ਦਿਮਾਗ਼ 'ਤੇ ਬੋਝ ਪਾਉਣ ਲੱਗੇ। ਇਸ ਦੀ ਸੰਵੇਦਨਾ-ਹਮਦਰਦੀ ਤਾਂ ਧਰਤੀ 'ਤੇ ਵਿਛੀਆਂ ਉਹਨਾਂ ਵੇਲਾਂ ਦੀ ਤਰ੍ਹਾਂ ਸੀ ਜੋ ਪੈਰਾਂ 'ਚ ਉਲਝ-ਚਿੰਬੜ ਜਾਂਦੀ ਹੈ।

"ਨਹੀਂ ਪੁੱਟੇ! ਮੈਨੂੰ ਲੋੜ ਏਨੇ ਪੈਸਿਆਂ ਦੀ ਨਹੀਂ ਹੈ। ਕੁੰਦਾਪੁਰ ਦੇ ਲਈ ਮੈਂ ਬਸ ਫੜਨੀ ਹੈ। ਫੇਰ ਉੱਥੇ ਵੀ ਕੁਝ ਖਰਚ ਬਗੈਰਾ ਹੋਵੇਗਾ।" ਆਚਾਰੀਏ ਨੇ ਕਿਹਾ।

"ਓਹ! ਇਹ ਗੱਲ ਹੈ, ਤਾਂ ਆਉ। ਏਥੇ ਮੇਰੀ ਜਾਣ-ਪਛਾਣ ਦਾ ਇੱਕ ਸੁਨਿਆਰ ਹੈ। ਤੁਸੀਂ ਕੀ ਵੇਚਣਾ ਹੈ?"

ਉਸ ਤੋਂ ਬਚਣ ਦਾ ਕੋਈ ਹੱਲ ਨਾ ਦੇਖ ਕੇ ਪ੍ਰਾਨੇਸ਼ਾਚਾਰੀਏ ਨੇ ਕਿਹਾ, "ਮੇਰੇ ਜਨੇਊ ਨਾਲ ਛਾਂਪ ਬੰਨ੍ਹੀ ਹੈ।"

"ਦਿਖਾਇਓ।" ਕਹਿ ਕੇ ਪੁੱਟੇ ਨੇ ਆਪਣਾ ਹੱਥ ਅੱਗੇ ਕੀਤਾ। ਆਚਾਰੀਆ ਜੀ ਨੇ ਜਨੇਊ ਨਾਲੋਂ ਅੰਗੂਠੀ ਨੂੰ ਖੋਲ੍ਹਿਆ ਅਤੇ ਉਸ ਨੂੰ ਫੜਾ ਦਿੱਤੀ। ਪੁੱਟੇ ਨੇ ਹੱਥ 'ਚ ਫੜ ਕੇ ਪਰਖੀ ਅਤੇ ਫੇਰ ਕਿਹਾ, "ਕਿਸੇ ਵੀ ਹਾਲਤ 'ਚ ਪੰਦਰਾ ਰੁਪਏ ਤੋਂ ਘੱਟ ਇਸ ਦੇ ਪੈਸੇ ਨਹੀਂ ਲੈਣੇ।"

ਦੋਵੇਂ ਇੱਕ ਗਲੀ 'ਚ ਸੁਨਿਆਰ ਦੇ ਘਰੇ ਗਏ। ਲੱਕੜ ਦੀ ਸੰਦੂਕੜੀ ਦੇ ਮੂਹਰੇ ਸੁਨਿਆਰ ਬੈਠਾ ਸੀ ਅਤੇ ਇੱਕ ਅੰਗੂਠੀ ਨੂੰ ਘਸਾ ਕੇ ਦੇਖ ਰਿਹਾ ਸੀ। ਚਾਂਦੀ ਦੇ ਫਰੇਮ ਵਾਲੀਆਂ ਐਨਕਾਂ ਨੂੰ ਸਿੱਧਾ ਕਰਦਿਆਂ ਉਸ ਨੇ ਪੁੱਛਿਆ, "ਦੱਸੋ, ਕਿਵੇਂ ਆਉਣਾ ਹੋਇਆ?" ਉਦੋਂ ਤੱਕ ਪੁੱਟੇ ਨੂੰ ਉਸ ਨੇ ਪਛਾਣ ਲਿਆ ਅਤੇ ਹੋਰ ਵੀ ਨਰਮੀ ਨਾਲ ਬੋਲਿਆ, "ਕੀ ਗੱਲ ਅੱਜ ਪੈਰ ਇਧਰ ਕਿਵੇਂ ਖਿੱਚ ਲਿਆਏ?"

ਸੁਨਿਆਰ ਨੂੰ ਛਾਂਪ ਫੜਾ ਦਿੱਤੀ। ਸੁਨਿਆਰ ਨੇ ਇੱਕ ਕੰਡੇ 'ਚ ਰੱਤੀਆਂ ਨਾਲ ਛਾਂਪ ਦਾ

ਵਜ਼ਨ ਤੋਲਿਆ, ਉਸ ਨੂੰ ਇੱਕ ਕਸਵਟੀ 'ਤੇ ਘਸਾਕੇ ਦੇਖਿਆ ਅਤੇ ਫੇਰ ਕਿਹਾ, "ਦਸ ਰੁਪਏ ਦੇ ਸਕਾਂਗਾ ਇਸ ਦੇ।" ਪੁੱਟੇ ਨੇ ਕਿਹਾ ਕਿ ਜੇਕਰ ਮੁੱਲ ਪੰਦਰਾਂ ਰੁਪਏ ਤੋਂ ਘੱਟ ਹੈ ਤਾਂ ਇਸ ਬਾਰੇ ਗੱਲ ਕਰਨਾ ਵੀ ਬੇਕਾਰ ਹੈ। ਆਚਾਰੀਏ ਨੂੰ ਇਸ ਸੌਦੇਬਾਜ਼ੀ ਤੋਂ ਘਬਰਾਹਟ ਹੋਈ। "ਤੈਨੂੰ ਸ਼ਾਇਦ ਪਤਾ ਨਹੀਂ, ਸੋਨੇ ਦਾ ਭਾਅ ਬੜਾ ਗਿਰ ਗਿਆ ਹੈ।" ਸੁਨਿਆਰ ਨੇ ਕਿਹਾ।

ਇਸ ਬਾਰੇ 'ਚ ਮੈਨੂੰ ਕੁਝ ਨਹੀਂ ਪਤਾ। ਤੁਸੀਂ ਇਸ ਦੇ ਪੰਦਰਾ ਰੁਪਏ ਦੇਵੋਗੇ ਕਿ ਨਹੀਂ ?" ਪੁੱਟੇ ਨੇ ਪੁੱਛਿਆ ਅਤੇ ਫੇਰ ਆਚਾਰੀਏ ਦੇ ਵੱਲ ਆਪਣੀਆਂ ਭਵਾਂ ਨੂੰ ਜਿਵੇਂ ਇਹ ਕਹਿਣ ਦੇ ਲਈ ਉਪਰ ਚੁੱਕਦਿਆਂ ਦੇਖਿਆ ਕਿ ਦੇਖੋ, ਕਿਵੇਂ ਮੈਂ ਭਾਅ ਕਰਦਾ ਹਾਂ, ਇਸ ਦੀ ਤਾਰੀਫ਼ ਤਾਂ ਹੋਣੀ ਹੀ ਚਾਹੀਦੀ ਹੈ ਪਰ ਸੁਨਿਆਰ ਨੂੰ ਆਚਾਰੀਏ ਨੇ ਕਿਹਾ, "ਜੇਕਰ ਠੀਕ ਭਾਅ ਦਸ ਰੁਪਏ ਹੈ ਤਾਂ ਮੈਨੂੰ ਉਹੀ ਮੰਜ਼ੂਰ ਹੈ। ਮੇਰਾ ਖਰਚ ਉਹਨਾਂ ਪੈਸਿਆਂ ਨਾਲ ਪੂਰਾ ਹੋ ਜਾਵੇਗਾ।" ਅਜਿਹਾ ਕਹਿੰਦਿਆਂ ਸੌਦੇਬਾਜ਼ੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਸੁਨਿਆਰ ਦਾ ਮੂੰਹ ਚਮਕ ਉੱਠਿਆ। ਉਸ ਨੇ ਦਸ ਰੁਪਏ ਗਿਣ ਕੇ ਫੜਾਏ ਅਤੇ ਵਿਦਾ ਕਰਦਿਆਂ ਹੱਥ ਜੋੜ ਕੇ ਨਮਸਕਾਰ ਕੀਤੀ। ਪ੍ਰਾਦੇਸ਼ਾਚਾਰੀਏ ਨੇ ਕਿਹਾ, "ਮਦਦ ਦੇ ਲਈ ਧੰਨਵਾਦ" ਅਤੇ ਬਾਹਰ ਆ ਗਏ।

ਜਿਵੇਂ ਹੀ ਉਹ ਬਾਹਰ ਆਏ, ਪੁੱਟੇ ਨੇ ਘਰਵਾਲੀ ਦੀ ਤਰ੍ਹਾਂ ਉਹਨਾਂ ਨਾਲ ਝਗੜਨਾ ਸ਼ੁਰੂ ਕੀਤਾ, "ਇਹ ਗੱਲ ਕੀ ਹੈ ? ਮੈਂ ਤੁਹਾਡੀ ਮਦਦ ਕਰਨ ਦੇ ਲਈ ਕੋਸ਼ਿਸ਼ ਕਰ ਰਿਹਾ ਸੀ ਤੁਸੀਂ ਤਾਂ ਮੇਰੀ ਬੇਇੱਜ਼ਤੀ ਕਰਾ ਦਿੱਤੀ। ਹੁਣ ਉਹ ਸੁਨਿਆਰ ਅੱਗੇ ਤੋਂ ਕਦੇ ਵੀ ਮੇਰੇ ਕਹੇ 'ਤੇ ਵਿਸ਼ਵਾਸ ਨਹੀਂ ਕਰੇਗਾ। ਉਂਜ ਮੈਂ ਕਹਿ ਸਕਦਾ ਹਾਂ ਕਿ ਤੁਹਾਡੇ ਰੁਪਏ ਸੀ, ਤੁਸੀਂ ਹੀ ਉਹਨਾਂ ਨੂੰ ਨਾਲੀ 'ਚ ਸੁੱਟ ਦਿੱਤਾ ਤਾਂ ਮੈਨੂੰ ਕੀ ? ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਕਲਯੁੱਗ 'ਚ ਕੋਈ ਏਨਾ ਬੁੱਧੂ ਬਣ ਕੇ ਜਿਉਂਦਾ ਨਹੀਂ ਰਹਿ ਸਕਦਾ। ਇਹ ਸੁਨਿਆਰ ਤਾਂ ਆਪਣੀ ਭੈਣ ਦੇ ਗਹਿਣਿਆਂ 'ਚ ਵੀ ਖੋਟ ਪਾ ਦਿੰਦੇ ਹਨ ?" "ਮੈਨੂੰ ਪੈਸਿਆਂ ਦੀ ਸਖ਼ਤ ਲੋੜ ਸੀ। ਮੈਥੋਂ ਕਾਹਲ ਹੋ ਗਈ, ਮੈਨੂੰ ਮਾਫ਼ ਕਰਦੇ ਪੁੱਟਿਆ।" ਆਚਾਰੀਆ ਨੇ ਹੌਲੀ ਦੇਣੇ ਕਿਹਾ, ਪੁੱਟੇ ਨੂੰ ਕੋਈ ਠੇਸ ਪਹੁੰਚਾਉਣ ਦੀ ਉਹਨਾਂ ਦੀ ਕੋਈ ਮਨਸ਼ਾ ਨਹੀਂ ਸੀ। ਪੁੱਟਾ ਢੈਲਾ ਪੈ ਗਿਆ ਅਤੇ ਬੋਲਿਆ, "ਤੁਹਾਨੂੰ ਦੇਖਦਿਆਂ ਹੀ ਮੈਂ ਸਮਝ ਗਿਆ ਸੀ। ਤੁਸੀਂ ਇੱਕ ਬਹੁਤ ਭਲੇ ਆਦਮੀ ਹੋ। ਮੈਂ ਆਪ ਜਾ ਕੇ ਤੁਹਾਨੂੰ ਬਸ ਚੜ੍ਹਾ ਕੇ ਆਵਾਂਗਾ ਪਰ ਹੁਣ ਜਿਵੇਂ ਮੈਂ ਕਹਿੰਦਾ ਹਾਂ, ਮੰਨ ਲਉ। ਮੈਂ ਕਿਸੇ ਨੂੰ ਮਿਲਣ ਜਾਣਾ ਹੈ। ਤੁਸੀਂ ਵੀ ਆਉ ਮੇਰੇ ਨਾਲ ਉਸ ਦੇ ਬਾਦ ਮੰਦਰ ਜਾ ਕੇ ਭੋਜਨ ਕਰਿਉ–ਹਾਲੇ ਕਾਫ਼ੀ ਸਮਾਂ ਪਿਆ ਹੈ। ਏਥੇ ਸ਼ਾਮ ਤੱਕ ਭਗਤਾਂ ਦੀਆਂ ਕਤਾਰਾਂ ਨੂੰ ਭੋਜਨ ਕਰਾਇਆ ਜਾਂਦਾ ਹੈ। ਰਾਤ ਵੀ ਏਥੇ ਹੀ ਕੱਟ ਲਿਉ। ਤੜਕੇ ਉੱਠ ਕੇ ਆਪਾਂ ਤੀਰਥਹੱਲੀ ਤੁਰ ਚੱਲਾਂਗੇ, ਪੰਜ ਮੀਲ 'ਤੇ ਹੀ ਤਾਂ ਹੈ। ਉੱਥੋਂ ਆਂਗੁਬੇ ਦੇ ਲਈ ਬਸ ਮਿਲ ਜਾਵੇਗੀ। ਜੇ ਟੈਕਸੀ ਰਾਹੀਂ ਪਹਾੜ ਤੋਂ ਸਿੱਧਾ ਹੇਠਾਂ ਉਤਰ ਜਾਈਏ ਤਾਂ ਕੁੰਦਾਪੁਰ ਦੇ ਲਈ ਬਸ ਫੜਨਾ ਸੌਖਾ ਹੋਵੇਗਾ।" ਧੋਤੀ 'ਚ ਕੁੰਦਾਪੁਰ ਦੇ ਭਾੜੇ ਲਈ ਛਾਂਪ ਨੂੰ ਵੇਚ ਕੇ ਮਿਲੇ ਰੁਪਈਆਂ ਨੂੰ ਬੁੰਨ ਲਿਆ ਅਤੇ ਕਿਹਾ, "ਠੀਕ।" ਪੁੱਟੇ ਨੇ ਕਿਹਾ, "ਪੈਸੇ ਬਚਾ ਕੇ ਰੱਖਿਉ।"

ਆਚਾਰੀਏ ਨੇ ਸੋਚਿਆ ਕਿ ਇਸ ਬੰਦੇ ਤੋਂ ਮੰਦਰ 'ਚ ਭੋਜਨ ਦੇ ਲਈ ਪਿੱਛਾ ਛੁਡਾਉਣਾ ਕੁਝ ਸੌਖਾ ਰਹੇਗਾ। ਇਹ ਪੁੱਟਾ ਬਿਨਾਂ ਕਿਸੇ ਕਾਰਨ ਜਾਂ ਉਦੇਸ਼ ਦੇ ਕਿਉਂ ਆਪਣੀ ਜ਼ਿੰਦਗੀ ਨੂੰ ਹੋਰਾਂ ਦੀ ਜ਼ਿੰਦਗੀ ਨਾਲ ਉਲਝਾਉਣਾ ਚਾਹੁੰਦਾ ਹੈ ? ਰੱਬ ਜਾਣੇ, ਸ਼ਾਇਦ ਕਿਸੇ ਪੁਰਾਣੇ ਜਨਮ ਦੇ ਕਰਜ਼ੇ ਇਸ ਬਹਾਨੇ ਭੁਗਤਾਏ ਜਾ ਰਹੇ ਹੋਣ ? ਇਸ ਬੰਦੇ ਤੋਂ ਖਹਿੜਾ ਛੁਡਾਉਣ ਦਾ ਕੋਈ ਰਾਹ ਨਹੀਂ ਦਿਖ ਰਿਹਾ। ਪੈਰਾਂ 'ਚ ਚਿੰਬੜ ਰਹੀਆਂ ਵੇਲਾਂ ਦੀ ਤਰ੍ਹਾਂ। ਕਿਵੇਂ ਕੋਈ ਕਹਿ ਸਕਦਾ ਹੈ ਕਿ ਹਰ ਕਿਸੇ ਦਾ ਜੀਵਨ ਸਿਰਫ਼ ਆਪਣਾ ਹੀ ਜੀਵਨ ਹੁੰਦਾ ਹੈ।

ਮੰਦਰ ਦੀ ਭੀੜ ਭਰੀ ਗਲੀ 'ਚੋਂ ਇੱਕ ਤੰਗ ਗਲੀ 'ਚ ਜਾਂਦਿਆਂ ਪੁੱਟੇ ਨੇ ਕਿਹਾ, "ਇਸ



ਰਸਤਿਉਂ ਆਉ।" ਇੱਕ ਸੁੰਨੀ ਥਾਵੇਂ ਪਹੁੰਚਣ ਤੱਕ ਉਹ ਤੁਰਦੇ ਰਹੇ। ਇੱਕ ਛੋਟਾ ਜਿਹਾ ਨਾਲਾ ਸੀ, ਜਿਸ ਨੂੰ ਪਾਰ ਕਰਨ ਦੇ ਲਈ ਬਾਂਸਾਂ ਦਾ ਇੱਕ ਪੁਲ ਜਿਹਾ ਬਣਿਆ ਹੋਇਆ ਸੀ। ਬਾੜ ਨੂੰ ਲੰਘ ਕੇ ਉਹ ਇੱਕ ਗਿੱਲੇ ਖੇਤ 'ਚ ਪਹੁੰਚੇ। ਉਸ ਦੇ ਬੰਨ੍ਹੇ-ਬੰਨ੍ਹੇ ਤੁਰਦੇ ਆਚਾਰੀਏ ਨੂੰ ਕੁੱਕੜਾਂ ਦੀ ਲੜਾਈ ਫੇਰ ਤੋਂ ਯਾਦ ਆਈ। ਕਿਵੇਂ ਇੱਕ ਕੁੱਕੜ ਨੂੰ ਜ਼ਖ਼ਮੀ ਕਰਕੇ ਉਸ 'ਤੇ ਜਾ ਚੜ੍ਹਿਆ ਸੀ, ਖੰਭਾਂ ਅਤੇ ਪੈਰਾਂ 'ਚ ਕੇਹੀ ਤੇਜ਼ੀ ਆ ਗਈ ਸੀ। ਕਿਵੇਂ ਕੁੱਕੜ ਇੱਕ ਦੂਜੇ ਨੂੰ ਚੀਰਦੇ-ਪਾੜਦੇ, ਉਸ 'ਤੇ ਵਾਰ-ਵਾਰ ਹਮਲਾ ਕਰਦੇ-ਕਰਦੇ ਉਸ ਨੂੰ ਹਰਾ ਦਿੱਤਾ ਸੀ। ਧੁੱਪ 'ਚ ਚਾਕੂਆਂ ਦੀ ਧਾਰ ਕਿਵੇਂ ਚਮਕ ਰਹੀ ਸੀ ਅਤੇ ਫੇਰ ਉਹ ਅੱਖਾਂ ! ਦੇਸੀ ਠਰਰੇ ਦੀ ਬਦਬੂ। ਧੱਕੇ ਨਾਲ ਇੱਕ-ਦੂਜੇ ਤੋਂ ਵੱਖ ਕੀਤੇ ਜਾਣ 'ਤੇ ਵੀ, ਮੱਲ੍ਹਮ-ਪੱਟੀ ਹੋ ਜਾਣ ਬਾਦ, ਕਿਵੇਂ ਉਹ ਕੁੱਕੜ, ਕੋਕ, ਕੋਕ, ਕੋਕ ਕਰਦੇ ਅਤੇ ਫੇਰ ਭਿੜ ਜਾਣ ਨੂੰ ਤਿਆਰ ਹੋ ਰਹੇ ਸਨ। ਮਜ਼ਬੂਰੀਆਂ, ਬਦਲੇ ਅਤੇ ਲੋਭ ਦੀ ਭੂਤਾਂ ਦੀ ਦੁਨੀਆ। ਮੈਂ ਤਾਂ ਇੱਕ ਨਿਕੰਮੇ ਪ੍ਰੇਤ ਦੀ ਤਰ੍ਹਾਂ ਬੈਠਾ ਰਿਹਾ। ਡਰ ਕੇ, ਘਬਰਾ ਕੇ ਮੈਂ ਆਪ ਹੀ ਇਸ ਦੁਨੀਆ 'ਚ ਆਇਆ ਹਾਂ ਅਤੇ ਉਹ ਕਲਾਬਾਜ਼ੀਆਂ ਦਿਖਾਉਂਦੀ ਹੋਈ ਡੂਮ-ਕੰਨਿਆ ? ਕਲਾਬਾਜ਼ੀ ਦਿਖਾਉਂਦਿਆਂ ਬਾਂਸ ਦੇ ਇੱਕ ਕੋਨੇ 'ਤੇ ਆਸਮਾਨ 'ਚ ਝੂਲਦੀ ਹੋਈ-ਸਰੀਰ ਦੇ ਦਿਖਾਵੇ ਦੇ ਲਈ ਉਸ ਨੇ ਤੰਗ ਕੱਪੜੇ ਪਾਏ ਸੀ। ਉਹ ਕਿਵੇਂ ਆਸਾਨੀ ਨਾਲ ਬਾਂਸ ਤੋਂ ਤਿਲਕ ਕੇ ਹੇਠਾਂ ਆ ਗਈ ਅਤੇ ਫੇਰ ਨੱਚੀ। ਬਿਲੌਰੀ ਗੋਲੀਆਂ ਵਾਲੀਆਂ ਸੋਡੇ ਦੀਆਂ ਬੋਤਲਾਂ, ਗੋਲੀਆਂ ਨੂੰ ਦੱਬੇ ਜਾਣ 'ਤੇ ਕਿਹੋ ਜਿਹੀ ਆਵਾਜ਼ ਕਰਦੀਆਂ ਸਨ-ਉਹਨਾਂ 'ਚ ਭਰਿਆ ਰੰਗਦਾਰ ਪਾਣੀ, ਅਚਾਨਕ ਡਕਾਰਾਂ ਦੀ ਖ਼ੁਸ਼ਬੂ, ਇੱਛਾਵਾਂ, ਅਨੁਭਵ, ਤ੍ਰਿਪਤੀ ਦੀ ਹਵਸ ਦੇਖਦੀਆਂ ਨਜ਼ਰਾਂ, ਨਜ਼ਰਾਂ ਜੋ ਰੰਗ-ਬਿਰੰਗੇ ਰਿਬਨਾਂ, ਬੁਲਬੁਲਿਆਂ ਅਤੇ ਮੰਦਰ ਦੀ ਟੀਸੀ 'ਤੇ ਸਜੀਆਂ ਤਸਵੀਰਾਂ 'ਤੇ ਤਿਲਕ ਰਹੀਆਂ ਸਨ ਅਤੇ ਫੜਫੜਾਉਂਦੇ ਹੋਏ ਖੰਭਾਂ ਨੂੰ ਦੇਖਦੀਆਂ ਅੱਖਾਂ ਅਤੇ ਉਹਨਾਂ 'ਚ ਡੁੱਬੇ ਹੋਏ ਉਹ ਸਾਰੇ।

"ਭੂਤ ਤੋਂ ਰਾਖਸ਼ ਬਣਨ ਲਈ ਵਧਣ ਲਈ ਇੱਕ ਡਰ।"

ਬੀੜੀ ਲਾਉਂਦਿਆਂ ਅਤੇ ਸ਼ਰਾਰਤ ਭਰੀ ਹਾਸੀ ਹੱਸਦਿਆਂ ਪੁੱਟੇ ਨੇ ਪੁੱਛਿਆ "ਪਤਾ ਹੈ ਆਪਾਂ ਕਿੱਥੇ ਜਾ ਰਹੇ ਹਾਂ ?"

"ਨਹੀਂ।" ਪ੍ਰਾਣੇਸ਼ਾਚਾਰੀਏ ਨੇ ਸਿਰ ਹਿਲਾ ਕੇ ਕਿਹਾ।

"ਮੇਰੇ ਭਲੇ ਆਚਾਰੀਆ ਜੀ, ਮੈਨੂੰ ਤਾਂ ਤੁਹਾਡੀ ਹਰ ਗੱਲ ਪਸੰਦ ਹੈ। ਤੁਸੀਂ ਕਿਤੇ ਵੀ ਜਾਣ ਲਈ ਸੁਆਲ ਨਹੀਂ ਕਰਦੇ। ਮੇਰਾ ਸੁਭਾਅ ਵੀ ਕੁਝ ਅਜਿਹਾ ਹੀ ਹੈ। ਇੱਕ ਤਰ੍ਹਾਂ ਮੈਂ ਵੀ ਇਸੇ ਤਰ੍ਹਾਂ ਇੱਕ ਮਿੱਤਰ ਦੇ ਕਹਿਣ 'ਤੇ ਸ਼ਿਵਮੋਗੇ ਤੱਕ ਚਲਾ ਗਿਆ ਸੀ। ਮੇਰੇ ਸਹੁਰਾ ਸ਼ਿਕਾਇਤ ਕਰਦਾ ਹੈ, "ਪੁੱਟਾ ਜਿੱਥੇ ਜਾਂਦਾ ਹੈ, ਉੱਥੋਂ ਦਾ ਹੀ ਹੋ ਜਾਂਦਾ ਹੈ। ਪੁੱਟਾ, ਆਪਣਾ ਪੁੱਟਾ ਹੈ ਨਾ। ਇੱਕ ਵਾਰ ਨਜ਼ਰੋਂ ਉਸ ਨੂੰ ਪਰੇ ਹੋ ਜਾਣ ਦਿਉ ਫੇਰ ਹੱਥ 'ਚ ਮੁਸ਼ਕਿਲ ਨਾਲ ਹੀ ਆਏਗਾ। ਫੜ ਲਵੇ ਤਾਂ ਤੁਹਾਨੂੰ ਫੇਰ ਛੱਡੇਗਾ ਨਹੀਂ, ਇਉਂ ਉਹ ਕਹਿੰਦੇ ਹਨ।"

"ਤੁਸੀਂ ਕਿਹਾ ਸੀ ਨਾ ਕਿ ਕਿਸੇ ਨੂੰ ਮਿਲਣ ਜਾਣਾ ਹੈ। ਹੈ ਨਾ ?"

"ਆਚਾਰੀਆ ਜੀ, ਮੈਨੂੰ 'ਤੁਸੀਂ' ਕਹਿਕੇ ਸ਼ਰਮਿੰਦਾ ਨਾ ਕਰੋ, 'ਤੂੰ' ਕਹਿ ਕੇ ਹੀ ਬੁਲਾਉ। ਮੈਨੂੰ 'ਤੁਸੀਂ' ਕਹਿ ਕੇ ਬੁਲਾਓਗੇ ਤਾਂ ਮੇਰੀ ਉਮਰ ਘਟੇਗੀ।"

"ਅੱਛਾ ਭਾਈ।"

"ਨੇੜੇ ਹੀ ਇੱਕ ਬਗੀਚਾ ਹੈ। ਉਹ ਸਾਹਮਣੇ ਦਿਖ ਰਿਹਾ ਹੈ। ਮੇਰੀ ਇੱਕ ਜਾਣਕਾਰ ਰਹਿੰਦੀ ਹੈ। ਜਿਸ ਨੇ ਬਗੀਚੇ ਨੂੰ ਠੇਕੇ 'ਤੇ ਲੈ ਰੱਖਿਆ ਹੈ। ਬਿਲਕੁਲ ਇਕੱਲੀ ਰਹਿੰਦੀ ਹੈ, ਬੜੀ ਹੌਸਲੇ ਵਾਲੀ ਹੈ। ਬਹੁਤ ਹੀ ਸੋਹਣੀ ਹੈ ਉਹ, ਹੱਥ ਲਾਇਆਂ ਮੈਲੀ ਹੁੰਦੀ ਹੈ। ਦੂਰੋਂ ਮੇਰੇ ਰਿਸ਼ਤੇ ਦੀ ਹੈ। ਤੁਹਾਡੇ ਵਰਗੇ ਸਨਾਤਨ ਪੰਡਤਾਂ ਦਾ ਬੜਾ ਸਨਮਾਨ ਕਰਦੀ ਹੈ। ਉਸ ਨੂੰ ਮਿਲ ਕੇ, ਛੇਤੀ ਤੁਰ ਪਵਾਂਗੇ। ਜੇਕਰ

ਮੈਂ ਉਸ ਨੂੰ ਮਿਲਣ ਨਾ ਜਾਵਾਂ ਤਾਂ ਉਹ ਉਲਾਂਭਾ ਦਿੰਦੀ ਰਹੇਗੀ, "ਸੁਣਿਆ ਸੀ ਕਿ ਤੂੰ ਸ਼ਹਿਰ ਗਿਆ ਸੀ, ਪੁੱਟੇ, ਆਪਣਾ ਮੂੰਹ ਦਿਖਾਏ ਬਿਨਾ ਹੀ ਮੁੜ ਗਿਆ। ਇਹ ਵੀ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮੈਂ ਜਿਉਂਦੀ ਹਾਂ ਜਾਂ ਮਰ ਗਈ। ਏਨੇ ਰੁਝ ਗਿਆ ਹੈ ?" ਤੁਸੀਂ ਤਾਂ ਜਾਣਦੇ ਹੀ ਹੋ ਕਿ ਮੈਂ ਕਿਸੇ ਦਾ ਦਿਲ ਨਹੀਂ ਦੁਖਾਉਣਾ ਚਾਹੁੰਦਾ। ਬੰਦੇ ਦਾ ਕੀ ਭਰੋਸਾ ਹੈ-ਇੱਕ ਪਲ ਸਾਹ ਆਇਆ, ਦੂਜੇ ਪਲ ਸਾਹ ਨਾ ਆਇਆ। ਦੱਸੋ, ਫੇਰ ਕਿਸੇ ਦਾ ਦਿਲ ਕਿਉਂ ਦੁਖਾਇਆ ਜਾਵੇ ? ਇਸ ਲਈ ਹਰ ਗੱਲ ਦਾ ਜੁਆਬ ਮੈਂ ਹਾਂ 'ਚ ਦਿੰਦਾ ਹਾਂ। ਕਦੇ ਨਾਂਹ ਨਹੀਂ ਕਰਦਾ। ਪਰ ਆਚਾਰੀਆ ਜੀ ਮੈਂ ਦੱਸ ਚੁੱਕਿਆ ਹਾਂ ਕਿ ਮੇਰੀ ਘਰਵਾਲੀ ਮੇਰੇ ਲਈ ਕਿੰਨੇ ਕਲੇਸ਼ ਦਾ ਕਾਰਨ ਬਣ ਚੁੱਕੀ ਹੈ, ਹਰ ਮਹੀਨੇ ਆਪਣੇ ਪੇਕੇ ਜਾਂਦੀ ਹੈ। ਸ਼ੁਰੂ-ਸ਼ੁਰੂ 'ਚ ਤਾਂ ਮੈਂ ਉਸ ਨੂੰ ਮਨ੍ਹਾ ਨਹੀਂ ਕਰਦਾ ਸੀ, ਪਰ ਬਾਦ 'ਚ ਜੁਆਬ ਦੇਣ ਲੱਗਿਆ। ਮੈਂ ਉਸ ਨੂੰ ਮਾਰਿਆ-ਕੁੱਟਿਆ ਵੀ, ਪਰ ਫੇਰ ਰਹਿਮ ਆਉਂਦਾ ਹੈ। ਤੁਸੀਂ ਇਹ ਗੀਤ ਤਾਂ ਸੁਣਿਆ ਹੋਵੇਗਾ :

**"ਉਹ ਆਪਣੀ ਘਰਵਾਲੀ ਨੂੰ ਕੁਟਦਾ ਹੈ**
**ਪਰ ਅੰਦਰੇ-ਅੰਦਰ ਰੋਂਦਾ ਹੈ**
**ਫੇਰ ਉਸ ਦੇ ਪੈਰੀਂ ਪੈ-ਪੈ ਮਨਾਉਂਦਾ ਹੈ**
**ਅਤੇ ਉੱਥੇ ਲਿਟ ਕੇ ਉਸ ਦੀਆਂ ਮਿੰਨਤਾਂ ਕਰਦਾ ਹੈ**
**ਕੌਣ ਬਹੁਤਾ ਪਿਆਰਾ ਹੈ, ਮੈਨੂੰ ਦੱਸ**
**ਮੈਂ ਕਿ ਤੇਰੇ ਪੇਕੇ ?"**

"ਮੇਰਾ ਅਜਿਹਾ ਹੀ ਸੁਭਾਅ ਹੈ... ਲਉ, ਆਪਾਂ ਪਹੁੰਚ ਗਏ।"

ਬਗੀਚੇ ਦੇ ਦੂਜੇ ਪਾਸੇ ਪੱਕੀ ਛੱਤ ਦੇ ਇੱਕ ਘਰ ਤੱਕ ਉਹ ਪਹੁੰਚੇ। "ਪਤਾ ਨਹੀਂ, ਉਹ ਏਥੇ ਹੈ ਵੀ ਜਾਂ ਨਹੀਂ ? ਕਿਤੇ ਮੇਲਾ ਦੇਖਣ ਹੀ ਨਾ ਚਲੀ ਗਈ ਹੋਵੇ।" ਪੁੱਟੇ ਨੇ ਕਿਹਾ ਅਤੇ ਉੱਚੀ ਆਵਾਜ਼ 'ਚ ਹਾਕ ਮਾਰੀ 'ਪਦਮਾਵਤੀ!"

ਪ੍ਰਾਣੇਸ਼ਾਚਾਰੀਏ ਨੂੰ, ਜੋ ਉੱਥੇ ਵਿਛੀ ਇੱਕ ਚਟਾਈ 'ਤੇ ਬੈਠ ਗਏ ਸਨ, ਇੱਕ ਤੀਵੀਂ ਦੀ ਮਿੱਠੀ ਆਵਾਜ਼ ਸੁਣਾਈ ਦਿੱਤੀ, "ਆਈ।" ਆਵਾਜ਼ 'ਚ ਇੱਕ ਖਿੱਚ ਸੀ। ਆਚਾਰੀਏ ਨੂੰ ਫੇਰ ਡਰ ਲੱਗਿਆ-ਕੌਣ ਹੈ ਇਹ ? ਪੁੱਟਾ ਐਡਾ ਲੰਬਾ ਰਾਹ ਤੁਰ ਕੇ ਮੈਨੂੰ ਕਿਉਂ ਲੈ ਆਇਆ ਹੈ ? ਫੇਰ ਉਹੀ ਮਿੱਠੀ ਆਵਾਜ਼ ਸੁਣਨ ਨੂੰ ਮਿਲੀ, "ਆਹਾ ਤੁਸੀਂ ? ਤੁਸੀਂ ਆ ਹੀ ਗਏ।" ਪ੍ਰਾਣੇਸ਼ਾਚਾਰੀਏ ਹੈਰਾਨ ਹੋਏ, ਫੇਰ ਮੁੜ ਕੇ ਦੇਖਿਆ। ਉਹ ਦੇਹਲੀ ਪਾਰ ਕਰਕੇ ਅੱਗੇ ਆਈ ਅਤੇ ਖੰਭੇ ਦੇ ਸਹਾਰੇ, ਇੱਕ ਹੱਥ ਉੱਚਾ ਕਰਕੇ ਉਸ ਨੂੰ ਫੜੀ ਖੜ੍ਹੀ ਸੀ। ਜਿਵੇਂ ਹੀ ਆਚਾਰੀਏ ਦੀ ਨਜ਼ਰ ਉਸ 'ਤੇ ਪਈ, ਉਸ ਨੇ ਆਪਣੀ ਸਾੜ੍ਹੀ ਦੇ ਪੱਲੇ ਨਾਲ ਛਾਤੀ ਢਕ ਲਈ। ਪੁੱਟੇ ਨੇ ਕਿਹਾ, "ਬੁੱਝ ਤਾਂ ਕਿਸ ਨੂੰ ਆਪਣੇ ਨਾਲ ਲਿਆਇਆ ਹਾਂ ? ਵੱਡੇ ਆਚਾਰੀਆ ਜੀ ਹਨ।"

ਉਹ ਸੰਗਦਿਆਂ ਬੋਲੀ, "ਤੁਸੀਂ ਏਨੀ ਦੂਰ ਆਉਣ ਦਾ ਕਸ਼ਟ ਕੀਤਾ। ਗੰਗਾ ਜਲ ਲੈ ਆਵਾਂ ? ਫੇਰ ਪੁੱਛਿਆ, "ਦੁੱਧ ਅਤੇ ਫ਼ਲ ਤਾਂ ਤੁਹਾਨੂੰ ਲੈਣਾ ਪਵੇਗਾ।" ਬੇਨਤੀ ਸਹਿਤ ਇਹ ਕਹਿ ਕੇ ਉਹ ਅੰਦਰ ਚਲੀ ਗਈ। ਆਚਾਰੀਆ ਮੁੜਕੋ-ਮੁੜਕੀ ਹੋ ਰਹੇ ਸਨ। ਉਹਨਾਂ ਨੂੰ ਕੋਈ ਸ਼ੱਕ ਨਹੀਂ ਰਿਹਾ ਕਿ ਇਹ ਇੱਕ ਮਲੇਰ ਤੀਵੀਂ ਹੈ। ਏਥੇ 'ਕੱਲੀ ਰਹਿੰਦੀ ਹੈ। ਪਰ ਪੁੱਟਾ ਮੈਨੂੰ ਏਥੇ ਕਿਉਂ ਲੈ ਆਇਆ ? ਉਹਨਾਂ ਦੀ ਸਾਰੀ ਬੁੜਬੁੜਾਹਟ ਜਿਵੇਂ ਅਚਾਨਕ ਰੁਕ ਗਈ। ਆਚਾਰੀਏ ਨੂੰ ਅਚਾਨਕ ਇਉਂ ਲੱਗਣ ਲੱਗਿਆ ਕਿ ਜਿਵੇਂ ਦੋ ਅੱਖਾਂ ਪਿੱਛਿਉਂ ਉਹਨਾਂ ਦੀ ਪਿੱਠ 'ਤੇ ਲੱਗੀਆਂ ਦੇਖ ਰਹੀਆਂ ਹਨ। ਉਹਨਾਂ ਦੋ ਰਹੱਸ-ਭੇਦੀ ਅੱਖਾਂ ਦੇ ਲਈ ਮੈਂ ਇੱਕ ਖੁੱਲ੍ਹੇ ਪੰਨੇ ਦੇ ਵਾਂਗ ਹੋ ਚੁੱਕਿਆ ਹਾਂ। ਘੁੰਮ ਕੇ ਦੇਖਣ ਤੋਂ ਉਹ ਝਿਜਕਦੇ ਹਨ, ਪਰ ਬੇਚੈਨੀ ਹੁੰਦੀ ਰਹੀ। ਕੀ ਪਤਾ ਹੈ ਕਿ ਉਹ ਅੱਖਾਂ ਕੀ-ਕੀ ਕਹਿਣ ? ਜਿਵੇਂ ਹੀ ਅੱਖਾਂ ਨਾਲ ਕੋਈ ਅੱਖ ਮਿਲੇਗੀ, ਪਤਾ ਨਹੀਂ ਕਿ ਹੁਣ ਤੱਕ ਅਮੂਰਤ ਅਗਿਆਤ ਭਵਿੱਖ ਕਿਹੜਾ



ਰੂਪ ਲੈ ਲਵੇ ? ਮੋਟੀਆਂ-ਮੋਟੀਆਂ ਅੱਖਾਂ ਹਨ। ਗੁੰਦੇ ਹੋਏ ਵਾਲਾਂ ਦੀ ਇੱਕ ਸੱਪ ਵਰਗੀ ਗੁੱਤ ਮੋਢਿਆਂ ਤੋਂ ਹੋ ਕੇ ਉਸ ਦੀ ਛਾਤੀ 'ਤੇ ਝੂਲ ਰਹੀ ਹੈ। ਉਹ ਕੁੜੀ, ਉਹ ਜੋ ਲੰਬੇ ਬਾਂਸ 'ਤੇ ਨੰਗੇ ਵਿੱਡ ਝੂਲ ਰਹੀ ਸੀ। ਧਾਰ ਵਾਲੇ ਚਾਕੂ, ਫੜਫੜਾਉਂਦੇ ਖੰਭ, ਤਿੱਖੀਆਂ ਚੁੰਝਾਂ ਅਤੇ ਟੁੱਟਦੇ-ਖਿੰਡਦੇ ਖੰਭ। ਜੰਗਲ ਦੇ ਹਨੇਰੇ 'ਚ ਭਰਵੀਆਂ ਛਾਤੀਆਂ ਦਾ ਸਮਰਪਣ, ਚੰਦਰੀ ਦੀਆਂ ਮਟਿਆਲੇ ਰੰਗ ਦੀਆਂ ਛਾਤੀਆਂ। ਬਿਨਾ ਪਲਕ ਝਪਕੇ ਉਸ ਦੇ ਪਿੱਛੇ ਝਾਕਦੀਆਂ ਦੋ ਅੱਖਾਂ, ਕੀ ਇਹ ਖੁੱਲ੍ਹੇ ਪੰਨੇ 'ਤੇ ਲਿਖਿਆ ਸਭ ਕੁਝ ਪੜ੍ਹ ਨਾ ਲੈਣਗੀਆਂ।

ਜਿਵੇਂ ਕਾਲੇ ਸੱਪ ਦੇ ਦੇਖਣ ਨਾਲ ਹੀ ਪੰਛੀ ਸੁੰਨ ਹੋ ਜਾਂਦਾ ਹੈ, ਹੋਸ਼ ਨਹੀਂ ਰਹਿੰਦਾ, ਕੁਝ ਉਵੇਂ ਹੀ ਬੇਜਾਨ ਕਰਨ ਵਾਲਾ ਡਰ। ਉਹਨੇ ਮੁੜ ਕੇ ਪਿੱਛੇ ਦੇਖਿਆ। ਜੋ ਉਹ ਸੋਚ ਰਹੇ ਸਨ, ਸੱਚ ਨਿਕਲਿਆ। ਉਹ ਅੱਖਾਂ ਚੋਰੀ-ਛਿਪੇ ਉਹਨਾਂ 'ਤੇ ਹੀ ਟਿਕੀਆਂ ਸਨ, ਹੱਥਾਂ 'ਚ ਥਾਲੀ ਫੜੀ ਸੀ, ਦਰਵਾਜ਼ੇ ਨਾਲ ਲੱਗ ਕੇ ਉਹਨੂੰ ਪਿੱਛੇ ਮੁੜਦਾ ਦੇਖ ਕੇ ਉਹ ਅੱਖਾਂ ਅੰਦਰਲੇ ਹਨੇਰੇ ਕਮਰੇ 'ਚ ਗੁੰਮ ਹੋ ਗਈਆਂ। ਤਦ ਫੇਰ ਚੂੜੀਆਂ ਦੀ ਛਣਕਾਰ ਸੁਣਾਈ ਦਿੱਤੀ। ਉਹ ਫੇਰ ਚਾਨਣ 'ਚ ਆਈ। ਹੁਣ ਜਿਵੇਂ ਕੁਝ ਸ਼ਾਂਤੀ ਸੀ। ਸਰੀਰ ਨੂੰ ਜਿਵੇਂ ਆਸ, ਇੱਕ ਸੰਭਾਵਨਾ ਨੇ ਵਿਚਾਲਿਉਂ ਚੀਰ ਕੇ ਰੱਖ ਦਿੱਤਾ। ਥਾਲੀ ਨੂੰ ਹੇਠਾਂ ਰੱਖਣ ਦੇ ਲਈ ਉਹ ਜਿਉਂ ਹੀ ਝੁਕੀ, ਸਾੜ੍ਹੀ ਦਾ ਪੱਲਾ ਖਿਸਕ ਗਿਆ, ਉੱਭਰੀਆਂ ਛਾਤੀਆਂ ਅੱਗੇ ਨੂੰ ਆ ਗਈਆਂ, ਅੱਖਾਂ 'ਚ ਲਾਲਸਾ ਉੱਭਰ ਆਈ। ਆਚਾਰੀਏ ਦੀ ਛਾਤੀ 'ਚ ਅੱਗ ਭੜਕ ਉੱਠੀ। ਉਹਨਾਂ ਦੀਆਂ ਮਸਤੀ ਭਰੀਆਂ ਅੱਖਾਂ ਵੀ ਹੁਣ ਉਸ ਨੂੰ ਟਿਕਟਿਕੀ ਲਾ ਕੇ ਦੇਖਣ ਲੱਗੀਆਂ ਸਨ। ਉਹ ਖੁੱਲ੍ਹੇ ਪੰਨੇ ਦੀ ਤਰ੍ਹਾਂ ਉਹਨਾਂ ਟੱਡੀਆਂ ਅੱਖਾਂ ਦੇ ਪੜ੍ਹੇ-ਪਛਾਣੇ ਜਾਣ ਦਾ ਡਰ ਲੋਪ ਹੋ ਗਿਆ। ਹੁਣ ਆਪ ਹੀ ਉਹ ਅੱਖਾਂ ਬਣ ਗਏ।

ਉਸ ਮੁਟਿਆਰ ਨੇ ਪੁੱਛਿਆ, "ਮਹਾਰਾਜ ਕਿੱਥੋਂ ਪਧਾਰੇ ਹਨ ?" ਆਚਾਰੀਏ ਦੇ ਵੱਲ, ਉਹਨਾਂ ਦੀ ਤੇਜਸਵੀ ਸਖ਼ਸ਼ੀਅਤ ਦੇ ਵੱਲ ਲਗਾਤਾਰ ਦੇਖਦੀ ਹੋਈ! ਜੁਆਬ ਪੁੱਟੇ ਨੇ ਦਿੱਤਾ, "ਇਹ ਕੁੰਦਾਪੁਰ ਤੋਂ ਆਏ ਹਨ।" ਨਾਲ ਇੱਕ ਝੂਠ ਹੋਰ ਜੋੜ ਦਿੱਤਾ, "ਸ਼ਿਨੱਪਾ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਹਨ।" ਝੂਠ ਦਾ ਅੰਬਾਰ ਲਾਉਂਦਿਆਂ ਉਸ ਨੇ ਫੇਰ ਕਿਹਾ, "ਉੱਥੋਂ ਦੇ ਮੰਦਰ ਦੀ ਦੇਖਭਾਲ ਕਰਦੇ ਹਨ।" ਜਦ ਪੁੱਟੇ ਨੇ ਇਹ ਵੀ ਕਿਹਾ ਕਿ ਇਸ ਪਾਸੇ ਇਹ ਦਾਨ-ਦੱਖਣਾ ਇਕੱਠੀ ਕਰਨ ਲਈ ਆਏ ਹਨ ਤਾਂ ਇਉਂ ਲੱਗਿਆ ਕਿ ਜਿਵੇਂ ਉਹਨਾਂ ਦਾ ਨਵਾਂ ਰੂਪ ਬਣਾ ਦਿੱਤਾ। ਓਪਰਿਆਂ ਦੀਆਂ ਨਜ਼ਰਾਂ 'ਚ, ਹਰ ਕਿਸੇ ਨੂੰ ਹਮੇਸ਼ਾ ਇੱਕ ਵੱਖਰਾ ਰੂਪ, ਇੱਕ ਵੱਖਰਾ ਮੁਖੌਟਾ ਪਾਉਣਾ ਪੈਂਦਾ ਹੈ। "ਪੂਰੀ ਤਰ੍ਹਾਂ ਸ਼ੱਕ ਦੀ ਹੱਦ ਤੱਕ ਕਿ ਮੈਂ ਅਸਲ 'ਚ ਕੌਣ ਹਾਂ ਇੱਕੋ ਹੀ ਦਿਨ 'ਚ ਮੈਂ ਕਿੰਨੇ ਰੂਪ ਧਾਰ ਲਏ ਹਨ। ਠੀਕ ਹੈ ਗੱਲਾਂ ਜਿਵੇਂ ਵਾਪਰਦੀਆਂ ਹਨ, ਉਵੇਂ ਵਾਪਰ ਦਿੱਤੀਆਂ ਜਾਣ।" ਉਹ ਉਡੀਕ 'ਚ ਬੈਠੇ ਰਹੇ। "ਹਮਲਾਵਰ ਪੰਛੀ, ਜਖ਼ਮੀ ਹੁੰਦਾ ਹੋਇਆ ਪੰਛੀ, ਚਾਕੂ ਦੀ ਤੇਜ਼ ਧਾਰ। ਉਹਨਾਂ ਦੀ ਘਰਵਾਲੀ ਭਾਗੀਰਥੀ ਬਿਲਕੁਲ ਬੇਵਸ ਹੋ ਕੇ ਭੁੰਜੇ ਗਿਰੀ ਤਾਂ ਇਉਂ ਚੀਕੀ ਸੀ ਜਿਵੇਂ ਉਸ ਦੇ ਜੀਵਨ ਦਾ ਖਾਤਮਾ ਹੋ ਰਿਹਾ ਸੀ ਅਤੇ ਫੇਰ ਉਹ ਦਾਹ-ਸੰਸਕਾਰ ਦੀ ਅੱਗ 'ਚ ਰਾਖ ਹੋ ਗਈ-ਭਾਗੀਰਥੀ-ਮੇਰੇ ਆਤਮ-ਬਲੀਦਾਨ ਦੇ ਵੇਦੀ। ਮੈਂ ਉਸ ਨੂੰ ਗੁਆ ਲਿਆ ਅਤੇ ਅਜਿਹੇ ਕੈਦਖਾਨੇ 'ਚ, ਇੱਕ ਉੱਜੜੀ ਹੋਈ ਆਤਮਾ ਦੀ ਤਰ੍ਹਾਂ ਆ ਕੇ ਕੈਦ ਹੋਇਆ ਹਾਂ ਇਹਨਾਂ ਅੱਖਾਂ ਰਾਹੀਂ ਦੇਖਦਿਆਂ, ਆਤਮਾ ਦੀ ਗਤੀ ਦੇ ਪਹਿਲੇ ਅਧਿਆਇ ਦੇ ਵੱਲ ਮੈਂ ਤੁਰ ਪਿਆ ਹਾਂ-ਉਸ ਪ੍ਰੇਤਮਈ ਪੁਰਾਣੇ ਅਧਿਆਇ ਨੂੰ ਪਿੱਛੇ ਛੱਡ ਕੇ। ਸ਼ਾਇਦ।"

ਉਹਨਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਪਦਮਾਵਤੀ ਥੋੜ੍ਹਾ ਪਰੇ ਹੋ ਕੇ ਬੈਠ ਗਈ। ਪ੍ਰਾਣੇਸ਼ਾਚਾਰੀਆ ਫੇਰ ਬੇਚੈਨ ਹੋ ਗਏ ਕਿ ਉਹ ਇੱਕ ਛਿਪੇ ਠਿਕਾਣੇ ਤੋਂ ਉਹਨਾਂ ਦੇ ਵੱਲ ਲਗਾਤਾਰ ਦੇਖ ਰਹੀ ਹੈ। ਹੌਸਲਾ ਕਰਕੇ ਉਹਨਾਂ ਨੇ ਉਸ ਦੇ ਵੱਲ ਮੂੰਹ ਕਰ ਲਿਆ। ਦਿਲ 'ਚ ਧੁਕਧੁਕੀ ਹੋ ਰਹੀ ਸੀ। ਪਦਮਾਵਦੀ ਉੱਠੀ ਅਤੇ ਲੱਕੜ ਦੇ ਭਾਂਡੇ 'ਚ ਪਾਨ ਅਤੇ ਸੁਪਾਰੀ ਲੈ ਆਈ। ਪੁੱਟੇ ਨੇ ਪਾਨ ਦੇ

ਪੱਤਿਆਂ 'ਤੇ ਚੂਨਾ ਲਾਇਆ, ਉਹਨਾਂ ਨੂੰ ਤਹਿ ਕੀਤਾ ਅਤੇ ਕਈ ਪਾਨ ਦੇ ਬੀੜੇ ਆਪਣੀਆਂ ਉਂਗਲਾਂ 'ਚ ਫੜ ਲਏ, ਸੁਪਾਰੀ ਦਾ ਇੱਕ ਟੁਕੜਾ ਮੂੰਹ 'ਚ ਰੱਖਿਆ ਅਤੇ ਬੋਲਣਾ ਸ਼ੁਰੂ ਕੀਤਾ। ਪਦਮਵਾਦੀ ਫੇਰ ਉੱਠ ਕੇ ਬੂਹੇ ਦੀ ਦੇਹਲੀ 'ਤੇ ਜਾ ਬੈਠੀ।

"ਆਚਾਰੀਆ ਜੀ ਮੈਨੂੰ ਰਾਹ 'ਚ ਮਿਲੇ। ਅਸੀਂ ਸਾਰੇ ਰਸਤੇ ਗੱਲਾਂ ਕਰਦੇ ਆਏ। ਇਹ ਕੁੰਦਾਪੁਰ ਜਾ ਰਹੇ ਸਨ। ਮੈਂ ਕਿਹਾ, ਇੱਕ ਰਾਤ ਏਥੇ ਹੀ ਕਿਉਂ ਨਹੀਂ ਠਹਿਰ ਜਾਂਦੇ, ਤੜਕੇ ਤੀਰਥਹੱਲੀ ਚਲੇ ਜਾਇਉ ਜਿੱਥੋਂ ਕੁੰਦਾਪੁਰ ਦੇ ਲਈ ਬਸ ਫੜੀ ਜਾ ਸਕਦੀ ਹੈ। ਕੀ ਖ਼ਿਆਲ ਹੈ, ਇਉਂ ਹੀ ਠੀਕ ਰਹੇਗਾ ਨਾ?"

ਪਦਮਾਵਤੀ ਨੇ ਸੰਗਦਿਆਂ ਜ਼ੋਰ ਦੇ ਕੇ ਕਿਹਾ, "ਹਾਂ ਠੀਕ ਹੈ। ਰਾਤ ਏਥੇ ਹੀ ਕਿਉਂ ਨਾ ਕੱਟੀ ਜਾਵੇ ਅਤੇ ਤੜਕੇ ਉੱਠ ਕੇ ਹੀ ਜਾਇਆ ਜਾਵੇ?"

ਪ੍ਰਾਣੇਸ਼ਾਚਾਰੀਆ ਦਾ ਸਾਹ ਜਿਵੇਂ ਰੁਕ ਰਿਹਾ ਸੀ। ਉਹਨਾਂ ਦੇ ਕੰਨਾਂ 'ਚ ਭਿਆਨਕ ਗਰਜਣਾ ਹੋਣ ਲੱਗੀ, ਹੱਥ ਪਸੀਨੇ ਨਾਲ ਭਿੱਜ ਗਏ ਸਨ। "ਨਹੀਂ, ਨਹੀਂ, ਅੱਜ ਨਹੀਂ। ਕੱਲ੍ਹ ਜਿਸ ਫ਼ੈਸਲਾਕੁੰਨ ਪਲ ਦੀ ਮੈਂ ਉਡੀਕ 'ਚ ਹਾਂ, ਉਹ ਪਲ ਅੱਜ ਦਾ, ਇਸੇ ਘੜੀ ਦਾ ਨਹੀਂ ਹੈ। ਅੱਜ ਨਹੀਂ, ਮੈਂ ਹਾਲੇ ਦੁੱਖ ਅਤੇ ਸੂਤਕ ਦੀ ਦਸ਼ਾ 'ਚ ਹਾਂ, ਮੈਂ ਹੁਣੇ-ਹੁਣੇ ਆਪਣੀ ਘਰਵਾਲੀ ਦਾ ਦਾਹ-ਸੰਸਕਾਰ ਕੀਤਾ ਹੈ, ਨਾਰਣੱਪੇ ਦੀ ਲਾਸ਼ ਹਾਲੇ ਉਵੇਂ ਹੀ ਪਈ ਸੜ ਰਹੀ ਹੈ। ਮੈਨੂੰ ਇਹਨਾਂ ਲੋਕਾਂ ਨੂੰ ਸਭ ਕੁਝ ਸਾਫ਼-ਸਾਫ਼ ਕਹਿ ਦੇਣਾ ਚਾਹੀਦਾ ਹੈ। ਮੈਨੂੰ ਸਭ ਕੁਝ ਸੱਚ ਹੀ ਦੱਸਣਾ ਚਾਹੀਦਾ ਹੈ। ਠੀਕ ਹੈ ਕਿ ਮੈਂ ਏਥੋਂ ਉੱਠ ਕੇ ਚਲਾ ਜਾਵਾਂ। ਮੈਨੂੰ ਇਕਦਮ ਲੋਪ ਹੋ ਜਾਣਾ ਚਾਹੀਦਾ ਹੈ।" ਪਰ ਇਸ ਸੋਚ-ਵਿਚਾਰ ਦੇ ਬਾਵਜੂਦ ਉਹਨਾਂ ਦਾ ਸਥੂਲ ਸਰੀਰ ਉੱਥੇ ਹੀ ਬੈਠਾ ਰਿਹਾ-ਪਦਮਾਵਤੀ ਦੀਆਂ ਆਸ ਭਰੀਆਂ ਨਜ਼ਰਾਂ ਉਸੇ 'ਤੇ ਲੱਗੀਆਂ ਰਹੀਆਂ।

ਪੁੱਟੇ ਨੇ ਕਿਹਾ, "ਫੇਰ ਤਾਂ ਠੀਕ ਹੈ, ਇਹਨਾਂ ਨੇ ਹਾਲੇ ਭੋਜਨ ਨਹੀਂ ਕੀਤਾ ਹੈ। ਇਹ ਮੰਦਰ 'ਚ ਭੋਜਨ ਦੇ ਲਈ ਜਾਣਗੇ ਅਤੇ ਫੇਰ ਏਥੇ ਹੀ ਆ ਜਾਣਗੇ। ਧਰਮਸਥਲ ਦੀ ਮੰਡਲੀ ਵੀ ਏਥੇ ਆਈ ਹੋਈ ਹੈ ਨਾ? ਤੂੰ ਉਹਨਾਂ ਦੇ ਨਾਟਕ ਨੂੰ ਵੀ ਦੇਖਣ ਜਾਵੇਂਗੀ?" ਗ਼ੈਰਰਸਮੀ ਢੰਗ ਨਾਲ ਉਸ ਨੇ ਪਦਮਾਵਤੀ ਨੂੰ ਪੁੱਛਿਆ।

"ਨਹੀਂ ਬਈ। ਮੈਂ ਭਗਵਾਨ ਦੇ ਦਰਸ਼ਨ ਦੇ ਲਈ ਸ਼ਾਮ ਨੂੰ ਸਿਰਫ਼ ਮੰਦਰ ਜਾਵਾਂਗੀ ਅਤੇ ਮੁੜ ਆਵਾਂਗੀ। ਮੈਂ ਤੁਹਾਡੀ ਉਡੀਕ ਕਰਾਂਗੀ।"

ਉਹਨਾਂ ਤੋਂ ਕਿਸੇ ਹਾਂ-ਨਾਂਹ ਦਾ ਕੋਈ ਵੀ ਇਸ਼ਾਰੇ ਪਾਏ ਬਿਨਾ ਪੁੱਟੇ ਅਤੇ ਪਦਮਾਵਤੀ ਦੇ ਵਿਚਕਾਰ ਬੈਠੇ ਉਹਨਾਂ ਦੇ ਮੂੰਹੋਂ ਥੋੜ੍ਹੀ ਜਿਹੀ ਆਵਾਜ਼ ਨਿਕਲੇ ਬਿਨਾਂ ਪੁੱਟੇ ਨੇ ਕਿਹਾ, "ਤਾਂ ਆਉ, ਉੱਠੋ। ਚੱਲੀਏ।" ਆਚਾਰੀਆ ਜੀ ਉੱਠ ਕੇ ਖੜ੍ਹੇ ਹੋ ਗਏ, ਪਦਮਾਵਤੀ ਦੇ ਵੱਲ ਦੇਖਿਆ। ਸੁਡੌਲ ਅਤੇ ਲੰਬਾ ਛਰਹਰਾ ਸਰੀਰ। ਅੱਖਾਂ 'ਚ ਇੱਕ ਚਮਕ, ਇੱਕ ਉਮੀਦ, ਇੱਕ ਉਡੀਕ। ਮਾਹਵਾਰੀ ਦੇ ਬਾਦ ਜ਼ਰੂਰ ਰੀਤੀ ਦੇ ਅਨੁਸਾਰ ਨਦੀ 'ਚੋਂ ਇਸ਼ਨਾਨ ਕਰਕੇ ਆਈ ਹੋਵੇਗੀ। ਸਾਹ ਲੈਣ ਅਤੇ ਛੱਡਣ ਦੇ ਨਾਲ ਛਾਤੀਆਂ ਉੱਠਦੀਆਂ ਅਤੇ ਗਿਰਦੀਆਂ ਹਨ। ਜੇਕਰ ਹਨੇਰੇ 'ਚ ਉਹਨਾਂ ਨੂੰ ਦੁਲਾਰਿਆ ਜਾਵੇ ਤਾਂ ਡੋਡੀਆਂ ਸਖ਼ਤ ਹੋ ਜਾਣ। ਘਾਹ ਦੀਆਂ ਜੜ੍ਹਾਂ ਦੀ, ਜੰਗਲੀ ਚਿਰਾਇਤੇ ਦੀ ਗੰਧ। ਜੁਗਨੂੰਆਂ ਦੀ ਰੌਸ਼ਨੀ 'ਚ ਤੈਰਦਿਆਂ ਹੱਥਾਂ ਦਾ ਆਭਾਸ! ਅੱਗ-ਅੱਗ! ਚਿਖਾ ਦੀ ਅੱਗ ਲੱਕੜਾਂ ਨੂੰ ਖਾਂਦੀ ਜਾ ਰਹੀ ਹੈ, ਹੱਥਾਂ ਅਤੇ ਪੈਰਾਂ ਦੇ ਵੱਲ ਵਧ ਰਹੀ ਹੈ। ਪਿੰਡ ਨੂੰ ਭੁੰਨਦਿਆਂ ਸੀ-ਸੀ ਕਰ ਰਹੀ ਹੈ, ਫੁਟ ਰਹੀ ਹੈ ਅਤੇ ਹੱਡੀਆਂ ਦੇ ਕਪਾਲ ਨੂੰ ਭੰਨ ਰਹੀ ਹੈ-ਅੱਗ ਦੀਆਂ ਚੱਟਦੀਆਂ ਜੀਭਾਂ ਮੁਰਦੇ ਦੀ ਛਾਤੀ ਤੱਕ ਪਹੁੰਚ ਗਈ। ਧੂ-ਧੂ ਕਰਕੇ ਜਲਦੀ ਅੱਗ! ਨਾਰਣੱਪੇ ਦਾ ਮੁਰਦਾ ਸਰੀਰ ਬਿਨਾ ਕਿਰਿਆ ਕਰਮ ਦੇ ਪਿਆ ਹੈ। ਕਿਵੇਂ ਉਹ ਆਪਣੇ ਸਾਹਮਣੇ ਵਰ੍ਹਾਂਡੇ ਵਿਚ ਬੈਠਾ ਹੁੱਕਾ ਪੀ ਰਿਹਾ ਹੁੰਦਾ। ਅਰਥੀ



'ਤੇ ਪਈ ਮੁਰਦਾ-ਦੇਹ ਆਪਣੇ ਵਜ਼ਨ ਨਾਲ ਵਿਚਕਾਰੋਂ ਉਸ ਨੂੰ ਦਬਾਉਂਦੀ ਹੋਈ। ਵੈਦਿਕ ਰਿਸ਼ੀ ਯਾਗਬਲਕਯ ਨੇ ਇੱਕ ਵਾਰ ਕਿਹਾ ਸੀ, "ਪ੍ਰੇਮ? ਕਿਸ ਦਾ ਇਸ ਨਾਲ ਪ੍ਰੇਮ? ਆਪਣੀ ਘਰਵਾਲੀ ਨਾਲ ਪਿਆਰ ਆਪਣੇ ਨਾਲ ਹੀ ਪਿਆਰ ਹੈ। ਪਰਮਾਤਮਾ ਨਾਲ ਨੇਹ ਵੀ ਆਪਣੇ ਪ੍ਰਤਿ ਹੀ ਨੇਹ ਹੈ।" ਉਹ ਇਸ ਸਮੱਸਿਆ ਦੇ ਮੂਲ ਤੱਕ ਜਾਣਗੇ। ਉਹ ਜੇਤੂ ਹੋਣਗੇ।

ਉਹਨਾਂ ਨੇ ਉਸ ਨੂੰ ਦੇਖਿਆ, ਉਸ ਦੀ ਸਰਾਹਨਾ ਕੀਤੀ। ਵਿਆਸ ਰਿਸ਼ੀ ਦਾ ਜਨਮ ਇੱਕ ਘੜੇ 'ਚ ਹੋਇਆ ਸੀ, ਹੱਥਾਂ 'ਚ ਉਹਨਾਂ ਨੇ ਕਮੰਡਲ ਤੱਕ ਫੜਿਆ ਹੋਇਆ ਸੀ। ਆਚਾਰੀਏ ਨੇ ਇੱਕ ਪੈਰ ਪੁੱਟਿਆ। "ਤਾਂ ਠੀਕ ਹੈ, ਤੁਸੀਂ ਜਾਉ ਅਤੇ ਛੇਤੀ ਹੀ ਮੁੜ ਆਇਉ।" ਪਦਮਾਵਤੀ ਬੋਲੀ। "ਭਗਵਾਨ ਮਾਰੂਤੀ ਨੇ ਮੈਨੂੰ ਧੋਖਾ ਦਿੱਤਾ। ਦੋਸਤ ਮਹਾਬਲ ਨੇ ਮੇਰੇ ਨਾਲ ਚਲਾਕੀ ਕੀਤੀ। ਨਾਰਣੱਪੇ ਨੇ ਮੈਥੋਂ ਬਦਲਾ ਲਿਆ। ਪੰਡਤ ਸੋਨੇ ਦੇ ਲਈ ਲਾਲਚ 'ਚ ਘਿਰ ਗਏ। ਹਨੇਰੇ 'ਚ ਉਡੀਕਦੀ ਚੰਦਰੀ ਨੂੰ ਜਿਸ ਚੀਜ਼ ਦੀ ਇੱਛਾ ਸੀ, ਉਸ ਨੂੰ ਮਿਲ ਗਈ ਅਤੇ ਚਲੀ ਗਈ। ਭਾਗੀਰਥੀ ਨੇ ਚੀਕਾ-ਰੌਲੀ ਪਾਈ ਅਤੇ ਪ੍ਰਾਣ ਤਿਆਗ ਦਿੱਤੇ।" ਆਚਾਰੀਆ ਜੀ ਆਪਣੇ ਆਪ 'ਚ ਹੀ ਗੁਆਚੇ ਸਨ।

ਪੁੱਟੇ ਨੇ ਆਚਾਰੀਏ ਦੇ ਮੋਢੇ 'ਤੇ ਹੱਥ ਰੱਖਿਆ, ਗਿੱਲੇ ਖੇਤ ਦੇ ਕਿਨਾਰੇ ਉਹਨਾਂ ਨੂੰ ਰੋਕਿਆ, ਪੁੱਛਿਆ, "ਕੀ ਖ਼ਿਆਲ ਹੈ ਤੁਹਾਡਾ?" ਫੇਰ ਕਿਹਾ, "ਜਿਹਾ ਮੈਂ ਸੋਚਦਾ ਹਾਂ ਉਹੋ ਹੀ ਹੋਇਆ। ਇਸ ਭਰਮ 'ਚ ਨਾ ਰਿਹੋ ਕਿ ਇਹ ਤੀਵੀਂ ਕੋਈ ਸਾਧਾਰਣ ਵੇਸਵਾ ਹੈ। ਬਿਲਕੁਲ ਨਹੀਂ ਮਹਾਰਾਜ। ਨੀਵੀ ਜਾਤ ਦਾ ਇੱਕ ਵੀ ਬੰਦਾ ਕਦੇ ਉਸ ਦੇ ਨੇੜੇ ਵੀ ਨਹੀਂ ਫਟਕਿਆ ਹੈ ਅਤੇ ਉਸ ਦੀਆਂ ਆਪਣੀਆਂ ਭਾਵਨਾਵਾਂ ਅਜਿਹੀਆਂ ਹਨ ਕਿ ਉਹ ਚਾਲੂ ਪੰਡਤ ਤੱਕ ਨੂੰ ਕਬੂਲ ਨਹੀਂ ਕਰਦੀ। ਪੈਸੇ ਦੇ ਲਈ? ਕੁਝ ਕੁ ਪੈਸਿਆਂ ਦੇ ਮੁੱਲ ਉਹ ਨਹੀਂ ਵਿਕਦੀ। ਤੁਸੀਂ ਆਪ ਅਜਿਹਾ ਅੰਦਾਜ਼ਾ ਹੀ ਲਾਇਆ ਹੋਵੇਗਾ। ਉਹ ਤਾਂ ਕਾਫ਼ੀ ਵੱਡੀ ਜਾਗੀਰ ਦੀ ਮਾਲਿਕ ਹੈ। ਸਾਡੇ ਪੁਰਾਣੇ ਰਿਸ਼ੀ-ਮੁਨੀ ਜਿਉਂਦੇ ਹੁੰਦੇ ਤਾਂ ਉਹ ਵੀ ਉਸ 'ਤੇ ਮੋਹਿਤ ਹੋ ਜਾਂਦੇ। ਇਸ ਤਰ੍ਹਾਂ ਦੀ ਹੈ ਉਹ। ਇੱਕ ਮਿੰਟ ਦੇ ਲਈ ਤਾਂ ਮੈਂ ਡਰ ਹੀ ਗਿਆ ਸੀ ਕਿ ਤੁਸੀਂ ਮੇਰੀਆਂ ਕਹੀਆਂ ਗੱਲਾਂ ਨੂੰ ਝੂਠਾ ਹੀ ਦੱਸ ਦੇਵੋਂ। ਤੁਹਾਨੂੰ ਉਹ ਚੰਗੀ ਲੱਗੀ ਜਾਂ ਨਹੀਂ? ਦੋਸਤ ਦੇ ਲਈ ਪੁੱਟਾ ਕੁਝ ਵੀ ਕਰ ਸਕਦਾ ਹੈ। ਪਰਮਾਰਥੀ ਪੁੱਟਾ-ਇਸ ਨਾਂ ਨਾਲ ਵੀ ਮੈਂ ਪ੍ਰਸਿੱਧ ਹਾਂ।" ਇਹ ਕਹਿ ਕੇ ਉਹ ਆਚਾਰੀਆ ਜੀ ਦੀ ਪਿੱਠ ਥਾਪੜਦਾ ਹੋਇਆ ਹੱਸਣ ਲੱਗਿਆ।

ਗਿੱਲੇ ਖੇਤ ਨੂੰ, ਉਸ ਦੀ ਬਾੜ ਨੂੰ, ਫੇਰ ਬਾਂਸ ਦੇ ਬਣੇ ਪੁਲ ਨੂੰ ਉਹਨਾਂ ਨੇ ਪਾਰ ਕੀਤਾ, ਤੰਗ ਗਲੀ ਨੂੰ ਟੱਪ ਗਏ ਅਤੇ ਫੇਰ ਉਹੀ ਮੇਲੇ ਦੀ ਭੀੜ ਅਤੇ ਰੌਲਾ-ਰੱਪਾ। ਮੰਦਰ ਦੇ ਰਥ ਦੇ ਚਾਰੇ-ਪਾਸੇ ਭੀੜ ਸੀ। ਸੋਡੇ ਦੀ ਦੁਕਾਨ 'ਤੇ ਵੀ ਉਵੇਂ ਹੀ ਭੀੜ। ਬਾਂਦਰ ਦਾ ਖੇਡਾ ਦਿਖਾਉਣ ਵਾਲੇ ਦੇ ਆਲੇ-ਦੁਆਲੇ ਵੀ ਭੀੜ ਜੁੜੀ ਸੀ। ਬੱਚਿਆਂ ਦੇ ਲਈ ਵਾਜੇ-ਪੀਪਣੀਆਂ। ਇਸ ਰੌਲੇ-ਰੱਪੇ 'ਚ ਇੱਕ ਬੁਰੀ ਆਵਾਜ਼। ਸ਼ਹਿਰ ਦੇ ਵੱਲੋਂ ਮੁਨਿਆਦੀ ਕਰਨ ਵਾਲਾ। ਆਪਣੇ ਢੋਲ 'ਤੇ ਡੱਗਾ ਲਾ ਕੇ ਇਹ ਐਲਾਨ ਕਰ ਰਿਹਾ ਸੀ, "ਮਹਾਂਮਾਰੀ ਫ਼ੈਲ ਗਈ ਹੈ। ਸ਼ਿਵਮੋਗੇ ਵੱਲ ਜਾਣ ਵਾਲੇ ਲੋਕ ਪਹਿਲਾਂ ਤੀਰਥਹੱਲੀ ਉਤਰਨ ਫੇਰ ਟੀਕਾ ਲਗਵਾਉਣ। ਮਿਉਂਸਪੈਲਿਟੀ ਦਾ ਇਹ ਜ਼ਰੂਰੀ ਹੁਕਮ ਹੈ।" ਦਿਲਚਸਪੀ ਦੇ ਨਾਲ ਲੋਕ ਉਸ ਦੀ ਗੱਲ ਵੀ ਸੁਣ ਰਹੇ ਸੀ ਅਤੇ ਨਾਲ-ਨਾਲ ਸੋਡੇ ਦੀ ਖ਼ਪਤ ਵੀ ਵਧ ਗਈ ਸੀ। ਬਾਂਦਰ ਦੀਆਂ ਸ਼ਰਾਰਤਾਂ 'ਤੇ ਠਹਾਕਾਂ ਮਾਰ ਕੇ ਲੋਕ ਹੱਸ ਰਹੇ ਸੀ। ਭੀੜ ਨੂੰ ਇਕੱਠੀ ਕਰਕੇ ਕੰਨੜ ਅਤੇ ਉਰਦੂ 'ਚ ਦਵਾਈਆਂ ਵੇਚਣ ਵਾਲਾ ਰੁੱਝਿਆ ਸੀ, "ਸਿਰਫ਼ ਇੱਕ ਆਨੇ 'ਚ, ਕੰਨ ਦੇ ਦਰਦ ਲਈ, ਸ਼ੂਗਰ ਦੀ ਰੱਖਿਆ ਲਈ, ਖਾਜ ਅਤੇ ਟਾਈਫਾਈਡ ਦੇ ਇਲਾਜ ਲਈ-ਇਹ ਲਉ ਰਾਮਬਾਣ ਦਵਾਈ। ਕੇਰਲ ਪੰਡਤ ਦੇ ਮੰਤਰਾਂ ਦੇ ਜਾਪ ਨਾਲ ਇਸ 'ਚ ਤਾਸੀਰ ਭਰੀ ਗਈ ਹੈ। ਇੱਕ ਆਨੇ 'ਚ, ਇੱਕ ਆਨੇ 'ਚ ਲੈ ਲਉ।" ਬੰਬਈ ਬਕਸੇ ਦਾ ਤਮਾਸ਼ਾ ਬਦਸਤੂਰ ਚੱਲ ਰਿਹਾ ਸੀ, "ਦੇਖੋ-ਦੇਖੋ ਤਿਰੁਪਤੀ ਦੇ ਭਗਵਾਨ ਨੂੰ ਦੇਖੋ, ਤਿਮੱਪਾ।" ...ਬੰਬਈ ਦੇ ਵੇਸਵਾ ਦੇਖੋ। ਬਿਰਖ਼ ਦੀ ਉੱਚੀ ਟਾਹਣੀ ਅਤੇ ਧਰਤੀ

ਗੱਡੇ ਕਿਲੇ ਨਾਲ ਬੰਨ੍ਹੀ ਇੱਕ ਰੱਸੀ ਨੂੰ ਫੜ ਕੇ ਇੱਕ ਕਲਾਬਾਜ਼ (ਨਟ) ਅੱਖ ਝਪਕਦੇ ਹੀ ਹੇਠਾਂ ਤਿਲਕ ਆਇਆ ਅਤੇ ਪੈਰ ਧਰਤੀ 'ਤੇ ਟਿਕਾ ਕੇ ਭੀੜ ਨੂੰ ਸਲਾਮ ਕਰਨ ਲੱਗਿਆ। ਬੈਲੂਨ ਲੈਣ ਦੇ ਲਈ ਜ਼ਿੱਦ ਕਰ ਰਹੇ ਇੱਕ ਬੱਚੇ ਨੂੰ ਅਚਾਨਕ ਕਿਤਿਉਂ ਇੱਕ ਥੱਪੜ ਪਿਆ। ਬੱਚਾ ਉੱਚੀ-ਉੱਚੀ ਰੋਣ ਲੱਗਿਆ। ਕੌਡੀ ਦੀ ਦੁਕਾਨ 'ਤੇ ਗ੍ਰਾਮੋਫ਼ੋਨ ਦਾ ਕੋਈ ਰਿਕਾਰਡ ਵੱਜ ਰਿਹਾ ਸੀ। ਮੁਸਲਮਾਨ ਹਲਵਾਈਆਂ ਦੀ ਦੁਕਾਨ 'ਤੇ ਰੰਗ-ਬਿਰੰਗੀ ਮਠਿਆਈਆਂ ਸਜੀਆਂ ਹੋਈਆਂ ਸਨ। ਪੇਂਡੂ ਆਦਮੀ ਅਤੇ ਤੀਵੀਆਂ ਦੀ ਬਹੁਤ ਧੀਮੀ ਆਵਾਜ਼ 'ਚ ਆਰਤੀ ਅਤੇ ਪ੍ਰਾਰਥਨਾ ਦੀਆਂ ਉਠਦੀਆਂ ਆਵਾਜ਼ਾਂ। ਮੰਦਰ ਦੇ ਰਥ 'ਤੇ ਪੁਜਾਰੀਆਂ ਦੇ ਸੰਸਕ੍ਰਿਤ ਦੇ ਮੰਤਰਾਂ, ਸ਼ਲੋਕਾਂ ਦੇ ਨਿਰੰਤਰ ਪਾਠ ਦਾ ਤਾਲਮੇਲ, ਸਮਾਰਤ ਪੰਡਤਾਂ ਦੀ ਖਰਵੇ ਬੋਲਾਂ 'ਚ ਗੱਲਬਾਤ। ਇਹਨਾਂ ਸਭ ਦੇ ਵਿਚਕਾਰ ਉਹਨਾਂ ਨੇ, ਇਸੇ ਪਲ ਆਪਣਾ ਫ਼ੈਸਲਾ ਲੈਣਾ ਹੈ। ਫ਼ੈਸਲਾ ਕਰਨਾ ਹੈ ਕਿ ਪੱਚੀ ਸਾਲ ਦੇ ਅਨੁਸ਼ਾਸਨ ਨਾਲ ਭਰਪੂਰ, ਨਿਯਮਾਂ ਨਾਲ ਬੰਨ੍ਹੀ ਜ਼ਿੰਦਗੀ ਨੂੰ ਕੀ ਉਹ ਛੱਡ ਦੇਣ ਅਤੇ ਸਾਧਾਰਣ ਦੁਨਿਆਵੀ ਆਦਮੀ ਦੀ ਤਰ੍ਹਾਂ ਬਣ ਜਾਣ? ਨਹੀਂ। ਇਸ ਸਭ ਕਾਸੇ ਤੋਂ ਪਹਿਲਾਂ ਨਾਰਣੱਪੇ ਦੀ ਲਾਸ਼ ਦਾ ਸੰਸਕਾਰ ਕਰਨਾ ਜ਼ਰੂਰੀ ਫਰਜ਼ ਹੈ। ਉਸੇ ਦੇ ਬਾਦ ਕਿਸੇ ਹੋਰ ਫ਼ੈਸਲੇ ਦੀ ਗੱਲ ਸੋਚੀ ਜਾ ਸਕਦੀ ਹੈ। ਮਠ ਦੇ ਗੁਰੂ ਤੋਂ ਹੁਕਮ ਪ੍ਰਾਪਤ ਕਰਕੇ ਗਰੁੜ ਅਤੇ ਲਕਸ਼ਮਣ ਅੱਜ ਮੁੜ ਆਏ ਹੋਣਗੇ। ਜੇਕਰ ਗੁਰੂ ਨੇ ਆਗਿਆ ਦੇਣ ਤੋਂ ਮਨ੍ਹਾ ਕਰ ਦਿੱਤਾ ਤਾਂ ਉਹ ਕੀ ਕਰਨਗੇ? ਫੇਰ ਇੱਕ ਵਾਰ ਇਸ ਪੂਰੇ ਦੁਵਿਧਾ-ਚੱਕਰ 'ਚੋਂ ਲੰਘਣਾ ਪਵੇਗਾ।"

ਉਹ ਮੰਦਰ ਦੇ ਕੋਲ ਰੁਕ ਗਏ। ਇੱਕ ਪੰਡਤ ਇੱਕ ਤਾਰੇ 'ਤੇ ਕੋਈ ਭਗਤੀ ਦਾ ਭਜਨ ਗਾ ਰਿਹਾ ਸੀ, "ਕੈਸੇ ਤੁਮਹੇਂ ਰਿਝਾਊਂ, ਕੈਸੇ ਤੁਮਹਾਰੀ ਸੇਵਾ ਕਰੂੰ, ਓ ਭਗਵਾਨ?" ਜਦ ਪੁੱਟੇ ਨੇ ਉਸ ਦੇ ਭਾਂਡੇ 'ਚ ਇੱਕ ਪੈਸਾ ਪਾ ਦਿੱਤਾ ਤਾਂ ਹੱਥਾਂ-ਪੈਰਾਂ ਦੇ ਥਾਂ 'ਤੇ ਟੁੰਡ ਜਿਹਾ ਦਿਖਾਉਂਦਾ ਹੋਇਆ ਇੱਕ ਕੋਹੜੀ ਮੰਗਤਾ ਲੱਤਾਂ ਘੜੀਸਦਾ ਉਸ ਦੇ ਕੋਲ ਆਇਆ। ਇਸ ਪਾਪੀ ਦੇ ਹੱਥ ਹਨ, ਨਾ ਪੈਰ ਹਨ। ਤਰਲੇ ਅਤੇ ਮਿੰਨਤਾਂ ਕਰਦਿਆਂ ਉਹ ਉੱਥੇ ਹੀ ਭੁੰਜੇ ਲਿਟ ਗਿਆ, ਚੁੱਕ-ਚੁੱਕ ਕੇ ਆਪਣੇ ਟੁੰਡ ਦਿਖਾਉਣ ਲੱਗਿਆ। ਉਹਨਾਂ ਨਾਲ ਹੀ ਆਪਣੀ ਛਾਤੀ ਪਿੱਟਣ ਲੱਗਿਆ। ਕੋਹੜ ਨਾਲ ਉਸ ਮੰਗਤੇ ਦਾ ਅੰਗ-ਅੰਗ ਗਲ਼ਿਆ ਹੋਇਆ ਦੇਖ ਕੇ ਪ੍ਰਾਣੇਸ਼ਾਚਾਰੀਏ ਨੂੰ ਫੇਰ ਤੋਂ ਨਾਰਣੱਪੇ ਦੀ ਯਾਦ ਆ ਗਈ, ਬਿਨਾਂ ਸੰਸਕਾਰ ਦੇ ਉਹ ਸੜ ਰਿਹਾ ਹੋਵੇਗਾ। ਪੁੱਟੇ ਨੇ ਉਸ ਮੰਗਤੇ ਦੇ ਵੱਲ ਇੱਕ ਪੈਸਾ ਸੁੱਟ ਦਿੱਤਾ। ਫੇਰ ਤਾਂ ਹੋਰ ਵੀ ਬਹੁਤ ਸਾਰੇ ਲੰਗੜੇ-ਲੂਲ੍ਹੇ, ਅਪਾਹਿਜ ਮੰਗਤੇ ਉਸ ਦੇ ਵੱਲ ਆਉਣ ਲੱਗੇ। ਘਿਸਰਦਿਆਂ, ਆਪਣੇ ਢਿੱਡ ਨੂੰ ਕੁਟਦਿਆਂ, ਆਪਣੇ ਸਿਰ ਅਤੇ ਮੂੰਹ 'ਤੇ ਮਾਰਦੇ ਹੋਏ।" "ਤੁਰਿਆ ਚੱਲ, ਤੁਰਿਆ ਚੱਲ।" ਆਚਾਰੀਏ ਨੂੰ ਪੁੱਟੇ ਦੇ ਵੱਲ ਦੇਖ ਕੇ ਕਿਹਾ।

ਪੁੱਟੇ ਨੇ ਕਿਹਾ, "ਤੁਸੀਂ ਪਹਿਲਾਂ ਮੰਦਰ ਜਾ ਕੇ ਖਾਣਾ ਖਾ ਆਉ।"

"ਪਰ ਤੂੰ ਵੀ ਨਾਲ ਕਿਉਂ ਨਹੀਂ ਆਉਂਦਾ?" ਪ੍ਰਾਣੇਸ਼ਾਚਾਰੀਏ ਨੇ ਨਾਲ ਚੱਲਣ ਦੇ ਲਈ ਕਿਹਾ। ਅਚਾਨਕ ਮੰਦਰ ਦੇ ਅੰਦਰ ਪਛਾਣੇ ਜਾਣ ਦਾ ਡਰ ਖਾਣ ਲੱਗਿਆ। "ਹੁਣ ਮੈਂ ਪੁੱਟੇ ਦੇ ਬਿਨਾ ਸ਼ਾਇਦ ਕਿਤੇ ਆਉਣ-ਜਾਣ ਜੋਗਾ ਨਹੀਂ ਰਿਹਾ।" ਉਹਨਾਂ ਨੇ ਸੋਚਿਆ। ਅਜਿਹਾ ਡਰ ਉਹਨਾਂ ਦੇ ਮਨ 'ਚ ਪਹਿਲਾਂ ਕਦੇ ਨਹੀਂ ਉੱਠਿਆ ਸੀ।

"ਆਚਾਰੀਆ ਜੀ, ਤੁਸੀਂ ਕੀ ਕਹਿ ਰਹੇ ਹੋ? ਭੁੱਲ ਗਏ ਹੋ ਕਿ ਮੈਂ ਪੰਡਤ ਨਹੀਂ ਹਾਂ, ਬਲਕਿ ਮਾਲੇਰ ਹਾਂ?" ਪੁੱਟੇ ਦੀ ਗੱਲ ਦਾ ਉਤਰ ਆਚਾਰੀਆ ਨੇ ਦਿੱਤਾ, "ਫ਼ਿਕਰ ਨਾ ਕਰ, ਤੂੰ ਮੇਰੇ ਨਾਲ ਆ ਜਾ।"

"ਕੀ ਤੁਸੀਂ ਮਜ਼ਾਕ ਕਰ ਰਹੇ ਹੋ। ਇਹ ਥਾਂ ਮੇਰੇ ਜਾਣੂਆਂ ਨਾਲ ਭਰੀ ਪਈ ਹੈ। ਅਜਿਹਾ ਨਾ ਹੁੰਦਾ ਤਾਂ ਮੈਂ ਸ਼ਾਇਦ ਚਲਾ ਵੀ ਜਾਂਦਾ। ਸੁਨਿਆਰ ਦੇ ਉਸ ਬੱਚੇ ਦੇ ਬਾਰੇ 'ਚ ਤੁਸੀਂ ਜ਼ਰੂਰ ਜਾਣਦੇ ਹੀ ਹੋਵੋਗੇ ਜਾਂ ਨਹੀਂ, ਜਿਸ ਨੇ ਤਰ੍ਹਾਂ-ਤਰ੍ਹਾਂ ਦੇ ਝੂਠ ਬੋਲ ਕੇ ਮਠ 'ਚ ਨੌਕਰੀ ਕਰ ਲਈ ਸੀ? ਪਰ ਅਸੀਂ



ਮਾਲੇਰ ਹਾਂ ਜਨੇਊ ਵੀ ਪਾਉਂਦੇ ਹਾਂ, ਤੁਹਾਨੂੰ ਪਤਾ ਹੀ ਹੈ। ਸਿਰਫ਼ ਗੱਲ ਕਰਨ ਦੇ ਲਈ ਅਜਿਹਾ ਕਹਿ ਰਿਹਾ ਹਾਂ। ਪਰ ਸੱਚ ਤੁਹਾਡੇ ਨਾਲ ਬੈਠ ਕੇ ਰੋਟੀ ਖਾਣ ਦਾ ਨਾ ਮੇਰੇ 'ਚ ਹੌਸਲਾ ਹੈ, ਨਾ ਹਿੰਮਤ। ਤੁਸੀਂ ਕਿਰਪਾ ਕਰਕੇ ਭੋਜਨ ਦੇ ਲਈ ਜਾਉ। ਮੈਂ ਏਥੇ ਹੀ ਉਡੀਕਾਂਗਾ।"

ਚਾਰੇ ਪਾਸੇ ਮੰਗਤਿਆਂ ਦੀ ਹਾਏ-ਬੂ, ਬੇਨਤੀਆਂ-ਤਰਲੇ ਸੁਣਨ ਦੀ ਆਚਾਰੀਏ 'ਚ ਸਮਰੱਥਾ ਨਹੀਂ ਸੀ, ਸੁੰਨ ਹੋਏ ਆਚਾਰੀਆ ਜੀ ਮੰਦਰ 'ਚ ਚਲੇ ਗਏ। ਮੰਦਰ ਦੇ ਚਾਰੇ ਪਾਸੇ ਉੱਚੇ ਥੜ੍ਹਿਆਂ 'ਤੇ ਕੇਲੇ ਦੇ ਪੱਤੇ ਵਿਛਾ ਦਿੱਤੇ ਗਏ ਸਨ। ਹਰ ਪੱਤੇ ਦੇ ਸਾਹਮਣੇ ਇੱਕ-ਇੱਕ ਭੋਜਨ ਕਰਨ ਵਾਲਾ ਪੰਡਤ ਬੈਠਾ ਹੋਇਆ ਸੀ। ਉਹਨਾਂ ਦੇ ਚਿਹਰਿਆਂ 'ਤੇ ਨਜ਼ਰ ਮਾਰਦਿਆਂ ਪ੍ਰਾਣੇਸ਼ਾਚਾਰੀਏ ਦਾ ਦਿਲ ਬੈਠਣ ਲੱਗਿਆ। ਜੇ ਕੋਈ ਮੈਨੂੰ ਪਛਾਣ ਲਵੇ ਫੇਰ ਕੀ ਹੋਵੇਗਾ? ਅਚਾਨਕ ਭੱਜ ਜਾਣ ਨੂੰ ਜੀ ਕੀਤਾ। ਪਰ ਪੈਰ ਜਿਵੇਂ ਜੜ੍ਹ ਹੋ ਗਏ ਸਨ। ਉੱਥੇ ਹੀ ਜੰਮੇ ਖੜ੍ਹੇ ਰਹੇ ਅਤੇ ਸੋਚਣ ਲੱਗੇ, "ਮੈਂ ਕੀ ਕਰਨ ਜਾ ਰਿਹਾ ਹੈ? ਕੇਹਾ ਨੀਚ ਕੰਮ ਮੇਰੇ ਹੱਥੋਂ ਹੋਣ ਜਾ ਰਿਹਾ ਹੈ? ਦੁੱਖ ਅਤੇ ਸੂਤਕ ਦਾ ਭਾਰੀ ਸਮਾਂ ਹਾਲੇ ਮੇਰੇ 'ਤੇ ਭਾਰੂ ਹੈ ਅਤੇ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹੋਏ ਵੀ ਕੀ ਇਹਨਾਂ ਪੰਡਤਾਂ ਦੀ ਕਤਾਰ 'ਚ ਬੈਠ ਕੇ ਇਹਨਾਂ ਦੇ ਨਾਲ ਖਾਣਾ ਖਾ ਸਕਦਾ ਹਾਂ? ਮੈਂ ਇਹਨਾਂ ਸਾਰਿਆਂ ਨੂੰ ਅਪਵਿੱਤਰ ਕਰ ਦੇਵਾਂਗਾ। ਜੇਕਰ ਮੈਂ ਇਹਨਾਂ ਦੇ ਨਾਲ ਏਥੇ ਬੈਠ ਕੇ ਭੋਜਨ ਕਰ ਲਿਆ ਤਾਂ ਮੇਰਾ ਪਾਪ ਮੰਦਰ ਦੇ ਸਰੋਵਰ ਦੀਆਂ ਮੱਛੀਆਂ ਨੂੰ ਮਾਰਨ ਦੇ ਨਾਰਣੱਪੇ ਦੇ ਪਾਪ ਨਾਲੋਂ ਘੱਟ ਨਹੀਂ ਹੋਵੇਗਾ। ਭੋਜਨ ਦੇ ਦੌਰਾਨ ਜੇਕਰ ਇਹਨਾਂ ਨੂੰ ਪਤਾ ਲੱਗਿਆ ਕਿ ਇਹੀ ਪ੍ਰਾਣੇਸ਼ਾਚਾਰੀਆ ਹਨ... ਕਿ ਘਰਵਾਲੀ ਦੀ ਮੌਤ ਦੇ ਬਾਦ ਹਾਲੇ ਸੂਤਕ ਦੀ ਦਸ਼ਾ 'ਚ ਹਨ... ਤਾਂ ਕਿੰਨਾ ਵੱਡਾ ਕਲੰਕ ਲੱਗੇਗਾ... ਰਥ ਯਾਤਰਾ ਦਾ ਸਾਰਾ ਉਤਸਵ ਰੱਦ ਕਰ ਦਿੱਤਾ ਜਾਵੇਗਾ। ਉੱਥੇ ਹਜ਼ਾਰਾਂ ਅੱਖਾਂ ਉਹਨਾਂ ਨੂੰ ਖਾ ਜਾਣਗੀਆਂ।"

"ਏਥੇ! ਏਥੇ ਹਾਲੇ ਇੱਕ ਪੱਤਲ ਖਾਲੀ ਬਚੀ ਹੈ। ਇਧਰ ਆ ਜਾਉ।" ਕੋਈ ਬੁਲਾ ਰਿਹਾ ਸੀ। ਉਹਨਾਂ ਨੂੰ ਹੈਰਾਨੀ ਹੋਈ। ਪਿੱਛੇ ਮੁੜ ਕੇ ਦੇਖਿਆ-ਇੱਕ ਕਤਾਰ ਦੇ ਆਖ਼ੀਰ 'ਚ ਬੈਠਾ ਇੱਕ ਪੰਡਤ ਉਹਨਾਂ ਨੂੰ ਬੁਲਾ ਰਿਹਾ ਸੀ। ਹੁਣ ਉਹ ਕੀ ਕਰਨ? ਹੇ ਭਗਵਾਨ, ਹੁਣ ਕੀ ਕਰਨਾ ਠੀਕ ਹੈ? ਉਹ ਉੱਥੇ ਹੀ ਖੜ੍ਹੇ ਰਹੇ। "ਹਾਂ ਜੀ, ਸੁਣਿਆ ਨਹੀਂ ਤੁਸੀਂ?" ਬੁਲਾ ਰਹੇ ਪੰਡਤ ਨੇ ਹੱਸਦਿਆਂ ਪ੍ਰਾਣੇਸ਼ਾਚਾਰੀਏ ਵੱਲ ਹੱਥ ਕਰਦਿਆਂ ਕਿਹਾ ਅਤੇ ਖਾਲੀ ਥਾਂ ਅਤੇ ਖਾਲੀ ਪੱਤਲ ਵੱਲ ਇਸ਼ਾਰਾ ਕਰਦਿਆਂ ਕਿਹਾ, "ਦੇਖੋ ਇਧਰ। ਇਹ ਪੱਤਲ ਮੈਂ ਤੁਹਾਡੇ ਲਈ ਰੱਖੀ ਹੈ ਅਤੇ ਤੁਹਾਡੇ ਲਈ ਇਸ 'ਤੇ ਇੱਕ ਕਸੋਰਾ ਵੀ ਰੱਖਿਆ ਹੈ। ਜੇਕਰ ਮੈਂ ਅਜਿਹਾ ਨਾ ਕਰਦਾ ਤਾਂ ਭੋਜਨ ਦੇ ਲਈ ਅਗਲੀ ਕਤਾਰ 'ਚ ਵਾਰੀ ਦੀ ਉਡੀਕ ਕਰਨੀ ਪੈਂਦੀ।" ਹੈਰਾਨ-ਪਰੇਸ਼ਾਨ ਜਿਹੇ ਆਚਾਰੀਆ ਜੀ ਜੜ੍ਹ ਵਾਂਗ ਉੱਥੇ ਜਾ ਕੇ ਬੈਠ ਗਏ। ਉਹਨਾਂ ਦਾ ਸਿਰ ਚਕਰਾ ਰਿਹਾ ਸੀ।

ਆਪਣੇ ਮਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ 'ਚ ਉਹ ਸੋਚਣ ਲੱਗੇ, "ਹੇ ਪਰਮਾਤਮਾ ਇਸ ਸਾਰੇ ਡਰ ਦਾ ਮੂਲ ਕਾਰਨ ਕੀ ਹੈ? ਕੀ ਕਿਸੇ ਨਵੇਂ ਜਨਮ ਤੋਂ ਪਹਿਲਾਂ ਹੀ ਇਹ ਪ੍ਰਸੂਤਾ ਪੀੜਾ ਹੈ? ਜਾਂ ਇਹ ਡਰ ਉਸ ਤਰ੍ਹਾਂ ਦਾ ਹੈ ਜੋ ਕਿ ਅੱਜ ਰਾਤ ਜੇਕਰ ਪਦਮਾਵਤੀ ਨਾਲ ਸੌਂ ਜਾਵਾਂ ਤਾਂ ਮੁੱਕ ਜਾਵੇਗਾ? ਜੇਕਰ ਮੈਂ ਜਾ ਕੇ ਚੰਦਰੀ ਦੇ ਨਾਲ ਰਹਿਣ ਲੱਗਾਂਗਾ ਤਾਂ ਕੀ ਖ਼ਤਮ ਹੋ ਜਾਵੇਗਾ? ਕੀ ਮੇਰੇ ਫ਼ੈਸਲੇ ਦਾ ਕੋਈ ਮੁੱਲ ਵੀ ਹੈ? ਮੇਰੀ ਕਿਸਮਤ 'ਚ ਅਜਿਹਾ ਤਾਂ ਨਹੀਂ ਲਿਖਿਆ ਕਿ ਮੈਂ ਇਉਂ ਹੀ ਭਟਕਦਾ ਰਹਾਂਗਾ? ਮੇਰੇ ਨਾਲ ਹੁਣ ਪੁੱਟਾ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ। ਕੀ ਮੈਂ ਉੱਠ ਕੇ ਬਾਹਰ ਚਲਾ ਜਾਵਾਂ? ਮੇਰੇ ਨਾਲ ਬੈਠਾ ਹੋਇਆ ਪੰਡਤ ਫੇਰ ਕੀ ਸੋਚੇਗਾ?"

ਭੋਜਨ ਦੇ ਲਈ ਬੈਠੇ ਹੋਏ ਪੰਡਤਾਂ ਦੀ ਕਤਾਰ ਦੇ ਵਿਚਕਾਰ ਇੱਕ ਪੰਡਤ ਕਸੋਰਿਆਂ ਨੂੰ ਪਵਿੱਤਰ ਪਾਣੀ ਨਾਲ ਭਰ ਰਿਹਾ ਸੀ। ਦੂਜੇ ਨੇ ਹਰੇਕ ਪੱਤਲ ਦੇ ਇੱਕ ਪਾਸੇ ਕੜਛੀ ਕੁ ਖੀਰ ਪਾਈ। ਉਸੇ ਦੇ ਪਿੱਛੇ ਦੋ ਹੱਟੇ-ਕੱਟੇ ਪੰਡਤ ਚੌਲ ਪਾਉਂਦਿਆਂ ਅਤੇ ਇਹ ਕਹਿੰਦੇ ਹੋਏ ਤੁਰੇ ਆ ਰਹੇ ਸਨ, "ਰਾਹ

ਛੱਡੋ, ਰਾਹ ਛੱਡੋ, ਰਾਹ।" ਫੇਰ ਦਾਲ ਅਤੇ ਕਕੜੀ ਦੀ ਪਿਸੀ ਹੋਈ ਚਟਨੀ। ਖਾਣਾ ਪਰੋਸਣ ਆਏ ਹਰ ਨਵੇਂ ਚਿਹਰੇ ਤੋਂ ਇੱਕ ਵਾਰ ਫੇਰ ਡਰ ਪੈਦਾ ਹੋ ਜਾਂਦਾ ਸੀ, "ਸੰਭਵ ਹੈ, ਇਹ ਬੰਦਾ ਮੈਨੂੰ ਜਾਣਦਾ ਹੋਵੇ, ਮੈਨੂੰ ਪਛਾਣ ਲਵੇ, ਫੇਰ ਮੈਂ ਕੀ ਕਰਾਂਗਾ ?"

ਜਿਸ ਪੰਡਤ ਨੇ ਉਹਨਾਂ ਦੇ ਲਈ ਥਾਂ ਬਣਾਇਆ ਸੀ ਅਤੇ ਜੋ ਨਾਲ ਹੀ ਬੈਠਾ ਸੀ, ਉਸ ਦਾ ਰੰਗ ਕਾਲਾ ਅਤੇ ਡੀਲ-ਡੌਲ ਭੀਮਸੈਨ ਦੀ ਤਰ੍ਹਾਂ ਭਾਰੀ-ਭਰਕਮ ਸੀ। ਸਮਾਰਤ ਸੀ, ਮੱਥੇ 'ਤੇ ਚੰਦਨ ਦੇ ਟਿੱਕੇ ਦੀਆਂ ਲੰਬੀਆਂ ਰੇਖਾਵਾਂ ਮਾਰੀਆਂ ਸੀ। ਜਿਉਂ ਹੀ ਉਸ ਨੇ ਆਚਾਰੀਏ ਦੇ ਵੱਲ ਮੂੰਹ ਕੀਤਾ, ਉਹਨਾਂ ਨੂੰ ਉਸ ਤੋਂ ਡਰ ਲੱਗਣ ਲੱਗਿਆ। ਡਰ ਉਦੋਂ ਹੋਰ ਵੀ ਲੱਗਿਆ ਜਦ ਉਹ ਆਚਾਰੀਏ ਤੋਂ ਕੁਝ ਪੁੱਛਤਾਛ ਕਰਨ ਲੱਗਿਆ।

"ਕੀ ਮੈਂ ਜਾਣ ਸਕਦਾ ਹਾਂ ਕਿ ਤੁਹਾਡਾ ਕਿੱਥੋਂ ਆਉਣਾ ਹੋਇਆ ਹੈ ?"

"ਮੈਂ ਤਾਂ ਇਸੇ ਘਾਟੀ ਦਾ ਹਾਂ।"

"ਪਰ ਠੀਕ ਕਿੱਥੋਂ ਦੇ ਹੋ ? ਕੀ ਘਾਟੀ ਦੇ ਹੇਠਲੇ ਪਾਸੇ ਦੇ ?"

"ਹਾਂ, ਕੁੰਦਾਪੁਰ ਦਾ।"

"ਮੈਂ ਜਾਣ ਸਕਦਾ ਹਾਂ ਕਿ ਤੁਸੀਂ ਕਿਸ ਜਾਤੀ ਦੇ ਹੋ ?"

"ਮੈਂ ਵੇਸ਼ਣਵ ਹਾਂ।"

"ਕਿਸ ਗੋਤ ਦੇ ਹੋ ?"

"ਸ਼ਿਵੱਲੀ ਦੇ।"

"ਮੈਂ ਕੋਟ ਗੋਤ ਦਾ ਹਾਂ। ਤੁਹਾਡਾ ਗੋਤ ਕੀ ਹੈ ?"

"ਭਾਰਦਵਾਜ।"

"ਮੈਂ ਅੰਗੀਰਸ ਗੋਤ ਦਾ ਹਾਂ। ਮਹਾਰਾਜ, ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ। ਮੇਰੀ ਇੱਕ ਬੇਟੀ ਹੈ, ਛੇਤੀ ਹੀ ਵਿਆਹੁਣ ਯੋਗ ਹੋ ਜਾਵੇਗੀ, ਇੱਕ-ਦੋ ਵਰ੍ਹਿਆਂ 'ਚ ਮਾਹਵਾਰੀ ਆਉਣ ਲੱਗੇਗੀ। ਬੇਟੀ ਲਈ ਕੋਈ ਚੰਗਾ ਵਰ ਲੱਭ ਰਹੇ ਹਾਂ, ਕਿਉਂਕਿ ਕੁੜੀ ਸਿਆਣੀ ਹੁੰਦੀ ਜਾ ਰਹੀ ਹੈ। ਕੋਈ ਵੀ ਮਾਪਾ ਕੁੜੀ ਨੂੰ ਘਰੇ ਨਹੀਂ ਰੱਖ ਸਕਦਾ। ਸਵਾਮੀ ਜੀ, ਆਪਣੇ ਗੋਤ 'ਚ ਕੋਈ ਚੰਗਾ ਮੁੰਡਾ ਮਿਲੇ ਤਾਂ ਦੱਸਿਓ। ਕੰਨਿਆਦਾਨ 'ਚ ਕਿਸੇ ਪਿਤਾ ਦੀ ਚਿੰਤਾ ਨੂੰ ਦੂਰ ਕਰਨ ਸਹਾਈ ਹੋਣਾ ਬੜਾ ਪੁੰਨ ਦਾ ਕੰਮ ਹੈ। ਕੰਨਿਆ ਦੀ ਜਨਮ-ਪੱਤਰੀ ਮੈਂ ਤੁਹਾਨੂੰ ਅੱਜ ਹੀ ਦੇ ਦੇਵਾਂਗਾ। ਭੋਜਨ ਕਰ ਲਉ, ਫੇਰ ਚਲਦੇ ਹਾਂ। ਤੁਸੀਂ ਅੱਜ ਰਾਤ ਸਾਡੇ ਘਰ ਹੀ ਠਹਿਰੋ।"

ਇੱਕ ਡੋਨੇ 'ਚ ਸਾਂਬਰ ਪਵਾਉਂਦਿਆਂ ਪ੍ਰਾਣੇਸ਼ਾਚਾਰੀਏ ਨੇ ਮੂੰਹ ਚੁੱਕ ਕੇ ਦੇਖਿਆ। ਪਰੋਸਣ ਵਾਲਾ ਪੰਡਤ ਬੜੀ ਗੌਰ ਨਾਲ ਉਹਨਾਂ ਨੂੰ ਦੇਖ ਰਿਹਾ ਸੀ। ਬਿੰਦ ਕੁ ਰੁਕਿਆ ਫੇਰ ਚਲਿਆ ਗਿਆ।

"ਠੀਕ ਹੈ।" ਪ੍ਰਾਦੇਸ਼ਾਚਾਰੀਏ ਨੇ ਗੱਲ ਨੂੰ ਖ਼ਤਮ ਕਰਦਿਆਂ ਕਿਹਾ। ਕੀ ਇਹ ਸੰਭਵ ਹੈ ਕਿ ਜੋ ਪੰਡਤ ਸਾਂਬਰ ਖਾ ਰਿਹਾ ਸੀ, ਉਹਨਾਂ ਨੂੰ ਪਛਾਣ ਲਿਆ ਹੋਵੇ ? ਉਸ ਦੇ ਮੱਥੇ 'ਤੇ ਕੋਲੇ ਨਾਲ ਬਣਾਇਆ ਗਿਆ ਤਿਲਕ ਲੱਗਿਆ ਸੀ ਜਿਸ ਤੋਂ ਇਹ ਉਹਨਾਂ ਦੇ ਵਾਂਗ ਮਾਧਵ ਸਿੱਧ ਹੁੰਦਾ ਹੈ। ਹੁਣ ਆਪਣੇ ਥਾਂ ਤੋਂ ਉਹ ਉੱਠ ਵੀ ਨਹੀਂ ਸਕਦੇ ਸੀ, ਹੱਥ 'ਚ ਪਾਣੀ ਲੈ ਕੇ, ਭਗਵਾਨ ਦਾ ਨਾਂ ਲੈ ਕੇ ਉਸ ਨੂੰ ਸਭ ਦੇ ਨਾਲ ਮਿਲ ਕੇ ਪਵਿੱਤਰ ਵੀ ਕਰ ਲਿਆ ਹੈ, "ਸ੍ਰੀਮਦ ਰਮਾਰਮਣ ਗੋਵਿੰਦਾ ਗੋਵਿੰਦਾ।"

ਉਹਨਾਂ ਨੇ ਸਾਂਭਰ 'ਚ ਗਰਮ-ਗਰਮ ਚੌਲ ਮਿਲਾ ਕੇ ਖਾਣਾ ਸ਼ੁਰੂ ਕਰ ਦਿੱਤਾ। ਠੀਕ ਤਰ੍ਹਾਂ ਨਾਲ ਰੋਟੀ ਖਾਧੇ ਕਈ ਦਿਨ ਹੋ ਗਏ ਸਨ। ਹੇ ਰੱਬਾ ਸੰਕਟ 'ਚੋਂ ਬਾਹਰ ਕੱਢੋ। ਮੇਰੀ ਰੱਖਿਆ ਕਰੋ ਕਿ ਹੁਣ ਮੈਨੂੰ ਕੋਈ ਪਛਾਣ ਨਾ ਸਕੇ। ਮੈਂ ਪੱਕਾ ਤਾਂ ਨਹੀਂ ਕਹਿ ਸਕਦਾ ਕਿ ਇਹ ਫ਼ੈਸਲਾ ਮੇਰਾ ਆਪਣਾ ਹੈ। ਮੈਂ ਜੋ ਕੁਝ ਵੀ ਕਰਦਾ ਹਾਂ, ਉਸ 'ਚ ਕਿਸੇ ਹੋਰ ਨੂੰ ਸ਼ਾਮਿਲ ਕਰ ਲੈਂਦਾ ਹਾਂ। ਜੋ ਕੁਝ ਹੋਇਆ ਸੀ, ਉਸ ਦੇ



ਬਾਦ ਨਾਰਣੱਪੇ ਦੀ ਲਾਸ਼ ਦਾ ਸੰਸਕਾਰ ਮੈਨੂੰ ਹੀ ਕਰਨਾ ਚਾਹੀਦਾ ਸੀ ? ਸੰਸਕਾਰ ਦੇ ਲਈ ਸਿਰਫ਼ ਲਾਸ਼ ਨੂੰ ਮੜ੍ਹੀਆਂ ਤੱਕ ਚੁੱਕ ਕੇ ਲਿਜਾਣ ਦੇ ਲਈ ਸਾਨੂੰ ਘੱਟੋ-ਘੱਟ ਤਿੰਨ ਹੋਰ ਬੰਦਿਆਂ ਦੀ ਲੋੜ ਸੀ। ਮੈਨੂੰ ਸਿਰਫ਼ ਤਿੰਨ ਹੋਰ ਬੰਦਿਆਂ ਨੂੰ ਕਹਿਣਾ ਪੈਂਦਾ। ਕਹਿੰਦਾ ਤਾਂ ਉਹਨਾਂ ਨੇ ਆਪਣੇ ਪੰਡਤਾਊਪੁਣੇ ਦੀ ਰਾਖੀ ਦੀ ਜ਼ਿੰਮੇਵਾਰੀ ਮੇਰੇ 'ਤੇ ਪਾ ਦੇਣੀ ਸੀ। ਇਹੋ ਮੇਰੇ ਦੁੱਖ ਦਾ ਮੂਲ ਕਾਰਨ ਹੈ। ਜਦਕਿ ਮੈਂ ਚੰਦਰੀ ਦੇ ਨਾਲ ਸੰਭੋਗ ਕੀਤਾ, ਤਾਂ ਆਪਣੇ ਇਸ ਕੰਮ ਨਾਲ ਸਾਰੇ ਅਗਰਹਾਰ ਨੂੰ ਆਪਣੇ ਨਾਲ ਉਲਝਾ ਲਿਆ। ਸਿੱਟੇ ਵਜੋਂ ਮੇਰੀ ਜ਼ਿੰਦਗੀ ਖੁੱਲ੍ਹ ਕੇ ਸਾਹਮਣੇ ਆ ਗਈ।

ਜੋ ਪੰਡਤ ਸਾਂਭਰ ਪਾ ਰਿਹਾ ਸੀ, ਉਹ ਇਹ ਕਹਿੰਦਿਆਂ ਤੁਰਿਆ ਆ ਰਿਹਾ ਸੀ, "ਸਾਂਭਰ, ਸਾਂਭਰ, ਕਿਸੇ ਨੂੰ ਸਾਂਭਰ ਚਾਹੀਦਾ ਹੈ ? ਉਹ ਆਚਾਰੀਏ ਦੀ ਪੱਤਲ ਮੂਹਰੇ ਖੜ੍ਹ ਕੇ ਬੋਲਿਆ, "ਸਾਂਭਰ ? ਡਰਦਿਆਂ ਆਚਾਰੀਏ ਨੇ ਮੂੰਹ ਚੁੱਕ ਕੇ ਉਸ ਦੇ ਵੱਲ ਦੇਖਿਆ।

ਉਸ ਬੰਦੇ ਨੇ ਕਿਹਾ, "ਸ਼ਾਇਦ ਮੈ ਤੁਹਾਨੂੰ ਦੇਖਿਆ ਹੈ।"

"ਹੋ ਸਕਦਾ ਹੈ।" ਆਚਾਰੀਏ ਨੇ ਕਿਹਾ। ਰੱਬ ਦੀ ਮਿਹਰ ਹੋਈ ਕਿ ਇਹ ਸੁਣਨ ਦੇ ਬਾਦ ਉਹ ਬੰਦਾ ਅਗਲੀ ਕਤਾਰ 'ਚ ਬੈਠੇ ਪੰਡਤਾਂ ਨੂੰ ਸਾਂਭਰ ਪਾਉਣ ਚਲਾ ਗਿਆ। "ਮੈਨੂੰ ਲਗਦਾ ਹੈ ਕਿ ਉਸ ਬੰਦੇ ਦੀਆਂ ਅੱਖਾਂ ਮੇਰੇ 'ਤੇ ਹੀ ਲੱਗੀਆਂ ਹਨ। ਉਹ ਅੱਖਾਂ ਮੇਰੇ ਚਿਹਰੇ ਨੂੰ ਉਸ ਦੇ ਮਸਤਕ ਦੇ ਅੰਦਰ ਤੱਕ ਪਹੁੰਚਾ ਰਹੀਆਂ ਹਨ ਤਾਂ ਕਿ ਉਹ ਮੇਰੇ ਬਾਰੇ ਜਾਣ ਸਕੇ। ਜੇਕਰ ਮੈਂ ਚੰਦਰੀ ਦੇ ਨਾਲ ਵੀ ਜਾਵਾਂ ਤਾਂ ਰਸਤੇ 'ਚ ਕੋਈ ਮੈਨੂੰ ਫੜ ਕੇ ਜ਼ਰੂਰ ਪੁੱਛੇਗਾ, "ਤੁਸੀਂ ਕੌਣ ਹੋ ? ਤੁਸੀਂ ਕਿਸ ਗੋਤ ਦੇ ਹੋ ? ਕਿਸ ਜਾਤੀ ਦੇ ਹੋ ?"

"ਜਦ ਤੱਕ ਮੈਂ ਸਾਰੇ ਪੰਡਤਾਊਪੁਣੇ ਨੂੰ ਛੱਡ ਕੇ ਵੱਖ ਨਹੀਂ ਹੋ ਜਾਂਦਾ, ਇਹਨਾਂ ਮੁਸ਼ਕਿਲਾਂ ਤੋਂ ਖਹਿੜਾ ਨਹੀਂ ਛੁਡਾ ਸਕਾਂਗਾ। ਜੇਕਰ ਮੈਂ ਇਹਨਾਂ ਨੂੰ ਛੱਡ ਸਕਾਂ ਤਾਂ ਮੈਂ ਕੁੱਕੜਾਂ ਦੀ ਲੜਾਈ ਦੇ ਭਿਆਨਕ ਹਿੰਸਕ ਸੰਸਾਰ 'ਚ ਡਿੱਗ ਪਵਾਂਗਾ ਅਤੇ ਕਿਸੇ ਕੀੜੇ ਦੀ ਤਰ੍ਹਾਂ ਸਾਰੀ ਉਮਰ ਸੜਾਂਗਾ। ਮੈਂ ਇਸ ਹਾਲਤ 'ਚੋਂ ਕਿਵੇਂ ਖਹਿੜਾ ਛੁਡਾਵਾਂਗਾ, ਜੋ ਨਾ ਏਥੋਂ ਦੀ ਹੈ, ਨਾ ਉੱਥੋਂ ਦੀ, ਜੋ ਸਥਿਤੀ ਪ੍ਰੇਤ ਆਤਮਾਵਾਂ ਦੀ ਅਨੰਤ ਬੇਚੈਨੀ ਵਾਂਗ ਹੈ।"

ਜੋ ਪੰਡਤ ਉਹਨਾਂ ਦੇ ਮੂਹਰੇ ਬੈਠਾ ਸੀ, ਬੁੜਬੁੜਾਇਆ, "ਇਸ ਵਾਰ ਜ਼ਿਆਦਾ ਪਾਣੀ ਪਾ ਕੇ ਉਹਨਾਂ ਨੇ ਸਾਂਭਰ ਨੂੰ ਪਤਲਾ ਕਰ ਦਿੱਤਾ ਹੈ ਅਤੇ ਇਹ ਕੀ, ਤੁਸੀਂ ਆਪਣਾ ਢਿੱਡ ਸਿਰਫ਼ ਸਾਂਭਰ ਪੀ-ਪੀ ਕੇ ਭਰ ਰਹੇ ਹੋ ? ਥੋੜ੍ਹੀ ਉਡੀਕ ਕਰੋ, ਹਾਲੇ ਤਾਂ ਮਠਿਆਈਆਂ ਅਤੇ ਹੋਰ ਵੀ ਬਹੁਤ ਕੁਝ ਆਵੇਗਾ।"

ਜੋ ਬੰਦਾ ਪਹਿਲਾਂ ਸਾਂਭਰ ਲੈ ਕੇ ਆਇਆ ਸੀ, ਇਸ ਵਾਰ ਉਹ ਸਬਜ਼ੀ ਨਾਲ ਭਰਿਆ ਇੱਕ ਵੱਡਾ ਭਾਂਡਾ ਲੈ ਕੇ ਆਇਆ। ਆਚਾਰੀਏ ਦੇ ਮੂਹਰੇ ਖੜ੍ਹ ਕੇ ਉਸ ਨੇ ਕਿਹਾ, "ਮੈਨੂੰ ਯਾਦ ਨਹੀਂ ਆ ਰਿਹਾ ਕਿ ਤੁਹਾਨੂੰ ਕਿੱਥੇ ਦੇਖਿਆ ਹੈ ? ਹੋ ਸਕਦੈ ਕਿ ਮਠ 'ਚ ਦੇਖਿਆ ਹੋਵੇ ? ਵਿਸ਼ੇਸ਼ ਪਾਠ-ਪੂਜਾ ਦੇ ਦਿਨਾਂ 'ਚ ਭੋਜਨ ਬਣਾਉਣ ਅਤੇ ਵਰਤਾਉਣ ਦੇ ਕੰਮ ਲਈ ਮੈਂ ਉੱਥੇ ਖਾਣਾ ਬਣਾਉਣ ਦੇ ਲਈ ਗਿਆ ਸੀ ਅਤੇ ਅੱਜ ਹੀ ਮੁੜਿਆਂ।

ਤਦ, ਜਿਵੇਂ ਉਸ ਨੂੰ ਕਾਹਲ ਹੋਵੇ, ਫੇਰ ਉਹ ਅਗਲੀ ਕਤਾਰ 'ਚ ਸਬਜ਼ੀ ਵਰਤਾਉਣ ਲਈ ਇਹ ਕਹਿੰਦਾ ਹੋਇਆ ਚਲਾ ਗਿਆ, "ਸਬਜ਼ੀ, ਸਬਜ਼ੀ, ਸਬਜ਼ੀ।"

ਆਚਾਰੀਏ ਨੇ ਸੋਚਿਆ ਕਿ ਮੈਨੂੰ ਹੁਣ ਏਥੋਂ ਉੱਠ ਕੇ ਚਲੇ ਜਾਣਾ ਚਾਹੀਦਾ ਹੈ। ਪਰ ਉਹਨਾਂ ਦੀਆਂ ਲੱਤਾਂ ਸੁੰਨ ਹੋ ਗਈਆਂ ਸਨ। ਉਹਨਾਂ ਦੇ ਸਾਥੀ ਪੰਡਤ ਨੇ ਕਿਹਾ, "ਮੇਰੀ ਧੀ ਬਹੁਤ ਵਧੀਆ ਖਾਣਾ ਬਣਾਉਂਦੀ ਹੈ। ਵੱਡਿਆਂ ਦਾ ਬੜਾ ਮਾਣ ਕਰਦੀ ਹੈ। ਮੇਰੀ ਇੱਛਾ ਹੈ ਕਿ ਅਸੀਂ ਉਸ

ਨੂੰ ਕਿਸੇ ਅਜਿਹੇ ਪਰਿਵਾਰ 'ਚ ਵਿਆਹੀਏ ਜਿੱਥੇ ਘਰੇਲੂ ਕੰਮ-ਧੰਦਿਆਂ ਦੀ ਸਿੱਖਿਆ ਦੇਣ ਲਈ ਉਸ ਦੇ ਸੱਸ-ਸਹੁਰਾ ਜਿਉਂਦੇ ਹੋਣ।"

ਇਸ ਹੁਣ ਦੇ ਡਰ ਤੋਂ ਬਚਣ ਦਾ ਇੱਕ ਹੋਰ ਉਪਾਅ ਹੈ। ਮੈਨੂੰ ਨਾਰਣੱਪੇ ਦੇ ਦਾਹ-ਸੰਸਕਾਰ ਦੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲੈਣੀ ਚਾਹੀਦੀ ਹੈ। ਹੋਰਾਂ ਪੰਡਤਾਂ ਦੀ ਨਜ਼ਰ 'ਚ, ਉਸੇ ਅਗਰਹਾਰ 'ਚ ਜਿੱਥੇ ਮੈਂ ਵੱਡਾ ਹੋਇਆ ਅਤੇ ਸਭ ਤੋਂ ਸਤਿਕਾਰ ਮਿਲਿਆ। ਮੈਨੂੰ ਸਭ ਦਾ ਵਡੇਰਾ ਬਣਿਆ ਰਹਿਣਾ ਚਾਹੀਦਾ ਹੈ। ਮੇਰੇ ਲਈ ਸਹੀ ਹੈ ਕਿ ਮੈਂ ਗਰੁੜ ਅਤੇ ਲਕਸ਼ਮਣ ਨੂੰ ਸੱਦਾਂ ਅਤੇ ਕਹਾਂ ਕਿ ਸਭ ਕੁਝ ਇਸ ਤਰ੍ਹਾਂ ਹੋਇਆ। ਹੁਣ ਮੇਰਾ ਫ਼ੈਸਲਾ ਇਹ ਹੈ। ਮੈਂ ਸਤਿਕਾਰ ਅਤੇ ਸੀਲ ਹੋਣ ਦਾ ਉਹ ਅੰਗ-ਵਸਤਰ ਲਾਹ ਕੇ ਸੁੱਟ ਰਿਹਾ ਹਾਂ ਜੋ ਹੁਣ ਤੱਕ ਤੁਹਾਡੀਆਂ ਨਜ਼ਰ 'ਚ ਪਾਇਆ ਹੋਇਆ ਸੀ। ਮੈਂ ਉਸ ਮਾਣ-ਸਤਿਕਾਰ ਦੇ ਚੋਲੇ ਨੂੰ ਲੀਰ-ਲੀਰ ਕਰਕੇ ਤੁਹਾਡੀਆਂ ਅੱਖਾਂ ਦੇ ਸਾਹਮਣੇ ਪਾੜ ਕੇ ਸੁੱਟਾਂਗਾ ਜੇਕਰ ਮੈਂ ਇਉਂ ਨਹੀਂ ਕਰਦਾ ਤਾਂ ਮੇਰੇ ਅੰਦਰ ਦਾ ਡਰ ਹਰ ਥਾਂਵੇਂ ਮੇਰਾ ਪਿੱਛਾ ਕਰੇਗਾ ਅਤੇ ਮੈਂ ਕਦੇ ਆਜ਼ਾਦ ਨਹੀਂ ਹੋ ਸਕਾਂਗਾ। ਫੇਰ ਕੀ ਹੋਵੇਗਾ ?

"ਨਾਰਣੱਪੇ ਦੀ ਤਰ੍ਹਾਂ ਹੀ, ਜਿਸ ਨੇ ਮੰਦਰ ਦੇ ਸਰੋਵਰ 'ਚੋਂ ਮੱਛੀਆਂ ਫੜ ਕੇ ਸਮੁੱਚੇ ਅਗਰਹਾਰ ਨੂੰ ਉਲਟ-ਪਲਟ ਦਿੱਤਾ ਸੀ, ਮੈਥੋਂ ਵੀ ਪੰਡਤਾਂ ਦੇ ਜੀਵਨ 'ਚ ਬਹੁਤ ਬਦਲਾਅ ਹੋਣ ਜਾ ਰਿਹਾ ਹੈ। ਉਹਨਾਂ ਦੀ ਆਸਥਾ ਨੂੰ ਮੇਰੇ ਤੋਂ ਕਰਾਰੀ ਸੱਟ ਲੱਗੇਗੀ। ਮੈਂ ਉਹਨਾਂ ਨੂੰ ਕੀ ਦੱਸਾਂਗਾ ? ਕਿ ਚੰਦਰੀ ਦੇ ਨਾਲ ਮੈਂ ਸੰਭੋਗ ਕੀਤਾ ਸੀ ?

ਮੈਂ ਆਪਣੀ ਘਰਵਾਲੀ ਨਾਲ ਨਫ਼ਰਤ ਕਰਨ ਲੱਗਿਆ ਸੀ ? ਮੈਂ ਬਾਜ਼ਾਰ ਦੀ ਇੱਕ ਚਾਲੂ ਜਿਹੀ ਦੁਕਾਨ ਤੋਂ ਕੌਫ਼ੀ ਪੀਤੀ। ਮੈਂ ਕੁੱਕੜਾਂ ਦੀ ਉਹ ਡਰਾਉਣੀ, ਹਿੰਸਕ ਲੜਾਈ ਦੇਖਦਾ ਰਿਹਾ ? ਮੇਰੇ ਅੰਦਰ ਪਦਮਾਵਤੀ ਦੇ ਲਈ ਕਾਮੁਕਤਾ ਦਾ ਭਾਵ ਜਾਗਿਆ ? ਦੁੱਖ ਅਤੇ ਸੂਤਕ ਦੀ ਦਸ਼ਾ 'ਚ ਵੀ ਮੰਦਰ ਦੇ ਪੰਡਤਾਂ ਦੀ ਕਤਾਰ 'ਚ ਬੈਠ ਕੇ ਮੈਂ ਪਵਿੱਤਰ ਸਹਿਭੋਜ ਕੀਤਾ ? ਮੈਂ ਇੱਕ ਮਾਲੇਰ ਮੁੰਡੇ ਨੂੰ ਮੰਦਰ 'ਚ ਆਪਣੇ ਨਾਲ ਆਉਣ ਅਤੇ ਆਪਣੇ ਨਾਲ ਭੋਜਨ ਕਰਨ ਦੇ ਲਈ ਕਿਹਾ ? ਪਰ ਇਹੀ ਮੇਰਾ ਸੱਚ ਹੈ। ਕੁਝ ਹੋ ਗਈਆਂ ਭੁੱਲਾਂ ਦਾ ਇਹ ਇਕਬਾਲਨਾਮਾ ਨਹੀਂ ਹੈ, ਕਿਸੇ ਕੀਤੇ ਹੋਏ ਪਾਪ ਦਾ ਪਛਤਾਵਾ ਵੀ ਨਹੀਂ, ਸਿਰਫ਼ ਸੱਚਾਈ ਹੈ, ਮੇਰੀ ਆਪਣੀ ਸੱਚਾਈ। ਇਸ ਲਈ ਮੇਰਾ ਇਹ ਫ਼ੈਸਲਾ ਹੈ। ਆਪਣੇ ਇਸ ਫ਼ੈਸਲੇ ਨਾਲ ਹੀ ਮੈਂ ਆਪਣੇ ਸਮੁੱਚੇ ਅਤੀਤ ਨੂੰ ਤਿਆਗ ਰਿਹਾ ਹਾਂ।"

"ਮਹਾਰਾਜ ਜੇ ਜ਼ਰੂਰੀ ਸਮਝੋ ਤਾਂ ਬੇਟੀ ਦੇ ਵਿਆਹ 'ਤੇ ਦਹੇਜ ਦੇਣ 'ਚ ਵੀ ਮੈਨੂੰ ਕੋਈ ਝਿਜਕ ਨਹੀਂ। ਤੁਸੀਂ ਤਾਂ ਜਾਣਦੇ ਹੀ ਹੋ ਕਿ ਸਮਾਂ ਮਾੜਾ ਹੈ, ਸਾਂਵਲੇ ਰੰਗ ਦੀਆਂ ਕੁੜੀਆਂ ਦੇ ਲਈ ਮੁੰਡਾ ਲੱਭਣਾ ਬਹੁਤ ਔਖਾ ਹੁੰਦਾ ਜਾ ਰਿਹਾ ਹੈ। ਤੁਸੀਂ ਆਉ ਅਤੇ ਬੇਟੀ ਨੂੰ ਇੱਕ ਵਾਰ ਆਪ ਜ਼ਰੂਰ ਦੇਖੋ। ਉਸ 'ਚ ਇੱਕੋ ਹੀ ਘਾਟ ਹੈ, ਉਸ ਦੇ ਰੰਗ ਦਾ ਸਾਂਵਲਾ ਹੋਣਾ, ਜਦ ਕਿ ਉਸ ਦੀਆਂ ਅੱਖਾਂ ਬਹੁਤ ਸੋਹਣੀਆਂ ਹਨ ਅਤੇ ਨੱਕ ਬੜੀ ਤਿੱਖੀ। ਬੇਟੀ ਦੀ ਜਨਮ-ਪੱਤਰੀ 'ਚ ਗਜ-ਕੇਸਰਾਂ ਦਾ ਯੋਗ ਵੀ ਹੈ ਜੋ ਕਿ ਰੋਸ਼ਨ ਭਵਿੱਖ ਦਾ ਸੂਚਕ ਹੈ। ਉਹ ਜਿਸ ਘਰ 'ਚ ਜਾਏਗੀ, ਉੱਥੇ ਲੱਛਮੀ ਦੇ ਪੈਰ ਪੈਣਗੇ।" ਨਾਲ ਬੈਠੇ ਪੰਡਤ ਨੇ ਚੌਲ ਅਤੇ ਸਬਜ਼ੀ ਖਾਂਦੇ ਹੋਏ ਆਚਾਰੀਆ ਜੀ ਨੂੰ ਕਿਹਾ।

"ਪਰ ਜੇਕਰ ਮੈਂ ਅਗਰਹਾਰ ਦੇ ਪੰਡਤਾਂ ਨੂੰ ਕੁਝ ਨਹੀਂ ਦਸਦਾ ਹਾਂ, ਜੇਕਰ ਨਾਰਣੱਪੇ ਦੀ ਪੂਰੇ ਕਰਮਕਾਂਡ ਨਾਲ ਚਿਤਾ ਨਹੀਂ ਸਾੜੀ ਜਾਂਦੀ ਤਾਂ ਮੈਂ ਡਰ ਤੋਂ ਕਦੇ ਛੁਟਕਾਰਾ ਨਹੀਂ ਪਾ ਸਕਾਂਗਾ। ਜੇਕਰ ਕਿਸੇ ਨੂੰ ਦੱਸੇ ਬਿਨਾ ਮੈਂ ਚੰਦਰੀ ਨਾਲ ਰਹਿਣ ਦਾ ਫ਼ੈਸਲਾ ਕਰ ਲਵਾਂ ਤਾਂ ਉਹ ਫ਼ੈਸਲਾ ਨਾ ਤਾਂ ਸੰਪੂਰਨ ਹੀ ਹੋਵੇਗਾ ਅਤੇ ਨਾ ਹੀ ਡਰ ਤੋਂ ਬਿਨਾ ਹੀ। ਹੁਣ ਮੈਨੂੰ ਆਖ਼ਰੀ ਫ਼ੈਸਲਾ ਛੇਤੀ ਹੀ ਲੈ ਲੈਣਾ ਚਾਹੀਦਾ ਹੈ। ਹੁਣ ਤੱਕ ਜੋ-ਜੋ ਗੱਲਾਂ ਪਰੋਖ 'ਚ ਹੋ ਰਹੀਆਂ ਹਨ, ਉਹ ਪ੍ਰਤੱਖ 'ਚ ਹੋਣੀਆਂ ਚਾਹੀਦੀਆਂ ਹਨ। ਮੇਰੇ 'ਚ ਦੂਜਿਆਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਣ ਦੀ ਹਿੰਮਤ ਆਉਣੀ ਚਾਹੀਦੀ ਹੈ। ਪਰ



ਕੋਈ ਵੀ ਫ਼ੈਸਲਾ ਲਵਾਂ, ਕੀ ਮੇਰੇ ਦੁਖ 'ਚ ਕਮੀ ਆਏਗੀ ? ਜੇਕਰ ਮੈਂ ਕੋਈ ਲੱਭ ਰਹੀ ਅੱਖ ਇਹਨਾਂ ਗੱਲਾਂ ਦਾ ਭੇਦ ਨਾ ਖੋਲ੍ਹ ਦੇਵੇ। ਜੇ ਮੈਂ ਗੱਲਾਂ ਨੂੰ ਲੁਕਾਉਂਦਾ ਹਾਂ ਤਾਂ ਸਾਰੀ ਜ਼ਿੰਦਗੀ ਇਸ ਖਤਰੇ ਦੀ ਪੀੜ ਬਣੀ ਰਹੇਗੀ ਕਿ ਕੋਈ ਲੱਭ ਰਹੀ ਅੱਖ ਇਹਨਾਂ ਗੱਲਾਂ ਦਾ ਭੇਦ ਜਾਣ ਲਵੇਗੀ। ਜੇਕਰ ਮੈਂ ਅਜਿਹਾ ਨਹੀਂ ਕਰਦਾ ਤਾਂ ਮੈਂ ਹੋਰ ਬਹੁਤ ਸਾਰੇ ਲੋਕਾਂ ਦੇ ਜੀਵਨ ਨੂੰ, ਆਪਣੇ ਪੰਡਤਾਉਪੁਣੇ ਦੀ ਸੱਚਾਈ ਨੂੰ, ਆਪਣੇ ਇਸ ਫ਼ੈਸਲੇ ਨਾਲ ਆਪਣੇ ਜੀਵਨ ਨਾਲ ਉਲਝਾ ਲਵਾਂ ? ਇਸ ਸਾਰੀ ਸੋਚ-ਵਿਚਾਰ 'ਚ ਕਿੰਨੀ ਪੀੜ ਹੈ, ਕਿੰਨੀ ਕਾਇਰਤਾ ਹੈ। ਹੇ ਪਰਮਾਤਮਾ ਫ਼ੈਸਲਾ ਕਰਨ ਦੀ ਇਸ ਜ਼ਿੰਮੇਵਾਰੀ ਤੋਂ ਤੂੰ ਮੈਨੂੰ ਬਚਾ ਲੈ। ਜਿਵੇਂ ਕਿ ਮੇਰੀ ਮਰਜ਼ੀ ਦੇ ਬਿਨਾਂ ਜੰਗਲ ਦੇ ਹਨੇਰੇ 'ਚ ਜੋ ਕੁਝ ਹੋਇਆ, ਇਸ ਫ਼ੈਸਲੇ ਨੂੰ ਵੀ ਉਸੇ ਤਰ੍ਹਾਂ ਅਚਾਨਕ ਹੋਣ ਦੇ। ਅਜਿਹਾ ਕਰ ਦੇ ਕਿ ਕਿਸੇ ਫ਼ੈਸਲੇ 'ਤੇ ਅਚਾਨਕ ਪਹੁੰਚਿਆ ਜਾ ਸਕੇ। ਨਾਰਣੱਪੇ, ਕੀ ਤੂੰ ਵੀ ਇਸ ਤਰ੍ਹਾਂ ਦੀ ਕਿਸੇ ਤਕਲੀਫ਼ 'ਚੋਂ ਲੰਘਿਆ ਸੀ ? ਮਹਾਬਲ, ਕੀ ਤੈਨੂੰ ਵੀ ਇਸ ਤਰ੍ਹਾਂ ਦੇ ਦੁੱਖਾਂ 'ਚੋਂ ਲੰਘਣਾ ਪਿਆ ਸੀ ?

ਜੋ ਪੰਡਤ ਸਾਂਭਰ ਲੈ ਕੇ ਆਇਆ ਸੀ, ਇਸ ਵਾਰ ਉਹ ਮਠਿਆਈਆਂ ਨਾਲ ਭਰਿਆ ਟੋਕਰਾ ਲੈ ਕੇ ਆਇਆ। ਆਚਾਰੀਏ ਦੇ ਨਾਲ ਬੈਠੇ ਪੰਡਤ ਨੇ ਉਸ ਪੱਤਲ 'ਤੇ ਮਠਿਆਈਆਂ ਨਹੀਂ ਰੱਖਣ ਦਿੱਤੀਆਂ ਸਗੋਂ ਆਪਣੇ ਸੱਜੇ-ਖੱਬੇ ਹੱਥ 'ਚ ਲੈ ਕੇ ਉਹਨਾਂ ਨੂੰ ਅੱਡ ਰੱਖ ਦਿੱਤਾ। ਹੁਣ ਉਹ ਬੰਦਾ ਆਚਾਰੀਏ ਦੀ ਪੱਤਲ ਦੇ ਸਾਹਮਣੇ ਖੜ੍ਹਾ ਸੀ। ਆਚਾਰੀਏ ਦਾ ਸਾਹ ਉੱਪਰ-ਥੱਲੇ ਹੋ ਰਿਹਾ ਸੀ।

"ਓ, ਹਾਂ, ਕਿਹੋ ਜਿਹਾ ਭੁਲੱਕੜ ਹੋ ਗਿਆ ਹਾਂ ਮੈਂ। ਤੁਸੀਂ ਤਾਂ ਦੁਰਵਾਸਾਪੁਰ ਦੇ ਪ੍ਰਾਣੇਸ਼ਾਚਾਰੀਆ ਹੋ ਨਾ। ਤੁਹਾਡੇ ਵਰਗੇ ਮਹਾਨ ਪੰਡਤ ਅਜਿਹੇ ਸਾਧਾਰਣ ਭੋਜਨ ਦੇ ਲਈ ਏਥੇ ਕਿਵੇਂ ਆ ਗਏ ? ਸ਼ਾਹੂਕਾਰ ਦੇ ਘਰੇ ਅੱਜ ਇੱਕ ਮਹਾਂਭੋਜ ਦਾ ਆਯੋਜਨ ਸੀ। ਤੁਹਾਡੇ ਵਰਗੇ ਵੱਡੇ-ਵੱਡੇ ਲੋਕਾਂ ਦੇ ਲਈ ਹੀ ਸਹਿਭੋਜ ਦਾ ਪ੍ਰਬੰਧ ਹੋਇਆ ਸੀ। ਤੁਹਾਡੇ ਮੱਥੇ 'ਤੇ ਕਿਉਂਕਿ ਕੋਈ ਤਿਲਕ-ਚਿਹਨ ਨਹੀਂ ਸੀ, ਸ਼ੁਰੂ 'ਚ ਮੈਂ ਤੁਹਾਨੂੰ ਪਛਾਣ ਨਾ ਸਕਿਆ। ਤੁਸੀਂ ਆਪ ਵੀ ਨਹੀਂ ਦੱਸਿਆ। ਹੁਣ ਜੇਕਰ ਮੈਂ ਸ਼ਾਹੂਕਾਰ ਨੂੰ ਇਹ ਨਹੀਂ ਦੱਸਦਾ ਤਾਂ ਉਹ ਮੇਰਾ ਗਲ਼ ਫੜ ਲਵੇਗਾ ਕਿ ਮੈਂ ਤੁਹਾਡੇ ਵਰਗੇ ਮਹਾਨ ਪੰਡਤ ਨੂੰ ਇਹ ਕਤਾਰ ਦੇ ਆਖ਼ਿਰ 'ਚ ਬਿਠਾ ਕੇ ਖਾਣਾ ਖੁਆਇਆ। ਮੈਂ ਇੱਕ ਪਲ 'ਚ ਆਇਆ। ਤੁਸੀਂ ਕਿਰਪਾ ਕਰਕੇ ਏਥੇ ਉਡੀਕ ਕਰਿਉ।" ਇਹ ਕਹਿ ਕੇ ਅਤੇ ਮਠਿਆਈਆਂ ਦਾ ਟੋਕਰਾ ਉੱਥੇ ਹੀ ਛੱਡ ਕੇ ਉਹ ਭੱਜ ਗਿਆ। ਪ੍ਰਾਣੇਸ਼ਾਚਾਰੀਏ ਨੇ ਓਕ 'ਚ ਪਾਣੀ ਲਿਆ ਅਤੇ ਆਪਣਾ ਭੋਜਨ ਖ਼ਤਮ ਕਰਦਿਆਂ ਉਸ ਨੂੰ ਪੀ ਲਿਆ। ਆਪਣੀ ਥਾਂ ਤੋਂ ਉਹ ਇਕਦਮ ਉੱਠੇ ਅਤੇ ਤੁਰ ਪਏ। ਜੋ ਪੰਡਤ ਉਹਨਾਂ ਦੇ ਨਾਲ ਬੈਠਾ ਸੀ, ਬੋਲਿਆ, "ਸਵਾਮੀ ਜੀ, ਸਵਾਮੀ ਜੀ, ਹਾਲੇ ਤਾਂ ਖੀਰ ਆਏਗੀ।" ਪਰ ਮੰਦਰ 'ਚੋਂ ਬਾਹਰ ਆਉਣ ਤੱਕ ਉਹਨਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਬਿਨਾ ਹੱਥ ਧੋਤੇ ਬਾਹਰ ਚਲੇ ਆਏ ਸੀ-ਉਹਨਾਂ ਸਭ ਲੋਕਾਂ ਅਤੇ ਭੀੜ ਤੋਂ ਕਿਤੇ ਦੂਰ ਚਲੇ ਜਾਣ ਦੇ ਲਈ। ਹਾਲੇ ਕੁਝ ਦੂਰ ਹੀ ਗਏ ਸਨ ਕਿ ਪਿੱਛਿਉਂ ਇੱਕ ਆਵਾਜ਼ ਆਈ, "ਆਚਾਰੀਆ ਜੀ, ਆਚਾਰੀਆ ਜੀ।" ਆਵਾਜ਼ ਪੁੱਟੇ ਦੀ ਸੀ। ਉਹ ਭੱਜਿਆ ਆਇਆ। ਪ੍ਰਾਣੇਸ਼ਾਚਾਰੀਆ ਦੇ ਨਾਲ-ਨਾਲ ਤੁਰਨ ਲੱਗਿਆ, ਜਿਨ੍ਹਾਂ ਨੇ ਆਪਣੀ ਤੋਰ ਤੇਜ਼ ਕਰ ਦਿੱਤੀ ਸੀ।

"ਸਵਾਮੀ ਜੀ, ਇਹ ਕੀ ? ਕੋਈ ਗੱਲ ਵੀ ਨਹੀਂ ਅਤੇ ਤੁਸੀਂ ਇਉਂ ਭੱਜੇ ਜਾ ਰਹੇ ਹੋ ਜਿਵੇਂ ਕਿ ਅਚਾਨਕ ਹਾਜਤ ਹੋ ਗਈ ਹੋਵੇ।" ਇਹ ਕਹਿ ਕੇ ਪੁੱਟਾ ਹੱਸਣ ਲੱਗਿਆ। ਜਦ ਉਹ ਭੀੜ ਤੋਂ ਦੂਰ ਆ ਗਏ ਆਚਾਰੀਆ ਜੀ ਰੁਕੇ। ਆਪਣੇ ਅਣਧੋਤੇ ਹੱਥ ਵੱਲ ਦੇਖ ਕੇ ਘਿੰਨ ਜਿਹੀ ਆਈ।

"ਆਚਾਰੀਆ ਜੀ, ਇਹ ਕੀ, ਕੀ ਹਾਜ਼ਤ ਏਨੀ ਜ਼ਿਆਦਾ ਸੀ ਕਿ ਤੁਸੀਂ ਆਪ ਹੱਥ ਧੋਣ ਤੱਕ ਦੇ ਲਈ ਨਹੀਂ ਰੁਕ ਸਕੇ ? ਮੇਰਾ ਨਾਲ ਵੀ ਅਜਿਹਾ ਹੋ ਚੁੱਕਿਆ ਹੈ। ਚਲੋ, ਤਲਾਅ 'ਤੇ ਚੱਲੀਏ, ਉੱਥੇ ਤੁਸੀਂ ਨਿਵਿਰਤ ਹੋ ਲੈਣਾ।" ਦੋਵੇਂ ਚੱਲ ਕੇ ਤਲਾਅ 'ਤੇ ਪਹੁੰਚੇ। ਰਸਤੇ 'ਚ ਪੁੱਟੇ ਨੇ ਕਿਹਾ,

"ਆਚਾਰੀਆ ਜੀ, ਮੈਂ ਇੱਕ ਫ਼ੈਸਲਾ ਕੀਤਾ ਹੈ। ਮੈਂ ਤੁਹਾਡੇ ਨਾਲ ਕੁੰਦਾਪੁਰ ਤੱਕ ਚੱਲਾਂਗਾ। ਮੈਂ ਪਹਿਲਾਂ ਤੁਹਾਨੂੰ ਨਹੀਂ ਦੱਸਿਆ ਸੀ ਕਿ ਮੇਰੀ ਘਰਵਾਲੀ ਮਹੀਨੇ ਤੋਂ ਉੱਪਰ ਹੋ ਗਿਆ, ਆਪਣੇ ਪੇਕੇ ਗਈ ਹੋਈ ਹੈ। ਉਸ ਨੇ ਮੈਨੂੰ ਇੱਕ ਚਿੱਠੀ ਵੀ ਨਹੀਂ ਲਿਖੀ। ਮੈਂ ਉਸ ਨਾਲ ਗੱਲਬਾਤ ਕਰਨੀ ਹੈ ਅਤੇ ਉਸ ਨੂੰ ਵਾਪਿਸ ਲਿਆਉਣਾ ਹੈ। ਤੁਸੀਂ ਬਜ਼ੁਰਗ ਹੋ। ਮੇਰੇ ਨਾਲ ਚੱਲ ਕੇ ਮੇਰੀ ਘਰਵਾਲੀ ਨੂੰ ਸਮਝਾਓ ਅਤੇ ਮੇਰੇ 'ਤੇ ਇਹ ਉਪਕਾਰ ਜ਼ਰੂਰ ਕਰੋ। ਉਹ ਤੁਹਾਡੀ ਗੱਲ ਜ਼ਰੂਰ ਸੁਣੇਗੀ। ਤੁਸੀਂ ਇੱਕ ਦਿਨ 'ਚ ਹੀ ਮੇਰੀ ਘਰਵਾਲੀ ਦੇ ਗੁਰੂ ਅਤੇ ਸਾਥੀ ਬਣ ਜਾਓਗੇ। ਇੱਕ ਹੋਰ ਗੱਲ ਆਚਾਰੀਆ ਜੀ। ਇਧਰ-ਉਧਰ ਗੱਲਾਂ ਕਰਨਾ ਮੇਰਾ ਸੁਭਾਅ ਨਹੀਂ ਹੈ। ਪਦਮਾਵਤੀ ਦੇ ਘਰ ਅੱਜ ਸੋਵੋਂਗੇ, ਇਹ ਗੱਲ ਕਿਸੇ ਨੂੰ ਵੀ ਪਤਾ ਨਹੀਂ ਚੱਲੇਗੀ, ਇਹ ਮੈਂ ਆਪਣੀ ਮਾਂ ਦੀ ਸਹੁੰ ਖਾ ਕੇ ਕਹਿੰਦਾ ਹਾਂ। ਮੇਰੇ ਮੂੰਹੋਂ ਇੱਕ ਸ਼ਬਦ ਵੀ ਨਹੀਂ ਨਿਕਲੇਗਾ। ਉੱਥੇ ਖੜ੍ਹਾ ਮੈਂ ਬਾਂਦਰ ਦਾ ਤਮਾਸ਼ਾ, ਦੇਖ ਰਿਹਾ ਸੀ। ਤੁਹਾਨੂੰ ਭੱਜਦਿਆਂ ਦੇਖਿਆ ਤਾਂ ਹਾਸੀ ਆ ਗਈ। ਕਦੇ-ਕਦੇ ਅਜਿਹਾ ਹੋ ਹੀ ਜਾਂਦਾ ਹੈ। ਕਦੇ-ਕਦੇ ਖਾਣਾ ਅੱਧਾ ਹੀ ਖਾਧਾ ਹੋਵੇ ਤਾਂ ਢਿੱਡ 'ਚ ਏਨੇ ਜ਼ੋਰ ਦੀ ਵੱਟ ਉੱਠਦਾ ਹੈ ਕਿ ਫੇਰ ਰੋਕਿਆ ਨਹੀਂ ਜਾ ਸਕਦਾ। ਇਹ ਸੋਚ ਕੇ ਕਿ ਤੁਹਾਡੀ ਵੀ ਉਹੀ ਹਾਲਤ ਹੋ ਰਹੀ ਹੈ, ਮੈਨੂੰ ਹਾਸੀ ਆ ਗਈ।"

ਪ੍ਰਾਣੇਸ਼ਾਚਾਰੀਆ ਪੌੜੀਆਂ ਉਤਰ ਕੇ ਤਲਾਅ 'ਚ ਜਾ ਵੜੇ ਅਤੇ ਆਪਣੇ ਹੱਥ ਧੋਤੇ ਅਤੇ ਕੁਰਲੀ ਕੀਤੀ। ਉਪਰ, ਤਲਾਅ ਦੀ ਇੱਟਾਂ ਦੀ ਕੰਧ ਨਾਲ ਢੋਹ ਲਾ ਕੇ ਪੁੱਟਾ ਖੜ੍ਹਾ ਸੀ। ਆਚਾਰੀਆ ਜੀ ਜਦ ਉਪਰ ਮੁੜ ਆਏ ਅਤੇ ਉਸ ਦੇ ਕੋਲ ਜਾ ਕੇ ਖੜ੍ਹੇ ਹੋ ਗਏ ਤਾਂ ਪੁੱਟੇ ਨੇ ਕਿਹਾ, "ਇਹ ਕੀ ? ਏਨੀ ਛੇਤੀ ਜੰਗਲ-ਪਾਣੀ ਜਾ ਆਏ ?"

"ਦੇਖ ਪੁੱਟਿਆ, ਮੇਰੀ ਗੱਲ ਸੁਣ।"

ਸਿਰ ਚੁੱਕ ਕੇ ਪ੍ਰਾਣੇਸ਼ਾਚਾਰੀਏ ਨੇ ਦੇਖਿਆ, ਇੱਕ ਤਪਦੇ ਦਿਨ ਦੀ ਲੰਬੀ ਸਾਰੀ ਸ਼ਾਮ। ਪੱਛਮ ਦੇ ਆਕਾਸ਼ 'ਚ ਲਾਲੀ ਦਿਖ ਰਹੀ ਸੀ। ਚਿੱਟੇ ਪੰਛੀਆਂ ਦੀਆਂ ਡਾਰਾਂ ਆਪਣੇ ਆਲ੍ਹਣਿਆਂ ਵੱਲ ਜਾ ਰਹੀਆਂ ਹਨ। ਹੇਠਾਂ, ਤਲਾਅ ਦੇ ਕਿਨਾਰੇ ਇੱਕ ਬਗਲਾ ਖੜ੍ਹਾ ਹੈ। ਦੀਵਾ, ਕੰਦੀਲ ਬਾਲਣ ਦਾ ਵੇਲਾ ਹੋ ਗਿਆ ਹੈ। ਅਗਰਹਾਰ 'ਚ ਕੋਈ ਵੀ ਦੀਵਾ ਬਲੇ ਬਿਨਾ ਕਿੰਨੇ ਦਿਨ ਬੀਤ ਗਏ ਹਨ ਕਿ ਮੁੜ ਕੇ ਆਪਣੇ ਘਰ ਆਏ ਗਾਂ-ਵੱਛਿਆਂ ਨੂੰ ਛੱਪਰਾਂ ਹੇਠ ਬੰਨ੍ਹਿਆਂ ਗਿਆ ਹੋਵੇ, ਗਾਵਾਂ ਨੂੰ ਚੋਇਆ ਗਿਆ ਹੋਵੇ ? ਉਸ ਦੁੱਧ ਨਾਲ ਭਗਵਾਨ ਦੇ ਪੈਰ ਧੋਤੇ ਗਏ ਹੋਣ ? ਸੁਪਨੇ 'ਚ ਕਿਸੇ ਦੁਨੀਆ ਦੇ ਧੋਤੇ ਜਾਣ ਵਾਂਗ, ਸਾਹਮਣੇ ਦੇ ਪਹਾੜਾਂ ਦੀ ਸਾਫ਼ ਲੜੀ ਧੁੰਦਲੀ ਪੈਣ ਲੱਗੀ ਹੈ। ਇੱਕ ਪਲ ਪਹਿਲਾਂ ਦੇ ਆਕਾਸ਼ ਦਾ ਰੰਗ ਦੂਜੇ ਹੀ ਪਲ ਬਦਲਣ ਲੱਗਿਆ-ਆਕਾਸ਼ ਸੁੰਨਾ ਹੋ ਗਿਆ। ਮੱਸਿਆ ਲੰਘ ਗਈ ਹੈ। ਕੁਝ ਹੀ ਸਮੇਂ 'ਚ ਦੂਜ ਦੇ ਚੰਦ ਦੀ ਬਾਰੀਕ ਫਾੜੀ ਪਹਾੜਾਂ ਦੇ ਉਪਰ ਦਿਖਾਈ ਦੇਣ ਲੱਗੇਗੀ, ਕਿਸੇ ਮੂਰਤੀ ਨੂੰ ਪਹਿਲੀ ਵਾਰ ਇਸ਼ਨਾਨ ਕਰਾਉਣ ਦੇ ਲਈ ਪਾਣੀ ਭਰੇ, ਝੁਕਾਏ ਗਏ ਚਾਂਦੀ ਦੇ ਕੌਲੇ ਦੇ ਵਾਂਗ। ਪਹਾੜਾਂ ਦੇ ਵਿਚਕਾਰ ਘਾਟੀਆਂ ਚੁੱਪ ਹੋ ਜਾਣਗੀਆਂ। ਰਾਤ ਦੀ ਪੂਜਾ ਦੇ ਲਈ ਬਾਲੀਆਂ ਗਈਆਂ ਮਸ਼ਾਲਾਂ ਪੂਜਾ ਦੇ ਤੁਰੰਤ ਬਾਦ ਬੁਝਾ ਦਿੱਤੀਆਂ ਜਾਣਗੀਆਂ ਅਤੇ ਮੇਲੇ 'ਚੋਂ ਆਉਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਚੁੱਪ 'ਚ ਖੋ ਜਾਣਗੀਆਂ। ਫੇਰ ਨਾਟਕ-ਮੰਡਲੀ ਦੇ ਢੋਲ ਅਤੇ ਤਬਲੇ ਵੱਜਣ ਲੱਗਣਗੇ ਅਤੇ ਨਵੀਂ ਤਰ੍ਹਾਂ ਦਾ ਸ਼ੋਰ ਤੁਰੇਗਾ। "ਜੇਕਰ ਮੈਂ ਉਸੇ ਵੇਲੇ ਤੁਰਨਾ ਸ਼ੁਰੂ ਕਰਾਂ ਤਾਂ ਅੱਧੀ ਰਾਤ ਤੱਕ ਅਗਰਹਾਰ, ਇਸ ਦੁਨੀਆ ਤੋਂ ਕਿੰਨੀ ਦੂਰ, ਪਹੁੰਚ ਜਾਵਾਂਗਾ। ਉਹਨਾਂ ਡਰੇ ਹੋਏ ਪੰਡਤਾਂ ਦੇ ਸਾਹਮਣੇ ਮੈਂ ਜਿਵੇਂ ਬਿਲਕੁਲ ਨਿਸੰਗ, ਨੰਗਾ ਹੋ ਕੇ ਖੜ੍ਹਾ ਹੋ ਜਾਵਾਂਗਾ, ਤਦ ਮੈਂ ਉਹਨਾਂ ਸਭ ਤੋਂ ਵੱਡਾ, ਉਸ ਅੱਧੀ ਰਾਤ ਦੇ ਪਲ ਆਪਣੀ ਨਵੀਂ ਸ਼ਖ਼ਸ਼ੀਅਤ ਨੂੰ ਹਾਸਿਲ ਕਰ ਲਵਾਂਗਾ। ਹੋ ਸਕਦਾ ਹੈ ਕਿ ਜਦ ਅੱਗ ਨਾਰਣੱਪੇ ਦੀ ਲਾਸ਼ ਦੇ ਚਾਰੇ ਪਾਸੇ ਨੱਚੇਗੀ ਤਾਂ ਇੱਕ ਤਰ੍ਹਾਂ ਦੀ ਹਮਦਰਦੀ ਮੈਨੂੰ ਮਿਲੇਗੀ। ਜਦ ਉਹਨਾਂ ਨੂੰ ਮੈਂ ਆਪਣੇ ਬਾਰੇ ਦੱਸਾਂਗਾ ਤਾਂ ਮੇਰੇ 'ਚ ਪਛਤਾਵੇ ਦੀ



ਛੂਹਣ ਵੀ ਨਹੀਂ ਹੋਣੀ ਚਾਹੀਦੀ, ਕਿਸੇ ਦੁੱਖ ਦਾ ਲੇਸਮਾਤਰ ਵੀ ਅਹਿਸਾਸ ਨਹੀਂ ਕਿ ਮੈਂ ਕਿਸੇ ਵੀ ਰੂਪ ਤੋਂ ਪਾਪੀ ਹਾਂ। ਜੇ ਅਜਿਹਾ ਸੰਭਵ ਨਾ ਹੋਵੇ ਤਾਂ ਮੈਂ ਮਨ ਦੀਆਂ ਦੁਵਿਧਾਵਾਂ ਅਤੇ ਸੰਘਰਸ਼ ਤੋਂ ਉਪਰ ਕਦੇ ਨਹੀਂ ਉੱਠ ਸਕਾਂਗਾ। ਮੈਂ ਜ਼ਰੂਰ ਮਹਾਬਲ ਨੂੰ ਲੱਭਣਾ ਹੈ ਅਤੇ ਉਸ ਨੂੰ ਮਿਲਣਾ ਹੈ। ਉਸ ਨੂੰ ਦੱਸਣਾ ਹੈ, ਆਪਣੇ ਧੁਰ ਅੰਦਰ ਜੋ ਰੂਪ ਅਸੀਂ ਪੜ੍ਹਦੇ ਹਾਂ ਉਹ ਕੀ ਸਾਡਾ ਅਸਲੀ ਹੁੰਦਾ ਹੈ ? ਜੇ ਇਹ ਸੱਚ ਹੈ, ਮੈਂ ਉਸ ਤੋਂ ਪੁੱਛਣਾ ਚਾਹੁੰਦਾ ਹਾਂ ਤਾਂ ਕੀ ਹੁਣ ਤੈਨੂੰ ਭਗਵਾਨ ਨੂੰ ਮਿਲਣ ਦੀ ਇੱਛਾ ਨਹੀਂ ਹੁੰਦੀ ?" ਸੰਸਕ੍ਰਿਤ ਦਾ ਉਹ ਸ਼ਲੋਕ ਫੇਰ ਉਹਨਾਂ ਦੇ ਮਨ ਅੰਦਰ ਗੂੰਜ ਉੱਠਿਆ, "ਲਵੰਗਲਤਾ ਪਰਿਸ਼ੀਲਨ ਕੋਮਲ ਮਲਯ ਸਮੀਰੇ।" ਪ੍ਰਾਣੇਸ਼ਾਚਾਰੀਆ ਭਾਵੁਕ ਹੋ ਗਏ। ਉਹਨਾਂ 'ਚ ਵੈਰਾਗ ਆ ਗਿਆ। ਪੁੱਟੇ ਦੇ ਮੋਢੇ 'ਤੇ ਉਹਨਾਂ ਨੇ ਹੱਥ ਰੱਖਿਆ। ਉਸ ਨੂੰ ਆਪਣੇ ਕੋਲੇ ਖਿੱਚਿਆ ਅਤੇ ਪਹਿਲੀ ਵਾਰ ਉਸ ਦੀ ਪਿੱਠ ਥਾਪੜਦਿਆਂ ਉਸ ਨੂੰ ਕਿਹਾ, "ਮੈਂ ਕੀ ਕਹਿਣ ਜਾ ਰਿਹਾ ਸੀ ?"

"ਸਵਾਮੀ ਮਹਾਰਾਜ, ਜਦ ਰਾਹ 'ਚ ਪਹਿਲੀ ਵਾਰ ਤੁਹਾਡੇ ਨਾਲ ਮੁਲਾਕਾਤ ਹੋਈ ਸੀ ਤਾਂ ਮੈਨੂੰ ਅਜਿਹਾ ਲੱਗਿਆ ਸੀ ਕਿ ਇਹ ਭਲੇ ਸਵਾਮੀ ਕਦੇ ਮੇਰੇ ਦੋਸਤ ਨਹੀਂ ਬਣ ਸਕਦੇ।" ਪੁੱਟੇ ਨੇ ਆਚਾਰੀਏ ਦੇ ਮੋਹ ਭਰੇ ਸਪਰਸ਼ ਨਾਲ ਖ਼ੁਸ਼ ਹੋ ਕੇ ਕਿਹਾ।

"ਦੇਖ ਪੁੱਟਿਆ। ਮੈਂ ਤੈਨੂੰ ਦਸਦਾ ਹਾਂ, ਮੈਂ ਮੰਦਰ 'ਚ ਭੋਜਨ ਕਰਦਿਆਂ ਅਚਾਨਕ ਕਿਉਂ ਭੱਜਿਆ। ਮੈਨੂੰ ਛੇਤੀ ਹੀ ਦੁਰਵਾਸਾਪੁਰ ਮੁੜ ਜਾਣਾ ਚਾਹੀਦਾ ਹੈ।"

"ਆਚਾਰੀਆ ਜੀ, ਇਹ ਕਿਵੇਂ ਕਰ ਸਕਦੇ ਹੋ ਤੁਸੀਂ। ਤੁਹਾਡੀ ਪਦਮਾਵਤੀ ਉਡੀਕ ਕਰ ਰਹੀ ਹੋਵੇਗੀ, ਇੱਕ ਨਰਮ ਬਿਸਤਰਾ ਹੁਣੇ ਤੋਂ ਵਿਛਾ ਦਿੱਤਾ ਹੋਵੇਗਾ, ਅਗਰਬੱਤੀਆਂ ਲਾ ਚੁੱਕੀ ਹੋਵੇਗੀ ਅਤੇ ਆਪਣੇ ਵਾਲਾਂ 'ਚ ਫੁੱਲ ਵੀ ਸਜਾ ਚੁੱਕੀ ਹੋਵੇਗੀ। ਜੇਕਰ ਹੁਣ ਤੁਸੀਂ ਮੇਰੇ ਨਾਲ ਨਹੀਂ ਗਏ ਤਾਂ ਮੈਂ ਉਸ ਨੂੰ ਕਿਵੇਂ ਮੂੰਹ ਦਿਖਾਵਾਂਗਾ ? ਤੁਹਾਨੂੰ ਕਿੰਨਾ ਵੀ ਜ਼ਰੂਰੀ ਕੰਮ ਹੋਵੇ, ਅੱਜ ਦੀ ਰਾਤ ਤੁਸੀਂ ਏਥੇ ਹੀ ਗੁਜਾਰਨੀ ਹੈ, ਤੁਸੀਂ ਵੱਡੇ ਤੜਕੇ ਨਿਕਲ ਜਾਇਓ। ਤੁਸੀਂ ਹੁਣ ਨਹੀਂ ਜਾਓਗੇ, ਤੁਹਾਨੂੰ ਮੇਰੇ ਸਿਰ ਦੀ ਸਹੁੰ।" ਪੁੱਟਾ ਇਹ ਕਹਿ ਕੇ ਪ੍ਰਾਣੇਸ਼ਾਚਾਰੀਏ ਦਾ ਹੱਥ ਫੜ ਕੇ ਉਹਨਾਂ ਨੂੰ ਖਿੱਚਣ ਲੱਗਿਆ। ਆਚਾਰੀਆ ਜੀ ਇੱਕ ਵਾਰ ਫੇਰ ਡਰ ਗਏ। ਆਪਣੇ ਨਿਸ਼ਚੇ ਦੀ ਤਾਕਤ 'ਤੇ ਸ਼ੱਕ ਹੋਣ ਲੱਗਿਆ। ਸ਼ਾਇਦ ਉਹ ਫੇਰ ਤੋਂ ਤਿਲਕ ਜਾਣ। ਪੁੱਟੇ ਤੋਂ, ਕਿਸੇ ਤਰ੍ਹਾਂ ਵੀ ਹੋਵੇ, ਛੁਟਕਾਰਾ ਪਾ ਲੈਣਾ ਚਾਹੀਦਾ ਹੈ।

"ਨਹੀਂ ਪੁੱਟੇ। ਇਹ ਅਸੰਭਵ ਹੈ। ਕੀ ਤੈਨੂੰ ਸੱਚਾਈ ਦੱਸ ਦੇਵਾਂ ? ਤੇਰੇ ਮਨੋਭਾਵਾਂ ਨੂੰ ਮੈਂ ਉਲਝਾਉਣਾ ਨਹੀਂ ਚਾਹੁੰਦਾ ਸੀ, ਇਸ ਲਈ ਹੁਣ ਤੱਕ ਚੁੱਪ ਰਿਹਾ ਹਾਂ।" ਉਹਨਾਂ ਨੇ ਰੁਕ ਕੇ ਇੱਕ ਪਲ ਸੋਚਿਆ, ਆਖ਼ਿਰ ਇੱਕ ਝੂਠ ਬੋਲਣ ਦਾ ਹੀ ਫ਼ੈਸਲਾ ਕਰ ਲਿਆ।

"ਮੇਰਾ ਭਾਈ ਦੁਰਵਾਸਾਪੁਰ 'ਚ ਮਰਨ ਕਿਨਾਰੇ ਪਿਆ ਹੈ। ਮੰਦਰ 'ਚ ਜਦ ਮੈਂ ਬੈਠਾ ਸੀ, ਤਦ ਇਹ ਖ਼ਬਰ ਮਿਲੀ। ਕਿਸੇ ਵੀ ਪਲ ਉਹ... ਇਸ ਹਾਲਤ 'ਚ ਮੈਂ ਕਿਵੇਂ..."

ਪੁੱਟੇ ਨੇ ਇੱਕ ਲੰਬਾ ਸਾਹ ਲਿਆ। ਨਿਰਾਸ਼ ਹੋਣ ਦੇ ਬਾਵਜੂਦ ਆਪਣੀ ਸਹਿਮਤੀ ਜਤਾਈ, "ਫੇਰ ਤਾਂ ਠੀਕ ਹੀ ਹੈ।"

ਤੁਰਨ ਨੂੰ ਤਿਆਰ ਹੁੰਦਿਆਂ ਪ੍ਰਾਣੇਸ਼ਾਚਾਰੀਆ ਨੇ ਕਿਹਾ, "ਹੁਣ ਤੇਰੇ ਨਾਲ ਕਦ ਮੁਲਾਕਾਤ ਹੋਵੇਗੀ ? ਪਦਮਾਵਤੀ ਨੂੰ ਕਹਿ ਦੇਵੀਂ ਕਿ ਮੈਂ ਕੁੰਦਾਪੁਰ ਤੋਂ ਮੁੜਦਿਆਂ ਉਸ ਨੂੰ ਮਿਲਾਂਗਾ। ਅੱਛਾ, ਤਾਂ ਹੁਣ ਚੱਲਾਂ।" ਕੁਝ ਸੋਚਦਿਆਂ ਪੁੱਟਾ ਖੜ੍ਹਾ ਰਿਹਾ। "ਇਸ ਹਨੇਰੇ ਜੰਗਲ 'ਚ ਤੁਹਾਨੂੰ ਮੈਂ ਇਉਂ ਇਕੱਲਾ ਕਿਵੇਂ ਜਾਣ ਦੇਵਾਂ ? ਮੈਂ ਵੀ ਤੁਹਾਡੇ ਨਾਲ ਚੱਲਾਂਗਾ।"

ਕੀ ਕਹਿਣ, ਪ੍ਰਾਣੇਸ਼ਾਚਾਰਏ ਨੂੰ ਕੁੱਝ ਨਹੀਂ ਸੁੱਝਿਆ। ਕਿਸੇ ਵੀ ਤਰ੍ਹਾਂ ਇਸ ਆਦਮੀ ਨਾਲ ਮੇਲ ਜੋਲ ਖ਼ਤਮ ਕਰਨਾ ਅਸੰਭਵ ਲੱਗਣ ਲੱਗਿਆ ਹੈ। ਫੇਰ ਵੀ ਉਹਨਾਂ ਨੇ ਕਿਹਾ, "ਮੈਨੂੰ ਚੰਗਾ ਨਹੀਂ

ਲੱਗੇਗਾ ਕਿ ਤੂੰ ਮੇਰੀ ਖ਼ਾਤਿਰ ਏਨੀ ਤਕਲੀਫ਼ ਝੱਲੇਂ।" ਪਰ ਪੁੱਟਾ ਮੰਨਣ ਦੇ ਲਈ ਤਿਆਰ ਨਾ ਹੋਇਆ।

"ਕੋਈ ਤਕਲੀਫ਼ ਨਹੀਂ ਹੋਵੇਗੀ। ਮੈਨੂੰ ਦੁਰਵਾਸਾਪੁਰ 'ਚ ਇੱਕ ਨਿੱਜੀ ਕੰਮ ਹੈ। ਸ਼ਾਇਦ ਉੱਥੇ ਦੇ ਮੇਰੇ ਇੱਕ ਮਿੱਤਰ ਨਾਰਣੱਪਾ ਨੂੰ ਤੁਸੀਂ ਜਾਣਦੇ ਹੋਵੋਂ। ਮੇਰੇ ਭਾਣਜੇ-ਭਤੀਜੇ ਪਾਰਿਜਾਤਪੁਰ 'ਚ ਰਹਿੰਦੇ ਹਨ। ਜਦ ਮੈਂ ਇੱਕ ਵਾਰ ਪਾਰਿਜਾਤਪੁਰ ਗਿਆ ਤਾਂ ਬਿਲਕੁਲ ਜਿਵੇਂ ਤੁਹਾਡੇ ਨਾਲ ਮੁਲਾਕਾਤ ਹੋਈ, ਉਸ ਨਾਲ ਵੀ ਹੋ ਗਈ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਆ ਗਿਆ। ਸਾਰਾ ਸ਼ਹਿਰ ਜਾਣਦਾ ਹੈ ਕਿ ਨਾਰਣੱਪੇ ਨੇ ਆਪਣੀ ਸਾਰੀ ਜਾਇਦਾਦ ਫਜ਼ੂਲ ਖਰਚੀ 'ਚ ਗੁਆ ਦਿੱਤੀ। ਸਾੜੀ, ਸਾਏ 'ਚ ਲਿਪਟੀ ਨਾਰੀ ਦੇਹ ਨੂੰ ਉਹ ਕੋਲੋਂ ਲੰਘ ਜਾਣ ਦੇਵੇ ਸੰਭਵ ਨਹੀਂ-ਉਹੋ ਜਿਹਾ ਸੁਭਾਅ ਹੈ ਉਸ ਦਾ। ਜੇਕਰ ਉਹ ਤੁਹਾਡਾ ਜਾਣੂ ਨਿਕਲ ਆਵੇ ਤਾਂ ਉਸ ਕੋਲ ਪਦਮਾਵਤੀ ਦਾ ਜ਼ਿਕਰ ਵੀ ਕਰਿਉ ਕਿ ਕਿਵੇਂ ਉਹ ਤੁਹਾਨੂੰ ਬੁਲਾ ਰਹੀ ਸੀ। ਭਲਾ ਹੁਣ ਤੁਹਾਡੇ ਤੋਂ ਕੀ ਲੁਕੋਵਾਂ? ਜਿਵੇਂ ਹੀ ਮੇਰੀ ਜਾਣ-ਪਛਾਣ ਨਾਰਣੱਪੇ ਨਾਲ ਹੋਈ, ਜੋਕ ਦੀ ਤਰ੍ਹਾਂ ਉਹ ਮੇਰੇ ਨਾਲ ਚਿੰਬੜ ਹੀ ਗਿਆ ਅਤੇ ਪਿੱਛੇ ਪੈ ਗਿਆ ਕਿ ਮੈਂ ਉਸ ਨੂੰ ਪਦਮਾਵਤੀ ਨਾਲ ਮਿਲਵਾ ਦੇਵਾਂ। ਪਰ ਮੈਂ ਅਜਿਹੇ ਕੰਮਾਂ 'ਚ ਨਹੀਂ ਪੈਂਦਾ, ਮੈਂ ਉਸ ਤਰ੍ਹਾਂ ਦਾ ਬੰਦਾ ਨਹੀਂ ਹੈ। ਫੇਰ ਵੀ ਇੱਕ ਪੰਡਤ ਤੁਹਾਡੇ ਹੀ ਪਿੱਛੇ ਪੈ ਜਾਵੇ ਤਾਂ ਕੀਤਾ ਕੀ ਜਾ ਸਕਦਾ ਹੈ? ਪਦਮਾਵਤੀ ਨੂੰ ਉਸ ਦਾ ਸੁਭਾਅ ਬਿਲਕੁਲ ਪਸੰਦ ਨਹੀਂ ਆਇਆ। ਬਾਦ 'ਚ ਉਸ ਨੇ ਮੈਨੂੰ ਕਿਹਾ, "ਪਤਾ ਨਹੀਂ ਕਿੰਨੀ ਕੁ ਪੀ ਰੱਖੀ ਸੀ ਉਸ ਨੇ! ਉਸ ਨੂੰ ਫੇਰ ਕਦੇ ਏਥੇ ਨਹੀਂ ਲਿਆਇਉਂ। ਇਸ ਗੱਲ ਨੂੰ ਆਪਣੇ ਤੱਕ ਹੀ ਰੱਖਿਉ। ਗੱਲ ਕਿੱਥੋਂ ਸ਼ੁਰੂ ਕੀਤੀ ਸੀ, ਕਿੱਥੇ ਲੈ ਆਇਆ। ਮੈਂ ਤੁਹਾਨੂੰ ਦੱਸਿਆ ਸੀ ਨਾ ਕਿ ਮੇਰਾ ਪਿੰਡ ਤੀਰਥਹੱਲੀ ਤੋਂ ਥੋੜ੍ਹਾ ਦੂਰ ਪੈਂਦਾ ਹੈ। ਨਾਰਣੱਪਾ ਉੱਥੋਂ ਦੇ ਇੱਕ ਬਗੀਚੇ ਦਾ ਮਾਲਕ ਹੈ। ਹੁਣ ਤਾਂ ਉਹ ਖਰਾਬ ਹੋ ਚੁੱਕਿਆ ਹੈ, ਕਿਸੇ ਵੀ ਦੇਖਭਾਲ ਦੀ ਘਾਟ ਕਾਰਨ। ਸੋ ਇੱਕ ਵਾਰ ਮੈਂ ਉਸ ਨੂੰ ਪੁੱਛਣਾ ਚਾਹਿਆ, "ਉਹ ਬਗੀਚਾ ਮੈਨੂੰ ਕਿਰਾਏ 'ਤੇ ਦੇ ਦੇ। ਮੈਂ ਉਸ 'ਤੇ ਮਿਹਨਤ ਕਰਾਂਗਾ, ਉਸ ਹਰਾ-ਭਰਾ ਬਣਾ ਦੇਵਾਂਗਾ, ਫਾਇਦੇ 'ਚ ਤੇਰਾ ਵੀ ਹਿੱਸਾ ਹੋਵੇਗਾ।" ਇਸ ਲਈ ਮੈਂ ਕਿਹਾ ਸੀ ਕਿ ਮੈਂ ਵੀ ਤੁਹਾਡੇ ਨਾਲ ਚਲਦਾ ਹਾਂ, ਆਚਾਰੀਆ ਜੀ! ਤੁਹਾਨੂੰ ਵੀ ਹਨੇਰੇ ਰਾਹ 'ਤੇ ਇਕੱਲਾ ਨਹੀਂ ਜਾਣਾ ਪਵੇਗਾ। ਮੇਰਾ ਵੀ ਸ਼ਾਇਦ ਕੋਈ ਕੰਮ ਬਣ ਜਾਵੇ।"

ਮਨ 'ਚ ਬੇਚੈਨੀ ਨਾਲ ਪ੍ਰਾਣੇਸ਼ਾਚਾਰੀਆ ਨੇ ਪੁੱਟੇ ਦੀਆਂ ਗੱਲਾਂ ਸੁਣੀਆਂ। "ਕੀ ਮੈਂ ਇਸ ਨੂੰ ਕਹਿ ਦੇਵਾਂ ਕਿ ਨਾਰਣੱਪਾ ਤਾਂ ਮਰ ਗਿਆ ਹੈ? ਕੀ ਇਸ ਨੂੰ ਆਪਣੀ ਅਸਲੀਅਤ ਦੇ ਬਾਰੇ ਦੱਸ ਦੇਵਾਂ? ਪਰ ਉਸ ਦੇ ਭੋਲੇ ਮਨ 'ਚ ਏਨਾ ਵਡਾ ਤੁਫ਼ਾਨ ਪੈਦਾ ਨਹੀਂ ਕਰਨਾ ਚਾਹੁੰਦੇ ਸਨ। ਜੇਕਰ ਉਸ ਸਚਮੁੱਚ ਹੀ ਉਹਨਾਂ ਦੇ ਨਾਲ ਜਾਣਾ ਚਾਹੇ ਤਾਂ ਉਸ ਨੂੰ ਕੁਝ ਨਾ ਦੱਸਣਾ ਸੰਭਵ ਨਹੀਂ ਰਹਿ ਜਾਵੇਗਾ ਅਤੇ ਤਦ ਅਚਾਨਕ ਜਿਵੇਂ ਪੁੱਟੇ ਦਾ ਸਾਥ ਉਹਨਾਂ ਨੂੰ ਚੰਗਾ ਲੱਗਣ ਲੱਗਿਆ। "ਉਹਨਾਂ ਸਭ ਪੰਡਤਾਂ ਦਾ ਸਾਹਮਣਾ ਮੈਂ ਇਥੱਲਾ ਕਿਵੇਂ ਕਰਾਂਗਾ? ਪਹਿਲਾਂ, ਪੁੱਟੇ ਨੂੰ ਸਭ ਕੁਝ ਦੱਸ ਕੇ ਦੇਖਦੇ ਹਾਂ ਇਹ ਕੀ ਕਹਿੰਦਾ ਹੈ-ਮੇਰਾ ਇਸ ਵੇਲੇ ਇਹੀ ਸਭ ਤੋਂ ਨੇੜੇ ਹੈ। ਦੇਖਾਂ ਕਿ ਉਸ ਦੀਆਂ ਨਜ਼ਰਾਂ 'ਚ ਮੈਂ ਕਿਵੇਂ ਲਗਦਾ ਹਾਂ, ਇਹ ਸੁਝਾਅ ਮਾੜਾ ਨਹੀਂ ਹੈ। ਪੁੱਟੇ ਨੂੰ ਉਹਨਾਂ ਨੇ ਕਿਹਾ, "ਤਾਂ ਚੱਲੋ।" ਅਤੇ ਤਦੇ ਕੱਪੜੇ ਨਾਲ ਢਕੀ ਇੱਕ ਗੱਡੀ ਠਕ-ਠਕ-ਠਕ ਕਰਦੀ ਸੜਕ 'ਤੇ ਆਈ। ਪੁੱਟੇ ਨੇ ਕਿਹਾ, "ਜ਼ਰਾ ਇੱਕ ਮਿੰਟ ਰੁਕੋ। ਹੱਥ ਦੇ ਕੇ ਗੱਡੀ ਨੂੰ ਰੋਕ ਲਿਆ। ਗੱਡੀ ਦੇ ਅੰਦਰੋਂ ਸੁਨਹਿਰੀ ਕਿਨਾਰੀ ਦਾ ਦੋਸ਼ਾਲੇ ਵਾਲੇ ਸਮਾਰਤ ਪੰਡਤ ਨੇ ਸਿਰ ਬਾਹਰ ਕੱਢ ਕੇ ਪੁੱਛਿਆ, "ਕੀ ਚਾਹੁੰਦੇ ਹੋ ਤੁਸੀਂ?"

ਪੁੱਟੇ ਨੇ ਕਿਹਾ, "ਤੁਹਾਡੀ ਗੱਡੀ ਅੰਗੁਬੇ ਦੇ ਵੱਲ ਤਾਂ ਨਹੀਂ ਜਾ ਰਹੀ?" ਸੁਨਹਿਰੀ ਦੁਸ਼ਾਲੇ ਵਾਲੇ ਉਸ ਬੰਦੇ ਨੇ 'ਹਾਂ' ਕਿਹਾ। ਪੁੱਟੇ ਨੇ ਪੁੱਛਿਆ, "ਤੁਸੀਂ ਸਾਨੂੰ ਦੋ ਜਣਿਆਂ ਨੂੰ ਨਾਲ ਬਿਠਾ ਸਕੋਗੇ? ਅਸੀਂ ਬਹੁਤ ਛੇਤੀ ਦੁਰਵਾਸਾਪੁਰ ਜਾਣਾ ਹੈ।"



"ਪਰ ਮੇਰੀ ਗੱਡੀ 'ਚ ਤਾਂ ਸਿਰਫ਼ ਇੱਕ ਦੇ ਲਈ ਹੀ ਥਾਂ ਹੈ।"

ਪੁੱਟੇ ਨੇ ਆਚਾਰੀਆ ਜੀ ਦਾ ਹੱਥ ਫੜਿਆ ਅਤੇ ਕਿਹਾ, "ਤਾਂ ਫੇਰ ਤੁਸੀਂ ਹੀ ਬੈਠ ਜਾਉ।"

"ਨਹੀਂ, ਨਹੀਂ ਇਕੱਠੇ ਹੀ ਤੁਰੇ ਚੱਲਾਂਗੇ।" ਆਚਾਰੀਏ ਨੇ ਜੁਆਬ ਦਿੱਤਾ।

"ਦੁਰਫਿਟੇ ਮੂੰਹ! ਏਨੀ ਦੂਰ ਪੈਦਲ ਤੁਰਕੇ ਥੱਕਣਾ ਹੈ। ਮੈਂ ਕੱਲ੍ਹ ਆਵਾਂਗਾ ਅਤੇ ਤੁਹਾਡੇ ਦਰਸ਼ਨ ਕਰਾਂਗਾ।"

ਗੱਡੀ ਦੇ ਮਾਲਕ ਨੂੰ ਕਾਹਲ ਸੀ ਅਤੇ ਉਸ ਨੇ ਉਹਨਾਂ ਨੂੰ ਛੇਤੀ ਫ਼ੈਸਲਾ ਕਰਨ ਲਈ ਕਿਹਾ, "ਤਾਂ ਕੀ ਤੁਹਾਡੇ 'ਚੋਂ ਕੋਈ ਚੱਲ ਰਿਹਾ ਹੈ? ਦੁਰਵਾਸਾਪੁਰ ਪਹੁੰਚਣ ਤੋਂ ਇੱਕ-ਦੋ ਮੀਲ ਪਹਿਲਾਂ ਹੀ ਅਸੀਂ ਹੋਰ ਰਸਤੇ ਜਾਣਾ ਹੈ। ਤੁਹਾਡੇ 'ਚੋਂ ਕੋਈ ਇੱਕ ਜਣਾ ਮੇਰੇ ਨਾਲ ਆ ਸਕਦਾ ਹੈ। ਗੱਡੀ 'ਤੇ ਛੇਤੀ ਚੜ੍ਹ ਜਾਉ।"

ਪੁੱਟੇ ਨੇ ਜ਼ੋਰ ਦੇ ਕੇ ਪ੍ਰਾਣੇਸ਼ਾਚਾਰੀਏ ਨੂੰ ਗੱਡੀ 'ਤੇ ਚੜ੍ਹਾ ਦਿੱਤਾ। ਕੋਈ ਹੋਰ ਗੱਲ ਨਾ ਸੁੱਝਣ 'ਤੇ ਆਚਾਰੀਆ ਜੀ ਗੱਡੀ ਚੜ੍ਹ ਗਏ ਅਤੇ ਬੈਠ ਗਏ। ਗੱਡੀ ਤੁਰ ਪਈ। ਪੁੱਟੇ ਨੇ ਉੱਚੀ ਆਵਾਜ਼ 'ਚ ਕਿਹਾ, "ਕੱਲ੍ਹ ਨੂੰ ਮੈਂ ਤੁਹਾਨੂੰ ਮਿਲਾਂਗਾ।" 'ਠੀਕ-ਠੀਕ।' ਪ੍ਰਾਣੇਸ਼ਾਚਾਰੀਆ ਨੇ ਜੁਆਬ ਦਿੱਤਾ। ਸਫ਼ਰ ਦੇ ਚਾਰ-ਪੰਜ ਘੰਟੇ ਹੀ ਬਾਕੀ ਹਨ, ਫੇਰ ਉਸ ਦੇ ਬਾਦ?

ਆਕਾਸ਼ ਤਾਰਿਆਂ ਨਾਲ ਭਰਿਆ ਹੋਇਆ ਸੀ। ਇੱਕ ਕੋਨੇ 'ਚ ਦੂਜ ਦੇ ਚੰਦ ਦਾ ਫਾੜੀ। ਇੱਕ ਪਾਸੇ ਸਪਤ-ਰਿਸ਼ੀ ਮੰਡਲ, ਅਚਾਨਕ ਕਿਤਿਉਂ ਢੋਲ ਵੱਜਣ ਦੀ ਆਵਾਜ਼ ਆਈ। ਕਿਧਰੇ-ਕਿਧਰੇ ਮਸਾਲਾਂ ਦੀ ਰੌਸ਼ਨੀ। ਪਹਾੜੀ 'ਤੇ ਗੱਡੀ ਖਿਚਦਿਆਂ ਬਲਦਾਂ ਦੇ ਹੌਂਕਣ ਦੀ ਆਵਾਜ਼। ਉਹਨਾਂ ਦੇ ਗਲੇ 'ਚ ਬੰਨ੍ਹੀਆਂ ਘੰਟੀਆਂ ਦੀ ਰੁਣਝੁਣ। ਉਹਨਾਂ ਦਾ ਸਫ਼ਰ-ਹਾਲੇ ਚਾਰ-ਪੰਜ ਘੰਟੇ ਹੋਰ ਬੀਤਣਗੇ। ਫੇਰ ਉਸ ਦੇ ਬਾਦ ਕੀ ਹੋਵੇਗਾ?

ਪ੍ਰਾਣੇਸ਼ਾਚਾਰੀਆ ਜੀ ਉਤਸੁਕਤਾ ਨਾਲ, ਪਰੇਸ਼ਾਨੀ ਨਾਲ, ਆਸ ਨਾਲ ਉਸ ਘੜੀ ਦੀ ਉਡੀਕ ਕਰ ਰਹੇ ਸਨ।

**ਮੋਬਾਇਲ :** 98159-76485


ਦੁਆਬੇ ਦੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਾ ਪਹਿਲਾ ਪ੍ਰਮਾਨਿਕ ਨਾਵਲ

**ਹਰਮੇਸ਼ ਮਾਲੜੀ ਦਾ ਪਲੇਠਾ ਨਾਵਲ**

**ਹੇਠਲੀ ਬੋਰੀ**

**ਪੰਨੇ : 168 ਮੁੱਲ : 150 ਰੁਪਏ**

**ਪੰਜ ਆਬ ਪ੍ਰਕਾਸ਼ਨ, ਜਲੰਧਰ**

## ਕਹਾਣੀਆਂ

# ਸੀਪ/ਬਲਜੀਤ ਸਿੰਘ ਰੈਨਾ

'ਸੁਣਿਆ ਕੁਸ਼ ?'

'ਕੀ ਹੋਇਆ ?'

'ਆਪਣੇ ਬਾਸ਼ਾ ਦੀ ਸੀਪ ਲੱਗ ਗਈ।'

'ਮੈਂ ਕੁਸ਼ ਸਮਝਿਆ ਨਹੀਂ; ਕੀ ਹੋਇਆ ਬਾਸ਼ਾ ਨੂੰ ?'

'ਇਕ ਮਾਨਵ ਬੰਬ ਕੁੜੀ ਨੇ ਬਾਸ਼ਾ ਨੂੰ ਫੁੱਲਾਂ ਦਾ ਹਾਰ ਪਾਉਂਦਿਆਂ ਉਹਨੂੰ ਆਪਣੇ ਨਾਲ ਹੀ ਉੜਾ 'ਤਾ!'

ਜੱਸਾ ਸਿਹੁੰ ਪਰੇਸ਼ਾਨ ਹੋ ਗਿਆ ਸੀ—'ਸਿੱਖਾਂ ਦੀ ਕੁੜੀ ਸੀ ?'

'ਓ ਨਈਂ; ਗੁਆਂਢੀ ਮੁਲਕ ਦੇ ਅੱਤਵਾਦੀਆਂ ਦੀ ਸਾਥਣ ਸੀ।'

'ਸ਼ੁਕਰ ਐ ਰੱਬ ਦਾ!'—ਜੱਸਾ ਸਿਹੁੰ ਨੇ ਅਸਮਾਨ ਵੱਲ ਵੇਖਦਿਆਂ ਉੱਪਰ ਵਾਲੇ ਦਾ ਸ਼ੁਕਰਾਨਾ ਕੀਤਾ—'ਸਿੱਖ ਬੱਚ ਗਏ।'

'ਪਰ ਬਾਸ਼ਾ ਤਾਂ ਮਾਰਿਆ ਗਿਆ ਨਾ ?'

'ਉਹਨੇ ਤਾਂ ਮਰਨਾ ਈ ਸੀ।'

'ਮਰਨਾ ਕਿਉਂ ਸੀ ਉਹਨੇ ?'

'ਐਵੇਂ ਬਹੁਤੇ ਸਵਾਲ ਨਾ ਕਰ...ਤਾਸ਼ ਕਿੱਥੇ ਐ ? ਚੱਲ ਪਈ ਪੀਲੂਆ ਸੀਪ ਨਹੀਂ ਖੇਡ੍ਹਣੀਂ ?'

'ਸੀਪ ?'

'ਆਹੋ ਸੀਪ ਯਾਰ! ਹੋਰ ਕੀ ?'

ਅਜੇ ਕੁਝ ਦਿਨ ਪਹਿਲਾਂ ਦੀ ਹੀ ਤਾਂ ਗੱਲ ਹੈ। ਉਸ ਦਿਨ ਵੀ ਉਹ ਰੋਜ਼ ਵਾਂਗ ਸੀਪ ਖੇਡ ਰਹੇ ਸਨ। ਉਦੋਂ ਫੇਸਬੁਕ ਜਾਂ ਵੱਟਸ-ਅੱਪ ਵਰਗੇ ਸ਼ੁਗਲ ਸ਼ੁਰੂ ਨਹੀਂ ਹੋਏ ਸਨ। ਸਾਦਾ ਜ਼ਮਾਨਾ ਸੀ। ਪਰ ਪੰਜਾਬ 'ਚ ਹਾਲਾਤ ਕੁਝ ਠੀਕ ਨਹੀਂ ਸਨ। ਅਜੀਬ ਦਹਿਸ਼ਤ ਦਾ ਦੌਰ ਸੀ—ਦਹਿਸ਼ਤਗਰਦਾਂ ਵੱਲੋਂ ਵੀ ਤੇ ਸਰਕਾਰ ਵੱਲੋਂ ਵੀ! ਤੇ ਮਾਰਿਆ ਜਾ ਰਿਹਾ ਸੀ ਵਿਚਾਰਾ ਆਮ ਆਦਮੀ।

ਇਹ ਆਮ ਆਦਮੀ ਵੀ ਅਜੀਬ ਹੀ ਸ਼ੈਅ ਹੈ। ਜਦੋਂ ਕੁਝ ਵੀ ਨਹੀਂ ਕਰਦਾ, ਗੱਲਾਂ ਕਰਦਾ ਹੈ। ਗੱਲਾਂ, ਜੋ ਸੰਵਾਦ ਤੋਰਦੀਆਂ ਨੇ...ਤੇ ਸੰਵਾਦ ਇਕ ਨਿਰੰਤਰ ਪ੍ਰਕਿਰਿਆ ਹੈ, ਕਦੀ ਨਹੀਂ ਮੁੱਕਦਾ, ਜਾਰੀ ਰਹਿੰਦਾ ਹੈ।

* * *

ਦੂਰ ਦਿਸਹੱਦੇ ਤੇ ਅਸਮਾਨ ਛੂੰਹਦੇ ਕਿੱਕਰਾਂ ਤੇ ਟਾਲ੍ਹੀਆਂ ਦੇ ਰੁੱਖ ਨਾਲ ਲੱਗਦੇ ਦੋਹਾਂ ਪਿੰਡਾਂ ਨੂੰ ਹੱਦਬੰਦੀ ਕਰਦਿਆਂ ਨਖੇੜਦੇ ਘੱਟ ਤੇ ਲੋਕ ਸਾਂਝ ਪੈਦਾ ਕਰਦੇ ਹੋਏ ਜੋੜਦੇ ਵੱਧ ਨੇ। ਦੋਹਾਂ ਪਿੰਡਾਂ ਦੇ ਵਿਚਾਲੇ ਕਿੱਕਰਾਂ ਤੇ ਟਾਲ੍ਹੀਆਂ ਦੇ ਘੇਰੇ ਵਿਚ ਇਕ ਪੁਰਾਣਾ ਬੋਹੜ ਦਾ ਰੁੱਖ ਵੀ ਹੈ, ਜਿਸਦੀ ਛਾਵੇਂ ਉਰਾਰਲੇ ਪਾਰਲੇ ਸਾਰੇ ਹੀ ਆ ਬਹਿੰਦੇ ਨੇ। ਉਹ ਅਕਸਰ ਭਾਂਤ-ਭਾਂਤ ਦਿਆਂ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕਰਦੇ ਹੋਏ ਕਿਸੇ ਫੈਸਲਾਕੁੰਨ ਹਾਸਿਲ 'ਤੇ ਪੁੱਜਣ ਦਾ ਸਫ਼ਲ-ਅਸਫ਼ਲ ਜਤਨ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਬੋਹੜ ਦਾ ਰੁੱਖ ਦੋਹਾਂ ਪਿੰਡਾਂ ਵਿਚਾਲੇ ਸਾਂਝੀਵਾਲਤਾ ਦੇ ਪ੍ਰਤੀਕ ਵਾਂਗ ਇਕ ਅਰਸੇ ਤੋਂ ਖੜ੍ਹਾ ਹੈ। ਕਈ ਪੰਚਾਇਤਾਂ ਇਸ ਬੋਹੜ ਹੇਠਾਂ ਬੈਠੀਆਂ ਅਤੇ ਕਈ ਫੈਸਲੇ ਸੁਣੇ-ਸੁਣਾਏ ਗਏ।

ਹਾਂ ਸੱਚ! ਇਕ ਹੋਰ ਗੱਲ ਬੜੀ ਮਸ਼ਹੂਰ ਹੈ ਇਸ ਬੋਹੜ ਦੀ-ਇਹਦੇ ਹੇਠਾਂ ਚੌਕੜੀ



ਜਮਾ ਕੇ ਤਾਸ਼ ਖੇਡਣ ਵਾਲਿਆਂ ਦੀ ਜੁੰਡਲੀ। ਲੈ ਦੇ ਕੇ ਇੱਕੋ ਹੀ ਖੇਡ ਆਉਂਦੀ ਹੈ ਇਸ ਚਿੱਤਕਬਰੀ ਜੁੰਡਲੀ ਨੂੰ—ਸੀਪ। ਹੋਰ ਕੋਈ ਖੇਡ ਖੇਡਦਿਆਂ ਕਿਸੇ ਨੇ ਵੀ ਇਹਨਾਂ ਨੂੰ ਨਹੀਂ ਦੇਖਿਆ।

ਸੀਪ ਦੀਆਂ ਬਾਜ਼ੀਆਂ ਦਾ ਵੀ ਕਜੇਹਾ ਚਸਕਾ ਹੈ! ਸੂਰਜ ਲਾਲ ਟਿੱਕੀ ਬਣਿਆ ਪੱਛਮ 'ਚ ਡੁੱਬਣ ਨੂੰ ਫਿਰਦੈ ਤੇ ਖਿਡਾਰੀ ਅਜੇ ਖੇਡ 'ਚ ਹੀ ਰੁੱਝੇ ਆ, ਜਿਵੇਂ ਝਿੰਮਣੀਆਂ ਅੰਦਰ ਡੇਲੇ ਹੀ ਨਹੀਂ, ਲਾਟੂ ਵੀ ਲੱਗੇ ਹੋਣ।

'ਮਖਿਆ, ਸਰਨਿਆ! ਜੁਆਕ ਨੂੰ ਘੱਲ ਕੇ ਘਰੋਂ ਲਾਲਟੈਨ ਹੀ ਮੰਗਾ ਲੈ। ਮਜ਼ਾ ਆ ਜੂ ਖੇਡ੍ਹਣ ਦਾ!' ਜੱਸੂ ਨੇ ਸਰਨੇ ਨੂੰ ਕੂਹਣੀ ਮਾਰਦਿਆਂ ਹੋਇਆਂ ਕਿਹਾ।

'ਓਏ, ਠਹਿਰ ਓਏ ਝੁੱਡੂਆ! ਆਹ ਪੀਲੂ ਦਾ ਗੁੱਲਾ ਬੜਾ ਤੰਗ ਕਰਦਾ ਈ ਪਿਆ, ਸੀਪ ਲਵਾਊ ਸਾਲਾ!' —ਹੱਥ 'ਚ ਫੜੇ ਤਾਸ਼ ਦੇ ਪੱਤਿਆਂ ਨੂੰ ਘੂਰਦੇ ਹੋਏ ਸਰਨਾ ਬੋਲਿਆ ਸੀ।

'ਏਨ੍ਹਾਂ ਸਾਲੇ ਗੁੱਲਿਆਂ ਦਾ 'ਤੇ ਕੰਮ ਈ ਪੰਗੇ ਲੈਣੈ! ਪਰ ਏਨ੍ਹਾਂ ਸਾਲੇ ਗੁੱਲਿਆਂ ਨੂੰ ਸ਼ਹਿ ਦੇਣ ਵਾਲੇ ਬਾਸ਼ਾ ਵੀ ਕਿਹੜੇ ਘੱਟ ਹੁੰਦੇ ਐ। ਹੁਣ ਆਪਣੇ ਬਾਸ਼ਾ ਨੂੰ ਹੀ ਲੈ ਲੈ ਖਾਂ, ਕਿਵੇਂ ਚੰਬੜਿਆ ਪਿਐ ਗੱਦੀ ਨੂੰ! ਪਰ ਕਿੰਨੀ ਕੁ ਦੇਰ ? ਜੇਕਰ ਉਹਦੇ ਗੁੱਲਿਆਂ ਦਾ ਇਹੀ ਹਾਲ ਰਿਹਾ ਤਾਂ, ਵੇਖੀਂ ਕਿਵੇਂ ਲੱਗਦੀ ਏ ਸੀਪ! ਲੋਕੀ ਬੜੇ ਤੰਗ ਪਏ ਐ, ਆਹੋ!'

'ਆਹੋ ਆਹੋ ਯਾਰ, ਕੱਲ੍ਹ ਆਪਣਾ ਮਾਸਟਰ ਕਹਿੰਦਾ ਸੀ, ਭਈ ਦੂਜੇ ਮੁਲਕ ਤੋਂ 'ਥਿਆਰ ਖ਼ਰੀਦਣ ਦੇ ਬਾਨ੍ਹੇ ਲੱਖਾਂ-ਕਰੋੜਾਂ ਰੁਪਏ ਦੀ ਕਮੀਸ਼ਨ ਖਾ ਗਏ, ਮਾਂ ਦੇ ਯਾਰ! ਸਹੁਰੇ!'

'ਮਾਂ ਦੇ ਯਾਰ ਨਾ ਆਖੋ, ਭਾਜੀ, ਹੋਰ ਗਾਲ੍ਹਾਂ ਦਾ 'ਕਾਲ ਪੈ ਗਿਐ! ਵੱਡਿਆਂ ਲੋਕਾਂ ਨੂੰ ਵੱਡਿਆਂ ਲੋਕਾਂ ਵਾਲੀ ਗਾਲ੍ਹ ਕੱਢਣੀ ਚਾਹੀਦੀ ਐ...ਅੰਗਰੇਜ਼ੀ ਵਿੱਚ!' —ਐਤਕਾਂ ਨਸੀਰੇ ਦਾ ਦਸਵੀਂ ਪਾਸ ਮੁੰਡਾ ਯੂਨਸ ਬੋਲਿਆ ਸੀ।

'ਨਾ ਤਾਂ...ਮਾਂ ਦਾ ਯਾਰ ਕਿਹੜੀ ਮਾੜ੍ਹੀ ਗਾਲ੍ਹ ਵਾਂ ? ਬੜੀ ਮੀਨਿੰਗਫੁੱਲ ਗਾਲ੍ਹ ਐ ਓਏ! ਮੀਨਿੰਗਫੁੱਲ ਸਮਝਦਾ ਏਂ ਕਿ ਨਹੀਂ ? ਓਏ ਆਪਣਾ ਮੁਲਕ ਵੀ ਤੇ ਮਾਂ ਵਰਗਾ ਹੁੰਦਾ ਏ...ਤੇ ਆਪਣੀ ਮਾਂ ਦਾ ਸੌਦਾ ਕਰਨ ਵਾਲਿਆਂ ਸਾਲਿਆਂ ਨੂੰ ਮਾਂ ਦਾ ਯਾਰ ਨਹੀਂ ਤਾਂ ਹੋਰ ਕੀ ਆਖਾਂ ? ਕਿਉਂ ਭਈ, ਹੈ ਕਿ ਨਹੀਂ ? ਤੇ ਆਹ ਆਪਣਾ ਮੈਟ੍ਰਿਕ ਪਾਸ ਕਹਿੰਦਾ ਅੰਗਰੇਜ਼ੀ 'ਚ ਗਾਲ੍ਹ ਕੱਢੋ। ਗੱਲ ਸੁਣ ਓਏ ਬਰਖੁਰਦਾਰਾ! ਸਨ ਆਫ਼ ਬਿੱਚ ਨੂੰ ਪੰਜਾਬੀ 'ਚ ਕਹਿੰਦੇ ਨੇ ਕੁੱਤੀ ਦਾ ਪੁੱਤਰ ਤੇ ਬਾਸਟਰਡ ਨੂੰ ਕਹਿੰਦੇ ਨੇ ਹਰਾਮਦਾ...ਹੁਣ ਯੂਨਸਾ, ਤੂੰ ਆਪ ਈ ਦੱਸ ਭਈ, ਅੰਗਰੇਜ਼ੀ 'ਚ ਗਾਲ੍ਹ ਕੱਢਣ ਨਾਲ ਗਾਲ੍ਹ ਦਾ ਮਤਲਬ ਤਾਂ ਨਹੀਂ ਨਾ ਬਦਲ ਜਾਂਦਾ ?'

'ਓ ਠੀਕ ਐ, ਠੀਕ ਐ...ਮਤਲਬ ਬਾਅਦ 'ਚ ਕੱਢੀਂ, ਪਹਿਲੋਂ ਪੱਤਾ ਸਿੱਟ, ਸਰਨਿਆ।'

'ਸਾਲੇ ਸ਼ਾਹ ਦੇ ਗੁੱਲੇ! ਸਮਝਦੇ ਕੀ ਐ ਆਪਣੇ ਆਪ ਨੂੰ ?' ਕਹਿੰਦੇ ਹੋਏ ਸਰਨੇ ਦੁੱਕੀ ਗੁੱਲੇ 'ਚ ਰਲਾਉਂਦੇ ਹੋਏ ਕਿਹਾ—'ਲੈ ਭਈ ਜੱਸੂ, ਸਾਡੀ ਦੁੱਕੀ ਕੰਮ ਆ ਗਈ! ਬਣਾ 'ਤਾ ਪੀਲੂ ਦੇ ਗੁੱਲੇ ਨੂੰ ਬਾਸ਼ਾ।'

ਪੀਲੂ ਦੇ ਸਾਹਮਣੇ ਬੈਠਾ ਉਹਦਾ ਸਾਥੀ ਸ਼ਿੰਦਾ ਮੁਸਕਰਾਇਆ—'ਪਈ ਸਰਨਿਆ, ਬਾਦਸ਼ਾਹਾਂ ਨੂੰ ਤਾਂ ਆਪਾਂ ਆਪਣੀਆਂ ਉਂਗਲਾਂ 'ਤੇ ਨਚਾਈਦੈ। ਅਹਿ ਲਾ'ਤੀ ਆ ਸੀਪ ਸ਼ਾਹ ਦੀ!' —ਆਖਦੇ ਹੋਏ ਸ਼ਿੰਦੇ ਨੇ ਹੱਥਲੇ ਪੱਤਿਆਂ 'ਚੋਂ ਬਾਦਸ਼ਾਹ ਕੱਢਿਆ ਤੇ ਸੀਪ ਲਗਾ ਦਿੱਤੀ।

'ਲੈ! ਤੇਰੇ ਕੋਲ ਵੀ ਸੀਗਾ ਬਾਸ਼ਾ ? ਚੱਲ ਲਾ ਲੈ ਭਾਈ, ਹੁਣ ਕੁਝ ਹੋਰ ਵੀ ਤੇ ਨਹੀਂ ਸੀ ਬਣਦਾ।'—ਸਰਨੇ ਦੀ ਆਵਾਜ਼ 'ਚ ਹੁਣ ਜੋਸ਼ ਨਹੀਂ ਰਹਿ ਗਿਆ ਸੀ।

'ਆਹੋ, ਬਾਅਦ 'ਚ ਏਦਾਂ ਈ ਕਹੀਦੈ! ਚੱਲ ਪਈ ਜਸੂਆ, ਆ ਮੈਦਾਨ 'ਚ।'

'ਓ ਰਤਾ ਠਹਿਰ ਓਏ, ਥੋੜ੍ਹਾ ਸੋਚ ਲੈਣ ਦੇ।'

'ਸੋਚ ਲੈ, ਸੋਚ ਲੈ, ਹਾਰਨ ਆਲੇ ਸੋਚਣ ਤੋਂ ਛੁੱਟ ਹੋਰ ਕਰ ਵੀ ਕੀ ਸਕਦੇ ਐ?' —ਸਰਨਾ ਚਾਮ੍ਹਲ ਗਿਆ ਸੀ।

'ਓਏ! ਇਕੋ ਈ ਸੀਪ 'ਤੇ ਆਕੜ ਗਿਐਂ?'

'ਨਾ ਤਾਂ, ਆਕੜਨ ਲਈ ਛੇ ਸੀਪਾਂ ਲੈਣੀਆਂ ਪੈਂਦੀਐਂ? ਤੂੰ ਮੈਦਾਨ 'ਚ ਤਾਂ ਆ, ਦੂਜੀ ਵੀ ਲਾ ਦਿਨੇ ਆਂ। ਸੀਪਾਂ ਦਾ ਕੀ ਐ, ਆਪਣੇ ਮੁਲਕ ਦੇ ਬਾਸਾ ਆਂਙੂੰ ਲਾਈ ਜਾਓ, ਨਾਨ-ਸਟਾਪ! ਜਿੱਥੇ ਜਨਤਾ ਨੇ ਬ੍ਰੇਕ ਲਵਾਈ, ਉੱਥੇ ਕਮੀਸ਼ਨ ਬਿਠਾ 'ਤਾ!'

ਪੀਲੂ ਹੱਸਿਆ ਸੀ—'ਆਹੋ...ਨਾਲੇ ਵਿਆਹ ਕਮੀਸ਼ਨ ਅੰਗਰੇਜ਼ੀ ਦਾ ਵਧੀਆ ਲਫ਼ਜ ਵਾ, ਖਾਣ ਤੇ ਬਿਠਾਣ ਦੋਹਾਂ ਦੇ ਅੱਗੇ ਲੱਗ ਜਾਂਦਾ ਵਾਂ, ਜਿਵੇਂ ਮਰਜ਼ੀ ਵਰਤ ਲਏ ਕੋਈ!'

'ਮਖਿਆ, ਕਿਉਂ ਨਾ ਲਾਵੇ ਸੀਪਾਂ, ਯਾਰ! ਪੁੱਤ ਕਿਹੜੀ ਮਾਂ ਦਾ? ਇਹ ਖੇਡ ਤਾਂ ਉਹਦੇ ਖ਼ੂਨ 'ਚ ਘੁਲੀ ਆ, ਖ਼ੂਨ 'ਚ!'

'ਆਹੋ ਯਾਰ, ਗੁੜ੍ਹਤੀ 'ਚ ਮਿਲੀ ਆ, ਗੁੜ੍ਹਤੀ 'ਚ!'

'ਚਲ ਪਈ ਜੱਸਿਆ! ਕੀ ਗੱਲ ਐ? ਬੜੀ ਦੇਰ ਲਾ 'ਤੀ?'

'ਚੱਲਾਂ ਬੇਬੇ ਦਾ ਸਿਰ! ਕੁਝ ਦੀਂਹਦਾ ਈ ਨਹੀਂ ਸਾਲਾ!'

'ਓਏ ਅੱਖਾਂ ਐ ਜਾਂ ਆਂਡੇ ? ਹਾਰ ਨੇ ਡੇਲਿਆਂ ਦੀ ਲੋਅ ਈ ਘਟਾ 'ਤੀ?'

ਜੱਸੂ ਨੇ ਪੱਤੇ ਸੁੱਟ ਦਿੱਤੇ—'ਨਹੀਂ ਯਾਰ, ਕੁਝ ਨ੍ਹੀ ਦੀਂਹਦਾ। ਕੱਲ੍ਹ ਸਹੀਂ।'

'ਵੜ ਗਿਐਂ ਨਾ ਮਾਂ ਦੀ ਕੁੱਛੜ! ਆਂਹਦਾ ਕੱਲ੍ਹ ਸਹੀਂ! ਓ ਕੱਲ੍ਹ ਕੀਹਦੀ ਮਾਂ ਨੇ ਦੇਖਿਆ? ਸਾਡੇ ਨਾਲ ਸੀਪ ਖੇਡ੍ਹਣਾ ਲੱਲੂ-ਪੰਜੂਆਂ ਦਾ ਕੰਮ ਨ੍ਹੀਂ। ਜਿਗਰਾ ਚਾਹੀਦੈ, ਜਿਗਰਾ!'

'ਮੰਗਾ ਫੇ' ਲਾਲਟੈਨ ਘਰੋਂ, ਵੇਖ ਲੈਨੇ ਆਂ ਜਿਗਰਾ ਵੀ।'

'ਓ ਜਾਣ ਦੇ ਹੁਣ...ਲਾਲਟੈਨ ਮੰਗਾਈ ਤਾਂ ਬਸ਼ਰਮਾ, ਨ੍ਹੇਰੇ ਦੇ ਬਾਨ੍ਹੇ ਪੱਤੇ ਵੀ ਨ੍ਹੀਂ ਸਿੱਟ ਹੋਣੇ ਤੈਥੋਂ!' ਆਖਦੇ ਹੋਏ ਸਰਨੇ ਨੇ ਵੀ ਪੱਤੇ ਸੁੱਟ ਦਿੱਤੇ ਤੇ ਉੱਠ ਖੜੋਤਾ।

...ਤੇ ਫਿਰ ਉਹ ਸਾਰੇ ਵੀ ਇਕ ਦੂਜੇ ਨੂੰ ਅਗਲੇ ਦਿਨ ਸੀਪਾਂ ਲਾਉਣ ਦੇ ਵਾਅਦੇ ਕਰਦੇ ਹੋਏ ਘਰਾਂ ਨੂੰ ਪਰਤ ਪਏ। ਕੁਝ ਪਾਰਲੇ ਪਾਸੇ ਤੇ ਕੁਝ ਉਰਾਰਲੇ ਪਾਸੇ।

ਉਰਾਰਲੇ ਪਿੰਡ ਨੂੰ ਆ ਰਹੇ ਸਰਨੇ ਨੂੰ ਜੱਸੂ ਨੇ ਸਮਝਾਉਂਦੇ ਹੋਏ ਕਿਹਾ, 'ਮਖੇ ਸਰਨਿਆ! ਰਾਜਨੀਤੀ ਬਾਰੇ ਜੇ ਪੂਰਾ ਗਿਆਨ ਨਾ ਹੋਵੇ ਤਾਂ ਬਹੁਤਾ ਨ੍ਹੀਂ ਬੋਲਣਾ ਚਾਹੀਦਾ।'

'ਤੇ ਨਾ ਇਕ ਗੱਲ ਦੱਸ? ਰਾਜਨੀਤੀ ਲਈ ਕਿਹੜਾ ਬਹੁਤਾ ਗਿਆਨ ਚਾਹੀਦਾ ਵਾ? ਪਾੜੋ ਤੇ ਰਾਜ ਕਰੋ—ਬਸ, ਏਨਾ ਕੁ ਈ ਤੇ ਜਾਣਨਾ ਹੁੰਦੈ! ਕਿਉਂ ਹੈ ਕਿ ਨਹੀਂ?'

'ਉਹ ਤਾਂ ਠੀਕ ਐ, ਪਰ ਤੈਨੂੰ ਤੇ ਪਤਾ ਈ ਆ ਅੱਜਕੱਲ੍ਹ ਹਾਲਾਤ ਕੁਝ ਠੀਕ ਨਹੀਂ...ਤੇ ਸੈਂਸ ਨੇ ਵੀ ਬੜੀ ਤਰੱਕੀ ਕੀਤੀ ਹੋਈ ਵਾ! ਕਿਸੇ ਜ਼ਮਾਨੇ 'ਚ ਦੀਵਾਰਾਂ ਦੇ ਵੀ, ਆਖਦੇ ਕੰਨ ਹੁੰਦੇ ਸਨ, ਪਰ ਅੱਜਕੱਲ੍ਹ ਸੁਣਿਐ 'ਵਾ ਦੇ ਵੀ ਕੰਨ ਹੁੰਦੇ ਆ! ਆਪਣਾ ਮਾਸਟਰ ਦੱਸਦਾ ਸੀ ਭਈ ਅੱਜਕੱਲ੍ਹ 'ਵ੍ਹਾ 'ਚੋਂ 'ਵਾਜ਼ਾਂ ਫੜ ਲੈਂਦੇ ਆ!'

'ਹੱਲਾ! ਏਦਾਂ ਵਾ ?' ਸਰਨੇ ਨੂੰ ਸੱਚਮੁੱਚ ਹੈਰਾਨੀ ਹੋਈ ਸੀ।

'ਆਹੋ! ਏਦਾਂ ਈ ਆ।'

'ਨ੍ਹੀਂ ਯਾਰ, ਯਕੀਨ ਜੇਹਾ ਨ੍ਹੀਂ ਆਉਂਦਾ। ਜੇਕਰ 'ਵਾ 'ਚੋਂ 'ਵਾਜ਼ਾਂ ਫੜਨ ਦੀ ਸੈਂਸ ਹੁੰਦੀ ਤਾਂ ਹੁਣ ਨੂੰ ਸਾਰੇ ਅੱਤਵਾਦੀ ਨਾ ਫੜੇ ਜਾਂਦੇ?'

'ਨਾ ਭਈ, ਸੈਂਸ ਤਾਂ ਹੈ ਈ! ਆਪਣਾ ਮਾਸਟਰ ਝੂਠ ਨ੍ਹੀਂ ਬੋਲਦਾ।'



'ਤਾਂ ਫੇਰ ਆਪਣੀ ਸਰਕਾਰ ਸਾਰੇ ਅੱਤਵਾਦੀ ਫੜ ਕਿਉਂ ਨ੍ਹੀਂ ਲੈਂਦੀ?'

'ਲੈ ਕਮਲਾ ਨਾ ਹੋਵੇ ਤਾਂ!' ਜੱਸੂ ਹੱਸਿਆ ਸੀ, ਫੇਰ ਮੂੰਹ ਸਰਨੇ ਦੇ ਕੰਨ ਦੇ ਲਾਗੇ ਲਿਆ ਕੇ ਹੌਲੀ ਦੇਣੀ ਬੋਲਿਆ, 'ਆਪਣੇ ਬੰਦੇ ਵੀ ਕੋਈ ਫੜਦਾ?'

'ਆਪਣੇ ਬੰਦੇ!' ਹੁਣ ਸਰਨੇ ਨੂੰ ਸੱਚਮੁੱਚ ਹੈਰਾਨੀ ਹੋਈ ਸੀ।

'ਹੋਰ ਨ੍ਹੀਂ 'ਤੇ ਕੀ? ਜਿਹੜੇ ਬੰਦੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਪੈਦਾ ਕਰਕੇ ਸਰਕਾਰ ਦੇ ਹੱਥ ਮਜ਼ਬੂਤ ਕਰਦੇ ਐ, ਉਹ ਤਾਂ ਸਰਕਾਰ ਦੇ ਈ ਬੰਦੇ ਹੋਏ ਨਾ?'

'ਗੱਲ ਕੁਝ ਸਮਝ ਨ੍ਹੀਂ ਆਈ, ਮਿੱਤਰਾ?'

'ਓਏ ਆਪਣੀ ਸਰਕਾਰ ਤਾਂ ਖੜ੍ਹੀ ਹੀ ਏਕਤਾ ਤੇ ਅਖੰਡਤਾ ਦੇ ਨਾਹਰੇ 'ਤੇ ਐ! ਹੋਰ ਈਹਨੇ ਕਿਹੜਾ ਗਰੀਬੀ ਢ੍ਹਾ 'ਤੀ!'

'ਹਾਅ! ਆਹੋ ਯਾਰ, ਇਹ ਤਾਂ ਮੈਂ ਕਦੇ ਸੋਚਿਆ ਹੀ ਨ੍ਹੀਂ!'

'ਨਾਲੇ ਇਕ ਗੱਲ ਹੋਰ, ਆਪਣਾ ਮਾਸਟਰ ਕਹਿੰਦਾ ਸੀ—ਅੱਜਕੱਲ੍ਹ ਆਪਣਾ ਬਾਸ਼ਾ ਗੁਆਂਢੀ ਮੁਲਕ ਦੇ ਅੱਤਵਾਦੀਆਂ ਦਾ, ਉੱਥੋਂ ਦੀ ਸਰਕਾਰ ਨਾਲ ਸਮਝੌਤਾ ਕਰਾਉਣ ਲਈ ਗਿਆ ਵਾ!'

'ਸਾਲੀ ਆਪਣੀ ਕੁੱਲੀ ਦੀ ਛੱਤ ਚੋਈ ਜਾਂਦੀ ਆ ਤੇ ਆਹ ਮਾਂ ਦਾ ਲਾਡਲਾ ਦੂਜਿਆਂ ਦੇ ਪਰਨਾਲੇ ਠੀਕ ਕਰਾਉਣ ਨੂੰ ਫਿਰਦਾ!'

'ਓ ਮੈਂ ਤਾਂ ਇੱਥੋਂ ਤੱਕ ਸੁਣਿਆ ਕਿ ਗੁਆਂਢੀ ਮੁਲਕ ਦੇ ਅੱਤਵਾਦੀ ਵੀ ਆਪਣੇ ਬਾਸ਼ਾ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਆ!'

'ਆਹੋ ਯਾਰ! ਮਾੜ੍ਹਾ-ਝੀੜ੍ਹਾ ਨਿੱਕਾ ਜਿਹਾ ਮੁਲਕ ਕਰ ਵੀ ਕੀ ਸਕਦੈ?'

'ਗੁਆਂਢੀ ਮੁਲਕ ਤਾਂ ਸਮਝੌਤੇ ਤੋਂ ਛੁੱਟ ਹੋਰ ਕੁਝ ਵੀ ਨ੍ਹੀਂ ਕਰ ਸਕਦਾ, ਪਰ ਉੱਥੋਂ ਦਾ ਇਕ ਫੌਜੀ ਲੱਗਾ ਸੀ ਸਾਡੇ ਬਾਸ਼ਾ ਦੀ ਸੀਪ ਲਾਣ!'

'ਓ ਆਹੋ ਆਹੋ! ਉਹ ਸੀਨ ਤਾਂ ਮੈਂ ਵੀ ਦੇਖਿਆ ਸੀ ਟੀਵੀ 'ਤੇ। ਫ਼ੌਜੀ ਨੇ ਸਲਾਮੀ ਪਰੇਡ 'ਚੋਂ ਨਿਕਲ ਕੇ ਬੰਦੂਕ ਦਾ ਬੱਟ ਤਾਂ ਘੁੰਮਾ ਕੇ ਮਾਰਿਆ ਸੀ, ਪਰ ਆਪਣੇ ਬਾਸ਼ਾ ਨੇ ਸਿਰ ਝੁਕਾ ਕੇ ਵਾਰ ਬਚਾ ਲਿਆ ਸੀ।'

'ਓਏ ਸ਼ੁਕਰ ਮਨਾ ਰੱਬ ਦਾ ਸੀਪ ਲਾਣ ਵਾਲਾ ਗੁਆਂਢੀ ਮੁਲਕ ਦਾ ਫੌਜੀ ਸੀ, ਜੇ ਕੋਈ ਪੰਜਾਬੀ ਹੁੰਦਾ ਤਾਂ ਹੁਣ ਨੂੰ ਬਾਹਰਲੀਆਂ ਸਟੇਟਾਂ 'ਚ ਪੰਜਾਬੀਆਂ ਦੀ ਸੀਪ ਲੱਗ ਗਈ ਹੋਣੀ ਸੀ। ਉੱਨੀ ਸੌ ਚੁਰਾਸੀ ਵਾਂਗ!'

'ਦੇਖ ਭਰਾਵਾ, ਕੁਝ ਲੋਕ ਜੀਂਦੇ ਜੀ ਲੋਕਾਂ ਨੂੰ ਮਾਰਦੇ ਐ ਤੇ ਕੁਝ ਮਰ ਕੇ ਪਰ ਆਹ ਜਿਹੜਾ ਆਪਣਾ ਬਾਸ਼ਾ ਏ ਨਾ, ਇਹ ਤਾਂ ਨਿਰਾ ਪੁਰਾ ਖਾਨਦਾਨੀ ਐ! ਇਹ ਜੀਂਦਿਆਂ ਵੀ ਮਾਰੂ ਤੇ ਮਰ ਕੇ ਵੀ ਮਰਵਾਊ!'

'ਅਖੇ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ! ਨਾ ਖਾਣ ਜੋਗੀ, ਨਾ ਛੱਡਣ ਜੋਗੀ!'

ਤੇ ਉੱਧਰ, ਪਾਰਲੇ ਪਿੰਡ ਜਾਣ ਵਾਲਿਆਂ ਨੂੰ ਰਾਹ 'ਚ ਮਾਸਟਰ ਲੱਭ ਪਿਆ ਸੀ। ਪਰ ਇਹ ਸੰਜੋਗ ਨਹੀਂ ਸੀ, ਸਗੋਂ ਹਵਾ ਈ ਕੁਝ ਐਸੀ ਸੀ ਕਿ ਉਹਨਾਂ ਵੀ ਬਾਸ਼ਾ ਦੀ ਗੱਲ ਛੇੜ ਲਈ ਸੀ।

ਯੂਨਸ ਆਖ ਰਿਹਾ ਸੀ, 'ਸੁਣਿਆ ਮਾਸਟਰ ਸਾਬ੍ਹ! ਐਤਕਾਂ ਮੇਰਠ 'ਚ ਜਿਹੜੇ ਹਿੰਦੂ-ਮੁਸਲਿਮ ਦੰਗੇ ਹੋਏ, ਉਹਨਾਂ 'ਚ ਕੇਂਦਰੀ ਪੁਲਿਸ ਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਉਹਨਾਂ 'ਚ ਦਹਿਸ਼ਤ ਪੈਦਾ ਕਰ ਦਿੱਤੀ ਸੀ?'

ਮਾਸਟਰ ਤਾਂ ਚੁੱਪ ਰਿਹਾ ਪਰ ਜੱਗਾ ਬੋਲਿਆ ਸੀ—'ਓਏ ਆਪਣੇ ਬਾਸ਼ਾ ਨੇ ਤਾਂ ਗੱਦੀ ਹੀ ਇਹੋ ਕੁਝ ਕਰਕੇ ਹਾਸਿਲ ਕੀਤੀ ਏ। ਯਾਦ ਏ ਜਦੋਂ ਬਾਸ਼ਾ ਦੀ ਤਾਜਪੋਸ਼ੀ ਹੋਈ ਸੀ ਤਾਂ ਦੇਸ਼ ਜਲ ਰਿਹਾ ਸੀ, ਕਤਲੇਆਮ ਚਲ ਰਿਹਾ ਸੀ...ਤੇ ਬਾਸ਼ਾ ਇਹਨੂੰ ਵੱਡੇ ਰੁੱਖ ਦੇ ਡਿੱਗਣ ਦੀ ਧਮੱਕ ਦੱਸ ਰਿਹਾ ਸੀ।'

ਹੁਣ ਮਾਸਟਰ ਨੇ ਗੱਲ ਤੋਰੀ—'ਓਏ ਯੂਨਸਾ! ਜਮਹੂਰੀਅਤ ਦਾ ਮੁਖੌਟਾ ਹੁਣ ਸਰਕਾਰ ਨੇ ਦਿਖਾਵੇ ਲਈ ਹੀ ਰੱਖਿਆ ਹੈ। ਅਸਲ ਵਿਚ ਆਪਣਾ ਬਾਸ਼ਾ ਤਾਂ ਸ਼ੁਰੂ ਤੋਂ ਹੀ ਬਹੁ-ਗਿਣਤੀ ਦੇ ਪ੍ਰਤੀਨਿਧੀ ਵਾਂਗ ਆਪਣੀ ਛਵੀ ਬਣਾ ਰਿਹਾ ਏ। ਉਹ ਪੰਜਾਬੀਆਂ ਤੇ ਘੱਟ ਗਿਣਤੀਆਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰਾ ਸਾਬਿਤ ਕਰਨ 'ਤੇ ਤੁਲਿਆ ਹੋਇਆ ਹੈ। ਇਕ ਪਾਸੇ ਤਾਂ ਉਹ ਮੁਸਲਿਮ ਪ੍ਰਸਨਲ ਲਾਅ ਦੇ ਨਾਂ 'ਤੇ ਅਨਪੜ੍ਹ, ਕੱਟੜ ਮੁਸਲਮਾਨਾਂ ਨੂੰ ਖੁਸ਼ ਕਰਦੇ ਹੋਏ ਉਹਨਾਂ ਨੂੰ ਸੈਂਕੜੇ ਵਰ੍ਹੇ ਪਿੱਛੇ ਧੱਕ ਰਿਹਾ ਏ ਤੇ ਦੂਜੇ ਪਾਸੇ ਸਤੀ ਪ੍ਰਥਾ ਦੇ ਵਿਰੋਧ 'ਚ ਸਖ਼ਤ ਕਾਨੂੰਨ ਬਣਾ ਕੇ ਆਪਣੇ ਧਰਮ ਨੂੰ ਇੱਕੀਵੀਂ ਸਦੀ 'ਚ ਲੈ ਜਾ ਰਿਹਾ ਏ। ਉਹਦੀ ਸਿਆਸਤ ਨੂੰ ਸਮਝਣਾ ਸੌਖਾ ਨਹੀਂ।'

ਯੂਨਸ ਨੂੰ ਮਾਸਟਰ ਦੀ ਗੱਲ ਨੇ ਸੋਚਾਂ 'ਚ ਪਾ ਦਿੱਤਾ ਸੀ, ਬੋਲਿਆ, 'ਮਾਸਟਰ ਸਾਬ੍ਹ! ਮੈਂ ਤੁਹਾਡੀ ਗੱਲ ਨਹੀਂ ਸਮਝਿਆ...ਮੁਸਲਮਾਨਾਂ ਨੂੰ ਕੋਈ ਸੈਂਕੜੇ ਵਰ੍ਹੇ ਪਿੱਛੇ ਕਿਵੇਂ ਧੱਕ ਸਕਦਾ ਏ?'

ਮਾਸਟਰ ਹੱਸ ਪਿਆ ਸੀ, 'ਜੇ ਅੱਜ ਦੇ ਜੁਗ ਵਿਚ ਵੀ ਤੁਸੀਂ ਅੱਠਵੀਂ ਸਦੀ ਵਾਂਗ ਸੋਚੀ ਜਾਓਂਗੇ ਤਾਂ ਮੇਰੀ ਗੱਲ ਤੁਹਾਨੂੰ ਕਦੇ ਵੀ ਸਮਝ ਨਹੀਂ ਆਉਣੀ!'

'ਸਮਝ ਕਿਉਂ ਨ੍ਹੀਂ ਆਉਣੀ?' ਐਤਕਾਂ ਯੂਨਸ ਦੀ ਥਾਂ 'ਤੇ ਜੱਗਾ ਬੋਲਿਆ ਸੀ, 'ਆਪਣਾ ਯੂਨਸ ਦਸਵੀਂ ਪਾਸ ਪੜ੍ਹਿਆ-ਲਿਖਿਆ ਮੁੰਡਾ ਐ, ਰੋਜ਼ ਅਖ਼ਬਾਰ ਪੜ੍ਹਦੈ...ਸਭ ਸਮਝਦਾ ਐ ਮਾਸਟਰ ਸਾਬ੍ਹ! ਕਿਉਂ ਯੂਨਸਾ, ਸਮਝਦਾ ਏਂ ਨਾ ਸਭ?'

'ਮੈਂ ਤਾਂ ਸਮਝਦਾਂ ਚਾਚਾ, ਪਰ ਅੱਬਾ ਕਹਿੰਦਾ ਹੈ ਮੁਸਲਮਾਨਾਂ ਲਈ ਸੈਕੁਲਰ ਪਾਰਟੀ ਹੀ ਚੰਗੀ ਹੈ।'

'ਓ ਕਾਹਦੇ ਸੇਕੂਲਰ ਭੈਣ 'ਚੌ...ਨਾਂ ਦੇ ਈ ਸੈਕੁਲਰ ਆ। ਐਥੇ ਕੋਈ ਸਾਲਾ ਦੇਸ਼ ਦਾ ਸੱਕਾ ਨਹੀਂ। ਹਜ਼ਾਰਾਂ ਸਵਾਲਾਂ ਦਾ ਜਵਾਬਦੇਹ ਐ ਆਪਣਾ ਬਾਸ਼ਾ। ਅੱਜਕੱਲ੍ਹ ਤਾਂ ਸੁਣਿਆ ਵਿਰੋਧੀ ਪਾਰਟੀ ਦਾ ਕੋਈ ਵਕੀਲ ਰੋਜ਼ ਅਖ਼ਬਾਰਾਂ 'ਚ ਆਪਣੇ ਬਾਸ਼ਾ ਤੋਂ ਦਸ ਸਵਾਲ ਪੁੱਛਦੈ।'

'ਮਾਸਟਰਾ! ਪੁੱਛਣ ਵਾਲਿਆਂ ਸਵਾਲ ਤਾਂ ਪੁੱਛਣੇ ਹੀ ਨੇ। ਹੁਣ ਜੇ ਇਕ ਦੇਸ਼ ਦੀ ਫੌਜ ਪਹਿਲੋਂ ਤਾਂ ਦੂਜੇ ਦੇਸ਼ ਦੇ ਅੱਤਵਾਦੀਆਂ ਨੂੰ ਟ੍ਰੇਨਿੰਗ ਦੇਵੇਗੀ ਤੇ ਫਿਰ ਸ਼ਾਂਤੀ ਸੈਨਾ ਦੇ ਰੂਪ 'ਚ ਉਹਨਾਂ ਅੱਤਵਾਦੀਆਂ ਦੇ ਖਾਤਮੇ ਲਈ ਹੀ ਤੁਰ ਪਏਗੀ ਤਾਂ ਵਿਦੇਸ਼ ਨੀਤੀ 'ਤੇ ਤਾਂ ਸਵਾਲ ਉੱਠਣਗੇ ਹੀ ਨਾ? ਜਾਂ ਨਹੀਂ? ਵਿਦੇਸ਼ ਨੀਤੀ ਜੇ ਆਪਣੇ ਹੀ ਦੇਸ਼ ਵਾਸੀਆਂ ਤੋਂ ਲੁਕਾਉਣੀ ਪਵੇ ਤਾਂ ਸਮਝੋ ਕੋਈ ਨਾ ਕੋਈ ਗੜਬੜ ਜ਼ਰੂਰ ਐ।'

'ਓਏ ਭਾਂਡੇ 'ਚ ਵੜੇ ਵਿਦੇਸ਼ ਨੀਤੀ! ਬਾਸ਼ਾ ਦਾ ਕੀ ਐ, ਚਿੜੀ ਦਾ ਮਰੇਗਾ ਤਾਂ ਹੁਕਮ ਦਾ ਆ ਜਾਏਗਾ। ਹੁਕਮ ਦਾ ਮਰੇਗਾ ਤਾਂ ਪਾਨ ਦਾ...ਤੇ ਜੇ ਪਾਨ ਦਾ ਮਰੇਗਾ ਤਾਂ ਇੱਟ ਦਾ...ਕੀ ਕਹਿੰਦਾ?' ਕਾਫ਼ੀ ਦੇਰ ਤੋਂ ਚੁੱਪ ਕਾਮਰੇਡ ਬੋਲ ਰਿਹਾ ਸੀ—'ਹਾਂ ਸੱਚ ਆਪਣੇ 'ਕਾਲੀਆਂ ਦੀ... 'ਚ ਵੀ ਖੁਰਕ ਹੋਈ ਜਾਂਦੀ ਐ, ਕੇਰਾਂ ਗੱਦੀ 'ਤੇ ਬਹਿ ਜਾਣ ਤਾਂ ਕੁਸ਼ ਮੱਠੀ ਹੋਵੇ। ਇਨ੍ਹਾਂ 'ਕਾਲੀਆਂ ਨੂੰ ਕੋਈ ਪੁੱਛੇ ਭਈ ਹੋਰ ਸਮੱਸਿਆਵਾਂ ਦਾ ਭੋਗ ਪੈ ਗਿਆ ਸੀ, ਜੋ ਧਰਮ ਯੁੱਧ ਦੇ ਨਾਂ 'ਤੇ ਮੋਰਚਾ ਲਾਹ ਲਿਆ? ਤੇ ਉੱਤੋਂ ਸਾਡੇ ਆਹ ਕਿਸਾਨ ਲੀਡਰ! ਇਹ ਵੀ ਕਿਹੜੇ ਘੱਟ ਆ!



ਅਖੇ ਫ਼ਸਲ ਦਾ ਮੁੱਲ ਵਧਾਓ, ਪਰ ਕੋਈ ਭੜੂਆ ਇਹ ਨਹੀਂ ਕਹਿੰਦਾ, ਪਈ ਨਿੱਕੇ ਕਿਸਾਨਾਂ ਦੀ ਸਾਂਝੀ ਸਹਿਕਾਰੀ ਮਾਲਕੀ ਦੀ ਖੇਤੀ ਹੋਵੇ। ਨਿੱਕੀਆਂ-ਨਿੱਕੀਆਂ ਜ਼ਮੀਨਾਂ ਦੇ ਟੋਟੇ ਮਿਲ ਕੇ ਸਹਿਕਾਰੀ ਮਾਲਕੀ ਦੀ ਖੇਤੀ ਕਰਨ ਨਾਲ ਕਿਤੇ ਨਿੱਕੇ ਕਿਸਾਨ ਰੱਜ ਕੇ ਰੋਟੀ ਨਾ ਖਾਣ ਲੱਗ ਪੈਣ। ਇਹ ਤਾਂ ਇਹਨਾਂ ਦੀ ਸੋਚ ਆ!'

ਇਕ ਹੋਰ ਪਿੰਡ ਵਾਲਾ ਆ ਰਲਿਆ ਸੀ ਤੇ ਕਾਮਰੇਡ ਦੀਆਂ ਗੱਲਾਂ ਸੁਣ ਰਿਹਾ ਸੀ, ਬੋਲਿਆ—'ਨਾਲੇ ਕੋਈ ਵਿਰੋਧੀ ਪਾਰਟੀ ਵਾਲਾ ਮੰਗ ਨਹੀਂ ਕਰਦਾ ਕਿ ਖਾਦ ਕਾਰਖਾਨਿਆਂ ਦਾ ਰਾਸ਼ਟਰੀਕਰਨ ਹੋਵੇ, ਤਾਂ ਜੋ ਖਾਦ ਦੀਆਂ ਕੀਮਤਾਂ 'ਤੇ ਕਾਬੂ ਪਾਇਆ ਜਾ ਸਕੇ...'

...ਗੱਲਾਂ ਦਾ ਕੀ ਐ, ਜਿੰਨੀਆਂ ਮਰਜ਼ੀ ਕਰੀ ਜਾਓ! ਗੱਲਾਂ ਵੀ ਕਦੇ ਮੁੱਕੀਆਂ? ਬੰਦਾ ਮੁੱਕ ਜਾਂਦਾ ਏ ਆਪਣੇ ਬਾਸ਼ਾ ਦੀ ਤਰ੍ਹਾਂ, ਪਰ ਗੱਲਾਂ....ਨਾਂਹ ਜੀ ਨਾਂਹ...ਨਾਲੇ ਬਈ ਸਿੱਧੀ ਜੇਹੀ ਗੱਲ ਆ...ਇਹ ਉਹ ਕਹਾਣੀ ਹੈ ਜਿਸਦੇ ਪਾਤਰ ਸਾਡੇ 'ਚੋਂ ਹੀ ਕਈ ਹੋ ਸਕਦੇ ਨੇ। ਦਰਅਸਲ ਇਹ ਜ਼ਿੰਦਗੀ ਦੀ ਕਹਾਣੀ ਹੈ, ਤੇ ਜ਼ਿੰਦਗੀ ਕਦੇ ਰੁਕਦੀ ਨਹੀਂ, ਲਗਾਤਾਰ ਤੁਰਦੀ ਰਹਿੰਦੀ ਹੈ।

ਇਹ ਕਹਾਣੀ ਹੋ ਕੇ ਵੀ ਕਹਾਣੀ ਨਹੀਂ, ਇਕ ਨਿਰੰਤਰ ਸੰਵਾਦ ਹੈ...ਕਹਾਣੀ ਮੁੱਕ ਜਾਂਦੀ ਹੈ, ਫੇਰ ਨਵੀਂ ਸ਼ੁਰੂ ਹੋ ਜਾਂਦੀ ਹੈ, ਪਰ ਸੰਵਾਦ ਕਦੇ ਨਹੀਂ ਮੁਕਦਾ, ਜਾਰੀ ਰਹਿੰਦਾ ਹੈ।

ਕੀ ਕਿਹਾ ਜੇ? ਤੁਸੀਂ ਸੀਪ ਨਹੀਂ ਖੇਡਦੇ? ਮੈਂ ਵੀ ਨਹੀਂ ਖੇਡਦਾ, ਪਰ ਹੋਣੀ ਤੇ ਸੀਪ 'ਚ ਕੀ ਫ਼ਰਕ ਹੈ? ਕੋਈ ਤਾਂ ਖੇਡਦਾ ਹੈ...ਸੀਪ!

**ਪੰਨਾ ਨੰ: 132 ਦਾ ਬਾਕੀ**

ਬਾਹਰਲੇ ਘਰ ਮਠਿਆਈਆਂ ਬਣਨ ਲੱਗ ਪਈਆਂ। ਲਾਗੀ ਇਕੱਠੇ ਹੋ ਗਏ। ਰਾਣੀ ਨੇ ਪਤਾ ਨਹੀਂ ਕਿਵੇਂ ਇਕ ਦਿਨ ਵਿਚ ਹੀ ਆਪਣੀਆਂ ਸਾਰੀਆਂ ਸਹੇਲੀਆਂ ਇਕੱਠੀਆਂ ਕਰ ਲਈਆਂ। ਹਰ ਕੋਈ ਹੱਥੋ-ਹੱਥੀ ਕੰਮ ਕਰਦਾ ਜਾ ਰਿਹਾ ਸੀ। ਥੋੜ੍ਹੇ ਸਮੇਂ ਵਿਚ ਹੀ ਬਹੁਤੇ ਕੰਮ ਕਰਨੇ ਪੈਰ ਰਹੇ ਸਨ। ਉਸ ਬਾਂਹ ਦੇ ਗੁੱਟ 'ਤੇ ਇਕ ਮੋਹਕਾ ਜਿਹਾ ਜੜ੍ਹ ਫੜ ਰਿਹਾ ਸੀ। ਕੁਝ ਦਿਨ ਪਹਿਲਾਂ ਹੀ ਉਸ ਦਾ ਓਪਰੇਸ਼ਨ ਹੋਇਆ ਸੀ। ਹਰ ਤੀਜੇ ਦਿਨ ਪੱਟੀ ਬਦਲਦੀ ਸੀ। ਵਿਆਹ ਵਾਲੇ ਦਿਨ ਉਹ ਨਹਾਈ-ਧੋਈ ਤੋਂ ਬਾਅਦ ਨਰਸ ਪੱਟੀ ਬਦਲ ਰਹੀ ਸੀ ਕਿ ਰੌਲਾ ਪੈ ਗਿਆ ਕਿ ਬਰਾਤ ਆ ਗਈ। ਉਹਦੇ ਵਿਚ ਜਿਵੇਂ ਸਾਹ-ਸ਼ਕਤੀ ਹੀ ਨਾ ਰਿਹਾ ਹੋਵੇ। ਅਸਲ ਵਿਚ ਬਰਾਤ ਵਕਤ ਤੋਂ ਪਹਿਲਾਂ ਹੀ ਪੁੱਜ ਗਈ ਸੀ। ਸ਼ਾਇਦ ਵਲਾਇਤੀਆਂ ਨੂੰ ਵਕਤ ਦੀ ਵਧੇਰੇ ਕਦਰ ਕਰਕੇ। ਘਰ ਦੇ ਸਾਰੇ ਮਰਦ ਬਰਾਤ ਨੂੰ ਸਾਂਭਣ ਵਿਚ ਲੱਗ ਗਏ। ਸਾਹਮਣੇ ਆਸੋ ਅੰਮਾਂ ਦੇ ਚੁਬਾਰੇ ਵਿਚ ਬਰਾਤ ਦਾ ਉਤਾਰਾ ਹੋਇਆ।

ਸਵੇਰ ਦੇ ਦਸ ਵੱਜ ਚੁੱਕੇ ਸਨ ਤੇ ਕਿਸੇ ਵੀ ਗੁਰਦਵਾਰੇ ਵਿਚੋਂ ਮਹਾਂਰਾਜ ਦੀ ਸਵਾਰੀ ਨਹੀਂ ਸੀ ਮਿਲ ਰਹੀ। ਕਾਫੀ ਨੱਠ-ਭੱਜ ਮਗਰੋਂ ਅਖੀਰ ਇਕ ਡੇਰੇ ਵਿਚੋਂ ਦੋ ਗ੍ਰੰਥੀ ਤੇ ਗ੍ਰੰਥ ਸਾਹਿਬ ਦਾ ਇੰਤਜ਼ਾਮ ਹੋਇਆ। ਚੁਬਾਰੇ ਵਿਚ ਬੈਠੇ ਬਰਾਤੀ ਆਪਸ ਵਿਚ ਘੁਸਰ-ਘੁਸਰ ਕਰਨ ਲੱਗੇ ਕਿ ਏਨੀ ਚੁੱਪ-ਚਾਂ ਕਿਉਂ ਹੈ, ਨਾ ਕੋਈ ਢੋਲਕ ਵੱਜ ਰਹੀ ਹੈ ਤੇ ਨਾ ਹੀ ਕੋਈ ਸਿੱਠਣੀਆਂ ਦੇ ਰਿਹਾ ਹੈ। ਵਿਆਹ ਵਾਲਾ ਮਹੌਲ ਤਾਂ ਬਿਲਕੁਲ ਹੈ ਹੀ ਨਹੀਂ, ਕਿਤੇ ਇਰਾਦਾ ਤਾਂ ਨਹੀਂ ਬਦਲ ਗਿਆ। ਬਾਅਦ ਵਿਚ ਇਸ ਗੱਲ ਨੂੰ ਲੈ ਕੇ ਹਾਸਾ ਵੀ ਬਹੁਤ ਪਿਆ। ਨਾ ਕੋਈ ਹਾਰ, ਨਾ ਸ਼ਿੰਗਾਰ ਤੇ ਨਾ ਹੀ ਕੋਈ ਮਾਨਸਿਕ ਤਿਆਰੀ। ਉਹ ਸਾਦਾ ਜਿਹਾ ਘੁੰਡ ਕੱਢ ਕੇ ਅਨੰਦ ਕਾਰਜਾਂ ਲਈ ਮਹਾਂਰਾਜ ਦੀ ਹਾਜ਼ਰੀ ਵਿਚ ਜਾ ਬੈਠੀ। ਉਹ ਸੋਚਦੀ ਜਾ ਰਹੀ ਸੀ ਕਿ ਕੀ ਸੱਚ ਉਹਦਾ ਹੀ ਵਿਆਹ ਹੋ ਰਿਹਾ ਹੈ।

## ਟੈਬੂਜ਼/ਸੁਰਿੰਦਰ ਨੀਰ

ਕਿੰਨੀ ਕੁ ਵੱਡੀ ਗੱਲ ਸੀ ਇਹ ਕਿ ਧੀ ਨੇ, ਮਾਂ ਦੇ ਮੋਬਾਈਲ ਤੋਂ ਕੋਈ ਮੈਸੇਜ ਪੜ੍ਹ ਲਿਆ ਸੀ। ਕੀ ਅੱਜ ਦੇ ਸਮੇਂ ਵਿਚ, ਜਦੋਂ ਕਿ ਦੁਨੀਆ ਇੰਟਰਨੈੱਟ ਦੇ ਜ਼ਰੀਏ ਬਸ ਇਕ ਕਲਿਕ ਦੀ ਦੂਰੀ 'ਤੇ ਇਕ ਦੂਜੇ ਨਾਲ ਖੜ੍ਹੀ ਹੈ। ਦੋਸਤੀਆਂ ਦਾ ਘੇਰਾ ਏਨਾ ਵਿਸ਼ਾਲ ਹੋ ਚੁੱਕਾ ਹੈ ਕਿ ਕੋਈ ਕਿਸੇ ਲਈ ਅਨਜਾਨ ਜਾਂ ਅਜਨਬੀ ਰਿਹਾ ਹੀ ਨਹੀਂ। ਫੇਸਬੁਕ ਅਤੇ ਵੱਟਸ-ਅੱਪ ਨੇ ਸੱਤ ਸਮੁੰਦਰਾਂ ਦੀ ਦੂਰੀ ਨੂੰ ਸੱਤ ਸੈਕੰਡ ਤੋਂ ਵੀ ਨਜ਼ਦੀਕੀ ਪਹੁੰਚ ਉੱਤੇ ਲਿਆ ਰੱਖਿਆ ਹੈ, ਉਦੋਂ ਕਿਸੇ ਮੈਸੇਜ ਉੱਤੇ ਏਨਾ ਭਿਆਨਕ ਪ੍ਰਤੀਕ੍ਰਮ ? ਤੇ ਉਹ ਵੀ ਉਸਦੀ ਧੀ ਵੱਲੋਂ ਜੋ ਆਪ ਇਕ ਮਹਾਨਗਰ ਵਿਚ ਪਿਛਲੇ ਪੰਜ ਸਾਲਾਂ ਤੋਂ ਆਪਣੀ ਹੀ ਕੰਪਨੀ ਦੇ ਸਹਿਯੋਗੀ ਦੋਸਤ ਨਾਲ ਲਿਵ-ਇਨ ਰਿਲੇਸ਼ਨ ਵਿਚ ਰਹਿ ਰਹੀ ਹੈ।

ਏਡਾ ਵੱਡਾ ਹੰਗਾਮਾ ਤਾਂ ਮਾਂ ਨੇ ਵੀ ਉਦੋਂ ਖੜ੍ਹਾ ਨਹੀਂ ਸੀ ਕੀਤਾ ਜਦੋਂ ਇਸੇ ਧੀ ਨੇ ਬੜੀ ਹੀ ਲਾਪਰਵਾਹੀ, ਸਗੋਂ ਬੇਬਾਕੀ ਨਾਲ ਮਾਂ ਨੂੰ ਆਪਣੇ ਲਿਵ-ਇਨ ਰਿਲੇਸ਼ਨ ਵਿਚ ਰਹਿਣ ਬਾਰੇ ਸੂਚਿਤ ਕੀਤਾ ਸੀ। ਮਾਂ ਨੂੰ ਝਟਕਾ ਲੱਗਾ ਸੀ। ਬਲਕਿ ਜ਼ਬਰਦਸਤ ਝਟਕਾ ਲੱਗਾ ਸੀ। ਕਿੰਨੀ ਦੇਰ ਤਾਂ ਉਸਦੇ ਹੋਸ਼ੋ-ਹੱਵਾਸ ਹੀ ਉੱਡੇ ਰਹਿ ਗਏ ਸਨ ਪਰ ਫਿਰ ਉਸ ਨੇ ਆਪਣੇ ਆਪ ਨੂੰ ਨਾ ਸਿਰਫ ਸੰਭਾਲ ਲਿਆ ਬਲਕਿ ਇਸ ਹਕੀਕਤ ਨੂੰ ਤਸਲੀਮ ਵੀ ਕਰ ਲਿਆ। ਵਕਤ ਬਦਲ ਚੁੱਕਾ ਸੀ। ਹੁਣ ਰਿਸ਼ਤਿਆਂ ਵਿਚ ਆ ਰਹੀਆਂ ਤਬਦੀਲੀਆਂ ਦਾ ਵਿਰੋਧ ਕਰਨ ਦੀ ਥਾਂ ਉਨ੍ਹਾਂ ਤਬਦੀਲੀਆਂ ਨੂੰ ਸਮਝਣ ਤੇ ਸਵੀਕਾਰਨ ਵਿਚ ਹੀ ਸਿਆਣਪ ਸੀ।

ਮਾਂ ਨੇ ਵੀ ਧੀ ਦੇ ਇਸ ਫੈਸਲੇ ਦਾ ਵਿਰੋਧ ਕਰਨ ਦੀ ਥਾਂ ਉਸ ਦੇ ਹਾਲਾਤਾਂ ਅਤੇ ਮਾਨਸਿਕ ਪਰੇਸ਼ਾਨੀਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਜੁਆਨੀ ਦੀ ਸਿਖਰ 'ਤੇ ਖੜ੍ਹੀ ਧੀ ਨੂੰ ਕੁਦਰਤੀ ਨਿਯਮਾਂ ਅਨੁਸਾਰ ਕਿਸੇ ਸੱਚੇ ਸਾਥੀ ਦੀ ਲੋੜ ਹੈ ਹੀ ਸੀ। ਜ਼ਿੰਦਗੀ ਦੇ ਇਸ ਤਪਦੇ ਮਾਰੂਥਲ ਵਿਚ ਕੌਣ ਨਹੀਂ ਚਾਹੁੰਦਾ ਕਿ ਇਕ ਛਾਇਆਦਾਰ ਰੁੱਖ ਉਨ੍ਹਾਂ ਦੇ ਨਸੀਬ ਵਿਚ ਹੋਵੇ ਜਿਸਦੀ ਛਾਂ ਵਿਚ ਬੈਠ ਕੋਈ ਆਪਣੀ ਥਕਾਨ, ਪੀੜ ਅਤੇ ਬੇਚੈਨੀ ਕੁਝ ਦੇਰ ਲਈ ਹੀ ਸਹੀ ਪਰ ਭੁੱਲ ਜਾਵੇ। ਇਸ ਸ਼ਿੱਦਤ ਨੂੰ, ਇਸ ਮਾਂ ਤੋਂ ਵਧ ਕੌਣ ਸਮਝ ਸਕਦਾ ਸੀ ? ਇਸੇ ਲਈ ਉਸਨੂੰ ਧੀ ਉੱਤੇ ਗੁੱਸਾ ਆਉਣ ਦੀ ਥਾਂ ਉਸ ਨਾਲ ਹਮਦਰਦੀ ਹੋ ਗਈ ਸੀ।

ਅਠਾਈਵੇਂ ਸਾਲ ਵਿਚ ਪਹੁੰਚ ਚੁੱਕੀ ਸੀ ਉਸਦੀ ਪਿਆਰੀ ਧੀ ਜਿਹੜੀ ਹੁਣ ਕਿਸੇ ਖਿੜੀ ਕਲੀ ਦੀ ਥਾਂ ਕੁਮਲਾਏ ਫੁੱਲ ਵਰਗੀ ਲੱਗਣ ਲੱਗ ਪਈ ਸੀ। ਕੰਮ ਦੇ ਬੋਝ ਦੀ ਮਾਰੀ ਜਦੋਂ ਉਹ ਇਕ ਦੋ ਦਿਨਾਂ ਲਈ ਘਰ ਆਉਂਦੀ ਤਾਂ ਮਾਂ ਉਸ ਦੀਆਂ ਅੱਖਾਂ ਹੇਠ ਪੈ ਰਹੇ ਕਾਲੇ ਘੇਰਿਆਂ ਅਤੇ ਰੰਗਹੀਣ ਹੋ ਰਹੀ ਸਕਿਨ ਨੂੰ ਵੇਖ ਤੜਪ ਉੱਠਦੀ।

"ਹੁਣ ਵਿਆਹ ਕਰ ਲੈ ਬੇਟਾ। ਇਹੀ ਉਮਰ ਹੁੰਦੀ ਹੈ ਸੈਟਲ ਹੋਣ ਦੀ। ਉਮਰ ਕਿਸੇ ਦੀ ਵਫਾਦਾਰ ਨਹੀਂ ਹੁੰਦੀ। ਸੁੱਕੀ ਰੇਤ ਵਾਂਗੂੰ ਉਂਗਲਾਂ ਦੀਆਂ ਵਿਰਲ੍ਹਾਂ 'ਚੋਂ ਕਿਰ ਜਾਂਦੀ ਹੈ। ਵੇਖ, ਤੇਰੇ ਚਿਹਰੇ ਦੀ ਰੌਣਕ ਕਿਵੇਂ ਮਹਾਨਗਰ ਦੀ ਭੱਜ-ਦੌੜ ਤੇ ਕੰਮ ਦੇ ਬੋਝ ਨੇ ਜੀਰ ਲਈ ਹੈ। ਹੁਣ ਤਾਂ ਰੁੱਕ ਜਾ...ਠਹਿਰ ਜਾ...ਸੈਟਲ ਹੋ ਜਾ...।"

ਬੇਟੀ ਜਿਵੇਂ ਅਚਾਨਕ ਨੀਂਦ 'ਚੋਂ ਜਾਗ ਜਾਂਦੀ ਤੇ ਉਦਾਸ ਜਹੀ ਬੋਲਦੀ, "ਕਿਵੇਂ ਰੁੱਕ ਜਾਵਾਂ ਮਾਂ, ਕਿਵੇਂ ਠਹਿਰ ਜਾਵਾਂ ? ਨਾਲੇ ਤੂੰ ਸੈਟਲ ਹੋਣਾ ਕਿਸ ਨੂੰ ਕਹਿੰਦੀ ਹੈਂ ? ਕੀ ਕਿਸੇ ਮਰਦ ਦੇ ਲੜ ਲਗ-ਉਸਦੇ ਕਦਮਾਂ ਵਿਚ ਆਪਣੀ ਸਾਰੀ ਮਰਜ਼ੀ ਤੇ ਆਜ਼ਾਦੀ ਦੀ ਭੇਂਟ ਚੜ੍ਹਾ, ਗਲ਼ੇ ਵਿਚ ਮੰਗਲਸੂਤ੍ਰ ਤੇ ਉਂਗਲੀ ਵਿਚ ਇੰਗੇਜਮੈਂਟ ਰਿੰਗ ਪਹਿਨ ਲੈਣ ਨੂੰ ਹੀ ਸੈਟਲ ਹੋ ਜਾਣਾ



ਕਹਿੰਦੇ ਹਨ ?"

"ਪਰ ਇਹ ਵੀ ਤਾਂ ਜ਼ਰੂਰੀ ਹੈ ਬੇਟਾ। ਉਮਰ ਦਾ ਇਕ ਪੜਾਅ ਐਸਾ ਆ ਹੀ ਜਾਂਦਾ ਹੈ ਜਦੋਂ ਹਰ ਇਨਸਾਨ ਨੂੰ ਇਕ ਸਾਥੀ ਦੀ ਜ਼ਰੂਰਤ ਹੁੰਦੀ ਹੈ। ਇਨਸਾਨ ਹੀ ਕੀ ਸ੍ਰਿਸ਼ਟੀ ਵਿਚ ਉਤਪੰਨ ਹੋਈ ਹਰ ਜਾਨਦਾਰ ਚੀਜ਼ ਨੂੰ ਦੂਜੇ ਦੀ ਜ਼ਰੂਰਤ ਹੁੰਦੀ ਹੈ। ਪਸ਼ੂ-ਪੰਛੀ ਵੀ ਤਾਂ ਕਿਸੇ ਸਾਥੀ ਦਾ ਸਾਥ ਲੋੜਦੇ ਹਨ। ਇਨਸਾਨ ਤਾਂ ਫਿਰ ਹੈ ਹੀ ਭਾਵੁਕ ਮਖਲੂਕ। ਖਾਸ ਕਰਕੇ ਔਰਤ। ਉਹ ਜਦ ਕਮਜ਼ੋਰ ਪੈ ਜਾਂਦੀ ਹੈ, ਉਦਾਸ ਹੁੰਦੀ ਹੈ। ਬਿਖਰ ਜਾਂਦੀ ਹੈ ਤਾਂ ਮਰਦ ਹੀ ਉਸਨੂੰ ਮੁਹੱਬਤ ਨਾਲ ਸਮੇਟਦਾ ਹੈ। ਉਸਨੂੰ ਕਿਸੇ ਹਮਦਰਦ ਤੇ ਸੁਹਿਰਦ ਵਫਾਦਾਰ ਸਾਥੀ ਦੇ ਮੋਢਿਆਂ ਤੇ ਬਾਹਾਂ ਦਾ ਸਹਾਰਾ ਚਾਹੀਦਾ ਹੁੰਦਾ ਹੈ।"

"ਬਾਹਾਂ ਦਾ ਜਾਂ...?" ਧੀ ਨੇ ਮੁਸਕਰਾਉਂਦੇ ਹੋਏ ਮਾਂ ਵੱਲ ਵੇਖਿਆ।

"ਕੁਝ ਵੀ ਸਮਝ ਲੈ ਬੇਟਾ। ਇਹ ਕੁਦਰਤ ਦੀ ਰਚਨਾ ਹੈ। ਮਰਦ ਹੋਵੇ ਜਾਂ ਔਰਤ, ਸਾਡਾ ਮਨ ਹੀ ਨਹੀਂ ਸਗੋਂ ਸਾਡਾ ਤਨ ਵੀ ਥੱਕ ਜਾਣ ਉੱਤੇ, ਕਿਸੇ ਸਾਏ ਵਿਚ ਸਭ ਚਿੰਤਾਵਾਂ ਤੇ ਥਕਾਵਟਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ। ਇਕੱਲਿਆਂ ਕਿਸੇ ਦਾ ਗੁਜ਼ਾਰਾ ਨਹੀਂ ਹੁੰਦਾ।"

ਧੀ ਨੇ ਮਾਂ ਦੇ ਚਿਹਰੇ ਉੱਤੇ ਪਸਰ ਆਈ ਪੀੜਾ ਦੀ ਪਰਤ ਨੂੰ ਨਹੀਂ ਸੀ ਦੇਖਿਆ ਬਲਕਿ ਮਾਂ ਦੀਆਂ ਭਾਵੁਕ ਜਹੀਆਂ ਗੱਲਾਂ ਸੁਣ ਉਸਦਾ ਜ਼ੋਰਦਾਰ ਹਾਸਾ ਨਿਕਲ ਗਿਆ।

"ਰਹਿਣ ਦਿਓ ਮਮਾ। ਅੱਜਕੱਲ੍ਹ ਰਿਲੈਕਸ ਹੋਣ ਲਈ ਕੋਈ ਕਿਸੇ ਉੱਤੇ ਡਿਪੈਂਡ ਨਹੀਂ ਰਹਿ ਗਿਆ। ਬਾਜ਼ਾਰ ਵਿਚ ਸਭ ਕੁਝ ਉਪਲੱਬਦ ਹੈ। ਹਰ ਕਿਸੇ ਕੋਲ ਉਸਦੇ ਜੀਉਣ ਜੋਗਾ ਪੈਸਾ ਵੀ ਹੈ ਤੇ ਜ਼ਰੂਰਤ ਦੀ ਹਰ ਚੀਜ਼ ਵੀ। ਹੁਣ ਸਾਰੀ ਸੋਚ ਹੀ ਬਦਲ ਗਈ ਹੈ। ਕਿਸੇ ਨੂੰ ਕਿਸੇ ਦੀ ਗੁਲਾਮੀ ਸਵੀਕਾਰ ਨਹੀਂ।"

"ਗੁਲਾਮੀ ? ਇਹ ਗੁਲਾਮੀ ਕਿੱਥੋਂ ਆ ਗਈ ?"

"ਮਮਾ, ਇਹ ਜਿਸ ਸੈਟਲਮੇਂਟ ਦਾ ਤੁਸੀਂ ਰਾਗ ਅਲਾਪ ਰਹੇ ਹੋ, ਕੀ ਇਹ ਅਸਲ ਵਿਚ ਗੁਲਾਮੀ ਹੀ ਨਹੀਂ ? ਤੁਸੀਂ ਹੀ ਦੱਸੋ, ਕੀ ਮਰਦ ਔਰਤ ਨੂੰ, ਜਿਸ ਤਰ੍ਹਾਂ ਉਹ ਜੀਊਣਾ ਚਾਹੁੰਦੀ ਹੈ, ਉਸੇ ਤਰ੍ਹਾਂ ਸਵੀਕਾਰ ਕਰਦਾ ਹੈ ? ਇਕ ਗਰਲ ਫਰੈਂਡ ਦੇ ਰੂਪ ਵਿਚ ਜਿਸ ਤਰ੍ਹਾਂ ਉਹ ਉਸ ਨਾਲ ਮੁਹੱਬਤ ਦਾ ਦਮ ਭਰਦਾ ਹੈ, ਕੀ ਵਿਆਹ ਬਾਅਦ ਬੀਵੀ ਦੇ ਰੂਪ ਵਿਚ ਓਹੀ ਮੁਹੱਬਤ ਕਾਇਮ ਰੱਖ ਸਕਦਾ ਹੈ ?"

"ਇਹ ਤਾਂ ਬੇਟਾ ਦੋਹਾਂ ਜਣਿਆਂ ਨੂੰ ਹੀ ਐਡਜੱਸਟ ਕਰਨਾ ਪੈਂਦਾ ਹੈ। ਨਵੀਆਂ ਪਰਿਸਥਿਤੀਆਂ ਦੇ ਅਨੁਸਾਰ ਹੀ ਰਿਸ਼ਤੇ ਦੀ ਜ਼ਰੂਰਤ ਵੀ ਬਦਲ ਜਾਂਦੀ ਹੈ।"

"ਨਹੀਂ ਮਮਾ, ਆਦਮੀ ਸੁਆਰਥੀ ਬਣ ਜਾਂਦਾ ਹੈ। ਪਤੀ ਬਣਦੇ ਹੀ ਉਸਦੀ ਈਗੋ ਹੋਰ ਦੀ ਹੋਰ ਹੋ ਜਾਂਦੀ ਹੈ। ਪਹਿਲਾਂ ਜਿਸ ਪ੍ਰੇਮਿਕਾ ਦਾ ਹੱਥ ਫੜ ਕੇ ਉਹ ਬਾਜ਼ਾਰ ਵਿਚ ਬੇਪਰਵਾਹੀ ਨਾਲ ਘੁੰਮਦਾ ਹੈ, ਉਸੇ ਦਾ ਪਤਨੀ ਬਣ ਜਾਣ ਉੱਤੇ ਇਹ ਸਭ ਕੁਝ ਹੋਛਾਪਨ ਲੱਗਣ ਲੱਗ ਪੈਂਦਾ। ਪਹਿਲਾਂ ਦੋਸਤਾਂ ਦੀ ਮਹਿਫਿਲ ਵਿਚ ਉਹ ਗਰਲ ਫਰੈਂਡ ਦੇ ਨਾਲ ਡਰਿੰਕ ਇੰਜੋਇ ਕਰਦਾ ਹੈ, ਖੁੱਲ੍ਹਾ-ਡੁੱਲ੍ਹਾ ਹੱਸਦਾ ਤੇ ਮਜ਼ਾਕ ਕਰਦਾ ਹੈ ਪਰ ਵਿਆਹ ਹੁੰਦੇ ਉਸੇ ਕੁੜੀ ਦਾ ਖੁੱਲ੍ਹੇਆਮ ਹੱਸਣਾ ਬੇਸ਼ਰਮੀ ਤੇ ਦੋਸਤਾਂ ਨਾਲ ਘੁਲਣ-ਮਿਲਣ ਚਰਿੱਤਰ ਹੀਣਤਾ। ਹਰ ਗੱਲ ਦੇ ਅਰਥ ਹੀ ਬਦਲ ਜਾਂਦੇ ਹਨ। ਵਿਆਹ ਹੁੰਦੇ ਹੀ ਮਰਦ ਸਭ ਤੋਂ ਪਹਿਲਾਂ ਔਰਤ ਦੀਆਂ ਇਹੀ ਆਜ਼ਾਦੀਆਂ ਖੋਹ ਲੈਂਦਾ ਹੈ। ਤੇ ਫਿਰ ਸ਼ੁਰੂ ਹੋ ਜਾਂਦਾ ਹੈ ਬਦਮਜ਼ਾ ਜ਼ਿੰਦਗੀ ਦਾ ਇਕ ਬਿਮਾਰ ਸਿਲਸਿਲਾ। ਸੋ, ਮਾਈ ਡੀਅਰ ਮਮਾ...ਮੈਂ ਬੀਮਾਰ ਹੋਣਾ ਨਹੀਂ ਚਾਹੁੰਦੀ। ਆਈ ਵਾਂਟ ਟੂ ਇੰਜੋਇ ਮਾਈ ਲਾਈਫ, ਦ ਵੇਅ ਆਈ ਐਮ...ਪਲੀਜ਼...ਪਲੀਜ਼...।"

ਉਹ ਪਲੀਜ਼-ਪਲੀਜ਼ ਕਰਦੀ ਆਪਣੀਆਂ ਬੰਦ ਮੁੱਠੀਆਂ ਨਾਲ ਮੇਜ਼ ਠਕੋਰਦੀ ਉੱਠ ਕੇ ਆਪਣੇ ਕਮਰੇ ਵਿਚ ਜਾ ਵੜੀ ਸੀ। ਮਾਂ ਕਿੰਨੀ ਦੇਰ ਉਸ ਦਰਵਾਜ਼ੇ 'ਚੋਂ ਆਰ-ਪਾਰ ਵੇਖਦੀ ਰਹੀ ਜਿਸਦੇ ਇਕ ਪਾਸੇ ਉਹ ਆਪ ਬੈਠੀ ਹੋਈ ਸੀ ਤੇ ਦੂਜੇ ਪਾਸੇ ਧੀ ਚਲੀ ਗਈ ਸੀ।

ਇਹ ਦਰਵਾਜ਼ੇ ਵੀ ਕੀ ਸ਼ੈਅ ਹੁੰਦੇ ਨੇ ਘਰਾਂ ਵਿਚ! ਕਿੰਨੀ ਵੱਡੀ ਭੂਮਿਕਾ ਨਿਭਾਉਂਦੇ ਨੇ ਇਹ ਦਰਵਾਜ਼ੇ। ਚੁੱਪ ਚਾਪ..ਮੂਕ ਖੜ੍ਹੇ ਵੇਖਦੇ ਰਹਿੰਦੇ ਨੇ। ਆਣ ਅਤੇ ਜਾਣ ਵਾਲਿਆਂ ਨੂੰ। ਨਾ ਕਿਸੇ ਨੂੰ ਆਉਣ ਤੋਂ ਰੋਕ ਸਕਦੇ ਨੇ, ਨਾ ਜਾਣ ਤੋਂ ਪਰ ਫਿਰ ਵੀ ਇਨ੍ਹਾਂ ਉੱਤੇ ਸਾਰੇ ਘਰ ਦੀ ਜ਼ਿੰਮੇਵਾਰੀ ਹੁੰਦੀ ਹੈ। ਉਹ ਆਪਣੇ ਹੀ ਖਿਆਲਾਂ ਵਿਚ, ਕਿੱਧਰੇ ਸ਼ੂਨਯ ਵਿਚ ਭਟਕ ਗਈ ਸੀ। ਕਿੰਨੀ ਦੇਰ ਬਾਅਦ ਉਸਨੂੰ ਹੋਸ਼ ਆਇਆ ਕਿ ਉਹ ਤਾਂ ਆਪਣੇ ਕਮਰੇ ਵਿੱਚ ਆਪਣੇ ਬੈੱਡ 'ਤੇ ਬੈਠੀ ਹੋਈ ਹੈ। ਧੀ ਦੇ ਕਮਰੇ ਵਿਚ ਆਉਣ ਤੋਂ ਪਹਿਲਾਂ ਉਹ ਟੀਵੀ ਉੱਤੇ ਮਹਾਭਾਰਤ ਸੀਰੀਅਲ ਵੇਖ ਰਹੀ ਸੀ ਜੋ ਅਜੇ ਵੀ ਚੱਲ ਰਿਹਾ ਸੀ। ਚੀਰਹਰਨ ਦਾ ਅਪਮਾਨ ਸਹਿਣ ਤੋਂ ਬਾਅਦ ਕ੍ਰੋਧਿਤ ਦ੍ਰੋਪਦੀ, ਲਹੂ ਭਰੀਆਂ ਅੱਖਾਂ ਨਾਲ ਆਪਣੇ ਪੰਜਾਂ ਪਤੀਆਂ ਵੱਲ ਉਂਗਲ ਕਰਦੀ ਚੀਖਦੀ ਹੈ ਕਿ ਆਰੀਆ ਵਰਤ ਕੇ ਪੰਜ ਮਹਾਯੋਧਾ ਅਗਰ ਆਪਣੀ ਨਿਹੱਥੀ ਅਤੇ ਲਾਚਾਰ ਪਤਨੀ ਦੀ ਪੱਤ ਨਾ ਬਚਾ ਸਕੇ ਤਾਂ ਉਨ੍ਹਾਂ ਪੰਜਾਂ ਨੂੰ ਪਤੀ ਹੋਣ 'ਤੇ ਤਾਂ ਕੀ ਸਗੋਂ ਮਰਦ ਹੋਣ 'ਤੇ ਵੀ ਲੱਜਾ ਆਉਣੀ ਚਾਹੀਦੀ ਹੈ। ਸਿਰ ਝੁਕਾਏ ਬੈਠੇ ਗੂੰਗੇ ਲੋਕਾਂ 'ਚੋਂ ਕਰਨ ਮਨ ਹੀ ਮਨ ਸੋਚਦਾ ਹੈ ਕਿ ਮਹਾਯੋਧਿਆਂ ਦੀ ਇਸ ਮਸਲਿਸ 'ਚੋਂ ਅਗਰ ਕੋਈ ਮਰਦ ਕਿਸੇ ਔਰਤ ਦੀ ਰੱਖਿਆ ਕਰਨ ਲਈ ਹਿੱਕ ਤਾਣ ਕੇ ਖੜ੍ਹਾ ਨਹੀਂ ਹੋ ਸਕਿਆ ਤਾਂ ਉਹ ਮਰਦ ਕਾਹਦਾ? ਉਸ ਸਭਾ ਵਿਚ ਅਗਰ ਸੱਚਮੁੱਚ ਕੋਈ 'ਮਰਦ' ਸੀ ਤਾਂ ਉਹ ਕੇਵਲ ਦ੍ਰੋਪਦੀ ਸੀ। ਬਾਕੀ ਸਾਰੇ ਤਾਂ ਨਾਮਰਦ ਹੀ ਸਨ।

ਅਚਾਨਕ ਬੇਟੀ ਦੇ ਕਮਰੇ 'ਚੋਂ ਆ ਰਹੀ ਉੱਚੀ-ਉੱਚੀ ਆਵਾਜ਼ ਸੁਣ ਉਸਨੇ ਰਿਮੋਟ ਨਾਲ ਟੀਵੀ ਦਾ ਵਾਲਯੂਮ ਘੱਟ ਕਰ ਦਿੱਤਾ। ਧੀ ਕਿਸੇ ਨਾਲ ਬਹਿਸ ਰਹੀ ਸੀ। ਉਸਦੀ ਆਵਾਜ਼ ਦਾ ਤਿੱਖਾਪਣ ਮਾਂ ਨੂੰ ਅਹਿਸਾਸ ਕਰਾ ਗਿਆ ਕਿ ਧੀ ਨੇ ਵਾਈਨ ਦਾ ਸੇਵਨ ਵਾਧੂ ਕਰ ਰੱਖਿਆ ਹੈ। ਬਥੇਰੀ ਵਾਰ ਉਸਨੇ ਧੀ ਨੂੰ ਇਸ ਲਤ ਤੋਂ ਦੂਰ ਰਹਿਣ ਦੀ ਨਸੀਹਤ ਕੀਤੀ ਹੈ। ਪਰ ਧੀ, ਆਪਣੀ ਚਿਰ ਪਰਿਚਿਤ ਲਾਪਰਵਾਹੀ ਨਾਲ ਹੱਥ ਝਟਕ ਕਹਿ ਦੇਂਦੀ ਹੈ—

"ਮਾਂ ਇਹ ਸ਼ੌਕ ਨਹੀਂ ਜ਼ਰੂਰਤ ਹੈ। ਤੁਸੀਂ ਕੀ ਜਾਣੋ ਅੱਜਕੱਲ੍ਹ ਦੀ ਲਾਈਫ ਦਾ ਕੰਪੀਟੀਸ਼ਨ। ਪ੍ਰਾਈਵੇਟ ਸੈਕਟਰ ਨੇ ਇਨਸਾਨ ਦਾ ਲਹੂ ਨਿਚੋੜ ਰੱਖਿਆ ਹੈ। ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਨੇ ਸਾਡੇ ਦਿਲਾਂ ਅੰਦਰ ਨਾ ਜਜ਼ਬਾਤ ਰਹਿਣ ਦਿੱਤੇ ਹਨ ਤੇ ਨਾ ਸਾਡੇ ਜਿਨਸਾਂ ਅੰਦਰ ਸਹਿਨਸ਼ੀਲਤਾ। ਸਭ ਕੁਝ ਇਸ ਕੰਪੀਟੀਸ਼ਨ ਨੇ ਹੜਪ ਲਿਆ ਹੈ। ਅਸੀਂ ਰੋਬੋਟ ਬਣ ਗਏ ਹਾਂ ਮਾਂ। ਬਸ ਹਰ ਕੋਈ ਉੱਚੀ ਤੋਂ ਉੱਚੀ ਟੀਸੀ 'ਤੇ ਪੁੱਜ, ਆਪਣੀ ਜਿੱਤ ਦਾ ਝੰਡਾ ਗੱਡਣਾ ਚਾਹੁੰਦਾ ਹੈ। ਇਹੀ ਸਾਡੀ ਸੈਟਲਮੈਂਟ ਹੈ। ਤੂੰ ਪਤਾ ਨਹੀਂ ਕਿਸ ਚੀਜ਼ ਨੂੰ ਸੈਟਲਮੈਂਟ ਕਹਿੰਦੀ ਰਹਿੰਦੀ ਹੈਂ।"

ਇਹੀ ਅੰਦਾਜ਼ ਹੈ ਉਸਦੇ ਗੱਲ ਕਰਨ ਦਾ। ਉਂਝ ਤਾਂ ਉਹ ਮਾਂ ਨੂੰ 'ਤੁਸੀਂ' ਕਹਿ ਕੇ ਹੀ ਬੁਲਾਉਂਦੀ ਹੈ ਪਰ ਭਾਵੁਕ ਅਤੇ ਉਦਾਸ ਪਲਾਂ ਵਿਚ ਜਦ ਉਸ ਨੂੰ ਮਾਂ ਦੀ ਨਹੀਂ ਕਿਸੇ ਸਹੇਲੀ ਦੀ ਲੋੜ ਹੁੰਦੀ ਹੈ ਤਾਂ ਉਹ ਮਾਂ 'ਚੋਂ ਹੀ ਸਹੇਲੀ ਲੱਭ ਲੈਂਦੀ ਹੈ। ਉਹ ਤੁਸੀਂ ਤੋਂ ਤੂੰ 'ਤੇ ਆ ਜਾਵੇ ਤਾਂ ਮਾਂ ਉਸ ਦੇ ਅੰਦਰ ਹੋ ਰਹੀ ਹਲਚਲ ਨੂੰ ਸਮਝ ਜਾਂਦੀ ਹੈ। ਉਨ੍ਹਾਂ ਵਿਚਾਲੇ ਉਮਰ ਦਾ ਫਰਕ ਵੀ ਕਿੰਨਾ ਕੁ ਹੈ? ਵੀਹਾਂ ਸਾਲਾਂ ਦੀ ਸੀ ਉਹ ਜਦ ਵਿਆਹ ਦੇ ਪਹਿਲੇ ਸਾਲ ਹੀ ਇਹ ਪਰੀਆਂ ਵਰਗੀ ਧੀ ਉਸਦੀ ਕੁੱਖ ਵਿਚ ਆ ਗਈ ਸੀ। ਉਹ ਇਕੱਠੀਆਂ ਹੀ ਵੱਡੀਆਂ ਹੋਈਆਂ ਸਨ। ਸਰੀਰਕ ਤੌਰ 'ਤੇ ਨਾ ਸਹੀ ਪਰ ਜਜ਼ਬਾਤੀ ਤੌਰ 'ਤੇ ਦੋਹਾਂ ਵਿਚਾਲੇ ਮਾਨਸਿਕ ਸਾਂਝ ਵੀ ਕਮਾਲ ਦੀ ਸੀ। ਪਹਿਲੀ ਵਾਰ ਜਦ ਧੀ ਦੀ ਉਸਦੇ ਬੁਆਏ ਫਰੈਂਡ ਨਾਲ ਮਾਨਸਿਕ ਸਾਂਝ ਤੋਂ ਬਾਅਦ



ਸਰੀਰਕ ਸਾਂਝ ਵੀ ਬਣ ਗਈ ਸੀ ਤਾਂ ਸਭ ਤੋਂ ਪਹਿਲਾਂ ਉਸ ਨੇ ਮਾਂ ਨਾਲ ਹੀ ਇਹ ਗੱਲ ਸ਼ੇਅਰ ਕੀਤੀ।

ਘਬਰਾ ਗਈ ਸੀ ਮਾਂ। ਛੱਬੀ ਸਾਲ ਦੀ ਕੁਆਰੀ ਕੁੜੀ। ਦੂਰ-ਦਰਾਜ਼ ਕਿਸੇ ਅਨਜਾਣ ਦੁਨੀਆ ਵਿਚ, ਆਪਣੀ ਮਰਜ਼ੀ ਦੀ ਜ਼ਿੰਦਗੀ ਜੀਊਣ ਦੀ ਤਾਂਘ ਲੈ ਕੇ ਭਟਕਦੀ, ਪਤਾ ਨਹੀਂ ਕਜੇਹੇ ਵਿਅਕਤੀ ਨਾਲ ਜੁੜ ਗਈ ਹੋਵੇ। ਅੱਜਕੱਲ੍ਹ ਸੰਬੰਧ ਵੀ ਤਾਂ ਸੌ ਤਰ੍ਹਾਂ ਦੀਆਂ ਬੀਮਾਰੀਆਂ ਨਾਲ ਲੈ ਕੇ ਆਉਂਦੇ ਹਨ। ਕਿਤੇ ਬਰਬਾਦ ਹੀ ਨਾ ਹੋ ਜਾਏ ਮੇਰੀ ਮਾਸੂਮ ਬੱਚੀ। ਹਾਏ ਓ ਰੱਬਾ! ਕੌਣ ਸਮਝਾਏ ਉਸ ਨਾਦਾਨ ਨੂੰ! ਉਹ ਅਜੇ ਦੁਨੀਆ ਨੂੰ ਉਸ ਤਰ੍ਹਾਂ ਨਹੀਂ ਸਮਝ ਸਕਦੀ ਜਿਵੇਂ ਦੀ ਦੁਨੀਆ ਅਸਲ ਵਿਚ ਹੈ। ਬੇਟਾ ਵੀ ਤਾਂ ਚਾਰ ਸਾਲ ਦਾ ਅਮਰੀਕਾ ਗਿਆ, ਮੁੜ ਵਾਪਸ ਆਇਆ ਹੀ ਨਹੀਂ। ਪਿਓ ਹੀ ਜੀਊਂਦਾ ਹੁੰਦਾ ਕੁੜੀ ਦਾ ਤਾਂ ਸ਼ਾਇਦ ਉਹ ਹੀ ਸਮਝਾਉਂਦਾ ਉਸਨੂੰ। ਕਿੰਨੀ ਨੇੜਤਾ ਸੀ ਉਸਦੇ ਆਪਣੇ ਪਿਓ ਨਾਲ।

ਕਿੰਨਾ ਰੋਈ ਸੀ ਮਾਂ ਉਸ ਦਿਨ। ਘਰ ਦੀਆਂ ਕੰਧਾਂ ਨਾਲ ਲੱਗ ਸਿਸਕੀਆਂ ਭਰਦੀ ਰਹੀ ਸੀ ਸਾਰੀ ਰਾਤ। ਉਹ ਆਪ ਵੀ ਤਾਂ ਇਕੱਲੀ ਸੀ। ਬਾਰ੍ਹਾਂ ਵਰ੍ਹੇ ਹੋ ਗਏ ਸਨ ਉਸ ਨੂੰ ਇਕੱਲਤਾ ਦਾ ਇਹ ਸਰਾਪ ਭੋਗਦਿਆਂ। ਇਕ ਭਿਆਨਕ ਹਾਦਸੇ ਨੇ ਨਾ ਸਿਰਫ ਉਸ ਤੋਂ ਉਸਦਾ ਪਤੀ ਖੋਹ ਲਿਆ ਸੀ ਬਲਕਿ ਉਸ ਦਾ ਸੁਖ-ਚੈਨ ਤੇ ਸਹਾਰਾ ਵੀ ਖੋਹ ਲਿਆ ਸੀ। ਉਦੋਂ ਉਸਦਾ ਬੇਟਾ ਚੌਂਦ੍ਹਾਂ ਸਾਲ ਦਾ ਸੀ ਤੇ ਇਹੀ ਬੇਟੀ ਸੋਲ੍ਹਾਂ ਦੀ। ਉਹ ਬਸ ਉਨ੍ਹਾਂ ਦੋਹਾਂ ਦੀ ਹੀ ਹੋ ਕੇ ਰਹਿ ਗਈ। ਮਾਂ ਅਤੇ ਪਿਓ, ਦੋਹਾਂ ਦਾ ਫਰਜ਼ ਨਿਭਾਉਣ ਵਿਚ ਅਤੇ ਬੱਚਿਆਂ ਨੂੰ ਪਿਆਰ ਤੇ ਕੇਅਰ ਦੇਣ ਵਿਚ ਕੋਈ ਕਮੀ ਨਹੀਂ ਸੀ ਰਹਿਣ ਦਿੱਤੀ। ਉਹ ਦੋਵੇਂ ਉਸ ਦੇ ਨਾਲ ਸਨ। ਉਸਨੂੰ ਕਦੀ ਇਕੱਲਤਾ ਦਾ ਅਹਿਸਾਸ ਨਹੀਂ ਸੀ ਹੋਇਆ। ਪਤੀ ਦੀ ਕਮੀ ਤਾਂ ਕੌਣ ਪੂਰੀ ਕਰ ਸਕਦਾ ਸੀ ਪਰ ਉਸਨੇ ਬੱਚਿਆਂ ਨੂੰ ਹੀ ਸਹਾਰੇ ਵਜੋਂ ਮਜ਼ਬੂਤੀ ਨਾਲ ਫੜ ਲਿਆ।

ਪਰ ਪੁੱਤਰ ਦੀ ਖਾਹਿਸ਼ ਉੱਤੇ ਜਦ ਨਾ ਚਾਹੁੰਦੇ ਹੋਏ ਵੀ ਉਸ ਨੂੰ ਉਚੇਰੀ ਪੜ੍ਹਾਈ ਲਈ ਅਮਰੀਕਾ ਭੇਜਣਾ ਪਿਆ ਤਾਂ ਉਸ ਦਾ ਸੰਤੁਲਨ ਥੋੜ੍ਹਾ ਜਿਹਾ ਡਗਮਗਾਇਆ ਪਰ ਫਿਰ ਝਟ ਉਸਨੇ ਦੂਜੇ ਸਹਾਰੇ ਨੂੰ ਹੋਰ ਮਜ਼ਬੂਤੀ ਨਾਲ ਫੜ ਲਿਆ। ਧੀ ਉਸਦੀ ਹਿੱਕ ਨਾਲ ਲੱਗੀ ਰਹੀ। ਪਰ ਕਿੰਨਾ ਕੁ ਚਿਰ? ਬੋਟ ਵੱਡੇ ਹੋ ਗਏ ਸਨ। ਉਸਦੀ ਆਪਣੀ ਜ਼ਿੰਦਗੀ ਤਾਂ ਠਹਿਰੀ ਹੋਈ ਸੀ ਪਰ ਬੱਚਿਆਂ ਦੀ ਉਡਾਨ ਨੂੰ ਉਹ ਕਿਵੇਂ ਰੋਕ ਸਕਦੀ ਸੀ?

ਧੀ ਵੀ ਉੱਡ ਗਈ। ਸਮੁੰਦਰੋਂ ਪਾਰ ਨਾ ਸਹੀ, ਪਰ ਸ਼ਹਿਰੋਂ ਦੂਰ ਕਿਸੇ ਮਹਾਨਗਰ ਵਿਚ। ਦੋਵੇਂ ਭੈਣ ਭਰਾ ਆਪੋ ਆਪਣੀ ਤਰ੍ਹਾਂ ਦੀ ਭੀੜ ਦਾ ਹਿੱਸਾ ਬਣ ਚੁੱਕੇ ਸਨ। ਉਹ ਇਕੱਲੀ ਖੜ੍ਹੀ ਰਹਿ ਗਈ ਸੀ। ਸੁੱਕੇ ਬਿਰਖ ਵਾਂਗ। ਜਿਸ ਦੀਆਂ ਟਾਹਣੀਆਂ ਤੋਂ ਪਤਝੜ ਮਾਰਿਆ ਕੋਈ ਸੁੱਕਾ ਪੱਤਾ ਟੁੱਟ ਕੇ ਡਿੱਗਦਾ ਤਾਂ ਕੋਈ ਤਰੰਗ ਜਹੀ ਪੈਦਾ ਹੁੰਦੀ। ਉਹ ਉਨ੍ਹਾਂ ਸੁੱਕੇ ਪੱਤਿਆਂ ਦੇ ਟੁੱਟਣ ਕਰਕੇ ਪੈਦਾ ਹੁੰਦੀ ਤਰੰਗ ਨੂੰ ਹੀ ਤਾਂਘਣ ਲੱਗ ਪੈਂਦੀ।

ਅਮਰੀਕਾ ਗਿਆ ਪੁੱਤਰ ਵਾਪਸ ਨਹੀਂ ਸੀ ਆਇਆ। ਅਜੇ ਉਸ ਨੂੰ ਉੱਥੇ ਪੂਰੀ ਤਰ੍ਹਾਂ ਸੈਟਲ ਹੋਣ ਲਈ ਬਹੁਤ ਮਿਹਨਤ ਦੀ ਲੋੜ ਸੀ। ਪਰ ਦਿਲ ਲਗਾਉਣ ਲਈ ਉਸ ਨੇ ਉੱਥੇ ਇਕ ਐਫਰੋ-ਅਮਰੀਕਨ ਕੁੜੀ ਨਾਲ ਗੂੜ੍ਹੀ ਦੋਸਤੀ ਕਰ ਲਈ ਸੀ। ਚਾਰ ਸਾਲ ਤੋਂ ਭਾਵੇਂ ਉਹ ਮਾਂ ਨੂੰ ਮਿਲਣ ਨਹੀਂ ਸੀ ਆ ਸਕਿਆ ਪਰ ਸਾਲ ਵਿਚ ਚਾਰ ਕੁ ਫੋਨ ਕਾਲਾਂ ਕਰ ਦੇਂਦਾ ਸੀ। ਮਾਂ ਲਈ ਪੁੱਤਰ ਦਾ ਬਦਲ ਉਸ ਦੀਆਂ ਫੋਨ ਕਾਲਾਂ ਹੀ ਸਨ। ਧੀ ਵੀ ਜਦ ਮਹਾਨਗਰੀ ਭੱਜ-ਦੌੜ ਤੋਂ ਅੱਕ-ਥੱਕ ਜਾਂਦੀ ਤਾਂ ਇਕ-ਦੋ ਦਿਨ ਰਿਲੈਕਸ ਹੋਣ ਲਈ ਘਰ ਆ ਜਾਂਦੀ। ਉਂਝ ਉਸਦਾ ਆਉਣਾ ਵੀ ਕਿਹੜਾ ਸੌਖਾ ਸੀ। ਟਰੇਨ ਦਾ ਸਫਰ ਉਸ ਤੋਂ ਸਹਿਨ ਨਹੀਂ ਸੀ ਹੁੰਦਾ ਤੇ ਹਵਾਈ ਜਹਾਜ਼ ਦਾ

ਟਿਕਟ ਦਿਨੋ-ਦਿਨ ਮਹਿੰਗਾ ਹੋ ਰਿਹਾ ਸੀ। ਇਸੇ ਕਰਕੇ ਉਹ ਉਦੋਂ ਹੀ ਘਰ ਆਉਂਦੀ ਜਦ ਉਸਦੀ ਮਾਨਸਿਕ ਸਥਿਤੀ ਪੂਰੀ ਤਰ੍ਹਾਂ ਪ੍ਰੈਸ਼ਰ ਹੇਠ ਆ ਜਾਂਦੀ। ਘਰ ਵਿਚ ਮਾਂ ਸੀ ਤੇ ਮਾਂ ਪੂਰੀ ਦੀ ਪੂਰੀ ਉਸਦੀ ਸੀ। ਉਹ ਜਾਣਦੀ ਸੀ ਕਿ ਮਾਂ ਹੀ ਅਜੇਹੀ ਵਿਅਕਤੀ ਹੈ ਜਿਹੜੀ ਉਸ ਦੀ ਆਜ਼ਾਦੀ ਉੱਤੇ ਕੋਈ ਬੰਦਸ਼ ਨਹੀਂ ਲਗਾਉਂਦੀ। ਉਹ ਧੀ ਨੂੰ ਸਮਝਦੀ ਹੈ ਚੰਗੀ ਤਰ੍ਹਾਂ।

ਮਾਂ ਸੱਚਮੁੱਚ ਹੀ ਧੀ ਨੂੰ ਸਮਝਦੀ ਸੀ ਤਾਂ ਹੀ ਤਾਂ ਉਸ ਨੇ ਧੀ ਦੇ ਲਿਵ-ਇਨ ਰਿਲੇਸ਼ਨਸ਼ਿਪ ਨੂੰ ਵੀ ਟ੍ਰੈਡੀਸ਼ਨਲੀ ਨਹੀਂ ਸਗੋਂ ਇਮੋਸ਼ਨਲੀ ਸਮਝਿਆ ਸੀ। ਉਹ ਆਪ ਜਾਣਦੀ ਸੀ ਇਕਲਾਪੇ ਦਾ ਦਰਦ ਕੀ ਹੁੰਦਾ ਹੈ। ਉਹ ਸਿਆਹ ਰਾਤਾਂ ਦੇ ਜ਼ਹਿਰੀਲੇ ਡੰਗਾਂ ਦੀ ਪੀੜ ਮਹਿਸੂਸ ਕਰ ਸਕਦੀ ਸੀ। ਤੇ ਉਹ ਇਹ ਵੀ ਮਹਿਸੂਸ ਕਰਦੀ ਸੀ ਕਿ ਇਹੀ ਸਿਆਹ ਰਾਤਾਂ ਉਸਦੀ ਧੀ ਦੀ ਜ਼ਿੰਦਗੀ ਵਿਚ ਵੀ ਡੂੰਘੀਆਂ ਉਤਰਦੀਆਂ ਜਾ ਰਹੀਆਂ ਹਨ। ਉਹ ਉਸ ਨੂੰ ਹਨੇਰਿਆਂ ਦੇ ਇਸ ਨਾਗਵੱਲ ਤੋਂ ਬਚਾਉਣਾ ਚਾਹੁੰਦੀ ਸੀ ਤਾਂ ਹੀ ਤਾਂ ਚਾਹੁੰਦੀ ਸੀ ਕਿ ਉਸਨੂੰ ਕਿਸੇ ਸਾਥੀ ਉੱਤੇ ਏਨਾ ਏਤਬਾਰ ਆ ਜਾਵੇ ਕਿ ਰਿਸ਼ਤਿਆਂ ਦੀ ਮੁਹੱਬਤ ਉਸ ਦਾ ਸਹਾਰਾ ਬਣੇ। ਪਰ ਜਿਸ ਤਰ੍ਹਾਂ ਉਹ ਸੋਚਦੀ ਸੀ, ਉਸਦੀ ਧੀ ਇਸ ਤਰ੍ਹਾਂ ਨਹੀਂ ਸੀ ਸੋਚਦੀ।

ਫਿਰ ਵੀ ਜਦ ਧੀ ਨੇ ਆਪਣੇ ਰਿਲੇਸ਼ਨ ਬਾਰੇ ਉਸ ਨੂੰ ਦੱਸਿਆ ਤਾਂ ਕੁਝ ਦੇਰ ਉਸ ਨੂੰ ਸ਼ਾਕ ਤਾਂ ਜ਼ਰੂਰ ਲੱਗਾ। ਇਹ ਉਸਦੇ ਧੁਰ ਅੰਦਰ ਵਸੇ ਸੰਸਕਾਰਾਂ ਨੂੰ ਅਸਲ ਵਿਚ ਸ਼ਾਕ ਲੱਗਾ ਸੀ। ਪਰ ਫਿਰ ਉਸਨੇ ਇਸ ਹਕੀਕਤ ਨੂੰ ਸਵੀਕਾਰ ਕਰ ਲਿਆ ਆਪਣੀ ਧੀ ਦੇ ਹੱਕ ਵਿਚ, ਜਿਸ ਨੇ ਆਪਣੀ ਮਰਜ਼ੀ ਦਾ ਸਾਥੀ ਲੱਭ ਲਿਆ ਸੀ। ਪਰ ਜੇ ਸਾਥੀ ਲੱਭ ਹੀ ਲਿਆ ਤਾਂ ਵਿਆਹ ਕਰਾਉਣ ਵਿਚ ਕੀ ਏਤਰਾਜ਼ ਹੈ ? ਸਭ ਕੁਝ ਤਾਂ ਠੀਕ-ਠਾਕ ਹੈ। ਉਸਦੀ ਆਪਣੀ ਵਧੀਆ ਜੌਬ ਹੈ, ਉਸਦਾ ਬੁਆਏ ਫਰੈਂਡ ਵੀ ਉਹ ਦੱਸਦੀ ਹੈ ਕਿ ਠੀਕ ਠਾਕ ਹੈ, ਫਿਰ ਮਸਲਾ ਕੀ ਹੈ ?

"ਮੈਂ ਆਪਣੀ ਆਜ਼ਾਦੀ ਇਸੇ ਕੋਲ ਸਰੈਂਡਰ ਨਹੀਂ ਕਰ ਸਕਦੀ ਮਾਂ। ਮੈਂ ਹੁਕਮਨਾਮਿਆਂ ਤੇ ਫਤਵਿਆਂ ਦੇ ਆਤੰਕ ਹੇਠ ਜ਼ਿੰਦਗੀ ਨਹੀਂ ਗੁਜ਼ਾਰ ਸਕਦੀ ਬਸ।" ਧੀ ਨੇ ਫਿਰ ਓਹੀ ਰਟਿਆ ਰਟਾਇਆ ਜੁਆਬ ਸੁਣਾ ਦਿੱਤਾ ਸੀ।

"ਤੇ ਫਿਰ ਇਹ ਰਿਲੇਸ਼ਨ ?"

"ਜਦ ਤੱਕ ਚਲੇਗਾ ਸੋ ਚਲੇਗਾ, ਨਹੀਂ ਚਲ ਸਕਿਆ ਤਾਂ ਖਤਮ ? ਅੱਜਕੱਲ੍ਹ ਰਿਲੇਸ਼ਨਜ਼ ਕੋਈ ਟੈਬੂ ਨਹੀਂ ਰਹਿ ਗਏ ਮਾਂ। ਦੁਨੀਆ ਬਹੁਤ ਬਦਲ ਚੁੱਕੀ ਹੈ। ਇਹ ਇੰਟਰਨੈੱਟ ਦੀ ਦੁਨੀਆ ਹੈ। ਹੁਣ ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਚੁੱਕੀ ਹੈ। ਹੁਣ ਇਨਸਾਨ ਉਸੇ ਚੀਜ਼ ਨਾਲ ਜੁੜਿਆ ਰਹਿ ਸਕਦਾ ਹੈ, ਜੋ ਚੀਜ਼ ਉਸ ਨੂੰ ਖੁਸ਼ੀ ਦੇਂਦੀ ਹੈ। ਵਾਧੂ ਬੋਝ ਹੁਣ ਕੋਈ ਨਹੀਂ ਸਹਾਰ ਸਕਦਾ। ਤੁਸੀਂ ਅੰਡਰਸਟੈਂਡ ਕਰਨ ਦੀ ਕੋਸ਼ਿਸ਼ ਕਰੋ ਮਾਂ। ਮੁਹੱਬਤ ਕੀਤੀ ਨਹੀਂ ਜਾਂਦੀ ਹੋ ਜਾਂਦੀ ਹੈ।"

"ਪਰ ਤੁਹਾਡੀ ਜਨਰੇਸ਼ਨ ਨੇ ਤਾਂ ਮੁਹੱਬਤ ਲਈ ਸਾਰੇ ਦਰਵਾਜ਼ੇ ਹੀ ਬੰਦ ਕਰ ਰੱਖੇ ਹਨ। ਸਿਰਫ ਜ਼ਰੂਰਤਾਂ ਲਈ ਜੀਅ ਰਹੇ ਹੋ।"

"ਚਲੋ ਮੁਹੱਬਤ ਨਾ ਸਹੀ ਜ਼ਰੂਰਤ ਹੀ ਸਹੀ। ਫਿਰ ਜ਼ਰੂਰਤ ਲਈ ਹੈ ਨਾ ਮੇਰੇ ਨਾਲ ਮੇਰਾ ਬੁਆਏ ਫਰੈਂਡ। ਡੋਂਟ ਵਰੀ...ਤੂੰ ਬਸ...ਖ਼ੁਸ਼ ਰਹਿ ਮਾਂ।"

"ਖੁ...ਸ਼...ਰਹਿ ਮਾਂ ?" ਮਾਂ ਆਪਣੇ ਨਾਲ ਹੀ ਬੁੜਬੁੜਾਈ ਸੀ। ਧੀ ਨੇ ਇਹ ਤਾਂ ਕਹਿ ਦਿੱਤਾ ਸੀ ਕਿ "ਤੂੰ ਖ਼ੁਸ਼ ਰਹਿ ਮਾਂ।" ਪਰ ਕੀ ਉਹ ਮਾਂ ਦੀ ਖੁਸ਼ੀ ਸਹਾਰ ਸਕੀ ਸੀ ?

ਉਹ ਤਾਂ ਕਹਿੰਦੀ ਸੀ ਕਿ ਹੁਣ ਟੈਬੂਜ਼ ਵਰਗਾ ਕੁਝ ਨਹੀਂ ਰਹਿ ਗਿਆ। ਦੁਨੀਆ ਬੜੀ ਬਦਲ ਚੁੱਕੀ ਹੈ। ਫਿਰ ਮਾਂ ਦੇ ਮੋਬਾਈਲ 'ਤੇ ਆਇਆ ਮੈਸੇਜ ਕਿਵੇਂ ਟੈਬੂ ਬਣ ਗਿਆ ਸੀ ? ਉਹ ਵੀ ਉਸ ਧੀ ਲਈ ਜਿਸਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਹੀ ਵੱਖਰਾ ਸੀ। ਬੰਧਨਾਂ ਤੋਂ ਮੁਕਤ। ਤੇ ਮਾਂ



ਨੇ ਆਪਣੀ ਪੂਰੀ ਵਾਹ ਲੱਗਾ ਦਿੱਤੀ ਸੀ ਧੀ ਦੀ ਸੋਚ ਅਤੇ ਉਸ ਦੀਆਂ ਖਾਹਿਸ਼ਾਂ ਦੇ ਮੇਚ ਹੋਣ ਦੀ। ਕੀ ਦੁਨੀਆ ਸਿਰਫ ਧੀ ਲਈ ਹੀ ਬਦਲੀ ਸੀ, ਮਾਂ ਲਈ ਨਹੀਂ ?

"ਸਾਰੀ ਰਾਤ ਜਾਗਦੇ ਕਟ ਗਈ। ਨੀਂਦ ਪਲਕਾਂ ਤਕ ਆਉਂਦੀ ਪਰ ਫਿਰ ਰੁੱਸ ਕੇ, ਮੂੰਹ ਮੋੜ ਵਾਪਸ ਚਲੀ ਜਾਂਦੀ। ਮੈਂ ਹਰ ਹੀਲੇ ਮਨਾਉਣ ਦੀ ਕੋਸ਼ਿਸ਼ ਕਰਦੀ ਰਹੀ ਪਰ ਲੱਗਦਾ ਹੈ, ਮੇਰੀਆਂ ਸੁੰਨੀਆਂ ਅੱਖੀਆਂ ਵਿਚ ਆਉਣ ਦੀ ਨੀਂਦ ਨੂੰ ਕੋਈ ਦਿਲਚਸਪੀ ਨਹੀਂ।"

"ਜ਼ਿੰਦਗੀ ਵਿਚ ਕੋਈ ਦਿਲਚਸਪੀ ਪੈਦਾ ਕਰੋ, ਨੀਂਦ ਆਪਣੇ ਆਪ ਆ ਜਾਏਗੀ।"

"ਹਰ ਪਾਸੇ ਖਲਾਅ ਪਸਰਿਆ ਹੋਵੇ ਤਾਂ ਦਿਲਚਸਪੀਆਂ ਕੌਣ ਜਗਾਵੇ ?"

"ਹਨੇਰੇ ਵਿਚ ਤਾਂ ਨਨ੍ਹੇ-ਨਨ੍ਹੇ ਜੁਗਨੂੰ ਵੀ ਟਿਮਟਿਮਾਉਂਦੇ ਆਪਣੀ ਹੋਂਦ ਦਾ ਅਹਿਸਾਸ ਕਰਾ ਦੇਂਦੇ ਹਨ। ਤੁਹਾਡੇ ਹੱਥ ਵਿਚ ਤਾਂ ਬਿਜਲੀ ਦਾ ਸਵਿਚ ਬੋਰਡ ਹੈ। ਇਕ ਬਟਨ ਦਬਾਓਗੇ ਤਾਂ ਵੇਖਣਾ ਕਿਵੇਂ ਅੰਦਰ ਬਾਹਰ ਰੰਗ ਬਿਰੰਗੀਆਂ ਰੋਸ਼ਨੀਆਂ ਦੀ ਕਹਿਕਸ਼ਾਂ ਜਗਮਗਾ ਉੱਠੇਗੀ।"

"ਅਜੀਬ ਜਿਹੀ ਬੇਚੈਨੀ ਮਨ ਨੂੰ ਘੇਰ ਲੈਂਦੀ ਹੈ। ਸਰੀਰ ਟੁੱਟਣ ਲੱਗਦਾ ਹੈ। ਕੁਝ ਨਾ ਕਰਕੇ ਵੀ ਥਕਾਵਟ ਦਾ ਅਹਿਸਾਸ।"

"ਤੁਰਦੇ ਰਹਿਣਾ ਥਕਾਵਟ ਦਾ ਓਨਾ ਕਾਰਨ ਨਹੀਂ ਹੁੰਦਾ ਮਾਈ ਡੀਅਰ, ਜਿੰਨਾ ਜੜ੍ਹ ਹੋ ਕੇ ਖੜ੍ਹ ਜਾਣਾ। ਸਰੀਰ ਨੂੰ ਹੀ ਨਹੀਂ, ਆਤਮਾ ਨੂੰ ਵੀ ਸਕੂਨ ਦੀ ਲੋੜ ਹੁੰਦੀ ਹੈ। ਸਭ ਤੋਂ ਵੱਡੀ ਬੀਮਾਰੀ ਦਾ ਕਾਰਨ ਵੀ ਇਹੋ ਹੁੰਦਾ ਹੈ ਕਿ ਅਸੀਂ ਆਪਣੇ ਆਪ ਨੂੰ ਬੇਵਜ੍ਹਾ ਥਕਾ ਦਿੰਦੇ ਹਾਂ ਪਰ ਰਿਲੈਕਸ ਹੋਣ ਲਈ ਆਪਣੇ ਤਨ ਮਨ ਨੂੰ ਢਿੱਲਾ ਨਹੀਂ ਛੱਡਦੇ ਤੇ ਨਾ ਹੀ ਕੋਸ਼ਿਸ਼ ਕਰਦੇ ਹਾਂ।"

ਇਹ ਮੈਸੇਜਜ਼ ਦੀ ਲੜੀ ਸੀ ਜੋ ਉਸ ਦੀ ਬੇਟੀ ਏਨੀ ਹੈਰਾਨੀ ਨਾਲ ਅੱਖਾਂ ਚੌੜੀਆਂ ਕਰਕੇ ਪੜ੍ਹ ਰਹੀ ਸੀ ਜਿਵੇਂ ਉਸ ਦੇ ਹੱਥ ਵਿਚ ਮੋਬਾਈਲ ਨਹੀਂ, ਕੋਈ ਜੀਉਂਦਾ ਜਾਗਦਾ ਗਰਨੇਡ ਹੋਵੇ ਜਿਸ ਨੂੰ ਹੱਥ ਵਿਚ ਫੜਿਆਂ ਧੀ ਦਾ ਸਾਰਾ ਸਰੀਰ ਵਾਈਬ੍ਰੇਟ ਕਰ ਰਿਹਾ ਸੀ।

ਤੇ ਉਹ ਗਰਨੇਡ ਫਟਿਆ ਆ ਕੇ ਮਾਂ ਦੇ ਕਮਰੇ ਵਿਚ ਜਦੋਂ ਉਹ ਕਿਸੇ ਦੀ ਨਸੀਹਤ ਕਰਨ 'ਤੇ ਯੋਗਾ ਕਰ ਰਹੀ ਸੀ। ਮੈਸੇਜ ਭੇਜਣ ਵਾਲੇ ਨੇ ਰਿਲੈਕਸ ਹੋਣ ਲਈ ਯੋਗਾ ਸਭ ਤੋਂ ਕਾਰਗਰ ਤਰਕੀਬ ਦੱਸੀ ਸੀ। ਕੁਝ ਆਸਨ ਵੀ ਸਮਝਾਏ ਸਨ ਤੇ ਯੋਗਾ ਦੀਆਂ ਵੀਡੀਯੋਜ਼ ਵੀ ਭੇਜੀਆਂ ਹੋਈਆਂ ਸਨ। ਉਹ ਅੱਜਕੱਲ੍ਹ ਉਨ੍ਹਾਂ ਆਸਨਾਂ ਦੀ ਪ੍ਰੈਕਟਿਸ ਕਰਦਿਆਂ ਬਹੁਤ ਆਨੰਦਿਤ ਮਹਿਸੂਸ ਕਰਦੀ ਸੀ। ਹੁਣ ਥਕਾਣ ਅਤੇ ਐਂਗਜ਼ਾਇਟੀ ਬਹੁਤ ਹਦ ਤੱਕ ਉਸ ਦੇ ਮਨ ਅਤੇ ਸਰੀਰ ਦਾ ਖਹਿੜਾ ਛੱਡ ਚੁੱਕੀਆਂ ਸਨ। ਉਹ ਸੱਚਮੁੱਚ ਰਿਲੈਕਸ ਫੀਲ ਕਰ ਰਹੀ ਸੀ। ਜ਼ਿੰਦਗੀ ਦੇ ਖਲਾਅ ਵਿਚ ਕੋਈ ਦਿਲਚਸਪੀ ਪੈਦਾ ਹੋ ਚੁੱਕੀ ਸੀ। ਜਗਮਗਾਉਂਦੀਆਂ ਰੋਸ਼ਨੀਆਂ ਦੀ ਕਹਿਕਸ਼ਾਂ ਸਜਾਉਣ ਲਈ ਕੋਈ ਸਵਿਚ ਦਬਾਉਣ ਦਾ ਉਹ ਹੌਸਲਾ ਤਾਂ ਨਹੀਂ ਸੀ ਕਰ ਸਕੀ ਪਰ 'ਨੇਰਿਆਂ ਵਿਚ ਉੱਡਦੇ ਜੁਗਨੂੰਆਂ ਨੂੰ ਆਪਣੀ ਦੁਨੀਆ ਵਿਚ ਲੰਘ ਆਉਣ ਲਈ ਉਸ ਨੇ ਖਿੜਕੀਆਂ ਦੇ ਪੱਟ ਖੋਲ੍ਹ ਦਿੱਤੇ ਸਨ। ਨਿੱਕੇ-ਨਿੱਕੇ ਰੋਸ਼ਨੀ ਦੇ ਜ਼ਰੇ ਉਸਦੇ ਚਾਰੇ ਪਾਸੇ ਫੈਲ, ਨੇਰਿਆਂ ਨੂੰ ਵੀ ਖ਼ੂਬਸੂਰਤ ਬਣਾ ਰਹੇ ਸਨ। ਹਾਲਾਂਕਿ ਉਹ ਜਾਣਦੀ ਸੀ ਕਿ ਇਹ ਜੁਗਨੂੰ ਸਿਰਫ ਨੇਰਿਆਂ ਦੇ ਹੀ ਸਾਥੀ ਹਨ। ਦਿਨ ਦੀ ਰੋਸ਼ਨੀ ਵਿਚ ਇਹ ਕਿਤੇ ਨਜ਼ਰ ਨਹੀਂ ਆਉਣਗੇ। ਪਰ ਫਿਰ ਵੀ ਉਸ ਦੇ ਦਿਨ, ਰਾਤ ਦੀ ਉਡੀਕ ਵਿਚ ਦਿਲਚਸਪੀ ਨਾਲ ਗੁਜ਼ਰ ਜਾਂਦੇ ਤੇ ਰਾਤ, ਜੁਗਨੂੰਆਂ ਦੀ ਸੰਗਤ ਵਿਚ ਕੁਦਰਤ ਦੀ ਸੁੰਦਰਤਾ ਮਾਣਦਿਆਂ ਬੀਤ ਜਾਂਦੀ। ਜੜ੍ਹ ਹੋ ਗਈ ਜ਼ਿੰਦਗੀ ਨੂੰ ਇਨ੍ਹਾਂ ਜੁਗਨੂੰਆਂ ਨੇ ਗਤੀ ਦੇ ਦਿੱਤੀ ਸੀ।

ਫਿਰ ਪੰਗਾ ਆਖਰ ਕਿੱਥੇ ਸੀ ? ਉਸ ਨੂੰ ਇਹੀ ਸਮਝ ਨਹੀਂ ਸੀ ਆ ਰਿਹਾ।

"ਮਾਈ ਡੀਅਰ ! ਕੌਣ ਹੈ ਇਹ ਮਾਈ ਡੀਅਰ ਕਹਿਣ ਵਾਲਾ ? ਕਿੱਥੋਂ ਟੱਕਰ ਗਿਆ ਇਹ

ਤੁਹਾਨੂੰ ? ਉਹ ਵੀ ਇਸ ਉਮਰ ਵਿਚ ? ਕਿਵੇਂ ਜਾਣਦੇ ਹੋ ਉਸ ਨੂੰ ? ਅਗਰ ਖਾਹਮਖਾਹ ਵਿਚ ਬਦਨਾਮੀ ਹੋਈ ਤਾਂ ਆਪਣੀਆਂ ਹੀ ਨਜ਼ਰਾਂ ਤੋਂ ਗਿਰ ਜਾਓਗੇ...। ਹੱਦ ਹੋ ਗਈ...ਕੋਈ ਸੁਣੇਗਾ ਤਾਂ ਕੀ ਕਹੇਗਾ ? ਕਦੀ ਸੋਚਿਆ ਇਸ ਗੱਲ ਨੂੰ ?"

ਧੀ ਬੋਲ ਰਹੀ ਹੈ। ਨਾਲੋ ਨਾਲ ਹੱਥ ਵੀ ਹਿਲਾਈ ਜਾ ਰਹੀ ਹੈ ਤੇ ਹੋਠ ਵੀ ਦੰਦਾਂ ਹੇਠ ਕਟ ਰਹੀ ਹੈ। ਮਾਂ ਜਾਣਦੀ ਹੈ ਕਿ ਉਸ ਦੀ ਧੀ ਜਦ ਬਹੁਤ ਗੁੱਸੇ ਵਿਚ ਹੋਵੇ ਤਾਂ ਉਹ ਇਹੀ ਕਰਦੀ ਹੈ। ਯਾਨੀ ਉਸ ਨੂੰ ਮਾਂ ਉੱਤੇ ਏਨਾ ਗੁੱਸਾ ਆ ਰਿਹਾ ਹੈ ?

ਪਰ ਮਾਂ ਦੇ ਚਿਹਰੇ ਉੱਤੇ ਕੋਈ ਗੁੱਸਾ ਨਹੀਂ ਸੀ ਸਗੋਂ ਗਹਿਰਾ ਸਕੂਨ ਪਸਰਿਆ ਹੋਇਆ ਸੀ। ਤਨਾਓ ਮੁਕਤ...ਰਿਲੈਕਸ।

"ਤੂੰ ਮੇਰਾ ਫੋਨ ਕਿਉਂ ਖੋਹਲਿਆ ?" ਉਸੇ ਸ਼ਾਂਤ ਲਹਿਜੇ ਵਿਚ ਮਾਂ ਨੇ ਪੁੱਛਿਆ ਤਾਂ ਧੀ ਹੋਰ ਵੀ ਵੱਟ ਖਾ ਗਈ।

"ਕਿਉਂ ? ਮੈਂ ਤੁਹਾਡਾ ਫੋਨ ਨਹੀਂ ਯੂਜ਼ ਕਰ ਸਕਦੀ ?"

"ਨਹੀਂ।"

"ਨਹੀਂ ਮਤਲਬ ?"

"ਮਤਲਬ ਇਹ ਕਿ ਮੈਂ ਵੀ ਆਪਣੀ ਆਜ਼ਾਦੀ ਕਿਸੇ ਅੱਗੇ ਸਰੈਂਡਰ ਨਹੀਂ ਕਰਨਾ ਚਾਹੁੰਦੀ।"

ਮਾਂ ਦੀ ਗੱਲ ਸੁਣ ਧੀ ਹੈਰਾਨੀ ਦੀ ਮੂਰਤ ਬਣੀ ਜੜਵਤ ਜਹੀ ਹੋ ਗਈ। ਪਰ ਮਾਂ ਬਿਨਾਂ ਉਸ ਵੱਲ ਧਿਆਨ ਦਿੱਤੇ, ਆਪਣਾ ਫੋਨ ਉਸ ਦੇ ਹੱਥੋਂ ਲੈ ਲਾਪਰਵਾਹੀ ਨਾਲ ਕਮਰੇ 'ਚੋਂ ਬਾਹਰ ਨਿਕਲ ਕੇ। ਕਿਚਨ ਵੱਲ ਚਲੀ ਗਈ। ਉਸ ਨੂੰ ਸਟਰੌਂਗ ਜਹੀ ਕੌਫੀ ਦੀ ਸ਼ਿੱਦਤ ਨਾਲ ਲੋੜ ਮਹਿਸੂਸ ਹੋ ਰਹੀ ਸੀ।

ਧੀ ਅਜੇ ਵੀ ਬੁੱਤ ਬਣੀ ਖੜ੍ਹੀ ਉਸ ਦਰਵਾਜ਼ੇ ਨੂੰ ਵੇਖੀ ਜਾ ਰਹੀ ਸੀ ਜਿਸ 'ਚੋਂ ਮਾਂ ਹੁਣੇ-ਹੁਣੇ ਬਾਹਰ ਨਿਕਲੀ ਸੀ। ਇਹ ਦਰਵਾਜ਼ੇ ਵੀ ਕਜਿਹੀ ਕਜਿਹੀ ਭੂਮਿਕਾ ਨਿਭਾਉਂਦੇ ਨੇ ਘਰਾਂ ਵਿਚ। ਨਾ ਕਿਸੇ ਨੂੰ ਆਉਣ ਤੋਂ ਰੋਕ ਸਕਦੇ ਨੇ, ਨਾ ਜਾਣ ਤੋਂ।

ਇਕ ਦਿਨ ਇਹ ਖਿਆਲ ਮਾਂ ਦੇ ਮਨ ਵਿਚ ਆਏ ਸਨ...ਅੱਜ ਇਹੀ ਖਿਆਲ ਧੀ ਦੇ ਮਨ ਵਿਚੋਂ ਉੱਠ ਰਹੇ ਸਨ।

---


## ਸੁੰਦਰ ਬੁਕ ਡਿਪੋ, ਜਲੰਧਰ ਦੀਆਂ ਨਵੀਆਂ ਛਪੀਆਂ ਪੁਸਤਕਾਂ

1. ਸ਼ਬਦ ਵਿਚਾਰ/ਸਾਧੂ ਸਿੰਘ ਗੋਬਿੰਦਪੁਰੀ
2. ਜੀਵਨ ਵਿਚਾਰ/ਪ੍ਰਿੰ. ਵੀਨਾ ਦਾਦਾ, ਡਾ. ਮਨਜੀਤ ਕੌਰ
3. ਚਾਰ ਮਹਾਂਕਾਵਿ/ਡਾ. ਸ਼ਾਹਬਾਜ਼ ਸਿੰਘ ਧੰਜੂ
4. ਮੇਰੇ ਦਰਦ ਵੰਡਾਏ ਕੋਈ/ਗੁਰਮਿੰਦਰ ਗੁਲਜ਼ਾਰ




## ਸੱਤਾਂ ਗੰਨਿਆਂ ਦੀ ਸੁਆਹ/ਮੋਹਨ ਲਾਲ ਫਿਲੌਰੀਆ

"ਢੋਲ ਵਾਲਿਆ, ਢੋਲ ਵਾਲਿਆ, ਢੋਲ 'ਤੇ ਡਗਾ ਲਗਾ ਤੇ ਤਾਜ਼ਾ ਸਮਾਚਾਰ ਸੁਣਾ।" ਏਨਾ ਕਹਿ ਬੱਬੂ ਬਾਜੀਗਰ ਢੋਲ ਵਜਾਉਣ ਲੱਗਾ। ਜਿਉਂ ਹੀ ਢੋਲ ਵੱਜਣਾ ਸ਼ੁਰੂ ਹੋਇਆ ਲੋਕ ਇਕੱਠੇ ਹੋ ਗਏ। ਲੋਕਾਂ ਵਿਚ ਨਿੱਕੇ ਨਿਆਣੇ, ਬਜ਼ੁਰਗ, ਔਰਤਾਂ ਤੇ ਗੱਭਰੂ ਸ਼ਾਮਲ ਸਨ। ਬੱਬੂ ਕਿੰਨੀ ਦੇਰ ਢੋਲ ਵਜਾਉਂਦਾ ਰਿਹਾ, ਫਿਰ ਉਸ ਨੇ ਢੋਲ ਵਜਾਉਣਾ ਬੰਦ ਕੀਤਾ।

"ਲਓ ਬਈ ਤਾਜ਼ਾ ਸਮਾਚਾਰ ਸੁਣੋ। ਪਿੰਡ ਵਾਸੀਓ-ਨਗਰ ਵਾਸੀਓ। ਦਿੱਲੀ ਵਿਚ ਜਿਹੜਾ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਵਿਰੁੱਧ ਮਰਨ ਵਰਤ ਰੱਖਿਆ ਸੀ, ਉਹ ਖ਼ਤਮ ਹੋ ਗਿਆ ਹੈ। ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਕਾਨੂੰਨ ਬਣਾਉਣਾ ਮੰਨ ਲਿਆ ਹੈ। ਹੁਣ ਪੰਜਾਬ ਵਿਚ ਵੀ ਕੋਈ ਰਿਸ਼ਵਤਖੋਰੀ ਨਹੀਂ ਚੱਲੇਗੀ। ਜਿਹੜਾ ਕੋਈ ਰਿਸ਼ਵਤ ਲਵੇ ਜਾਂ ਮੰਗੇ, ਉਸ ਦੀ ਰਪੋਟ ਸਰਕਾਰ ਨੂੰ ਕੀਤੀ ਜਾਵੇ। ਕੱਲ੍ਹ ਪਿੰਡ ਵਿਚ ਪਹਿਲਾਂ ਮਿੱਥੇ ਸਮੇਂ ਮੁਤਾਬਕ ਸੰਗਤ ਦਰਸ਼ਨ ਹੋਵੇਗਾ। ਤਹਿਸੀਲਦਾਰ ਸਾਹਿਬ ਪਿੰਡ ਵਿਚ ਪਹੁੰਚ ਚੁੱਕੇ ਹਨ। ਕੱਲ੍ਹ ਮੁੱਖ ਮੰਤਰੀ ਸਾਹਿਬ ਪਹੁੰਚਣਗੇ। ਸਾਡੇ ਐੱਮ. ਐੱਲ. ਏ. ਅਤੇ ਮਾਲ ਮੰਤਰੀ ਸਾਹਿਬ ਵੀ ਆਉਣਗੇ। ਸਾਰੀ ਸਾਧ ਸੰਗਤ ਲੰਗਰ ਗੁਰਦੁਆਰੇ ਛਕੇਗੀ। ਸ਼ਕਾਇਤਾਂ, ਤਕਲੀਫਾਂ ਦਾ ਹੱਲ ਮੌਕੇ 'ਤੇ ਹੀ ਕੀਤਾ ਜਾਵੇਗਾ। ਹਲਕੇ ਦਾ ਪਟਵਾਰੀ ਜਾਂ ਪੁਲਸੀਆ ਰਿਸ਼ਵਤ ਮੰਗੇ ਤਾਂ ਮੌਕੇ 'ਤੇ ਹੀ ਦੱਸੋ, ਲਿਖਤੀ ਸ਼ਕਾਇਤ ਦੇਵੋ ਜੀ।..."

ਬੱਬੂ ਨੇ ਢੋਲ 'ਤੇ ਡਗਾ ਮਾਰਿਆ ਤੇ ਢੋਲ ਵਜਾਉਂਦਾ ਅੱਗੇ ਨੂੰ ਚੱਲ ਪਿਆ। ਇਕ ਦੋ ਗਲੀਆਂ ਛੱਡ ਕੇ ਬੱਬੂ ਨੇ ਫਿਰ ਢੋਲ ਵਜਾਇਆ ਤੇ ਫਿਰ ਸੰਗਤ ਦਰਸ਼ਨ ਦਾ ਹੋਕਾ ਦਿੱਤਾ—"ਹੁਣ ਉਮੀਦ ਹੈ ਅੰਨਾ ਹਜ਼ਾਰੇ ਦੇਸ਼ ਦਾ ਸੁਧਾਰ ਕਰ ਸਕਣਗੇ। ਭ੍ਰਿਸ਼ਟਾਚਾਰ ਖ਼ਤਮ ਹੋ ਜਾਵੇਗਾ। ਗਰੀਬ ਆਦਮੀ ਵੀ ਰੋਟੀ ਖਾ ਸਕੇਗਾ...।"

ਬੱਬੂ ਢੋਲ ਬੰਦ ਕਰਕੇ ਖੜ੍ਹ ਗਿਆ।

"ਓਏ ਬੱਬੂ ਜਾਹ ਤੇਰੀ ਦਿਹਾੜੀ ਪੈ ਗਈ ਹੈ। ਤੇਰੇ ਪੈਸੇ ਤੈਨੂੰ ਮਿਲ ਗਏ ਹੋਣੇ, ਇਸ ਕੁਰਪਸ਼ਨ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ।" ਸਾਹਮਣੇ ਵਾਲਾ ਜੱਥੇਦਾਰ ਬੋਲਿਆ।

"ਨਹੀਂ ਜਨਾਬ ਸਰਕਾਰ ਹੁਣ ਸਖ਼ਤ ਏ," ਬੱਬੂ ਨੇ ਢੋਲ 'ਤੇ ਡਗਾ ਲਾਇਆ।

ਢੋਲ ਫਿਰ ਬੰਦ ਕੀਤਾ।

ਜੱਥੇਦਾਰ ਫਿਰ ਬੋਲਿਆ, "ਆਹ ਦੇਖ ਪਰਸੋਂ ਦੀ ਅਖ਼ਬਾਰ ਦੀ ਖ਼ਬਰ, ਪਤਾ ਕੀ ਲਿਖਿਆ ਈ। ਲਿਖਿਆ ਏ ਕਿ ਇਕ ਤਹਿਸੀਲਦਾਰ ਚਾਰ ਲੱਖ ਰਿਸ਼ਵਤ ਲੈਂਦਾ ਰੰਗੇ ਹੱਥੀਂ ਫੜਿਆ ਗਿਆ। ਗ੍ਰਿਫਤਾਰ ਹੋਇਆ। ਮਹੀਨਾ ਜੇਲ੍ਹ 'ਚ ਬੰਦ ਰਿਹਾ। ਸਸਪੈਂਡ ਰਿਹਾ। ਕੇਸ ਦਰਜ ਹੋਇਆ। ਲੋਕਾਂ ਨੂੰ ਲੱਗਦਾ ਸੀ ਕਿ ਸਜ਼ਾ ਹੋਵੇਗੀ ਪਰ ਸਰਕਾਰ ਦਾ ਕਮਾਲ ਦੇਖੋ ਤਹਿਸੀਲਦਾਰ ਬਹਾਲ ਹੋ ਗਿਆ ਤੇ ਵਧੀਆ ਜਗ੍ਹਾ ਫਿਰ ਪੋਸਟਿੰਗ, ਫਿਰ ਧੜਾ ਧੜ ਰਜਿਸਟਰੀਆਂ ਤੇ ਫਿਰ ਕਮਾਈ..."

"ਇਹ ਪਹਿਲਾਂ ਦੀਆਂ ਗੱਲਾਂ ਨੇ ਜੱਥੇਦਾਰਾ, ਨਾਲੇ ਸਰਕਾਰ ਵੀ ਤੁਹਾਡੀ ਹੈ। ਪਰ ਹੁਣ ਅੰਨਾ ਹਜ਼ਾਰੇ ਦਾ ਜਾਦੂ ਚੱਲੇਗਾ। ਕੱਲ੍ਹ ਤੁਸੀਂ ਆਓ ਨਾ ਸੰਗਤ ਦਰਸ਼ਨ ਵਿਚ। ਇਹ ਗੱਲ ਵੀ ਕਰੋ ਉੱਥੇ, ਨਾਲ ਮਾਲੇ ਮੰਤਰੀ ਵੀ ਆ ਰਹੇ ਹਨ...," ਬੱਬੂ ਖਚਰੀ ਹਾਸੀ ਹੱਸਿਆ।

"ਨਹੀਂ ਬੱਬੂ ਸੰਗਤ ਦਰਸ਼ਨ ਵਿਚ ਨਹੀਂ ਆਇਆ ਜਾਣਾ। ਚਾਰ ਦਿਨ ਪਹਿਲਾਂ ਪਾਰਟੀ ਨੇ ਕਚਹਿਰੀਆਂ ਸਾਹਮਣੇ ਧਰਨਾ ਦਿੱਤਾ ਸੀ। ਮਾਲ ਮੰਤਰੀ ਵੀ ਉੱਥੇ ਆਏ ਸਨ। ਇਕ ਪੱਤਰਕਾਰ ਨੇ ਮਾਲ ਮੰਤਰੀ ਨੂੰ ਸਵਾਲ ਕੀਤਾ ਸੀ। ਇਸ ਬਾਰੇ ਮਾਲ ਮੰਤਰੀ ਕੁਝ ਨਾ ਬੋਲਿਆ। ਕੱਚਾ ਜਿਹਾ ਪੈ ਗਿਆ। ਕਹਿਣ ਲੱਗਾ, 'ਸਰਕਾਰ ਮਾਮਲੇ ਦੀ ਪੜਤਾਲ ਕਰ ਰਹੀ ਹੈ। ਸੁਆਹ ਕਰਨੀ ਹੈ

ਪੜਤਾਲ। ਤਹਿਸੀਲਦਾਰ ਫੜਿਆ ਗਿਆ, ਜੇਲ੍ਹ 'ਚ ਰਿਹਾ, ਸਸਪੈਂਡ ਹੋਇਆ। ਪੈਸੇ ਦਿੱਤੇ ਬਹਾਲ ਹੋਇਆ। ਅਖ਼ਬਾਰ 'ਚ ਖ਼ਬਰ ਆਈ, ਮਾਮਲਾ ਖਤਮ, ਇਹ ਅੱਖਾਂ ਵਿਚ ਘੱਟਾ ਪਾਉਣ ਵਾਲੀ ਗੱਲ ਹੈ। ਰੱਬ ਮੇਹਰ ਕਰੇ। ਤੂੰ ਢੋਲ ਵਜਾਈ ਜਾਹ ਤੇ ਸਰਕਾਰ ਦੇ ਗੁਣ ਗਾਈ ਜਾਹ ਤੇ ਹੁਣ ਅੰਨਾ ਹਜ਼ਾਰੇ ਦਾ ਨਾਮ ਜਪ। ਜਾਹ ਨਾਲੇ ਸਰਪੰਚ ਤੇਰਾ ਇੰਤਜਾਰ ਕਰਦਾ ਪਿਆ'...।"

"ਜੱਥੇਦਾਰਾ ਕੀ ਕਰਾਂ ਇਹ ਢੋਲ ਹੈ ਨਾ, ਇਹ ਮੇਰੇ ਗਲ਼ ਪਿਆ ਹੈ। ਇਹ ਵਜਾਉਣਾ ਹੀ ਪੈਣਾ ਹੈ। ਬਾਕੀ ਤਾਂ ਜੋ ਕੁਝ ਹੈ, ਉਹ ਦਿੱਸ ਹੀ ਰਿਹਾ ਹੈ।" ਬੱਬੂ ਗਲ਼ ਪਿਆ ਢੋਲ ਵਜਾਉਣ ਲੱਗਾ ਤੇ ਸਰਪੰਚ ਦੀ ਹਵੇਲੀ ਵੱਲ ਨੂੰ ਚੱਲ ਪਿਆ।

ਸਰਪੰਚ ਦੀ ਹਵੇਲੀ ਰਾਤ ਦੇ ਹਨੇਰੇ ਵਿਚ ਵੀ ਚਮਕ ਰਹੀ ਸੀ। ਪਿੰਡ ਵਿਚ ਭਾਵੇਂ ਬਿਜਲੀ ਨਹੀਂ ਸੀ ਪਰ ਜਨਰੇਟਰ ਨਾਲ ਲਾਈਟਾਂ ਪੱਖੇ ਚੱਲ ਰਹੇ ਸਨ। ਅਲੱਗ-ਅਲੱਗ ਕਮਰਿਆਂ ਵਿਚ ਸਾਰੇ ਮਹਿਕਮਿਆਂ ਦੇ ਅਧਿਕਾਰੀ ਅਤੇ ਕਰਮਚਾਰੀ ਸਵੇਰ ਦੀ ਤਿਆਰੀ ਵਿਚ ਰੁਝੇ ਹੋਏ ਸਨ। ਪਾਰਟੀ ਵੱਲੋਂ ਪਾਰਟੀ ਦੇ ਸਿਆਸੀ ਵਰਕਰਾਂ ਦੀਆਂ ਡਿਊਟੀਆਂ ਲਾਈਆਂ ਜਾ ਰਹੀਆਂ ਸਨ। 'ਅੰਨਾ ਤੁਮ ਸੰਘਰਸ਼ ਕਰੋ ਹਮ ਤੁਮਾਰੇ ਸਾਥ ਹੈਂ।' ਅੰਨਾ ਹਜ਼ਾਰੇ ਦੀ ਫੋਟੋ ਲਾ ਕੇ ਇਹ ਨਾਹਰੇ ਲਿਖ ਕੇ ਕੱਪੜੇ ਦੇ ਪੋਸਟਰ ਲਗਾਏ ਜਾ ਰਹੇ ਸਨ। ਸਵੇਰ ਵਾਸਤੇ ਪੂਰੀ ਤਿਆਰੀ ਸੀ। ਬੱਬੂ ਦਾ ਢੋਲ ਸ਼ਾਂਤ ਹੋ ਗਿਆ ਸੀ। ਉਹ ਇਕ ਪਾਸੇ ਹੋ ਕੇ ਬੈਠ ਸ਼ਾਂਤ ਚਿਤ ਸਵੇਰ ਦੀ ਤਿਆਰੀ ਦੇਖ ਰਿਹਾ ਸੀ। ਸਰਪੰਚ ਤੇ ਹੋਰ ਵੱਡੇ ਅਧਿਕਾਰੀ ਨੇੜੇ ਦੇ 'ਹਵੇਲੀ' ਰੈਸਟੋਰੈਂਟ ਵਿਚ ਖਾਣਾ ਖਾਣ ਚੱਲੇ ਗਏ। ਜਾਣ ਤੋਂ ਪਹਿਲਾਂ ਸਰਪੰਚ ਨੇ ਆਪਣੇ ਪਾਰਟੀ ਵਰਕਰਾਂ ਨੂੰ ਕਿਹਾ ਕਿ "ਆਉਣ ਵਾਲੇ ਚਾਰ ਪੰਜ ਮਹੀਨੇ ਭ੍ਰਿਸ਼ਟਾਚਾਰ ਦੇ ਵਿਰੁੱਧ ਪ੍ਰਚਾਰ ਵਿਚ ਲਾ ਦਿਓ, ਫਿਰ ਪੰਜ ਸਾਲ ਮੌਜਾਂ ਹੀ ਮੌਜਾਂ, ਇਹੀ ਪਾਰਟੀ ਹਾਈ ਕਮਾਂਡ ਦਾ ਆਦੇਸ਼ ਹੈ।"

ਜਿਹੜੇ ਅਧਿਕਾਰੀ ਤੇ ਪਾਰਟੀ ਪ੍ਰਮੁੱਖ ਹਵੇਲੀ 'ਚ ਖਾਣਾ ਖਾਣ ਗਏ, ਉਹ ਦੇਰ ਤੱਕ ਵਾਪਸ ਨਾ ਆਏ। ਸ਼ਾਇਦ ਸ਼ਹਿਰ ਵਾਲੀ ਕੋਠੀ 'ਚ ਚਲੇ ਗਏ। ਸੰਗਤ ਦਰਸ਼ਨ ਲਈ ਸਵੇਰ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਸਨ।

ਸਵੇਰੇ ਠੀਕ ਗਿਆਰ੍ਹਾਂ ਵਜੇ ਸੰਗਤ ਦਰਸ਼ਨ ਦਾ ਪ੍ਰੋਗਰਾਮ ਸ਼ੁਰੂ ਹੋਇਆ। ਛੋਟੇ ਜਿਹੇ ਅਲੱਗ ਪ੍ਰੋਗਰਾਮ ਵਿਚ ਕੀਰਤਨ ਕਰਨ ਲਈ ਅਰਦਾਸ ਕੀਤੀ ਗਈ ਤੇ ਫਿਰ ਇਲਾਕੇ ਦੇ ਮੰਨੇ-ਪ੍ਰਮੰਨੇ ਢਾਡੀ ਆਪਣੀਆਂ ਵਾਰਾਂ ਪੇਸ਼ ਕਰਨ ਲੱਗੇ। ਗੁਰੂਆਂ ਦੀ ਮਹਿਮਾ ਗਾਈ ਜਾਣ ਲੱਗੀ। ਸਰਕਾਰ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਜਾਣ ਲੱਗੇ। ਕੇਂਦਰ ਦੀ ਰਾਜ ਕਰ ਰਹੀ ਪਾਰਟੀ ਦੀਆਂ ਕਮਜ਼ੋਰੀਆਂ ਦੇ ਪਾਜ਼ ਉਧੇੜੇ ਜਾਣ ਲੱਗੇ। ਵਾਰਾਂ ਗਾਉਣ ਵਾਲੇ ਢਾਡੀ ਵਿਚ-ਵਿਚ ਅੰਨਾ ਹਜ਼ਾਰੇ ਨੂੰ ਨਾਇਕ ਦੱਸਦੇ, ਫਿਰ ਵਾਰਾਂ ਗਾਉਣ ਲੱਗੇ। ਅਸੀਂ ਢਾਹ ਦਿੱਤੇ ਦਿੱਲੀ ਦੇ ਕੀਂਗਰੇ-ਕੀਂਗਰੇ ਹੁਣ ਲੈਣੀ ਏ ਕੁਰਪਸ਼ਨ ਢਾਹ। ਹੁਣ ਲੈਣੀ ਏ ਕੁਰਪਸ਼ਨ ਢਾਹ—ਆਹ—ਆਹ—ਆਹ। ਹੁਣ ਲੈਣੀ ਏ ਕੁਰਪਸ਼ਨ ਢਾਹ—ਹੁਣ ਲੈਣੀ ਏ ਕੁਰਪਸ਼ਨ ਢਾਹ।" ਢਾਡੀਆਂ ਦੀ ਵਾਰ ਬੜੀ ਸੁਰੀਲੀ ਸੀ। ਲੋਕ ਹੌਲੀ-ਹੌਲੀ ਇਕੱਠੇ ਹੋਣ ਲੱਗੇ, ਰੌਣਕ ਜਿਹੀ ਹੋਣ ਲੱਗੀ। ਕੁਰਪਸ਼ਨ ਦੇ ਵਿਰੋਧ ਵਿਚ ਢਾਡੀਆਂ ਦੀ ਵਾਰ ਆਪਣਾ ਜਾਦੂ ਖਲਾਰਨ ਲੱਗੀ। ਢੱਡਾਂ ਦੀਆਂ ਆਵਾਜ਼ਾਂ ਸਾਰੰਗੀ ਦੀ ਆਵਾਜ਼ ਤੇ ਹੇਕਾਂ ਸਪੀਕਰਾਂ 'ਚੋਂ ਉੱਠਣ ਲੱਗੀਆਂ।

"ਅਸੀਂ ਢਾਹ ਦਿੱਤੇ ਦਿੱਲੀ ਦੇ ਕੀਂਗਰੇ
ਕੀਂਗਰੇ ਕੀਂਗਰੇ ਕੀਂਗਰੇ
ਹਾਅ—ਹਾਅ—ਹਾਅ
ਦੇਣੀ ਇੱਟ ਨਾਲ ਇੱਟ ਖੜਕਾਅ



ਹੁਣ ਲੈਣੀ ਏ ਕੁਰਪਸ਼ਨ ਢਾਹ
ਢਾਹ—ਢਾਹ—ਢਾਹ
ਆਹ—ਆਹ—ਆਹ
ਦੇਣੀ ਇੱਟ ਨਾਲ ਇੱਟ ਖੜਕਾਅ
ਹੁਣ ਲੈਣੀ ਏ ਕੁਰਪਸ਼ਨ ਢਾਹ
ਹੁਣ ਲੈਣੀ ਏ ਕੁਰਪਸ਼ਨ ਢਾਹ
ਢਾਹ—ਢਾਹ—ਢਾਹ

ਢਾਡੀਆਂ ਨੇ ਘੰਟਾ ਕੁ ਕੁਰਪਸ਼ਨ ਦੀ ਵਾਰ ਗਾ ਕੇ ਖੂਬ ਰੰਗ ਬੰਨ੍ਹਿਆ। ਲੋਕਾਂ ਨੇ ਢਾਡੀਆਂ ਦੀ ਖੂਬ ਹੌਸਲਾ ਹਫਜਾਈ ਕੀਤੀ। ਸੌ-ਸੌ ਦੇ, ਪੰਜ-ਪੰਜ ਸੌ ਦੇ ਨੋਟ ਦਿੱਤੇ। ਮੁੱਖ ਮੰਤਰੀ ਦਾ ਇੰਤਜ਼ਾਰ ਹੋਣ ਲੱਗਾ। ਮਾਲ ਮੰਤਰੀ ਸਾਹਿਬ ਵੀ ਮੁੱਖ ਮੰਤਰੀ ਦੇ ਨਾਲ ਹੀ ਆਉਣਗੇ। ਵੱਡੇ ਅਧਿਕਾਰੀ ਵੀ ਜਿਵੇਂ ਡੀ. ਸੀ. ਤੇ ਕਮਿਸ਼ਨਰ ਸਾਹਿਬ। ਫਿਰ ਪਤਾ ਲੱਗਾ ਕਿ ਕਮਿਸ਼ਨਰ ਸਾਹਿਬ ਦਿੱਲੀ ਗਏ ਨੇ ਤੇ ਡੀ. ਸੀ. ਸਾਹਿਬ ਚੰਡੀਗੜ੍ਹ ਗਏ ਨੇ। ਬੀ. ਡੀ. ਪੀ. ਓ. ਆ ਗਏ, ਡੰਗਰਾਂ ਦੇ ਡਾਕਟਰ ਆ ਗਏ, ਸਕੂਲ ਦੇ ਬੱਚੇ ਤੇ ਅਧਿਆਪਕ ਆ ਗਏ। ਬੱਚਿਆਂ ਵਿਚੋਂ ਬਹੁਤੇ ਬੱਚਿਆਂ ਨੇ ਅੰਨਾ ਹਜ਼ਾਰੇ ਵਾਲੀ ਟੋਪੀ ਪਾ ਰੱਖੀ ਸੀ। ਕੁਝ ਰੰਗਾਰੰਗ ਪ੍ਰੋਗਰਾਮ ਵਿਚ ਬੱਚਿਆਂ ਨੇ ਵੀ ਆਈਟਮਾਂ ਪੇਸ਼ ਕੀਤੀਆਂ। ਕਸਮਾਂ ਖਾਧੀਆਂ ਗਈਆਂ ਕਿ ਆਉਣ ਵਾਲੇ ਸਮੇਂ ਵਿਚ ਇਮਾਨਦਾਰੀ ਨਾਲ ਕੰਮ ਕਰਾਂਗੇ।

ਸੰਗਤ ਦਰਸ਼ਨ ਵਿਚ ਸੰਗਤ ਆ ਚੁੱਕੀ ਸੀ। ਸੰਗਤ ਵਿਚ ਸੰਗਤ ਹੀ ਇਕ ਦੂਜੇ ਦੇ ਦਰਸ਼ਨ ਕਰ ਰਹੀ ਸੀ। ਸੰਗਤ ਵਿਚੋਂ ਅੱਧੀ ਸੰਗਤ ਦੇ ਕੰਨਾਂ ਨੂੰ ਮੋਬਾਇਲ ਲੱਗੇ ਹੋਏ ਸਨ।

"ਹੈਲੋ-ਹੈਲੋ—ਮੈਂ ਬਾਹਰ ਆ ਕੇ ਗੱਲ ਕਰਦਾਂ। ਮੈਂ ਠਹਿਰ ਕੇ ਗੱਲ ਕਰਦਾਂ।" ਏਦਾਂ ਦੀਆਂ ਆਵਾਜ਼ਾਂ ਸਨ।

ਮੰਚ ਸੰਚਾਲਕ ਫਿਰ ਕਹਿਣ ਲੱਗਾ, "ਬਸ ਮੁੱਖ ਮੰਤਰੀ ਸਾਹਿਬ ਆਉਣ ਹੀ ਵਾਲੇ ਨੇ। ਕਈ ਜਗ੍ਹਾ ਸੰਗਤ ਦਰਸ਼ਨ ਦੇ ਪ੍ਰੋਗਰਾਮ ਹੋਣ ਕਰਕੇ ਉਹ ਲੇਟ ਹੋ ਗਏ। ਸਾਡੇ ਸੰਗਤ ਦਰਸ਼ਨ 'ਚ ਉਹਨਾਂ ਦਾ ਪ੍ਰੋਗਰਾਮ ਬਾਅਦ ਵਿਚ ਹੈ, ਸਭ ਤੋਂ ਅਖੀਰ ਵਿਚ ਹੈ। ਸਮਾਂ ਬਚਾ ਲਈਏ। ਸੰਗਤ ਨੂੰ ਬੇਨਤੀ ਹੈ ਕਿ ਨਾਲ ਹੀ ਗੁਰਦੁਆਰੇ 'ਚ ਲੰਗਰ ਦਾ ਪ੍ਰਬੰਧ ਹੈ। ਸਾਧ ਸੰਗਤ ਲੰਗਰ ਵੀ ਛਕੀ ਜਾਵੇ।"

ਮੰਚ ਸੰਚਾਲਕ ਦੇ ਏਨਾ ਕਹਿਣ ਦੀ ਸੀ ਕਿ ਅੱਕੇ ਤੇ ਥੱਕੇ ਹੋਏ ਲੋਕ ਲੰਗਰ ਵੱਲ ਨੂੰ ਹੋ ਤੁਰੇ। ਲੰਗਰ ਛਕ ਕੇ ਸਵੇਰ ਦੇ ਬੈਠੇ ਲੋਕ ਜਾਣ ਦਾ ਰਸਤਾ ਫੜਨ ਲੱਗੇ। ਗਿਆਰ੍ਹਾਂ ਵਜੇ ਦਾ ਸ਼ੁਰੂ ਪ੍ਰੋਗਰਾਮ ਢਾਈ ਤਿੰਨ ਵੱਜਣ ਤੱਕ ਵਿਖਰਨ ਲੱਗਾ। ਅਧਿਕਾਰੀਆਂ ਵਿਚੋਂ ਤਹਿਸੀਲਦਾਰ ਹੀ ਸਨ। ਉਂਜ ਉਸ ਨਾਲ ਨਾਇਬ ਤਹਿਸੀਲਦਾਰ, ਕਾਨੂੰਗੋ, ਪਟਵਾਰੀ, ਬਹੁਤ ਸਾਰੇ ਕਰਮਚਾਰੀ ਸਨ। ਬੀ. ਡੀ. ਪੀ. ਓ. ਸੀ./ਬੀ. ਡੀ. ਪੀ. ਓ. ਨੇ ਭਾਸ਼ਣ ਕੀਤਾ। ਵਿਕਾਸ ਦੀਆਂ ਬੜੀਆਂ ਗੱਲਾਂ ਕੀਤੀਆਂ। "ਹੁਣ ਇਮਾਨਦਾਰੀ ਨਾਲ ਕੰਮ ਕਰਨ ਦਾ ਪ੍ਰਣ ਕੀਤਾ। ਪੰਚਾਇਤ ਵਿਭਾਗ ਵਿਚ ਭ੍ਰਿਸ਼ਟਾਚਾਰ ਦਾ ਖਾਤਮਾ ਕੀਤਾ ਜਾਵੇਗਾ। ਕੋਈ ਵੀ ਸ਼ਕਾਇਤ ਹੋਵੇ ਸਿੱਧੇ ਮਿਲੋ ਤੇ ਅੰਨਾ ਬਾਬੇ ਦੀ ਜੈ", ਬੀ. ਡੀ. ਓ. ਖਾਣਾ ਪੂਰੀ ਕਰਕੇ ਹੇਠਾਂ ਆ ਗਿਆ।

ਸੰਗਤ ਦਰਸ਼ਨ ਦਾ ਪ੍ਰੋਗਰਾਮ ਹੁਣ ਸਮਾਪਤੀ ਵੱਲ ਸੀ। ਮੁੱਖ ਮੰਤਰੀ ਸਾਹਿਬ ਨੇ ਨਹੀਂ ਸੀ ਆਉਣਾ। ਇਹ ਸੂਚਨਾ ਪ੍ਰਬੰਧਕਾਂ ਦੇ ਪਾਸ ਸੀ। ਪ੍ਰਬੰਧਕਾਂ ਵਿਚ ਸਰਕਾਰੀ ਅਧਿਕਾਰੀ, ਪਿੰਡ ਦੀ ਪੰਚਾਇਤ, ਸਰਪੰਚ ਅਤੇ ਪੰਚ, ਲੰਬੜਦਾਰ ਸ਼ਾਮਲ ਸਨ। ਪਰ ਪ੍ਰਬੰਧਕ ਜੇ ਪਹਿਲਾਂ ਇਹ ਦੱਸ ਦਿੰਦੇ ਤਾਂ ਲੋਕਾਂ ਨੇ ਚਲੇ ਜਾਣਾ ਸੀ। ਫਿਰ ਸਰਪੰਚ ਸਾਹਿਬ ਮੰਚ 'ਤੇ ਆਏ ਤੇ ਖਿਮਾ ਮੰਗੀ। ਮੁੱਖ ਮੰਤਰੀ

ਸਾਹਿਬ ਦੇ ਨਾ ਆਉਣ ਦੀ ਅਤੇ ਸਰਪੰਚ ਨੇ ਤਹਿਸੀਲਦਾਰ ਸਾਹਿਬ ਨੂੰ ਇਨਾਮ ਵੰਡਣ ਤੇ ਪ੍ਰਧਾਨਗੀ ਭਾਸ਼ਣ ਦੇਣ ਦੀ ਬੇਨਤੀ ਕੀਤੀ।

"ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ," ਤਹਿਸੀਲਦਾਰ ਸਾਹਿਬ ਬੋਲੇ।

ਸਾਹਮਣੇ ਤੋਂ ਵੀ ਮੱਧਮ ਜਿਹੀ ਆਵਾਜ਼ ਆਈ।

"ਮੌਜੂਦਾ ਸਰਕਾਰ ਨੇ ਪਿੰਡਾਂ ਦਾ ਬਹੁਤ ਵਿਕਾਸ ਕੀਤਾ ਹੈ। ਪਿੰਡਾਂ ਬਾਰੇ ਬਹੁਤ ਸੋਚਿਆ। ਕਬੱਡੀ ਦੇ ਮੈਚ ਕਰਵਾਏ ਸਨ। ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਾਈਆਂ ਹਨ। ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਹੈ।"

ਤਹਿਸੀਲਦਾਰ ਨੇ ਨਸ਼ਿਆਂ ਦੀ ਗੱਲ ਕੀਤੀ ਤਾਂ ਪਿੰਡ ਦੇ ਦੋ ਬੰਦੇ ਉੱਠ ਕੇ ਖੜ੍ਹੇ ਹੋ ਗਏ, "ਜਨਾਬ ਅਸੀਂ ਇਕ ਗੱਲ ਕਰਨੀ ਹੈ।" ਉਹ ਬੋਲੇ।

"ਹਾਂ ਜੀ ਬੋਲੋ।"

"ਜਨਾਬ ਤੁਸੀਂ ਤਾਂ ਨਸ਼ਿਆਂ ਦੇ ਵਿਰੁੱਧ ਗੱਲ ਕਰਦੇ ਹੋ, ਸਾਡੇ ਪਿੰਡ ਵਾਲਿਆਂ ਨੇ ਲਿਖ ਕੇ ਦਿੱਤਾ ਕਿ ਸਾਡੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਿਆ ਜਾਵੇ ਪਰ ਸਰਕਾਰ ਨੇ ਫਿਰ ਵੀ ਠੇਕਾ ਖੋਲ੍ਹ ਦਿੱਤਾ। ਹੁਣ ਤੱਕ ਬੰਦ ਕਿਉਂ ਨਹੀਂ ਕੀਤਾ ?"

ਤਹਿਸੀਲਦਾਰ ਬੇਬੱਸ ਜਿਹੇ ਹੋ ਗਏ। ਉਸ ਨੇ ਬੀ. ਡੀ. ਪੀ. ਓ. ਵੱਲ ਦੇਖਿਆ।

"ਜਨਾਬ ਇਸ ਵਿਚ ਸਰਪੰਚ ਹਿੱਸੇਦਾਰ ਹੈ ਅਤੇ ਇਹ ਨਵੀਂ ਐਕਸਾਈਜ ਪਾਲੀਸੀ ਹੇਠਾਂ ਖੁੱਲ੍ਹਿਆ ਹੈ।" ਬੀ. ਡੀ. ਪੀ. ਓ. ਦੇ ਕੰਨ ਵਿਚ ਕਿਸੇ ਨੇ ਕਿਹਾ।

ਤਹਿਸੀਲਦਾਰ ਸਾਹਿਬ ਨੇ ਆਪਣਾ ਭਾਸ਼ਨ ਚਾਲੂ ਰੱਖਿਆ, "ਆਪ ਬੈਠ ਜਾਓ, ਅਜੇਹਾ ਨਵੀਂ ਐਕਸਾਈਜ ਪਾਲੀਸੀ ਹੇਠ ਹੋਇਆ ਹੈ। ਮੈਨੂੰ ਇਸ ਦੀ ਪੂਰੀ ਜਾਣਕਾਰੀ ਨਹੀਂ ਹੈ। ਮੈਂ ਸੰਬੰਧਤ ਮਹਿਕਮੇ ਨਾਲ ਗੱਲ ਕਰਕੇ ਇਹ ਮਸਲਾ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆ ਦੇਵਾਂਗਾ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਆਮ ਪੇਂਡੂ ਆਦਮੀ ਵੀ ਬੜਾ ਜਾਗਰੂਕ ਹੋ ਗਿਆ ਹੈ। ਇਹ ਸਭ ਅੰਨਾ ਹਜ਼ਾਰੇ ਦੀ ਕਿਰਪਾ ਹੋਈ ਹੈ। ਸਾਡੀ ਸਰਕਾਰ ਨੇ ਅੰਨਾ ਹਜ਼ਾਰੇ ਨੂੰ ਭਰਪੂਰ ਹਮਾਇਤ ਦੇਣ ਦਾ ਨਿਸਚੇ ਕੀਤਾ ਹੈ।" ਤਹਿਸੀਲਦਾਰ ਸਾਹਿਬ ਬੋਲਦੇ-ਬੋਲਦੇ ਰੁਕੇ, ਥੋੜ੍ਹਾ ਘਬਰਾਹਟ ਮਹਿਸੂਸ ਕੀਤੀ। ਜਿਹਨਾਂ ਬੰਦਿਆਂ ਨੇ ਠੇਕਾ ਬੰਦ ਕਰਾਉਣ ਦੀ ਸ਼ਕਾਇਤ ਕੀਤੀ ਸੀ, ਉਹ ਉੱਠ ਕੇ ਤੁਰ ਪਏ ਸਨ। 'ਨਵੀਂ ਐਕਸਾਈਜ ਪਾਲੀਸੀ' ਉਹਨਾਂ ਦੀ ਸਮਝ ਤੋਂ ਬਾਹਰ ਸੀ। ਤਹਿਸੀਲਦਾਰ ਸਾਹਿਬ ਫਿਰ ਬੋਲੇ, "ਮੇਰੇ ਕਿਸੇ ਪਟਵਾਰੀ ਵਿਰੁੱਧ ਸ਼ਕਾਇਤ ਹੋਵੇ ਤਾਂ ਦੱਸੋ—ਸਮਾਂ ਬਹੁਤ ਹੋ ਗਿਆ ਹੈ। ਬਾਕੀ ਸ਼ਕਾਇਤਾਂ ਲਿਖ ਕੇ ਦੇ ਦਿਓ, ਕੁਝ ਰਾਤੀਂ ਮਿਲੀਆਂ ਵੀ ਹਨ, ਮੈਂ ਦੇਖ ਲਵਾਂਗਾ। ਆਪਾਂ ਤੁਹੱਈਆ ਕਰੀਏ ਕੁਰਪਸ਼ਨ ਨੂੰ ਢਾਹ ਲਈਏ..."

ਲੋਕਾਂ ਨੇ ਜਾਣਾ ਸ਼ੁਰੂ ਕਰ ਦਿੱਤਾ ਤੇ ਤਹਿਸੀਲਦਾਰ ਸਾਹਿਬ ਨੇ ਵੀ ਆਪਣਾ ਭਾਸ਼ਣ ਖ਼ਤਮ ਕੀਤਾ ਅਤੇ ਮੰਚ ਤੋਂ ਹੇਠਾਂ ਉੱਤਰ ਆਏ। ਉਹਨਾਂ ਦੇ ਚਿਹਰੇ 'ਤੇ ਘਬਰਾਹਟ ਅਜੇ ਵੀ ਬਰਕਰਾਰ ਸੀ। ਸੰਗਤ ਦਰਸ਼ਨ ਵਿਚ ਬੈਠੇ ਲੋਕਾਂ ਨੇ ਕੋਈ ਖਾਸ ਤਾੜੀਆਂ ਨਾ ਮਾਰੀਆਂ।

ਹੁਣ ਆਉਣ ਦੀ ਵਾਪਸੀ ਸੀ।

"ਸਰਪੰਚ ਸਾਹਿਬ ਇਹ ਠੇਕਾ ਬੰਦ ਕਰਾਉਣ ਵਾਲੇ ਕੌਣ ਸਨ ?" ਇਕੱਲੇ ਜਿਹੇ ਹੋ ਕੇ ਤਹਿਸੀਲਦਾਰ ਸਾਹਿਬ ਨੇ ਪੁੱਛਿਆ।

"ਉਹ ਜੀ ਕੀ ਦੱਸੀਏ, ਇਹਨਾਂ 'ਚ ਕੁਝ ਤਾਂ ਸਤਸੰਗੀ ਹਨ। ਕੁਝ ਬੀ. ਐਸ. ਪੀ. ਤੇ ਕੁਝ ਟਰਿਪਲ ਪੀ ਵਾਲੇ, ਬੜਾ ਪਰੇਸ਼ਾਨ ਕਰ ਰੱਖਿਆ ਏਹਨਾਂ। ਉੱਤੋਂ ਅੰਨਾ ਹਜ਼ਾਰੇ ਦਾ ਜਾਦੂ ਕੀ



ਦੱਸੀਏ ਜਨਾਬ," ਸਰਪੰਚ ਬੋਲੇ।

"ਲੰਚ ਜਨਾਬ...?" ਕਿਸੇ ਨੇ ਪੁੱਛਿਆ।

"ਨਹੀਂ, ਹੁਣ ਲੰਚ ਨਹੀਂ, ਹੁਣ ਜਾਵਾਂਗੇ। ਦਫਤਰ ਜਾ ਕੇ ਚਾਰ ਫਾਈਲਾਂ ਨਿਪਟਾਵਾਂਗੇ।" ਸਾਰੇ ਅਧਿਕਾਰੀ ਗੱਡੀ ਵੱਲ ਨੂੰ ਹੋਏ।

"ਰੁਕੋ ਰੁਕੋ, ਥੋੜ੍ਹਾ ਰੁਕੋ," ਫਿਰ ਆਵਾਜ਼ ਆਈ। ਕੋਈ ਬੰਦਾ ਗਿਫਟ ਪੈਕ ਚੁੱਕੀ ਆ ਰਿਹਾ ਸੀ। ਡਰਾਈਵਰ ਨੇ ਗੱਡੀ ਦਾ ਗੇਟ ਖੋਲ੍ਹਿਆ। ਪਿੱਛੋਂ ਡਿੱਗੀ ਉੱਪਰ ਚੁੱਕੀ। ਪਰ ਤਹਿਸੀਲਦਾਰ ਨੇ ਨਜ਼ਰੀਂ ਪੈ ਗਿਆ। "ਉਹ ਨਹੀਂ।" ਉਹ ਬੋਲੇ। ਬੰਦਾ ਰੁੱਕ ਗਿਆ।

"ਨਹੀਂ ਜਨਾਬ, ਇਹ ਤਾਂ ਪਿੰਡ ਵਾਲਿਆਂ ਵੱਲੋਂ ਇਕ ਛੋਟੀ ਜਿਹੀ ਮਾਣ ਭੇਟਾ ਹੈ, ਟੋਕਨ ਹੈ, ਨਿਸ਼ਾਨੀ ਹੈ।"

"ਨਹੀਂ, ਹੁਣ ਅਗਲੀਆਂ ਚੋਣਾਂ ਤੱਕ ਕੋਈ ਨਿਸ਼ਾਨੀ ਨਹੀਂ। ਬਹੁਤ ਹੋ ਗਈਆਂ ਨਿਸ਼ਾਨੀਆਂ।"

"ਨਹੀਂ ਜਨਾਬ, ਖਾਲੀ ਅਸੀਂ ਨਹੀਂ ਜਾਣ ਦੇਣਾ। ਅਸੀਂ ਗੱਡੀ ਰੋਕਾਂਗੇ।" ਲੰਬੜਦਾਰ ਬੋਲੇ। ਤਹਿਸੀਲਦਾਰ ਪ੍ਰਬੰਧਕਾਂ ਦੇ ਪਿਆਰ ਪਿੱਛੇ ਬੇਬਸ ਹੋ ਗਏ।

"ਅੱਛਾ ਜੇ ਨਹੀਂ ਹਟਦੇ ਤਾਂ ਇੰਜ ਕਰੋ ਆਹ ਨਾਲ ਗੁੜ ਕਿਹਦਾ ਬਣਦਾ ਹੈ ?" ਨੇੜੇ ਹੀ ਕਿਤੇ ਗੰਨੇ ਪੀੜ ਕੇ ਰਸ ਕੱਢੀ ਜਾ ਰਹੀ ਸੀ ਤੇ ਗੁੜ ਬਣਦਾ ਸੀ। ਗੁੜ ਦੀ ਮਹਿਕ ਆ ਰਹੀ ਸੀ।

"ਮੇਰੇ ਵਾਸਤੇ ਚਾਰ ਗੰਨੇ ਵਧੀਆ ਜਿਹੇ ਛਾਂਟ ਕੇ ਲੈ ਕੇ ਆਓ...।" ਤਹਿਸੀਲਦਾਰ ਸਾਹਿਬ ਬੋਲੇ। ਉਹ ਫਿਰ ਬੋਲੇ, "ਹਾਂ ਜੀ ਸਾਹਿਬ ਸਾਹਿਬ।" ਉਹਨਾਂ ਨਾਲ ਖੜ੍ਹੇ ਨਾਇਬ ਤਹਿਸੀਲਦਾਰ ਸਾਹਿਬ ਵੱਲ ਇਸ਼ਾਰਾ ਕੀਤਾ।

"ਬਹੁਤ ਅੱਛੇ ਜਨਾਬ, ਇਹ ਤੋਹਫਾ ਪਿੰਡ ਵਾਲਿਆਂ ਵੱਲੋਂ ਅੱਛਾ ਰਹੇਗਾ। ਦੋ ਗੰਨੇ ਮੇਰੇ ਲਈ ਵੀ ਬਈ—ਕਿਉਂ ਜੀ ਕਾਨੂੰਗੋ ਸਾਹਿਬ...," ਤਹਿਸੀਲਦਾਰ ਨੇ ਕਾਨੂੰਗੋ ਵੱਲ ਦੇਖਿਆ।

"ਜਨਾਬ ਅੱਜ ਤੇ ਕਮਾਲ ਹੋ ਗਈ! ਲਓ ਬਈ—ਇਕ ਗੰਨਾ ਮੇਰੇ ਵਾਸਤੇ ਵਧੀਆ ਜਿਹਾ ਛਾਂਟ ਕੇ—ਹਾਂ ਬਈ—ਪਟਵਾਰੀ ਜੀ—।" ਉਸ ਹਲਕਾ ਪਟਵਾਰੀ ਵੱਲ ਦੇਖਿਆ।

"ਨਹੀਂ ਜਨਾਬ, ਕੁਝ ਨਹੀਂ ਚਾਹੀਦਾ। ਮੈਂ ਤਾਂ ਰਹਿੰਨਾ ਹੀ ਗੰਨਿਆਂ ਵਿਚ ਹਾਂ। ਜੰਮਿਆ ਏਥੇ, ਮਰਨਾ ਵੀ ਏਥੇ," ਪਟਵਾਰੀ ਬੋਲਿਆ।

"ਓਏ ਕੁਝ ਮੰਗਲੈ..." ਤਹਿਸੀਲਦਾਰ ਸਾਹਿਬ ਬੋਲੇ।

"ਜਨਾਬ ਹੁਣ ਮੰਗਣ ਲਈ ਵੈਸੇ ਤਾਂ ਕੁਝ ਰਹਿ ਨਹੀਂ ਗਿਆ। ਵੈਸੇ ਤਾਂ ਮੈਂ ਹੁਣ ਅੱਧੇ ਗੰਨੇ ਦਾ ਹੱਕਦਾਰ ਹਾਂ। ਜਨਾਬ ਨੇ ਚਾਰ ਗੰਨੇ ਲਏ। ਨਾਇਬ ਸਾਹਿਬ ਨੇ ਦੋ, ਕਾਨੂੰਗੋ ਸਾਹਿਬ ਨੇ ਇਕ ਤੇ ਫਿਰ ਇਕ ਤੋਂ ਘੱਟ ਕੀ। ਵੈਸੇ ਇਹੀ ਹਿਸਾਬ ਆਪਣੇ ਮਹਿਕਮੇ ਵਿਚ ਵੀ ਚੱਲਦਾ ਹੈ। ਅੱਛਾ ਐਂ ਕਰੀਂ ਬਈ ਜੁਆਨਾ, ਤੂੰ ਇਕ ਪਾਲੀਥੀਨ ਦਾ ਲਿਫ਼ਾਫ਼ਾ ਲੈ ਲਈਂ। ਚਾਰ ਤੇ ਦੋ ਛੇ ਤੇ ਛੇ ਇਕ ਕਿੰਨੇ ਹੋ ਗਏ ?"

"ਸੱਤ," ਸਾਹਮਣੇ ਤੋਂ ਜਵਾਬ ਆਇਆ।

"ਚਾਰ ਜਮ੍ਹਾ ਦੋ ਜਮ੍ਹਾ ਇਕ ਸੱਤ ਤੇ ਤੂੰ ਨਾ ਔਹ ਚੁੱਭੇ 'ਚੋਂ ਸੱਤਾਂ ਗੰਨਿਆਂ ਦੀ ਸੁਆਹ, ਅੰਦਾਜਾ ਕਿੰਨਾ ਕੁ ਹੋਊ ਉਹ ਸੁਆਹ ਪੁਆ ਲਿਆ।" ਪਟਵਾਰੀ ਨੇ ਆਦੇਸ਼ ਕੀਤਾ।

"ਉਹ ਪਟਵਾਰੀ ਸਾਹਿਬ 'ਸੱਤਾਂ ਚੁੱਲ੍ਹਿਆਂ ਦੀ ਸੁਆਹ' ਤਾਂ ਸੁਣੀ ਸੀ ਆਹ 'ਸੱਤਾਂ ਗੰਨਿਆਂ ਦੀ ਸੁਆਹ' ਤੂੰ ਨਵਾਂ ਮੁਹਾਵਰਾ ਬਣਾ ਦਿੱਤਾ। ਇਹ ਕੀ ਪਰੋਜੈਕਟ ਹੈ ਸੱਤਾਂ ਗੰਨਿਆਂ ਦੀ ਸੁਆਹ ਦਾ...।"

"ਉਹ ਹੁਣ ਕੀ ਕਰੀਏ ਜੀ, ਆਹ ਵੀ ਦਿਨ ਦੇਖਣੇ ਸੀ। ਹੁਣ ਇਕ ਗੰਨੇ ਤੋਂ ਘੱਟ ਕੀ ਮੰਗਾਂ! ਉਹ ਤਾਂ ਸੁਆਹ ਹੀ ਮੰਗੀ ਜਾ ਸਕਦੀ ਹੈ। ਸੁਆਹ ਲਿਫ਼ਾਫ਼ੇ 'ਚ ਪਾ ਕੇ ਲੈ ਜਾਨਾ, ਸ਼ਹਿਰ ਤਾਂ ਮਿਲਦੀ ਨਹੀਂ, ਘਰ ਵਾਲੀ ਚਾਰ ਦਿਨ ਭਾਂਡੇ ਮਾਂਜ ਲਊ, ਹੁਣ ਕੀ ਕਰੀਏ ਜੀ, ਭਾਂਡੇ ਮਾਂਜਣ ਦਾ ਵਿਮ ਪਾਊਡਰ ਬੜਾ ਮਹਿੰਗਾ ਹੋ ਗਿਆ। ਸੌ ਪੰਜਾਹ ਤਾਂ ਬਚੂਗਾ ਹੀ। ਨਾਲੇ ਹੁਣ ਵੱਡੇ ਅਫਸਰਾਂ ਦੇ ਸਾਹਮਣੇ ਪਟਵਾਰੀ ਵਿਚਾਰਾ ਕੀ ਚੀਜ਼ ਹੈ। ਅੱਗੇ ਸੀ ਪਟਵਾਰੀਆਂ ਦਾ ਰਾਜ, ਹੁਣ ਤਾਂ ਜੀ ਬਸ ਨਾਂ ਦੇ ਪਟਵਾਰੀ ਰਹਿ ਗਏ...।" ਪਟਵਾਰੀ ਨੇ ਹੌਲਾ ਜਿਹਾ ਲਿਆ।

ਉਹ ਹੋਰ ਬੋਲਦਾ ਗੰਨੇ ਲੈ ਕੇ ਇਕ ਦੋ ਮੁੰਡੇ ਆਏ, ਸੁਆਹ ਦਾ ਲਿਫ਼ਾਫ਼ਾ ਵੀ ਆ ਗਿਆ। ਉਹ ਪਟਵਾਰੀ ਨੇ ਫੜ ਲਿਆ ਸੀ। ਉਹ ਬੜਾ ਖੁਸ਼ ਸੀ। ਸੁਆਹ ਦਾ ਲਿਫ਼ਾਫ਼ਾ ਬੜਾ ਸੰਭਾਲ ਕੇ ਫੜਿਆ। ਡਰਾਈਵਰ ਨੇ ਗੱਡੀ ਸਟਾਰਟ ਕੀਤੀ ਸੀ। ਉਦੋਂ ਬੱਬੂ ਢੋਲ ਵਾਲਾ ਪਤਾ ਨਹੀਂ ਕਿੱਥੋਂ ਆ ਗਿਆ। "ਢੋਲ ਵਾਲਿਆ, ਢੋਲ ਵਾਲਿਆ ਢੋਲ ਤੇ ਡਗਾ ਲਗਾ, ਤਾਜ਼ਾ ਸਮਾਚਾਰ ਸੁਣਾ।" ਬੱਬੂ ਢੋਲ ਵਾਲਾ ਢੋਲ ਵਜਾਉਣ ਲੱਗਾ। ਉਸ ਨੇ ਕਿੰਨੀ ਦੇਰ ਢੋਲ ਵਜਾਇਆ। ਫਿਰ ਰੁਕਿਆ। "ਵੱਡੇ-ਵੱਡੇ ਸਰਦਾਰਾਂ ਦੀ ਜੈ-ਜੈ, ਭਾਗ ਲੱਗੇ ਰਹਿਣ, ਪਰਮਾਤਮਾ ਮੇਹਰ ਕਰੇ, ਤਰੱਕੀਆਂ ਕਰੋ।"

ਤਹਿਸੀਲਦਾਰ ਸਾਹਿਬ ਨੇ ਸੌ ਦਾ ਨੋਟ ਦਿੱਤਾ। ਬੱਬੂ ਵੱਡਾ ਨੋਟ ਭਾਲਦਾ ਸੀ। ਰਸਤੇ 'ਚੋਂ ਪਰੇ ਨਹੀਂ ਸੀ ਹੋ ਰਿਹਾ।

"ਉਹ ਚੱਲ ਪਰੇ ਹੱਟ, ਸਾਹਿਬ ਨੂੰ ਰਸਤਾ ਦੇਹ। ਆਹ ਸੁਆਹ ਲੈ ਕੇ ਚੱਲੇ ਆਂ ਇਸ ਪਿੰਡੋਂ, ਲੈ ਤੂੰ ਵੀ ਸੁਆਹ ਲੈ ਲੈ ਚੁਟਕੀ। ਜਾਹ ਜਾ ਕੇ ਅੰਨਾ ਹਜ਼ਾਰੇ ਤੋਂ ਮੰਗ," ਏਨਾ ਸੁਣਦਿਆਂ ਹੀ ਬੱਬੂ ਨੇ ਕਾਰ ਦਾ ਰਸਤਾ ਛੱਡ ਦਿੱਤਾ ਸੀ।

ਮੋਬਾਇਲ—9888405888

---

ਪੰਨਾ ਨੰ: ਬਾਕੀ ਦਾ 126

ਤੇ ਮੈਂ ਉਸ ਦੀ ਗੱਲ ਮੰਨ ਲਈ।...

"ਅੱਜ ਕੱਲ ਦੇ ਮੁੰਡੇ ਵੀ ਬਸ...!" ਜ਼ਰਾ ਕੁ ਹਿਰਖੀ ਜਿਹੀ ਉਹ ਆਖ ਰਹੀ ਸੀ, "ਤੂੰ ਉਹ ਆਦਮੀ ਦੇਖਿਆ ਸੀ ਜਿਹੜਾ ਪਿਛਲੇ ਸਟੇਸ਼ਨ 'ਤੇ ਉਤਰ ਗਿਆ ਸੀ? ਐਂਗਲੋ ਇੰਡੀਅਨ? ਕਿਆ ਤਾਕਤਵਰ ਆਦਮੀ ਏ! ...ਕਿਆ ਦਮ ਏਂ! ...ਤੇ ਤੂੰ!"

ਗੱਡੀ ਦੇ ਰੁਕਣ ਵਰਗੀ ਖੜ ਖੜ ਹੋਣ ਲੱਗੀ।

"ਪਰ ਤੂੰ ਬਹੁਤ ਜਲਦੀ ਸਿਖ ਜਾਵੇਂਗਾ। ਤੇਰੇ ਵਿਚ ਵੀ ਦਮ ਤਾਂ ਹੈ, ਜਿਵੇਂ ਮੈਂ ਦੇਖਿਆ...!" ਆਖਦੀ ਉਹ ਕਲਿੱਪ ਲਾਉਂਦੀ ਆਪਣੇ ਵਾਲ ਠੀਕ ਕਰਨ ਲੱਗੀ। ਆਪਣੀ ਸਾੜ੍ਹੀ ਤੇ ਬਲਾਊਜ਼ ਸਹੀ ਕਰਕੇ ਮੁੜ ਬਰੋਚ ਲਗਾ ਲਿਆ ਤੇ ਉਵੇਂ ਹੀ ਹੋ ਗਈ ਜਿਵੇਂ ਉਹ ਖੰਡਾਲਾ ਤੋਂ ਕੰਪਾਰਟਮੈਂਟ ਵਿਚ ਵੜਨ ਵੇਲੇ ਸੀ। ਜਿਉਂ ਹੀ ਗੱਡੀ ਕਿਰਕੀ ਸਟੇਸ਼ਨ ਵਿਚ ਦਾਖਲ ਹੋਈ ਤਾਂ ਉਹ ਦਰਵਾਜ਼ੇ ਵਲ ਤੁਰ ਗਈ।

"ਗੌਡ ਬਲਿੱਸ ਯੂ ਮਾਈ ਬੁਆਏ!" ਉਸ ਨੇ ਹੱਥ ਹਿਲਾਉਂਦਿਆਂ ਕਿਹਾ, "ਰੱਬ ਕਰੇ ਤੂੰ ਆਪਣੀ ਮੰਜ਼ਿਲ 'ਤੇ ਠੀਕ ਪੁੱਜੇਂ!"

ਉਹ ਆਪਣੇ ਮਹਿੰਗੇ ਸੈਂਡਲਾਂ ਨਾਲ ਟਿੱਕ ਟਿੱਕ ਕਰਦੀ ਹਨੇਰੇ ਵਿਚ ਗਾਇਬ ਹੋ ਗਈ।

ਕੰਪਾਰਮੈਂਟ ਦਾ ਦਰਵਾਜ਼ਾ ਮੁੜ ਕੇ ਬੰਦ ਹੋ ਗਿਆ। ਤੇ ਮੈਂ ਉਥੇ ਬੈਠਾ ਸੋਚ ਰਿਹਾ ਸਾਂ ਮਰਦ ਬਣਨ ਦਾ ਪਹਿਲਾ ਸਬਕ ਤਾਂ ਬਹੁਤ ਜ਼ਬਰਦਸਤ ਸੀ ਭਾਵੇਂ ਇਹ ਸਬਕ ਹਾਲੇ ਖਤਮ ਨਹੀਂ ਸੀ ਹੋਇਆ।

ਹੁਣ ਮੈਂ ਆਪਣੇ ਕੈਰੀਅਰ ਦੀ ਪਹਿਲੀ ਫਿਲਮਿੰਗ ਵਾਸਤੇ ਤਿਆਰ-ਬਰ-ਤਿਆਰ ਸਾਂ।



## ਦੁੱਧ ਤੇ ਪਾਣੀ/ਬਲਦੇਵ ਸਿੰਘ ਲੰਡਨ

ਮੈਂ ਬਾਹਰ ਜਾਣ ਲੱਗਾ ਤਾਂ ਮੇਰੀ ਪਤਨੀ ਕਹਿਣ ਲੱਗੀ, "ਯਾਦ ਕਰੋ ਕੋਈ ਚੀਜ਼ ਤਾਂ ਨਹੀਂ ਭੁੱਲ ਗਏ?"

ਮੈਂ ਕਾਹਲੀ ਨਾਲ ਸਾਰੀਆਂ ਜੇਬਾਂ ਫਰੋਲ੍ਹੀਆਂ ਮਤਾਂ ਕਿਤੇ ਘਰ ਦੀਆਂ ਕੁੰਜੀਆਂ, ਬੱਸ-ਪਾਸ ਜਾਂ ਪੈਸ ਤਾਂ ਨਹੀਂ ਭੁੱਲ ਗਿਆ। ਸਾਰੀਆਂ ਲੋੜੀਂਦੀਆਂ ਚੀਜ਼ਾਂ ਥਾਵੇਂ ਸਨ। ਮੈਂ ਲਾਇਬਰੇਰੀ ਜਾਣਾ ਸੀ ਤੇ ਵਾਪਸ ਕਰਨ ਵਾਲੀਆਂ ਕਿਤਾਬਾਂ ਦੁਬਾਰਾ ਚੈੱਕ ਕੀਤੀਆਂ। ਲਾਇਬਰੇਰੀ ਦਾ ਕਾਰਡ ਵੀ ਕੱਢ ਕੇ ਦੇਖਿਆ ਅਤੇ ਪੜ੍ਹਨ-ਲਿਖਣ ਵਾਲੀਆਂ ਐਨਕਾਂ ਵੀ ਟੋਹ ਕੇ ਦੇਖੀਆਂ। ਬੈਗ ਵਿਚ ਸਭ ਕੁਝ ਸੀ।

ਮੈਂ ਦਿਮਾਗ 'ਤੇ ਜ਼ੋਰ ਪਾ ਕੇ ਸੋਚਣ ਲੱਗਾ: ਕੀ ਚੀਜ਼ ਭੁੱਲ ਗਿਆਂ? ਜਦ ਐਨ ਯਕੀਨ ਹੋ ਗਿਆ ਕਿ ਸਭ ਕੁਝ ਠੀਕ ਠਾਕ ਹੈ ਤਾਂ ਐਵੇਂ ਦੁਬਾਰਾ ਉਹਦੀ ਵੱਲ ਝਾਕਦਿਆਂ ਕਿਹਾ, "ਨਹੀਂ ਲਗਦੈ ਤਾਂ ਨਹੀਂ ਕਿ ਕੋਈ ਚੀਜ਼ ਭੁੱਲ ਗਿਆਂ ਪਰ ਬੁੱਢੇ-ਬਾਰੇ ਭੁੱਲਣ ਦੀ ਬਿਮਾਰੀ ਵੀ ਤਾਂ ਹੋ ਸਕਦੀ ਹੈ!"

ਉਹ ਉਸੇ ਤਰ੍ਹਾਂ ਮੁਸਕਰਾ ਰਹੀ ਸੀ, ਸਗੋਂ ਖਿੜੀ ਹੋਈ ਸੀ ਤੇ ਬੋਲੀ, "ਇਕ ਵਾਰ ਹੋਰ ਯਾਦ ਕਰੋ, ਸ਼ਾਇਦ ਚੇਤਾ ਆ ਜਾਏ।"

ਉਹਦੇ ਚਿਹਰੇ 'ਤੇ ਮੁਸਕਰਾਹਟ ਨਹੀਂ ਸਗੋਂ ਅਜੀਬ ਤਰ੍ਹਾਂ ਦਾ ਭੋਲਾਪਨ ਤੇ ਖਚਰੇਪਨ ਦਾ ਮਿਲਗੋਭਾ ਜਿਹਾ ਸੀ। ਮੈਂ ਉਹਦੇ ਵਲ ਹੋਰ ਧਿਆਨ ਨਾਲ ਦੇਖਿਆ ਤਾਂ ਸਾਰੀ ਗੱਲ ਸਮਝਦਿਆਂ ਖਿੜ ਖਿੜਾ ਕੇ ਹੱਸਦਿਆਂ ਕਿਹਾ, "ਹਾਂ ਬਈ, ਚੇਤਾ ਆ ਗਿਆ। ਕੋਈ ਚੀਜ਼ ਨਹੀਂ ਸਗੋਂ ਬਹੁਤ ਹੀ ਜ਼ਰੂਰੀ ਚੀਜ਼ ਭੁੱਲ ਗਿਆ ਸੀ।"

ਮੈਂ ਉਹਨੂੰ ਘੁੱਟ ਕੇ ਜੱਫੀ ਪਾਉਂਦਿਆਂ ਚੁੰਮ ਕੇ ਕਿਹਾ, "ਸੱਚ-ਮੁਚ ਮੈਂ ਭੁੱਲ ਹੀ ਗਿਆ ਸੀ! ਸ਼ਾਇਦ ਇਹੀ ਬੁਢਾਪਾ ਹੈ! ਮੇਰੇ ਖਿਆਲ ਵਿਚ ਤਾਂ ਬੁਢਾਪੇ ਨੂੰ ਜਵਾਨੀ ਵਿਚ ਬਦਲਣ ਵਾਲੀ 'ਸੰਜੀਵਨੀ-ਬੂਟੀ' ਵੀ ਇਹੀ ਹੈ।"

ਤੁਹਾਨੂੰ ਸ਼ਾਇਦ ਮੇਰੀ ਗੱਲ ਸਮਝ ਨਾ ਆ ਰਹੀ ਹੋਵੇ, ਇਸ ਕਰਕੇ ਮੈਂ ਤੁਹਾਨੂੰ ਸਾਰੀ ਗੱਲ ਦੱਸਦਾਂ ਕਿ ਮੇਰੀ ਰੇਤ ਦੇ ਟਿੱਬਿਆਂ ਵਰਗੀ ਜ਼ਿੰਦਗੀ ਵਿਚ ਇਹ ਗੁਲਜ਼ਾਰ ਕਿਵੇਂ ਫੁਟ ਪਈ

ਸਾਡੇ ਵਿਆਹ ਨੂੰ ਅੱਧੀ ਸਦੀ ਤੋਂ ਉਪਰ ਹੋ ਚੁੱਕੀ ਹੈ ਤੇ ਅਸੀਂ ਵੀ ਬਾਕੀ ਹੋਰ ਵਿਆਹੇ ਹੋਏ ਜੋੜਿਆਂ ਵਾਂਗ ਆਪਸ ਵਿਚ ਜੂਤ-ਪਤਾਨ ਵੀ ਹੁੰਦੇ ਰਹਿੰਦੇ ਸੀ ਅਤੇ ਕਦੀ ਕਦੀ ਜਿਵੇਂ ਅਚਾਨਕ ਗਰਮ ਰੁੱਤੇ ਵਰਖਾ ਹੋ ਜਾਏ, ਸਾਡੀ ਜ਼ਿੰਦਗੀ ਵਿਚ ਖੁਸ਼ੀ ਦੇ ਛਿੱਟੇ ਵੀ ਪੈਂਦੇ ਰਹਿੰਦੇ ਸਨ। ਆਮ ਤੌਰ 'ਤੇ ਗੁੱਸੇ-ਗਿਲੇ ਵਧ ਹੁੰਦੇ ਹਨ। ਗੁੱਸੇ-ਗਿਲੇ ਹੀ ਕੀ, ਕਈ ਵਾਰ ਤਾਂ ਸੱਚ-ਮੁਚ ਹਲਕੇ ਹੋਏ ਕੁੱਤਿਆਂ ਵਾਂਗ ਝੌਰ ਲਾਈ ਇਸ ਮੌਕੇ ਦੀ ਤਾੜ ਵਿਚ ਬੈਠੇ ਰਹਿੰਦੇ ਸੀ ਕਿ ਕੋਈ ਸਾਹਮਣੇ ਆਏ ਤੇ ਉਹਨੂੰ ਵੱਢਦਿਆਂ ਆਪਣੀ ਸਾਰੀ ਜ਼ਹਿਰ ਅਗਲੇ ਦੇ ਸਰੀਰ ਵਿਚ ਉਗਲ ਦੇਈਏ, ...ਪਰ ਰੱਬ ਭਲਾ ਕਰੇ ਸਾਡੀ ਇਕ ਦੋਹਤੀ ਦਾ ਜਿਹਨੇ ਸਾਡੀ ਜ਼ਿੰਦਗੀ ਵਿਚ ਅਚਾਨਕ ਇਕ ਸੁੰਦਰ ਮੋੜ ਲੈ ਆਂਦਾ, ਨਹੀਂ ਤਾਂ ਤਲਾਕ ਹੋ ਜਾਂਦਾ ਤਾਂ ਵੱਡੀ ਗੱਲ ਨਹੀਂ ਸੀ।

ਸਾਡੀ ਜ਼ਿੰਦਗੀ ਵਿਚ ਸਭ ਕੁਝ ਹੁੰਦਿਆਂ ਹੋਇਆਂ ਵੀ ਇਕ ਘਾਟ ਸੀ ਤੇ ਉਹ ਘਾਟ ਸੀ ਪਿਆਰ ਦੀ। ਪਿਆਰ ਦੀ ਨਹੀਂ ਸਗੋਂ ਪਿਆਰ ਸਬੰਧੀ ਸਮਝ ਦੀ ਘਾਟ ਸੀ। ਸਾਨੂੰ ਸਮਝ ਨਹੀਂ ਸੀ ਕਿ ਪਿਆਰ ਤੇ ਨਫਰਤ ਦੋ ਵੱਖਰੀਆਂ ਚੀਜ਼ਾਂ ਨਹੀਂ, ਸਗੋਂ ਇਕੋ ਚੀਜ਼ ਦੇ ਦੋ ਪਾਸੇ ਹਨ। ਮਨ ਇਹਨਾਂ ਨੂੰ ਇਕਸਾਰ ਨਹੀਂ ਦੇਖਦਾ। ਦੇਖ ਹੀ ਨਹੀ ਸਕਦਾ ਕਿਉਂਕਿ ਇਹਨੂੰ ਹਮੇਸ਼ਾ ਇਕੋ ਪਾਸਾ ਦੇਖਣ ਦੀ

ਆਦਤ ਹੈ।

ਤੁਸੀਂ ਪੁੱਛੋਗੇ ਕਿ ਇਹ ਪ੍ਰੀਵਰਤਨ ਕਿਵੇਂ ਹੋਇਆ?

ਹੋਇਆ ਇਸ ਤਰ੍ਹਾਂ ਕਿ ਇਕ ਦਿਨ ਮੈਂ ਬੈਠਾ ਲਿਖ-ਪੜ੍ਹ ਰਿਹਾ ਸੀ ਕਿ ਸਾਡੀ ਇਕ ਛੋਟੀ ਦੋਹਤੀ ਅੰਗਰੇਜ਼ੀ ਵਿਚ ਕਹਿਣ ਲੱਗੀ, "ਵੱਡੇ ਡੈਡ, ਕੀ ਮੈਂ ਤੁਹਾਨੂੰ ਕੋਈ ਸਵਾਲ ਪੁੱਛ ਸਕਦੀ ਆਂ?"

ਮੈਂ ਲਿਖਣਾ ਛੱਡ ਕੇ ਉਹਦੀ ਵੱਲ ਤੱਕਦਿਆਂ ਕਿਹਾ, "ਇਕ ਛੱਡ ਕੇ ਹਜ਼ਾਰ ਸਵਾਲ ਪੁੱਛ। ਤੂੰ ਸਗੋਂ ਪੁੱਛਣ ਵਾਲੀ ਬਣ।"

ਉਹ ਪਨ ਕੁ ਲਈ ਝਿਜਕੀ ਪਰ ਫਿਰ ਜਿਗਰਾ ਕਰਕੇ ਉਸੇ ਤਰ੍ਹਾਂ ਅੰਗਰੇਜ਼ੀ ਵਿਚ ਬੋਲੀ, "ਵੱਡੇ ਡੈਡ, ਤੁਸੀਂ ਮੈਨੂੰ ਜੱਫੀ ਨਹੀਂ ਕਿਉਂ ਨਹੀਂ ਪਾਉਂਦੇ?"

ਮੈਨੂੰ ਹੈਰਾਨੀ ਤਾਂ ਹੋਈ ਪਰ ਖੁਸ਼ ਹੁੰਦਿਆਂ ਉਹਨੂੰ ਆਪਣੇ ਨਾਲ ਘੁੱਟ ਲਿਆ।

ਕੁਝ ਦੇਰ ਬਾਅਦ ਜਦ ਵੱਖਰੇ ਹੋਏ ਤਾਂ ਉਹ ਵਿਸਥਾਰ ਨਾਲ ਅੰਗਰੇਜ਼ੀ ਵਿਚ ਕਹਿਣ ਲੱਗੀ, "ਅਸਲ ਵਿਚ ਵੱਡੇ ਡੈਡ, ਜਦ ਤੋਂ ਤੁਸੀਂ ਇਕ ਮੈਨੂੰ ਆਪਣੇ ਨਾਲ ਅਚਾਨਕ ਘੁੱਟ ਲਿਆ ਸੀ ਤਾਂ ਮੈਂ ਸਾਰਾ ਦਿਨ ਖੁਸ਼ ਰਹੀ ਸੀ। ਜਿਵੇਂ ਮੈਂ ਸੁਭਾਗੀ ਹੋਵਾਂ। ਮੈਨੂੰ ਇੰਜ ਜਾਪਿਆ ਸੀ ਜਿਵੇਂ ਸਾਰਾ ਦਿਨ ਤੁਸੀਂ ਮੇਰੇ ਨਾਲ ਰਹੇ ਹੋਵੋਂ। ਮੈਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਚਿੰਤਾ ਨਹੀਂ ਸੀ ਰਹੀ। ਮੈਂ ਆਪਣੇ ਆਪ ਨੂੰ ਬਹੁਤ ਸੁਰੱਖਿਅਤ ਸਮਝਦੀ ਸੀ ਜਿਵੇਂ ਤੁਹਾਡੇ ਨਾਲ ਹੁੰਦਿਆਂ ਮੈਨੂੰ ਕਿਸੇ ਗੱਲ ਦਾ ਕੋਈ ਵੀ ਖਤਰਾ ਨਹੀਂ, ...ਤੇ ਜੋ ਕੁਝ ਵੀ ਹੋਊਗਾ, ਉਹ ਠੀਕ ਹੀ ਹੋਊਗਾ। ਮੈਨੂੰ ਚੰਗੀ ਤਰ੍ਹਾਂ ਯਕੀਨ ਹੈ ਕਿ ਉਸ ਦਿਨ ਕੋਈ ਵੀ ਮਾੜੀ ਗੱਲ ਨਹੀਂ ਸੀ ਹੋਈ, ਸਗੋਂ ਕਈ ਦਿਨ ਬਾਅਦ ਵੀ ਇਸ ਤਰ੍ਹਾਂ ਦੀ ਭਾਵਨਾ ਬਣੀ ਰਹੀ ਸੀ। ...ਸੋ ਮੈਂ ਚਾਹੁੰਦੀ ਹਾਂ ਕਿ ਜਦ ਵੀ ਆਪਾਂ ਮਿਲੀਏ ਤਾਂ ਜੱਫੀ ਪਾ ਕੇ ਮਿਲੀਏ...।"

ਮੈਂ ਆਪ ਮੁਹਾਰੇ ਇਕ ਵਾਰ ਹੋਰ ਉਹਨੂੰ ਆਪਣੇ ਨਾਲ ਘੁੱਟ ਲਿਆ ਸੀ ਤੇ ਕਿਹਾ, "ਜ਼ਰੂਰ, ਮੈਂ ਅੱਗੋਂ ਹਮੇਸ਼ਾ ਤੈਨੂੰ ਗਲ਼ ਨਾਲ ਨਾਲ ਕੇ ਮਿਲੂੰਗਾ। ਅਜਿਹਾ ਕਰਨ ਨਾਲ ਇਕੱਲੀ ਤੂੰ ਹੀ ਖੁਸ਼ ਨਹੀਂ ਹੁੰਦੀ, ਮੈਨੂੰ ਵੀ ਅਪਾਰ ਖੁਸ਼ੀ ਮਿਲਦੀ ਹੈ।"

ਉਦੋਂ ਮੈਂ ਉਹਨੂੰ ਇਹ ਗੱਲ ਆਖ ਦਿਤੀ ਸੀ ਪਰ ਇਹ ਦੱਸਣ ਦਾ ਹੌਸਲਾ ਨਹੀਂ ਸੀ ਕਰ ਸਕਿਆ ਕਿ ਮੇਰੇ ਆਪਣੇ ਮਾਂ-ਬਾਪ ਨੇ ਮੈਨੂੰ ਕਦੀ ਵੀ ਗਲ਼ ਨਾਲ ਨਹੀਂ ਸੀ ਘੁੱਟਿਆ। ਪਿਆਰ ਨਾਲ ਚੁੰਮਣਾ ਤਾਂ ਇਕ ਪਾਸੇ। ਕਈ ਭੁੱਲ ਭੁਲੇਖੇ ਪਿਆਰ ਨਾਲ ਬੁਲਾਇਆ ਵੀ ਨਹੀਂ ਸੀ। ਉਦੋਂ ਮੈਂ ਵੀ ਇਸੇ ਤਰ੍ਹਾਂ ਆਪਣੇ ਮਾਂ-ਬਾਪ ਨੂੰ ਪੁੱਛਣਾ ਚਾਹੁੰਦਾ ਸੀ ਕਿ ਮੇਰਾ ਕੀ ਕਸੂਰ ਹੈ? ਤੁਸੀਂ ਮੈਨੂੰ ਪਿਆਰ ਕਿਉਂ ਨਹੀਂ ਕਰਦੇ? ਜੇਕਰ ਪਿਆਰ ਕਰਦੇ ਹੋ ਤਾਂ ਉਹਦਾ ਪ੍ਰਗਟਾਵਾ ਕਿਉਂ ਨਹੀਂ ਕਰਦੇ? ਉਸ ਸਮੇਂ ਸ਼ਾਇਦ ਸਾਰੇ ਮਾਂ-ਬਾਪ ਇਹੀ ਸਮਝਦੇ ਸਨ ਕਿ ਪਿਆਰ ਨਾਲ ਬੱਚੇ ਵਿਗੜ ਜਾਂਦੇ ਹਨ। ਖਾਸ ਤੌਰ 'ਤੇ ਬਾਪ ਲੋਕ ਤਾਂ ਕਦੀ ਵੀ ਬੱਚਿਆਂ ਵਲ ਬਹੁਤਾ ਧਿਆਨ ਨਹੀਂ ਸੀ ਦਿੰਦੇ ਜਿਵੇਂ ਇਹ ਕੰਮ ਸਿਰਫ ਮਾਵਾਂ ਲਈ ਰਾਖਵਾਂ ਹੀ ਹੋਵੇ। ਇਥੋਂ ਤੱਕ ਕਿ ਕਈ ਮਾਵਾਂ ਵੀ ਆਪਣੇ ਲਾਡਲੇ ਪੁੱਤਰਾਂ ਨੂੰ ਚੁੰਮਣ ਲੱਗੀਆਂ ਸ਼ਰਮ ਨਾਲ ਲਾਲ ਸੁਰਖ ਹੋ ਜਾਂਦੀਆਂ ਸਨ, ਜਿਵੇਂ ਚੁੰਮਣਾ ਮਾੜਾ ਤੇ ਗੰਦਾ ਕੰਮ ਹੋਵੇ। ਸ਼ਾਇਦ ਅੱਗੋਂ ਉਹਨਾਂ ਦੇ ਮਾਂ-ਬਾਪ ਵੀ ਇਹੋ ਕੁਝ ਕਰਦੇ ਸਨ। ਇਸ ਤਰ੍ਹਾਂ ਇਹ ਆਦਤ ਪੁਸ਼ਤੋ-ਪੁਸ਼ਤੀ ਆ ਰਹੀ ਸੀ। ਇਸ ਵੇਲੇ ਮੇਰੇ ਪੜ੍ਹਿਆ-ਲਿਖਿਆ ਤੇ ਅਗਾਂਹ ਵਧੂ ਹੋਣ ਉਪਰੰਤ ਵੀ ਇਹ ਆਦਤ ਨਹੀਂ ਸੀ ਗਈ।

ਮੈਨੂੰ ਹਾਲੀ ਤੱਕ ਯਾਦ ਹੈ ਕਿ ਜਦ ਮੇਰੇ ਆਪਣੇ ਘਰ ਪਹਿਲਾ ਲੜਕਾ ਪੈਦਾ ਹੋਇਆ ਸੀ ਤੇ ਲੋਕ ਮੈਨੂੰ ਵਧਾਈਆਂ ਦੇ ਰਹੇ ਸਨ ਤਾਂ ਮੈਨੂੰ ਏਨੀ ਸ਼ਰਮ ਆ ਰਹੀ ਸੀ, ਜਿਵੇਂ ਮੈਂ ਕੋਈ ਗੰਦਾ ਕੰਮ ਕਰਦਾ



ਫੜਿਆਂ ਗਿਆ ਹੋਵਾਂ, ਭਾਵੇਂ ਉਦੋਂ ਮੇਰੀ ਉਮਰ ਤੇਈ ਸਾਲ ਦੀ ਸੀ।

...ਬਸ ਉਸ ਦਿਨ ਤੋਂ ਬਾਅਦ ਮੈਂ ਆਪਣੇ ਗਰੈਂਡ ਬੱਚਿਆਂ ਨੂੰ ਹਮੇਸ਼ਾ ਜੱਫੀ ਪਾ ਕੇ ਮਿਲਦਾ ਹਾਂ। ਇਥੋਂ ਤੱਕ ਕਿ ਹੁਣ ਆਪਣੇ ਬੱਚਿਆਂ ਨੂੰ ਵੀ, ਭਾਵੇਂ ਉਹ ਮੇਰੇ ਨਾਲੋਂ ਕਿਤੇ ਵੱਡੇ (ਹਰੇਕ ਪੱਖੋਂ) ਹੋ ਗਏ ਹਨ, ਹਮੇਸ਼ਾ ਗਲ਼ ਨਾਲ ਘੁੱਟ ਕੇ ਮਿਲਦਾ ਹਾਂ। ਮੈਨੂੰ ਆਪਣੀ ਇਸ ਕਮਜ਼ੋਰੀ ਦਾ ਪਤਾ ਤਾਂ ਸੀ ਪਰ ਇਸ ਨੂੰ ਦੂਰ ਨਹੀਂ ਸੀ ਕਰ ਸਕਿਆ। ਪਰ ਹੁਣ ਇਸ ਬੱਚੀ ਦੀ ਹੱਲਾ-ਸ਼ੇਰੀ ਨਾਲ ਸਭ ਨੂੰ ਗਲਵਕੜੀ ਪਾ ਕੇ ਮਿਲਦਾ ਹਾਂ।

ਇਕ ਦਿਨ ਕੋਈ ਦਿਨ-ਤਿਓਹਾਰ ਸੀ। ਘਰ ਸਾਰੇ ਬੱਚੇ ਤੇ ਅੱਗੋਂ ਉਹਨਾਂ ਦੇ ਬੱਚੇ ਵੀ ਆਏ ਹੋਏ ਸਨ। ਮੈਂ ਉਹਨਾਂ ਸਾਰਿਆਂ ਨੂੰ ਜੱਫੀ ਪਾ ਕੇ ਮਿਲਿਆ ਤਾਂ ਮੇਰੀ ਪਤਨੀ ਇਕ ਪਾਸੇ ਖੜ੍ਹੀ ਦੇਖਦੀ ਅਚਾਨਕ ਨਿਹੋਰੇ ਨਾਲ ਬੋਲੀ, "ਕਿਉਂ, ਕੀ ਗੱਲ, ਮੈਨੂੰ ਆਪਣੇ ਨਾਲ ਕਿਉਂ ਨਹੀਂ ਘੁੱਟਦੇ? ਇਸ ਕਰਕੇ ਕਿ ਮੈਂ ਹੁਣ ਬੁੱਢੀ ਹੋ ਗਈ ਆਂ। ਮੈਂ ਤੁਹਾਡਾ ਕੀ ਵਿਗਾੜਿਆ ਹੈ? ਕੀ ਮੈਂ ਇਸ ਕਾਬਲ ਨਹੀਂ?"

ਤੁਸੀਂ ਯਕੀਨ ਕਰਨਾ, ਧੁਰ ਮੇਰੇ ਅੰਦਰ ਦਿਲ ਵਿਚੋਂ ਇਕ ਹੌਕਾ ਜਿਹਾ ਨਿਕਲਿਆ, ਜਿਵੇਂ ਮੈਂ ਸਾਰੀ ਉਮਰ ਉਹਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ ਜਾਂ ਕਬੀਲਦਾਰੀ ਦੇ ਕੰਮਾਂ ਵਿਚ ਇਹ ਪਿਆਰ ਹਮੇਸ਼ਾ ਦੱਬਿਆ ਕੁਚਲਿਆ ਰਹਿੰਦ ਸੀ। ...ਮੈਂ ਉਹਨੂੰ ਆਪਣੇ ਨਾਲ ਘੁੱਟ ਲਿਆ ਤੇ ਆਪ ਮੁਹਾਰੇ ਚੁੰਮ ਵੀ ਲਿਆ। ਖੁਸ਼ੀ ਵਿਚ ਬੱਚੇ ਤਾੜੀਆਂ ਮਾਰਨ ਲੱਗ ਪਏ।

ਇਹ ਸ਼ਾਇਦ ਉਹਨਾਂ ਲਈ ਪਹਿਲਾ ਮੌਕਾ ਸੀ ਜਦ ਉਹਨਾਂ ਆਪਣੀਆਂ ਅੱਖਾਂ ਨਾਲ ਪ੍ਰਤੱਖ ਦੇਖ ਲਿਆ ਸੀ ਕਿ ਇਹ ਬੁੱਢੇ ਲੜਨ-ਝਗੜਨ ਵਿਚ ਹੀ ਹੁਸ਼ਿਆਰ ਨਹੀਂ, ਸਗੋਂ ਪਿਆਰ ਕਰਨ ਵਿਚ ਵੀ ਪ੍ਰਬੀਨ ਹਨ। ...ਤੇ ਮੈਨੂੰ ਆਪਣੇ ਪੁੱਤਰ ਦੀ ਕਹੀ ਗੱਲ ਯਾਦ ਆ ਗਈ, ਜਿਹੜੀ ਉਹਨੇ ਪੈਂਤੀ ਸਾਲ ਪਹਿਲਾਂ, ਸਾਨੂੰ ਆਪਸ ਵਿਚ ਝਗੜਦਿਆਂ ਦੇਖ ਕੇ ਕਹੀ ਸੀ ਕਿ ਜੇਕਰ ਤੁਸੀਂ ਇਕ ਦੂਸਰੇ ਨੂੰ ਏਨੀ ਹੀ ਨਫਰਤ ਕਰਦੇ ਹੋ ਤਾਂ ਤਲਾਕ ਕਿਉਂ ਨਹੀਂ ਲੈ ਲੈਂਦੇ?

...ਪਰ ਹੁਣ ਤਲਾਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਵੇਂ ਕਹਿੰਦੇ ਹਨ ਕਿ 'ਆਪ ਦਿਤਾ ਤਾਂ ਦੁੱਧ ਬਰਾਬਰ, ਮੰਗ ਲਿਆ ਤਾਂ ਪਾਣੀ' ਅਨੁਸਾਰ ਹੁਣ ਪਿਆਰ ਨੂੰ ਨਫਰਤ ਵਿਚ ਬਦਲਣ ਵਾਲੀ ਸਾਰੀ ਕਿਰਿਆ ਨੂੰ ਪਹਿਚਾਣ ਲਿਆ ਸੀ।

---

**ਸਮਰੱਥ ਆਲੋਚਕ**

**ਡਾ. ਆਤਮ ਸਿੰਘ ਰੰਧਾਵਾ ਦੀ**

**ਉਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਅਮਰਜੀਤ ਕੌਂਕੇ ਕਾਵਿ : ਸਿਰਜਣਾ ਤੇ ਸੰਵਾਦ, ਅਤੇ ਸ਼ਬਦ, ਸਿੱਧਾਂਤ ਤੇ ਸੰਵਾਦ ਤੋਂ ਬਾਅਦ ਨਵੀਂ ਪੁਸਤਕ**

## ਸਾਹਿਤ ਅਧਿਐਨ ਵਿਧੀਆਂ
## ਤੇ
## ਸਮਕਾਲੀ ਪੰਜਾਬੀ ਕਵਿਤਾ

**ਪੰਨੇ : 160 ਮੁੱਲ : 220 ਰੁਪਏ**

**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

# ਸਭ ਤੋਂ ਪਹਿਲੀ ਫਿਲਮ ਲਈ ਪੂਨੇ ਜਾਂਦਿਆਂ.../ਦੇਵਾ ਨੰਦ
## -ਹਰਜੀਤ ਅਟਵਾਲ

ਪ੍ਰਭਾਤ ਸਟੂਡਿਓ ਵਿਚ ਰਿਪੋਟ ਕਰਨ ਲਈ ਪੂਨੇ ਜਾਂਦਿਆਂ ਮੈਂ ਬਹੁਤ ਖੁਸ਼ ਸਾਂ। ਇਸ ਵਾਰ ਮੈਂ 'ਦੱਖਣ ਕੁਈਨ' ਵਿਚ ਨਹੀਂ ਸਾਂ ਜਾ ਰਿਹਾ ਬਲਕਿ ਇਹ ਸਾਧਾਰਨ 'ਨਾਈਟ ਟਰੇਨ' ਸੀ। ਆਪਣੇ ਕੰਪਾਟਰਮੈਂਟ ਵਿਚ ਮੈਂ ਇਕੱਲਾ ਸਾਂ ਤੇ ਇਕ ਲੌਰਡ ਵਾਂਗ ਚੌੜਾ ਹੋ ਕੇ ਖਿੜਕੀ ਨੇ ਨਜ਼ਦੀਕ ਬੈਠਾ ਸਾਂ। ਬਾਹਰ ਦੂਰ ਰਾਤ ਦੇ ਹਨੇਰੇ ਵਿਚ ਇਕ ਤਾਰਾ ਟਿਮਟਿਮਾ ਰਿਹਾ ਸੀ।

'ਟਿਵਿੰਕਲ ਟਿਵਿੰਕਲ ਲਿਟਲ ਸਟਾਰ...!' ਮੈਂ ਆਪਣੇ ਸੁਫਨਿਆਂ ਦੇ ਸਿਤਾਰੇ ਫੈਂਟਦਿਆਂ ਕਿਹਾ। ਜਵਾਬ ਵਿਚ ਉਹ ਤਾਰਾ ਮੇਰੇ ਵਲ ਦੇਖ ਕੇ ਇਕ ਵਾਰ ਫਿਰ ਟਿਮਟਿਮਾਇਆ ਤੇ ਫਿਰ ਅਚਾਨਕ ਇਕ ਪਾਸਿਓਂ ਬੱਦਲ ਨੇ ਆ ਕੇ ਉਸ ਨੂੰ ਢਕ ਲਿਆ। ਦੇਖਦਿਆਂ ਹੀ ਦੇਖਦਿਆਂ ਬੱਦਲ ਸਾਰੇ ਆਸਮਾਨ ਵਿਚ ਛਾ ਗਏ ਤੇ ਰਾਤ ਹੋਰ ਵੀ ਹਨੇਰੀ ਤੇ ਡਰਾਉਣੀ ਹੋ ਗਈ। ਇਕ ਸਟੇਸ਼ਨ 'ਤੇ ਗੱਡੀ ਰੁਕੀ, ਦਰਵਾਜ਼ਾ ਸਪਾਟ ਖੁਲ੍ਹਿਆ। ਜ਼ਰਾ ਭਾਰੇ ਸਰੀਰ ਦੀ ਔਰਤ, ਆਪਣੇ ਤੀਹਵਿਆਂ ਵਿਚ ਹੋਵੇਗੀ, ਸ਼ਰਾਰਤੀ ਹਾਸਾ ਹੱਸਦੀ ਹੋਈ ਕੰਪਾਟਰਮੈਂਟ ਵਿਚ ਦਾਖਲ ਹੋਈ। ਉਸ ਦੇ ਮਗਰ ਹੀ ਸੂਟ ਪਾਈ ਇਕ ਆਦਮੀ ਅੰਦਰ ਆ ਗਿਆ। ਔਰਤ ਨੇ ਗੁਲਾਬੀ ਰੰਗ ਦੀ ਸਾੜ੍ਹੀ ਪਹਿਨੀ ਹੋਈ ਸੀ ਜਿਹੜੀ ਕਿ ਪਾਰਸੀ ਢੰਗ ਨਾਲ ਬੰਨੀ ਹੋਈ ਸੀ। ਉਸ ਦੇ ਬਲਾਊਜ਼ 'ਤੇ ਲੱਗਾ ਬਰੋਚ ਚਮਕ ਰਿਹਾ ਸੀ। ਉਹ ਬਹੁਤ ਹੀ ਘੁਲ-ਮਿਲ ਕੇ ਗੱਲਾਂ ਕਰ ਰਹੇ ਸਨ ਤੇ ਖੁਲ੍ਹ ਕੇ ਹੱਸ ਰਹੇ ਸਨ। ਔਰਤ ਨੇ ਆਲਾ ਦੁਆਲਾ ਦੇਖਿਆ ਤੇ ਉਪਰਲੇ ਬਰਥ ਵਲ ਇਸ਼ਾਰਾ ਕਰਨ ਲੱਗੀ। ਆਦਮੀ ਛਾਲ ਮਾਰ ਕੇ ਬਰਥ 'ਤੇ ਚੜ ਗਿਆ ਤੇ ਫਿਰ ਉਸ ਨੂੰ ਵੀ ਉਸ ਨੇ ਉਪਰ ਹੀ ਖਿੱਚ ਲਿਆ ਤੇ ਜਲਦੀ ਹੀ ਮੇਰੀਆਂ ਅੱਖਾਂ ਤੋਂ ਓਝਲ ਜਿਹੇ ਹੋ ਗਏ। ਗੱਡੀ ਹੁਝਕਾ ਮਾਰ ਕੇ ਚੱਲ ਪਈ। ਦਰਵਾਜ਼ਾ ਜ਼ੋਰ ਨਾਲ ਬੰਦ ਹੋ ਗਿਆ ਤੇ ਗੱਡੀ ਮੁੜ ਸਪੀਡ ਫੜਨ ਲੱਗੀ। ਹੁਣ ਮੈਂ ਸੁਣ ਸਕਦਾ ਸਾਂ ਕਿ ਦੋਵੇਂ ਇਕ ਦੂਜੇ ਨਾਲ ਛੇੜਖਾਨੀ ਕਰ ਰਹੇ ਸਨ। ਉਹਨਾਂ ਦੀ ਕਾਨਾਫੂਸੀ ਮੇਰੇ ਕੰਨੀ ਪੈ ਰਹੀ ਸੀ, "ਤੇਜ਼, ...ਹੋਰ ਤੇਜ਼!"

ਮੈਂ ਵੀ ਗੱਡੀ ਦੀ ਸਪੀਡ ਨਾਲ ਉਡਿਆ ਜਾ ਰਿਹਾ ਸਾਂ। ਮੇਰਾ ਮਨ ਦੂਰ ਤਕ ਨਿਕਲ ਗਿਆ ਹੋਇਆ ਸੀ। ਅਚਾਨਕ ਉਪਰੋਂ ਹਾਸੇ ਦੀਆਂ ਫੁਹਾਰਾਂ ਫੁੱਟ ਤੁਰੀਆਂ। ਆਦਮੀ ਕਹਿ ਰਿਹਾ ਸੀ, "ਨਾ ਬਈ, ਕੁਤਕੁਤਾਰੀਆਂ ਨਾ ਕੱਢ ਮੇਰੇ!"

ਮੇਰੀ ਜਗਿਆਸਾ ਵਧ ਰਹੀ ਸੀ। ਸ਼ਾਇਦ ਉਹ ਸੰਭੋਗ ਕਰ ਰਹੇ ਸਨ! ਮੈਂ ਕਦੇ ਵੀ ਸੰਭੋਗ ਨਹੀਂ ਸੀ ਕੀਤਾ, ਹਾਂ, ਆਪਣੀ ਕਲਪਨਾ ਵਿਚ ਭਾਵੇਂ ਕਦੇ ਇਹ ਅਨੰਦ ਲਿਆ ਹੋਵੇ। ਇਹ ਕਿਹੋ ਜਿਹਾ ਹੋਵੇਗਾ? ਔਰਤ ਤੁਹਾਡੀਆਂ ਬਾਹਾਂ ਵਿਚ ਹੋਵੇ..., ਸਿਰਫ ਤੁਸੀਂ ਦੋਵੇਂ ਹੀ ਹੋਵੋਂ? ਅਜਿਹੇ ਵੇਲੇ ਤੁਹਾਨੂੰ ਕੀ ਕਰਨਾ ਹੋਵੇਗਾ?

ਅੱਗੇ ਸਟੇਸ਼ਨ ਆ ਰਿਹਾ ਸੀ। ਉਹ ਆਦਮੀ ਆਪਣੀ ਮਹਿਬੂਬਾ ਦੀ ਆਗੋਸ਼ ਵਿਚ ਨਿਕਲਿਆ ਤੇ ਉਸ ਨੇ ਬਰਥ ਤੋਂ ਹੇਠਾਂ ਛਾਲ ਮਾਰ ਦਿਤੀ। ਫਿਰ ਗੁਡ-ਬਾਈ ਕਹਿੰਦਾ ਤੇ ਹੱਥ ਹਿਲਾਉਂਦਾ ਗੱਡੀ ਵਿਚੋਂ ਉਤਰ ਗਿਆ। ਦਰਵਾਜ਼ਾ ਬੰਦ ਹੋ ਗਿਆ। ਗੱਡੀ ਮੁੜ ਚੱਲ ਪਈ ਤੇ ਆਪਣੀ ਮੰਜ਼ਿਲ ਵਲ ਭੱਜਣ ਲੱਗੀ। ਲੋਨਾਵਾਲਾ ਹੁਣ ਪਿੱਛੇ ਰਹਿ ਗਿਆ ਸੀ।

ਮੇਰਾ ਧਿਆਨ ਉਪਰ ਨੂੰ ਗਿਆ ਤਾਂ ਉਹ ਔਰਤ ਮੇਰੇ ਵਲ ਕਾਮੁਕ ਨਜ਼ਰਾਂ ਨਾਲ ਦੇਖ ਰਹੀ ਸੀ। ਉਹ ਛਾਤੀ ਭਰਨੇ ਪਈ ਸੀ ਤੇ ਉਸ ਦਾ ਚਿਹਰਾ ਮੇਰੇ ਵਲ ਝੁਕਿਆ ਹੋਇਆ ਸੀ। ਉਹ ਕਹਿ ਰਹੀ ਸੀ, "ਤੂੰ ਬਹੁਤ ਹੀ ਪਿਆਰਾ ਮੁੰਡਾ ਏਂ!"

"ਸ਼ੁਕਰੀਆ ਮੈਅਮ!" ਮੈਂ ਸਦਾਚਾਰਕ ਤੌਰ 'ਤੇ ਨਰਮ ਲਹਿਜੇ ਨਾਲ ਕਿਹਾ।



"ਤੂੰ ਇਥੇ ਬਰਥ 'ਤੇ ਹੀ ਮੇਰੇ ਨਾਲ ਕਿਉਂ ਨਹੀਂ ਆ ਜਾਂਦਾ ? ਆ ਜਾਹ, ਕੋਈ ਪਿਆਰ ਦੀ ਗੱਲ ਕਰੀਏ!"

"ਨਹੀਂ ਮੈਅਮ, ਸ਼ੁਕਰੀਆ!" ਸ਼ਰਮ ਮਹਿਸੂਸ ਕਰਦਿਆਂ ਮੈਨੂੰ ਝਾਉਲਾ ਜਿਹਾ ਨਜ਼ਰ ਆਉਣ ਲੱਗਿਆ, ਮੇਰੀਆਂ ਅੱਖਾਂ ਅੱਗੇ ਭੰਬੂਤਾਰੇ ਨੱਚ ਰਹੇ ਸਨ।

"ਤੈਨੂੰ ਔਰਤਾਂ ਚੰਗੀਆਂ ਨਹੀਂ ਲਗਦੀਆਂ?" ਉਸ ਨੇ ਅੱਖਾਂ ਘੁੰਮਾਉਂਦਿਆਂ ਆਖਿਆ।

ਮੇਰੇ ਤਾਂ ਜਿਵੇਂ ਸਰੀਰ ਵਿਚ ਜਾਨ ਹੀ ਨਾ ਹੋਵੇ।

"ਮੈਂ ਤੈਨੂੰ ਇਹੋ ਜਿਹਾ ਅਨੰਦ ਦੇਵਾਂਗੀ ਕਿ ਕੋਈ ਨੌਜਵਾਨ ਕੁੜੀ ਵੀ ਨਹੀਂ ਦੇ ਸਕਦੀ!"

ਮੇਰੇ ਹੋਰ ਵੀ ਸਾਹ ਸੂਤੇ ਗਏ।

ਉਹ ਅੱਧ ਨੰਗੀ ਪਈ ਸੀ। ਉਸ ਦੀ ਸਾੜ੍ਹੀ ਦੇ ਪਾਰਦਰਸ਼ੀ ਪੱਲੂ ਵਿਚ ਦੀ ਸਭ ਕੁਝ ਦਿਸ ਰਿਹਾ ਸੀ। ਉਸ ਨੇ ਹਿਲਦੀ ਹੋਈ ਨੇ ਆਪਣੀ ਬਾਂਹ ਮੇਰੇ ਵੱਲ ਕੱਢੀ ਤੇ ਬੋਲੀ, "ਆ ਜਾਹ!"

ਮੈਂ ਥਾਵੇਂ ਜੰਮਿਆਂ ਖੜਾ ਸਾਂ।

"ਆ ਵੀ ਜਾਹ! ਤੂੰ ਮਰਦ ਨਹੀਂ?"

"ਬਿਲਕੁਲ, ਮੈਂ ਇਕ ਮਰਦ ਹਾਂ।" ਮੈਂ ਆਪਣੇ ਬਾਰੇ ਸੋਚਿਆ।

"ਮੈਂ ਇਕ ਤਜੁਰਬੇਕਾਰ ਔਰਤ ਹਾਂ...,ਆ ਜਾਹ, ਤੈਨੂੰ ਕੁਝ ਸਿਖਾਵਾਂ!" ਤੇ ਉਸ ਦੇ ਹੱਥ ਮੇਰੇ ਚਿਹਰੇ ਨੂੰ ਛੂਹਣ ਲੱਗੇ। ਮੈਂ ਅਹਿਲ ਬੈਠਾ ਉਸ ਵਲ ਦੇਖਦਾ ਜਾ ਰਿਹਾ ਸਾਂ।

"ਬੇਸ਼ੱਕ!" ਮੈਂ ਆਪਣੇ ਆਪ ਨੂੰ ਕਿਹਾ, "ਕਾਮ ਬਾਰੇ ਤਾਂ ਬਹੁਤ ਕੁਝ ਸਿਖਣ ਵਾਲਾ ਏ।" ਮੈਂ ਦੇਖਿਆ ਕਿ ਉਸ ਦੀਆਂ ਉਂਗਲਾਂ ਵਿਚ ਹੀਰੇ ਜੜੀਆਂ ਮੁੰਦੀਆਂ ਸਨ ਤੇ ਬਾਂਹ ਵਿਚ ਸੋਨੇ ਦੀਆਂ ਵੰਗਾਂ।

ਉਹ ਇਕ ਵਾਰ ਫਿਰ ਮੇਰੇ ਵੱਲ ਅਹੁਲੀ। ਉਹਦੇ ਢਿੱਲੇ ਜਿਹੇ ਵਾਲ ਉਸ ਦੇ ਚਿਹਰੇ 'ਤੇ ਆ ਗਏ। ਵਾਲਾਂ ਨੂੰ ਲੱਗਿਆ ਕਲਿੱਪ ਡਿਗ ਕੇ ਉਸ ਦੀ ਛਾਤੀ ਵਿਚ ਅਟਕ ਗਿਆ। ਫਿਰ ਇਹ ਕਲਿੱਪ ਮੇਰੀ ਹਥੇਲੀ ਵਿਚ ਆ ਡਿਗਾ। ਮੈਂ ਉਸ ਦੀਆਂ ਛਾਤੀਆਂ ਵਲ ਦੇਖਦਾ ਜਾ ਰਿਹਾ ਸਾਂ।

"ਦੇਖਦਾ ਨਾ ਰਹਿ, ਆਹ ਇਹਨਾਂ ਨੂੰ ਮਹਿਸੂਸ ਕਰ!" ਉਹ ਹੋਰ ਵੀ ਕਾਮੀ ਹੁੰਦੀ ਬੋਲੀ।

ਮੈਂ ਹੋਰਵੇਂ ਮਹਿਸੂਸ ਕਰ ਰਿਹਾ ਸਾਂ। ਮੇਰੀ ਸ਼ਰਮ ਨੂੰ ਉਹ ਤਾਰ ਤਾਰ ਕਰੀ ਜਾ ਰਹੀ ਸੀ। ਮੈਂ ਹੱਥ ਵਿਚ ਫੜੇ ਉਸ ਦੇ ਕਲਿੱਪ ਨੂੰ ਦੇਖਿਆ। ਉਹ ਬੋਲੀ, "ਲਿਆ, ਮੈਨੂੰ ਦੇ ਦੇਹ।"

ਮੈਂ ਉਸ ਨੂੰ ਕਲਿੱਪ ਦੇਣ ਲਈ ਉਠ ਕੇ ਖੜਾ ਹੋਇਆ ਤਾਂ ਉਸ ਨੇ ਮੈਨੂੰ ਫੜ ਕੇ ਆਪਣੇ ਵਲ ਖਿੱਚ ਲਿਆ। ਮੇਰਾ ਚਿਹਰਾ ਉਸ ਦੇ ਚਿਹਰੇ ਤੋਂ ਕੁਝ ਇੰਚ ਦੂਰ ਹੀ ਸੀ। ਉਸ ਦਾ ਔਰਤਪਨ ਹੁਣ ਬਿਲਕੁਲ ਬੇਪਰਦਾ ਸੀ। ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ।

"ਅੱਖਾ ਦੇਖਣ ਲਈ ਹੁੰਦੀਆਂ ਨੇ ਬੰਦ ਕਰਨ ਲਈ ਨਹੀਂ, ਖਾਸ ਤੌਰ 'ਤੇ ਜਦੋਂ ਤੁਸੀਂ ਸਵਰਗ ਵਿਚ ਹੋਵੋਂ!" ਉਹ ਕਾਮੁਕ ਅਵਾਜ਼ ਵਿਚ ਬੋਲ ਰਹੀ ਸੀ।

ਮੈਂ ਆਪਣੀਆਂ ਅੱਖਾਂ ਖੋਹਲ ਲਈਆਂ। ਉਸ ਨੇ ਆਪਣੀ ਨਰਮ ਨਰਮ ਸਾੜ੍ਹੀ ਮੇਰੇ ਸਿਰ 'ਤੇ ਓੜ ਦਿਤੀ ਜਿਵੇਂ ਦੁਨੀਆਂ ਤੋਂ ਮੈਨੂੰ ਛੁਪਾ ਰਹੀ ਹੋਵੇ। ਉਸ ਓੜਨੀ ਵਿਚ ਅਸੀਂ ਦੋਵੇਂ ਬਹੁਤ ਨੇੜੇ ਸਾਂ, ਉਸ ਦਾ ਚਿਹਰਾ ਜਿਵੇਂ ਹੁਣ ਮੇਰਾ ਹੀ ਸੀ।

"ਕਿੰਨਾ ਸੁਹਣਾ ਮੁੰਡਾ ਏ!" ਉਸ ਨੇ ਆਪਣੇ ਆਪ ਨੂੰ ਕਿਹਾ।

ਮੈਂ ਨਾ ਚਾਹੁੰਦਾ ਹੋਇਆ ਵੀ ਉਪਰ ਬਰਥ 'ਤੇ ਚੜ੍ਹ ਗਿਆ। ਉਸ ਨੇ ਮੈਨੂੰ ਬਾਹਾਂ ਵਿਚ ਲੈ ਲਿਆ ਤੇ ਚੁੰਮਣਾਂ ਦੀ ਝੜੀ ਲਾਉਣ ਲੱਗੀ।

"ਇਧਰ ਆ!" ਉਸ ਨੇ ਆਪਾ ਮੇਰੇ ਸਪੁਰਦ ਕਰਦਿਆਂ ਕਿਹਾ।

**ਦੇਖੋ ਬਾਕੀ ਪੰਨਾ ਨੰ: 121 'ਤੇ**

# ਦਸਤਕ/ਕੁਲਵੰਤ ਕੌਰ ਢਿਲੋਂ

ਇਕ ਦਸਤਕ ਵਿਚ ਕੁਝ ਵੀ ਛੁਪਿਆ ਹੋ ਸਕਦਾ ਹੈ; ਕੋਈ ਸਵਾਲ, ਕੋਈ ਜਵਾਬ, ਕੋਈ ਸੁਨੇਹਾ, ਕੋਈ ਫੈਸਲਾ। ਤੇ ਇਕ ਦਸਤਕ ਤੋਂ ਬਾਅਦ ਤੁਹਾਡੀ ਜ਼ਿੰਦਗੀ ਵੀ ਬਦਲ ਸਕਦੀ ਹੈ। ਜੀ ਹਾਂ, ਇਵੇਂ ਹੀ ਹੋਇਆ ਸੀ ਉਸ ਨਾਲ, ਕੋਈ ਚਾਰ ਦਹਾਕੇ ਪਹਿਲਾਂ। ਘਰ ਦੇ ਦਰਵਾਜ਼ੇ 'ਤੇ ਹੋਈ ਇਕ ਦਸਤਕ ਨੇ ਉਸ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿਤੀ ਸੀ। ਅੱਜ ਵੀ ਜਦ ਉਸ ਦੇ ਬੂਹੇ 'ਤੇ ਦਸਤਕ ਹੁੰਦੀ ਹੈ, ਉਹ ਸੋਚਣ ਲੱਗਦੀ ਹੈ, 'ਕੀ ਹੋਏਗਾ ਇਸ ਦਸਤਕ ਵਿਚ ?'...

ਉਹ ਜਵਾਨ ਸੀ, ਸੁਹਣੀ ਸੀ, ਕੋਹ-ਕੋਹ ਲੰਮੇ ਵਾਲ। ਘਰਦਿਆਂ ਨੇ ਉਸ ਨੂੰ ਕੁੜੀਆਂ ਵਾਂਗ ਨਹੀਂ ਸਗੋਂ ਮੁੰਡਿਆਂ ਵਾਂਗ ਪਾਲਿਆ ਸੀ। ਕਾਲਜ ਪੜ੍ਹਨ ਵੇਲੇ ਉਹ ਲੀਡਰ ਵੀ ਰਹੀ ਸੀ। ਉਹਨਾਂ ਦਿਨਾਂ ਵਿਚ ਕਾਲਜਾਂ ਤੇ ਯੂਨੀਵਰਸਟੀਆਂ ਵਿਚ ਨੈਕਸਲਾਈਟ ਲਹਿਰ ਦਾ ਜ਼ੋਰ ਸੀ ਤੇ ਉਹ ਵੀ ਇਸ ਦਾ ਹਿੱਸਾ ਸੀ। ਉਹ ਹੜਤਾਲ ਕਰਾਉਣ ਵਿਚ ਸਭ ਤੋਂ ਮੂਹਰੇ ਹੁੰਦੀ। ਉਹ ਕਾਲਜ ਦੀ ਖਰਾਂਟ ਵਿਦਿਆਰਥਣ ਰਹੀ ਸੀ। ਉਹ ਏਨੀ ਬੇਬਾਕ ਸੀ ਕਿ ਕਾਲਜ ਦੀ ਸਟਰਾਈਕ ਵੇਲੇ ਉਸ ਨੇ ਪੁਲੀਸ ਨੂੰ ਕਾਲਜ ਦੇ ਕੈਂਪਸ ਵਿਚ ਨਹੀਂ ਸੀ ਵੜਨ ਦਿਤਾ। ਨੈਕਸਲਾਈਟ ਲਹਿਰ ਦੀ ਉਹ ਸਮਰਥੱਕ ਸੀ ਤੇ ਲਹਿਰ ਦੇ ਕਵੀਆਂ ਤੇ ਲੇਖਕਾਂ ਨਾਲ ਵਾਕਫੀ ਵੀ ਸੀ। ਕਵਿਤਾ ਲਿਖਣ ਦਾ ਉਸ ਨੂੰ ਆਪ ਸ਼ੌਂਕ ਵੀ ਸੀ। ਕਾਲਜਾਂ ਦੀਆਂ ਸਟੇਜਾਂ ਤੋਂ ਕਵਿਤਾਵਾਂ ਪੜ੍ਹਦੀ ਤੇ ਭਰਪੂਰ ਹਾਜ਼ਰੀ ਲਗਵਾਉਂਦੀ। ਪੰਜਾਬੀ ਦੀ ਐਮ. ਏ. ਕੀਤੀ ਤਾਂ ਇਕ ਦਮ ਸਥਾਨਕ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ। ਹੋਰ ਕੀ ਚਾਹੀਦਾ ਸੀ। ਅਜਿਹੀ ਨੌਕਰੀ ਦੇ ਮਿਲਣ ਦਾ ਭਾਵ ਕਿ ਜ਼ਿੰਦਗੀ ਵਿਚ ਸੈਟਲ ਹੋਣ ਦਾ ਰਾਹ ਮੋਕਲਾ ਹੋਣਾ। ਸਾਰੇ ਉਸ ਤੇ ਰਸ਼ਕ ਕਰਦੇ। ਕੁੜੀਆਂ ਦਾ ਉਹ ਰੋਲ-ਮੌਡਲ ਬਣ ਗਈ। ਕਾਲਜ ਦੀਆਂ ਵਿਦਿਆਰਥਣਾਂ ਜਿਹੀ ਉਹ ਪ੍ਰੋਫੈਸਰਨੀ। ਸਾਰੀਆਂ ਕੁੜੀਆਂ ਉਸ ਵਰਗਾ ਬਣਨਾ ਲੋਚਦੀਆਂ। ਕਾਲਜ ਵਿਚ ਉਹ ਆਪਣੀ ਸਾਦਗੀ ਤੇ ਲੰਮੇ ਵਾਲਾਂ ਕਰਕੇ ਜਾਣੀ ਜਾਂਦੀ ਸੀ। ਹੁਣ ਉਸ ਦਾ ਮਕਸਦ ਸੀ ਕਿ ਇਹ ਨੌਕਰੀ ਪੱਕੀ ਹੋ ਜਾਵੇ ਤੇ ਫਿਰ ਅੱਗੇ ਹੋਰ ਪੜ੍ਹੇ, ਪੀ. ਐਚ. ਡੀ.। ਨੌਕਰੀ ਦੇ ਨਾਲ ਦੀ ਨਾਲ ਉਸ ਨੇ ਹਿੰਦੀ ਦੀ ਐਮ. ਏ. ਵੀ ਕਰ ਲਈ। ਇਹਨਾਂ ਦਿਨਾਂ ਵਿਚ ਹੀ ਧੂਰੀ ਦੇ ਕੁੜੀਆਂ ਦੇ ਕਾਲਜ ਵਿਚ ਲੈਕਚਰਾਰ ਦੀ ਪੱਕੀ ਜੌਬ ਨਿਕਲੀ। ਇਥੇ ਸਥਾਨਕ ਕਾਲਜ ਵਿਚ ਉਹ ਆਰਜ਼ੀ ਸੀ। ਪੱਕੀ ਨੌਕਰੀ ਦੇ ਨਜ਼ਾਰੇ ਹੀ ਹੋਰ ਹੁੰਦੇ ਹਨ। ਧੂਰੀ ਉਸ ਦੇ ਸ਼ਹਿਰ ਤੋਂ ਰੇਲ ਰਾਹੀਂ ਅੱਧੇ ਘੰਟੇ ਦਾ ਸਫਰ ਸੀ। ਉਸ ਨੇ ਇਸ ਜੌਬ ਲਈ ਅਪਲਾਈ ਕਰਨਾ ਚਾਹਿਆ। ਉਸ ਦਾ ਵੱਡਾ ਵੀਰਾ ਜੋ ਕਿ ਖੁਦ ਪ੍ਰੋਫੈਸਰ ਸੀ, ਉਸ ਨੂੰ ਮਨ੍ਹਾਂ ਕਰ ਰਿਹਾ ਸੀ ਕਿ ਕਿਥੇ ਅੱਧਾ ਘੰਟਾ ਰੇਲਾਂ ਵਿਚ ਖਰਾਬ ਕਰਦੀ ਫਿਰੇਗੀ। ਇਥੇ ਹੀ ਹੌਲੀ ਹੌਲੀ ਇਹ ਜੌਬ ਪੱਕੀ ਹੋ ਜਾਵੇਗੀ। ਆਪਣੇ ਸ਼ਹਿਰ ਵਿਚ ਨੌਕਰੀ ਕਰਨ ਦੇ ਵੀ ਪੰਜਾਹ ਫਾਇਦੇ ਹੁੰਦੇ ਹਨ। ਭਰਾ ਵਲੋਂ ਨਾਂਹ ਕਰ ਦੇਣ ਕਾਰਨ ਉਹ ਮਨ ਹੀ ਮਨ ਵਿਚ ਖਫਾ ਸੀ ਪਰ ਉਸ ਨੂੰ ਯਕੀਨ ਸੀ ਕਿ ਵੀਰੇ ਨੂੰ ਉਹ ਮਨਾ ਲਵੇਗੀ। ਧੂਰੀ ਵਾਲੀ ਜੌਬ ਤਾਂ ਉਸ ਨੂੰ ਮਿਲ ਹੀ ਜਾਣੀ ਸੀ। ਹੁਣ ਇਹੋ ਜੌਬ ਉਸ ਦਾ ਨਿਸ਼ਾਨਾ ਸੀ।

ਦੁਪਹਿਰ ਦੇ ਕੋਈ ਤਿੰਨ ਕੁ ਵੱਜੇ ਸਨ। ਜਨਵਰੀ ਦੀ ਅਖੀਰਲੀ ਠੰਡ। ਧੁਪੀਲੇ ਵਿਹੜੇ ਵਿਚ ਨਿੱਘ ਤੇ ਅੰਦਰ ਠੰਡ। ਉਸ ਨੇ ਆਪਣੇ ਲੰਮੇ ਵਾਲ ਧੋਤੇ ਤੇ ਚਾਹ ਦਾ ਕੱਪ ਲੈ ਕੇ ਰਜ਼ਾਈ ਵਿਚ ਆ ਵੜੀ। ਨਾਲ ਦੇ ਮੰਜੇ 'ਤੇ ਉਸ ਦੀ ਬੀਬੀ ਪਈ ਸੀ। ਉਸ ਦਾ ਜੀਅ ਕੀਤਾ ਕਿ ਬੀਬੀ ਨੂੰ ਬੁਲਾਵੇ ਪਰ ਇਹ ਸੋਚ ਕੇ ਚੁੱਪ ਰਹੀ ਕਿ ਬੀਬੀ ਦਾ ਸਿਰ ਦੁਖ ਰਿਹਾ ਹੈ, ਮਸਾਂ ਤਾਂ ਟਿਕੀ ਹੈ। ਉਸ ਨੇ ਸਰਾਹਣੇ ਨਾਲ ਦੀ ਅਲਮਾਰੀ ਵਿਚੋਂ ਕਿਤਾਬ ਕੱਢੀ ਤੇ ਵਰਕੇ ਫਰੋਲਣ ਲੱਗੀ। ਫਿਰ ਕੁਝ ਸੋਚਦਿਆਂ ਕਿਤਾਬ ਬੰਦ ਕਰ ਦਿਤੀ ਕਿ ਅੱਜ ਵਾਰਤਕ ਦਾ ਨਹੀਂ ਕਵਿਤਾਵਾਂ ਦਾ ਅਧਿਐਨ ਕਰੇਗੀ। ਘਰਦਿਆਂ ਵਲੋਂ



ਧੂਰੀ ਨੌਕਰੀ ਕਰਨ ਦੀ ਇਜਾਜ਼ਤ ਨਾ ਮਿਲਣ ਦੀ ਰੰਜਿਸ਼ ਹਾਲੇ ਵੀ ਮਨ ਵਿਚ ਤਾਰ ਵਾਂਗ ਫਿਰ ਰਹੀ ਸੀ। ਇਸ ਵੇਲੇ ਘਰ ਦਾ ਮਹੌਲ ਬੜਾ ਸ਼ਾਂਤ ਜਿਹਾ ਸੀ। ਵੱਡਾ ਵੀਰਾ ਵਿਦਿਆਰਥਣਾਂ ਦਾ ਟਰਿੱਪ ਲੈ ਕੇ ਹਿੱਲ ਸਟੇਸ਼ਨ 'ਤੇ ਗਿਆ ਹੋਇਆ ਸੀ। ਪਾਪਾ ਜੀ ਕਿਤੇ ਸੱਥ ਵਿਚ ਜਾਂ ਗੁਰਦਵਾਰੇ ਬੈਠੇ ਹੋਣਗੇ। ਛੋਟੇ ਭਰਾ ਫਾਰਮ 'ਤੇ ਸਨ। ਛੋਟੀ ਭੈਣ ਰਾਣੀ ਆਪਣੀ ਹੀ ਮਸਤੀ ਵਿਹੜੇ ਵਿਚ ਘੁੰਮਦੀ, ਨਿਕੇ ਨਿਕੇ ਕੰਮ ਕਰਦੀ ਫਿਰ ਰਹੀ ਸੀ ਤੇ ਕਦੇ ਕਦੇ ਆ ਕੇ ਉਸ ਨੂੰ ਟਕੋਰ ਲਾ ਜਾਂਦੀ, "ਮੇਰੀ ਭੈਣ ਦਾ ਅੱਜ ਮੂਡ ਖਰਾਬ ਏ!"

ਅਚਾਨਕ ਬੂਹੇ 'ਤੇ ਦਸਤਕ ਹੋਈ। ਬੀਬੀ ਜਾਗ ਪਈ ਤੇ ਬੋਲੀ, "ਕੁੜੀਓ, ਦੇਖੋ ਕੌਣ ਆਇਆ ਏ ? ਕਿਸੇ ਦੀ ਉਡੀਕ ਤਾਂ ਹੈ ਨਹੀਂ।"

ਰਾਣੀ ਵੱਡੀ ਭੈਣ ਵਲ ਦੇਖਦੀ ਬੋਲੀ, "ਬੀਬੀ, ਇਹਦੇ ਤੇਵਰ ਸਹੀ ਨਹੀਂ, ਇਹਨੇ ਨੇ ਜਾਣਾ, ਮੈਂ ਹੀ ਦੇਖਦੀ ਆਂ ਕਿ ਕੌਣ ਏ।"

ਰਾਣੀ ਨੇ ਜਾ ਕੇ ਬੂਹਾ ਖੋਹਿਲਆ। ਦੋ ਓਪਰੇ ਜਿਹੇ ਬੰਦੇ ਖੜੇ ਸਨ। ਇਕ ਘੁੰਗਰਾਲੇ ਵਾਲਾਂ ਵਾਲਾ ਨੌਜਵਾਨ ਤੇ ਇਕ ਬੀਬੇ ਬਾਣੇ ਵਾਲਾ ਬਿਜ਼ੁਰਗ। ਬਿਜ਼ੁਰਗ ਨੇ ਕਿਹਾ,

"ਪਰੋਫੈਸਰ ਸਾਹਿਬ ਘਰ ਨੇ ?"

"ਨਹੀਂ ਜੀ, ਉਹ ਤਾਂ ਟਰਿੱਪ ਲੈ ਕੇ ਬਾਹਰ ਗਏ ਨੇ।"

"ਤੁਹਾਡੇ ਪਿਤਾ ?"

"ਉਹ ਵੀ ਬਾਹਰ ਨੇ ਪਰ ਤੁਸੀਂ ਲੰਘ ਆਵੋ।"

ਰਾਣੀ ਉਹਨਾਂ ਨੂੰ ਬੈਠਕ ਵਿਚ ਲੈ ਗਈ ਤੇ ਸੋਫੇ 'ਤੇ ਬੈਠਣ ਲਈ ਆਖ ਕੇ ਟਰੇਅ ਵਿਚ ਦੋ ਗਲਾਸ ਪਾਣੀ ਦੇ ਲੈ ਆਈ। ਪਾਣੀ ਦੇ ਕੇ ਉਹ ਬੀਬੀ ਤੇ ਵੱਡੀ ਭੈਣ ਕੋਲ ਜਾ ਕੇ ਬੋਲੀ, "ਵੀਰੇ ਬਾਰੇ ਪੁੱਛਦੇ ਨੇ, ਕੋਈ ਬਾਹਰਲੇ ਬੰਦੇ ਲਗਦੇ ਨੇ।"

ਬੀਬੀ ਨੇ ਇਕ ਦਮ ਕਿਹਾ, "ਓ ਤੇਰੇ ਵੀਰੇ ਨੂੰ ਇੰਗਲੈਂਡ ਦਾ ਰਿਸ਼ਤਾ ਆ ਰਿਹਾ ਏ ਨਾ। ਉਹੀ ਹੋਣਗੇ ਪਰ ਦਸ ਕੇ ਤਾਂ ਆਉਂਦੇ ਤਾਂ ਕਿ ਮੁੰਡਾ ਘਰ ਹੁੰਦਾ।"

"ਇਹ ਘੁੰਘਰਾਲੇ ਵਾਲਾਂ ਵਾਲਾ ਮੁੰਡਾ ਕੁੜੀ ਦਾ ਭਰਾ ਹੋਵੇਗਾ ਪਰ ਹੈ ਸੁਹਣਾ।" ਰਾਣੀ ਆਪਣੀ ਰਾਏ ਦੇਣ ਲੱਗੀ। ਬੀਬੀ ਖਿਝਦੀ ਹੋਈ ਬੋਲੀ, "ਗੱਲਾਂ ਨਾ ਕਰੀ ਜਾਓ, ਕਿਸੇ ਤਰ੍ਹਾਂ ਪਾਪਾ ਜੀ ਨੂੰ ਬੁਲਾਓ।"

ਉਹਨਾਂ ਦਿਨਾਂ ਵਿਚ ਫੋਨ ਤਾਂ ਹੁੰਦੇ ਨਹੀਂ ਸਨ। ਕਿਸੇ ਨਾ ਕਿਸੇ ਤਰ੍ਹਾਂ ਪਾਪਾ ਜੀ ਤਕ ਸੁਨੇਹਾ ਪੁੱਜਦਾ ਹੋਇਆ। ਪਾਪਾ ਜੀ ਤੇ ਚਾਚਾ ਜੀ ਆ ਗਏ। ਮਹਿਮਾਨਾਂ ਨੂੰ ਮਿਲੇ। ਉਹਨਾਂ ਨੇ ਆ ਕੇ ਮਹਿਮਾਨਾਂ ਨਾਲ ਗੱਲਾਂ ਕੀਤੀਆਂ ਤੇ ਫਿਰ ਪਾਪਾ ਜੀ ਉਸ ਕੋਲ ਆ ਕੇ ਬੋਲੇ, "ਦੇਖ ਬੇਟਾ, ਮੈਂ ਕਿਸੇ ਨੂੰ ਦੱਸੇ ਬਿਨਾਂ ਅਖਬਾਰ ਵਿਚ ਤੇਰੇ ਲਈ ਮੈਟਰੀਮੋਨੀਅਲ ਦੇ ਦਿਤਾ ਸੀ। ਮੈਨੂੰ ਨਹੀਂ ਸੀ ਪਤਾ ਕਿ ਇਸ ਦਾ ਨਤੀਜਾ ਏਨੀ ਜਲਦੀ ਨਿਕਲ ਆਵੇਗਾ। ਸੋ ਇਹ ਤੈਨੂੰ ਦੇਖਣ ਆਏ ਨੇ। "

"ਮੈਨੂੰ ?" ਉਸ ਦੀ ਇਹ ਹੈਰਾਨਗੀ ਵੀ ਸੀ ਤੇ ਬਹੁਤ ਵੱਡਾ ਸਵਾਲ ਵੀ। ਉਸ ਨੇ ਤਾਂ ਹਾਲੇ ਵਿਆਹ ਬਾਰੇ ਸੋਚਿਆ ਵੀ ਨਹੀਂ ਸੀ। ਪਾਪਾ ਜੀ ਉਸ ਦੇ ਪਿਤਾ ਹੋਣ ਦੇ ਨਾਲ ਨਾਲ ਦੋਸਤ ਵੀ ਸਨ। ਉਹ ਬੋਲੇ, "ਦੇਖ ਬੇਟਾ, ਕੋਈ ਮਜਬੂਰੀ ਨਹੀਂ, ਤੇਰੀ ਮਰਜ਼ੀ 'ਹਾਂ' ਕਹਿ ਜਾਂ 'ਨਾਂਹ'। ਮੈਂ ਤਾਂ ਇਕ ਪਿਓ ਵਾਲਾ ਫਿਕਰ ਕਰਦਿਆਂ ਹੀ ਇਹ ਇਸ਼ਤਿਹਾਰ ਦਿਤਾ ਸੀ। ਇਕ ਵਾਰ ਮੁੰਡਾ ਦੇਖ ਲੈ, ਅਗਾਂਹ ਜਿਵੇਂ ਤੈਨੂੰ ਚੰਗਾ ਲੱਗੇ! ਮੁੰਡਾ ਲੰਡਨ ਵਿਚ ਲਾਅ ਕਰ ਰਿਹਾ ਏ, ਮੈਨੂੰ ਤਾਂ ਇਹ ਰਿਸ਼ਤਾ ਠੀਕ ਲਗਦਾ ਏ ਬਾਕੀ ਸਭ ਤੇਰੀ ਮਰਜ਼ੀ 'ਤੇ ਏ।"

ਪਾਪਾ ਜੀ ਨੇ ਸਾਰੇ ਫੈਸਲੇ ਉਸ 'ਤੇ ਛੱਡ ਦਿਤੇ। ਉਹਨਾਂ ਦੇ ਅਚਾਨਕ ਇਵੇਂ ਆ ਜਾਣ

'ਤੇ ਸਾਰੇ ਹੈਰਾਨ ਸਨ ਪਰ ਚੰਗਾ ਚੰਗਾ ਵੀ ਲੱਗ ਰਿਹਾ ਸੀ। ਹੋਇਆ ਇਹ ਸੀ ਕਿ ਮੁੰਡਾ ਕੁਝ ਦਿਨਾਂ ਲਈ ਇੰਗਲੈਂਡ ਤੋਂ ਆਇਆ ਸੀ ਤੇ ਵਿਆਹ ਕਰਾਉਣ ਲਈ ਕੁੜੀਆਂ ਦੇਖ ਰਿਹਾ ਸੀ। ਇਕ ਕੁੜੀ ਦੇਖਣ ਉਹ ਪਟਿਆਲੇ ਗਏ। ਕਿਸੇ ਵਕੀਲ ਦੀ ਭੈਣ ਸੀ। ਉਹਨਾਂ ਨੇ ਨੌਕਰ ਰਾਹੀਂ ਉਹਨਾਂ ਨੂੰ ਇਕ ਮੰਜੇ 'ਤੇ ਬੈਠਾ ਦਿਤਾ ਤੇ ਅੱਧਾ ਘੰਟਾ ਕੋਈ ਮਿਲਣ ਹੀ ਨਹੀਂ ਆਇਆ। ਅੱਧੇ ਘੰਟੇ ਬਾਅਦ ਭਰਾ ਜੂੜਾ ਲਪੇਟਦਾ ਆ ਗਿਆ। ਕੁਝ ਗੱਲਬਾਤ ਹੋਈ। ਕੁੜੀ ਆਈ ਤਾਂ ਬਹੁਤੀ ਹੀ ਚੰਚਲਤਾ ਦਿਖਾ ਰਹੀ ਸੀ ਤੇ ਆਪਣੇ ਆਪ ਨੂੰ ਮਾਡਰਨ ਦੱਸਣ ਦੇ ਯਤਨ ਵਿਚ ਸੀ। ਉਹਨਾਂ ਪਿਓ-ਪੁਤ ਨੇ ਅੱਖਾਂ ਰਾਹੀਂ ਹੀ ਗੱਲ ਕੀਤੀ ਤੇ ਇਹ ਕਹਿ ਕੇ ਉਠ ਆਏ ਕਿ ਦੱਸਾਂਗੇ। ਤੁਰਨ ਵੇਲੇ ਉਹਨਾਂ ਨੂੰ ਕੋਈ ਬੂਹੇ ਤਕ ਵੀ ਨਾ ਛੱਡਣ ਆਇਆ।

ਆਪਣੇ ਇਸ ਠੰਡੇ ਸਵਾਗਤ ਤੋਂ ਉਹ ਕਾਫੀ ਦੁਖੀ ਸਨ। ਜਦ ਵਾਪਿਸ ਮੁੜਨ ਲਈ ਬੱਸ ਫੜਨ ਲੱਗੇ ਤਾਂ ਉਹਨਾਂ ਦੇ ਮਨ ਵਿਚ ਆਇਆ ਕਿ ਆਹ ਡੇੜ ਫੁੱਟੀ ਕੁੜੀ ਵੀ ਦੇਖਦੇ ਚੱਲੀਏ। ਡੇੜ ਫੁੱਟੀ ਇਸ ਕਰਕੇ ਕਿ ਪਾਪਾ ਜੀ ਨੇ ਜਿਹੜੀ ਐਡ ਦਿਤੀ ਸੀ ਉਸ ਵਿਚ ਕੁੜੀ ਦੇ ਹੋਰਨਾਂ ਗੁਣਾਂ ਦੇ ਨਾਲ ਨਾਲ ਕੱਦ ਗਲਤੀ ਨਾਲ ਡੇੜ ਫੁੱਟ ਲਿਖ ਹੋ ਗਿਆ ਸੀ। ਸੋ ਇਵੇਂ ਉਹਨਾਂ ਨੇ ਅਚਾਨਕ ਆ ਕੇ ਬੂਹੇ 'ਤੇ ਦਸਤਕ ਦੇ ਦਿਤੀ ਸੀ ਤੇ ਇੰਜ ਅਚਾਨਕ ਆ ਜਾਣ ਕਾਰਨ ਮੁਆਫੀ ਵੀ ਮੰਗੀ ਸੀ। ਸਾਰੇ ਹੈਰਾਨ ਵੀ ਸਨ ਕਿ ਐਡੀ ਵੱਡੀ ਗੱਲ ਲਈ ਕੋਈ ਅਚਾਨਕ ਹੀ ਆ ਸਕਦਾ ਹੈ। ਸਾਰੇ ਖੁਸ਼ ਵੀ ਸਨ।

ਹੁਣ ਪਾਪਾ ਜੀ ਨੇ ਫੈਸਲਾ ਉਸ ਦੇ ਹੱਥ ਵਿਚ ਛੱਡ ਦਿਤਾ ਸੀ। ਹਾਂ ਕਰੇ ਜਾਂ ਨਾਂਹ। ਪਾਪਾ ਜੀ ਦੇ ਚਿਹਰੇ ਦੇ ਹਾਵ-ਭਾਵ ਉਹ ਸਹਿਣ ਨਹੀਂ ਸੀ ਕਰ ਪਾ ਰਹੀ। ਮੁੰਡਾ ਲੰਡਨ ਤੋਂ ਆਇਆ ਸੀ। ਉਸ ਨੇ ਕਦੇ ਵਿਦੇਸ਼ ਜਾਣ ਬਾਰੇ ਤਾਂ ਕੀ ਸੋਚਣਾ ਸੀ, ਉਸ ਨੂੰ ਤਾਂ ਸ਼ਹਿਰੀ ਜੀਵਨ ਵੀ ਬਹੁਤਾ ਪਸੰਦ ਨਹੀਂ ਸੀ, ਹਾਲਾਂ ਕਿ ਉਸ ਸ਼ਹਿਰ ਦੀ ਹੀ ਜੰਮਪਲ ਸੀ। ਉਸ ਨੂੰ ਪਿੰਡਾਂ ਦਾ ਖੁਲ੍ਹਾ ਵਾਤਾਵਰਣ ਤੇ ਸਵੱਛ ਜ਼ਿੰਦਗੀ ਵਧੀਆ ਲਗਦੇ ਸਨ। ਪਾਪਾ ਜੀ ਦੇ ਕਹਿਣ ਤੇ ਉਸ ਨੇ ਆਪਣੇ ਆਪ ਨੂੰ ਕਿਹਾ, 'ਉਠ ਮਨਾ, ਉਠ ਕੇ ਦੇਖ ਵਿਦੇਸ਼ੀ ਬਾਬੂ।' ਉਸ ਨੇ ਉਠ ਕੇ ਸੂਟ ਬਦਲ ਕੇ ਨਿੱਕੀ ਨਿੱਕੀ ਬੂਟੀ ਵਾਲਾ ਸੂਟ ਪਾ ਲਿਆ ਤੇ ਉਸ ਦੇ ਨਾਲ ਮੈਚ ਕਰਦਾ ਹੀ ਦੁਪੱਟਾ ਲਿਆ। ਖੁੱਚਾਂ ਤਕ ਲੰਮੇ ਵਾਲਾਂ ਦੀ ਗੁੱਤ ਕੀਤੀ। ਬੀਬੀ ਵੀ ਉਸ ਦੇ ਨਾਲ ਹੋ ਗਈ। ਬੀਬੀ ਵੀ ਸ਼ਸ਼ੋਪੰਜ ਵਿਚ ਸੀ ਕਿ ਅਚਾਨਕ ਇਹ ਕੀ ਹੋ ਰਿਹਾ ਸੀ।

ਬੈਠਕ ਦਾ ਦਰਵਾਜ਼ਾ ਲੰਘ ਉਸ ਨੇ ਅੰਦਰ ਦੇਖਿਆ ਕਿ ਦੋ ਅੱਖਾਂ ਨੇ ਜਿਸ ਤਰ੍ਹਾਂ ਉਸ ਵਲ ਤੱਕਿਆ, ਉਹ ਉਹਨਾਂ ਅੱਖਾਂ ਦੀ ਡੂੰਘਾਈ ਵਿਚ ਹੀ ਗੁਆਚ ਗਈ। ਅੱਖਾਂ ਵਿਚ ਕੁਝ ਅਜਿਹਾ ਸੀ ਕਿ ਉਸ ਨੂੰ ਹਾਂ ਜਾਂ ਨਾਂਹ ਕਹਿਣ ਦੀ ਜ਼ਰੂਰਤ ਹੀ ਨਹੀਂ ਸੀ। ਇਕ ਪਲ ਵਿਚ ਹੀ ਸਭ ਤੈਅ ਹੋ ਗਿਆ ਸੀ। ਉਸ ਨੇ ਤਾਂ ਸ਼ਾਇਦ ਹੀ ਕਿਸੇ ਮੁੰਡੇ ਦਾ ਸੁਫਨਾ ਲਿਆ ਹੋਵੇ ਤੇ ਇਹ ਅਜਨਬੀ ਇਕ ਦਮ ਜਿਵੇਂ ਕੋਈ ਜਾਦੂ ਕਰ ਗਿਆ ਸੀ। ਮੂੰਹੋ ਇਕ ਵੀ ਬੋਲ ਕੱਢਣ ਦੀ ਜ਼ਰੂਰਤ ਨਹੀਂ ਸੀ ਪਈ। ਕੱਲ ਦੀ ਚੰਚਲ, ਬੇਬਾਕ ਕੁੜੀ ਇਕ ਪਲ ਵਿਚ ਹੀ ਕੁਝ ਦੀ ਕੁਝ ਹੋ ਗਈ ਸੀ। ਕਵਿਤਾ ਲਿਖਦੇ ਸਮੇਂ ਉਸ ਦੀ ਕਲਪਨਾ ਬਹੁਤ ਉਚੀਆਂ ਉਡਾਰੀਆਂ ਭਰਦੀ ਸੀ ਪਰ ਏਡੀ ਉਡਾਰੀ ਕਦੇ ਨਹੀਂ ਸੀ ਭਰੀ। ਘੁੰਘਰਾਲੇ ਵਾਲਾਂ ਵਾਲੇ ਨੇ ਵੀ ਕੋਈ ਗੱਲ ਨਾ ਕੀਤੀ। ਉਸ ਦੇ ਪਿਤਾ ਨੇ ਉਸ ਦੀ ਪੜ੍ਹਾਈ ਬਾਰੇ ਦੋ ਕੁ ਸਵਾਲ ਜ਼ਰੂਰ ਕੀਤੇ।

ਜਦ ਉਹ ਵਾਪਸ ਆਪਣੇ ਕਮਰੇ ਵਿਚ ਆਈ ਤਾਂ ਪਾਪਾ ਜੀ ਨੇ ਇਕ ਵਾਰ ਫਿਰ ਕਿਹਾ, "ਬੇਟਾ, ਤੇਰੇ ਨਾਲ ਕੋਈ ਜ਼ਬਰਦਸਤੀ ਨਹੀਂ ਏ, ਜਿਵੇਂ ਦਿਲ ਕਰਦਾ ਕਰੀਂ।"

ਦਿਲ ਤਾਂ ਹੁਣ ਸਭ ਕੁਝ ਕਰ ਚੁੱਕਾ ਸੀ। ਕਸਰ ਹੀ ਨਹੀਂ ਸੀ ਬਚੀ। ਬੀਬੀ ਨੇ ਪੁੱਛਿਆ, "ਕਿਹੋ ਜਿਹਾ ਲੱਗਿਆ ਮੁੰਡਾ?"



"ਰੰਗ ਕਾਲਾ ਏ।" ਉਸ ਨੇ ਕਿਹਾ। ਕੁਝ ਨਾ ਕੁਝ ਕਹਿਣ ਖਾਤਰ।

"ਜੇ ਤੂੰ ਗੋਰੀ ਏਂ ਤਾਂ ਕੀ ਸਾਰੀ ਦੁਨੀਆਂ ਹੀ ਗੋਰੀ ਹੁੰਦੀ ਏ? ਮੈਨੂੰ ਤਾਂ ਮੁੰਡਾ ਬਹੁਤ ਸੁਹਣਾ ਲਗਦਾ ਏ।" ਬੀਬੀ ਨੇ ਕਿਹਾ ਤੇ ਕਾਲੇ ਰੰਗ ਦੀ ਗੱਲ ਕਰਦੇ ਸਾਰੇ ਹੀ ਬਾਅਦ ਵਿਚ ਵੀ ਉਸ ਨੂੰ ਖਿਝਾਉਣ ਲੱਗਦੇ।

ਉਹ ਪਿਓ ਪੁੱਤਰ ਆਪਸ ਵਿਚ ਅਜੀਬ ਜਿਹੀ ਭਾਸ਼ਾ ਵਿਚ ਗੱਲ ਕਰਦੇ। ਮੁੰਡੇ ਦੀ ਗੁਲਾਬੀ ਪੰਜਾਬੀ ਸੁਣ ਕੇ ਸਾਰੇ ਸਮਝ ਗਏ ਕਿ ਮੁੰਡੇ ਨੂੰ ਪੰਜਾਬੀ ਬਹੁਤੀ ਨਹੀਂ ਆਉਂਦੀ। ਪਰ ਸਭ ਨੂੰ ਮੁੰਡਾ ਪਸੰਦ ਸੀ। ਮਨ ਹੀ ਮਨ ਰਿਸ਼ਤਾ ਜੁੜ ਗਿਆ। ਮੁੰਡੇ ਦਾ ਪਿਓ ਕਹਿੰਦਾ, "ਅਸੀਂ ਸਾਦੀ ਜਿਹੀ ਰਸਮ ਨਾਲ ਕੁੜੀ ਨੂੰ ਹੁਣੇ ਹੀ ਲੈ ਜਾਂਦੇ ਆਂ।"

"ਨਹੀਂ ਜੀ, ਸਾਡਾ ਵੱਡਾ ਮੁੰਡਾ ਘਰ ਨਹੀਂ, ਅਸੀਂ ਉਸ ਬਿਨਾਂ ਕੁਝ ਨਹੀਂ ਕਰ ਸਕਦੇ। ਆਖਰੀ ਫੈਸਲਾ ਉਸ ਦਾ ਹੀ ਹੁੰਦਾ ਏ ਪਰ ਉਹ ਵੀ ਨਾਂਹ ਨਹੀਂ ਕਰੇਗਾ ਪਰ ਉਸ ਨੂੰ ਆ ਲੈਣ ਦਿਓ।"

"ਠੀਕ ਏ ਜੀ, ਅਸੀਂ ਤੁਹਾਡੇ ਫੈਸਲੇ ਦੀ ਉਡੀਕ ਕਰਾਂਗੇ।" ਆਖਦੇ ਉਹ ਉਠ ਖੜੇ। ਉਹਨਾਂ ਨੇ ਆਪਣਾ ਚੰਡੀਗੜ੍ਹ ਵਾਲਾ ਸਿਰਨਾਵਾਂ ਦੇ ਦਿਤਾ। ਸਾਰੇ ਜਣੇ ਉਹਨਾਂ ਨੂੰ ਧਰਮਸਾਲਾ ਤਕ ਛੱਡਣ ਗਏ ਤੇ ਰਿਕਸ਼ੇ 'ਤੇ ਬੈਠਾ ਕੇ ਆਏ। ਉਹਨਾਂ ਦੇ ਜਾਣ ਤੋਂ ਬਾਅਦ ਘਰ ਵਿਚ ਸਲਾਹਾਂ ਹੋਣ ਲੱਗ ਪਈਆਂ। ਆਖਰ ਕੁੜੀ ਤੋਰਨ ਦਾ ਸਵਾਲ ਸੀ। ਮੁੰਡਾ ਸਭ ਨੂੰ ਹੀ ਪਸੰਦ ਸੀ। ਮੁੰਡੇ ਦਾ ਪਿਓ ਵੀ ਭਲਾ ਬੰਦਾ ਜਾਪਦਾ ਸੀ। ਚਾਚਾ ਜੀ ਕਹਿ ਰਹੇ ਸਨ, "ਭਾਈ, ਮੁੰਡਾ ਤਾਂ ਇਵੇਂ ਗੱਲਾਂ ਕਰਦਾ ਸੀ ਜਿਵੇਂ ਜਮਾਂ ਹੀ ਓਪਰਾ ਨਾ ਹੋਵੇ, ਜਿਵੇਂ ਸਾਲਾਂ ਦਾ ਜਾਣਦਾ ਹੋਵੇ, ਹਾਂ ਪੰਜਾਬੀ ਜ਼ਰੂਰ ਲੰਗੜੀ ਸੀ, ਇੰਗਲੈਂਡ ਦੇ ਜੰਮੇ ਏਕਣ ਈ ਬੋਲਦੇ ਨੇ ਭਾਈ!"

ਬੀਬੀ ਨੂੰ ਮੁੰਡੇ ਦੀਆਂ ਗੱਲਾਂ ਭਾਵੇਂ ਬਹੁਤੀਆਂ ਸਮਝ ਨਹੀਂ ਸੀ ਲੱਗੀਆਂ ਪਰ ਉਹ ਖੁਸ਼ ਸੀ ਕਿ ਮੁੰਡੇ ਦਾ ਸੁਭਾਅ ਰਲਵਾਂ-ਮਿਲਵਾਂ ਸੀ। ਸਾਰੇ ਹੀ ਮੁੰਡੇ ਬਾਰੇ ਆਪੋ-ਆਪਣਾ ਪ੍ਰਤੀਕਰਮ ਦੇ ਰਹੇ ਸਨ। ਪਾਪਾ ਜੀ ਆਪਣਾ, ਚਾਚਾ ਜੀ ਆਪਣਾ, ਬੀਬੀ ਆਪਣਾ ਤੇ ਰਾਣੀ ਆਪਣਾ। ਉਹ ਚੁੱਪ ਸੀ। ਉਸ ਨੇ ਜੋ ਕਹਿਣਾ ਸੀ ਉਸ ਦਾ ਸੁਨੇਹਾ ਘੁਘਰਾਲੇ ਵਾਲਾ ਵਾਲੇ ਨੂੰ ਮਿਲ ਚੁੱਕਾ ਸੀ।

ਇਹ ਮੰਗਲਵਾਰ ਸੀ। ਬੁਧਵਾਰ ਵੀਰਾ ਆ ਗਿਆ। ਵੀਰਾ ਵੱਡਾ ਹੋਣ ਕਰਕੇ ਘਰ ਵਿਚ ਉਸ ਦਾ ਬਹੁਤ ਰੋਅਬ ਸੀ। ਸਾਰੇ ਹੀ ਉਸ ਨਾਲ ਗੱਲ ਕਰਨ ਤੋਂ ਡਰਦੇ ਸਨ। ਬੀਬੀ ਹੌਲੀ ਜਿਹੀ ਉਸ ਕੋਲ ਜਾ ਕੇ ਕਹਿੰਦੀ, "ਲੈ ਭਾਈ, ਖਨੀ ਆਪਾਂ ਨੂੰ ਵਿਆਹ ਹੀ ਆ ਜੇ।"

ਵੀਰਾ ਬੋਲਿਆ, "ਬੀਬੀ, ਤੁਸੀਂ ਜਾ ਆਇਓ, ਮੈਂ ਥੱਕਿਆ ਹੋਇਆਂ, ਮੈਂ ਤਾਂ ਸੌਨਾ ਉਪਰ ਚੁਬਾਰੇ ਵਿਚ ਜਾ ਕੇ। ਆਥਣ ਤਕ ਮੈਨੂੰ ਨਾ ਜਗਾਇਓ।"

ਹੁਣ ਵੀਰੇ ਨੂੰ ਦੱਸਣ ਦਾ ਕੌਣ ਹੌਸਲਾ ਕਰੇ। ਉਸ ਦਾ ਵਧੀਆ ਰੌਂਅ ਦੇਖ ਕੇ ਹੀ ਗੱਲ ਕਰ ਹੁੰਦੀ ਸੀ। ਖੈਰ, ਫਿਰ ਚਾਚਾ ਜੀ ਨੂੰ ਸੱਦਿਆ ਗਿਆ ਕਿ ਉਹ ਵੀਰੇ ਨਾਲ ਗੱਲ ਕਰੇ। ਚਾਹ ਵੇਲੇ ਵੀਰਾ ਥੱਲੇ ਉਤਰਿਆ ਤਾਂ ਸਾਰੀ ਗੱਲ ਸਮਝਾਈ ਗਈ। ਵੀਰਵਾਰ ਸਵੇਰੇ ਸਵੇਰੇ ਤਿੰਨੇ ਭਰਾ, ਪਾਪਾ ਜੀ ਤੇ ਚਾਚਾ ਜੀ ਸੰਗਰੂਰ ਤੋਂ ਤਾਇਆ ਜੀ ਦੇ ਲੜਕੇ ਨੂੰ ਲੈਣ ਚਲੇ ਗਏ। ਉਥੋਂ ਹੀ ਉਹਨਾਂ ਨੇ ਚੰਡੀਗੜ੍ਹ ਜਾਣਾ ਸੀ। ਤਾਇਆ ਜੀ ਦਾ ਲੜਕਾ ਉਹਨਾਂ ਨੂੰ ਦੇਖ ਕੇ ਹੈਰਾਨ ਸੀ। ਹਾਲੇ ਕੱਲ-ਪਰਸੋਂ ਹੀ ਉਹ ਉਹਨਾਂ ਨੂੰ ਮਿਲ ਕੇ ਗਿਆ ਸੀ। ਉਥੋਂ ਉਹ ਨੌਂ ਵਜੇ ਦੀ ਬੱਸ ਲੈ ਕੇ ਚੰਡੀਗੜ੍ਹ ਚਲੇ ਗਏ। ਗੱਲਬਾਤ ਹੋਈ ਤੇ ਸ਼ਗਨ ਦੇ ਇਕ ਸੌ ਇਕ ਮੁੰਡੇ ਦੀ ਝੋਲੀ ਵਿਚ ਪਾ ਦਿਤੇ ਗਏ। ਉਹਨਾਂ ਨੇ ਇਕ ਰੁਪਈਆ ਰੱਖ ਕੇ ਬਾਕੀ ਵਾਪਸ ਕਰ ਦਿਤੇ। ਤੇ ਨਾਲ ਹੀ ਮੁੰਡੇ ਦਾ ਪਿਓ ਕਹਿਣ ਲੱਗਾ, "ਸਾਡੀਆਂ ਤਿੰਨ ਸ਼ਰਤਾਂ ਨੇ।"

ਸੁਣ ਕੇ ਸਭ ਦੇ ਦਿਲ ਦਹਿਲ ਗਏ ਕਿ ਕਿ ਇਹ ਤਾਂ ਉਹੀ ਗੱਲ ਹੋਈ ਕਿ ਪਹਿਲਾਂ ਕਹਿ

ਦਿੰਦੇ ਹਨ ਕਿ ਕੁਝ ਲੈਣਾ ਨਹੀਂ ਤੇ ਫਿਰ ਮੰਗਾਂ ਰੱਖ ਦਿੰਦੇ ਹਨ। ਉਹਨਾਂ ਦੇ ਮਨ ਸਹਿਮੇ ਹੋਏ ਸਨ ਤੇ ਅੱਖਾਂ ਅਟਕੀਆਂ ਹੋਈਆਂ। ਕੰਨ ਸਿਮਟ ਕੇ ਉਹਨਾਂ ਵਲ ਲੱਗ ਗਏ। ਪਿਤਾ ਬੋਲਿਆ, "ਪਹਿਲੀ ਸ਼ਰਤ ਤਾਂ ਇਹ ਕਿ ਸਾਡੇ ਕੋਈ ਨੋਟਾਂ ਦਾ ਹਾਰ ਨਾ ਪਾਵੇ। ਦੂਜੀ ਸ਼ਰਤ ਇਹ ਕਿ ਸਾਡੇ ਮੂਹਰੇ ਸਵਾਗਤ ਲਈ ਕੋਈ ਵਾਜਾ ਨਾ ਹੋਵੇ। ਤੀਜੀ ਸ਼ਰਤ ਇਹ ਕਿ ਤੁਸੀਂ ਕੈਮਰੇ ਵਾਲੇ ਦਾ ਇੰਤਜ਼ਾਮ ਕਰੋਂਗੇ ਤੇ ਪੈਸੇ ਅਸੀਂ ਦੇਵਾਂਗੇ। ਅਸੀਂ ਗਿਆਰਾਂ ਬੰਦੇ ਆਵਾਂਗੇ ਤੇ ਕੁੜੀ ਲੈ ਆਵਾਂਗੇ।"

ਏਧਰ ਬੀਬੀ ਆਪਣੀਆਂ ਧੀਆਂ ਨਾਲ ਗੱਲਾਂ ਕਰ ਕਰ ਕੇ ਹੱਸ ਰਹੀ ਸੀ। ਉਹ ਬੋਲੀ, "ਲੈ ਭਾਈ, ਜੇ ਉਹ 'ਹਾਂ' ਕਰ ਆਏ ਤਾਂ ਆਪਣੇ ਘਰ ਤਾਂ ਆਟਾ ਵੀ ਹੈ ਨਹੀਂ, ਫਿਆਉਣ ਵਾਲਾ ਏ।"

ਉਹਨਾਂ ਨੂੰ ਹੱਸਦੀਆਂ ਦੇਖ ਸਾਹਮਣੇ ਘਰ ਵਾਲੀ ਆਸੋ ਅੰਮਾਂ ਬੋਲੀ, "ਲੈ ਭਾਈ 'ਕੱਲੀਆਂ ਈ ਹੱਸੀ ਜਾਨੀਆਂ ਓ, ਕਿਹੜੀ ਗਿੱਦੜ ਸਿੰਗੀ ਮਿਲ ਗਈ ?"

"ਕੋਈ ਨਹੀਂ ਅੰਮਾ, ਭੇਲੀ ਟੁਟੂ ਤਾਂ ਤੈਨੂੰ ਵੀ ਗੁੜ ਮਿਲ ਜੂ !"

ਰਾਣੀ ਨੇ ਕਿਹਾ। ਉਹਨਾਂ ਦਾ ਸਾਰਾ ਦਿਨ ਮਰਦਾਂ ਨੂੰ ਉਡੀਕਦਿਆਂ ਸ਼ਸ਼ੋਪੰਜ ਵਿਚ ਨਿਕਲ ਗਿਆ। ਬੀਬੀ ਬਾਹਲੀ ਹੀ ਬੈਚੇਨ ਜਿਹੀ ਸੀ ਕਿ ਪਤਾ ਨਹੀਂ ਕਿਹੋ ਜਿਹੜੀ ਖਬਰ ਦੇਣਗੇ ਆ ਕੇ। ਉਸ ਨੂੰ ਚਾਅ ਵੀ ਸੀ ਤੇ ਘਬਰਾਹਟ ਵੀ।

ਰਾਤ ਦੀ ਦਸ ਵਜੇ ਵਾਲੀ ਗੱਡੀ ਵਿਚ ਸਾਰੇ ਪਰਤ ਆਏ। ਹਾਲੇ ਉਹ ਅੰਦਰ ਵੀ ਨਹੀਂ ਸਨ ਵੜੇ ਕਿ ਬੀਬੀ ਨੇ ਸਵਾਲ ਜੜ ਦਿਤਾ, "ਕੀ ਹੋਇਆ ?"

"ਐਤਵਾਰ ਨੂੰ ਇਹਦਾ ਕਾਣੀ ਜਿਹੀ ਦਾ ਵਿਆਹ ਏ।" ਛੋਟਾ ਇਵੇਂ ਪਿਆਰ ਵਿਚ ਉਸ ਨੂੰ 'ਕਾਣੀ ਜਿਹੀ' ਕਿਹਾ ਕਰਦਾ ਸੀ। ਵਿਹੜੇ ਵਿਚ ਗੱਲਾਂ ਕਰਦੇ ਸਾਰੇ ਘਬਰਾਏ ਜਿਹੇ ਵੀ ਹੋਏ ਸਨ। ਏਨੀ ਜਲਦੀ ਦਾ ਵਿਆਹ ਰੱਖਣਾ ਕੋਈ ਸੌਖੀ ਗੱਲ ਨਹੀਂ ਹੁੰਦੀ। ਰੌਲਾ ਜਿਹਾ ਪੈਂਦਾ ਸੁਣ ਕੇ ਆਸੋ ਅੰਮਾ ਵੀ ਆ ਗਈ। ਏਨੇ ਬੰਦਿਆਂ ਨੂੰ ਇਕੱਠੇ ਤੇ ਸੋਚਾਂ ਵਿਚ ਪਏ ਦੇਖ ਉਸ ਨੇ ਪਤਾ ਨਹੀਂ ਕੀ ਸਮਝਿਆ ਕਿ ਹਵਾ ਵਿਚ ਹੱਥ ਹਿਲਾਉਂਦੀ ਰੋਣ ਲੱਗ ਪਈ ਤੇ ਬੋਲੀ, "ਆਹ ਕੀ ਹੋ ਗਿਆ ?"

ਸਭ ਨੂੰ ਫਿਕਰ ਵਿਚ ਸਹਿਮੇ ਜਿਹੇ ਦੇਖ ਉਸ ਦੇ ਅੰਦਰਲੀ ਬਹਾਦਰ ਕੁੜੀ ਜਾਗ ਪਈ ਕਿ ਇੰਜ ਤਾਂ ਇਹ ਕੁਝ ਵੀ ਨਹੀਂ ਕਰ ਸਕਣਗੇ। ਉਹਨਾਂ ਨੂੰ ਮੋਟੀਵੇਟ ਕਰਨਾ ਜ਼ਰੂਰੀ ਸੀ। ਉਹ ਹੌਂਸਲਾ ਕਰਦੀ ਬੋਲੀ, "ਲਿਆਓ ਭਾਈ, ਮੇਰੇ ਸੁਹਰਿਆਂ ਦੇ ਲੱਡੂ।"

ਸਾਰੇ ਹੀ ਹੱਸ ਪਏ ਤੇ ਮਹੌਲ ਇਕ ਦਮ ਸੁਖਾਵਾਂ ਹੋ ਗਿਆ। ਸਾਰੇ ਔਖੇ ਕੰਮ ਹੁਣ ਸੌਖੇ ਦਿਸਣ ਲੱਗੇ। ਬੀਬੀ ਨੇ ਪੁੱਛਿਆ, "ਭਾਈ, ਮੁੰਡੇ ਦਾ ਨਾਂ ਕੀ ਏ ?"

ਸਾਰੇ ਚੁੱਪ ਤੇ ਇਕ ਦੂਜੇ ਦੇ ਮੂੰਹ ਵਲ ਦੇਖਣ ਲੱਗ ਪਏ। ਫਿਰ ਅਚਾਨਕ ਪਾਪਾ ਜੀ ਬੋਲੇ, "ਸਤਿਨਾਮ ਹੀ ਏ, ਹੋਰ ਕੀ ?"

ਮੁੰਡੇ ਦਾ ਨਾਂ ਕਿਸੇ ਨੇ ਪੁੱਛਿਆ ਹੀ ਨਹੀਂ ਸੀ। ਸਾਰੇ ਕਹਿ ਰਹੇ ਸਨ ਕਿ ਪਰਸੋਂ ਨੂੰ ਨਾਂ ਦਾ ਪਤਾ ਲੱਗ ਹੀ ਜਾਵੇਗਾ। ਰਾਤ ਡੂੰਘੀ ਹੋ ਰਹੀ ਸੀ ਪਰ ਨੀਂਦ ਕਿਸੇ ਨੂੰ ਨਹੀਂ ਸੀ ਆ ਰਹੀ। ਵਿਆਹ ਦੀ ਤਿਆਰੀ ਦੀਆਂ ਸਲਾਹਾਂ ਹੁੰਦੀਆਂ ਰਹੀਆਂ। ਵੀਰਾ ਰਾਤ ਦੀ ਇਕ ਵਾਲੀ ਗੱਡੀ ਵਿਚ ਆਇਆ। ਉਹ ਬਹਿਰਿਆਂ ਨੂੰ ਕਹਿਣ ਲਈ ਪਟਿਆਲੇ ਉਤਰ ਗਿਆ ਸੀ।

ਅਗਲੇ ਦਿਨ ਸ਼ੁਕਰਵਾਰ ਸੀ ਤੇ ਐਤਵਾਰ ਦਾ ਵਿਆਹ। ਇਕ ਦਸਤਕ ਨੇ ਕਿੰਨਾ ਕੁਝ ਬਦਲ ਮਾਰਿਆ ਸੀ। ਇਕ ਮਿੰਟ ਪਹਿਲਾਂ ਉਹ ਕਵਿਤਾ ਦੀ ਕਿਤਾਬ ਦੇ ਵਰਕੇ ਪਲਟ ਰਹੀ ਸੀ ਕਿ ਇਕ ਦਸਤਕ ਨੇ ਉਸ ਦੀ ਜ਼ਿੰਦਗੀ ਹੀ ਪਲਟ ਦਿਤੀ। ਸਵੇਰੇ ਉਠਦੀ ਨੇ ਹੀ ਸੋਚਿਆ ਕਿ ਕਿਥੋਂ ਸ਼ੁਰੂ ਕੀਤਾ ਜਾਵੇ। ਉਸ ਨੇ ਆਪਣੀ ਤਾਈ ਦੇ ਦੋਹਤੇ ਨੂੰ ਸੱਦਿਆ ਤੇ ਆਪਣੀ ਸਹੇਲੀ ਹਰਵਿੰਦਰ ਨੂੰ ਬੁਲਾਉਣ ਲਈ ਭੇਜ ਦਿਤਾ ਜੋ ਕਿ ਨਾਲ ਦੇ ਹੀ ਪਿੰਡ ਰਹਿੰਦੀ ਸੀ। ਵੀਰੇ ਦਾ ਇਕ ਵਿਦਿਆਰਥੀ



ਸੀ ਜੋ ਛਪਾਈ ਦਾ ਕੰਮ ਕਰਦਾ ਸੀ, ਉਸ ਨੇ ਕਾਹਲੀ ਨਾਲ ਉਸੇ ਵੇਲੇ ਕਾਰਡ ਛਾਪ ਦਿਤੇ ਤੇ ਹੱਥੋ ਹੱਥੀ ਰਿਸ਼ਤੇਦਾਰੀਆਂ ਤੇ ਮਲਾਹਜ਼ੇਦਾਰੀਆਂ ਵਿਚ ਵੰਡ ਦਿਤੇ ਗਏ। ਇਕ ਕਾਰਡ ਕਾਲਜ ਦੇ ਨੋਟਿਸ ਬੋਰਡ 'ਤੇ ਲਗਾ ਦਿਤਾ ਗਿਆ ਤਾਂ ਜੋ ਸਭ ਨੂੰ ਪਤਾ ਚੱਲ ਜਾਵੇ। ਹੋਰ ਵੀ ਸਾਰੇ ਕੰਮਾਂ ਨੂੰ ਇਵੇਂ ਕਾਹਲੀ ਕਾਹਲੀ ਹੱਥ ਮਾਰਿਆ ਕਿ ਸਭ ਨੇ ਆਪਣੀਆਂ ਜ਼ਿੰਮੇਵਾਰੀਆਂ ਵੰਡ ਕੇ ਛੇ ਮਹੀਨਿਆਂ ਦੀ ਘੈਂਸ ਘੈਂਸ ਵਾਲਾ ਕੰਮ ਦਿਹਾੜੀ ਵਿਚ ਕਰ ਮਾਰਿਆ। ਉਸ ਲਈ ਸਭ ਤੋਂ ਵੱਡਾ ਕੰਮ ਸੀ ਅਨੰਦ ਕਾਰਜ ਲਈ ਸੂਟ ਬਣਵਾਉਣਾ। ਉਸ ਦੀ ਸਹੇਲੀ ਆ ਗਈ ਤੇ ਉਹ ਉਹਨੂੰ ਲੈ ਕੇ ਗੁਲਜ਼ਾਰੀ ਦਰਜ਼ੀ ਦੇ ਗਈ ਤੇ ਛੋਟੀ ਬੂਟੀਦਾਰ ਸੂਟ ਸੀਣ ਲਈ ਦਿੰਦੀ ਬੋਲੀ, "ਚਾਚਾ, ਮੇਰੇ ਆਹ ਦੋ ਸੂਟ ਸੀਂਅ ਦੇ ਛੇਤੀਂ, ਕੱਲ ਤੱਕ ਦੇ ਦੇਵੀਂ, ਮੈਂ ਵਾਂਢੇ ਜਾਣਾ ਏਂ।"

"ਨਾ ਭਾਈ, ਮੇਰੇ ਕੋਲ ਤਾਂ ਅੱਗੇ ਹੀ ਬਾਹਲਾ ਕੰਮ ਏਂ, ਐਂ ਕਰੀਂ, ਸੋਮਵਾਰ ਜਾਂ ਮੰਗਲਵਾਰ ਲੈ ਜਾਈਂ।"

"ਨਾ ਚਾਚਾ, ਐਤਵਾਰ ਨੂੰ ਤਾਂ ਮੈਂ ਜਾਣਾਂ।"

ਉਸ ਦੀ ਕੋਲ ਖੜੀ ਸਹੇਲੀ ਖਿੱਝ ਗਈ ਤੇ ਦਰਜ਼ੀ ਨੂੰ ਬੋਲੀ, "ਚਾਚਾ, ਏਹਦਾ ਵਿਆਹ ਏ ਪਰਸੋਂ ਨੂੰ।"

"ਹੈ ਕਮਲੀ ਨਾ ਹੋਵੇ ਤਾਂ, ਐਂ ਦੱਸ।" ਆਖਦਿਆਂ ਦਰਜ਼ੀ ਨੇ ਉਸੇ ਵੇਲੇ ਹੀ ਸੂਟ ਸੀਣ ਦੀ ਤਿਆਰੀ ਸ਼ੁਰੂ ਕਰ ਲਈ।

ਉਸ ਨੇ ਹਮੇਸ਼ਾ ਹੀ ਪੰਜਾਬੀ ਜੁੱਤੀ ਪਾਈ ਸੀ ਤੇ ਆਉਂਦੀ ਹੋਈ ਮੋਚੀ ਦਿਓਂ ਆਪਣੇ ਪਸੰਦ ਦੀ ਨਗੀ ਦੀ ਜੁੱਤੀ ਵੀ ਲੈ ਆਈ। ਨਾ ਕੋਈ ਚੂੜਾ, ਨਾ ਕੋਈ ਮਹਿੰਦੀ। ਸ਼ਾਮ ਨੂੰ ਆਂਢਣਾਂ-ਗਵਾਂਢਣਾਂ ਗਾਉਣ ਬਹਿ ਗਈਆਂ। ਬੀਬੀ ਨੇ ਉਸ ਤੋਂ ਉਹੀ ਗੀਤ ਸੁਣਿਆਂ ਜਿਸ ਨੂੰ ਉਹ ਨਿੱਤ ਗਾਇਆ ਕਰਦੀ ਸੀ;

ਮਾਏਂ ਨੀ ਮੈਨੂੰ ਤੋਰ ਘਰ ਆਪਣੇ,
ਹਾਣਨਾਂ ਦਾ ਲੱਦ ਗਿਆ ਪੂਰ,
ਜਿਵੇਂ ਸਾਡਾ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਏ,
ਮੇਰੀ ਮਾਂਗ ਮੰਗਦੀ ਏ ਸੰਧੂਰ।

ਹੋਰ ਤਾਈਆਂ, ਚਾਚੀਆਂ ਤੇ ਸਹੇਲੀਆਂ ਨੇ ਵੀ ਵਾਹਵਾ ਸਾਰੇ ਗੀਤ ਗਾਏ। ਮਰਾਸਣ ਦੀ ਢੋਲਕੀ ਸਭ ਨੇ ਖੂਬ ਵਜਾਈ।

ਉਹਨਾਂ ਦੇ ਵਿਹੜੇ ਵਿਚ ਇਕ ਡੇਕ ਹੁੰਦੀ ਸੀ ਤੇ ਇਕ ਅਨਾਰ ਦਾ ਬੂਟਾ। ਇਹਨਾਂ ਦੋਨਾਂ ਬੂਟਿਆਂ ਨਾਲ ਉਸ ਦਾ ਖਾਸ ਮੋਹ ਜਿਹਾ ਸੀ। ਇਹਨਾਂ ਨੂੰ ਦੇਖਦਿਆਂ ਦੇਖਦਿਆਂ ਉਹ ਇਸ ਘਰ ਵਿਚ ਵੱਡੀ ਹੋਈ ਸੀ। ਡੇਕ ਦੀ ਛਾਵੇਂ ਬਹਿ ਕੇ ਉਸ ਨੇ ਚਾਦਰਾਂ ਕੱਢੀਆਂ ਸਨ, ਸੇਵੀਆਂ ਵੱਟੀਆਂ ਸਨ। ਚਰਖਾ ਵੀ ਕਤਿਆ ਸੀ ਤੇ ਕਵਿਤਾਵਾਂ ਵੀ ਲਿਖੀਆਂ ਸਨ। ਇਹ ਦੋਵੇਂ ਬੂਟੇ ਉਸ ਲਈ ਪ੍ਰੇਰਨਾ ਸਰੋਤ ਵੀ ਸਨ ਤੇ ਉਸ ਦੀਆਂ ਸੋਚਾਂ ਦੇ ਗਵਾਹ ਵੀ ਸਨ। ਸਵੇਰ ਵੇਲੇ ਇਹਨਾਂ ਉਪਰ ਚਹਿਕਦੀਆਂ ਚਿੜੀਆਂ ਨੂੰ ਉਹ ਬਹੁਤ ਧਿਆਨ ਨਾਲ ਦੇਖਿਆ ਕਰਦੀ ਸੀ। ਇਹੀ ਚਿੜੀਆਂ ਉਸ ਨੂੰ ਤੜਕਸਾਰ ਜਗਾਇਆ ਵੀ ਕਰਦੀਆਂ ਸਨ। ਅਨਾਰ ਨੂੰ ਲੱਗਦੇ ਫੁੱਲਾਂ ਦਾ ਤਾਂ ਕਹਿਣਾ ਹੀ ਕੀ ਸੀ। ਪਰ ਹੁਣ ਵਿਹੜੇ ਵਿਚ ਸ਼ਮਿਆਨਾ ਲਾਉਣ ਲਈ ਇਹਨਾਂ ਦੋਨਾਂ ਬੂਟਿਆਂ ਨੂੰ ਛਾਂਗਣਾ ਸ਼ੁਰੂ ਕਰ ਦਿਤਾ। ਪਹਿਲਾਂ ਡੇਕ ਛਾਂਗੀ ਪਰ ਜਦ ਅਨਾਰ ਨੂੰ ਛਾਂਗਿਆ ਜਾਣ ਲੱਗਾ ਤਾਂ ਉਸ ਨੇ ਭੱਜ ਕੇ ਜਾ ਕੇ ਅਨਾਰ ਨੂੰ ਜੱਫੀ ਪਾ ਲਈ।

**ਦੇਖੋ ਪੰਨਾ ਨੰ: 108 'ਤੇ**

# ਮਾਂ/ਅਮਰਜੀਤ ਸਿੰਘ ਹੇਅਰ

ਦਾਦੀ ਨੂੰ ਅਸੀਂ ਮਾਂ ਕਹਿੰਦੇ ਸਾਂ ਅਤੇ ਮਾਂ ਨੂੰ ਬੇਬੇ। ਮੇਰਾ ਖ਼ਿਆਲ ਹੈ ਮੇਰੇ ਲਈ ਦਾਦੀ ਨੂੰ ਮਾਂ ਕਹਿਣਾ ਬਿਲਕੁਲ ਵਾਜਿਬ ਸੀ ਕਿਉਂਕਿ ਜੋ ਪਿਆਰ ਮੈਨੂੰ ਉਸ ਨੇ ਦਿੱਤਾ, ਉਹ ਬੇਬੇ ਤੋਂ ਨਹੀਂ ਸੀ ਮਿਲਿਆ। ਮਾਂ ਸੀ ਹੀ ਪਿਆਰ ਦਾ ਮਜੱਸਮਾ। ਹੁੰਦੀ ਵੀ ਕਿਉਂ ਨਾ! ਉਸ ਦਾ ਨਾਂ ਹੀ ਪ੍ਰੇਮ ਕੌਰ ਸੀ। ਉਹ ਆਪਣੇ ਨਾਂ ਦੀ ਪੂਰੀ ਤਰਜਮਾਨੀ ਕਰਦੀ ਸੀ। ਉਹ ਹਰ ਇਕ ਨਾਲ ਪ੍ਰੇਮ ਨਾਲ ਪੇਸ਼ ਆਉਂਦੀ ਸੀ। ਉਸ ਦਾ ਸੁਭਾ, ਸ਼ਖ਼ਸੀਅਤ ਅਤੇ ਸੀਰਤ ਹੀ ਐਸੀ ਸੀ। ਮੈਂ ਕਦੇ ਕਿਸੇ ਨੂੰ ਉਸ ਦਾ ਨਾਂ ਲੈਂਦੇ ਨਹੀਂ ਸੀ ਸੁਣਿਆ, ਸਿਵਾਏ ਮੂਮਾਂ ਵਾਲੇ ਪੰਡਤ ਸ਼ੰਭੂ ਦੇ, ਜੋ ਸ਼ਾਇਦ ਉਸ ਨਾਲੋਂ ਵੀ ਉਮਰ ਵਿੱਚ ਵੱਡਾ ਸੀ ਅਤੇ ਮਹੀਨੇ ਵਿਚ ਇਕ ਦੋ ਵਾਰ ਸਾਡੇ ਪਿੰਡ ਗੇੜਾ ਮਾਰਦਾ ਸੀ। ਉਸ ਨੇ ਸਭ ਤੋਂ ਪਹਿਲਾਂ ਸਾਡੇ ਪਿੰਡ ਆ ਕੇ ਸਾਡੇ ਘਰ ਆਉਣਾ ਅਤੇ ਆਪਣੀ ਘੋੜੀ ਸਾਡੇ ਦਲਾਨ ਵਿਚ ਬੰਨ੍ਹਣੀ, ਜਿਸ ਨੂੰ ਅਸੀਂ ਛੋਲੇ ਪਾਉਣੇ ਅਤੇ ਪੰਡਤ ਸ਼ੰਭੂ ਨੇ ਸਾਨੂੰ ਕਰਾਰੇ ਚੂਰਨ ਦੀਆਂ ਗੋਲੀਆਂ ਦੇਣੀਆਂ ਜਿਨ੍ਹਾਂ ਨੂੰ ਅਸੀਂ ਚਸਕੇ ਲੈ-ਲੈ ਕੇ ਚੂਸਣਾ। ਉਸ ਨੇ ਸਾਡੀ ਦਾਦੀ ਨੂੰ ਪੁੱਛਣਾ, "ਪ੍ਰੇਮ ਕੌਰੇ ਰਾਜ਼ੀ ਹੈਂ ? ਪਰਿਵਾਰ ਰਾਜ਼ੀ ਹੈ ? ਕੋਈ ਢਿਲਾ ਢਮਕਾ ਤਾਂ ਨਹੀਂ, ਕਿਸੇ ਨੂੰ ਦਵਾਈ ਦਾਰੂ ਦੀ ਲੋੜ ਹੈ ਤਾਂ ਮੈਂ ਦੇ ਜਾਨਾ।" ਦਾਦੀ ਨੂੰ ਤਾਂ ਕਦੇ ਮੈਂ ਬੀਮਾਰ ਹੁੰਦੇ ਦੇਖਿਆ ਹੀ ਨਹੀਂ ਸੀ। ਉਸ ਕਹਿਣਾ, "ਪੰਡਤ ਜੀ ਪਰਮਾਤਮਾ ਦੀ ਮੇਹਰ ਆ। ਸਭ ਰਾਜ਼ੀ ਬਾਜ਼ੀ ਨੇ। ਸੁੰਦਰ ਨੂੰ ਹੀ ਸਾਹ ਦੀ ਕਸਰ ਆ। ਉਸ 'ਤੇ ਤਾਂ ਥੋਡੀ ਦਵਾਈ ਅਸਰ ਕਰਦੀ ਨ੍ਹੀਂ।" ਮੇਰਾ ਬਾਪੂ ਦਾਦੀ ਦਾ ਇਕੋ ਇਕ ਪੁੱਤ ਸੀ ਜੋ ਦਮੇ ਦਾ ਮਰੀਜ਼ ਸੀ।

ਮੈਂ ਦਾਦੀ ਨੂੰ ਕਦੇ ਘਰ ਦੇ ਕਿਸੇ ਕੰਮ ਵਿਚ ਦਖਲ ਦਿੰਦਿਆਂ ਨਹੀਂ ਸੀ ਦੇਖਿਆ। ਇਕ ਵਾਰੀ ਜਦ ਵੱਗ ਵਿਚੋਂ ਪਸ਼ੂ ਵਾਪਸ ਆਏ ਤਾਂ ਵਛੜਾ ਭੱਜ ਕੇ ਗਾਂ ਦੇ ਥਣਾਂ ਨੂੰ ਜਾ ਚੁੰਘਣ ਲੱਗਾ। ਦਾਦੀ ਨੇ ਉਸ ਨੂੰ ਫੜਨਾ ਚਾਹਿਆ ਤਾਂ ਡਿਗ ਪਈ ਤੇ ਗੁਟ ਤੁੜਵਾ ਲਿਆ। ਉਸੇ ਵੇਲੇ ਬਾਪੂ ਬਾਹਰੋਂ ਆ ਗਿਆ। ਉਸ ਕਿਹਾ, "ਮਾਂ ਤੂੰ ਹੁਣ ਬਿਰਧ ਹੋ ਗਈ ਐਂ। ਕੰਮ ਕਾਰ ਕਰਨਾ ਛੱਡ ਦੇ, ਆਪੇ ਹੁੰਦਾ ਰਹੂ।" ਉਸ ਦਿਨ ਤੋਂ ਬਾਅਦ ਦਾਦੀ ਨੇ ਮੁੜ ਕੇ ਕਦੀ ਵੀ ਕਿਸੇ ਘਰੇਲੂ ਕੰਮ ਵਿਚ ਦਖਲ ਨਹੀਂ ਸੀ ਦਿੱਤਾ, ਓਦੋਂ ਉਹ 65 ਕੁ ਸਾਲਾਂ ਦੀ ਹੋਵੇਗੀ। ਉਸ ਤੋਂ ਪਿੱਛੋਂ ਉਹ 25 ਵਰ੍ਹੇ ਹੋਰ ਜਿਉਂਦੀ ਰਹੀ ਪਰ ਮੁਕੰਮਲ ਸੰਨਿਆਸੀ ਦੀ ਤਰ੍ਹਾਂ ਉਹ ਇਰਾਦੇ ਦੀ ਦ੍ਰਿੜ ਸੀ। ਇਸ ਨਾਲ ਘਰ ਵਿੱਚ ਵੀ ਸ਼ਾਂਤੀ ਰਹੀ।

ਮੈਂ ਦਾਦੀ ਨੂੰ ਕਦੇ ਕਿਸੇ ਰਿਸ਼ਤੇਦਾਰੀ ਵਿਚ ਜਾਂਦੇ ਨਹੀਂ ਸੀ ਦੇਖਿਆ। ਮੈਂ ਬਹੁਤ ਛੋਟਾ ਸੀ ਜਦ ਚਿੱਟੇ ਮੋਤੀਏ ਕਾਰਨ ਉਸ ਨੂੰ ਅੱਖਾਂ ਤੋਂ ਦਿੱਸਣੋਂ ਹਟ ਗਿਆ। ਉਸ ਵੇਲੇ ਮੈਂ ਉਸਦੀ ਖੂੰਡੀ ਫੜ੍ਹ ਕੇ ਉਸ ਨੂੰ ਜੰਗਲ ਪਾਣੀ ਲੈ ਕੇ ਜਾਣਾ। ਪਰ ਛੇਤੀ ਹੀ ਬਾਪੂ ਉਸ ਨੂੰ ਮੋਗੇ ਲੈ ਗਿਆ ਜਿੱਥੇ ਮੇਰੀ ਭੂਆ ਰਹਿੰਦੀ ਸੀ। ਉਥੇ ਡਾ. ਮਥਰਾ ਦਾਸ ਪਾਸੋਂ ਉਸ ਦਾ ਓਪਰੇਸ਼ਨ ਕਰਵਾਇਆ ਅਤੇ ਉਸ ਦੀ ਨਿਗ੍ਹਾ ਵਾਪਸ ਆ ਗਈ ਪਰ ਉਸ ਦੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਲੱਗ ਗਈ।

ਤਕਰੀਬਨ ਸਾਰਾ ਦਿਨ ਦਾਦੀ ਬੀਹੀ ਵਿਚ ਸਾਡੇ ਘਰ ਦੇ ਸਾਹਮਣੇ ਬਣੀ ਚੌਂਕੜੀ 'ਤੇ ਬੈਠੀ ਰਹਿੰਦੀ। ਆਉਂਦੀਆਂ ਜਾਂਦੀਆਂ ਉਸ ਦੇ ਪੈਰੀਂ ਹੱਥ ਲਾਉਂਦੀਆਂ ਅਤੇ ਉਹ ਉਨ੍ਹਾਂ ਨੂੰ ਅਸੀਸਾਂ ਦਿੰਦੀ, "ਧੀਏ ਜੀਉਂਦੀ ਰਹਿ। ਤੇਰੇ ਬੱਚੇ ਰਾਜ਼ੀ ਰਹਿਣ। ਤੂੰ ਬੁਢ ਸੁਹਾਗਣ ਹੋਵੇਂ।" ਉਸ ਵੇਲੇ ਸਾਡਾ ਘਰ ਫਿਰਨੀ 'ਤੇ ਸੀ। ਸਾਥੋਂ ਅਗਲੇ ਪਿੰਡ ਅੰਗਰੇਜ਼ੀ ਇਲਾਕੇ ਦੇ ਸਨ। ਉਨ੍ਹਾਂ ਨੂੰ ਆਪਣੀ ਤਹਿਸੀਲ ਜਗਰਾਵਾਂ ਅਤੇ ਜ਼ਿਲ੍ਹਾ ਲੁਧਿਆਣਾ ਵਿਚ ਸਰਕਾਰੀ ਕੰਮਾਂ ਕਾਰਾਂ ਲਈ ਸਾਡੇ ਪਿੰਡ ਵਿਚ ਦੀ ਲੰਘਣਾ ਪੈਂਦਾ ਸੀ। ਆਮ ਤੌਰ 'ਤੇ ਲੋਕ ਪੈਦਲ ਜਾਂਦੇ ਸਨ। ਦਾਦੀ ਨੇ ਜਾਂਦੇ ਰਾਹੀਆਂ ਪਾਂਧੀਆਂ ਨੂੰ ਰੋਕ ਕੇ ਕਹਿਣਾ, "ਭਾਈ ਲੱਸੀ, ਪਾਣੀ ਪੀਂਦੇ ਜਾਓ, ਬਿੰਦ ਬੈਠ ਕੇ ਅਰਾਮ ਕਰ ਲੋ।" ਅਸੀਂ ਉਨ੍ਹਾਂ ਨੂੰ ਲੱਸੀ ਪਾਣੀ ਪਿਲਾਉਂਦੇ ਅਤੇ ਕਈ ਸਾਡੇ ਦਲਾਨ ਵਿਚ ਗਰਮੀਆਂ ਦੇ ਦੁਪਹਿਰੇ ਕੱਟ ਕੇ ਜਾਂਦੇ। ਇਸ ਤਰ੍ਹਾਂ



ਬਹੁਤ ਸਾਰੇ ਦੂਰ ਦੁਰਾਡੇ ਦੇ ਲੋਕਾਂ ਨਾਲ ਸਾਡੀ ਜਾਣ-ਪਹਿਚਾਣ ਹੋਈ ਅਤੇ ਕਈਆਂ ਨਾਲ ਸਾਡੀ ਐਨੀ ਨੇੜਤਾ ਪੈ ਗਈ ਕਿ ਉਹ ਸਾਡੇ ਗ਼ਮੀ-ਖ਼ੁਸ਼ੀ ਵਿਚ ਵੀ ਸ਼ਾਮਲ ਹੁੰਦੇ।

ਦਾਦੀ ਬੁਢਾਪੇ ਵਿਚ ਵਾਂਢੇ ਕਿਤੇ ਵੀ ਨਹੀਂ ਸੀ ਜਾਂਦੀ। ਪਰ ਮੇਰੇ ਨਾਲ ਜ਼ਰੂਰ ਦੋ ਦਫ਼ਾ ਗਈ। ਇਕ ਵਾਰੀ ਮੇਰਾ ਪੇਟ ਦੁੱਖਣ ਲੱਗ ਪਿਆ ਤਾਂ ਮੈਨੂੰ ਉਹ ਪੈਦਲ ਮੂਮੀ ਲੈ ਕੇ ਗਈ ਜਿੱਥੋਂ ਅਸੀਂ ਪਾਧੇ ਸ਼ੰਭੂ ਤੋਂ, ਜੋ ਹਕੀਮ ਵੀ ਸੀ, ਦਵਾਈ ਲੈ ਕੇ ਆਏ। ਮੈਨੂੰ ਯਾਦ ਹੈ ਓਥੇ ਉਹ ਮੈਨੂੰ ਇਕ ਉਸ ਦੀ ਵਾਕਫਕਾਰ ਬਿਰਧ ਔਰਤ ਨੂੰ ਵੀ ਮਿਲਾ ਕੇ ਲਿਆਈ। ਇਸ ਤਰ੍ਹਾਂ 1945 ਵਿੱਚ ਜਦ ਮੈਂ ਮੱਲ੍ਹੇ ਪੜ੍ਹਦਾ ਸੀ, ਪਤਾ ਨਹੀਂ ਮੇਰੇ ਦਿਮਾਗ਼ ਵਿਚ ਕੀ ਆਈ ਕਿ ਮੈਂ ਪੜ੍ਹਨੋਂ ਹਟ ਗਿਆ। ਮਾਸਟਰਾਂ ਨੇ ਮਾਰਿਆ, ਬਾਪੂ ਨੇ ਕੁੱਟਿਆ ਅਤੇ ਮੈਨੂੰ ਕਈ ਸਕੂਲਾਂ ਵਿਚ ਦਾਖਲ ਕਰਵਾਇਆ ਗਿਆ। ਪਰ ਮੈਂ ਇਕੋ ਹਿੰਡ ਫੜੀ ਰੱਖੀ ਕਿ ਪੜ੍ਹਨਾ ਨਹੀਂ। ਪੰਜ-ਛੇ ਮਹੀਨੇ ਸਕੂਲੋਂ ਹਟਿਆ ਰਿਹਾ। ਫਿਰ ਅਚਾਨਕ ਹੀ ਪੜ੍ਹਨ ਵਾਸਤੇ ਤਿਆਰ ਹੋ ਗਿਆ। ਉਹ ਵੀ ਆਪਣੇ ਪੁਰਾਣੇ ਸਕੂਲ ਵਿਚ ਮੱਲ੍ਹੇ ਹੀ। ਮੈਂ ਕਿਹਾ ਕਿ ਮੈਨੂੰ ਮਾਂ ਓਥੇ ਛੱਡ ਕੇ ਆਏ। ਮਾਂ ਲਈ ਇਹ ਸੱਤ ਕੋਹ ਦਾ ਫਾਸਲਾ ਉਸ ਬੁਢਾਪੇ ਵਿਚ ਪੈਦਲ ਚਲਣਾ ਕਾਫ਼ੀ ਔਖਾ ਸੀ। ਪਰ ਉਹ ਮੇਰੇ ਨਾਲ ਗਈ। ਮੇਰੇ ਲਈ ਪਿਆਰ ਕਰਕੇ। ਮੈਨੂੰ ਅੱਜ ਮਹਿਸੂਸ ਹੁੰਦਾ ਹੈ ਕਿ ਮੈਂ ਖਾਹਮੁਖਾਹ ਉਸ ਨੂੰ ਇਹ ਤਕਲੀਫ਼ ਦਿੱਤੀ।

ਨਿੱਕਾ ਹੁੰਦਾ ਮੈਂ ਮਾਂ ਨਾਲ ਸੌਂਦਾ। ਉਸ ਦੀ ਬੁੱਕਲ ਦਾ ਨਿੱਘ ਮੈਂ ਅੱਜ ਵੀ ਮਹਿਸੂਸ ਕਰ ਸਕਦਾ ਹਾਂ। ਉਸ ਦੀਆਂ ਚਿੜੀ-ਕਾਂ ਦੀਆਂ ਬਾਤਾਂ ਮੈਨੂੰ ਉਸ ਦੀ ਯਾਦ ਦਿਲਾਉਂਦੀਆਂ ਰਹਿੰਦੀਆਂ ਹਨ। ਉਹ ਬਾਬਾ ਫਰੀਦ ਦੇ ਸਲੋਕਾਂ ਦਾ ਮੂੰਹ ਜ਼ੁਬਾਨੀ ਪਾਠ ਕਰਦੀ। ਉਸ ਦਾ ਮਨਭਾਉਂਦਾ ਸਲੋਕ ਸੀ, "ਰੁਖੀ ਮਿਸੀ ਖਾਏ ਕੇ ਠੰਢਾ ਪਾਣੀ ਪੀ, ਦੇਖ ਪਰਾਈ ਚੋਪੜੀ ਨਾ ਤਰਸਾ ਜੀ"। ਮੈਂ ਉਸ ਨੂੰ ਇਸ ਸਿੱਖਿਆ 'ਤੇ ਅਸਲੀ ਅਮਲ ਕਰਦਿਆਂ ਦੇਖਿਆ ਸੀ। ਲਾਲਚ, ਈਰਖਾ ਉਸ ਦੀ ਸ਼ਖ਼ਸੀਅਤ ਦੇ ਨੇੜੇ-ਤੇੜੇ ਵੀ ਨਹੀਂ ਸਨ। 'ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨਾ ਹੰਢਾਏ' ਇਸ 'ਤੇ ਵੀ ਉਹ ਅਮਲ ਕਰਦੀ ਸੀ। ਮੈਂ ਉਸ ਨੂੰ ਕਦੀ ਗੁੱਸੇ ਵਿਚ ਨਹੀਂ ਸੀ ਦੇਖਿਆ ਅਤੇ ਨਾ ਹੀ ਕਦੇ ਉਸ ਦੇ ਮੂੰਹੋਂ ਕਦੇ ਕਿਸੇ ਲਈ ਮੰਦਾ ਲਫਜ਼ ਸੁਣਿਆ ਸੀ। ਉਹ ਅੰਦਰੂਨੀ ਸ਼ਾਂਤੀ ਅਤੇ ਸੰਤੁਸ਼ਟਤਾ ਦੀ ਜਿੰਦਾ ਮਿਸਾਲ ਸੀ।

ਜਦ ਮੈਂ ਕਾਲਜ ਵਿਚ ਪੜ੍ਹਨ ਲੱਗ ਗਿਆ ਤਾਂ ਮੈਂ ਘੜੀ ਲੈਣੀ ਚਾਹੀ। ਘਰ ਦਿਆਂ ਪਾਸ ਘੜੀ ਖਰੀਦ ਕੇ ਦੇਣ ਜੋਗੇ ਰੁਪਏ ਪੈਸੇ ਨਹੀਂ ਸਨ ਤਾਂ ਮਾਂ ਨੇ ਆਪਣੇ ਛੋਟੇ ਜਿਹੇ ਸੰਦੂਕ ਵਿਚੋਂ ਇਕ ਪੋਟਲੀ ਵਿਚੋਂ ਕੱਢ ਕੇ ਮੈਨੂੰ ਦੋ ਚਾਂਦੀ ਦੀਆਂ ਝਾਂਜਰਾਂ ਅਤੇ ਇਕ ਸੋਨੇ ਦਾ ਟਿੱਕਾ ਦਿੱਤਾ ਅਤੇ ਕਿਹਾ, "ਪੁੱਤ ਇਹ ਵੇਚ ਕੇ ਘੜੀ ਲੈ ਲਾ।" ਮਾਂ ਕੋਲੇ ਸ਼ਾਇਦ ਇਹੋ ਹੀ ਪੂੰਜੀ ਸੀ ਜੋ ਉਸ ਨੇ ਮੈਨੂੰ ਸੌਂਪ ਦਿੱਤੀ। ਮੈਂ ਦੇਖਿਆ ਕਿ ਉਸਦੇ ਸੰਦੂਕ ਵਿਚ ਇਕ ਸਿਊਂਤੀ ਹੋਈ ਕੁੜਤੀ ਸਲਵਾਰ ਅਤੇ ਇਕ ਚਿੱਟੀ ਚੁੰਨੀ ਸੀ। ਮੈਂ ਪੁੱਛਿਆ, "ਮਾਂ ਇਹ ਕਾਹਦੇ ਲਈ ਸਾਂਭ ਕੇ ਰੱਖੀ ਹੋਈ ਆ।" ਕਹਿਣ ਲੱਗੀ, "ਪੁੱਤ ਮੈਂ ਆਪਣਾ ਖੱਫਣ ਆਪ ਹੀ ਜੋੜ ਕੇ ਰੱਖਿਆ ਹੋਇਆ ਆ। ਮੇਰੇ ਮਰੀ ਵੇਲੇ ਕੰਮ ਆਊ – ਕਈ ਵਾਰੀ ਇਹੋ ਜਹੇ ਮੌਕੇ ਘਰ ਵਿਚ ਲੀੜਾ ਕੱਪੜਾ ਵੀ ਨ੍ਹੀਂ ਹੁੰਦਾ।" ਮਾਂ ਦੀ ਦੂਰ-ਅੰਦੇਸ਼ੀ ਅਤੇ ਮੌਤ ਨੂੰ ਖਿੜੇ ਮੱਥੇ ਸਵੀਕਾਰ ਕਰਨ ਦੀ ਸਿਆਣਪ ਦਾ ਹੁਣ, ਜਦ ਮੈਂ ਖੁਦ ਬੁੱਢਾ ਹੋ ਗਿਆ ਹਾਂ ਤਾਂ ਮੈਨੂੰ ਇਹਸਾਸ ਹੋਇਆ ਹੈ।

ਮਾਂ ਦੀ ਕੋਈ ਫੋਟੋ ਨਹੀਂ। ਪਰ ਉਸ ਦੀ ਯਾਦ ਮੇਰੇ ਮਨ ਵਿਚ ਹੈ ਅਤੇ ਤਸਵੀਰ ਅੱਖਾਂ ਸਾਹਮਣੇ। ਉਹ ਕੱਦ ਦੀ ਲੰਮੀ, ਸਰੀਰ ਦੀ ਕਹਿਰੀ, ਕਣਕਵੰਨੇ ਰੰਗ ਦੀ ਸੀ। ਬੁੱਢੀ ਹੋ ਕੇ ਉਸ ਦੇ ਹੱਥ ਥੋੜ੍ਹਾ ਹਿੱਲਣ ਲੱਗ ਪਏ ਸਨ। ਪਰ ਯਾਦਾਸ਼ਤ ਅਖੀਰ ਤੱਕ ਕਾਇਮ ਰਹੀ। ਉਹਨੇ ਮੇਰਾ ਵਿਆਹ ਵੀ ਵੇਖਿਆ ਅਤੇ ਮੈਨੂੰ ਨੌਕਰੀ 'ਤੇ ਲੱਗਦਿਆਂ ਵੀ ਵੇਖਿਆ। ਉਹ ਬੀਮਾਰ ਨਹੀਂ ਹੋਈ ਪਰ ਆਪਣੀ ਪੂਰੀ ਉਮਰ ਭੋਗ ਕੇ 90 ਸਾਲਾਂ ਦੀ ਹੋ ਕੇ ਮਈ, 1959 ਵਿਚ ਪਰਲੋਕ ਸਿਧਾਰ ਗਈ।

## ਅਜਾਇਬ ਸਿੰਘ ਹੁੰਦਲ ਦੀਆਂ ਤਿੰਨ ਗ਼ਜ਼ਲਾਂ

ਇਸ ਬਸਤੀ ਵਿਚ ਕੀ ਵੱਡੇ ਕੀ ਛੋਟੇ ਨੇ।
ਸਾਰੇ ਕ੍ਰਿਸ਼ਨ ਦੀ ਬੰਸੀ ਬਣਨਾ ਚਾਹੁੰਦੇ ਨੇ।

ਬੇਟੀ ਰਾਜ਼ੀ ਬਾਜ਼ੀ ਹੈ ਅਪਣੇ ਘਰ ਵਿਚ,
ਨੀਂਦ ਉਡਾਈ ਹੋਈ ਹੈ ਪਰ ਬੇਟੇ ਨੇ।

ਜਿਨ੍ਹਾਂ ਹੇਠਾਂ ਬਹਿੰਦੇ ਨੇ ਰਲ ਮਿਲ ਲੋਕੀਂ,
ਮੈਨੂੰ ਚੰਗੇ ਲਗਦੇ ਉਹ ਹੀ ਸਾਏ ਨੇ।

ਟੁੱਟੇ ਭੱਜੇ ਹੋਏ ਸ਼ੀਸ਼ ਮਹਿਲ ਵਿਚੋਂ,
ਜੋ ਵੀ ਨਿਕਲੇ ਜ਼ਖ਼ਮੀ ਹੋ ਕੇ ਨਿਕਲੇ ਨੇ।

ਕੀ ਕਰਨਾ ਹੈ ਉਹਨਾਂ ਬਿਸਤਰ ਰੇਸ਼ਮ ਦਾ,
ਹੜੀ ਨੀਂਦ ਚਟਾਈ ਤੇ ਜੋ ਸੁੱਤੇ ਨੇ।

ਲਭਦੇ ਫਿਰਦੇ ਨੇ ਲੋਕੀਂ ਉਹ ਕਾਗ਼ਜ਼ ਹੀ,
ਹੁੰਦੇ ਜਿਨ੍ਹਾਂ ਉੱਪਰ ਕੇਵਲ ਹਿੰਦਸੇ ਨੇ।

ਲੰਮੇਂ ਲੋਕ ਅਜਾਇਬ, ਦਿਸਦੇ ਨੇ ਥਾਂ-ਥਾਂ,
ਐਪਰ ਉੱਚੇ ਲੱਭਣੇ ਹੋਏ ਔਖੇ ਨੇ।

2.

ਸਭ ਨੂੰ ਚੜ੍ਹਦੇ ਸੂਰਜ ਦਾ ਮਨਜ਼ਰ ਦੇ ਦੇ।
ਪਾਣੀ ਦੇ ਵਿਚ ਮਾਰਨ ਨੂੰ ਕੰਕਰ ਦੇ ਦੇ।

ਉਸ ਦੇ ਧੜ ਨੂੰ ਦੇ ਦੇ ਉਸ ਦਾ ਸਿਰ ਅਪਣਾ,
ਮੇਰੇ ਨੰਗੇ ਪਿੰਡੇ ਨੂੰ ਚਾਦਰ ਦੇ ਦੇ।

ਹਰ ਇਕ ਪੱਥਰ ਨੂੰ ਦੇ ਦੇ ਇਕ ਇਕ ਸ਼ੀਸ਼ਾ।
ਹਰ ਇਕ ਸ਼ੀਸ਼ੇ ਨੂੰ ਇਕ ਇਕ ਪੱਥਰ ਦੇ ਦੇ।



ਆ ਬਹਿੰਦਾ ਹੈ ਰੋਜ਼ ਜੋ ਸਾਡੀ ਮਮਟੀ ਤੇ,
ਉਸ ਪੰਛੀ ਨੂੰ ਉੱਡਣ ਲਈ ਅੰਬਰ ਦੇ ਦੇ।

ਰਸਤਾ ਦੇ ਦੇ ਜਾਂ ਤਾਂ ਮੇਰੀ ਮਰਜ਼ੀ ਨੂੰ,
ਵਰਨਾ ਬਾਬੇ ਵਰਗਾ ਇਕ ਰਹਿਬਰ ਦੇ ਦੇ।

ਦਿੱਤਾ ਹੈ ਦਰਿਆ ਹਰ ਨਹਿਰ ਨਦੀ ਨੂੰ ਜੇ,
ਹਰ ਦਰਿਆ ਨੂੰ ਵੀ ਉਸ ਦਾ ਸਾਗਰ ਦੇ ਦੇ।

ਤੈਨੂੰ ਦਿੱਤੀ ਅਕਲ ਹੈ ਕੇਸ 'ਅਜਾਇਬ' ਕਿ,
ਮਾਲਾ ਵਾਲੇ ਹੱਥਾਂ ਵਿਚ ਖੰਜਰ ਦੇ ਦੇ।

3.

ਮੈਂ ਨਾ ਬਾਬਰ ਹਾਂ ਨਾ ਹਾਂ ਕੋਈ ਸਕੰਦਰ ਦੋਸਤੋ।
ਮੇਰੇ ਅੰਦਰ ਬੋਲਦਾ ਹੈ ਇਕ ਕਲੰਦਰ ਦੋਸਤੋ।

ਫੋਲਣਾ ਚਾਹੁੰਦੇ ਸੀ ਜੋ ਖ਼ੁਦ ਅਪਣੇ ਅੰਬਰ ਦੋਸਤੋ।
ਪਰਤ ਆਏ ਨੇ ਘਰਾਂ ਨੂੰ ਉਹ ਕਬੂਤਰ ਦੋਸਤੋ।

ਕੁਝ ਨਾ ਕੁਝ ਤਾਂ ਆਖਿਆ ਹੋਵੇਗਾ ਉਸ ਦੇ ਪੈਰ ਨੇ,
ਵੇਚ ਕੇ ਆਈ ਉਹ ਜਦ ਦੂਜੀ ਵੀ ਝਾਂਜਰ ਦੋਸਤੋ।

ਰੇਤ ਉੱਪਰ ਤੈਰਦੀ ਕੁਝ ਮੱਛਲੀਆਂ ਨੂੰ ਵੇਖ ਕੇ,
ਹੋ ਰਿਹਾ ਹੈਰਾਨ ਹੈ ਹਰ ਇਕ ਸਮੁੰਦਰ ਦੋਸਤੋ।

ਲੈ ਕੇ ਛੁੱਟੀ ਆ ਗਿਆ ਲਗਦਾ ਹੈ ਫੌਜੀ ਫੌਜ 'ਚੋਂ,
ਪਹਿਨ ਕੇ ਬੈਠੀ ਹੈ ਘਰ ਵਾਲੀ ਜੋ ਜ਼ੇਵਰ ਦੋਸਤੋ।

ਛਿਨ ਗਈ ਹੈ ਛੱਤ ਮੇਰੇ ਸਿਰ ਤੋਂ ਜੇ ਤਾਂ ਗ਼ਮ ਨਹੀਂ,
ਮੇਰੇ ਸਿਰ ਉੱਪਰ ਅਜੇ ਬਾਕੀ ਹੈ ਅੰਬਰ ਦੋਸਤੋ।

ਆ ਰਿਹਾ ਹੋਵੇ ਨਾ ਕਿਧਰੇ ਫਿਰ 'ਅਜਾਇਬ' ਪਰਤ ਕੇ,
ਹਰ ਕਿਸੇ ਨੇ ਹੱਥ ਵਿਚ ਫੜਿਆ ਹੈ ਪੱਥਰ ਦੋਸਤੋ।

## ਗੁਰਦੇਵ ਚੌਹਾਨ ਦੀਆਂ ਨਜ਼ਮਾਂ

**ਮੇਰੀ ਸਾਈਕਲ**

ਮੇਰੀ ਸਾਇਕਲ ਹੁਣ ਤੂੰ ਕਿੱਥੇ ਹੋਵੇਗੀ
ਕਿਸ ਤਰ੍ਹਾਂ ਦਾ ਹੋਵੇਗਾ ਤੇਰਾ ਹੁਣ ਵਾਲਾ ਮਾਲਕ
ਜਾਂ ਫਿਰ ਤੂੰ ਪਈ ਹੋਵੇਗੀ ਕਿਸੇ ਖੋਲੇ ਵਿਚ
ਸੁਪਨ ਸੱਖਣੀ ਅਤੇ ਅਧੋਰਾਣੀ
ਤਾਰੋ ਤਾਰ, ਲੀਰੋ ਲੀਰ
ਮੋਏ ਸੁਪਨੇ ਦੀ ਸੜਕ ਤੇ ਦੌੜਦੀ, ਹਫਦੀ

ਤੈਨੂੰ ਯਾਦ ਹੈ ਮੈਂ ਤੈਨੂੰ ਲੁਧਿਆਣਿਓਂ ਖਰੀਦਿਆ ਸੀ
ਤੂੰ ਨਵੀਂ ਨਿਕੋਰ ਮੇਰੇ ਪਿੰਡ ਆਈ ਸੀ
ਮੇਰੇ ਮਿੱਤਰਾਂ ਦੀ ਟੋਲੀ ਤੈਨੂੰ ਵੇਖਣ ਆਈ ਸੀ
ਕਿ ਕਿਵੇਂ ਦੀ ਸੀ ਤੇਰੀ ਦਿੱਖ ਅਤੇ ਕਿਵੇਂ ਦੀ ਸੀ
ਤੇਰੀ ਸ਼ਹਿਰੋਂ ਆਈ ਨਵੀਂ ਵਹੁਟੀ ਵਾਲੀ ਤੋਰ
ਮੈਂ ਜਿੱਥੇ ਚਾਹਵਾਂ ਤੂੰ ਤੁਰ ਪੈਂਦੀ
ਫਿਰ ਸੜਕਾਂ ਵੀ ਤਾਂ ਉਦੋਂ
ਕਿੰਨੀਆਂ ਕੱਚੀਆਂ ਹੁੰਦੀਆਂ ਸਨ
ਪਰ ਸਿਆਣੀ ਸੁਆਣੀ ਵਾਂਗ ਤੈਨੂੰ ਛੇਤੀਂ ਹੀ
ਪਤਾ ਲਗ ਗਿਆ ਸੀ ਹਰ ਖੱਡੇ,
ਡੂੰਘ ਅਤੇ ਅਚਾਨਕੀ ਮੋੜ ਦਾ
ਪਤਾ ਲਗ ਜਾਂਦਾ ਹੈ ਜਿਵੇਂ
ਨਵੀਂ ਆਈ ਵੁਹਟੀ ਨੂੰ ਕਿ ਕਿਥੇ
ਅਟੇਰਣ ਪਿਆ ਹੈ ਅਤੇ ਕਿੱਥੇ ਬੋਹੀਆ
ਕਿੱਥੇ ਪਈਆਂ ਹਨ ਨਵੀਆਂ ਚਾਦਰਾਂ
ਪਰਾਹੁਣਿਆਂ ਨੂੰ ਦੇਣ ਵਾਲੀਆਂ
ਕਿੱਥੇ ਪਏ ਹਨੇ ਖੇਤੀ ਦੇ ਸੰਦ

ਤੈਨੂੰ ਯਾਦ ਹੋਵੇਗਾ ਇਕ ਵਾਰ ਤੂੰ ਤੇ ਮੈਂ ਦੋਵੇਂ
ਨੱਕੋ ਨੱਕ ਪਾਣੀ ਵਿਚ ਡੁੱਬ ਗਏ ਸਾਂ
ਤੂੰ ਤਾਂ ਮੇਰੇ ਹੱਥੋਂ ਛੁਟ ਕੇ ਪਤਾ ਨਹੀਂ
ਕਿੱਥੇ ਵਹਿ ਜਾਣਾ ਸੀ
ਕਿ ਅਚਾਨਕ ਮੇਰੇ ਹੱਥ ਤੇਰਾ ਪੈਰ ਆ ਗਿਆ ਸੀ
ਜੇ ਮੈਂ ਤੈਨੂੰ ਘੁੱਟ ਕੇ ਨਾ ਫੜਿਆ ਹੁੰਦਾ



ਤਾਂ ਤੂੰ ਬਸ ਗਈ ਸੀ
ਪਤਾ ਨਹੀਂ ਫਿਰ ਕਿੱਥੇ ਰੁੜ ਜਾਂਦੀ

ਮੈਂ ਤੇਰੇ ਸਿਰ 'ਤੇ ਬਹੁਤ ਮੌਜ ਮਾਣੀ ਹੈ
ਬਹੁਤ ਕੁਝ ਵੇਖਿਆ ਅਤੇ ਜਾਣਿਆ ਹੈ
ਸ਼ਾਇਦ ਤੈਨੂੰ ਯਾਦ ਹੋਵੇ ਉਹ ਦਿਨ ਜਦ
ਗੜ੍ਹਸ਼ੰਕਰ ਸ਼ਹਿਰ ਦੇ ਐਨ ਵਿਚਕਾਰ
ਕਾਠੀ ਵਾਲੇ ਮੂਹਰਲੇ ਡੰਡੇ 'ਤੇ
ਉਹ ਝੱਲੀ ਜਿਹੀ ਕੁੜੀ ਜਿੱ ਕਰਕੇ ਬੈਠ ਗਈ ਸੀ
ਵੇਖਣ ਵਾਲੇ ਕੀ ਕਹਿਣਗੇ ਇਸ ਦੀ ਪ੍ਰਵਾਹ ਬਗ਼ੈਰ

ਉਹ ਕੁੜੀ ਵੀ ਤੇਰੇ ਵਾਂਗ ਗੁਆਚ ਗਈ ਹੈ
ਬਹੁਤ ਸਵੱਖ਼ਤੇ ਜਿੰਦਗੀ ਉਸ ਨੂੰ ਟਪਲ਼ਾ ਦੇ ਗਈ ਸੀ
ਬਹੁਤ ਥੁਹੜੇ ਸਾਲਾਂ ਵਿਚ ਹੀੜ
ਇਤਨਾ ਕੁਝ ਵਾਪਰ ਗਿਆ ਸੀ
ਤੇਰੇ ਨਾਲ, ਉਸ ਅਵੱਲੀ ਕੁੜੀ ਨਾਲ
ਮੇਰੇ ਕੱਚੇ ਸੁਪਨੇ ਦੀ ਮਿੱਟੀ ਨਾਲ

**ਚੀੜ੍ਹ ਦੇ ਪੇੜ**

ਕਿੱਥੇ ਗਈ ਮੇਰੀ ਬਹੁਤ ਵਰ੍ਹੇ ਪੁਰਾਣੀ
ਕਵਿਤਾ 'ਚੀੜ੍ਹ ਦੇ ਪੇੜ'
ਇਹ ਮੈਂ ਪਹਾੜਾਂ ਵਿਚ ਲਿੱਖੀ ਸੀ
ਚੀੜ੍ਹ ਦੇ ਪੇੜ ਤਾਂ ਮਹਿਜ਼ ਇਸ ਦਾ ਨਾਂ ਸੀ
ਅਸਲ ਵਿਚ ਇਹ ਕਵਿਤਾ
ਗੰਦਾ ਬਰੋਜ਼ਾ ਬਨਾਉਣ ਵਾਲੇ ਕਾਰਖਾਨੇ
ਦੇ ਮਾਲਕ ਦੀ ਧੀ ਬਾਰੇ ਸੀ, ਜਿਹੜੀ
ਪਹਾੜ ਹੇਠਾਂ ਰੇਣੁਕਾ ਝੀਲ
ਕੋਲ ਬੱਸ ਦੇ ਖ਼ਰਾਬ ਹੋ ਜਾਣ 'ਤੇ ਮਿਲੀ ਸੀ
ਆਪਣੀਆਂ ਦੋ ਸਥਾਨਕ ਸਹੇਲੀਆਂ ਨਾਲ
ਅਤੇ ਬੈਠ ਗਈ ਸੀ ਸਾਡੀ ਜੀਪ ਵਿਚ
ਪਹਾੜੀ ਅਣਭੋਲਤਾ ਅਤੇ ਡਰ ਦੀ ਮਿਸ਼ਰਣ ਬਣੀ
ਉਸ ਨੂੰ ਝੀਲ ਦੀਆਂ ਮੱਛੀਆਂ ਤੋਂ
ਡਰ ਨਹੀਂ ਸੀ ਲੱਗਾ
ਉਸ ਦੱਸਿਆ ਸੀ। ਪਰ ਜੀਪ ਦਾ ਡਰ

ਉਸ ਆਪਣੀਆਂ ਆਂਦਰਾਂ ਵਿਚ
ਛੁਪਾ ਲਿਆ ਸੀ
ਇਸ ਡਰ ਦੀਆਂ ਕਈ ਅੱਖਾਂ ਸਨ:
ਜੀਪ ਦੇ ਅੱਧ ਵਿਚਕਾਰ ਖਰਾਬ ਹੋ ਜਾਣ ਦਾ ਡਰ
ਤ੍ਰਕਾਲਾਂ ਦਾ ਵੇਲਾ
ਜੀਪ ਦੇ ਡਰਾਈਵਰ ਦੀਆਂ
ਵੱਡੀਆਂ ਅਤੇ ਡਰਾਉਣੀਆਂ ਮੁੱਛਾਂ
ਜੀਪ ਵਿਚਲੇ ਬੰਦੇ ਜਿਹਨਾਂ ਵਿਚ ਮੈਂ ਵੀ ਸ਼ਾਮਿਲ ਸਾਂ
ਉਹ ਕੁੜੀ ਡਰ ਦਾ ਭਵਸਾਗਰ ਤਰ ਰਹੀ ਸੀ

ਪਰ ਘਰ ਪਹੁੰਚਣ 'ਤੇ
ਕਿਤਨਾ ਨਿੱਡਰ ਹੋ ਗਈ ਸੀ ਉਹ
ਕੁਝ ਕੁ ਬੜਬੋਲੀ ਵੀ
ਕੁਝ ਕੁ ਹੋਰ ਸੁੰਦਰ ਵੀ
ਉਸ ਸਾਨੂੰ ਆਦਰ ਨਾਲ ਆਪਣੀ
ਬੈਠਕ ਵਿਚ ਬਿਠਾਇਆ ਸੀ
ਖਾਣ ਨੂੰ ਦਿੱਤੀ ਸੀ ਘਰੇ ਰੱਖੀ ਬਰਫ਼ੀ
ਪੀਣ ਲਈ ਗਰਮ ਲਾਖੀ ਚਾਹ
ਨੌਕਰਾਂ ਸਾਨੂੰ ਵਿਖਾਇਆ ਸੀ ਕਾਰਖਾਨਾ
ਇਸ ਵਿਚਕਾਰ ਮੇਰੇ ਕਵੀ ਹੋਣ ਦਾ
ਜ਼ਿਕਰ ਵੀ ਆਇਆ ਸੀ
ਉਸ ਦਾ ਮੇਰੀ ਕਵਿਤਾ
ਪੜ੍ਹਣ ਦੀ ਖ਼ ਦਾ ਜ਼ਿਕਰ ਵੀ
ਪਰ ਬਾਅਦ ਵਿਚ ਲਿਖੀ ਮੇਰੀ
ਉਸ ਕਵਿਤਾ ਵਿਚ
ਚੀੜ੍ਹ ਦਾ ਪੇੜ ਤਾਂ ਐਵੇਂ
ਉੱਗ ਆਇਆ ਸੀ
ਜਿਵੇਂ ਉੱਗ ਜਾਂਦੇ ਹਨ ਆਪਮੁਹਾਰੇ
ਜੰਗਲੀ ਫੁੱਲ, ਝਾੜੀਆਂ
ਉੱਗ ਆਈਆਂ ਸਨ ਇਵੇਂ ਮੇਰੇ ਅੱਥਰੇ ਮਨ ਵਿਚ
ਜੀਪਾਂ, ਗੰਦੇ ਬਰੋਜ਼ੇ ਦੀ ਫੈਕਟਰੀ
ਜੇਜੋਂ ਦੁਆਬਾ, ਰੇਣੁਕਾ ਝੀਲ ਦੀਆਂ ਸੀਲ ਮੱਛੀਆਂ
ਜਿਵੇਂ ਯਾਦਾਂ ਵੀ ਬਰਸਾਤੂ ਫੁੱਲਾਂ
ਵਾਂਗ ਬਾਣਸੂ ਹੋਣ



## ਜਾਵੇਦ ਅਖਤਰ ਸਾਹਿਬ ਨਾਲ ਪਹਿਲੀ ਸਾਂਝ../ਅਰਜੁਨ ਦੱਲਾ ਉਰਫ਼ ਕੈਟੀ

**-ਦਰਸ਼ਨ ਦਰਵੇਸ਼**

ਪਿਛਲੇ ਸਾਲ ਨਾਗਪੁਰ ਵਿੱਚ ਹੋਏ ਫਿਲਮ ਨਗਰੀ ਵਿੱਚ ਕੰਮ ਕਰਦੇ ਸ਼ਾਇਰਾਂ ਦੇ ਇੱਕ ਤ੍ਰੈਭਾਸ਼ੀ ਮੁਸ਼ਾਇਰੇ ਦੌਰਾਨ, ਉਸ ਮੁਸ਼ਾਇਰੇ ਦੇ ਪ੍ਰਧਾਨ ਜਨਾਬ ਜਾਵੇਦ ਅਖਤਰ ਸਾਹਿਬ ਨੇ ਜਦੋਂ ਮੇਰੀ ਇਸ ਕਵਿਤਾ ਬਾਰੇ ਕਿਹਾ- "ਮਾਇਆ ਨਗਰੀ ਕੀ ਕੜਵਾਹਟ ਕੋ ਲੇਕਰ ਲਿਖੇ ਗਏ ਦੋ ਢਾਈ ਸੌ ਪੰਨੋਂ ਕੇ ਨਾਵਲੋਂ ਔਰ ਕਹਾਨੀਓਂ ਕੋ ਇਸ ਪੰਜਾਬੀ ਕੇ ਯੁਵਾ ਸ਼ਾਇਰ ਨੇ ਦੋ ਪੰਨੋਂ ਮੇਂ ਸਮੇਟ ਕਰ ਦੁਨੀਆ ਕੀ ਸਬ ਸੇ ਛੋਟੀ ਸ਼ਾਬਦਿਕ ਫਿਲਮ ਬਨਾ ਡਾਲੀ ਹੈ, ਮੈਂ ਇਸ ਕੋ ਪੰਜਾਬੀ ਕਾ ਸਭ ਸੇ ਬੜਾ ਸ਼ਾਇਰ ਹੋਨੇ ਕੀ ਦੁਆ ਦੇਤਾ ਹੂੰ.. .." ਤਾਂ ਮੇਰੀਆਂ ਅੱਖਾਂ ਇਸ ਤਰਾਂ ਛਲਕ ਪਈਆਂ ਕਿ ਮੈਂ ਸਟੇਜ ਉੱਪਰ ਜਾਕੇ ਹੀ ਜਾਵੇਦ ਸਾਹਿਬ ਦੇ ਚਰਨ ਛੂਹ ਲਏ

ਯਾਰ ਵਰਿਆਮ
ਬੱਚਾ ਨਹੀਂ ਹੈਂ ਤੂੰ.. ..
ਕਿਉਂ ਛੂਹਕੇ ਵੇਖਦਾ ਹੈਂ
ਮੇਰੀ ਚਾਲ 'ਚੋਂ ਵਿਦਾ ਹੁੰਦੀ
ਕੈਟੀ ਦੀ ਬਰਾ ਦੀ ਢਿੱਲੀ ਤਣੀਂ
.. .. ..
.. .. .. ..
ਤਣੀਂ-
ਜਿਸ ਵਿੱਚ ਉਸਨੇ ਸਮੇਟਕੇ ਰੱਖੇ ਨੇ
ਪੂਰੀ ਫਿਲਮ ਨਗਰੀ ਦੇ
ਹ ਉ ਕੇ.. ..(ਹੌਂਕੇ.. ..)
ਅਰਜੁਨ ਦੱਲੇ ਦੀਆਂ
ਵ ਹਿ ਸ਼ੀ ਅੱਖਾਂ.. .. .. .. ..
ਠੁੱਡਿਆਂ ਨਾਲ਼ ਟੁੱਟੀ ਐਸ਼ ਟਰੇ
ਫਟਿਆ ਹਾਰਮੋਨੀਅਮ
ਅਤੇ
ਅਫ਼ਗਾਨੀ ਚਾਂਦੀ ਦੇ
ਘੁੰ ਗ ਰੂ.. ..
ਮੁਲਤਾਨੀਂ ਬਾਜ਼ਾਰ ਦੀਆਂ
ਚੂ ੜੀ ਆਂ .. .. ..
ਗਰਮ ਠੰਡੇ
ਸਹਿਲਾਉਂਦੇ ਹੱਥ
ਅਤੇ
ਵੀਰਜ਼ ਦੀ ਗੰਧ ਸੰਭਾਲਦੇ ਕੱਪੜੇ

..
.. ..
.. .. ..
.. .. .. ..
.. .. .. .. ..

ਅਰਜੁਨ ਦੱਲੇ ਦੀ
ਦਹਿਲੀਜ਼ ਲੰਘਦਿਆਂ ਹੀ
ਉਲੱਦ ਦਿੰਦੀ ਹੈ ਟੋਕਰੀ
ਆਪਣੇਂ ਪਾਕ ਗੁਨਾਹਾਂ ਦੀ
.. .. ਕੈਟੀ.. .. ਕੰਜਰੀ.. ..(ਤਹਿਜ਼ੀਬ ਯਾਫ਼ਤਾ ਅੱਖਾਂ ਦਾ ਬਖ਼ਸ਼ਿਆ ਨਾਮ)
ਅਤੇ
ਖੇਡ ਸ਼ੁਰੂ ਹੋ ਜਾਂਦੀ ਹੈ
ਬੱਕਰੀ ਦੀ ਧੌਣ ਉੱਪਰ
ਸ਼ੇਰ ਦੇ ਸਿਰ ਦੀ
ਅਤੇ ਜਾਂ
ਹਿਰਨੀਂ ਦੀ ਦੌੜ ਪਿੱਛੇ
ਬਘਿਆੜ ਦੇ ਹਾਸੇ ਦੀ
ਕੌਣ ਪਹਿਚਾਣ ਕਰੇਗਾ
ਨਿਊਨ ਲਾਈਟਾਂ ਵਿੱਚ
ਇੱਕ ਦੂਜੇ ਅੰਦਰ
ਗਰਕ ਹੁੰਦੇ ਸਾਹਾਂ ਦੀ
ਜਿੱਥੇ.. ..
ਨਾਮ ਤੱਕ ਵੀ ਬਦਲ ਜਾਂਦੇ ਨੇ
ਅਰਜੁਨ .. .. ਐਰੀ ਹੋ ਜਾਂਦਾ ਹੈ
ਅਤੇ
ਕਰਤਾਰੋ.. .. ਕੈਟੀ ਅਖਵਾਉਂਦੀ ਹੈ..
ਯਾਰ ਵਰਿਆਮ.. .. ਬੱਚਾ ਨਹੀਂ ਹੈਂ ਤੂੰ.. .. !!



## ਨਰਿੰਦਰ ਪਾਲ ਸਿੰਘ ਦੀਆਂ ਦੋ ਗ਼ਜ਼ਲਾਂ

1.

ਹੁੰਦੇ ਨੇ ਰੋਜ਼ ਢੇਰਾਂ ਸੁਪਨੇ ਹਲਾਕ ਅਜ ਕਲ,
ਰੀਝਾਂ ਦੇ ਨਾਲ ਹੁੰਦੇ ਕੋਝੇ ਮਜ਼ਾਕ ਅਜ ਕਲ,

ਵੱਖ ਹੋਣ ਦਾ ਕੋਈ ਵੀ ਹੁੰਦਾ ਨੀ ਠੋਸ ਕਾਰਨ।
ਹਉਮੈ ਪੁਗਾਉਣ ਖਾਤਰ ਹੰਦੇ ਤਲਾਕ ਅਜ ਕਲ,

ਡਰਦਾ ਹਾਂ ਦਬ ਨਾ ਜਾਵਣ ਬਸਤੇ ਦੇ ਭਾਰ ਹੇਠਾਂ,
ਜਾਂਦੇ ਨੇ ਰੋਜ਼ ਲਿਫਦੇ ਸਾਰੇ ਜੁਆਕ ਅਜ ਕਲ,

ਮਿਲਦੇ ਨੇ ਯਾਰ ਹੁਣ ਵੀ ਪਹਿਲਾਂ ਦੇ ਵਾਂਗ ਸਾਰੇ,
ਪਰ ਗੁੰਮ ਹੋ ਗਿਆ ਹੈ ਪਹਿਲਾ ਤਪਾਕ ਅਜ ਕਲ।

ਜਿਸਮਾਂ ਦੀ ਖਿਚ ਕਾਰਨ ਕਰਦੇ ਨੇ ਪਿਆਰ ਲੋਕੀ,
ਕਰਦਾ ਨਹੀਂ ਮੁਹੱਬਤ ਕੋਈ ਵੀ ਪਾਕ ਅਜ ਕਲ।

2.

ਮੈਂ ਜਿਸ ਨੂੰ ਪਿਆਰ ਕੀਤਾ ਹੈ, ਮੈਂ ਜਿਸਨੂੰ ਦਿਲ ਤੋਂ ਚਾਹਿਆ ਹੈ,
ਸਦਾ ਉਸ ਨੇ ਹੀ ਮੇਰੇ ਕਾਲਜੇ ਤੇ ਸੱਲ ਪਾਇਆ ਹੈ

ਕਿ ਪੰਛੀ ਕੈਦ ਵਿਚ ਮਾਯੂਸ ਹੋ ਨੀ ਮਰ ਗਿਆ ਐਵੇ,
ਅਜ਼ਾਦੀ ਵਾਸਤੇ ਉਸਨੇ ਬੜਾ ਹੀ ਜ਼ੋਰ ਲਾਇਆ ਹੈ।

ਕਦੀ ਪਤਨੀ ਤੇ ਮਾਂ ਦੀ ਆਸ ਪੂਰਾ ਉਤਰਿਆ ਨਾ,
ਨਾ ਹੀ ਮੈਂ ਰਾਮ ਬਣ ਸਕਿਆ ਤੇ ਨਾ ਸਰਵਣ ਕਹਾਇਆ ਹੈ।

ਜਦੋਂ ਜੋਬਨ ਤੇ ਸੀ ਦਰਿਆ ਬੜਾ ਸੀ ਸ਼ੂਕਦਾ ਫਿਰਦਾ,
ਤੇ ਜਾ ਕੇ ਅੰਤ ਨੂੰ ਉਹ ਵੀ ਸਮੁੰਦਰ ਵਿੱਚ ਸਮਾਇਆ ਹੈ।

ਜੁਆਨੀ ਮੁਫ਼ਤ ਵਿੱਚ ਐਵੇਂ ਨਹੀਂ ਹਾਸਲ ਹੋਈ ਨਿੰਦੀ,
ਪ੍ਰਾਪਤ ਕਰਨ ਲਈ ਇਸ ਨੂੰ ਮੈਂ ਤਾਂ ਬਚਪਨ ਗੁਆਇਆ ਹੈ।

## ਬੇਲਿਖਤੇ/ਦੇਵਿੰਦਰ ਜੌਹਲ

ਅਜੇ ਹੁਣੇ ਜਿਹੇ ਅਹਿਮ ਸੂਤਰਾਂ ਦੇ ਹਵਾਲੇ
ਅਗਿਓਂ ਅੱਗੇ ਗੱਲ ਤੁਰੀ ਹੈ ਸ਼ਾਇਦ
ਜੱਥੇ ਦੇ ਸੰਵਿਧਾਨ ਦੀ ਧਾਰਾ ਭੁਰਨ ਤੋਂ ਮਸੀਂ ਬਚੀ ਹੈ
ਸਿਪਾਸਾਲਾਰ ਦਾ ਹੁਕਮ ਹੈ
ਬੜੇ ਤਪਾਕ ਨਾਲ
ਕੁਝ ਇਤਫ਼ਾਕ ਨਾਲ ਗਿਆਤ ਹੋਇਆ ਹੈ
ਡਿਗਰੀ ਬਿਨਾ
ਕਿਤਾਬ ਬਿਨਾ
ਲੇਖਕ ਬੇਸ਼ੱਕ ਹੋਵੇ
ਲੇਕਾਂ 'ਚ ਸ਼ੁਮਾਰ ਨਹੀਂ ਹੈ ਕੋਈ
ਜੱਥੇਦਾਰ ਨਹੀਂ ਹੈ ਕੋਈ

ਜ਼ਮਾਨੇ ਗਏ ਲੇਖਕ ਹੁੰਦੇ ਸੀ ਸਿਰਫ਼ ਲਿਖਣ ਵਾਲੇ
ਆਪਣਿਆਂ ਦੇ ਨਾਲ
ਦੁਸ਼ਮਣਾਂ ਦੇ ਦਰਪੇਸ਼
ਕਲਮ ਦੇ ਸਹਾਰੇ ਜੰਗ ਦੇ ਮੈਦਾਨ 'ਚ ਖੜ੍ਹਨ ਵਾਲੇ
ਜ਼ਹਿਰੀਲੇ ਸੱਪ ਨੂੰ ਗਿੱਚੀਉਂ ਫੜਨ ਵਾਲੇ
ਵੇਲੇ ਦੀ ਗੱਲ ਬੇਬਾਕ ਰਹਿਣ ਵਾਲੇ
ਤਹਿ ਦਰ ਤਹਿ ਸੱਚ ਦੇ ਖੂਹਾਂ 'ਚ ਲਹਿਣ ਵਾਲੇ
ਲੇਖਕ ਤਾਂ ਕੀ ਬਸ ਲਿਖਤ ਹੁੰਦੀ ਸੀ
ਕਾਗਜ਼ ਤੋਂ ਪਹਿਲਾਂ ਵੀ
ਕਾਗਜ਼ ਤੋਂ ਬਾਅਦ ਵੀ
ਕੰਠ ਸੀ ਜਾਂ ਕੰਨ ਸੀ
ਲਿਖਤ ਬੋਲਦੀ ਸੀ ਬਸ
ਲਿਖਤ ਨੇ ਅੱਖ ਨੂੰ ਮੁਖਾਤਬ ਹੋਣਾ
ਬਹੁਤ ਬਾਅਦ ਸਿਖਿਆ
ਐਸਾ ਸਿਖਿਆ ਕਿ ਬਸ ਛਪਣਾ ਹੀ ਲਿਖਣਾ ਹੋ ਗਿਆ
ਪੀਲੂ ਦੀ ਜਾਚੇ
ਮਹਿਜ਼ ਛਪਣ ਨੂੰ ਸ਼ਾਇਦ ਲਿਖਣਾ ਨਹੀਂ ਕਹਿੰਦੇ
ਤਦੇ ਤਾਂ ਆਪਣੇ ਦਸਤਾਵੇਜ਼ਾਂ ਸਮੇਤ ਉਹ ਆਪ ਮਰ ਗਿਆ
ਮਿਰਜ਼ੇ ਨੂੰ ਮਾਰ ਕੇ ਵੀ ਜ਼ਿੰਦਾ ਕਰ ਗਿਆ
ਜਾਂ ਸ਼ਾਇਦ
ਮਹਿਜ਼ ਛਪਣ ਨੂੰ
ਲਿਖਣਾ ਕਹਿੰਦੇ ਵੀ ਹੋਣ



ਜਿਹਦਾ ਨਾ ਨਾਥਾਂ ਜੋਗੀਆਂ ਨੂੰ ਪਤਾ ਲੱਗਾ
ਫ਼ਰੀਦ ਵੀ ਐਵੇਂ ਬਹੁਭਾਸ਼ੀ ਹੁੰਦਾ ਰਿਹਾ ਹੋਵੇ
ਬਾਬੇ ਨਾਨਕ ਦੀਆਂ ਵੀ ਕਈ ਪੁਸ਼ਤਾਂ
ਕਈ ਜੋਤਾਂ
ਲੇਖਕ ਹੋਣ ਦਾ ਰੁਤਬੇ ਤੋਂ ਵਿਰਵੀਆਂ ਰਹੀਆਂ
ਕੀ ਖਿਆਲ ਹੈ ਜਥੇਦਾਰੋ
ਸਿਪਾਸਾਲਾਰੋ
ਥੋੜ੍ਹਾ ਜਿਹਾ ਆਪਣੀ ਸੰਵੇਦਨਾ ਨੂੰ ਪੁਕਾਰੋ

ਆਉ ਯਾਦ ਕਰਾਵਾਂ ਤੁਹਾਨੂੰ
ਇਹ ਤਾਂ ਪੌੜੀਆਂ ਨੇ ਜਿੱਥੇ ਤੁਸੀਂ ਚੜ੍ਹੇ ਹੋ
ਵੈਸੇ ਤੁਸੀਂ ਸੱਤਾ ਦੀ ਪਗਡੰਡੀ ਤੇ ਖੜੇ ਹੋ
ਆਪਣੇ ਪਰਛਾਵਿਆਂ ਨੂੰ ਨਿਹਾਰੋ
ਆਪਣੇ ਦਸਤਖ਼ਤਾਂ ਨੂੰ ਵਿਚਾਰੋ
ਆਪਣੇ ਦਸਤਾਵੇਜ਼ ਸੁਧਾਰੋ
ਦੰਭ ਦੇ ਖੰਭ ਬਿਖਰੇ ਪਏ ਨੇ
ਤੁਹਾਡੇ ਸੰਵਿਧਾਨ ਦੀਆਂ ਆਇਤਾਂ ਵਿੱਚ
ਡਿਗਰੀਆਂ ਵਿਚ ਖੜੇ
ਕਿਤਾਬਾਂ ਵਿਚ ਛਪੇ
ਬੇਲਿਖਤੇ ਕਿੰਨੇ ਪਏ ਨੇ
ਦੇਖੋ ਤਾਂ ਸਹੀ
ਸ਼ੀਸ਼ਾ ਬਿਨ ਛਪੇ ਵੀ ਸੱਚ ਬੋਲਦਾ ਹੈ
ਆਪਣੇ ਪਾਣੀਆਂ ਨੂੰ ਆਪ ਤੋਲਦਾ ਹੈ
ਬੋਲਾਂ ਨੂੰ ਸ਼ਾਇਦ ਉਹ ਡਿਗਰੀ ਨਹੀਂ ਮਿਲਦੀ
ਜਿਹੜੀ ਪੌੜੀਆਂ ਦੇ ਮੇਚ ਆ ਜਾਵੇ।

## ਕਵਿਤਾ ਲੜੀ ਬਲਾਤਕਾਰ – ਮੀਤ ਅਨਮੋਲ

**ਬਲਾਤਕਾਰ – 1**

ਸਵੇਰੇ ਮਾਂ ਛੱਡ ਗਈ ਸੀ
ਅਰਬਨ ਅਸਟੇਟ ਵਾਲੇ ਸੇਠ ਦੇ ਘਰ
ਕਹਿੰਦੀ ਸੀ
ਚੱਜ ਨਾਲ ਸਫਾਈ ਕਰੀਂ
ਸ਼ਿਕਾਇਤ ਨਾ ਆਵੇ ।
ਪਰ ਸੇਠ ਦੀ ਮੈਲੀ ਨੀਅਤ
ਮੈਥੋਂ ਹੋਈ ਨਾ ਸਾਫ਼
ਤੇ ਮਾਂ ਤੋਂ ਡਰਦੀ
ਮੈਂ ਰੋ ਵੀ ਨਾ ਸਕੀ
ਜਦੋਂ ਸੇਠ ਨੇ
ਪੋਲੇ ਜਹੇ ਆਣ ਟੋਹਿਆ
ਮੇਰੀਆਂ ਪੁੰਗਰਦੀਆਂ ਛਾਤੀਆਂ
ਦਾ ਮਾਸ ।
ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਸਨੂੰ ਹੀ
ਬਲਾਤਕਾਰ ਕਹਿੰਦੇ ਨੇ ।

**ਬਲਾਤਕਾਰ – 2**

ਮੈਂ ਕਿਤਾਬ 'ਚ ਮੂੰਹ ਲੁਕਾਈ
ਗਿੱਲ੍ਹੀਆਂ ਅੱਖਾਂ ਨਾਲ
ਚੁੱਪ ਚਾਪ ਪੜ੍ਹਦੀ ਰਹੀ
ਸੰਸਕਾਰਾਂ ਦਾ ਪਾਠ
ਡਰਦੀ ਸੀ
ਪਤਾ ਲੱਗਾ ਤਾਂ
ਪਿਉ ਨੇ
ਹਟਾ ਲੈਣੈ ਪੜ੍ਹਨੋ
ਤੇ ਦਸਵੀਂ 'ਚ
ਤਿੰਨ ਵਾਰ ਫੇਲ ਹੋਇਆ
ਪਟਵਾਰੀਆਂ ਦਾ ਮੁੰਡਾ
ਫੇਰਦਾ ਰਿਹਾ
ਮੇਰੇ ਪੱਟਾਂ ਤੇ ਹੱਥ ।
ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਸਨੂੰ ਹੀ
ਬਲਾਤਕਾਰ ਕਹਿੰਦੇ ਨੇ ।

**ਬਲਾਤਕਾਰ – 3**

ਮੋਮੀ ਲਿਫ਼ਾਫੇ 'ਚ
ਵਾਪਿਸ ਪਾ ਲਏ
ਡਿਗਰੀਆਂ ਤੇ ਸਰਟੀਫਿਕੇਟ
ਠੰਡੇ ਦਫਤਰ 'ਚ ਬੈਠ
ਮੇਰੇ ਮੱਥੇ ਤੋਂ ਡਿੱਗ
ਮੇਰੀਆਂ ਛਾਤੀਆਂ ਵਿਚਰਕਾਰਲੇ
ਡੂੰਘ 'ਚ ਜਾਂਦੀ
ਮੁੜ੍ਹਕੇ ਦੀ ਬੂੰਦ ਨੂੰ
ਨੀਝ ਨਾਲ ਵੇਖਦੇ
ਵੱਡੇ ਸਾਬ ਵੱਲੋਂ ਪੁੱਛੇ
ਸਵਾਲ ਦੇ ਜਵਾਬ 'ਚ ਦੱਸ ਦਿੱਤਾ
ਮੈਂ ਸਰੀਰ ਦੇ ਅੰਗਾਂ ਦਾ ਨਾਪ ।
ਡਰ ਗਈ ਸੀ
ਅਗਲੀ ਵਾਰ
ਨਹੀਂ ਦੇ ਸਕਣਾ ਮਾਪਿਆਂ
ਸ਼ਹਿਰ ਆਉਣ ਲਈ
ਬੱਸ ਦਾ ਕਿਰਾਇਆ ।
ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਸਨੂੰ ਹੀ
ਬਲਾਤਕਾਰ ਕਹਿੰਦੇ ਨੇ ।

**ਬਲਾਤਕਾਰ – 4**

ਅੰਦਰ ਆਉਂਦਿਆਂ ਹੀ
ਉਹਨੇ ਵਗ੍ਹਾ ਕੇ ਪਰ੍ਹਾਂ ਮਾਰੀ
ਮੇਰੀ ਘੁੰਡ ਵਾਲੀ ਚੁੰਨੀ
ਤੇ ਆਣ ਸੁੱਟਿਆ
ਮੇਰੇ ਬੁੱਲ੍ਹਾਂ 'ਤੇ
ਸ਼ਰਾਬ ਦੀ ਸੜਾਂਦ ਵਾਲਾ ਚੁੰਮਣ



ਫਿਰ ਮੇਰੇ ਖਵੰਦ ਦੀ
ਹੋਸ਼ ਗਵਾਚੀ ਹਵਸ ਨੇ
ਤੋੜ ਦਿੱਤਾ ਮੇਰੀ ਸਲਵਾਰ ਦਾ ਨਾਲਾ
ਕਿਉਂਕਿ ਖਿੱਚੋਤਾਣੀ 'ਚ ਪੈ ਗਈ ਸੀ
ਪੀਚਵੀਂ ਗੰਢ ।
ਉਹ ਨੋਚਦਾ ਰਿਹਾ ਮੇਰੇ ਅੰਗ
ਤੇ ਮੈਂ ਡਰਦੀ ਬਚਾਉਂਦੀ ਰਹੀ
ਲੀਰੋ ਲੀਰ ਹੋਣੋਂ
ਬਾਪ ਦੀ ਪੱਗ ।
ਉਂਝ ਮੈਨੂੰ ਮਹਿਸੂਸ ਤਾਂ ਹੋਇਆ ਸੀ
ਪਰ ਪਤਾ ਨਹੀਂ ਸੀ
ਕਿ ਇਸਨੂੰ ਹੀ
ਬਲਾਤਕਾਰ ਕਹਿੰਦੇ ਨੇ ।

**ਬਲਾਤਕਾਰ – 5**

ਅੱਜ ਮੈਂ ਆਪਣੇ
ਮਕਾਨ ਦੇ ਬਾਹਰ ਲੱਗੀ ਫੱਟੀ ਤੋਂ
ਮਾਪਿਆਂ ਦਾ ਰੱਖਿਆ ਨਾਂ ਮਿਟਾ ਕੇ
ਲਿੱਖ ਦਿੱਤਾ ਹੈ ਵੇਸਵਾ
ਤੇ ਆਪਣੇ ਦਾਜ਼ ਵਾਲੇ ਪਲੰਘ ਤੋਂ
ਡਰ ਦੀ ਮੈਲ੍ਹੀ ਚਾਦਰ ਚੁੱਕ ਕੇ
ਵਿਛਾ ਦਿੱਤੀ ਹੈ
ਬੇਸ਼ਰਮੀ ਦੀ ਸਾਫ਼ ਸੁਥਰੀ ਚਾਦਰ
ਤੇ ਹੁਣ
ਅਰਬਨ ਅਸਟੇਟ ਵਾਲਾ ਸੇਠ
ਪਟਵਾਰੀਆਂ ਦਾ ਮੁੰਡਾ
ਠੰਡੇ ਦਫਤਰ ਵਾਲਾ ਸਾਬ੍ਹ
ਤੇ ਮੇਰਾ ਖਵੰਦ
ਸਾਰੇ ਬੜੇ ਸੱਭਿਅਕ ਹੋ ਗਏ ਨੇ ।
ਹੁਣ ਮੈਨੂੰ ਮਹਿਸੂਸ ਨਹੀਂ ਹੁੰਦਾ
ਪਰ ਮੈਨੂੰ ਚੰਗੀ ਤਰ੍ਹਾਂ ਪਤਾ ਹੈ
ਕਿ ਇਸਨੂੰ ਹੀ
ਬਲਾਤਕਾਰ ਕਹਿੰਦੇ ਨੇ ।

## ਨੀਰੂ ਅਸੀਮ ਦੀਆਂ ਪੰਜ ਨਜ਼ਮਾਂ

**ਆਖ਼ਰੀ ਗੀਤ**

ਜ਼ਿੰਦਗੀ 'ਤੇ ਮੌਤ ਨੂੰ
ਲਗਭਗ ਇਕੋ ਜਿਹਾ ਪਿਆਰਦਿਆਂ
ਆਖ਼ਰੀ ਗੀਤ ਗਾਉਣਾ ਚਾਹੁੰਦੀ ਹਾਂ
ਆਸਾਰ
ਪਾਸਾਰ
ਵਿਸਥਾਰ ਵਿਚੋਂ
ਮੰਗਵੀਂ ਵਿਹਲ ਲੈ ਕੇ
ਜਿਸ ਬਾਰੇ
ਤੂੰ ਅਕਸਰ ਜ਼ਿਕਰ ਕੀਤਾ ਹੈ
ਕਿ ਆਖ਼ਰੀ ਗੀਤ ਹੈ ਇਹ
ਪਿਆਰ ਨਾਲ ਭਰਿਆ

ਕੰਨਾਂ ਨਾਲ ਨਾ ਸੁਣੀਂ
ਇਸ ਵਿੱਚ
ਆਵਾਜ਼ ਤੇ ਸ਼ਬਦ ਨਹੀਂ
ਜਜ਼ਬਾਤ ਨਹੀਂ
ਰੋਮਾਂਚ ਨਾ ਸਹਿਜ
ਇਹ ਛੋਹੇਗਾ ਨਹੀਂ
ਆਖ਼ਰੀ ਗੀਤ ਹੈ
ਪਿਆਰ ਨਾਲ ਭਰਿਆ

**ਤੇਰਾ ਤਸੱਵਰ ਕਰਦਿਆਂ**

ਇਹ ਐਵੇਂ ਹੀ
ਮੁਖਰ ਹੋ ਜਾਂਦੇ ਨੇ
ਮੇਰੇ ਸੁਪਨਿਆਂ ਦੀ ਇਬਾਰਤ ਪੜ੍ਹ ਕੇ
ਪਰੇਸ਼ਾਨ ਨਾ ਹੋਇਆ ਕਰ

ਮਨ ਦੇ ਵਿਹੜੇ
ਸਧਰਾਂ ਦੀ ਗੋਦੀ
ਖੇਡਦੇ

ਇਹ ਤਾਂ ਤਮਾਸ਼ਬੀਨ ਨੇ...

ਆ ਰਹੀ ਹੈ
ਵਿਦਾ ਦੀ ਘੜੀ.
ਇਹ ਵਿਹੜਾ ਛੁੱਟਦਾ ਜਾ ਰਿਹੈ

ਵੇਖ !
ਮਹੀਨ ਪਲ...!

ਤੁਪਕਾ ਤੁਪਕਾ
ਤੇਰੇ 'ਚ ਤਰਿੱਪ ਰਹੇ !!

ਸੁਣ !

ਸ਼ਹਿਨਾਈ ਦੀ ਧੁਨ

ਦੂਰ ਤੱਕ
ਸਾਡੇ ਨਾਲ
ਰੌਸ਼ਨੀ ਕਰ ਰਹੀ ਹੈ ਸਫਰ

ਆਵਾਜ਼ਾਂ ਤੇਰੇ ਤੇ ਮੇਰੀਆਂ
ਬਰਾਤੀ ਨੇ

ਮਿਲਣ ਪਲਾਂ ਤੱਕ
ਸਾਨੂੰ ਛੱਡਣ ਆਈਆਂ ਨੇ

ਇੱਕ ਹੋ ਜਾਨ ਦਾ ਸਮਾਂ ਹੈ
ਏਕਾਕਾਰ

ਮੁੱਕ ਜਾਨ ਦਾ ਸਮਾਂ ਹੈ
ਨਿਰਾਕਾਰ

**ਗੁਰੂ-ਵੰਦਨਾ**

ਜੇ ਤੂੰ ਨਾ ਹੁੰਦਾ
ਤਾਂ ਵੀ ਮੈਂ ਇੱਥੇ ਸੀ
ਕਿਸੇ ਹੋਰ ਤਰ੍ਹਾਂ

ਦੋਹਾਂ ਹੋਣੀਆਂ ਨੂੰ ਵੇਖ ਰਹੀ ਹਾਂ
ਤਾਂ ਹੀ ਭਿੱਜ ਗਿਐ ਮਨ

ਦੋਹਾਂ ਤੋਂ ਪਰ੍ਹੇ ਵੀ
ਅਣਗਿਣਤ ਹੋਣੀਆਂ ਦਿਖ ਰਹੀਆਂ ਨੇ

ਜੇ ਤੂੰ ਨਾ ਹੁੰਦਾ
ਤਾਕਤ ਨਾ ਹੁੰਦੀ
ਕਿਸੇ ਇਕ ਨੂੰ ਆਪਣੇ ਲਈ ਚੁਣ ਲੈਣ ਦੀ

ਸ਼ਾਇਦ ਹੀ ਪਤਾ ਲੱਗਦਾ
ਕਿ ਸਹੀ ਤੇ ਗ਼ਲਤ
ਏਨੇ ਵੀ ਸਹੀ ਗ਼ਲਤ ਨਹੀਂ ਹੁੰਦੇ

ਸਹੀ ਵਿਚ ਹੁੰਦੀਆਂ ਨੇ ਕਈ ਗ਼ਲਤੀਆਂ
ਗ਼ਲਤ ਵਿਚ ਕਈ ਸਹੀਆਂ

ਤੇ ਓਹ ਰਾਹ
ਜਿਹੜਾ ਮੈਂ ਚੁਣਿਆ ਹੈ
ਅਣਗਿਣਤ ਰਾਹ ਨੇ ਉਸ ਤੋਂ ਇਲਾਵਾ ਵੀ

ਜੇ ਤੂੰ ਨਾ ਹੁੰਦਾ
ਪਤਾ ਨਹੀਂ ਲੱਗਣਾ ਸੀ
ਕਿ ਜਾਣਕਾਰੀ ਦਾ ਇਹ ਪੜਾਅ
ਭਟਕਨ ਲਈ ਨਹੀਂ
ਵਿਸ਼ਰਾਮ ਲਈ ਹੈ

ਵਿਸ਼ਰਾਮ ਕਰਣ ਲਈ ਲੋੜੀਂਦੀ ਤਾਕਤ
ਮੇਰੇ ਕੋਲ ਨਾ ਹੁੰਦੀ

ਨਾ ਹੀ ਮੈਨੂੰ ਜੂਆ ਖੇਡਨਾ ਆਉਣਾ ਸੀ

ਸ਼ੁਕਰ ਹੈ ਸਮਾਂ ਰਹਿੰਦਿਆਂ ਤੂੰ ਆ ਗਿਆ

ਵਰਨਾ ਮੈਂ ਇਸ ਲਤ ਤੋਂ
ਬਚੀ ਹੀ ਰਹਿੰਦੀ
ਰਹਿੰਦੀ ਉਮਰ...



**ਸਫੇ**

ਸਫਿਆਂ ਤੇ ਸਜਾਯਾਫਤਾਵਾਂ ਦੇ
ਬਿਆਨ ਲਿਖੇ ਜਾਂਦੇ ਨੇ
ਹੁਕਮਰਾਨਾਂ ਦੇ ਹੁਕਮ

ਸਫਿਆਂ ਤੇ
ਜ਼ੇਹਾਦ ਤੇ ਜੱਦੋ-ਜ਼ਹਿਦ ਦਾ
ਲੰਬਾ ਲੇਖਾ-ਜੋਖਾ ਹੋ ਸਕਦੈ

ਲਿਖੀ ਜਾ ਸਕਦੀ ਹੈ
ਪ੍ਰੇਮ ਕਹਾਣੀ
ਪ੍ਰਸ਼ੰਸਾ ਪੱਤਰ
ਇਨਾਮ ਸਨਮਾਨ ਵੰਡ ਬਿਓਰੇ

ਦਰਜ ਹੋ ਸਕਦੈ
ਸਫਲਤਾਵਾਂ ਅਸਫਲਤਾਵਾਂ ਦਾ ਰਾਜ

ਕਿਸੇ ਵੀ ਤੱਥ ਨੂੰ
ਸੱਚ ਜਾਂ ਝੂਠ ਕਿਹਾ ਜਾ ਸਕਦੈ

ਉਲਾਹਮਾ ਜਾਂ ਪ੍ਰਸ਼ੰਸਾ
ਕਿਸੇ ਵੀ ਰਾਹ ਥਾਨੀਂ
ਦਿਲ ਵਿੱਚ ਉਤਰਿਆ ਜਾ ਸਕਦੈ
ਨਸ਼ਤਰ ਚਲਾਇਆ ਜਾ ਸਕਦੈ
ਵਰਿਆਇਆ ਜਾ ਸਕਦੈ
ਸਫੇ ਅੜਿੱਕਾ ਨਹੀਂ ਪਾਉਂਦੇ

ਸੰਧੀ ਵਾਰਤਾਵਾਂ ਦੌਰਾਨ
ਹਸਤਾਖਰਾਂ ਲਈ ਸਫਾ ਪਹਿਲੀ ਤੇ ਆਖਰੀ ਲੋੜ ਹੈ

ਸੰਵਿਧਾਨ ਲਿਖਣ
ਤੇ ਸੋਧਣ ਲਈ ਵੀ

ਸਿਰਫ ਕਵਿਤਾ ਲਈ
ਹੀ ਇਹ ਬੇਹਦ ਗੈਰ-ਲਾਜ਼ਮੀ ਹੈ

ਕਵਿਤਾ ਸਫਿਆਂ ਤੇ ਨਹੀਂ ਲਿਖੀ ਜਾਂਦੀ

**ਤੂੰ ਮਨਫੀ ਨਹੀਂ**

ਭੋਗ ਵਿਯੋਗ ਦਾ ਲੰਬਾ ਯੁੱਗ
ਪਲਾਂ 'ਚ ਸਿਮਟਣ ਲਈ ਉਤਾਵਲਾ ਹੈ

ਰਾਹ ਮੇਰੇ ਸਾਹਮਣੇ
ਅਨੰਤ ਦੂਰੀਆਂ ਤੱਕ ਪਸਰੇ ਨੇ
ਰਾਹ ਵੇਖਦਿਆਂ ਹੀ ਤੁਰ ਪੈਣ ਵਾਲੇ ਤੁਰ ਰਹੇ ਨੇ
ਰਾਹ ਆਪ ਅਹੁਲ ਕੇ ਨਹੀਂ ਬੁਲਾਉਂਦੇ
ਓਹ ਜਾਣਦੇ ਨੇ ਪੈਰਾਂ ਦੀ ਉੱਭਲਚਿੱਤੀ
ਇਸੇ ਵਿੱਚੋਂ ਸੁਣਦੀ ਹੈ
ਤੁਰਿਆਂ ਪੈਂਡਿਆਂ ਦੀ ਪਦਚਾਪ
ਤੁਰਿਆ ਬੀਤਿਆ
ਵਕਤ ਦੀ ਪਗਡੰਡੀ ਕਿਨਾਰੇ ਰੱਖ
ਮੈ ਦਹਿਲੀਜ਼ ਤੇ ਬੈਠ ਮੀਂਹ 'ਚ ਭਿੱਜ ਰਹੀ ਹਾਂ

ਟਾਹਣੀਆਂ 'ਚ ਸਾਂ-ਸਾਂ ਕਰਦੀ ਹਵਾ
ਮੀਂਹ ਸਮੇਤ ਅੰਦਰ ਬਾਹਰ ਵਰ੍ਹ ਰਹੀ ਹੈ

ਵਹਿ ਕੇ ਆਇਆ ਪਾਣੀ
ਮਿੱਟੀ 'ਚ ਆਸਤੇ ਆਸਤੇ ਰਲ ਰਿਹਾ ਹੈ

ਘਟਦੀ ਜਾ ਰਹੀ ਬਰਫ਼ ਦੀ ਸਿਲ 'ਚ
ਖ਼ਾਸ ਤਾਪਮਾਨ ਰਹੇਗਾ ਆਖ਼ਿਰ ਤੱਕ

ਤੂੰ ਕਿਤੇ ਨਹੀਂ ਜਾਏਂਗਾ
ਮੇਰੀ ਬਰਫੀਲੀ ਹੋਂਦ 'ਚ
ਸ਼ੁਮਾਰ ਰਹੇਂਗਾ

ਪਿਘਲਣ ਤੋਂ ਪਹਿਲਾਂ ਤੱਕ
ਰਹੇਂਗਾ ਖ਼ਾਸ ਤਾਪਮਾਨ ਤੇ

# ਪਰਵਾਸੀ ਪੰਜਾਬੀ ਔਰਤ ਦੀ ਹੋਣੀ ਦਾ ਬਹੁਪਾਸਾਰੀ ਬਿਰਤਾਂਤ : ਜਾਲ਼

-ਡਾ. ਗੁਰਪ੍ਰੀਤ ਕੌਰ

ਆਧੁਨਿਕ ਪੰਜਾਬੀ ਸਾਹਿਤ ਵਿਚ ਭਿੰਨ ਭਿੰਨ ਰੂਪਾਕਾਰਾਂ ਅਧੀਨ ਪਰਾਈ ਧਰਤੀ ਉੱਤੇ ਇਕ ਵਿਖੇ ਸੰਵੇਦਨਾ ਅਧੀਨ ਰਚੇ ਸਾਹਿਤ ਨੂੰ ਪਰਵਾਸੀ ਸਾਹਿਤ ਦੀ ਸੰਗਿਆ ਦਿੱਤੀ ਜਾਂਦੀ ।ਇਸ ਸਾਹਿਤ ਦਾ ਕੇਂਦਰ ਬਿੰਦੂ ਉਹ ਵਿਅਕਤੀ ਹੁੰਦੇ ਹਨ ਜੋ ਮੁੱਖ ਰੂਪ ਵਿਚ ਜੀਵਨ ਦੀਆਂ ਤੰਗੀਆਂ ਤਰੁੀਆਂ ਅਤੇ ਆਰਥਿਕ ਮੰਦਹਾਲੀ ਕਾਰਨ ਰੌੀ ਰੋਟੀ ਦੀ ਭਾਲ ਵਿੱਚ ਅਤੇ ਪਰਾਈ ਧਰਤੀ ਤੇ ਮਿਲਦੀਆਂ ਸੁੱਖ ਸਹੂਲਤਾਂ ਦੀ ਲਾਲਸਾ ਅਧੀਨ ਆਪਣੀ ਜਨਮ-ਭੂਮੀ ਦਾ ਤਿਆਗ ਕਰਕੇ ਪਰਾਈ ਧਰਤੀ ਤੇ ਰਹਿੰਦੇ ਹੋਏ ਵੀ ਮਾਨਸਿਕ ਤੌਰ ਤੇ ਆਪਣੀ ਜਨਮ-ਭੂਮੀ ਲਈ ਵਿ ਖਿੱਚ ਮਹਿਸੂਸ ਕਰਦੇ ਰਹਿੰਦਾ ।ਬਿਗਾਨੀ ਧਰਤੀ ]ਤੇ ਉਹਨਾ ਨੂੰ ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਸੰਕਟਾਂ ਤੇ ਤਣਾਵਾਂ ਦਾ ਸਾਹਮਣਾ ਕਰਨਾ ਪੈਂਦਾ ।ਪਰਵਾਸੀ ਸਾਹਿਤ ਦੀ ਵਿਤਾ ਇਹਨਾਂ ਤਣਾਵਾਂ ਅਤੇ ਸੰਕਟਾਂ ਦੀ ਪੇਕਾਰੀ ਹੀ ।

ਪਰਵਾਸੀ ਪੰਜਾਬੀ ਸਾਹਿਤ ਵਿਚ, ਪੰਜਾਬੀ ਗਲਪ ਦੀ ਵਿ ਥਾਂ ।ਪਰਵਾਸੀ ਪੰਜਾਬੀ ਗਲਪਕਾਰਾਂ ਨੇ ਆਪਣੀਆਂ ਕਹਾਣੀਆਂ ਅਤੇ ਨਾਵਲਾਂ ਦੇ ਪ੍ਰਭਾਵਾਲੀ ਬਿਰਤਾਂਤ ਵਿਚ ਪਰਵਾਸੀ ਪੰਜਾਬੀ ਬੰਦੇ ਦੀ ਹੋਣੀ ਨੂੰ ਬੂਬੀ ਚਿਤਰਿਆ ।ਭਾਵੇਂ ਇਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਪਰਵਾਸੀ ਚੇਤਨਾ, ਭੂ-ਹੇਰਵਾ, ਨਾਰੀ-ਮਰਦ ਸੰਬੰਧ, ਅੰਤਰ-ਸਭਿਆਚਾਰਕ ਸੰਕਟ ਆਦਿ ਵਿਿਆਂ ਨੂੰ ਆਧਾਰ ਬਣਾਇਆ ਪਰੰਤੂ ਜਿਹੜਾ ਵਿਾ ਸਭ ਤੋਂ ਵਧੇਰੇ ਉੱਭਰਕੇ ਸਾਹਮਣੇ ਆਇਆ ਉਹ ਪਰਵਾਸੀ ਨਾਰੀ ਦੀ ਵਸਤੂ-ਸਥਿਤੀ ਦੀ ਮਾਰਮਿਕ ਪੇਕਾਰੀ।ਾਸ ਕਰਕੇ ਪਰਵਾਸੀ ਨਾਰੀ ਗਲਪਕਾਰਾਂ ਨੇ ਪਰਵਾਸ ਵਿਚ ਨਾਰੀ-ਸਥਿਤੀ, ਨਾਰੀ-ਸਰੋਕਾਰਾਂ ਤੇ ਨਾਰੀ-ਅਸਤਿੱਤਵ ਆਦਿ ਨਾਲ ਸੰਬੰਧਤ ਕਈ ਚੁਣੌਤੀਆਂ ਅਤੇ ਸੰਭਾਵਨਾਵਾਂ ਦਾ ਯਥਾਰਥਕ ਚਿਤਰਣ ਪੇ ਕੀਤਾ ।ਇਸ ਸੰਦਰਭ ਵਿਚ ਡਾ ਹਰਚੰਦ ਸਿੰਘ ਬੇਦੀ ਦੀ ਟਿੱਪਣੀ ਬੜੀ ਅਹਿਮ , "ਪਰਵਾਸ ਦੀਆਂ ਸਮੱਸਿਆਵਾਂ ਦਾ ਬਹੁਤਾ ਬੋਝ ਔਰਤ ]ਤੇ ਕਿਉਂਕਿ ਉਹ ਮਰਦ ਦੇ ਬਰਾਬਰ ਕੰਮ ਕਰਨ ਉਪਰੰਤ ਘਰ, ਪਰਿਵਾਰ ]ਤੇ ਸਭਿਆਚਾਰਕ ਰਜ ਵੀ ਨਿਭਾਉਂਦੀ ।ਇਉਂ ਔਰਤ ਦੀ ਅਵਸਥਾ ਅਜੇ ਪੂਰਵ ਪ੍ਰੀਚਿਤ ਦਾਇਰਿਆਂ ਵਿਚ ਹੀ ਘੁੰਮ ਰਹੀ ।"(1)

"ਪਰਵਾਸੀ ਪੰਜਾਬੀ ਸਾਹਿਤ ਵਿਚ ਜਿਥੇ ਪਰਵਾਸ ਨਾਲ ਜੁੜੀਆਂ ਬਹੁਤ ਸਾਰੀਆਂ+ ਸਮੱਸਿਆਵਾਂ ਦਾ ਚਿਤਰਾਂਕਣ ਹੋਇਆ , ਉਥੇ ਸਾਹਿਤਕਾਰਾਂ ਨੇ ਨਾਰੀ ਚਰਿੱਤਰ ਦੇ ਵਿਭਿੰਨ ਪਾਸਾਰਾਂ ਨੂੰ ਪ੍ਰਸਤੁਤ ਕਰਨ ]ਤੇ ਬਲ ਦਿੱਤਾ ।"(2)

ਪਰਵਾਸੀ ਪੰਜਾਬੀ ਨਾਰੀ ਦੇ ਚਰਿੱਤਰ ਨੂੰ ਉਲੀਕਣ ਵਾਲੇ ਉੱਘੇ ਗਲਪਕਾਰਾਂ ਵਿਚੋਂ ਕਨੇਡਾ ਵਿਚ ਰਹਿੰਦੀ ਗਲਪਕਾਰਾ ਬਲਬੀਰ ਕੌਰ ਸੰਘੇੜਾ ਦਾ ਨਾਮ ਵਿ ਅਹਿਮੀਅਤ ਰਖਦਾ । ਉਸਨੇ ਤਿੰਨ ਨਾਵਲ [ਹੱਕ ਦੀ ਮੰਗ], [ਇਕ ੱਤ ਨਾਂ ਸੱਜਣਾਂ ਦੇ] ਤੇ [ਜਾਲ਼] ਅਤੇ ਚਾਰ ਕਹਾਣੀ ਸੰਗ੍ਰਹਿ [ਆਪਣੇ ਹੀ ਓਹਲੇ], [ਖੰਭੇ], [ਠੰਡੀ ਹਵਾ] ਅਤੇ ਨਵ ਪ੍ਰਕਾਿਤ [ਖੰਡਰ] ਸਾਹਿਤ ਜਗਤ ਨੂੰ ਦਿੱਤੇ ਹਨ।ਨਾਵਲ [ਜਾਲ਼] ਆਪਣੇ ਵੱਡੇ ਆਕਾਰ ਕਰਕੇ ਖਿੱਚ ਦਾ ਕੇਂਦਰ ।ਵੱਡ ਆਕਾਰੀ ਇਹ ਰਚਨਾ ਪਰਵਾਸੀ ਨਾਰੀ ਜੀਵਨ ਦੇ ਕਈ ਪੱਖਾਂ ਤੇ ਰੋਨੀ ਪਾਉਂਦੀ ਅਤੇ ਪਰਵਾਸੀ ਪੰਜਾਬੀ ਨਾਰੀ ਦੀਆਂ ਤਿੰਨਾਂ ਪੀੜ੍ਹੀਆਂ ਨਾਲ ਸੰਬੰਧਤ ।ਪਹਿਲੀ ਪੀੜ੍ਹੀ ਉਹ ਜੋ ਅਨਪੜ੍ਹ ਅਤੇ ਚੜ੍ਹਦੀ ਉਮਰੇ ਹੀ ਆਪਣੇ ਪਤੀ ਅਤੇ ਬੱਚਿਆਂ ਨਾਲ ਵਿਦੇਂ ਧਰਤੀ ਤੇ ਪਹੁੰਚੀ ।ਲੰਮਾ ਸਮਾਂ ਵਿਦੇਂ



ਧਰਤੀ ਉੱਤੇ ਰਹਿਣ ਤੇ ਵੀ ਉਸਦੀ ਜੀਵਨ-ਜਾਚ ਤੇ ਕਦਰਾਂ-ਕੀਮਤਾਂ ਭਾਰਤੀ ਪਰੰਪਰਕ ਢਾਂਚੇ ਵਿਚ ਬੱਝੀਆਂ ਹੋਈਆਂ ਹਨ।ਉਹ ਆਪਣੇ-ਆਪ ਨੂੰ ਪੱਛਮੀ ਸਭਿਆਚਾਰਕ ਵਰਤਾਰੇ ਅਨੁਸਾਰ ਢਾਲਣ ਦੀ ਪੁਰੋਰ ਕੋਂ ਕਰਦੀ ਹੋਈ ਭਾਰਤੀ ਸੰਸਕਾਰਾਂ ਦਾ ਪੱਲਾ ਨਹੀਂ ਛੱਡਦੀ।ਇਸ ਪੀੜ੍ਹੀ ਦੀ ਪ੍ਰਤਿਨਿਧਤਾ ਕਰਦੀ ਪਾਤਰ ਮਿੰਦੋ ਉਸ ਸਮੇਂ ਠੱਗੀ ਹੋਈ ਮਹਿਸੂਸ ਕਰਦੀ ਜਦੋਂ ਦਿਨ-ਰਾਤ ਹੱਡ ਭੰਨਵੀਂ ਮਿਹਨਤ ਕਰਕੇ ਪਾਲ਼ਿਆ ਪੁੱਤਰ ਮਾਂ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਹੁੰਦਾ ਤੇ ਘਰੋਂ ਚਲੇ ਜਾਣ ਦਾ ਫੈਸਲਾ ਸੁਣਾ ਦਿੰਦਾ ।

"ਨਹੀਂ ਤਾਂ ਕੀ ਮੌਮ ? ਤੁਸੀਂ ਮੈਨੂੰ ਘਰੋਂ ਬਾਹਰ ਕੱਢ ਦੇਣੈ ? ਮੈਂ ਚਲਿਆ ਜਾਂਦਾਂ ਹਾਂ। ਆਈ ਡੌਂਟ ਵਾਂਟ ਟੂ ਸਟੇ ਵਿਅਰ ਆਈ ਐਮ ਨੌਟ ਵਾਂਟਡ।ਆਈ ਐਮ ਫੈੱਡ-ਅੱਪ।ਇੱਟਸ ਏ ਬਲੱਡੀ ਪਰਿਨ।ਆਈ ਕਾਂਟ ਬਰੀਦ।ਯੂ ਗਾਈ ਆਰ ਟੂ ਮੱਚ, ਯੂ ਨੋ ਦੈਟ ?"(3)

ਪੌਲ ਦੇ ਇਹ ਲਜ ਪੂਰਬੀ ਤੇ ਪੱਛਮੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਆਪਸੀ ਟਕਰਾਅ ਦੀ ਪੇਕਾਰੀ ਕਰਦੇ ਹਨ।ਸਾਰੀ ਜਿੰਦਗੀ ਦੇ ਹਾਸਿਲ ਦੀ ਪਰਖ ਪੜਚੋਲ ਕਰਦਿਆਂ ਮਿੰਦੋ ਇੰਝ ਮਹਿਸੂਸ ਕਰਦੀ ਜਿਵੇਂ ਪੁੱਤਰ ਨਾਲ ਜੁੜੇ ਉਸਦੇ ਰੌਨ ਭਵਿੱਖ ਦੇ ਸੁਪਨੇ ਖਿੰਡ-ਪੁੰਡ ਗਏ ਹੋਣ। ਉਹ ਸਾਰੀ ਰਾਤ ਸੋਚਦੀ ਰਹੀ], "ਪਿੰਡਾਂ ਵਿਚ ਬੱਚੇ ਐਦਾਂ ਨੀ ਸੀ ਬੋਲਦੇ।ਉਹ ਆਪ ਵੀ ਆਪਣੇ ਮਾਂ-ਬਾਪ ਅੱਗੇ ਕੂੰਦੇ ਨਹੀਂ ਸਨ।"(4)

ਮਾਪਿਆਂ ਅਤੇ ਬੱਚਿਆਂ ਦੇ ਅੰਤਰ-ਵਿਰੋਧ ਦਾ ਇਕ ਕਾਰਨ, ਮਾਪਿਆਂ ਵੱਲੋਂ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਦੌੜ ਵਿੱਚ ਾਮਿਲ ਹੋਣਾ ਹੈ।ਪੈਸਾ ਕਮਾਉਣ ਦੇ ਚੱਕਰ ਵਿੱਚ ਦਿਨ ਰਾਤ ਘਰ ਅਤੇ ਬੱਚਿਆਂ ਤੋਂ ਦੂਰ ਰਹਿਣ ਕਾਰਨ ਉਹਨਾ ਦੇ ਬੱਚੇ ਭਾਵਨਾਤਮਕ ਤੌਰ ਤੇ ਟੁੱਟਦੇ-ਭੱਜਦੇ ਮਾਨਸਿਕ ਗੁੰਝਲਾਂ ਦਾ ਿਕਾਰ ਹੋ ਜਾਂਦੇ ਹਨ।

[[ਡੈਡ ਆਈ ਐਮ ਨੌਟ ਏ ਚਾਇਲਡ।ਰੀਮੈਂਬਰ ਜਦੋਂ ਮੈਂ ਲਿਟਲ ਸੀ, ਮੈਨੂੰ ਉਦੋ ਲੋੜ ਸੀ ਥਾਡੀ ਦੋਹਾਂ ਦੀ।ਉਦੋਂ ਤੁਸੀਂ ਘਰ ਨ੍ਹੀ ਸੀ ਵੜਦੇ।ਵੀ ਵਰ ਅਲੋਨ ਐਟ ਹੋਮ।ਆਈ ਕਰਾਈਡ ਫਾਰ ਯੂ ਗਾਈ, ਸਕੇਅਰਡ ਆਫ ਦਾ ਡਾਰਕ।ਵਿਅਰ ਵਰ ਯੂ ਗਾਈ ਦੈਨ ? ਆਲ ਯੂ ਵਰ ਥਿਕਿੰਗ ਵਾ ਮਨੀ।]](5)

ਪੌਲ ਦੇ ਇਹ ਬੋਲ ਪਦਾਰਥਕ ਸੁੱਖਾਂ ਦੀ ਲਾਲਸਾ ਹੇਠ ਗ੍ਰਹਿਣੇ ਪਰਿਵਾਰਕ ਰਿਤਿਆਂ ਦਾ ਸੰਤਾਪ ਭੋਗਦੀ ਪਹਿਲੀ ਪੀੜ੍ਹੀ ਨਾਲ ਸੰਬੰਧਤ ਮਾਪਿਆਂ ਦੇ ਦੁੱਖਾਂ ਦੀ ਪੇਕਾਰੀ ਕਰਦੇ ਹਨ।

ਇਸ ਨਾਵਲ ਦੀ ਮੁੱਖ ਇਸਤਰੀ ਪਾਤਰ [ਪ੍ਰੀਤੀ] ਦੂਜੀ ਪੀੜ੍ਹੀ ਨਾਲ ਸੰਬੰਧਤ , ਜੋ ਭਾਰਤ ਵਿਚ ਪੜ੍ਹਲਿਖ ਕੇ ਚੰਗੇ ਭੱਵਿਖ ਦੇ ਸੁਪਨਿਆਂ ਨਾਲ ਲਬਰੇ ਪਰਵਾਸੀ ਧਰਤੀ ਤੇ ਆ ਵਸਦੀ ।ਉਹ ਇਸ ਗੱਲ ਤੋਂ ਅਣਜਾਣ ਕਿ ਪਰਵਾਸੀ ਵਰਤਾਰੇ ਦੌਰਾਨ ਪਦਾਰਕ ਸੁੱਖਾਂ ਦੀ ਪ੍ਰਾਪਤੀ ਲਈ ਮਨੁੱਖ ਬਹੁਤ ਕੁਝ ਅਜਿਹਾ ਗਵਾਉਂਦਾ ਜਿਸ ਦੀ ਪੂਰਤੀ ਅਸੰਭਵ ਹੁੰਦੀ ।ਇਕ ਸਭਿਆਚਾਰਕ ਵਰਤਾਰੇ ਵਿਚੋਂ ਨਿਕਲ ਦੂਜੇ ਸਭਿਆਚਾਰਕ ਵਰਤਾਰੇ ਵਿਚ ਪ੍ਰਵੇ ਕਰਦਿਆਂ ਪਰਿਵਾਰਕ ਰਿਤੇ ਵੀ ਅਸਰ ਅੰਦਾ ਹੁੰਦੇ ਹਨ।

ਪ੍ਰੀਤੀ ਆਪਦੇ ਪਤੀ ਗੁਰਿੰਦਰ ਅਤੇ ਦੋ ਬੱਚਿਆਂ ਸਮੇਤ ਕਨੇਡਾ ਪਹੁੰਚਦੀ ।ਬਿਗਾਨੀ ਧਰਤੀ ਉੱਤੇ ਪ੍ਰੀਤੀ ਨੂੰ ਵੀ ਪੈਰ-ਪੈਰ ਤੇ ਆਉਂਦਿਆਂ ਮੁਕਲਾਂ ਦਾ ਸਾਹਮਣਾ ਕਰਨਾ ਪੈਂਦਾ ।ਪਹਿਲੀ ਸਮੱਸਿਆ ਜਿਸ ਨਾਲ ਪ੍ਰੀਤੀ ਦੋ-ਚਾਰ ਹੁੰਦੀ ਉਹ ਭਾਾਈ ਵਿਤਰਕੇ ਦੀ:

ਪ੍ਰੀਤੀ ਨੂੰ ਕੋਈ ਕੰਮ ਨਾ ਮਿਲਿਆ ਅੰਗਰੇਜੀ ਬੋਲਣ ਦੀ ਮੁਹਾਰਤ ਬਹੁਤੀ ਨਾ ਹੋਣ ਕਾਰਨ ਉਹ ਵੀ ਕਈ ਇੰਟਰਵਿਊ ਵਿਚ ਕਾਮਯਾਬ ਨਾ ਹੋ ਸਕੀ।" 6

ਗੁਾਰਾ ਤੋਰਨ ਲਈ ਪ੍ਰੀਤੀ ਕਈ ਨਿਗੂਣੇ ਜਿਹੇ ਕੰਮ ਕਰਦੀ ਤੇ ਅੀਰ ਉਸਨੂੰ ਇਕ

ਡਾਕਟਰ ਦੀ ਕਲੀਨਿਕ ਵਿਚ ਰਿਸੈਪਨਿਟ ਦੀ ਨੌਕਰੀ ਮਿਲ ਜਾਂਦੀ ।ਪਤੀ-ਪਤਨੀ ਵਲੋਂ ਆਰਥਿਕ ਸੰਪਨਤਾ ਲਈ ਕੀਤੀ ਜਾਂਦੀ ਜਦੋ-ਜਹਿਦ ਦਾ ਨਾਵਲੀ ਬਿਰਤਾਂਤ ਭਾਰਤੀਆਂ ਨੂੰ ਪੇ ਆਉਂਦੀਆਂ ਮੁਕਲਾਂ ਦਾ ਬਿਰਤਾਂਤ , ਅਜਿਹੀ ਸਥਿਤੀ ਬਾਰੇ ਨਾਵਲਕਾਰਾ ਆਪ ਟਿੱਪਣੀ ਕਰਦੀ ਲਿਖਦੀ , "ਭਾਰਤੀਆਂ ਨੂੰ ਵੈਸੇ ਵੀ ਬੋਲੀ ਦੀ ਸਮੱਸਿਆ ਸੀ।ਖਾਸ ਕੰਮਾਂ ਲਈ ਇਟਾਲੀਅਨ, ਕਨੇਡੀਅਨ, ਜਾਂ ਐਫਰੋ ਅਮੈਰੀਕਨ ਮੁੰਡੇ-ਕੁੜੀਆਂ ਰੱਖ ਲਏ ਜਾਂਦੇ ਸਨ।ਇਸਦਾ ਕਾਰਨ ਸਾਡੇ ਆਦਮੀਆਂ ਦੀ ਘੋਟ-ਘੋਟ ਕੇ ਬੋਲੀ ਜਾਂਦੀ ਅੰਗਰੇਜੀ ਵੀ ਸੀ।" 7

ਆਰਥਿਕ ਪੱਖੋਂ ਸਵੈ-ਨਿਰਭਰ ਪਰਵਾਸੀ ਔਰਤ, ਸੁਤੰਤਰ ਔਰਤ ਦੇ ਦਾਬਿਆਂ ਦੀ ਪ੍ਰਤੀਕ ਨਹੀਂ ਸਗੋਂ ਉਹ ਵੀ ਮਰਦ ਹੱਥੋਂ ਰੀਰਕ ਤੇ ਮਾਨਸਿਕ ੋਣ ਦਾ ਕਿਾਰ ਹੁੰਦੀ ।ਪਤੀ ਲਈ ਪਤਨੀ ਉਸਦੀਆਂ ਜਰੂਰਤਾਂ ਦੀ ਪੂਰਤੀ ਦੇ ਸਾਧਨ ਤੋਂ ਵੱਧ ਕੁਝ ਵੀ ਨਹੀਂ।ਪਤੀ-ਪਤਨੀ ਦੇ ਰਿਤੇ ਵਿਚਲਾ ਇਹ ਅਸਾਵਾਂਪਣ ਜਿੱਥੇ ਘਰੇਲੂ ਸੰਕਟ ਪੈਦਾ ਕਰਦਾ ਉਥੇ ਨਾਰੀ ਦਾ ਰਿਤਿਆਂ ਵਿਚੋਂ ਮੋਹ ਭੰਗ ਕਰਕੇ ਸਮਾਜ ਦੀ ਇਸ ਪਰਿਵਾਰਕ ਇਕਾਈ ਦੀਆਂ ਜੜ੍ਹਾਂ ਵੀ ਖੋਲੀਆਂ ਕਰ ਰਿਹਾ ।

" ਕਿੱਥੇ ਸੀ ਤੂੰ ? ਮੈਂ ਵੇਟ ਕਰਦਾ ਥੱਕ ਗਿਆ।ਆਈ ਨੀਡ ਸਮ ਮਨੀ ?
ਗੈਟ ਮੀ ਸਮ ? ਛੇਤੀਂ।" ਗੁਰਿੰਦਰ ਥਥਲਾਉਂਦਾ ਹੋਇਆ ਆਖ ਰਿਹਾ ਸੀ।
"ਤੂੰ ਕੱਢਦੀਂ ਆਂ ਪੈਸੇ ? ਨਹੀਂ ਆਹ ਛਿੱਤਰ ਦੀਂਹਦਾ ?"
"ਤੇਰੀ ਤਨਖਾਹ ਕਿਹੜੇ ਖੂਹ ਪੈ ਗਈ ? ਇਨ੍ਹਾਂ ਦਸਾਂ ਵੀਹਾਂ ਨਾਲ ਨ੍ਹੀ
ਸਰਦਾ ਮੇਰਾ।" ਗੁਰਿੰਦਰ ਨੇ ਸਿਰ ਫੇਰਿਆ।(8)

ਉਪਰੋਕਤ ਵਿਰਤਾਂਤ-ਖੰਡ ਰਾਹੀਂ ਸਪਟ ਹੁੰਦਾ ਕਿ ਪੂਰਬੀ ਅਤੇ ਪੱਛਮੀ ਸਮਾਜ ਵਿਚ ਨਾਰੀ ਦੀ ਸਥਿਤੀ ਅਧੀਨਗੀ ਅਤੇ ਪਰਨਿਰਭਰਤਾ ਵਾਲੀ ।ਪੱਛਮੀ ਸਮਾਜ ਦੇ ਖੁੱਲੇ ਮਾਹੌਲ ਨੇ ਮਰਦ ਨੂੰ ਨਾਰੀ ਉਤਪੀੜਨ ਦੇ ਵਧੇਰੇ ਮੌਕੇ ਪ੍ਰਦਾਨ ਕੀਤੇ ਹਨ।ਪਰਵਾਸੀ ਨਾਰੀ ਆਪਣੀ ਕਮਾਈ ਵੀ ਆਪਣੀ ਮਰੀ ਨਾਲ ਨਹੀਂ ਰਚ ਕਰ ਸਕਦੀ ਸਗੋਂ ਉਸ ਦਾ ਪਤੀ ਉਸਦੀ ਕਮਾਈ ਤੇ ਆਪਣਾ ਪੂਰਾ ਹੱਕ ਸਮਝਦਾ ।ਪ੍ਰੀਤੀ ਦੀ ਹਾਲਤ ਉਦੋਂ ਹੋਰ ਵੀ ਤਰਸਯੋਗ ਹੋ ਜਾਂਦੀ ਜਦੋਂ ਉਸਦਾ ਪਤੀ ਉਸਨੂੰ ਮੰਡੀ ਵਿੱਚ ਵਿਕਣ ਵਾਲੀ ਵਸਤੂ ਵਾਂਗ ਕੁਝ ਰੁਪਈਆਂ ਬਦਲੇ ਉਸਦਾ ਹੱਥ ਪਰਾਏ ਮਰਦ ਦੇ ਹੱਥ ਵਿਚ ਫੜਾ ਜਾਂਦਾ ।

"ਗੁਰਿੰਦਰ ਨੇ ਨੋਟ ਇਕੱਠੇ ਕੀਤੇ, ਬੈਠੀ ਪ੍ਰੀਤੀ ਦੀ ਬਾਂਹ ਖਿੱਚੀ ਅਤੇ ਉਸਦਾ ਹੱਥ ਸਤਵੰਤ ਦੇ ਹੱਥ ['ਤੇ ਰੱਖ ਦਿੱਤਾ।ਆਪ ਨੋਟਾਂ ਦਾ ਥੱਬਾ ਲੈ ਕੇ ਲੜਖੜਾਉਂਦਾ ਹੋਇਆ ਘਰੋਂ ਬਾਹਰ ਨਿਕਲ ਗਿਆ।"(9)

ਇਸ ਨਾਵਲ ਨੂੰ ਨਾਰੀਵਾਦੀ ਪੈਂਤੜੇ ਤੋਂ ਵਿਚਾਰਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਕਿ ਨਾਰੀ ਸੁਤੰਤਰਤਾ ਤੇ ਨਾਰੀ-ਮਰਦ ਦੀ ਬਰਾਬਰਤਾ ਦਾ ਹੋਕਾ ਦੇਣ ਵਾਲੇ ਪੱਛਮੀ ਸਭਿਆਚਾਰ ਵਿਚ ਪਹੁੰਚਕੇ ਵੀ ਪੰਜਾਬੀ ਮਰਦ ਜਗੀਰਦਾਰੀ ਸੋਚ ਦਾ ਤਿਆਗ ਨਹੀਂ ਕਰ ਸਕੇ। ਘਰ ਅਤੇ ਬਾਹਰ ਦੋਵੇਂ ਥਾਵਾਂ ਦੀ ਖਿੱਚੋਤਾਣ ਵਿਚ ਉਲਝੀ ਪਰਵਾਸੀ ਨਾਰੀ ਦੀ ਮਾਨਸਿਕਤਾ ਦੋਫਾੜ ਹੋਈ ਰਹਿੰਦੀ ।ਘਰ ਦੇਖੇ ਜਾਂ ਬਾਹਰ ਨੌਕਰੀ ਕਰੇ।ਬੱਚਿਆਂ ਲਈ ਰਾਬੀ ਪਤੀ ਨਾਲ ਸਮਝੌਤੇ ਦਾ ਰਾਹ ਅਤਿਆਰ ਕਰੇ ਜਾਂ ਸਵੈਮਾਣ ਲਈ ਇਨ੍ਹਾਂ ਰਿਤਿਆਂ ਨੂੰ ਤੋੜ ਦੇਵੇ। ਪਰਵਾਸੀ ਪੰਜਾਬੀ ਮਰਦ ਦੇ ਦੋਹਰੇ ਮਾਪਦੰਡਾਂ ਤੇ ਟਿੱਪਣੀ ਕਰਦੀ ਡਾ ਧਨਵੰਤ ਕੌਰ ਲਿਖਦੀ ਹੈ, "ਪੱਛਮ ਦਾ ਵਿਕਸਤ ਤੇ ਖੁੱਲਾ ਸਮਾਜ ਔਰਤ ਮਰਦ ਸੰਬੰਧਾਂ ਵਿਚ ਨਿੱਜੀ ਚੋਣ ਤੇ ਮਰੀ ਨੂੰ ਮਾਨਵੀ ਧਰਾਤਲ ਤੇ ਰਾਖਦਿਲੀ ਨਾਲ ਪ੍ਰਵਾਨਗੀ ਦਿੰਦਾ ਪਰ ਮਰਦ ਪ੍ਰਧਾਨ ਸਮੂਹਕ ਅਵਚੇਤਨ ਵਿੱਚ ਇਹ ਖੁੱਲ ਜੀਵਨ ਜਾਚ ਦਾ ਸਲੀਕਾ ਬਣਨ ਦੀ ਥਾਂ ਔਰਤ ਦੇ ਜਿਨਸੀ ੋਣ ਦਾ ਇਕ ਅਤਿਅੰਤ ਅਮਾਨਵੀ ਤੇ ਤ੍ਰਿਸਕਾਰਮਈ ਪਾਸਾਰ ਹੋ ਨਿਬੜਦੀ ।"(10)



ਪੂਰਬੀ ਸਮਾਜ ਵਿਚ ਜੇ ਔਰਤ ਅਨਪੜ੍ਹਤਾ, ਪਰੰਪਰਾਗਤ ਤੇ ਪਿਛਾਂਹਖਿੱਚੂ ਸੋਚ ਅਤੇ ਨਾਰੀ ਹੱਕਾਂ ਬਾਰੇ ਸੁਚੇਤ ਨਾਂ ਹੋਣ ਕਾਰਨ ਹਾਇੇ ਤੇ ਤਾਂ ਪੱਛਮੀ ਸਮਾਜ ਵਿਚ ਵੀ ਪਰਵਾਸੀ ਨਾਰੀ ਅਗਾਂਹ ਵਧੂ ਵਿਚਾਰਾਂ ਅਤੇ ਆਰਥਿਕ ਸੰਪਨਤਾ ਦੇ ਬਾਵਜੂਦ ਤਨਾਉ-ਗ੍ਰਸਤ ਕਿਉਂਕਿ ਅਜਿਹੇ ਖੁੱਲੇ ਮਾਹੌਲ ਵਿਚ ਰਹਿ ਕੇ ਵੀ ਪਰਵਾਸੀ ਮਰਦ ਪਿੱਤਰ ਸੱਤਾ ਦੀ ਹਾਮੀ ਹੀ ਭਰਦੇ ਹਨ।

ਮਰਦ ਹਉਮੈ ਦਾ ਦਮ ਭਰਦੇ, ਘਰ ਪਰਿਵਾਰ ਦੀਆਂ ਜਿੰਮੇਵਾਰੀਆਂ ਤੋਂ ਅਵੇਸਲੇ ਗੁਰਿੰਦਰ ਦੀਆਂ ਜਿਆਦਤੀਆਂ ਤੋਂ ਤੰਗ ਆ ਕੇ ਆਰਿ ਪ੍ਰੀਤੀ ਗੁਰਿੰਦਰ ਤੋਂ ਅਲੱਗ ਹੋਣ ਦਾ ਫੈਸਲਾ ਕਰ ਲੈਂਦੀ ।ਇਹ ਅਹਿਲਦਗੀ ਜਿਥੇ ਉਸ ਲਈ ਆਰਥਿਕ ਸੰਕਟ ਨੂੰ ਗਹਿਰਾਉਣ ਦਾ ਕਾਰਨ ਬਣਦੀ ਉਥੇ ਸਮਾਜਿਕ ਦਬਾਉ ਉਸਨੂੰ ਗੁਰਿੰਦਰ ਨਾਲ ਸਮਝੋਤੇ ਦਾ ਰਾਹ ਅਤਿਆਰ ਕਰਨ ਲਈ ਬਾਰ-ਬਾਰ ਮਬੂਰ ਕਰਦਾ ।

"ਕੁੜੇ ਪ੍ਰੀਤੀ, ਐਨੀ. ਵੀ ਬੇਰੁਖੀ ਕੀ ਕਹੁ ? ਆਦਮੀਆਂ ਨਾਲ ਸੌ ਵਾਰੀ ਤੱਤੀ-ਠੰਡੀ ਹੋ ਜਾਂਦੀ ਐ।ਹੁਣ ਮਾ ਵੀ ਕਰਦੇ।" ਮਿੰਦੋ ਉਸ ਵੱਲ ਦੇਖ ਕੇ ਨੱਕ ਜਿਹਾ ਚਾੜ੍ਹ ਲੈਂਦੀਂ।ਮਨ ਵਿਚ ਜਿਵੇਂ ਸੋਚਦੀ ['ਤੀਵੀਂ ਦੀ ਐਨੀ ਜਿੱਦ ਵੀ ਕੀ ਕਰੂ ?"(11)

ਪਰੰਤੂ ਨਾਵਲ ਦੇ ਅੰਤ ਵਿੱਚ ਸੜਕ ਦੁਰਘਟਨਾ ਵਿਚ ਹੋਈ ਗੁਰਿੰਦਰ ਦੀ ਮੌਤ ਨਾਵਲਕਾਰਾ ਦੇ ਸੁਤੰਤਰ ਨਾਰੀ ਦੇ ਸਿਰਜੇ ਸੁਪਨੇ ਨੂੰ ਟੁੱਟਣ ਤੋਂ ਬਚਾ ਲੈਂਦੀ ਹੈ।

ਇਸ ਨਾਵਲ ਵਿਚ ਨਾਰੀ ਦੀ ਤੀਜੀ ਪੀੜ੍ਹੀ ਦੀ ਪ੍ਰਤਿਨਿਧ ਪਾਤਰ ਰੀਨੂੰ , ਜੋ ਮਿੰਦੋ ਅਤੇ ਜਗੀਰ ਸਿੰਘ ਦੀ ਪੁੱਤਰੀ ।ਇਹ ਇਕ ਅਜਿਹਾ ਪਾਤਰ ਜੋ ਪੂਰਬੀ ਅਤੇ ਪੱਛਮੀ ਸਭਿਆਚਾਰਾਂ ਦਾ ਸਮਨਵੈ ਹੋ ਨਿਬੜਦੀ ।ਪੂਰਬੀ ਸਭਿਆਚਾਰਕ ਮਾਹੌਲ ਵਿਚ ਪਲ਼ੀ ਹੋਣ ਕਾਰਨ ਜਿੱਥੇ ਉਹ ਆਪਣੇ ਮਾਂ-ਬਾਪ ਅਤੇ ਭਰਾ ਨੂੰ ਪਿਆਰ ਅਤੇ ਸਤਿਕਾਰ ਦਿੰਦੀ ਉਥੇ ਪੱਛਮੀ ਮਾਹੌਲ ਵਿਚ ਵਿੱਦਿਆ ਪ੍ਰਾਪਤ ਕਰਨ ਕਰਕੇ ਆਪਣੀ ਵਿਅਕਤੀਗਤ ਆਾਦੀ ਪ੍ਰਤੀ ਵੀ ਸੁਚੇਤ ।

"ਮੈਂ ਮੰਮੀ-ਡੈਡੀ ਨੂੰ ਕਦੀ ਤੰਗ ਨਹੀਂ ਕਰੂੰਗੀ।"(12)

"ਡੈਡ, ਇੱਟਸ ਮਾਈ ਲਾਈਫ।ਮੈਨੂੰ ਪਤਾ ਮੇਰੇ ਲਈ ਕੀ ਚੰਗਾ ਅਤੇ ਕੀ ਬੁਰਾ ।"(13)

ਭਾਵੇਂ ਇਸ ਨਾਵਲ ਵਿਚ ਸੰਘੇੜਾ ਨੇ ਪੰਜਾਬੀ ਔਰਤ ਦੇ ਦਮਨ ਅਤੇ ਵਿਦਰੋਹ ਦੀ ਸੁਰ ਨੂੰ ਬੜੀ ਸੂਖਮਤਾ ਨਾਲ ਚਿਤਰਿਆ ਪਰ ਪਰਵਾਸੀ ਪੰਜਾਬੀ ਭਾਈਚਾਰੇ ਦੀ ਖੜੋਤਗ੍ਰਸਤ ਮਾਨਸਿਕ ਸਥਿਤੀ ਦੀ ਮਿੱਥ ਨੂੰ ਰੀਨੂੰ ਦੀ ਪਾਤਰ ਰਾਹੀਂ ਤੋੜਿਆ ।ਉਸਨੇ ਪੰਜਾਬੀ ਭਾਈਚਾਰੇ ਦੇ ਬਦਲਾਅ ਬਾਰੇ ਹਾਂ-ਮੁਖੀ ਸਰੋਕਾਰਾਂ ਦੀ ਪੇਕਾਰੀ ਕੀਤੀ ।

ਪਰਵਾਸੀ ਪੰਜਾਬੀ ਸਾਹਿਤ ਵਿੱਚ ਪੇ ਔਰਤ ਦੀ ਤ੍ਰਾਸਦਕ ਸਥਿਤੀ ਤੇ ਟਿੱਪਣੀ ਕਰਦੇ ਡਾ ਹਰਚੰਦ ਸਿੰਘ ਬੇਦੀ ਲਿਖਦੇ ਹਨ, "ਔਰਤ ਆਪਣੇ ਸਭਿਆਚਾਰ ਨੂੰ ਬਣਾਈ ਰੱਖਣ ਲਈ, ਆਪਣੇ ਦੇਸ, ਮਾਂ-ਬੋਲੀ ਨਾਲ ਸੰਬੰਧ ਬਣਾਈ ਰੱਖਣ ਲਈ ਆਪਣੇ ਘਰ ਵਿੱਚ ਦੇਸੀ ਸੰਸਕਾਰਾਂ ਨੂੰ ਪ੍ਰਭਾਵੀ ਰੂਪ ਵਿਚ ਲਾਗੂ ਕਰਨ ਲਈ ਪੱਛਮੀ ਪ੍ਰਭਾਵਾਂ ਤੋਂ ਆਪਣੀ ਔਲਾਦ ਨੂੰ ਬਚਾ ਕੇ ਰੱਖਣ ਲਈ ਅਤੇ ਪਰਿਵਾਰਕ ਤਣਾਓ ਅਤੇ ਟਕਰਾਓ ਨੂੰ ਟਾਲ਼ੀ ਰੱਖਣ ਲਈ, ਕਈ ਪੱਧਰਾਂ ਤੇ ਪ੍ਰੇਰਨਾ, ਸਹਿਯੋਗ ਤੇ ਵਿਰੋਧ ਦੀ ਵਿਚਾਰਧਾਰਕ ਲੜਾਈ ਲੜਦੀ । ਕਿੱਤੇ ਤੇ ਘਰ ਦੇ ਦਬਾਵਾਂ ਦੇ ਬਾਵਜੂਦ, ਉਹ ਨਿਰੰਤਰ ਆਪਣੀ ਹੋਂਦ ਤੇ ਹਸਤੀ ਲਈ ਕਿਵੇਂ ਯੁੱਧ ਕਰ ਰਹੀ ? ਇਸ ਦੇ ਕੀ ਸਿੱਟੇ ਨਿਕਲਦੇ ਹਨ ? ਨੂੰ ਅਧਿਐਨ ਦਾ ਪਾਤਰ ਬਣਾਉਣ ਦੀ ਇਕ ਭਰਭੂਰ ਕੋਿ ਜਰੂਰੀ ,"(14)

ਉਪਰੋਕਤ ਚਰਚਾ ਦੇ ਆਧਾਰ ਉਤੇ ਕਿਹਾ ਜਾ ਸਕਦਾ ਕਿ ['ਜਾਲ਼'] ਨਾਵਲ ਵਿਚ ਪਰਵਾਸੀ ਜੀਵਨ ਦੀ ਪੇਕਾਰੀ ਨਾਲ ਬਲਬੀਰ ਕੌਰ ਸੰਘੇੜਾ ਨੇ ਪਰਵਾਸੀ ਪੰਜਾਬੀ ਨਾਵਲ ਜਗਤ ਵਿਚ ਇਸ ਸਮੱਸਿਆ ਦਾ ਵੱਖਰਾ ਪਾਸਾਰ ਪੇ ਕੀਤਾ ।ਜਿੱਥੇ ਉਸਨੇ ਪਰਵਾਸੀ ਨਾਰੀ ਦੀ ਸੰਵੇਦਨਾ ਨੂੰ ਦਿਤ ਨਾਲ ਮਹਿਸੂਸ ਕਰਕੇ ਉਸ ਦੇ ਸੁਪਨਿਆਂ ਅਤੇ ਭਵਿੱਖ ਨਾਲ ਸੰਬੰਧਤ ਸਮੱਸਿਆਵਾਂ ਦੀ

ਬਾਤ ਪਾਈ ਉੱਥੇ ਉਹ ਕਨੇਡਾ ਵਿਚ ਪ੍ਰਵਾਨ ਚੜ੍ਹ ਰਹੀ ਆਵਾਸੀਆਂ ਦੀ ਨਵੀਂ ਪੰਜਾਬੀ ਪੀੜ੍ਹੀ ਪ੍ਰਤੀ ਆਸਮੰਦ ਨਜ਼ਰ ਆਉਂਦੀ । ਇਸ ਪੀੜ੍ਹੀ ਦੀ ਵਿਤਾ ਇਹ ਹੈ ਕਿ ਇਸਨੇ ਭੂ-ਹੇਰਵੇ ਵਰਗੇ ਭਾਵਾਂ ਤੋਂ ਮੁਕਤ ਹੋ ਕੇ ਪਦਾਰਥਕ ਸੁਖ ਸੁਵਿਧਾ ਵਾਲੇ ਨਵੇਂ ਚੁਗਿਰਦੇ ਨਾਲ ਇਕ ਸੁਰਤਾ ਕਾਇਮ ਕਰਨ ਦਾ ਰਾਹ ਅਤਿਆਰ ਕਰ ਲਿਆ ।

ਹਵਾਲੇ ਅਤੇ ਟਿਪੱਣੀਆਂ

1 ਡਾ ਹਰਚੰਦ ਸਿੰਘ ਬੇਦੀ, [ਭੂਮਿਕਾ], ਪਰਵਾਸ ਤੇ ਪਰਵਾਸੀ ਸਾਹਿਤ, ਪੰਨਾ-51

2 ਗੁਰਜੰਟ ਸਿੰਘ, [[ਪਰਵਾਸੀ ਪੰਜਾਬੀ ਗਲਪ ਤੇ ਨਾਰੀ]], ਪਰਵਾਸੀ ਪੰਜਾਬੀ ਸਾਹਿਤ ਤੇ ਮਸਲੇ, (ਸੰਪਾ) ਡਾ ਹਰਚੰਦ ਸਿੰਘ ਬੇਦੀ, ਪੰਨਾ 201

3 ਬਲਬੀਰ ਕੌਰ ਸੰਘੇੜਾ, ਜਾਲ਼, ਪੰਨਾ-70

4 ਉਹੀ, ਪੰਨਾ-72

5 ਉਹੀ, ਪੰਨਾ-71

6 ਉਹੀ, ਪੰਨਾ-45

7 ਉਹੀ, ਪੰਨਾ-190

8 ਉਹੀ, ਪੰਨਾ-11

9 ਉਹੀ, ਪੰਨਾ-14

10 ਵੀਨਾ ਵਰਮਾ ਦਾ ਕਹਾਣੀ ਸੰਗ੍ਰਹਿ [ਮੁੱਲ ਦੀ ਤੀਵੀ: ਪਰਵਾਸੀ ਔਰਤ ਦੀ ਹੂਕ], ਖੋਜ ਦਰਪਣ, ਜਨਵਰੀ 1996, ਪੰਨਾ-98

11 ਜਾਲ਼, ਪੰਨਾ-258

12 ਉਹੀ, ਪੰਨਾ-66

13 ਉਹੀ, ਪੰਨਾ-281

14 ਡਾ ਹਰਚੰਦ ਸਿੰਘ ਬੇਦੀ, [ਭੂਮਿਕਾ], ਪਰਵਾਸੀ ਸਾਹਿਤ ਦਾ ਸਭਿਆਚਾਰਕ ਪ੍ਰਸੰਗ, ਪੰਨਾ-7


## ਨਵੀਆਂ ਛਪੀਆਂ ਕਿਤਾਬਾਂ

ਅਫਲਾਤੂ (ਨਾਵਲ) ਬਲਦੇਵ ਸਿੰਘ

ਹਿੱਲਦੇ ਦੰਦ (ਨਾਵਲ) ਕੇ. ਐਲ. ਗਰਗ

ਲਾਲ ਪਰਿੰਦੇ (ਕਵਿਤਾ) ਰਾਜਵਿੰਦਰ ਮੀਰ

ਜਿੱਲਣ (ਕਹਾਣੀ ਸੰਗ੍ਰਹਿ) ਗੁਰਦਿਆਲ ਦਲਾਲ

ਗੁਲਾਨਾਰੀ ਰੰਗ (ਕਹਾਣੀ ਸੰਗ੍ਰਹਿ) ਬੀ. ਐਸ. ਬੀਰ

ਮਿੱਟੀ ਬੋਲਦੀ ਹੈ (ਕਹਾਣੀ ਸੰਗ੍ਰਹਿ) ਸੰਪਾ. ਬਲਬੀਰ ਮਾਧੋਪੁਰੀ

ਸੁਭਾਸ਼ ਨੀਰਵ ਦੀਆਂ ਚੋਣਵੀਆਂ ਕਹਾਣੀਆਂ (ਕਹਾਣੀ ਸੰਗ੍ਰਹਿ) ਸੰਪਾ. ਬਲਬੀਰ ਮਾਧੋਪੁਰੀ

ਮੈਂ ਰੇਸ਼ਮ ਬੁਣਦਾਂ (ਕਾਵਿ ਸੰਗ੍ਰਹਿ) ਭੁਪਿੰਦਰ ਪ੍ਰੀਤ

ਮੇਰੀ ਵਾਈਟ ਹਾਊਸ ਫੇਰੀ (ਸਫ਼ਰਨਾਮਾ) ਚਰਨਜੀਤ ਸਿੰਘ ਪਨੂੰ




## ਕੂੰਜਾਂ:ਪੰਜਾਬੀ ਔਰਤ ਦਾ ਸੰਘਰਸ਼/ਚੰਦਰ ਮੋਹਨ

ਲੋਕ-ਕਾਵਿ ਦੀ ਸਿਰਜਣ ਪ੍ਰਕ੍ਰਿਆ ਵਿਚ ਔਰਤਾਂ ਦੀ ਸਿਰਜਣਾਤਮਕਤਾ ਦੀ ਅਹਿਮ ਭੂਮਿਕਾ ਰਹੀ ਹੈ।ਪੰਜਾਬੀ ਲੋਕ-ਕਾਵਿ ਦੇ ਮਰਦਾਵੇਂ ਲੋਕ-ਕਾਵਿ-ਰੂਪਾਂ ਦੀ ਜਿੱਥੇ ਆਪਣੀ ਵਿਲੱਖਣ ਵਸਤੂਗਤ ਤੇ ਸ਼ੈਲੀਗਤ ਵਿਸ਼ੇਸ਼ਤਾ ਹੈ ਉਥੇ ਔਰਤ ਸਿਰਜਿਤ ਕਾਵਿ-ਰੂਪਾਂ ਦੀ ਆਪਣੀ ਵੱਖਰੀ ਪਹਿਚਾਣ ਹੈ।ਔਰਤਮੁਖੀ ਲੋਕ-ਕਾਵਿ-ਰੂਪਾਂ ਦੀਆਂ ਵਿਭਿੰਨ ਵੰਨਗੀਆਂ ਨੂੰ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਇਹਨਾਂ ਵੰਨਗੀਆਂ ਰਾਹੀਂ ਪੰਜਾਬੀ ਔਰਤ ਨੇ ਆਪਣੇ ਦਿਲ਼ੀ ਵਲਵਲਿਆਂ ਨੂੰ ਬੇਬਾਕੀ ਨਾਲ ਪੇਸ਼ ਕੀਤਾ ਹੈ।ਜਿਵੇਂ ਹੇਠ ਲਿਖੀਆਂ ਔਰਤ ਤੇ ਮਰਦ ਦੀਆਂ ਵਾਰਤਾਲਾਪੀ ਲੋਕ-ਕਾਵਿਕ ਸਤਰਾਂ ਪੰਜਾਬੀ ਔਰਤ ਦੀ ਸੰਵੇਦਨਾ ਦੀ ਹੀ ਤਰਜਮਾਨੀ ਕਰਦੀਆਂ ਹਨ:

'ਮੋਰ ਪੁਛੇਂਦੇ ਕੂੰਜਾਂ ਕੋਲੋਂ,ਤੁਸਾਂ ਨਿਤ ਪਰਦੇਸ ਤਿਆਰੀ<br>
ਜਾਂ ਤੇ ਤੁਹਾਡਾ ਵਤਨ ਕੁੱਚਜੜਾ,ਜਾਂ ਕਿਸੇ ਸੰਗ ਯਾਰੀ<br>
ਆਪਣੇ ਛੋੜ ਪਰਦੇਸਣ ਹੋਈਆਂ,ਉਮਰ ਵਿਹਾ ਲਈ ਸਾਰੀ।<br>
ਮੋਰਾਂ ਨੂੰ ਸਮਝਾਵਣ ਲੱਗੀਆਂ,ਕੂੰਜਾਂ ਵਾਰੋ ਵਾਰੀ<br>
ਨਾ ਤਾਂ ਸਾਡਾ ਦੇਸ ਕੁੱਚਜੜਾ,ਨਾ ਕਿਸੇ ਸੰਗ ਯਾਰੀ<br>
ਛੱਡ ਆਪਣੇ ਪਰਦੇਸੀ ਧਾਈਆਂ,ਡਾਢੇ ਚੋਗ ਖਿਲਾਰੀ।'

ਉੱਪਰਲੀਆਂ ਕਾਵਿਕ ਸਤਰਾਂ 'ਕੂੰਜਾਂ'(ਕੈਨੇਡਾ ਦੀ ਪੰਜਾਬੀ ਨਾਰੀ ਕਵਿਤਾ) ਨਾਂ ਦੇ ਕਾਵਿ-ਸੰਗ੍ਰਹਿ ਦੇ ਸਮਰਪਣ ਵਜੋਂ ਲਿਖੀਆਂ ਗਈਆਂ ਹਨ।ਇਸ ਕਾਵਿ-ਸੰਗ੍ਰਹਿ ਨੂੰ ਕੈਨੇਡੀਅਨ ਪੰਜਾਬੀ ਕਵਿੱਤਰੀ ਸੁਰਜੀਤ ਅਤੇ ਸਾਹਿਤ-ਆਲੋਚਿਕਾ ਤੇ ਉੱਘੀ ਨਾਟ-ਰੰਗਕਰਮੀ ਡਾ.ਕੰਵਲਜੀਤ ਕੌਰ ਢਿੱਲੋਂ ਨੇ ਸੰਪਾਦਤ ਕਰਕੇ ਸਾਲ 2014 ਵਿਚ ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ ਤੋਂ ਪ੍ਰਕਾਸ਼ਤ ਕਰਵਾਇਆ ਹੈ।ਇਸ ਕਾਵਿ-ਸੰਗ੍ਰਹਿ ਦੀ ਇਹ ਵਿਲੱਖਣਤਾ ਹੈ ਕਿ ਇਹ ਕੈਨੇਡਾ ਵਸਦੀ ਪੰਜਾਬੀ ਔਰਤ ਦੇ ਵਿਭਿੰਨ ਸਰੋਕਾਰਾਂ ਨੂੰ ਕੈਨੇਡਾ ਵਸਦੀਆਂ ਪੰਜਾਬੀ ਕਵਿੱਤਰੀਆਂ ਦੀਆਂ ਕਾਵਿ-ਰਚਨਾਵਾਂ ਰਾਹੀਂ ਪਾਠਕਾਂ ਸਾਹਵੇਂ ਲਿਆਉਂਦਾ ਹੈ।ਇਸ ਸੰਗ੍ਰਹਿ ਦੀ ਇਹ ਵੀ ਖੂਬੀ ਹੈ ਕਿ ਇਸ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਤੋਂ ਪਰਵਾਸੀ ਹੋਈਆਂ ਪੰਜਾਬੀ ਕਵਿੱਤਰੀਆਂ,ਜਿੰਨ੍ਹਾਂ ਨੂੰ ਹੱਥਲੀ ਪੁਸਤਕ ਦੀ ਇਕ ਸੰਪਾਦਿਕਾ ਨੇ 'ਕੂੰਜਾਂ' ਕਿਹਾ ਹੈ,ਦੀਆਂ ਰਚਨਾਵਾਂ ਸ਼ਾਮਲ ਹਨ।ਇਨ੍ਹਾਂ ਕਵਿੱਤਰੀਆਂ(ਕੂੰਜਾਂ) ਨੇ ਆਪਣੇ ਰਚਣਈ ਵੇਗ ਦਾ ਆਧਾਰ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਅਤੇ ਕੈਨੇਡਾ (ਪੰਜਾਬੀ) ਦੀ ਵਿਰਾਸਤ ਤੇ ਸਭਿਆਚਾਰ ਦੇ ਵਰਤਾਰਿਆਂ ਵਿਚ ਵਿਚਰ ਰਹੀ ਪੰਜਾਬੀ ਔਰਤ ਦੇ ਵਸਤੂਗਤ ਪ੍ਰਸੰਗਾਂ ਨੂੰ ਬਣਾਇਆ ਹੈ।

ਕੈਨੇਡੀਅਨ ਪੰਜਾਬੀ ਕਵਿੱਤਰੀਆਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣਾਂ ਤੋਂ ਔਰਤ ਦੇ ਸਰੂਪ ਨੂੰ ਵਿਭਿੰਨ ਸਮਾਜਕ ਪਹਿਲੂਆਂ ਅਧੀਨ ਰੱਖ ਕੇ ਉਘਾੜਿਆ ਹੈ।ਐਪਰ ਸਮੁੱਚੀ ਪੁਸਤਕ ਵਿਚ ਸੰਵੇਦਨਾ ਭਰਪੂਰ ਐਸੀ ਔਰਤ ਪੇਸ਼ ਹੋਈ ਹੈ ਜਿਸਦਾ ਦਿਲ ਵੇਦਨਮਈ ਤੇ ਦਿਮਾਗ਼ ਚਿੰਤਨਸ਼ੀਲ ਹੈ।ਸ਼ਾਇਦ ਏਸੇ ਲਈ ਪੇਸ਼ ਹੋਈ ਔਰਤ ਆਪਣੀ ਜ਼ਿੰਦਗੀ ਵਿਚ ਕਦੇ ਮਰਦ ਦੀ ਪ੍ਰਧਾਨਤਾ ਅਥਵਾ ਸਾਥ ਦੀ ਚਾਹਤ ਵਾਲੀ ਵਿਚਾਰਧਾਰਾ ਦਾ ਪ੍ਰਤੀਪਾਦਨ ਕਰ ਜਾਂਦੀ ਹੈ ਅਤੇ ਕਦੇ ਮਰਦ ਪ੍ਰਧਾਨ ਸਮਾਜ ਨੂੰ ਵੰਗਾਰਦੀ ਹੋਈ ਉਸ ਨਾਲ ਟਕਰਾਵਾਂ ਸੰਵਾਦ ਰਚਾਉਣ ਵਾਲੀ ਵਿਚਾਰਧਾਰਾ ਦਾ।

ਪਹਿਲੀ ਕਿਸਮ ਦੀ ਵਿਚਾਰਧਾਰਾ ਵਾਲੀ ਔਰਤ ਡਾ.ਪ੍ਰਿਤਪਾਲ ਕੌਰ ਚਾਹਲ,ਪੁਨੀਤ ਹੰਸਰਾ,ਦਵਿੰਦਰ ਬਾਂਸਲ,ਸ਼ਕੁੰਤਲਾ ਤਲਵਾੜ,ਮਨਜੀਤ ਕੌਰ ਬਾਸੀ,ਕਵਿਤਾ ਗੁਪਤਾ,ਰਾਜਿੰਦਰ ਬਾਜਵਾ,ਤਨਦੀਪ ਤਮੰਨਾ ਤੇ ਬਰਜਿੰਦਰ ਢਿੱਲੋਂ ਵਰਗੀਆਂ ਕਵਿੱਤਰੀਆਂ ਦੀਆਂ ਕਾਵਿ-ਰਚਨਾਵਾਂ

ਰਾਹੀਂ ਭਾਵੁਕ ਪੱਧਰ ਉੱਤੇ ਸਾਕਾਰ ਹੋਈ ਹੈ।ਔਰਤ ਦਾ ਭਾਵੁਕ ਤੌਰ ਉੱਤੇ ਆਪਣੇ ਨਾਲ ਘੁੱਲ਼ ਘੁੱਲ ਕੇ ਮਰਦ ਪ੍ਰਧਾਨ ਸਮਾਜ ਦੀਆਂ ਡਾਢੀਆਂ ਕਰਤੂਤਾਂ ਦਾ ਵਿਰੋਧ ਕਰਨਾ ਕੀ ਉਸਦੀ ਜੈਵਿਕ ਹੋਂਦ ਦੇ ਸੰਕਟਾਂ ਦਾ ਹੱਲ ਮਾਤਰ ਤੇ ਨਹੀਂ ਹੈ ?ਮਿਸਾਲ ਦੇ ਤੌਰ ਉੱਤੇ ਹੇਠ ਲਿਖੀਆਂ ਕਾਵਿ-ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ:

ਦੂਰ ਕਿਧਰੇ ਨੀਲੇ ਅੰਬਰੀਂ
ਘਰ ਬਣਾਉਣਾ ਚਾਹੁੰਦੀ ਹਾਂ।
ਲ਼ੱਭ ਕੇ ਤੇਰਾ ਦਰ ਮੈਂ ਸੱਜਣਾ
ਸਿਰ ਝੁਕਾਉਣਾ ਚਾਹੁੰਦੀ ਹਾਂ।
(ਦੂਰ ਕਿਧਰੇ ਨੀਲੇ ਅੰਬਰੀਂ-ਡਾ.ਪ੍ਰਿਤਪਾਲ ਕੌਰ)
ਤੂੰ ਬੇਖੌਫ਼ ਉੱਡਣ ਦੀ ਇੱਛਾ ਦਰਸਾਈ,
ਮੈਂ ਹੱਸਦਿਆਂ ਹੱਸਦਿਆਂ
ਆਪਣੇ ਸੁਪਨਿਆਂ ਦਾ ਆਕਾਸ਼
ਤੇਰੇ ਸਪੁਰਦ ਕੀਤਾ।

(ਮੈਂ ਤੇ ਤੂੰ-ਸ਼ਕੁੰਤਲਾ ਤਲਵਾੜ)

ਉਪਰੋਕਤ ਕਾਵਿ-ਸਤਰਾਂ ਪੜ੍ਹਦਿਆਂ ਇੰਝ ਲਗਦੈ ਜਿਵੇਂ ਔਰਤ ਗਰੀਬ ਹੋਵੇ।ਸਮਾਜ ਵਿਚ ਮਰਦ ਅਤੇ ਔਰਤ ਦੀ ਸਥਿਤੀ ਸੁਆਮੀ ਅਤੇ ਦਾਸ ਵਾਲੀ ਹੋਵੇ।ਮਰਦ ਤੇ ਔਰਤ ਦੇ ਭਲੇ ਲਈ ਔਰਤ ਦੀ ਅਜਿਹੀ ਦਾਸਪਨ ਭਰਪੂਰ ਸਥਿਤੀ ਨੂੰ ਬਦਲਣਾ ਪਵੇਗਾ।ਇਸ ਲਈ ਔਰਤ ਨੂੰ ਆਪਣੇ ਦੁੱਖਾਂ ਦਾ ਰੋਣਾ ਧੋਣਾ ਛੱਡ ਕੇ ਪੂਰਨ ਰੂਪ ਵਿਚ ਤਰਕਸੰਗਤ ਸੋਚ ਨੂੰ ਅਪਣਾ ਕੇ ਸੰਘਰਸ਼ ਦੇ ਰਾਹ ਉੱਤੇ ਟੁਰਨਾ ਪਵੇਗਾ ਅਤੇ ਉਸਨੂੰ ਇਸ ਸਥਿਤੀ ਉੱਤੇ ਵੀ ਵਿਚਾਰ ਕਰਨੀ ਪਵੇਗੀ ਕਿ ਮਰਦ ਕੋਲੋਂ ਬਰਾਬਰੀ ਦਾ ਹੱਕ ਮੰਗਦੀ ਔਰਤ ਕੀ ਸੱਚਮੁੱਚ ਸੰਘਰਸ਼ ਦੇ ਰਾਹ ਉੱਤੇ ਹੈ ਜਾਂ ਉਹ ਮੁੜ ਮਰਦ ਦੇ ਗੁਲਾਮ ਹੋਣ ਦੀ ਪ੍ਰਕ੍ਰਿਆ 'ਚ ਪੈ ਰਹੀ ਹੈ ?

ਜੀਣ ਦਿਓ ਮੈਨੂੰ
ਅਟੁੱਟ ਵਿਸ਼ਵਾਸ ਨਾਲ
ਇਸ ਦੋ ਕਦਮ ਧਰਤੀ ਤੇ
ਦਿਓ ਬਰਾਬਰੀ ਦਾ ਹੱਕ
ਇਨਸਾਨੀਅਤ ਦਾ ਹੱਕ।
(ਮੈਂ ਚਾਹੁੰਦੀ ਹਾਂ-ਪਰਮਿੰਦਰ ਕੌਰ ਸਵੈਚ)
ਇਕ ਸਰਦਲ ਅੰਦਰ
ਮੈਂ ਜੰਮੀ-ਪਲੀ,ਪਸਰੀ
ਤੇ ਫਿਰ ਤੋਰ ਦਿੱਤੀ ਗਈ
ਦੂਸਰੀ 'ਸਰਦਲ' ਦੇ ਅੰਦਰਤ
ਇਹ ਸਰਦਲਾਂ ਮੇਰੀ/ਕੈਦ ਹੋ ਨਿਬੜੀਆਂ।
ਸਰਦਲ ਦੇ ਅੰਦਰ ਧੀ ਸੀ,ਪੁੱਤ ਸੀ
ਪੱਤ ਦਾ ਰਾਖਾ ਪਤੀ ਸੀ
ਘਰ ਸੀ,ਕਾਰ ਸੀ,ਵਿਹਾਰ ਸੀ/ਸੰਸਾਰ ਸੀ
ਮੈਂ ਕਿਤੇ ਨਹੀਂ ਸੀਤ।



(ਸਰਦਲ ਤੇ ਮੈਂ-ਇੰਦਰਜੀਤ ਕੌਰ ਸਿੱਧੂ)

ਉਪਰੋਕਤ ਕਵਿੱਤਰੀਆਂ ਵਾਂਗ ਹੀ 'ਅਗਨੀ ਪ੍ਰੀਖਿਆ' ਨਾਂ ਦੀ ਕਵਿਤਾ ਵਿਚ ਸੁਰਜੀਤ ਕਲਸੀ ਨੂੰ ਪਰੰਪਰਾ ਦੇ ਘਾੜੇ ਸਿਰਫ ਪੁਰਸ਼ ਹੀ ਜਾਪਦੇ ਹਨ।ਅਮਰਜੀਤ ਕੌਰ ਜੌਹਲ 'ਤਵਾਇਫ਼' ਨਾਂ ਦੀ ਕਵਿਤਾ ਵਿਚ ਸ਼ਿਕਾਇਤ ਕਰਦੀ ਹੈ ਕਿ ਮਰਦ ਤੇ ਮੁਹੱਬਤ ਕਦੀ ਇਕ ਥਾਂ ਨਹੀਂ ਖਲੋਂਦੇ।'ਪਤੀ ਪਰਮੇਸ਼ਰ' ਨਾਂ ਦੀ ਕਵਿਤਾ ਵਿਚ ਜਸਬੀਰ ਮਾਨ ਪਤੀ ਨੂੰ ਪਰਮੇਸ਼ਰ ਮੰਨਣ ਵਾਲੀ ਔਰਤ ਨੂੰ ਉਸਦੇ ਪਿੰਡੇ ਉੱਤੇ ਪਈਆਂ ਲਾਸਾਂ ਦਿਖਾ ਕੇ ਸੁਚੇਤ ਕਰਦੀ ਹੈ ਕਿ ਕੀ ਅਜਿਹਾ ਪਤੀ ਪਰਮੇਸ਼ਰ ਕਹਾਉਣ ਦਾ ਹੱਕਦਾਰ ਹੈ ?ਹਰਬੰਸ ਕੌਰ ਬੈਂਸ ਦੀ 'ਪੇਕਿਆਂ 'ਤੇ ਹਿਰਖ' ਨਾਂ ਦੀ ਕਾਵਿ-ਪਾਤਰ ਨੂੰ ਆਪਣੇ ਪੇਕਿਆਂ ਉੱਤੇ ਹਿਰਖ ਆਉਂਦਾ ਹੈ ਜਿਹੜੇ ਉਸਦੀ ਦੁਖਿਆਰੀ ਦੀ ਬਾਤ ਵੀ ਨਹੀਂ ਪੁੱਛਦੇ।'ਗਰਭਪਾਤ'ਨਾਂ ਦੀ ਕਵਿਤਾ ਵਿਚ ਸੁਸ਼ੀਲ ਕੌਰ ਮੁੰਡੇ ਲੱਭਣ ਵਾਲਿਆਂ ਦੇ ਅਕਸ ਨੂੰ ਪਛਾਣ ਕੇ ਉਹਨਾਂ ਦੀ ਭ੍ਰਿਸ਼ਟ ਬੁੱਧੀ ਨੂੰ ਸਾਕਾਰਦੀ ਹੈ।ਜਸਵੰਤ ਕੌਰ ਵਿਰਕ ਸ਼ਰਾਬ ਪੀਣੇ ਮਰਦ ਨੂੰ ਵਿਆਹੀ ਇਕ ਔਰਤ ਦੀ ਦੁਖਾਂਤਕ ਸਥਿਤੀ ਨੂੰ ਪਾਠਕਾਂ ਦੇ ਰੂਬਰੂ ਕਰਦੀ ਹੈ।'ਵਿਛੋੜੇ'ਨਾਂ ਦੀ ਕਵਿਤਾ ਵਿਚ ਉਜ਼ਮਾ ਮਹਿਮੂਦ ਸੱਚੇ ਪਿਆਰ ਦੇ ਪਿੰਡੇ ਅੰਦਰ ਸੁੱਚਾ ਰਿਸ਼ਤਾ ਜਗਾਉਣ ਵਾਲੇ ਮਰਦ ਨੂੰ ਭਾਲਦੀ ਹੈ।ਐਪਰ ਲਵੀਨ ਕੌਰ ਗਿੱਲ 'ਚਿੜੀਆਂ ਦਾ ਚੰਬਾ' ਨਾਂ ਦੀ ਕਵਿਤਾ ਵਿਚ ਔਰਤ ਨੂੰ ਖਬਰਦਾਰ ਕਰਦੀ ਹੈ ਕਿ ਕਿਤੇ ਉਹ ਇਮੀਗ੍ਰੇਸ਼ਨ ਖਾਤਿਰ ਆਪਣੇ ਹੀ ਵੀਰਾਂ ਦੀਆਂ ਵਹੁਟੀਆਂ ਨਾ ਬਣ ਬੈਠਣ।ਇਹਨਾਂ ਕਵਿੱਤਰੀਆਂ ਦੀ ਨਿਗਾਹ ਵਿਚ ਘਰ-ਪਰਿਵਾਰ ਨਾਮੀ ਸਮਾਜਕ ਸੰਸਥਾ ਦਾ ਵਿਸ਼ੇਸ਼ ਮਹੱਤਵ ਹੈ।ਇਸ ਲਈ ਉਹ ਘਰ ਨੂੰ ਤੰਦਰੁਸਤ ਬਣਾਉਣ ਲਈ ਪੰਜਾਬੀ ਸਭਿਆਕਾਰਕ ਮੁੱਲਾਂ ਵਾਲੀ ਨਿਰਧਾਰਣੀ ਦ੍ਰਿਸ਼ਟੀ ਦਾ ਸਹਾਰਾ ਲੈਂਦੀਆਂ ਹਨ।ਮਿਸਾਲ ਦੇ ਤੌਰ ਉੱਤੇ ਹੇਠ ਲਿਖੀਆਂ ਕਾਵਿ-ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ:

ਹਰ ਰੋਜ਼
ਘਰ ਦੀਆਂ ਕੰਧਾਂ ਤੇ/ਆਪਣਾ ਨਾਂ ਲਿਖਦੀ,
ਫਰਸ਼ 'ਚ/ਆਪਣਾ ਮੂੰਹ ਤੱਕਦੀ,
ਛੱਤਾਂ ਤੇ ਤਾਰੇ ਜੜਦੀ ਨੂੰ
ਕਦੇ ਕਦੇ ਖੂੰਜੇ 'ਚ ਲੱਗਿਆ
ਮੱਕੜੀ ਦਾ ਜਾਲਾ ਦਿਸਦਾ!
ਜਾਲੇ ਨੂੰ ਸਾਫ ਕਰਨ ਲਗਦੀ ਤਾਂ
ਇਸ ਵਿਚ ਪਿਆ ਇਕ ਸਾਕ ਸਿਸਕਦਾ!

(ਕਲਾ-ਸੁਰਜੀਤ)

ਕੈਨੇਡੀਅਨ ਪੰਜਾਬੀ ਔਰਤ ਘਰ ਪਰਿਵਾਰ ਵਰਗੀ ਸਮਾਜਕ ਸੰਸਥਾ ਦੀ ਅਹਿਮੀਅਤ ਨੂੰ ਸਮਝਦੀ ਹੈ।ਸ਼ਾਇਦ ਇਸੇ ਲਈ 'ਸੱਤ ਜਨਮਾਂ ਦਾ ਸਾਥ' ਨਾਂ ਦੀ ਕਵਿਤਾ ਵਿਚ ਜਸਬੀਰ ਕੌਰ ਮੰਗੂਵਾਲ ਦੁਆਰਾ ਸਿਰਜੀ ਔਰਤ ਅਜਿਹੀ ਵਿਆਹ ਸੰਸਥਾ ਨੂੰ ਨਕਾਰਦੀ ਹੈ ਜੋ ਉਸਦੇ ਰਾਹਾਂ 'ਚ ਪਰੰਪਰਾ ਦੇ ਕਥਿਤ ਬੰਧਨਾਂ ਦੀਆਂ ਨੁਕੀਲੀਆਂ ਸੂਲਾਂ ਵਿਛਾਉਂਦੀ ਹੈ।ਕਿਉਂਕਿ ਉਹ ਘਰ ਵਿਚ ਸਿਹਤਮੰਦ ਕਦਰਾਂ-ਕੀਮਤਾਂ ਨੂੰ ਸਿਰਜਣ ਦੀ ਅਭਿਲਾਸ਼ੀ ਹੈ।ਪਰ ਉਸ ਨੂੰ ਆਪਣੀ ਹੋਂਦ ਰਿਸ਼ਤਿਆਂ ਵਿਚ ਤਕਸੀਮ ਹੋਈ ਮਾਲੂਮ ਪੈਂਦੀ ਹੈ।ਘਰ ਵਿਚ ਉਸਨੂੰ ਘਰੇਲੂ ਹਿੰਸਾ ਅਤੇ ਬਾਹਰ ਅਨੇਕਾਂ ਵਿਤਰੇਕਮਈ ਦੁਖਾਂਤਕ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਰਵਿੰਦਰ ਕੌਰ ਸੈਣੀ ਨੇ 'ਔਰਤ' ਨਾਂ ਦੀ ਕਵਿਤਾ ਵਿਚ ਅਜਿਹੀ ਔਰਤ ਦੇ ਹੀ ਦੀਦਾਰ ਕਰਵਾਏ ਹਨ।

ਦੂਸਰੀ ਕਿਸਮ ਦੀ ਵਿਚਾਰਧਾਰਾ ਵਾਲੀ ਔਰਤ ਭਾਵੇਂ ਕਿ ਔਰਤ ਤੇ ਮਰਦ ਦੀ ਸਹਿਹੋਂਦ

ਨੂੰ ਸਵੀਕਾਰ ਕਰਦੀ ਹੈ ਪਰ ਨਾਲ ਹੀ ਉਹ ਮਰਦ ਪ੍ਰਧਾਨ ਸਮਾਜਕ ਸੱਤਾ ਤੋਂ ਨਾਬਰ ਵੀ ਹੈ।ਉਹ ਸਮਾਜ ਵਿਚ ਪੂਰੀ ਦਬੰਗਤਾ ਨਾਲ ਪੇਸ਼ ਹੋਣਾ ਲੋਚਦੀ ਹੈ।ਉਹ ਆਪਣੇ ਆਪ ਨੂੰ ਮਰਦ ਦੇ ਬਰਾਬਰ ਦੀ ਨਹੀਂ ਬਲਕਿ ਮਰਦ ਤੋਂ ਜ਼ਿਆਦਾ ਸ਼ਕਤੀਸ਼ਾਲੀ ਵਿਅਕਤੀ-ਰੂਪ ਸਿੱਧ ਕਰਕੇ ਵੰਗਾਰਦੀ ਵੀ ਹੈ।ਕਿਉਂਕਿ ਪਰਿਸਥਿਤੀਆਂ ਹਮੇਸ਼ਾ ਔਰਤ ਦੇ ਵਿਰੁੱਧ ਰਹੀਆਂ ਹਨ।ਇਸ ਲਈ ਅੱਜ ਦੀ ਔਰਤ ਆਪਣੀ ਨਵੀਂ ਸਥਿਤੀ ਨੂੰ ਸਿਰਜ ਕੇ ਮਰਦ ਪ੍ਰਧਾਨ ਸਮਾਜ ਨੂੰ ਸਮਾਜਕ ਬਰਾਬਰੀ ਲਈ ਲਲਕਾਰਦੀ ਹੋਈ ਆਪਣੀ ਸਮਰੱਥ ਹੋਂਦ ਦੇ ਇੰਞ ਦਰਸ਼ਨ ਕਰਵਾ ਰਹੀ ਹੈ:

ਹਾਂ ਮੈਂ ਵੇਲ ਹਾਂ/ਤੇਰੇ ਗਲ਼ ਲੱਗੀ
ਪਰ ਨਿਤਾਣੀ ਨਹੀਂ ਹਾਂ
ਇਹ ਤਾਂ ਮੇਰੀ ਫ਼ਿਤਰਤ ਹੈ
ਤੈਨੂੰ ਵਡਿਆਉਣ ਦੀ/ਤੈਨੂੰ ਉਚਿਆਉਣ ਦੀ
ਮੈਨੂੰ ਅਬਲਾ ਸਮਝਣ ਦੀ /ਭੁੱਲ ਨਾ ਕਰੀਂ।
(ਮੈਂ ਵੇਲ ਹਾਂ-ਜਤਿੰਦਰ ਕੌਰ ਰੰਧਾਵਾ)
ਮੈਂ ਕਰ ਸਕਦੀ ਆਂ
ਮੈਂ ਉਹ ਸਭ ਕਰ ਸਕਦੀ ਆਂ /ਜੋ ਤੂੰ ਕਰ ਸਕਨੈ
ਤੇ ਜੋ ਕੁਝ ਰਹਿ ਜਾਂਦੈ/ਉਹ ਮਸ਼ੀਨਾਂ ਕਰ ਦੇਂਦੀਆਂ ਨੇ
ਪਰ ਜੋ ਮੈਂ ਕਰ ਸਕਨੀ ਆਂ/ਤੂੰ ਕਦੇ ਨਹੀਂ ਕਰ ਸਕਦਾ
ਉਹ ਤੂੰ ਹਜ਼ਾਰ ਜਨਮ ਲੈ ਲਵੇਂ/ ਤੇ ਵੀ ਨਹੀਂ ਕਰ ਸਕਦਾ
ਮੈਂ ਇਕ ਬੀਜ ਲੈ ਕੇ ਬੱਚਾ ਬਨਾਉਣੀ ਆਂ
ਮੈਂ ਬੱਚੇ ਜੰਮਨੀ ਆਂ/ਪਾਲਨੀ ਆਂ/ਤੇ ਉਹਨਾਂ ਲਈ ਦਾਣਾ ਵੀ ਕੱਠਾ ਕਰ ਲੈਨੀ ਆਂ
ਤੇ ਭੈੜਿਆ!
ਤੂੰ ਕਾਸੇ ਜੋਗਾ ਏਂ ਫੇਰ!

(ਮੈਂ ਕਰ ਸਕਨੀ ਆਂ-ਪਰਵੀਨ ਕੌਰ)

ਇਸੇ ਤਰ੍ਹਾਂ 'ਰਿਸ਼ਮ' ਨਾਂ ਦੀ ਕਵਿਤਾ ਅੰਦਰ ਦਿਉਲ ਪਰਮਜੀਤ ਦਾ ਸਿਰਜਿਆ ਔਰਤ-ਪਾਤਰ ਬਹੁਤ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ।ਸੁਰਿੰਦਰ ਕੌਰ ਬਿੰਨਰ ਤਾਂ 'ਹਾਸਿਲ' ਨਾਂ ਦੀ ਕਵਿਤਾ ਵਿਚ ਔਰਤ ਨੂੰ ਰੱਬ ਦੇ ਤੁੱਲ ਸਮਝਦੀ ਹੋਈ ਉਸਨੂੰ ਕੁੱਲ ਸ੍ਰਿਸ਼ਟੀ ਦੀ ਸਿਰਜਣਹਾਰ ਮੰਨਦੀ ਹੈ।ਐਪਰ ਕੁੱਲ ਸ੍ਰਿਸ਼ਟੀ ਵਿਚ ਤਾਂ ਔਰਤ ਤੇ ਮਰਦ ਦੇ ਸੰਬੰਧ ਕੁਦਰਤੀ ਹਨ।ਇਹਨਾਂ ਕੁਦਰਤੀ ਸੰਬੰਧਾਂ ਨੂੰ ਮਨੁੱਖੀ ਬਣਾਉਣ ਵਿਚ ਹੀ ਔਰਤ ਮਰਦ ਦੀ ਸਿਰਜਣਾਤਮਕ ਆਜ਼ਾਦੀ ਦਾ ਰਹੱਸ ਛੁਪਿਆ ਹੋਇਆ ਹੈ।ਇਸ ਲਈ ਜ਼ਰੂਰੀ ਹੈ ਕਿ ਔਰਤ ਤੇ ਮਰਦ ਆਪਣੀ ਆਪਣੀ ਕੁਦਰਤੀ ਸ਼ਕਤੀ ਨੂੰ ਕਾਇਮ ਰੱਖਦੇ ਹੋਏ ਮਿੱਤਰਤਾ ਭਰਪੂਰ ਇਨਸਾਨੀ ਸੰਬੰਧ ਸਿਰਜਣ।

ਕੈਨੇਡੀਅਨ ਪੰਜਾਬੀ ਕਵਿੱਤਰੀਆਂ ਨੇ ਔਰਤ ਨੂੰ ਇਨਸਾਨ ਦੇ ਰੂਪ ਵਿਚ ਸਵੀਕਾਰਨ ਦੀ ਅਕਾਂਖਿਆ ਕੀਤੀ ਹੈ।ਕਿਉਂਕਿ ਉਹ ਸਮਾਜ ਵਿਚ ਵਿਚਰ ਰਹੀ ਔਰਤ ਦੀ ਹੋਂਦ ਪ੍ਰਤਿ ਚਿੰਤਾਤੁਰ ਹਨ।ਉਹ ਔਰਤਾਂ ਨੂੰ ਮਰਦਾਂ ਦੀ ਕੋਟੀ ਵਿਚ ਗਿਣੇ ਜਾਣਾ ਚਾਹੁੰਦੀਆਂ ਹਨ।ਇਨ੍ਹਾਂ ਕਵਿੱਤਰੀਆਂ ਨੇ ਔਰਤ ਨੂੰ ਔਰਤ ਦੀ ਵਾਸਤਵਿਕ ਸਥਿਤੀ ਬਾਰੇ ਸੁਚੇਤ ਕਰਦਿਆਂ ਉਸਨੂੰ ਉਸਦੀ ਕਰਤਾਰੀ ਸ਼ਕਤੀ ਦਾ ਅਹਿਸਾਸ ਵੀ ਕਰਵਾਇਆ ਹੈ ਅਤੇ ਸਮਾਜਕ ਵਿਵਸਥਾ ਵਲੋਂ ਦਿੱਤੀਆਂ ਜਾਂਦੀਆਂ ਚੁਣੌਤੀਆਂ ਦਾ ਡੱਟ ਕੇ ਮੁਕਾਬਲਾ ਕਰਨ ਲਈ ਉਸਨੂੰ ਆਪਣੇ ਅੰਦਰ ਸਵੈਵਿਸ਼ਵਾਸ ਪੈਦਾ ਕਰਕੇ ਵਰਤਮਾਨ ਸਮੇਂ ਦੀ ਹਾਨਣ ਬਣਨ ਦੀ ਪ੍ਰੇਰਨਾ ਵੀ ਦਿੱਤੀ ਹੈ:



ਉਠ ਪਿੰਜਰੇ ਦੀ ਮੈਨਾ ਉਠ/ਛਡ ਦੇ ਇਹ ਪੁਰਾਣੀ ਗੁਠ
ਆ ਪਿੰਜਰੇ ਦੀ ਮੈਨਾ ਆ/ਪਿੰਜਰੇ ਵਿਚੋਂ ਬਾਹਰ ਆ
ਪਿੰਜਰੇ ਵਿਚ ਤੇਰਾ ਮੁਲ ਨੀ ਪੈਣਾ/ਛਡਦੇ ਹੁਣ ਪਿੰਜਰੇ ਦਾ ਗਹਿਣਾ
ਛੱਡਕੇ ਪਿੰਜਰਾ ਮਾਣ ਸਕੂਨ/ਆਜ਼ਾਦੀ ਨਾਲ ਕੱਟ ਲੈ ਜੂਨ
(ਪਿੰਜਰੇ ਦੀ ਮੈਨਾ-ਦਵਿੰਦਰ ਕੌਰ ਜੌਹਲ)
ਐ ਔਰਤ ਆਪਣੀ ਜ਼ਿੰਦਗੀ ਨਾਲ ਖੇਡ
ਕਿਉਂ ਕਿਸੇ ਤੋਂ ਜ਼ਿੰਦਗੀ ਨੂੰ ਖਿਡਾਈ ਜਾਨੀ ਏਂ।
ਉੱਠ ਖੜੀ ਹੋ ਆਪਣੇ ਪੈਰਾਂ ਦੇ ਉੱਤੇ
ਕਿਉਂ ਕਿਸੇ ਦੇ ਪੈਰਾਂ 'ਤੇ ਤੁਰੀ ਜਾਨੀ ਏਂ।

(ਐ ਔਰਤ-ਕਮਲਪ੍ਰੀਤ ਕੌਰ ਗਿੱਲ)

ਉਪਰੋਕਤ ਕਵਿੱਤਰੀਆਂ ਵਾਂਗ ਹੀ ਕਿਰਨਪ੍ਰੀਤ ਕੌਰ 'ਸ਼ਰੀਂਹ ਦੇ ਪੱਤੇ' ਨਾਮਕ ਕਵਿਤਾ ਵਿਚ ਕਾਮਨਾ ਕਰਦੀ ਹੈ ਕਿ ਔਰਤ ਹਰ ਪ੍ਰਕਾਰ ਦੇ ਹਨੇਰੇ ਨੂੰ ਚੀਰ ਕੇ ਦੁਨੀਆਂ ਦੀ ਹਰ ਉਸ ਗੁਲਾਮੀ ਰੂਪੀ ਜ਼ੰਜੀਰ ਨੂੰ ਤੋੜਨ ਦੇ ਸਮਰੱਥ ਹੋ ਸਕੇ ਜੋ ਉਸਦੇ ਪੈਰਾਂ ਨੂੰ ਜਕੜ ਕੇ ਰੱਖਦੀਆਂ ਹਨ।'ਮੈਂ ਤੇ ਉਹ' ਕਵਿਤਾ ਵਿਚ ਸਿਰਜਿਤ ਬਲਬੀਰ ਕੌਰ ਸੰਘੇੜਾ ਦੀ ਔਰਤ-ਪਾਤਰ ਅਜਿਹੀਆਂ ਜ਼ੰਜੀਰਾਂ ਨੂੰ ਤੋੜਨ ਦੇ ਦਾਅਪੇਚ ਜਾਣਦੀ ਹੈ।ਕੁੱਲ ਮਿਲਾ ਕੇ ਇਨ੍ਹਾਂ ਕਵਿੱਤਰੀਆਂ ਦੁਆਰਾ ਸਿਰਜਤ ਕਾਵਿਕ-ਵਸਤੂ ਪੰਜਾਬੀ ਸਮਾਜ ਦੀ ਜਾਗੀਰਦਾਰਾਨਾ ਸੋਚ ਨਾਲ ਨਿਪਟਣ ਵਾਲੀ ਔਰਤ ਦੇ ਇਕ ਕਾਵਿਕ ਉਪਰਾਲੇ ਦੇ ਤੌਰ ਉੱਤੇ ਸਾਬਤ ਹੁੰਦੀ ਹੈ।ਮਿਸਾਲ ਦੇ ਤੌਰ ਤੇ ਹੇਠ ਲਿਖੀਆਂ ਕਾਵਿ-ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ:

ਉਠ ਕੁੜੀਏ ਕਰ ਕੋਸ਼ਿਸ਼ ਤੂੰ ਹੱਕ ਆਪਣੇ ਨੂੰ ਪਾਉਣ ਦੀ
ਜੋ ਪੈਰਾਂ ਦੀ ਜੁੱਤੀ ਕਹਿੰਦੇ ਉਹਨਾਂ ਨੂੰ ਸਬਕ ਸਿਖਾਉਣ ਦੀ।
ਲੋਕੀਂ ਕਹਿੰਦੇ ਨੇ ਕਮਜ਼ੋਰ ਤੈਨੂੰ ਤੂੰ ਚੁੰਮ ਅਸਮਾਨ ਵਿਖਾ ਦੇਵੀਂ
ਰੋਕਣ ਬਣ ਕੇ ਪੱਥਰ ਜੋ ਤੂੰ ਉਹਨਾਂ ਨੂੰ ਪਿਘਲਾ ਦੇਵੀਂ।
ਕਤਲ ਕਰਨ ਲਈ ਮਾਦਾ ਭਰੂਣ ਦਾ ਜੋ ਕਰਦੇ ਨੇ ਮਜਬੂਰ ਤੈਨੂੰ
ਬਣ ਤਲਵਾਰ ਤੂੰ ਵਰ੍ਹ ਉਹਨਾਂ ਤੇ ਜੋ ਕਰਦੇ ਧੀ ਤੋਂ ਦੂਰ ਤੈਨੂੰ।
ਇਸ ਮਰਦ ਪ੍ਰਧਾਨ ਸਮਾਜ ਅੰਦਰ ਕਰ ਖਤਮ ਤੂੰ ਹੁੰਦੇ ਪਾਪਾਂ ਨੂੰ
ਕਰ ਹਸਤੀ ਆਪਣੀ ਕਾਇਮ ਤੂੰ ਮਾਰ ਠੋਕਰ ਜ਼ੁਲਮੀ ਬਾਜਾਂ ਨੂੰ।

(ਕੋਸ਼ਿਸ਼-ਮਨਪ੍ਰੀਤ ਕੌਰ ਮਾਨ)

ਇੰਞ ਪੰਜਾਬੀ ਔਰਤ ਕੇਵਲ ਜਾਗੀਰਦਾਰੀ ਵਿਵਸਥਾ ਖਿਲਾਫ਼ ਹੀ ਮੋਰਚਾ ਨਹੀਂ ਖੋਹਲਦੀ ਸਗੋਂ ਪੂੰਜੀਵਾਦੀ ਵਿਵਸਥਾ ਦੀਆਂ ਲੁੱਟ-ਖਸੁੱਟ ਦੀਆਂ ਨੀਤੀਆਂ ਵਿਰੁੱਧ ਵੀ ਆਪਣੀ ਆਵਾਜ਼ ਬੁਲੰਦ ਕਰਦੀ ਹੈ।ਕਿਉਂਕਿ ਉਹ ਨਿੱਜੀਕਰਨ,ਉਦਾਰੀਕਰਨ, ਉਦਯੋਗੀਕਰਨ ਤੇ ਪਰਵਾਸੀਕਰਨ ਵਰਗੇ ਗਲੋਬਲੀ ਵਰਤਾਰਿਆਂ ਦੀਆਂ ਮਖੌਟਾਧਾਰੀ ਚਾਲਾਂ ਨੂੰ ਵੀ ਜਾਣਦੀ ਹੈ।ਐਪਰ ਮਾਦਾ ਭਰੂਣ ਅਤੇ ਪਰਵਾਸ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਨ ਲੱਗਿਆਂ ਔਰਤ ਵਰਗ ਨੂੰ ਆਪਣੇ ਗਿਰੀਵਾਨ ਵਿਚ ਝਾਕਣਾ ਜ਼ਰੂਰ ਪਵੇਗਾ ਕਿ ਕਿਤੇ ਇਹਨਾਂ ਨੂੰ ਪੈਦਾ ਕਰਨ ਵਿਚ ਉਸਦਾ ਆਪਣਾ ਹੱਥ ਤੇ ਨਹੀਂ ਹੈ।ਬੀਮਾਰ ਮਾਨਸਿਕਤਾ'ਚੋਂ ਪੈਦਾ ਹੋਈਆਂ ਅਜਿਹੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਔਰਤ ਤੇ ਮਰਦ ਨੂੰ ਹੀ ਕਦਮ ਨਾਲ ਕਦਮ ਮਿਲਾ ਕੇ ਨਹੀਂ ਤੁਰਨਾ ਪਵੇਗਾ ਬਲਕਿ ਪ੍ਰਭਾਵਤ ਸਮੁੱਚੇ ਮਜ਼ਲੂਮ ਵਰਗ ਨਾਲ ਵੀ ਮਿਲ ਕੇ ਤੁਰਨਾ ਪਵੇਗਾ।ਸ਼ਾਇਦ ਇਸੇ ਲਈ ਇਸ ਸੰਗ੍ਰਹਿ ਵਿਚਲੀ ਔਰਤ ਸਮਾਜ

ਦੇ ਮਜ਼ਲੂਮ ਵਰਗ ਦੀ ਇਕ ਅਜਿਹੀ ਸਹਾਇਕ ਧਿਰ ਵਜੋਂ ਪੇਸ਼ ਹੋਈ ਹੈ ਜੋ ਕ੍ਰਾਂਤੀਕਾਰੀ ਰੁਚੀਆਂ ਦੀ ਮਾਲਕ ਹੈ ਤੇ ਜੋ ਆਪਣੇ ਹੱਕਾਂ ਲਈ ਲੜਨਾ ਵੀ ਜਾਣਦੀ ਹੈ।ਮਿਸਾਲ ਦੇ ਤੌਰ ਉੱਤੇ ਹੇਠ ਲਿਖੀਆਂ ਕਾਵਿ-ਸਤਰਾਂ ਵਿਚਾਰੀਆਂ ਜਾ ਸਕਦੀਆਂ ਹਨ:

ਕਿਤੇ ਅੰਨ ਰੁਲਦਾ ਕਿਤੇ ਭੁੱਖਾਂ ਨੇ, ਜੀਵਨ ਦੇ ਰੰਗ ਨਿਆਰੇ ਨੇ
ਰਲ ਮਿਲ ਕੇ ਕਾਣੀ ਵੰਡ ਰੋਕੋ, ਸਾਂਝਾਂ ਦੇ ਬੜੇ ਸਹਾਰੇ ਨੇ
ਏਕੇ ਵਿਚ ਤਾਕਤ ਹੁੰਦੀ ਹੈ,ਹੱਕਾਂ ਲਈ ਲੜਨਾ ਪੈਂਦਾ ਹੈ
ਤਕਦੀਰ ਤਾਂ ਆਪੇ ਬਣ ਜਾਵੇ ਜੇ ਆਪਾ ਤਕੜਾ ਕਰ ਲਈਏ
ਤਾਕਤ ਜੋ ਸਾਂਝੀ ਤਨ ਮਨ ਦੀ ਸੋਨੇ ਤੋਂ ਕੁੰਦਨ ਬਣਦੀ ਹੈ
ਕਈ ਵਾਰ ਪਰਵਾਨਿਆਂ ਨੂੰ ਚਾਨਣ ਤੇ ਸੜਨਾ ਪੈਂਦਾ ਹੈ

(ਜੀਵਨ ਦਾ ਟੀਚਾ-ਰਾਜਵੰਤ ਕੌਰ ਮਾਨ)

ਕਹਿਣ ਦਾ ਭਾਵ ਇਹ ਹੈ ਕਿ ਕੈਨੇਡੀਅਨ ਪੰਜਾਬੀ ਕਵਿੱਤਰੀਆਂ ਨੇ ਕੇਵਲ ਪੰਜਾਬੀ ਔਰਤ ਦੇ ਅਸਤਿਤਵੀ ਸੰਕਟਾਂ ਪ੍ਰਤਿ ਜਦੋਜਹਿਦ ਦਾ ਬਿਰਤਾਂਤ ਹੀ ਨਹੀਂ ਸਿਰਜਿਆ ਸਗੋਂ ਕਵਿੱਤਰੀ ਦੇ ਰੂਪ ਵਿਚ ਇਕ ਔਰਤ ਦੀ ਰਾਜਸੀ ਸੂਝ ਦਾ ਬਿਰਤਾਂਤ ਵੀ ਪੇਸ਼ ਕੀਤਾ ਹੈ।ਮਿਸਾਲ ਦੇ ਤੌਰ ਉੱਤੇ ਸੰਦੀਪ ਧਨੋਆ ਨੇ 'ਮਾਈ' ਨਾਂ ਦੀ ਕਵਿਤਾ ਵਿਚ ਦੰਗੇ ਫਸਾਦ ਕਰਵਾਉਣ ਵਾਲੀ ਰਾਜਨੀਤਕ ਸੋਚ ਨੂੰ ਚੰਦਰੀ ਚੁੜੇਲ ਦੀ ਸੰਗਿਆ ਦਿੱਤੀ ਹੈ,ਸੁਰਜੀਤ ਕਲਸੀ ਨੇ 'ਬਹੁਤ ਖ਼ੂਨ ਧਰਤੀ ਦੇ ਸੀਨੇ ਤੇ ਡੁੱਲ ਚੁੱਕਾ ਹੈ!' ਨਾਂ ਦੀ ਕਵਿਤਾ ਵਿਚ ਆਲਮੀ ਪੱਧਰ ਦੀ ਰਾਜਨੀਤੀ ਦੇ ਬੇਰਹਿਮ ਚਿਹਰੇ ਨੂੰ ਪਛਾਣ ਕੇ 'ਜੰਗ ਬੰਦ ਕਰੋ'ਦਾ ਹੋਕਾ ਦਿੱਤਾ ਹੈ,ਅਮਰਜੀਤ ਕੌਰ ਸ਼ਾਂਤ ਨੇ 'ਰਾਵੀ ਤਾਈਂ ਪਈਆਂ ਗਸ਼ੀਆਂ'ਨਾਂ ਦੀ ਕਵਿਤਾ ਵਿਚ ਹਿੰਦ-ਪਾਕਿ ਦੀ ਦੋਸਤੀ ਦਾ ਵਾਸਤਾ ਪਾਇਆ ਹੈ ਅਤੇ ਬਲਬੀਰ ਕੌਰ ਢਿੱਲੋਂ ਨੇ 'ਸਾਡੀ ਕਾਹਦੀ ਏ ਦੀਵਾਲੀ'ਨਾਂ ਦੀ ਕਵਿਤਾ ਵਿਚ ਸੰਨ ਸੰਤਾਲੀ ਤੇ ਸੰਨ ਚੌਰਾਸੀ ਦੇ ਦੁਖਾਂਤਕ ਦੌਰ ਨੂੰ ਸੰਕੇਤਕ ਰੂਪ ਵਿਚ ਉਭਾਰਿਆ ਹੈ।

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਕੂੰਜਾਂ' ਨਾਮਕ ਕਾਵਿ-ਸੰਗ੍ਰਹਿ ਵਿਚ ਸ਼ਾਮਲ ਕੈਨੇਡੀਅਨ ਪੰਜਾਬੀ ਕਵਿੱਤਰੀਆਂ ਨੇ ਆਪਣੀ ਆਪਣੀ ਵਿਚਾਰਧਾਰਕ ਸੋਚ ਅਨੁਸਾਰ ਘਰ-ਪਰਿਵਾਰ ਅਤੇ ਆਪਣੇ ਆਲੇ-ਦੁਆਲੇ ਦੇ ਸਮਾਜਕ ਤੇ ਰਾਜਸੀ ਵਰਤਾਰਿਆਂ ਨੂੰ ਅਨੁਭਵ ਕਰਕੇ ਵਿਭਿੰਨ ਕਾਵਿ-ਵਿਧੀਆਂ ਤੇ ਕਾਵਿ-ਰੂਪਾਂ ਰਾਹੀਂ ਅਭਿਵਿਅਕਤ ਕੀਤਾ ਹੈ।ਇਸ ਸੰਗ੍ਰਹਿ ਦਾ ਮੂਲ ਉਦੇਸ਼ ਸਮਾਜ ਅੰਦਰ ਪ੍ਰਚੱਲਤ ਮਰਦ-ਪ੍ਰਧਾਨ ਸਮਾਜਕ ਵਿਵਸਥਾ ਦੀਆਂ ਹਿੰਸਕ ਤੇ ਦਮਨਕਾਰੀ ਨੀਤੀਆਂ ਦਾ ਵਿਰੋਧ ਕਰਨਾ ਅਤੇ ਔਰਤ-ਮਰਦ ਸਮਾਨਤਾ ਵਾਲੀਆਂ ਨਰੋਈਆਂ ਸਮਾਜਕ ਕਦਰਾਂ-ਕੀਮਤਾਂ ਨੂੰ ਸਵੀਕ੍ਰਿਤ ਕਰਵਾਉਣਾ ਹੈ।ਇਸ ਲਈ ਇਹ ਅਜਿਹਾ ਨਜ਼ਰਿਆਤੀ ਕਾਵਿ-ਸੰਗ੍ਰਹਿ ਹੈ ਜੋ ਸੰਘਰਸ਼ ਦੇ ਰਾਹ ਉੱਤੇ ਤੁਰੀ ਜਾਂਦੀ ਔਰਤ ਦੇ ਭਾਵੁਕ,ਬੌਧਿਕ ਤੇ ਕ੍ਰਾਂਤੀਕਾਰੀ ਵਿਵੇਕ ਨੂੰ ਉਸਾਰਦਾ ਹੈ।

ਮੋਬਾਈਲ:9872282476



## ਹਰਜੀਤ ਅਟਵਾਲ ਦਾ ਨਾਵਲ ਮੋਰ ਉਡਾਰੀ/ਡਾ: ਜਗਦੀਪ ਸਿੰਘ

'ਮੋਰ ਉਡਾਰੀ' ਹਰਜੀਤ ਅਟਵਾਲ ਦਾ ਦਸਵਾਂ ਨਾਵਲ ਹੈ।ਅਟਵਾਲ ਦਾ ਕਮਾਲ ਇਹ ਹੈ ਕਿ ਉਸਦੇ ਨਾਵਲਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ।'ਮੋਰੀ ਉਡਾਰੀ' ਤੋਂ ਬਾਅਦ ਵੀ ਉਸਦੇ ਦੋ ਨਾਵਲ ਤਿਆਰ ਹਨ।ਇਹੀ ਨਹੀਂ ਇਸ ਤੋਂ ਇਲਾਵਾ ਉਸਦੇ ਸੱਤ ਕਹਾਣੀ ਸੰਗ੍ਰਹਿ ਵੀ ਵੱਖ-ਵੱਖ ਸਮਿਆਂ 'ਤੇ ਪ੍ਰਕਾਸ਼ਿਤ ਹੋ ਚੁਕੇ ਹਨ।ਗਲਪ ਤੋਂ ਇਲਾਵਾ ਸਫਰਨਾਮਾ, ਜੀਵਨੀ, ਸਵੈ-ਕਥਨ, ਕਵਿਤਾ ਵਿਚ ਵੀ ਉਸਨੇ ਆਪਣਾ ਨਾਂਅ ਦਰਜ ਕਰਵਾਇਆ ਹੈ।ਇਸ ਤਰ੍ਹਾਂ ਹਰਜੀਤ ਪੰਜਾਬੀ ਸਾਹਿਤ ਦੇ ਖੇਤਰ ਵਿਚ ਚੋਖਾ ਯੋਗਦਾਨ ਪਾ ਚੁੱਕਾ ਹੈ ਤੇ ਇਸ ਕਾਰਜ ਵੱਲ ਉਹ ਅੱਜ ਵੀ ਨਿਰੰਤਰ ਕਾਰਜਸ਼ੀਲ ਹੈ।ਉਸ ਦਾ ਸਾਹਿਤਕ ਕਾਰਜ ਸਮਕਾਲੀ ਸਮਾਜ ਦੀ ਵਾਸਤਵਿਕਤਾ ਦਾ ਸਾਹਿਤਕ ਰੂਪਾਂਤਰਣ ਪੇਸ਼ ਕਰਦਾ ਹੈ।ਹਥਲੇ ਪਰਚੇ ਵਿਚ ਉਸਦੇ ਨਾਵਲ 'ਮੋਰ ਉਡਾਰੀ' ਨੂੰ ਹੀ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

'ਮੋਰ ਉਡਾਰੀ' ਦਾ ਮੁੱਖ ਪਾਤਰ ਵੀਹ ਸਾਲ ਬਾਅਦ ਇੰਗਲੈਂਡ ਤੋਂ ਆਪਣੇ ਵਤਨ ਭਾਰਤ (ਪੰਜਾਬ) ਪਰਤਦਾ ਹੈ।ਮਕਸਦ ਮਰੇ ਹੋਏ ਪਿਓ ਦੀ ਆਖਰੀ ਖਾਹਿਸ਼ ਪੂਰੀ ਕਰਨਾ ਹੈ ਉਸ ਦੀਆਂ ਅਸਥੀਆਂ ਕੀਰਤਪੁਰ ਜਲ ਪ੍ਰਵਾਹ ਕਰਨੀਆਂ ਹਨ।ਭਾਰਤ ਆਉਣਾ ਉਸਦੀ ਮਰਜ਼ੀ ਨਹੀਂ ਸੀ ਮਜ਼ਬੂਰੀ ਸੀ, ਉਹ ਵੀ ਉਸਦੀ ਪਤਨੀ ਦੀ ਜ਼ਿੱਦ ਸੀ ਕਿ ਬਾਪੂ ਦੀ ਖਾਹਿਸ਼ ਹਰ ਹਾਲ ਪੂਰੀ ਕਰਨੀ ਹੈ। ਆਮ ਤੌਰ 'ਤੇ ਪਰਵਾਸੀ ਪੰਜਾਬੀ ਨਾਵਲਾਂ, ਕਹਾਣੀਆਂ ਜਾਂ ਕਵਿਤਾ ਵਿਚ ਪਾਤਰ ਇਕ ਵਿਸ਼ੇਸ਼ ਕਿਸਮ ਦੇ ਭੂ-ਹੇਰਵੇ ਦਾ ਸ਼ਿਕਾਰ ਦਿਖਾਏ ਜਾਂਦੇ ਹਨ ਪਰ ਇਸ ਨਾਵਲ ਦੇ ਪਾਤਰ ਵਿਚ ਵੀਹ ਸਾਲ ਬਾਅਦ ਵੀ ਕਿਸੇ ਪ੍ਰਕਾਰ ਦਾ ਧਰਤੀ ਮੋਹ ਜਾਂ ਹੇਰਵਾ ਨਜ਼ਰ ਨਹੀਂ ਆਉਂਦਾ।ਸਗੋਂ ਉਸਨੂੰ ਆਪਣਾ ਵਤਨ ਮੱਖੀਆਂ, ਮੱਛਰਾਂ, ਮੰਗਤਿਆਂ, ਰਿਸ਼ਵਤਖੋਰਾਂ ਤੇ ਟੁੱਟੀਆਂ ਸੜਕਾਂ ਦਾ ਦੇਸ਼ ਮਹਿਸੂਸ ਹੁੰਦਾ ਹੈ।[1] ਨਾਵਲ ਨੂੰ ਸਾਹਿਤ ਦੀ ਯਥਾਰਥ ਧਰਮੀ ਵਿਧਾ ਕਿਹਾ ਜਾਂਦਾ ਹੈ।ਏਥੇ ਯਥਾਰਥ ਵਾਸਤਵਿਕਤਾ ਦਾ ਹੂ-ਬ-ਹੂ ਅਨੁਕਰਣ ਨਹੀਂ ਸਗੋਂ ਸਾਹਿਤਕ ਰੂਪਾਂਤਰਣ ਹੈ।ਨਾਵਲਕਾਰ ਆਪਣੇ ਅਨੁਭਵ ਨੂੰ ਗਾਲਪਨਿਕ ਰੂਪ ਪ੍ਰਦਾਨ ਕਰਦਾ ਹੈ। ਪਾਠਕ ਨਾਵਲਕਾਰ ਦੇ ਨਜ਼ਰੀਏ ਰਾਹੀਂ ਪਾਤਰਾਂ ਨਾਲ ਆਤਮਸਾਤ ਹੁੰਦਾ ਹੈ ਤੇ ਆਪਣੀ ਚੇਤਨਾ ਨੂੰ ਤਿੱਖਿਆਂ ਕਰਦਾ ਹੈ।'ਮੋਰ ਉਡਾਰੀ' ਦਾ ਮੁੱਖ ਪਾਤਰ ਅਰਵਿੰਦ ਸਿੰਘ ਆਪਣੀ ਚੇਤਨਾ ਵਿਚ ਵੀਹ ਸਾਲ ਪਹਿਲਾਂ ਦਾ ਭਾਰਤ ਚਿਤਵ ਕੇ ਆਇਆ ਹੈ। ਇੰਟਰਨੈੱਟ 'ਤੇ ਸੋਸ਼ਲ ਮੀਡੀਏ ਫੇਸ ਬੁੱਕ ਰਾਹੀਂ ਭਾਵੇਂ ਉਹ ਹਰ ਵੇਲੇ ਸੰਸਾਰ ਭਰ ਤੇ ਖਾਸ ਕਰਕੇ ਭਾਰਤ ਦੇ ਲੋਕਾਂ ਨਾਲ ਜੁੜਿਆ ਰਹਿੰਦਾ ਹੈ ਪ੍ਰੰਤੂ ਭਾਰਤ ਦੀ ਬਦਲੀ ਤਸਵੀਰ ਤੋਂ ਉਹ ਫਿਰ ਵੀ ਵਾਕਿਫ ਨਹੀਂ ਹੁੰਦਾ।ਉਸਨੂੰ ਵੀਹ ਸਾਲ ਪਹਿਲਾਂ ਏਅਰ ਇੰਡੀਆ ਦੇ ਜਹਾਜ਼ ਦਾ ਬੁਰਾ ਅਨੁਭਵ ਹੈ, ਇੰਮੀਗ੍ਰੇਸ਼ਨ ਡੈਸਕ ਤੋਂ ਅਣਚਾਹਿਆ ਖਤਰਾ ਹੈ, ਏਅਰਪੋਰਟ ਤੇ ਧੱਕੇ ਮੁੱਕੀ ਹੁੰਦੇ ਲੋਕਾਂ ਤੇ ਸਮਾਨ ਗੁਆਚਣ ਦਾ ਭੈਅ ਹੈ ਪ੍ਰੰਤੂ ਉਸਦੇ ਸਭ ਸ਼ੰਕੇ ਨਿਰਮੂਲ ਸਾਬਤ ਹੁੰਦੇ ਹਨ।ਉਹ ਸਹੀ ਸਲਾਮਤ ਏਅਰ ਪੋਰਟ ਤੋਂ ਬਾਹਰ ਨਿਕਲਦਾ ਹੈ ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਏਥੇ ਵੀ ਕੁੱਝ ਸਿਆਣਪ ਆ ਗਈ ਹੈ, ਭਾਰਤ ਜ਼ਰੂਰ ਬਦਲ ਗਿਆ ਹੋਵੇਗਾ।[2]

ਡਾ: ਦਵਿੰਦਰ ਕੌਰ 'ਮੋਰ ਉਡਾਰੀ' ਨਾਵਲ ਦੇ ਬਾਰੇ ਲਿਖਦੀ ਹੈ ਕਿ ਮੋਰ ਕਦੇ ਕਦੇ ਉਡਾਰੀ ਭਰਦਾ ਹੈ ਪਰ ਜਦ ਵੀ ਭਰਦਾ ਹੈ ਤਾਂ ਉਹ ਧਰਤੀ ਉਪਰਲੀ ਨਿੱਕੀ ਤੋਂ ਨਿੱਕੀ ਚੀਜ਼ ਨੂੰ ਵੀ ਵਾਚਦਾ ਜਾਂਦਾ ਹੈ।ਇਸ ਨਾਵਲ ਦਾ ਮੁੱਖ ਕਿਰਦਾਰ ਵੀਹ ਸਾਲ ਬਾਅਦ ਹਿੰਦੋਸਤਾਨ ਆਉਂਦਾ ਹੈ ਤੇ ਇਨ੍ਹਾਂ ਵੀਹ ਸਾਲਾਂ ਦੇ ਬਦਲਾਵ ਨੂੰ ਏਨੇ ਧਿਆਨ ਨਾਲ ਵਾਚਦਾ ਹੈ ਕਿ ਉਸਦੀ ਸੋਚ ਦਾ ਰੂਪਾਂਤਰਣ ਹੋ ਜਾਂਦਾ ਹੈ।[3] ਏਅਰਪੋਰਟ ਬਾਰੇ ਅਰਵਿੰਦ ਦੇ ਮਨ 'ਚ ਬਣਿਆ ਬਿੰਬ ਤਾਂ ਤਿੜਕ ਜਾਂਦਾ

ਹੈ ਜਦ ਉਸ ਨੂੰ ਉਸਦੀ ਸੋਚ ਦੇ ਮੁਤਾਬਕ ਕਿਸੇ ਵੀ ਮੁਸੀਬਤ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਪ੍ਰੰਤੂ ਏਅਰਪੋਰਟ ਤੋਂ ਬਾਹਰ ਨਿਕਲਦਿਆਂ ਹੀ ਉਹੋ ਪੁਰਾਣਾ ਮੰਜ਼ਰ ਦਿਖਾਈ ਦਿੰਦਾ ਹੈ ਤਾਂ ਉਹ ਮਨ 'ਚ ਚਿਤਵੇ ਭਾਰਤ ਦੀ ਪਹਿਲੀ ਤੇ ਹੁਣ ਵਾਲੀ ਤਸਵੀਰ ਦਾ ਮੁਕਾਬਲਾ ਕਰਨ ਲਗਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਕਿ ਇਹ ਉਹੋ ਭਾਰਤ ਹੈ ਜੋ ਉਹ ਛੱਡ ਕੇ ਗਿਆ ਸੀ। ਪਾਂ-ਪਾਂ ਵਜਦੇ ਹੌਰਨ, ਡੰਡਾ ਖੜਕਾਉਂਦੇ ਪੁਲਿਸ ਵਾਲੇ ਤੇ ਕੁਰਬਲ-ਕੁਰਬਲ ਫਿਰਦੇ ਲੋਕ।[4]

ਅਰਵਿੰਦ ਇੰਗਲੈਂਡ ਵਰਗੇ ਅਤਿ ਵਿਕਸਤ ਦੇਸ਼ ਦਾ ਬਸ਼ਿੰਦਾ ਹੈ ਉਸਦੀ ਸੋਚ ਤੇ ਵਰਤੋਂ ਵਿਹਾਰ ਵਿਕਸਤ ਦੇਸ਼ ਦੇ ਬਸ਼ਿੰਦੇ ਵਾਲਾ ਬਣ ਚੁਕਾ ਹੈ। ਇੰਗਲੈਂਡ ਦਾ ਵਿਕਾਸ ਭਾਰਤ ਵਰਗੇ ਬਹੁਤ ਸਾਰੇ ਦੇਸ਼ਾਂ ਦੀ ਲੁੱਟ 'ਚੋਂ ਨਿਕਲਿਆ ਹੈ। ਸੰਸਾਰ ਦੇ ਅਨੇਕਾਂ ਦੇਸ਼ਾਂ ਨੂੰ ਬਸਤੀਆਂ ਬਣਾ ਕੇ ਇੰਗਲੈਂਡ ਨੇ ਜਿਸ ਢੰਗ ਨਾਲ ਆਪਣਾ ਵਿਕਾਸ ਕੀਤਾ ਉਸ ਤੋਂ ਬਸਤੀਆਂ ਦਾ ਹਰ ਬਸ਼ਿੰਦਾ ਭਲੀ ਭਾਂਤ ਵਾਕਫ ਹੈ। ਭਾਰਤ ਨੂੰ ਗੋਰੇ ਲੁਟੇਰਿਆਂ ਤੋਂ ਬਾਅਦ ਆਪਣੇ ਹੀ ਕਾਲੇ ਲੁਟੇਰਿਆਂ ਖ਼ੂਬ ਲੁੱਟਿਆ। ਉਨ੍ਹਾਂ ਲੁੱਟ ਨਾਲ ਆਪਣੇ ਘਰ ਵੀ ਭਰੇ ਤੇ ਦੂਜੇ ਦੇਸ਼ਾਂ ਦੀਆਂ ਬੈਂਕਾਂ ਵਿਚ ਖੋਹਲੇ ਖਾਤੇ ਵੀ। ਦੇਸ਼ ਦਾ ਧੰਨ ਆਜ਼ਾਦੀ ਤੋਂ ਪਹਿਲਾਂ ਵੀ ਬਾਹਰ ਜਾਂਦਾ ਸੀ ਤੇ ਆਜ਼ਾਦੀ ਤੋਂ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ, ਸਿਰਫ ਲੋਕ ਹੀ ਬਦਲੇ। ਫਿਰ ਵੀ ਅਰਵਿੰਦ ਦੇ ਵੀਹ ਸਾਲ ਪਹਿਲਾਂ ਵੇਖੇ ਭਾਰਤ ਤੇ ਹੁਣ ਦੇ ਭਾਰਤ ਵਿਚ ਕਾਫ਼ੀ ਬਦਲਾਵ ਆ ਚੁਕਾ ਸੀ। ਭਾਰਤ ਨੇ ਪਿਛਲੇ ਸਮੇਂ ਦੌਰਾਨ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਿਕ ਤੌਰ 'ਤੇ ਕਾਫ਼ੀ ਤਬਦੀਲੀਆਂ ਗ੍ਰਹਿਣ ਕੀਤੀਆਂ ਸਨ। ਜੇ ਕਿਤੇ ਤਬਦੀਲੀ ਨਹੀਂ ਸੀ ਵਾਪਰੀ ਤਾਂ ਉਹ ਲੋਕਾਂ ਦੀ 'ਸੋਚ' ਸੀ, ਮਾਨਤਾਵਾਂ ਸਨ। ਪਦਾਰਥਕ ਪੱਧਰ 'ਤੇ ਆਈ ਤਬਦੀਲੀ ਨੂੰ ਅਰਵਿੰਦ ਵੀ ਮਹਿਸੂਸ ਕਰ ਰਿਹਾ ਸੀ। ਉਸਨੂੰ ਵੀਹ ਸਾਲ ਬਾਅਦ ਇਹ ਉਹ ਦਿੱਲੀ ਨਹੀਂ ਸੀ ਜਾਪ ਰਹੀ। ਕਾਰਾਂ ਲੰਡਨ ਨਾਲੋਂ ਵੀ ਜਿਆਦਾ ਨਜ਼ਰ ਆ ਰਹੀਆਂ ਸਨ ਤੇ ਸਨ ਵੀ ਵੱਡੀਆਂ ਵੱਡੀਆਂ।[5] ਇਸ ਤੋਂ ਇਲਾਵਾ ਉਹ ਭਾਰਤ ਦੀ ਰਾਜਧਾਨੀ ਵਿਚ ਗੁਰਬਤ ਤੇ ਗੰਦਗੀ ਦਾ ਨਜ਼ਾਰਾ ਵੀ ਵੇਖ ਰਿਹਾ ਸੀ। ਫੁੱਟਪਾਥ ਤੇ ਰਹਿੰਦੇ ਗਰੀਬ ਲੋਕ, ਅਵਾਰਾ ਫਿਰਦੀਆਂ ਤੇ ਗੰਦਗੀ 'ਚ ਮੂੰਹ ਮਾਰਦੀਆਂ ਗਊ ਮਾਤਾਵਾਂ, ਅਵਾਰਾ ਕੁੱਤੇ, ਥਾਂ-ਥਾਂ ਫੈਲੀ ਗੰਦਗੀ ਉਸ ਲਈ ਅਸਹਿ ਹੋ ਰਹੀ ਸੀ। ਇਸ ਗੰਦਗੀ ਕਾਰਨ ਉਸ ਦੀ ਗੋਲਗੱਪੇ ਤੇ ਚਾਟ ਖਾਣ ਦੀ ਹਸਰਤ ਮਨ ਵਿਚ ਹੀ ਰਹਿ ਜਾਂਦੀ ਹੈ।

ਨਾਵਲਕਾਰ ਅਰਵਿੰਦ ਰਾਹੀਂ ਭਾਰਤ/ਪੰਜਾਬ ਦੇ ਮਹਾਂਦ੍ਰਿਸ਼ ਦੀ ਪੇਸ਼ਕਾਰੀ ਕਰਦਾ ਹੈ। ਇਹ ਮਹਾਂਦ੍ਰਿਸ਼ ਭਾਵੇਂ ਹਰ ਬੰਦੇ ਦਾ ਵੇਖਿਆ ਭਾਲਿਆ ਹੁੰਦਾ ਹੈ ਪ੍ਰੰਤੂ ਨਾਵਲਕਾਰ ਆਪਣੀਆਂ ਕਲਾਤਮਕ ਜੁਗਤਾਂ ਤੇ ਵਿਅੰਗਾਤਮਕ ਦ੍ਰਿਸ਼ਟੀਕੋਣ ਨਾਲ ਵਸਤੂਆਂ ਤੇ ਘਟਨਾਵਾਂ ਨੂੰ ਨਵੇਂ ਜਾਵੀਏ ਤੋਂ ਪੇਸ਼ ਕਰਦਾ ਹੈ। ਜਿਸ ਨਾਲ ਪਾਠਕ ਇਨ੍ਹਾਂ ਪ੍ਰਤੀ ਆਪਣੀ ਰੂੜ੍ਹ ਹੋ ਚੁਕੀ ਮਾਨਸਿਕਤਾ ਵਿਚ ਨਵੀਨ ਬੋਧ ਤੇ ਜੁੰਬਸ਼ ਮਹਿਸੂਸ ਕਰਦਾ ਹੈ। ਇਹ ਬੋਧ ਉਸਨੂੰ ਚਿੰਤਨ ਵੱਲ ਤੋਰਦਾ ਹੈ। ਆਲੇ ਦੁਆਲੇ ਪ੍ਰਤਿ ਰੂੜ੍ਹ ਹੋਈ ਸੋਚ ਨੂੰ ਰਚਨਾਤਮਕ ਬੋਧ ਪ੍ਰਦਾਨ ਕਰਕੇ ਚਿੰਤਨ ਦੇ ਰਾਹ ਤੋਰਨਾ ਨਾਵਲਕਾਰ ਦਾ ਪ੍ਰਕਾਰਜ ਹੈ। ਨਾਵਲਕਾਰ ਮੁੱਖ ਪਾਤਰ ਰਾਹੀਂ ਸਿਸਟਮ ਉਪਰ ਭਰਪੂਰ ਵਿਅੰਗਾਤਮਕ ਟਿੱਪਣੀਆਂ ਕਰਦਾ ਹੈ।

ਨਾਵਲਕਾਰ ਉੱਚ ਸਿੱਖਿਆ ਸੰਸਥਾਵਾਂ ਵਿਚ ਚੱਲ ਰਹੀਆਂ ਧਾਂਦਲੀਆਂ ਤੇ ਵਿਦਿਆਰਥੀਆਂ ਦੇ ਸ਼ੋਸ਼ਣ ਨੂੰ ਆਪਣੇ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਪੀ. ਐਚ. ਡੀ. ਪ੍ਰੋਫੈਸਰਾਂ ਵੱਲੋਂ ਇਕ ਦੂਜੇ ਨੂੰ ਵਾਰ ਵਾਰ ਡਾਕਟਰ ਸਾਹਿਬ ਕਹਿ ਕੇ ਸੰਬੋਧਨ ਕਰਨਾ, ਪ੍ਰੋਫੈਸਰਾਂ ਵੱਲੋਂ ਆਪਣੀਆਂ ਪੀ. ਐਚ. ਡੀ. ਵਿਦਿਆਰਥਣਾਂ ਦਾ ਖੋਜ ਕਾਰਜ ਕਰਵਾਉਣ ਬਦਲੇ ਸਰੀਰਿਕ ਸ਼ੋਸ਼ਣ ਕਰਨਾ, ਪੇਪਰਾਂ ਦਾ ਮੁਲਾਂਕਣ ਕਰਨ ਸਮੇਂ ਅਪਣਾਏ ਜਾਂਦੇ ਗੈਰ ਵਾਜ਼ਿਬ ਤੌਰ ਤਰੀਕੇ, ਪੰਜਾਬੀ ਦੇ ਪ੍ਰੋਫੈਸਰਾਂ ਵੱਲੋਂ ਘਰ



ਵਿਚ ਹੀ ਨਕਾਰੀ ਜਾਂਦੀ ਪੰਜਾਬੀ ਭਾਸ਼ਾ ਆਦਿ ਅਨੇਕਾਂ ਪੱਖ ਨਾਵਲ ਦਾ ਹਾਸਲ ਬਣੇ ਹਨ। ਔਰਤ ਮਰਦ ਪ੍ਰੋਫੈਸਰਾਂ ਦੇ ਅਨੈਤਿਕ ਵਿਹਾਰ ਤੇ ਵਿਆਹ ਬਾਰੇ ਕਾਮ ਸੰਬਧਾਂ ਬਾਰੇ ਵੇਰਵੇ ਵੀ ਇਸ ਨਾਵਲ ਵਿਚ ਪ੍ਰਸਤੁਤ ਹੋਏ ਹਨ। ਨਾਵਲ ਦੇ ਮੁੱਖ ਪਾਤਰ ਅਰਵਿੰਦ ਦੀ ਫੇਸ ਬੁੱਕ ਦੋਸਤ ਜੋ ਪੇਸ਼ੇ ਵਜੋਂ ਪ੍ਰੋਫੈਸਰ ਹੈ ਤੇ ਦਿੱਲੀ ਪੇਪਰ ਪੜ੍ਹਣ ਆਈ ਹੈ ਪਹਿਲੀ ਮਿਲਣੀ 'ਤੇ ਹੀ ਉਸ ਨਾਲ ਸੇਜ ਸਾਂਝੀ ਕਰ ਲੈਂਦੀ ਹੈ। ਸਵੇਰੇ ਉੱਠਦੀ ਉਹ ਬਹੁਤ ਖ਼ੁਸ਼ ਸੀ। ਬਹੁਤ ਦੇਰ ਬਾਅਦ ਉਸ ਨੂੰ ਮਨ ਪਸੰਦ ਬੰਦੇ ਦਾ ਸਾਥ ਮਾਣਨ ਦਾ ਮੌਕਾ ਮਿਲਿਆ ਸੀ।[6] ਇਸ ਸਭ ਦੇ ਨਾਲ ਹੀ ਉਸ ਦੇ ਮਨ ਵਿਚ ਅਜਿਹੇ ਸਾਥ ਪ੍ਰਤੀ ਕੋਈ ਦੁਬਿਧਾ ਨਹੀਂ ਸੀ। ਕਿਉਂਕਿ ਉਸ ਲਈ ਅਰਵਿੰਦ ਕੋਈ ਪਹਿਲਾ ਓਪਰਾ ਬੰਦਾ ਨਹੀਂ ਸੀ। ਅਰਵਿੰਦ ਨੂੰ ਵੀ ਮੰਨਤ ਵਰਗੀਆਂ ਸਵੈ ਵਿਸ਼ਵਾਸ਼ ਵਾਲੀਆਂ ਔਰਤਾਂ ਪਸੰਦ ਸਨ। ਉਹ ਦੇਖਦਾ ਆਇਆ ਸੀ ਕਿ ਏਸ਼ੀਅਨ ਔਰਤਾਂ ਵਿਚ ਗੋਰੀਆਂ ਵਰਗੀ ਹਿੰਮਤ ਨਹੀਂ ਸੀ ਹੁੰਦੀ। ਮੰਨਤ ਉਸ ਨੂੰ ਅੱਜ ਦੇ ਯੁੱਗ ਦੀ ਔਰਤ ਜਾਪਦੀ ਸੀ।[7]

ਪੰਜਾਬੀ ਬੰਦੇ ਦੀ ਵਿੰਡਬਨਾ ਇਹ ਹੈ ਕਿ ਉਸਨੂੰ ਆਪਣੇ ਨਾਲ ਪਈਆਂ ਓਪਰੀਆਂ ਔਰਤਾਂ ਹੀ ਇਸ ਯੁੱਗ ਦੀਆਂ ਹਾਣੀ ਲੱਗਦੀਆਂ ਹਨ ਪ੍ਰੰਤੂ ਨਾਲ ਪਈ ਘਰ ਵਾਲੀ ਭੂਤ ਯੁੱਗ ਦੀ ਕੋਈ ਚੁੜੇਲ। ਅਰਵਿੰਦ ਨੂੰ ਵੀ ਆਪਣੀ ਪਤਨੀ ਵੇਲਾਂ ਆਪਣੇ ਹਾਣ ਦੀ ਨਹੀਂ ਲੱਗਦੀ। ਉਸਨੇ ਉਸਦਾ ਨਾਂਅ 'ਬੁੜ ਬੁੜ' ਰੱਖਿਆ ਹੋਇਆ ਹੈ। ਦੂਜੇ ਪਾਸੇ ਪ੍ਰੋਫੈਸਰ ਮੰਨਤ ਗਰੇਵਾਲ ਦੇ ਪਤੀ ਨੇ ਵੀ ਆਪਣੇ ਹੱਥਾਂ ਤੇ ਸਰੋਂ ਜਮਾਈ ਹੋਈ ਸੀ ਉਹ ਵੀ ਮੀਨਾਕਸ਼ੀ ਬਾਂਸਲ ਨਾਂਅ ਦੀ ਪ੍ਰੋਫੈਸਰ ਨੂੰ ਪਤਨੀ ਦੀ ਗੈਰ ਹਾਜ਼ਰੀ ਵਿਚ ਸੇਜ ਸਾਂਝ ਲਈ ਘਰ ਰਖਦਾ ਹੈ। ਪੀ. ਐਚ. ਡੀ. ਕਰ ਰਹੀਆਂ ਵਿਦਿਆਰਥਣਾਂ ਵਿਚੋਂ ਹਾਰਵੀ ਬੈਂਸ ਨੂੰ ਨਾਵਲਕਾਰ ਨੇ ਪ੍ਰਤੀਨਿਧ ਪਾਤਰ ਵਜੋਂ ਪੇਸ਼ ਕੀਤਾ ਹੈ। ਹਾਰਵੀ ਅਰਵਿੰਦ ਦੀ ਫੇਸਬੁੱਕ ਦੋਸਤ ਹੈ ਤੇ ਬਾਹਰ ਜਾਣ ਲਈ ਕੁੱਝ ਵੀ ਕਰਨ ਨੂੰ ਤਿਆਰ ਹੈ। ਇਸੇ ਮਕਸਦ ਲਈ ਉਹ ਅਰਵਿੰਦ ਦੇ ਨਾਲ ਰਾਤ ਗੁਜਾਰਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਨਾਵਲਕਾਰ ਨੇ ਹਰ ਹੀਲੇ ਬਾਹਰ ਜਾਣ ਵਾਲੇ ਅਨੇਕਾਂ ਨੌਜਵਾਨ ਕੁੜੀਆਂ ਮੁੰਡਿਆਂ ਨੂੰ ਪੇਸ਼ ਕੀਤਾ ਹੈ।

ਨਾਵਲਕਾਰ ਨੇ ਪੰਜਾਬ ਦੇ ਨੌਜਵਾਨਾਂ ਵਿਚ ਪੈਦਾ ਹੋਏ ਨਸ਼ਿਆਂ ਦੇ ਰੁਝਾਨ ਨੂੰ ਵੀ ਆਪਣੀ ਚਿੰਤਾ ਦਾ ਵਿਸ਼ਾ ਬਣਾਇਆ ਹੈ। ਨਸ਼ਿਆਂ ਦੇ ਸੌਦਾਗਰਾਂ ਨਾਲ ਸਿਆਸਤਦਾਨਾਂ ਤੇ ਪੁਲਿਸ ਦਾ ਗਠਜੋੜ ਕਿਸੇ ਤੋਂ ਲੁੱਕਿਆ ਛਿਪਿਆ ਨਹੀਂ। ਹੁਣ ਤਾਂ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਕੈਮਿਸਟਾਂ ਦੀਆਂ ਦੁਕਾਨਾਂ, ਗੱਲ ਕੀ ਜੇਲ੍ਹਾਂ ਦੇ ਅੰਦਰੋਂ ਵੀ ਹਰੇਕ ਪ੍ਰਕਾਰ ਦੇ ਨਸ਼ੇ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ।

ਨਾਵਲਕਾਰ ਪੰਜਾਬ ਦੇ ਹਰ ਪੱਖ ਉੱਤੇ ਮੋਰ ਉਡਾਰੀ ਰਾਹੀਂ ਪੰਛੀ ਝਾਤ ਪੁਆ ਰਿਹਾ ਹੈ। ਪੰਜਾਬ ਦਾ ਫਸਲੀ ਚੱਕਰ, ਜੱਟਾਂ ਦਾ ਰਹਿਣ ਸਹਿਣ, ਵਿਆਹਾਂ ਸ਼ਾਦੀਆਂ ਉੱਤੇ ਕੀਤੇ ਜਾਂਦੇ ਵਿਤੋਂ ਬਾਹਰੀ ਖਰਚੇ, ਪਟਵਾਰੀਆਂ ਵੱਲੋਂ ਕੀਤੀ ਜਾਂਦੀ ਲੁੱਟ ਖਸੁੱਟ, ਜੱਟਾਂ ਦੇ ਆੜ੍ਹਤੀਏ ਬਣ ਕੇ ਆਪਣੇ ਹੀ ਜੱਟ ਭਰਾਵਾਂ ਦੀ ਲੁੱਟ, ਪੇਂਡੂ ਕੁੜੀਆਂ ਦੇ ਸ਼ਹਿਰੀ ਕੁੜੀਆਂ ਵਾਂਗ ਬਦਲਦੇ ਤੇਵਰ, ਦੁਆਬੇ ਖੇਤਰ ਵਿਚ ਪਰਵਾਸੀ ਪੰਜਾਬੀਆਂ ਦੇ ਪੈਸੇ ਨਾਲ ਆਈ ਖੁਸ਼ਹਾਲੀ, ਪੰਜਾਬ ਵਿਚ ਭਈਆ ਕਲਚਰ, ਪੰਜਾਬੀਆਂ ਵੱਲੋਂ ਮਾਂ ਬੋਲੀ ਪ੍ਰਤੀ ਬੇਰੁਖੀ ਆਦਿ ਅਨੇਕਾਂ ਮਸਲਿਆਂ ਨੂੰ ਛੋਹਿਆ ਹੈ।

ਨਾਵਲ ਵਿਗਿਆਨਕ ਯੁੱਗ ਦੀ ਉਪਜ ਹੈ। ਇਹ ਸਮਾਜ ਦੇ ਵਿਹਾਰਾਂ ਵਿਚਾਰਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਯਥਾਰਥਕ ਰੂਪ ਵਿਚ ਪੇਸ਼ ਕਰਨ ਦਾ ਸਾਧਨ ਬਣਦਾ ਹੈ। ਇਸ ਦਾ ਕਲੇਵਰ ਵੱਡ ਅਕਾਰੀ ਹੈ। ਇਸ ਵਿਚ ਜ਼ਿੰਦਗੀ ਦੀਆਂ ਵਿਸ਼ਾਲ ਸੰਭਾਵਨਾਵਾਂ ਨੂੰ ਸਮੋ ਲੈਣ ਦੀ ਵਿਸ਼ੇਸ਼ਤਾ ਹੁੰਦੀ ਹੈ। ਇਸ ਦਾ ਮਨੋਰਥ ਪਾਠਕ ਨੂੰ ਸੰਦੇਸ਼ ਮੂਲਕ ਸਾਹਿਤਕ ਆਨੰਦ ਪ੍ਰਦਾਨ ਕਰਨਾ ਹੁੰਦਾ ਹੈ, ਜੋ ਅੱਗੋਂ ਗਿਆਨ ਤੇ ਚਿੰਤਨ ਦੇ ਰਾਹ ਤੋਰਨ ਦੇ ਸਮਰੱਥ ਹੁੰਦਾ ਹੈ। ਸੂਚਨਾਵਾਂ ਸਾਹਿਤਕਤਾ

ਦੀ ਪਾਣ ਚੜ੍ਹਣ ਤੋਂ ਬਾਅਦ ਸਾਹਿਤਕ ਗਿਆਨ ਬਣਦੀਆਂ ਹਨ, ਪਾਠਕ ਅਣਗੋਲੇ ਨੂੰ ਗੌਲਣ ਦੇ ਰਾਹ ਤੁਰਦਾ ਹੈ, ਕਲਾ ਉਸਦੀ ਉਂਗਲ ਫੜ੍ਹ ਕੇ ਉਸਨੂੰ ਨਾਲ ਨਾਲ ਤੋਰਦੀ ਹੈ। ਮੋਰ ਉਡਾਰੀ ਨਾਵਲ ਵਿਚਲੀਆਂ ਵਸਤੂਆਂ, ਘਟਨਾਵਾਂ, ਪਾਤਰ ਪਾਠਕ ਦੇ ਆਲੇ-ਦੁਆਲੇ ਰੋਜ਼ਮਰਾ ਵਿਚਰਣ ਵਾਲੇ ਹਨ ਫਰਕ ਸਿਰਫ ਇਹ ਹੈ ਕਿ ਨਾਵਲਕਾਰ ਨੇ ਉਨ੍ਹਾਂ ਨੂੰ ਗਲਪੀ ਬਿਰਤਾਂਤ ਵਿਚ ਢਾਲ ਦਿੱਤਾ ਹੈ। ਗਲਪੀ ਬਿਰਤਾਂਤ ਅਜਨਬੀਕਰਨ ਦੀ ਜੁਗਤ ਰਾਹੀਂ ਵਸਤੂਆਂ ਪ੍ਰਤੀ ਨਵੀਨ ਰਚਨਾਤਮਕ ਬੋਧ ਪੈਦਾ ਕਰਦਾ ਹੈ। ਜਿਵੇਂ ਕਿ ਪਹਿਲਾਂ ਵੀ ਗੱਲ ਕੀਤੀ ਜਾ ਚੁਕੀ ਹੈ ਕਿ ਇਹ ਰਚਨਾਤਮਕ ਬੋਧ ਪਾਠਕ ਨੂੰ ਚਿੰਤਨ ਦੇ ਰਾਹ ਤੋਰਦਾ ਹੈ। ਵਸਤੂਆਂ, ਪਾਤਰਾਂ, ਘਟਨਾਵਾਂ ਦਾ ਅਜਨਬੀਕਰਨ ਪਾਠਕ ਲਈ ਧੁੰਦ ਛੱਟਣ ਦੀ ਪ੍ਰਕਿਰਿਆ ਹੈ। ਚੇਤਨਾ ਨੂੰ ਸਾਣ ਚੜ੍ਹਾਉਣ ਦੀ ਪ੍ਰਕਿਰਿਆ। 'ਮੋਰ ਉਡਾਰੀ' ਨਾਵਲ ਦੇ ਬਿਰਤਾਂਤ ਵਿਚ ਅਨੇਕਾਂ ਸੰਭਾਵਨਾਵਾਂ ਹਨ। ਇਨ੍ਹਾਂ ਸੰਭਾਵਨਾਵਾਂ ਦਾ ਕੋਈ ਆਦਿ ਅੰਤ ਨਹੀਂ। ਇਹ ਬਹੁ ਦਿਸ਼ਾਵੀ ਤੇ ਕਿਰਿਆਸ਼ੀਲ ਹਨ। ਸਮੇਂ ਦਾ ਅਨੰਤ ਚੱਲਦਾ ਪ੍ਰਵਾਹ। ਨਾਵਲਕਾਰ ਨੇ ਇਨ੍ਹਾਂ ਰਾਹੀਂ ਪੰਜਾਬੀ ਬੰਦੇ ਦੇ ਬਹੁ ਵਿਸਥਾਰ ਦਾ ਪਤਾ ਦੇਣ ਦਾ ਸਮਰੱਥ ਯਤਨ ਕੀਤਾ ਹੈ। ਪੰਜਾਬੀ ਬੰਦਾ ਜਿਸਨੇ ਬਿਗਾਨੀਆਂ ਜੂਹਾਂ ਨੂੰ ਆਪਣੀ ਮਿਹਨਤ ਨਾਲ ਆਬਾਦ ਕੀਤਾ ਹੈ। ਬਿਗਾਨੇ ਦੇਸ਼ਾਂ ਨੂੰ ਆਪਣਾ ਬਣਾਇਆ ਹੈ ਤੇ ਓਥੋਂ ਦੇ ਆਰਥਿਕ ਸਮਾਜਕ ਤੇ ਰਾਜਨੀਤਿਕ ਖੇਤਰ ਵਿਚ ਬੁਲੰਦੀਆਂ ਪ੍ਰਾਪਤ ਕੀਤੀਆਂ ਹਨ। ਪੰਜਾਬੀ ਬੰਦਾ ਜੋ ਆਪਣੀ ਧਰਤੀ 'ਤੇ ਆਖਰੀ ਸਾਹ ਲੈਣਾ ਚਾਹੁੰਦਾ ਹੈ ਜੋ ਇਹ ਨਹੀਂ ਤਾਂ ਉਸਦੀ ਖਾਹਿਸ਼ ਆਪਣੇ ਅਸਤਾਂ ਰਾਹੀਂ ਆਪਣੀ ਧਰਤੀ ਨਾਲ ਮਿਲਣ ਦੀ ਹੈ। ਪਰੰਤੂ ਆਪਣੇ ਪਿਓ ਦੀ ਆਖਰੀ ਖਾਹਿਸ਼ ਪੂਰੀ ਕਰਨ ਤੋਂ ਅਸਮਰੱਥ ਰਹਿੰਦਾ ਹੈ। ਅਰਵਿੰਦ ਵੀ ਅਜਿਹੇ ਪੰਜਾਬੀਆਂ 'ਚੋਂ ਇਕ ਹੈ ਜੋ ਨਾ ਚਾਹੁਣ ਦੇ ਬਾਵਜੂਦ ਵੀਹ ਸਾਲ ਬਾਅਦ ਪੰਜਾਬ ਆਉਂਦਾ ਹੈ ਤੇ ਅਜੀਬ ਕਿਸਮ ਦੀ ਅਪਣੱਤ ਵੀ ਮਹਿਸੂਸ ਕਰਦਾ ਹੈ। ਇਥੇ ਪੰਜਾਬ ਰਹਿੰਦੇ ਪੰਜਾਬੀ ਬੰਦੇ ਦੇ ਆਪਣੇ ਮਸਲੇ ਹਨ। ਇਨ੍ਹਾਂ ਮਸਲਿਆਂ ਨੂੰ ਬੜੀ ਬਾਰੀਕੀ ਨਾਲ 'ਮੋਰ ਉਡਾਰੀ' ਨਾਵਲ ਦੇ ਬਿਰਤਾਂਤ ਦਾ ਹਿੱਸਾ ਬਣਾਇਆ ਗਿਆ ਹੈ।

ਸਮੁੱਚੇ ਰੂਪ ਵਿਚ ਕਹਿ ਸਕਦੇ ਹਾਂ ਕਿ ਹਰਜੀਤ ਅਟਵਾਲ, ਇਕ ਸਮਰੱਥ ਨਾਵਲਕਾਰ ਹੈ। ਉਸਦੇ ਨਾਵਲਾਂ ਦੀ ਖਾਸੀਅਤ ਇਹ ਹੈ ਕਿ ਉਹ ਸਮੇਂ ਦੇ ਹਾਣ ਦੇ ਹੁੰਦੇ ਹਨ। ਉਸ ਦੀ ਭਾਸ਼ਾ 'ਤੇ ਸ਼ੈਲੀ ਸਰਲ ਤੇ ਸਪੱਸ਼ਟ ਹੁੰਦੀ ਹੈ। ਪਾਠਕ ਉਸਦੇ ਨਾਵਲਾਂ ਵਿਚੋਂ ਗਿਆਨ ਮੂਲਕ ਆਨੰਦ ਦੀ ਸਹਿਜੇ ਹੀ ਪ੍ਰਾਪਤੀ ਕਰ ਸਕਦਾ ਹੈ। ਪ੍ਰੰਤੂ ਭਾਰਤੀ ਕਾਵਿ ਸ਼ਾਸਤਰ ਅਨੁਸਾਰ ਸਾਹਿਤ ਪੜ੍ਹਣ ਵਾਲੇ ਪਾਠਕ ਲਈ ਸ਼ਰਤ ਹੈ ਕਿ ਉਹ ਸੁਹਿਰਦ ਹੋਣਾ ਚਾਹੀਦਾ ਹੈ।


1. 'ਮੋਰ ਉਡਾਰੀ' ਪੰਨਾ 8
2. ਉਹੀ ਪੰਨਾ 8
3. 'ਮੋਰ ਉਡਾਰੀ' ਜਿਲਦ ਪਿਛਲਾ ਪਾਸਾ, ਡਾ: ਦਵਿੰਦਰ ਕੌਰ ਵੱਲੋਂ ਜਾਣ ਪਛਾਣ
4. ਮੋਰ ਉਡਾਰੀ ਪੰਨਾ 9
5. ਉਹੀ ਪੰਨਾ 10
6. ਉਹੀ ਪੰਨਾ 41
7. ਉਹੀ ਪੰਨਾ 26




# ਅਹਿਸਾਸ ਅਤੇ ਆਦਰਸ਼ ਦੇ ਤਣਾਉ ਦੀ ਕਥਾਕਾਰੀ - ਖੋਜ


**ਡਾ. ਰਵਿੰਦਰ ਸਿੰਘ ਸੰਧੂ**


ਕਥਾਕਾਰ ਦੁਆਰਾ ਕਿਸੇ ਕਥਾ ਦੀ ਸਿਰਜਣ ਪ੍ਰਕਿਰਿਆ ਸਮੇਂ ਉਸਦੀ ਕਥਾ-ਦ੍ਰਿਸ਼ਟੀ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਕਥਾਕਾਰ ਜਦ ਕਥਾ ਦੀ ਸਿਰਜਣਾ ਕਰਦਾ ਹੈ ਤਾਂ ਉਹ ਉਸ ਕਥਾ ਦੀ ਮੁੱਢਲੀ ਪ੍ਰਕਿਰਿਆ ਤੋਂ ਲੈ ਕੇ ਸਿਖਰਲੇ ਕਾਰਜ ਦੀ ਸਮਾਪਤੀ ਤਕ, ਕਥਾ ਦੇ ਕਿਸੇ ਵੀ ਪ੍ਰਕਾਰ ਨਾਲ ਹੋਂਦ ਗ੍ਰਹਿਣ ਕਰਨ ਦੇ ਸਮੇਂ ਤੋਂ ਲੈ ਕੇ ਕਥਾ ਦੇ ਅੰਗ-ਸੰਗ ਹੁੰਦਾ ਹੈ, ਕਥਾ ਦੇ ਅੰਦਰ ਹੀ ਹੁੰਦਾ ਹੈ। ਦਰਅਸਲ ਆਪਣੀ ਵਿਸੇ ਕਥਾ-ਦ੍ਰਿਸ਼ਟੀ ਕਾਰਨ ਹਰੇਕ ਕਥਾਕਾਰ ਆਪਣੀ ਹਰ ਇਕ ਕਥਾ ਨਾਲ ਜੁੜਿਆ ਰਹਿੰਦਾ ਹੈ, ਆਪਣੀ ਮੌਤ ਤੋਂ ਬਾਅਦ ਵੀ ਬਸ਼ਰਤੇ ਕਿ ਉਸਦੀ ਉਹ ਕਥਾ ਹੀ ਖ਼ਤਮ ਨਾ ਹੋ ਜਾਵੇ। ਫ਼ਰਾਂਸ ਦੇ ਉੱਘੇ ਚਿੰਤਕ ਰੋਲਾਂ ਬਾਰਤ ਨੇ 1967 ਈ. ਵਿਚ 'ਲੇਖਕ ਦੀ ਮੌਤ' ਦਾ ਐਲਾਨ ਕੀਤਾ ਸੀ। ਉਹ ਲੇਖਕ ਅਤੇ ਲਿਖਤ ਦੇ ਸਬੰਧ ਨੂੰ ਉਦੋਂ ਤਕ ਹੀ ਮਾਨਤਾ ਦਿੰਦਾ ਹੈ ਜਦ ਤਕ ਸਿਰਜਣ ਪ੍ਰਕਿਰਿਆ ਜਾਰੀ ਰਹਿੰਦੀ ਹੈ। ਸਿਰਜਣ ਪ੍ਰਕਿਰਿਆ ਦੇ ਖ਼ਤਮ ਹੁੰਦਿਆਂ ਹੀ ਲੇਖਕ ਅਤੇ ਲਿਖਤ ਦਾ ਸਬੰਧ ਵੀ ਖ਼ਤਮ ਹੋ ਜਾਂਦਾ ਹੈ ; ਇਹ ਉਸਦਾ ਮੰਨਣਾ ਹੈ। ਸੰਸਾਰ ਚਿੰਤਨ ਵਿਚ ਉੱਭਰੇ ਇਸ ਵਿਚਾਰ ਦੇ ਬਾਵਜੂਦ ਵੀ ਇਹ ਸਰਵ-ਪ੍ਰਵਾਨਿਤ ਧਾਰਨਾ ਹੈ ਕਿ ਲੇਖਕ ਅਤੇ ਲਿਖਤ ਦਾ ਸਬੰਧ ਅਨਿੱਖੜਵਾਂ ਹੈ। ਭਾਵੇਂ ਸਰੀਰਕ ਰੂਪ ਵਿਚ ਲੇਖਕ ਹਰੇਕ ਥਾਂ ਲਿਖਤ ਦੇ ਨਾਲ ਨਹੀਂ ਪਹੁੰਚ ਸਕਦਾ ਪਰ ਫਿਰ ਵੀ ਉਹ ਹਮੇਸ਼ਾ ਆਪਣੀ ਹਰੇਕ ਲਿਖਤ ਦੇ ਨਾਲ ਹੁੰਦਾ ਹੈ, ਆਪਣੀ ਕਥਾ-ਦ੍ਰਿਸ਼ਟੀ ਦੇ ਕਾਰਨ। ਕਥਾਕਾਰ ਦੀ ਇਸ ਕਥਾ-ਦ੍ਰਿਸ਼ਟੀ ਦਾ ਆਧਾਰ ਉਸਦੀ ਜੀਵਨ-ਦ੍ਰਿਸ਼ਟੀ ਹੁੰਦੀ ਹੈ ਜੋ ਉਹ ਆਪਣੇ ਜੀਵਨ ਸਫ਼ਰ ਦੌਰਾਨ ਵਿਭਿੰਨ ਵਰਤਾਰਿਆਂ ਦੇ ਅਨੁਭਵ ਵਿਚੋਂ ਬਣਾਉਂਦਾ ਹੈ। ਸਮਾਜ ਵਿਚ ਵਿਚਰਦਿਆਂ ਹੋਇਆਂ ਮਨੁੱਖ ਆਪਣੇ ਆਲੇ-ਦੁਆਲੇ ਵਿਚ ਘਟਿਤ ਘਟਨਾਵਾਂ ਨੂੰ ਆਪਣੀ ਅੱਖ ਨਾਲ ਵੇਖਦਾ ਹੈ ਤੇ ਬੁੱਧੀ ਨਾਲ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਬੁੱਧੀ ਦਾ ਸਬੰਧ ਉਸ ਅਨੁਭਵ, ਗਿਆਨ ਤੇ ਚੇਤਨਾ ਨਾਲ ਹੁੰਦਾ ਹੈ ਜਿਸ ਨੇ ਬੁੱਧੀ ਨੂੰ ਲਗਾਤਾਰ ਸਾਲਾਂ ਬੱਧੀ ਸਿਧਾਇਆ ਹੁੰਦਾ ਹੈ। ਇਸ ਅਭਿਆਸ ਕਾਰਨ ਹੀ ਸਾਡੀ ਅੱਖ ਜਾਂ ਬੁੱਧੀ ਉਹ ਕੁਝ ਵੀ ਵੇਖ ਸਕਦੀ ਹੈ ਜੋ ਕਿਸੇ ਵੀ ਭੌਤਿਕ ਵਸਤੂ ਜਾਂ ਵਰਤਾਰੇ ਦੇ ਆਕਾਰ ਤੇ ਰੂਪ ਤੋਂ ਨਜ਼ਰ ਨਹੀਂ ਆਉਂਦਾ। ਉਸ ਅੰਦਰਲੇ ਤੱਤਾਂ, ਗੁਣਾਂ ਨਾਲ ਵੀ ਉਸਦਾ ਨੇੜਲਾ ਸਬੰਧ ਹੁੰਦਾ ਹੈ। ਜੀਵਨ-ਦ੍ਰਿਸ਼ਟੀ ਇਸ ਜੀਵਨ ਅਭਿਆਸ ਦੀ ਦੇਣ ਹੁੰਦੀ ਹੈ।

ਇਸ ਪ੍ਰਕਾਰ ਹਰੇਕ ਸਮਾਜਿਕ ਮਨੁੱਖ ਦੀ ਇਕ ਜੀਵਨ-ਦ੍ਰਿਸ਼ਟੀ ਹੁੰਦੀ ਹੈ। ਇਹ ਉਸਦੇ ਮਾਨਸਿਕ ਜਾਂ ਬੌਧਿਕ ਆਪੇ ਵਿਚੋਂ ਆਕਾਰ ਤੇ ਵਿਸਥਾਰ ਗ੍ਰਹਿਣ ਕਰਦੀ ਹੈ। ਇਸਦੇ ਰਾਹੀਂ ਹੀ ਉਹ ਆਪਣੇ ਆਲੇ-ਦੁਆਲੇ ਵਿਚਲੇ ਮਨੁੱਖਾਂ, ਵਸਤਾਂ ਤੇ ਵਰਤਾਰਿਆਂ ਨੂੰ ਦੇਖਦਾ, ਨਿਰਖਦਾ ਤੇ ਪਰਖਦਾ ਹੈ। ਜੀਵਨ-ਦ੍ਰਿਸ਼ਟੀ ਦੇ ਆਧਾਰ ਉੱਪਰ ਮਾਨਵੀ ਜੀਵਨ ਦੇ ਵਿਆਪਕ ਵਰਤਾਰਿਆਂ ਦੀ ਨਿਰਖ-ਪਰਖ ਹੀ ਕਥਾਕਾਰ ਦੀ ਕਥਾ-ਦ੍ਰਿਸ਼ਟੀ ਦਾ ਆਧਾਰ ਬਣਦੀ ਹੈ। ਇਹ ਜੀਵਨ-ਦ੍ਰਿਸ਼ਟੀ ਹੀ ਹੈ ਜੋ ਉਸਨੂੰ ਸਮਾਜਿਕ ਯਥਾਰਥ ਵਿਚ ਠੀਕ-ਗ਼ਲਤ, ਪਾਪ-ਪੁੰਨ, ਸੁਹਜ-ਕੁਹਜ, ਮਾੜਾ-ਚੰਗਾ, ਨਿਆਂ-ਅਨਿਆਂ ਵਰਗੇ ਵਿਰੋਧੀ ਜੁੱਟਾਂ/ਸੰਕਲਪਾਂ ਬਾਰੇ ਨਿਰਨਾ ਕਰਨ ਦੀ ਯੋਗਤਾ ਦਿੰਦੀ ਹੈ। ਇਹ ਯੋਗਤਾ ਹੀ ਵਿਰਾਟ ਵਸਤੂ-ਯਥਾਰਥ ਵਿਚੋਂ ਕਥਾ-ਵਸਤੂ ਦੀ ਚੋਣ ਬਾਰੇ ਸੁਝਾਅ ਜਾਂ ਪ੍ਰੇਰਨਾ ਦਿੰਦੀ ਹੈ ਜਿਸ ਰਾਹੀਂ ਕਥਾਕਾਰ ਦੀ ਕਥਾ-ਦ੍ਰਿਸ਼ਟੀ ਭਰਪੂਰਤਾ ਸਹਿਤ ਉਜਾਗਰ ਹੁੰਦੀ ਹੈ। ਕਥਾਕਾਰ ਦਾ ਕਥਾ ਤੋਂ ਪਾਸੇ ਖੜ੍ਹਣ ਦਾ ਮਤਲਬ ਕਥਾ ਵਿਚੋਂ ਗ਼ੈਰਹਾਜ਼ਰ ਹੋਣਾ ਹਰਗਿਜ਼ ਨਹੀਂ ਹੁੰਦਾ। ਅਸਲ ਵਿਚ ਕਿਸੇ ਵੀ ਕਥਾ ਦੀ ਵਿਉਂਤਬੰਦੀ ਕਰਦਿਆਂ, ਉਸ ਦਾ ਸੰਪਾਦਨ ਕਰਦਿਆਂ, ਘਟਨਾਵਾਂ, ਪ੍ਰਸਥਿਤੀਆਂ, ਪਾਤਰਾਂ ਵਿਚਲਾ

ਤਣਾਅ ਤੇ ਟਕਰਾਅ ਉਸਾਰਦਿਆਂ, ਸਿਰਜਤ ਪ੍ਰਸਥਿਤੀਆਂ ਵਿਚੋਂ ਵਿਸੇ ਪਰ ਸਹਿਜ ਅਰਥ ਉਜਾਗਰ ਕਰਦਿਆਂ ਕਥਾਕਾਰ ਦੀ ਕਥਾ-ਦ੍ਰਿਸ਼ਟੀ ਪੂਰੀ ਸਮਰੱਥਾ ਤੇ ਸਮੱਗਰਤਾ ਸਹਿਤ ਕਾਰਜਸ਼ੀਲ ਹੁੰਦੀ ਹੈ।

ਉਪਰੋਕਤ ਵਿਚਾਰ ਚਰਚਾ ਦਾ ਤਾਤਪਰਯ ਇਹ ਹੈ ਕਿ ਹਰੇਕ ਕਥਾ ਕਥਾਕਾਰ ਦੀ ਕਥਾ-ਦ੍ਰਿਸ਼ਟੀ ਉੱਪਰ ਆਧਾਰਿਤ ਹੁੰਦੀ ਹੈ ਜੋ ਉਸਦੀ ਵਿਲੱਖਣ ਹੁੰਦੀ ਹੈ। ਕਥਾਕਾਰ ਦੀ ਕਥਾ-ਦ੍ਰਿਸ਼ਟੀ ਦੀ ਸਿਰਜਣਾ ਉਸਦੀ ਜੀਵਨ-ਦ੍ਰਿਸ਼ਟੀ ਵਿਚੋਂ ਹੁੰਦੀ ਹੈ। ਜੀਵਨ-ਦ੍ਰਿਸ਼ਟੀ ਹਰੇਕ ਸਮਾਜਿਕ ਮਨੁੱਖ ਕੋਲ ਹੁੰਦੀ ਹੈ ਅਤੇ ਇਹ ਉਸਦੀ ਵਿਲੱਖਣ ਹੁੰਦੀ ਹੈ ਪਰ ਕਥਾ-ਦ੍ਰਿਸ਼ਟੀ ਕਥਾਕਾਰ ਨੂੰ ਵਿਲੱਖਣ ਜੀਵਨ-ਦ੍ਰਿਸ਼ਟੀ ਵਾਲੇ ਸਧਾਰਨ ਮਾਨਵ ਨਾਲੋਂ ਵਖਰਿਆਉਂਦੀ ਹੈ। ਸੋ ਜੀਵਨ-ਦ੍ਰਿਸ਼ਟੀ ਦਾ ਆਧਾਰ ਸਮਾਜਿਕ ਅਨੁਭਵ ਬਣਦਾ ਹੈ ਜੋ ਕਥਾ-ਦ੍ਰਿਸ਼ਟੀ ਰਾਹੀਂ ਪ੍ਰਵਰਤਿਤ ਹੋ ਕੇ ਕਥਾ ਦਾ ਰੂਪ ਧਾਰਨ ਕਰ ਲੈਂਦਾ ਹੈ। ਕਥਾਕਾਰੀ ਵਿਚ ਜੀਵਨ-ਦ੍ਰਿਸ਼ਟੀ, ਕਥਾ-ਦ੍ਰਿਸ਼ਟੀ, ਪਾਤਰਾਂ ਦੀ ਚੋਣ ਤੇ ਉਸਾਰੀ, ਬਿਰਤਾਂਤਕਾਰੀ ਆਦਿ ਵਰਗੇ ਤੱਤਗਤ ਸੰਕਲਪਾਂ ਦੀ ਕਥਾ ਮਾਡਲ ਵਿਚ ਹੋਂਦ ਅਤੇ ਵਰਤੋਂ ਦੇ ਪਿਛੋਕੜ ਵਿਚ ਸਮਾਜਿਕ ਅਨੁਭਵ ਦਾ ਮਹੱਤਵ ਮੈਂ ਇਹ ਕਹਾਣੀਆਂ ਪੜ੍ਹ ਕੇ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ।

ਇਹਨਾਂ ਕਹਾਣੀਆਂ ਵਿਚ ਮਾਨਵੀ ਜੀਵਨ ਦੇ ਸੁਹਜ-ਕੁਹਜ ਦੀ ਪੇਸ਼ਕਾਰੀ ਤਾਂ ਹੁੰਦੀ ਹੀ ਹੈ ਪਰ ਮਾਨਵੀ ਸਮਾਜ ਦੇ ਵਸਤੂ ਯਥਾਰਥ ਦੀਆਂ ਬਾਰੀਕੀਆਂ ਨੂੰ ਇਹ ਕਹਾਣੀਆਂ ਜਿਸ ਸਫ਼ਲਤਾ ਸਹਿਤ ਪੇਸ਼ ਕਰਦੀਆਂ ਹਨ ਉਹ ਕਥਾਕਾਰ ਦੀ ਵਿਲੱਖਣ ਕਥਾ-ਦ੍ਰਿਸ਼ਟੀ ਦਾ ਪ੍ਰਮਾਣ ਹੈ। ਇਹਨਾਂ ਕਹਾਣੀਆਂ ਵਿਚ ਵਰਤਮਾਨ ਸਮਾਜਿਕ ਜਿੰਦਗੀ ਵਿਚ ਸਹਿਜ ਵਿਖਾਈ ਦਿੰਦੇ ਵਰਤਾਰਿਆਂ ਰਾਹੀਂ ਸੂਖ਼ਮ ਕਥਾ-ਵਿਵੇਕ ਸਿਰਜਣ ਦੀ ਜੁਗਤ ਇਹਨਾਂ ਕਹਾਣੀਆਂ ਨੂੰ ਸਮਕਾਲੀਨ ਪੰਜਾਬੀ ਕਥਾਕਾਰੀ ਦੇ ਸੰਦਰਭ ਵਿਚ ਗੁਣਾਤਮਕ ਤੇ ਗਿਣਾਤਮਕ ਵੱਖਰਤਾ ਪ੍ਰਦਾਨ ਕਰਦੀ ਹੈ।

ਕਹਾਣੀ ਸੰਗ੍ਰਹਿ 'ਖੋਜ' ਵਿਚ ਕੁੱਲ ਗਿਆਰਾਂ ਕਹਾਣੀਆਂ ਸੰਗ੍ਰਹਿਤ ਹਨ। ਕਥਾ ਸੰਗ੍ਰਹਿ ਦੀਆਂ ਇਹਨਾਂ ਕਹਾਣੀਆਂ ਦਾ ਮੂਲ ਥੀਮ ਸਮਾਜਿਕ ਰਿਸ਼ਤਿਆਂ ਦੇ ਪ੍ਰਸੰਗ ਵਿਚ ਸੂਖ਼ਮ ਅਹਿਸਾਸਾਂ ਤੇ ਮਾਨਵੀ ਆਦਰਸ਼ਾਂ ਦੀ ਸਹਿਜ ਪੇਸ਼ਕਾਰੀ ਹੈ। ਵਰਤਮਾਨ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਮਨੁੱਖ ਦਾ ਜੀਵਨ ਲਗਾਤਾਰ ਜਟਿਲ ਅਤੇ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਉਸਦੇ ਵਿਵਹਾਰਕ ਜੀਵਨ ਵਿਚ ਅਸਹਿਜਤਾ ਦਾ ਵਾਧਾ ਨਿਰੰਤਰ ਜਾਰੀ ਹੈ। ਇਹ ਕਹਾਣੀਆਂ ਨਿਰੰਤਰ ਵਧ ਰਹੀ ਇਸ ਅਸਹਿਜਤਾ ਨੂੰ ਸਹਿਜਤਾ ਸਹਿਤ ਪੇਸ਼ ਕਰਦੀਆਂ ਹਨ। ਇਸਦਾ ਕਾਰਨ ਹਰਮਹਿੰਦਰ ਚਹਿਲ ਦੇ ਜੀਵਨ ਵਿਚਲੀ ਸਹਿਜਤਾ, ਸਰਲਤਾ ਤੇ ਸੰਵੇਦਨਾਤਮਕਤਾ ਹੀ ਹੈ। ਇਸ ਕਾਰਨ ਹੀ ਉਹ ਵਿਕਰਾਲ ਤੇ ਪ੍ਰਤੀਕੂਲ ਪ੍ਰਸਥਿਤੀਆਂ ਦੀ ਤਹਿ ਤਕ ਠਰੰਮੇ ਨਾਲ ਉਤਰ ਜਾਂਦਾ ਹੈ। ਪ੍ਰਸਥਿਤੀਆਂ ਨੂੰ ਨੀਝ ਲਾ ਕੇ ਦੇਖਦਾ, ਨਿਰਖਦਾ ਤੇ ਪਰਖਦਾ ਹੋਇਆ ਸਹਿਜ ਬਿਰਤਾਂਤ ਵਿਚ ਬੰਨ੍ਹਦਾ ਹੈ। ਕਾਹਲ ਨਾ ਉਸਦੇ ਸੁਭਾਅ ਵਿਚ ਹੈ ਤੇ ਨਾ ਹੀ ਉਸਦੀ ਕਥਾਕਾਰੀ ਵਿਚ।

ਹਰਮਹਿੰਦਰ ਚਹਿਲ ਦੇ ਇਸ ਕਹਾਣੀ ਸੰਗ੍ਰਹਿ 'ਖੋਜ' ਵਿਚਲੀਆਂ ਗਿਆਰਾਂ ਕਥਾਵਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਪੜ੍ਹਿਆ ਜਾਂ ਸਮਝਿਆ ਜਾ ਸਕਦਾ ਹੈ :

ਪਰਵਾਸੀ ਰਹਿਤਲ ਦੀਆਂ ਕਹਾਣੀਆਂ

ਕੁੱਲ ਕਹਾਣੀਆਂ - 5

1. ਪਛਾਣ
2. ਖੋਜ
3. ਘੁੰਮਣਘੇਰ
4. ਗਰੀਨਕਾਰਡ



5. ਕਰਜ ਆਵਾਸੀ ਰਹਿਤਲ ਦੀਆਂ ਕਹਾਣੀਆਂ

ਕੁੱਲ ਕਹਾਣੀਆਂ - 4

1. ਫੁਲਕਾਰੀ
2. ਮਮਤਾ
3. ਪੁੰਨ
4. ਨਕਾਬਪੋਸ਼

ਪਰਵਾਸੀ/ਆਵਾਸੀ ਰਹਿਤਲ ਦੀਆਂ ਕਹਾਣੀਆਂ

ਕੁੱਲ ਕਹਾਣੀਆਂ - 2

1. ਚਸਕ
2. ਵਾਪਸੀ

ਪਰਵਾਸੀ ਰਹਿਤਲ ਦੀਆਂ ਕਹਾਣੀਆਂ ਪਰਵਾਸੀ ਬੰਦੇ ਦੇ ਜੀਵਨ ਵਿਚਲੇ ਵਿਭਿੰਨ ਮਸਲਿਆਂ ਨੂੰ ਆਧਾਰ ਬਣਾਉਂਦੀਆਂ ਹਨ। ਇਹਨਾਂ ਕਹਾਣੀਆਂ ਦੀ ਵਿਸੇ ਗੱਲ ਇਹ ਹੈ ਕਿ ਇਹਨਾਂ ਵਿਚਲੀ ਸੁਰ ਕਿਧਰੇ ਵੀ ਭੂ-ਹੇਰਵੇ ਦੀ ਤਿੱਖੀ ਸੁਰ ਨਹੀਂ ਉਭਾਰਦੀ। ਇਹ ਕਹਾਣੀਆਂ ਅਖੌਤੀ ਭੂ-ਹੇਰਵੇ ਦੀਆਂ ਕਹਾਣੀਆਂ ਬਿਲਕੁਲ ਨਹੀਂ ਹਨ। ਇਹ ਕਹਾਣੀਆਂ ਪੱਛਮੀ ਮੁਲਕਾਂ, ਖਾਸ ਕਰਕੇ ਅਮਰੀਕਾ ਵਰਗੇ ਵਿਕਸਿਤ ਮੁਲਕਾਂ ਵਿਚ ਰਹਿੰਦੇ ਪੰਜਾਬੀ ਬੰਦੇ ਦੇ ਸੰਘਰਸ਼ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕਰਦੀਆਂ ਹਨ। ਕਹਾਣੀਆਂ ਵਿਚ ਪਰਵਾਸੀ ਪੰਜਾਬੀ ਅਤੇ ਮੂਲਵਾਸੀ ਦੋਵੇਂ ਤਰ੍ਹਾਂ ਦੇ ਪਾਤਰ ਟਕਰਾਅ ਤੇ ਮਿਲਾਪ ਦੀਆਂ ਸਧਾਰਨ ਤੇ ਯਥਾਰਥਕ ਹਾਲਤਾਂ ਵਿਚ ਵਿਚਰਦੇ ਹਨ। ਦੋਵੇਂ ਬਿਹਤਰ ਸਮਾਜਿਕ ਜੀਵਨ ਲਈ ਸੰਘਰਸ਼ਸ਼ੀਲ ਦਿਖਾਈ ਦਿੰਦੇ ਹਨ। ਬਿਰਤਾਂਤਕ ਪ੍ਰਸਥਿਤੀਆਂ ਵਿਚਲਾ ਤਣਾਅ ਤਥਾਕਥਿਤ ਸਮਾਜਿਕ ਟਕਰਾਅ ਕਾਰਨ ਹੀ ਨਹੀਂ ਬਲਕਿ ਸਭਿਆਚਾਰਕ ਅਵਚੇਤਨ ਵਿਚਲੇ ਮੁੱਲ-ਪ੍ਰਬੰਧ ਕਾਰਨ ਉਪਜਦਾ ਹੈ। ਪਰ ਮਹੱਤਵਪੂਰਨ ਗੱਲ ਇਹ ਹੈ ਕਿ ਕਹਾਣੀਕਾਰ ਚੇਤੰਨ ਰੂਪ ਵਿਚ ਪਾਤਰਾਂ ਅੰਦਰ ਭੂ-ਹੇਰਵਾ ਤਾਂ ਨਹੀਂ ਉਪਜਣ ਦਿੰਦਾ ਪਰ ਪੰਜਾਬੀ ਸੰਸਕ੍ਰਿਤੀ ਦੇ ਮੁੱਲ-ਪ੍ਰਬੰਧ ਨਾਲ ਪਾਤਰਾਂ ਨੂੰ ਜੋੜੀ ਰੱਖਦਾ ਹੈ। ਇਸਦਾ ਕਾਰਨ ਇਹ ਹੈ ਕਿ ਹੁਣ ਪਰਵਾਸ ਇੱਛਿਤ ਪਰਵਾਸ ਹੈ। ਪੈਸੇ ਕਮਾ ਕੇ, ਆਰਥਿਕ ਸਥਿਤੀ ਸੁਧਾਰਕੇ ਵਾਪਸ ਮੁੜ ਆਉਣ ਦੀ ਧਾਰਨਾ ਨਵੇਂ ਪਰਵਾਸੀਆਂ ਵਿਚੋਂ ਲੱਗਭੱਗ ਖ਼ਤਮ ਹੋ ਚੁੱਕੀ ਹੈ। ਇਸ ਲਈ ਇਛਿੱਤ ਪਰਵਾਸ ਵਿਚ ਭੂ-ਹੇਰਵੇ ਵਰਗੇ ਅਹਿਸਾਸ ਆਪਣੀ ਪ੍ਰਸੰਗਿਕਤਾ ਨਿਰਧਾਰਿਤ ਨਹੀਂ ਕਰ ਪਾਉਂਦੇ ਪਰ ਮੂਲ ਸੰਸਕ੍ਰਿਤੀ ਨਾਲ ਜੁੜੇ ਰਹਿਣ ਦਾ ਸੰਕਲਪ ਅਜੇ ਖ਼ਤਮ ਨਹੀਂ ਹੋਇਆ। ਇਸਦਾ ਕਾਰਨ ਆਪਣੇ ਭਾਈਚਾਰੇ ਨਾਲ ਜੁੜੇ ਰਹਿਕੇ ਵਰਗਹੀਣ ਨਾ ਹੋਣ ਦੀ ਧਾਰਨਾ ਵੀ ਹੋ ਸਕਦੀ ਹੈ। ਇਸਦੇ ਨਾਲ ਹੀ ਉਸ ਸਮਾਜਿਕ ਸਿਸਟਮ ਵਿਚ ਇਹ ਵਰਗ ਆਧਾਰਿਤ ਵੱਖਰੀ ਪਛਾਣ ਦਾ ਲਖਾਇਕ ਵੀ ਹੈ। ਹਰਮਹਿੰਦਰ ਚਹਿਲ ਦੇ ਨਾਵਲਾਂ ਨਾਲੋਂ ਇਹਨਾਂ ਕਹਾਣੀਆਂ ਵਿਚ ਪੰਜਾਬੀ ਅਤੇ ਅਮਰੀਕਨ ਪਾਤਰ ਵੱਖ-ਵੱਖ ਰਿਸ਼ਤਿਆਂ ਵਿਚ ਵਿਚਰਦੇ ਨਜ਼ਰ ਆਉਂਦੇ ਹਨ। ਬਦਲੀਆਂ ਪ੍ਰਸਥਿਤੀਆਂ ਵਿਚ ਮਾਨਵੀ ਹੋਂਦ ਲਈ ਸੰਘਰਸ਼ ਦੇ ਬਹੁਤੇ ਮੁੱਦੇ ਵੀ ਸਾਂਝੇ ਹੋ ਗਏ ਹਨ, ਇਹ ਸਾਂਝ ਸ਼ਾਇਦ ਇਸ ਕਾਰਨ ਹੈ।

ਇਸ ਵਰਗ ਦੀ ਪਹਿਲੀ ਕਹਾਣੀ 'ਪਛਾਣ' ਹੈ। ਇਹ ਕਹਾਣੀ ਅਮਰੀਕਾ ਵਿਚਲੇ ਆਰਥਿਕ ਮੰਦਵਾੜੇ ਦੇ ਪ੍ਰਭਾਵਾਂ ਨੂੰ ਸਮਾਜਿਕ ਪ੍ਰਸੰਗ ਵਿਚ ਚਿਤਰਦੀ ਹੈ। ਵਧੀਆ ਸਮਾਜਿਕ ਤੇ ਪਰਿਵਾਰਕ ਜਿੰਦਗੀ ਜਿਉਂ ਰਹੇ ਲੋਕਾਂ ਉੱਪਰ ਆਰਥਿਕ ਮੰਦੇ ਕਾਰਨ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ। ਨੌਕਰੀਆਂ ਵਿਚ ਛਾਂਟੀ ਹੋਣ ਕਾਰਨ ਬੇਰੁਜਗਾਰੀ ਵਧ ਜਾਂਦੀ ਹੈ। ਪਰਿਵਾਰਕ ਜਿੰਦਗੀ ਡਾਵਾਂਡੋਲ ਹੋ ਜਾਂਦੀ ਹੈ।

ਘਰੇਲੂ ਕਲੇਸ਼ ਵਧ ਜਾਂਦਾ ਹੈ ਜਿਸ ਕਾਰਨ ਹੱਸਦੇ-ਵਸਦੇ ਪਰਿਵਾਰ ਟੁੱਟਣ ਲਗਦੇ ਹਨ। ਇਸ ਸਮੁੱਚੇ ਘਟਨਾਕ੍ਰਮ ਨੂੰ ਕਹਾਣੀਕਾਰ ਕਹਾਣੀ ਵਿਚਲੇ ਪਾਤਰ ਜੈਕ ਰਾਹੀਂ ਚਿਤਰਦਾ ਹੈ। ਉੱਤਮ-ਪੁਰਖੀ ਬਿਰਤਾਂਤ ਵਿਚ ਲਿਖੀ ਗਈ ਇਸ ਕਹਾਣੀ ਵਿਚ ਜੈਕ ਆਪਣੇ ਵਰਗੇ ਹੋਰ ਬਹੁਤ ਸਾਰੇ ਅਮਰੀਕਨ ਪਰਿਵਾਰਾਂ ਦਾ ਪ੍ਰਤੀਨਿਧ ਪਾਤਰ ਹੈ। ਕਹਾਣੀ ਦਾ ਬਲਵਾਨ ਪੱਖ ਨਰੋਈਆਂ ਮਾਨਵੀ ਕਦਰਾਂ ਦੀ ਪੇਸ਼ਕਾਰੀ ਹੈ। ਜੈਕ ਬੇਸ਼ੱਕ ਆਰਥਿਕ ਰੂਪ ਵਿਚ ਟੁੱਟ ਕੇ ਬਿਖਰ ਜਾਂਦਾ ਹੈ ਪਰ ਉਸ ਅੰਦਰਲਾ ਆਦਰਸ਼ ਮਾਨਵੀ ਕਿਰਦਾਰ ਨਹੀਂ ਟੁੱਟਦਾ। ਮੈਂ ਪਾਤਰ ਦੁਆਰਾ ਦਿੱਤੇ ਜਾਣ ਵਾਲੇ ਦਸ ਡਾਲਰ ਲੈਣ ਤੋਂ ਉਹ ਇਹ ਕਹਿ ਕੇ ਮਨ੍ਹਾਂ ਕਰਦਾ ਹੈ ਕਿ ਮੈਂ ਭਿਖਾਰੀ ਨਹੀਂ ਹਾਂ। ਮੈਂ ਪਾਤਰ ਦੇ ਦਾਦੇ ਅਤੇ ਚਾਚੇ ਵਾਲੇ ਪ੍ਰਸੰਗ ਮਦਦ ਅਤੇ ਦਾਨ ਦੇ ਪੰਜਾਬੀ ਸੰਸਕ੍ਰਿਤਕ ਸੰਕਲਪਾਂ ਨੂੰ ਅੰਤਰ-ਰਾਸ਼ਟਰੀ ਪੱਧਰ ਉਪੱਰ ਵਿਸਥਾਰਦੇ ਹਨ। ਆਦਰਸ਼ਕ ਮੁੱਲ-ਪ੍ਰਬੰਧ ਹੀ ਮਾਨਵੀ ਕਿਰਦਾਰ ਦੀ ਪਛਾਣ ਦਾ ਆਧਾਰ ਬਣਦਾ ਹੈ ; ਕਹਾਣੀ ਇਹ ਸੰਦੇਸ਼ ਦਿੰਦੀ ਹੈ।

ਦੂਸਰੀ ਜ਼ਿਕਰਯੋਗ ਕਹਾਣੀ 'ਖੋਜ' ਹੈ। ਇਹ ਕਹਾਣੀ ਵੀ ਅਸਲੋਂ ਨਵੇਂ ਵਿਸ਼ੇ ਉਪੱਰ ਲਿਖੀ ਗਈ ਹੈ। ਇਸ ਕਹਾਣੀ ਵਿਚ ਸੱਪਰਮ ਡੋਨਰ ਰਾਹੀਂ ਬੱਚੇ ਦੇ ਜਨਮ ਅਤੇ ਕਿਸ਼ੋਰ ਅਵਸਥਾ ਵਿਚ ਉਸਦੇ ਆਪਣੀ ਪਛਾਣ ਲਈ ਭਟਕਣ ਨੂੰ ਗਾਲਪਨਿਕ ਕਥਾ ਵਿਚ ਢਾਲਿਆ ਗਿਆ ਹੈ। ਵਿਕਸਿਤ ਸਮਾਜਾਂ ਅੰਦਰ ਇਹ ਇਕ ਨਵੀਂ ਕਿਸਮ ਦੀ ਸਮੱਸਿਆ ਹੈ ਜਿਸਦੇ ਸਨਮੁੱਖ ਪੰਜਾਬੀ ਸਮਾਜ ਅਜੇ ਨਹੀਂ ਹੋਇਆ। ਔਰਤ-ਮਰਦ ਦੇ ਸਮਾਜਿਕ ਪ੍ਰਸੰਗ ਵਿਚ ਅਨੈਤਿਕ ਸਰੀਰਕ ਸਬੰਧਾਂ ਰਾਹੀਂ ਪੈਦਾ ਹੋਈ ਔਲਾਦ ਦੀ ਜਾਇਜ਼ਤਾ/ਨਾਜਾਇਜ਼ਤਾ ਤਾਂ ਪ੍ਰਸ਼ਨਾਂ ਦੇ ਘੇਰੇ ਵਿਚ ਆਉਂਦੀ ਹੈ ਪਰ ਕਹਾਣੀ ਵਿਚਲੇ ਅਮਰੀਕਨ ਸੰਸਕ੍ਰਿਤਕ ਪ੍ਰਬੰਧ ਵਿਚ ਇਸ ਪ੍ਰਕਾਰ ਦੇ ਸੱਪਰਮ ਡੋਨਰ ਰਾਹੀਂ ਪੈਦਾ ਹੋਣ ਵਾਲੇ ਬੱਚੇ ਸਮਾਜਿਕ ਪ੍ਰਸੰਗ ਵਿਚ ਤਾਂ ਜਾਇਜ਼ ਹਨ ; ਸਮਾਜਚਾਰੇ ਜਾਂ ਭਾਈਚਾਰੇ ਵਲੋਂ ਕਿਸੇ ਪ੍ਰਕਾਰ ਦੀ ਉਤਪੀੜਨਾ ਨਹੀਂ ਝੱਲਦੇ ਪਰ ਆਪਣੀ ਸਮਾਜਿਕ ਤੇ ਸਭਿਆਚਾਰਕ ਪਛਾਣ ਲਈ ਛਟਪਟਾਉਂਦੇ ਜਰੂਰ ਹਨ। ਉਹ ਕਈ ਵਾਰ ਡਾਵਾਂਡੋਲ ਮਾਨਸਿਕਤਾ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਜਿਵੇਂ ਕਹਾਣੀ ਵਿਚਲੀ ਪਾਤਰ ਸੈਫ਼ੀ ਹੋ ਜਾਂਦੀ ਹੈ। ਉਸਦੀ ਮਾਂ ਕੈਟਰੀਨਾ ਮਨ-ਇੱਛਿਤ ਔਲਾਦ ਲੜਕੀ ਦੇ ਰੂਪ ਵਿਚ ਪੈਦਾ ਕਰਨ ਲਈ ਸੱਪਰਮਬੈਂਕ ਤੋਂ ਦਾਨ ਕੀਤੇ ਸੱਪਰਮ ਲੈਂਦੀ ਹੈ। ਇਸ ਪ੍ਰਕਾਰ ਵਿਗਿਆਨਕ ਤਕਨੀਕ ਦੇ ਰਾਹੀਂ ਸੈਫ਼ੀ ਨੂੰ ਉਸਨੇ ਜਨਮ ਤਾਂ ਦਿੱਤਾ ਹੈ ਪਰ ਮਾਂ ਹੁੰਦਿਆਂ ਹੋਇਆਂ ਵੀ ਉਹ ਉਸਦੇ ਬਾਪ ਨੂੰ ਨਹੀਂ ਜਾਣਦੀ। ਇਸ ਲਈ ਸੈਫ਼ੀ ਵੀ ਨਹੀਂ ਜਾਣਦੀ ਕਿ ਉਸਦਾ ਬਾਪ ਕੌਣ ਹੈ। ਇਸ ਪ੍ਰਕਾਰ ਅਧੂਰੀ ਸਮਾਜਿਕ ਤੇ ਸਭਿਆਚਾਰਕ ਪਛਾਣ ਦਾ ਸੰਕਟ ਇਸ ਕਹਾਣੀ ਦਾ ਮੂਲ ਸਮੱਸਿਆਕਾਰ ਹੈ। ਇਹ ਬਾਪ ਦੀ ਤਲਾਸ਼ ਹੀ ਸੈਫ਼ੀ ਦੀ ਅਧੂਰੀ ਪਛਾਣ ਨੂੰ ਪੂਰਾ ਕਰਨ ਲਈ ਜਰੂਰੀ ਹੈ। ਕਹਾਣੀ ਵਿਚ ਦੋਵੇਂ ਮਾਵਾਂ-ਧੀਆਂ ਮਲਕੀਤ ਸਿੰਘ ਮੱਲਨ ਉਰਫ਼ ਮੱਲਾਂ ਦੀ ਤਲਾਸ਼ ਵਿਚ ਭਟਕਦੀਆਂ ਹਨ। ਅਖ਼ੀਰ ਵਿਚ ਕਹਾਣੀਕਾਰ ਮੌਕਾ-ਮੇਲ ਦੀ ਜੁਗਤ ਨਾਲ ਦੋਵਾਂ ਨੂੰ ਮਿਲਾ ਦਿੰਦਾ ਹੈ। ਕਹਾਣੀਕਾਰ ਜੈਨੇਟਿਕ ਸਾਂਝ ਦੇ ਵਿਗਿਆਨਕ ਸਿਧਾਂਤ ਨੂੰ ਕੁਦਰਤੀ/ਵਾਤਾਵਰਨਿਕ ਪ੍ਰਸੰਗ ਵਿਚ ਵਰਤਦਾ ਹੋਇਆ ਸੈਫ਼ੀ ਅਤੇ ਉਸਦੇ ਪੰਜਾਬੀ ਬਾਪ ਮਲਕੀਤ ਸਿੰਘ ਮੱਲਨ ਉਰਫ਼ ਮੱਲਾਂ ਵਿਚਲੀ ਸਾਂਝ ਲਗਾਤਾਰ ਛਿੱਕਾਂ ਆਉਣੀਆਂ ਤੇ ਫਿਰ ਮੌਸਮ ਵਿਚ ਤਬਦੀਲੀ ਹੋ ਕੇ ਮੀਂਹ ਪੈਣਾ ਨੂੰ ਮਿਲਣ ਦਾ ਆਧਾਰ ਬਣਾਉਂਦਾ ਹੈ। ਕਹਾਣੀ ਦਾ ਵਿਸ਼ਾ ਨਵਾਂ ਹੈ ਪਰ ਬਿਰਤਾਂਤ ਕਿਤੇ-ਕਿਤੇ ਫੇਅਰੀ ਟੇਲ ਜਾਂ ਪਰੀ ਕਹਾਣੀਆਂ ਵਰਗਾ ਹੈ। ਅਖ਼ੀਰ ਵਿਚ ਮਲਕੀਤ ਸਿੰਘ ਸੈਫ਼ੀ ਨੂੰ ਪਿਆਰ ਨਹੀਂ ਦਿੰਦਾ ਬਲਕਿ ਆਪਣੇ ਘਰ ਲੈ ਕੇ ਜਾਂਦਾ ਹੈ ਇਹ ਕਹਿ ਕੇ ਕਿ 'ਹੁਣ ਤੂੰ ਆਪਣੇ ਪਿਉ ਦੀ ਬੁੱਕਲ ਵਿਚ ਹੈਂ। ਆ ਘਰ ਨੂੰ ਚੱਲੀਏ ਤੇ ਤੈਨੂੰ ਤੇਰੇ ਦੂਸਰੇ ਭੈਣ ਭਰਾਵਾਂ ਨਾਲ ਮਿਲਾਵਾਂ।' ਮਲਕੀਤ ਸਿੰਘ ਇਕ ਆਦਰਸ਼ਕ ਪਾਤਰ ਬਣ ਕੇ ਉੱਭਰਦਾ ਹੈ ਜੋ ਅਗਲੇ ਨਤੀਜਿਆਂ ਤੋਂ ਬੇਖ਼ਬਰ ਸੈਫ਼ੀ ਦੀ ਅਧੂਰੀ ਪਛਾਣ ਨੂੰ ਪੂਰਾ ਕਰਦਾ ਹੈ। ਕਹਾਣੀ ਸੰਤੁਲਿਤ ਮਾਨਵੀ ਵਿਕਾਸ ਲਈ ਜਰੂਰੀ ਹੋਰ ਵਸਤਾਂ ਤੇ ਵਰਤਾਰਿਆਂ ਦੇ ਪ੍ਰਸੰਗ ਵਿਚ ਸਮਾਜਿਕ ਤੇ ਸਭਿਆਚਾਰਕ ਪਛਾਣ ਦੇ ਮਹੱਤਵ ਨੂੰ ਸਥਾਪਿਤ ਕਰਦੀ ਹੈ।



ਕਹਾਣੀ 'ਘੁੰਮਣਘੇਰ' ਅਮਰੀਕੀ ਰਹਿਤਲ ਵਿਚ ਭਾਵਾਨਾਤਮਕ ਰਿਸ਼ਤਿਆਂ ਵਿਚਲੇ ਗੰਦਲੇਪਨ ਨੂੰ ਪੇਸ਼ ਕਰਦੀ ਹੈ। ਕਹਾਣੀਕਾਰ ਇਹ ਧਾਰਨਾ ਕਹਾਣੀ ਦੇ ਬਿਰਤਾਂਤ ਰਾਹੀਂ ਸਥਾਪਿਤ ਕਰਨ ਦਾ ਯਤਨ ਕਰਦਾ ਹੈ ਕਿ ਵਿਕਸਿਤ ਮੁਲਕਾਂ ਨੇ ਆਰਥਿਕ ਵਿਕਾਸ ਨਾਲ ਪਦਾਰਥਕ ਤਰੱਕੀ ਤਾਂ ਬਹੁਤ ਕਰ ਲਈ ਹੈ ਪਰ ਸਮਾਜਿਕ ਵਿਕਾਸ ਅਸਲ ਵਿਚ ਇਕ ਭਰਮ ਹੀ ਹੈ ਕਿਉਂਕਿ ਇਹ ਵਿਕਾਸ ਸੰਤੁਲਿਤ ਵਿਕਾਸ ਨਹੀਂ ਹੈ। ਮਾਨਵੀ ਸਭਿਅਤਾ ਦੇ ਲੰਮੇ ਸੰਘਰਸ਼ ਰਾਹੀਂ ਸਥਾਪਿਤ ਹੋਈਆਂ ਨਰੋਈਆਂ ਕਦਰਾਂ-ਕੀਮਤਾਂ ਟੁੱਟ ਰਹੀਆਂ ਹਨ। ਅਖੌਤੀ ਵਿਕਸਿਤ ਸਮਾਜ ਕਾਨੂੰਨੀ ਮਾਨਤਾਵਾਂ ਰਾਹੀਂ ਸਮਾਜਿਕ ਪ੍ਰਵਾਨਗੀਆਂ ਲਈ ਮਸਨੂਈ ਆਧਾਰ ਤਾਂ ਸਿਰਜ ਸਕਦਾ ਹੈ ਪਰ ਸਿਹਤਮੰਦ ਸਭਿਅਕ ਸਮਾਜ ਕਾਨੂੰਨ ਨਹੀਂ ਸਭਿਆਚਾਰ ਹੀ ਸਿਰਜਦਾ ਹੈ। ਇਸ ਕਹਾਣੀ ਵਿਚ ਕੈਰਲ ਇਕ ਅਜਿਹਾ ਪਾਤਰ ਹੈ ਜੋ ਅਖੌਤੀ ਵਿਕਸਿਤ ਸਮਾਜ ਵਿਚ ਅਣਚਾਹੀ ਔਲਾਦ ਦੇ ਰੂਪ ਵਿਚ ਪੈਦਾ ਹੁੰਦਾ ਹੈ। ਉਸਦੀ ਮਾਂ ਜਿੰਦਗੀ ਨੂੰ ਖੁੱਲ ਕੇ ਮਾਨਣ ਦੀ ਆਪਣੀ ਚਾਹਤ ਪੂਰੀ ਕਰਨ ਲਈ ਉਸਨੂੰ ਜਨਮ ਦੇ ਕੇ ਸੋਸ਼ਲ ਸਕਿਉਰਟੀ ਦੇ ਹਵਾਲੇ ਕਰਕੇ ਚਲੀ ਜਾਂਦੀ ਹੈ। ਕੈਰਲ ਪਰਿਵਾਰਕ ਰਿਸ਼ਤਿਆਂ ਦੇ ਅਹਿਸਾਸ ਤੋਂ ਵਿਰਵੀ ਰਹਿੰਦੀ ਹੈ। ਉਸ ਕੋਲ ਮਾਂ-ਬਾਪ ਦੇ ਪਿਆਰ ਵਾਲੇ ਰਿਸ਼ਤੇ ਦਾ ਅਨੁਭਵ ਨਹੀਂ ਹੈ ਤੇ ਅਗਾਂਹ ਆਪਣੀ ਔਲਾਦ ਲਈ ਇਹ ਰਿਸ਼ਤੇ ਨਿਭਾਉਣ ਵਾਲੀ ਸੋਝੀ ਵੀ ਨਹੀਂ ਹੈ। ਇਹ ਸਮਾਜਿਕ/ਸਭਿਆਚਾਰਕ ਰਿਸ਼ਤਿਆਂ ਦੇ ਟੁੱਟਣ ਦੀ ਪ੍ਰਕਿਰਿਆ ਦਾ ਇਕ ਪੱਖ ਹੈ। ਸਮਾਜਿਕ ਵਿਕਾਸ ਦੇ ਇਸ ਔਝੜ ਰਾਹ ਉੱਪਰ ਚੱਲਦਿਆਂ ਲਿਵ ਇਨ ਰਿਲੇਸ਼ਨਸ਼ਿਪ ਅਜਿਹੇ, ਕੈਰਲ ਤੇ ਰੋਸ਼ੀ ਵਰਗੇ ਨਾਜਾਇਜ਼ ਬੱਚਿਆਂ ਦੀ ਬਹੁਤ ਵੱਡੀ ਸਮੱਸਿਆ ਲੈ ਕੇ ਆ ਰਹੀ ਹੈ। ਬਿਹਤਰ ਮਾਨਵੀ ਸਮਾਜ ਦੀ ਸਿਰਜਣਾ ਲਈ ਨਿਰਧਾਰਤ ਕੀਤੇ ਮੁੱਲਾਂ ਨੂੰ ਵਿਕਾਸ ਦੇ ਨਾਂ ਤੇ ਤੋੜ ਦੇਣ ਨਾਲ ਉਸ ਸਮਾਜ ਵਿਚ ਪੈਦਾ ਹੋਣ ਵਾਲੇ ਬੱਚੇ ਅਜਿਹੀ ਖੰਡਿਤ ਮਾਨਸਿਕਤਾ ਵਾਲੇ ਹੀ ਹੋਣਗੇ। ਅਸੀਂ ਕਿਸ ਤਰ੍ਹਾਂ ਦੇ ਮਾਨਵੀ ਸਮਾਜ ਦੀ ਸਿਰਜਣਾ ਵੱਲ ਵਧ ਰਹੇ ਹਾਂ ? ਇਹ ਇਕ ਬਹੁਤ ਵੱਡਾ ਪ੍ਰਸ਼ਨ ਇਹ ਕਹਾਣੀ ਪੈਦਾ ਕਰਦੀ ਹੈ ਜੋ ਗੰਭੀਰ ਵਿਚਾਰ ਚਰਚਾ ਦੀ ਮੰਗ ਕਰਦਾ ਹੈ।

ਹਰੀ ਭਾਵੇਂ ਗਰੀਨ ਕਾਰਡ ਲੈਣ ਲਈ ਸੰਘਰਸ਼ ਕਰ ਰਿਹਾ ਹੈ ਪਰ ਉਹ ਕੈਰਲ ਦੇ ਜਾਣ ਮਗਰੋਂ ਉਸਦੀ ਧੀ ਰੋਸ਼ੀ ਨੂੰ ਇਹ ਕਹਿਕੇ ਅਪਣਾ ਲੈਂਦਾ ਹੈ ਕਿ ਉਸਨੂੰ ਉਹ ਸਭ ਨਹੀਂ ਭੁਗਤਣ ਦੇਣਾ ਜੋ ਕੈਰਲ ਨੇ ਭੁਗਤਿਆ ਹੈ। ਉਹ ਮਾਨਵ ਦੋਖੀ ਖਾਊ-ਪੀਊ ਕਲਚਰ ਤੋਂ ਮੁੜਕੇ ਮਾਨਵ ਹਿਤੈਸ਼ੀ ਸਭਿਆਚਾਰਕ ਮੁੱਲਾਂ ਦੀ ਸਥਾਪਤੀ ਦਾ ਚਿੰਨ੍ਹ ਬਣ ਜਾਂਦਾ ਹੈ।

ਕਹਾਣੀ 'ਗਰੀਨਕਾਰਡ' ਕਹਾਣੀ ਦੇ ਨਾਂ ਤੋਂ ਹੀ ਪਤਾ ਚੱਲ ਜਾਂਦਾ ਹੈ ਕਿ ਇਹ ਗਰੀਨ ਕਾਰਡ ਦੀ ਪਰਵਾਸੀ ਜਿੰਦਗੀ ਵਿਚ ਅਹਿਮੀਅਤ ਨੂੰ ਸਥਾਪਿਤ ਕਰਦੀ ਹੈ। ਇਸ ਕਥਾ ਦਾ ਬਿਰਤਾਂਤ ਇਸ ਦੁਆਲੇ ਹੀ ਬੁਣਿਆ ਗਿਆ ਹੈ। ਗਰੀਨ ਕਾਰਡ ਲੈਣ ਲਈ ਪੰਜਾਬੀ ਕੀ-ਕੀ ਨੈਤਿਕ/ਅਨੈਤਿਕ ਕਾਰਜ ਕਰਦੇ ਹਨ ਇਹ ਕਹਾਣੀ ਮਿੱਕੀ ਅਤੇ ਉਸਦੀ ਵੱਡੀ ਭੈਣ ਨੂੰ ਕੇਂਦਰ ਵਿਚ ਰੱਖਦਿਆਂ ਉਸਦੇ ਵਿਭਿੰਨ ਪੱਖਾਂ ਉਪੱਰ ਰੌਸ਼ਨੀ ਪਾਉਂਦੀ ਹੈ। ਭੂਗੋਲਿਕਤਾ ਦੇ ਬਦਲਣ ਨਾਲ ਸਭਿਆਚਾਰਕ ਸੰਦਰਭ ਵੀ ਬਦਲ ਜਾਂਦੇ ਹਨ ਜਾਂ ਇਕੋ ਜਿਹੇ ਲਗਦੇ ਸੰਕਲਪਾਂ ਦੀ ਵਿਹਾਰਕਤਾ ਵਿਚ ਅੰਤਰ ਆ ਜਾਂਦਾ ਹੈ। ਧੀਆਂ-ਭੈਣਾਂ-ਕੁੜੀਆਂ ਨਾਲ ਜੁੜਿਆ ਇੱਜਤ ਦਾ ਸੰਕਲਪ, ਉਹਨਾਂ ਨੂੰ ਸੰਭਾਲਣ ਦੀ ਪੰਜਾਬੀ ਸਭਿਆਚਾਰ ਵਿਚਲੀ ਕਦਰ ਪ੍ਰਣਾਲੀ ਅਮਰੀਕਾ ਵਿਚਲੇ ਸਮਾਜ-ਸਭਿਆਚਾਰ ਪਰਿਵੇਸ਼ ਵਿਚਲੀਆਂ ਸਮੱਸਿਆਵਾਂ ਦੀ ਵਿਵਹਾਰਕਤਾ ਸਾਹਮਣੇ ਟਿਕ ਨਹੀਂ ਪਾਉਂਦੀ। ਉਹ ਪੂਰੀ ਤਰ੍ਹਾਂ ਟੁੱਟਦੀ ਤਾਂ ਭਾਵੇਂ ਨਹੀਂ ਪਰ ਟੁੱਟਣ ਦੀ ਪ੍ਰਕਿਰਿਆ ਵਿਚ ਪਈ ਹੋਈ ਬਚਾਅ ਖ਼ਾਤਿਰ ਪਰਿਵਰਤਿਤ ਹੁੰਦੀ ਜਰੂਰ ਨਜ਼ਰੀ ਪੈਂਦੀ ਹੈ। ਕਹਾਣੀਕਾਰ ਇਸ ਨੂੰ ਹਾਲਾਤ ਦੀ ਲੋੜ ਸਿੱਧ ਕਰਦਾ ਨਜ਼ਰ ਆਉਂਦਾ ਹੈ। ਇਸ ਪੱਖ ਤੋਂ ਇਹ ਮਾਨਵੀ ਵਿਹਾਰ ਵਿਚਲੀ ਮੌਕਾਪ੍ਰਸਤੀ ਨੂੰ ਪੇਸ਼ ਕਰਦਾ ਘਟਨਾਕ੍ਰਮ ਬਣ ਜਾਂਦਾ ਹੈ ਜਿਸਦੀ ਪੰਜਾਬੀ ਸਭਿਆਚਾਰ ਵਿਚ ਨਿਖੇਧ ਕੀਤਾ ਜਾਂਦਾ ਹੈ। ਭਾਵੇਂ ਪੰਜਾਬੀ ਸੰਸਕ੍ਰਿਤੀ ਵਿਚਲਾ ਪੰਜਾਬੀ ਬੰਦਾ

ਸਮਾਜਿਕ-ਸਭਿਆਚਾਰਕ ਮੁੱਲ ਪ੍ਰਬੰਧ ਦੀ ਰੱਖਿਆ ਅਤੇ ਬਹਾਲੀ ਖ਼ਾਤਿਰ ਆਪਣੀ ਹਸਤੀ ਤਕ ਮਿਟਾ ਦੇਣ ਵਾਲਾ ਜਜ਼ਬਾ ਰੱਖਦਾ ਹੈ ਪਰ ਅੱਜ ਵਾਸਤਵਿਕਤਾ ਇਸਦੇ ਬਿਲਕੁਲ ਉਲਟ ਹੈ। ਉਹ ਵੀ ਆਪਣੀ ਹਸਤੀ ਦੀ ਰੱਖਿਆ ਅਤੇ ਬਹਾਲੀ ਖ਼ਾਤਿਰ ਵਿਰਸੇ ਵਿਚ ਮਿਲੇ ਸੰਸਕ੍ਰਿਤਕ ਮੁੱਲ ਪ੍ਰਬੰਧ ਨੂੰ ਤਿਲਾਂਜਲੀ ਦੇ ਸਕਦਾ ਹੈ। ਇਸ ਕਹਾਣੀ ਵਿਚ ਇਉਂ ਹੀ ਵਾਪਰਦਾ ਹੈ। ਆਧੁਨਿਕਤਾ ਦੀਆਂ ਇਹਨਾਂ ਉਤਰ ਪ੍ਰਸਥਿਤੀਆਂ ਵਿਚ ਮਾਨਵੀ ਹੋਂਦ ਹਰੇਕ ਵਰਤਾਰੇ ਦੇ ਕੇਂਦਰ ਵਿਚ ਆ ਗਈ ਹੈ। ਗੌਰਵਸ਼ਾਲੀ ਸਮਾਜਿਕ-ਸਭਿਆਚਾਰਕ ਪਛਾਣ ਦੀ ਅਹਿਮੀਅਤ ਤਾਂ ਮੁੱਲਵਾਨ ਹੈ ਪਰ ਮੁੱਲ ਪ੍ਰਬੰਧ ਦਾ ਮਹੱਤਵ ਪ੍ਰਸਥਿਤੀਆਂ ਉੱਪਰ ਨਿਰਭਰ ਕਰਦਾ ਹੈ। ਇਹ ਕਦੇ ਅਗਰਭੂਮਿਤ ਹੁੰਦਾ ਹੈ ਤੇ ਕਦੇ ਪ੍ਰਿਸ਼ਠਭੂਮੀ ਵਿਚ ਚਲਾ ਜਾਂਦਾ ਹੈ। ਜਿਵੇਂ ਆਨਰ ਕਿਲਿੰਗ ਵਿਚ ਅਗਰਭੂਮੀ ਵਿਚ ਆ ਜਾਂਦਾ ਹੈ ਪਰ ਗਰੀਨਕਾਰਡ ਲੈਣ ਲਈ ਬਾਪ ਦੀ ਉਮਰ ਦੇ ਬੁੱਢੇ ਨਾਲ ਵਿਆਹ/ਸਬੰਧ ਸਮੇਂ ਜਾਂ ਮਿੱਕੀ ਦੇ ਸਮਲਿੰਗੀ ਸਬੰਧਾਂ ਸਮੇਂ ਪ੍ਰਿਸ਼ਠਭੂਮੀ ਵਿਚ ਚਲਾ ਜਾਂਦਾ ਹੈ। ਇਹ ਕਹਾਣੀ ਪੰਜਾਬ ਵਿਚਲੇ ਮਾਪਿਆਂ ਦੇ ਉਸ ਵਿਹਾਰ ਉੱਪਰ ਵੀ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ ਜਿਹਨਾਂ ਨੂੰ ਹਰੇਕ ਸਮੱਸਿਆ ਦਾ ਹੱਲ ਪਰਵਾਸ ਵਿਚ ਨਜ਼ਰ ਆਉਂਦਾ ਹੈ। ਗ਼ੈਰਕਾਨੂੰਨੀ ਪਰਵਾਸੀਆਂ ਦੀ ਮਾਨਸਿਕਤਾ ਤੇ ਸੋਸ਼ਣ ਨੂੰ ਇਹ ਕਹਾਣੀ ਬਾਖੂਬੀ ਪੇਸ਼ ਕਰਦੀ ਹੈ।

'ਕਰਜ' ਕਹਾਣੀ ਵਿਚ ਵੀ ਗ਼ੈਰਕਾਨੂੰਨੀ ਪਰਵਾਸ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਇਹ ਸਪੈਨਿਸ਼ ਪਾਤਰ ਜੈਸਿਕਾ ਅਤੇ ਉਸਦੇ ਪਰਿਵਾਰ ਦੇ ਗ਼ੈਰਕਾਨੂੰਨੀ ਪਰਵਾਸ ਦੀ ਕਹਾਣੀ ਹੈ। ਕਾਨੂੰਨ ਸਖ਼ਤ ਹੋਣ ਕਾਰਨ ਪੁਲਿਸ ਸਪੈਨਿਸ਼ ਲੋਕਾਂ ਨੂੰ ਫੜ ਰਹੀ ਹੈ। ਜੋ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਹਨ ਉਹਨਾਂ ਨੂੰ ਉਹਨਾਂ ਦੇ ਮੁਲਕ ਭੇਜਣ ਦੀ ਪ੍ਰਕਿਰਿਆ ਚੱਲ ਰਹੀ ਹੈ। ਕਹਾਣੀ ਵਿਚਲਾ ਮੈਂ ਪਾਤਰ ਪੁਲਿਸ ਵਿਚ ਨੌਕਰੀ ਕਰਦਾ ਹੈ। ਉਹਨਾਂ ਦੀ ਚਾਰ ਜਾਣਿਆਂ ਦੀ ਟੀਮ ਹੈ ਜਿਸ ਵਿਚ ਅਮਰੀਕੀ ਮੂਲ ਦੇ ਪੁਲਿਸ ਕਰਮਚਾਰੀ ਹਨ, ਇਕ ਕੋਰੀਅਨ ਮੂਲ ਦਾ ਹੈ ਤੇ ਇਕ ਪੰਜਾਬੀ ਮੂਲ ਦਾ ਹੈ ਜੋ ਕਹਾਣੀ ਬਿਰਤਾਂਤ ਵਿਚ ਬਤੌਰ ਮੈਂ ਪਾਤਰ ਕਾਰਜਸ਼ੀਲ ਹੈ। ਪਰਵਾਸੀਆਂ ਬਾਰੇ ਉਹਨਾਂ ਦੀਆਂ ਵੱਖਰੀਆਂ-ਵੱਖਰੀਆਂ ਪੁਜੀਸ਼ਨਾਂ ਉਹਨਾਂ ਦੇ ਵਿਹਾਰ ਵਿਚ ਵੀ ਦਿਖਾਈ ਦਿੰਦੀਆਂ ਹਨ। ਅਮਰੀਕੀ ਮੂਲ ਵਾਲੇ ਪੁਲਿਸ ਕਰਮਚਾਰੀ ਸੈਮ ਅਤੇ ਜੇਸਨ ਸਖ਼ਤ ਕਾਰਵਾਈ ਦੇ ਹੱਕ ਵਿਚ ਦਿਖਾਈ ਦਿੰਦੇ ਹਨ ਪਰ ਕੋਰੀਅਨ ਹੁਆਂਗ ਅਤੇ ਪੰਜਾਬੀ ਮੂਲ ਦਾ ਮੈਂ ਪਾਤਰ ਨਰਮ ਵਤੀਰੇ ਵਾਲਾ ਰੁਖ ਅਪਣਾਉਂਦੇ ਹਨ। ਉਹਨਾਂ ਦੋਹਾਂ ਵਿਚ ਪਰਵਾਸੀ ਕਮਿਊਨਿਟੀ ਨਾਲ ਸਬੰਧਿਤ ਹੋਣ ਕਾਰਨ ਸੰਵੇਦਨਾਤਮਕ ਪੱਧਰ ਤੇ ਸਾਂਝ ਬਣ ਜਾਂਦੀ ਹੈ। ਦੂਸਰੇ ਪਾਸੇ ਅਮਰੀਕੀ ਮੂਲ ਦੇ ਪੁਲਿਸ ਕਰਮਚਾਰੀਆਂ ਦਾ ਗ਼ੈਰਕਾਨੂੰਨੀ ਪਰਵਾਸੀਆਂ ਪ੍ਰਤੀ ਸਖ਼ਤ ਵਤੀਰਾ ਅਮਰੀਕੀ ਮੂਲ ਵਾਸੀਆਂ ਦੀ ਉਸ ਮਾਨਸਿਕਤਾ ਨੂੰ ਸੰਕੇਤਕ ਪੱਧਰ ਉਪੱਰ ਦਰਸਾਉਂਦਾ ਹੈ ਜਿਸ ਵਿਚੋਂ ਨਸਲੀ ਹਿੰਸਾ ਵਰਗਾ ਸਮਾਜਿਕ ਵਿਵਹਾਰ ਪ੍ਰਤੀਬਿੰਬਤ ਹੁੰਦਾ ਹੈ।

ਕਹਾਣੀਕਾਰ ਇਸ ਕਹਾਣੀ ਰਾਹੀਂ ਸਿਸਟਮ ਅੱਗੇ ਬੇਬਸ ਪਾਤਰਾਂ ਦੀ ਬੇਬਸੀ ਦਾ ਚਿਤਰਣ ਬਾਖੂ ਕਰਦਾ ਹੈ ਕਿ ਇਹ ਸਿਸਟਮ ਮਾਨਵ ਅੰਦਰਲੀਆਂ ਮਾਨਵਵਾਦੀ ਭਾਵਨਾਵਾਂ ਦਾ ਸੰਘਾਰ ਕਰ ਦਿੰਦਾ ਹੈ। ਜੈਸਿਕਾ ਪਰਿਵਾਰਕ ਜਿੰਦਗੀ ਜਿਉਣਾ ਚਾਹੁੰਦੀ ਹੈ। ਮਾਨਵੀ ਸੰਵੇਦਨਾ ਦੇ ਪੱਖ ਤੋਂ ਆਪਣੀ ਇਸ ਹਾਂ-ਪੱਖੀ ਚਾਹਤ ਨੂੰ ਪੂਰਾ ਕਰਨ ਹਿਤ ਉਹ ਸਮਾਜਿਕ ਪੱਖ ਤੋਂ ਹਰੇਕ ਹਾਂ-ਪੱਖੀ ਤੇ ਨਾ-ਪੱਖੀ ਹਰਬਾ ਵਰਤਦੀ ਹੈ। ਉਹ ਪਰਿਵਾਰ ਨੂੰ ਇੱਕਠਾ ਕਰ ਵੀ ਲੈਂਦੀ ਹੈ ਪਰ ਗ਼ੈਰਕਾਨੂੰਨੀ ਹੋਣ ਕਾਰਨ ਸਿਸਟਮ ਉਸਦੇ ਪਰਿਵਾਰ ਨੂੰ ਡਿਪੋਰਟ ਕਰਨਾ ਚਾਹੁੰਦਾ ਹੈ। ਵਿਡੰਬਨਾ ਇਹ ਹੈ ਕਿ ਮੈਂ ਪਾਤਰ ਜੈਸਿਕਾ ਦੀ ਮਦਦ ਕਰਨੀ ਚਾਹੁੰਦਾ ਹੈ ਕਿਉਂ ਕਿ ਜੈਸਿਕਾ ਨੇ ਉਸਦੀ ਮਦਦ ਕੀਤੀ ਸੀ ਪਰ ਸਿਸਟਮ ਦੀ ਕਰੂਰਤਾ ਇਹ ਹੈ ਕਿ ਉਹ ਚਾਹੁੰਦਾ ਹੋਇਆ ਵੀ ਕੁਝ ਨਹੀਂ ਕਰ ਸਕਦਾ। ਡਾਈਨਿੰਗ ਟੇਬਲ ਉੱਪਰ ਸੂਪ ਵਾਲਾ ਡੋਂਗਾ ਪਰੋਸਿਆ ਹੀ ਰਹਿ ਜਾਣਾ ਮਾਨਵ ਕੋਲੋਂ ਜੀਵਨ ਦੀਆਂ ਬੁਨਿਆਦੀ ਲੋੜਾਂ ਵੀ ਖੋਹ ਲੈਣ ਦਾ ਪ੍ਰਤੀਕ ਹੈ ਕਿ ਸਿਸਟਮ ਕਾਨੂੰਨ ਦੀ ਪੱਧਰ ਉੱਪਰ ਮਾਨਵਵਾਦੀ ਹੁੰਦਾ ਹੈ ਨੈਤਿਕ ਪੱਧਰ ਉੱਪਰ ਮਾਨਵਵਾਦੀ ਨਹੀਂ ਹੁੰਦਾ। ਮੈਂ



ਪਾਤਰ ਆਪਣੇ ਆਪ ਨੂੰ ਦੋਸ਼ੀ ਮੰਨਦਾ ਹੈ। ਉਸਦਾ ਨੈਤਿਕ ਰੂਪ ਵਿਚ ਖੁ ਨੂੰ ਦੋਸ਼ੀ ਸਮਝਣਾ ਹੀ ਸਭ ਤੋਂ ਮਹੱਤਵਪੂਰਨ ਪੱਖ ਹੈ ਜਿਹੜਾ ਸਿਸਟਮ ਨਾਲੋਂ ਮਾਨਵਤਾ ਨੂੰ ਪਹਿਲ ਦੇਣ ਦੀ ਪੈਰਵੀ ਕਰਦਾ ਹੈ।

ਕਹਾਣੀਆਂ ਫੁਲਕਾਰੀ, ਮਮਤਾ, ਪੁੰਨ ਤੇ ਨਕਾਬਪੋਸ਼ ਵਿਚ ਕਹਾਣੀਕਾਰ ਦੇ ਪੰਜਾਬੀ ਰਹਿਤਲ ਦੇ ਅਨੁਭਵ ਵਿਚੋਂ ਰਚਨਾਤਮਕ ਸਰੋਕਾਰ ਤਲਾਸ਼ਦੀਆਂ ਹਨ। 'ਫੁਲਕਾਰੀ' ਕਹਾਣੀ ਇਕ ਅਜਿਹੇ ਗਰੀਬ ਪੇਂਡੂ ਦਲਿਤ ਪਰਿਵਾਰ ਦੀ ਕਹਾਣੀ ਹੈ ਜਿਸ ਵਿਚ ਆਰਥਿਕ ਥੁੜਾਂ ਵਿਚ ਵੀ ਪਿਆਰ ਦੇ ਹੁੰਦਿਆਂ ਜਿੰਦਗੀ ਬਹੁਤ ਵਧੀਆ ਹੈ ਪਰ ਮਿੰਦੇ ਦੇ ਨੌਕਰੀ ਲੱਗਣ ਅਤੇ ਵਿਆਹ ਹੋਣ ਮਗਰੋਂ ਆਰਥਿਕ ਹਾਲਤ ਤਾਂ ਸੁਧਰ ਜਾਂਦੇ ਹਨ ਪਰ ਪਰਿਵਾਰਕ ਜਿੰਦਗੀ ਨਰਕ ਬਣ ਜਾਂਦੀ ਹੈ। ਮਾਂ ਅਤੇ ਮਾਂ ਦੀ ਫੁਲਕਾਰੀ, ਜੋ ਦੋਵਾਂ ਭਰਾਵਾਂ ਨੂੰ ਜੋੜਣ ਵਾਲੀ ਕੜੀ ਹੈ, ਉਹ ਟੁੱਟ ਜਾਂਦੀ ਹੈ। ਮਿੰਦਾ ਨਿੰਦੇ ਨੂੰ ਘਰੋਂ ਹੀ ਨਹੀਂ ਕੱਢਦਾ ਬਲਕਿ ਚੋਰ ਕਹਿਕੇ ਕੁੱਟਦਾ ਵੀ ਹੈ। ਫੁਲਕਾਰੀ ਮਮਤਾ ਦੇ ਨਿੱਘ ਅਤੇ ਰਿਸ਼ਤਿਆਂ ਵਿਚਲੇ ਮੋਹ ਅਤੇ ਰੰਗੀਨੀ ਦੀ ਪ੍ਰਤੀਕ ਹੈ ਜੋ ਹੌਲੀ-ਹੌਲੀ ਘਸ ਜਾਂਦੀ ਹੈ ਤੇ ਫਿਰ ਸੰਦੂਕ ਵਿਚ ਬੰਦ ਹੋ ਜਾਂਦੀ ਹੈ। ਉਹ ਆਪਣੀ ਸਮਕਾਲੀ ਪ੍ਰਸੰਗਿਕਤਾ ਗਵਾ ਬੈਠੀ ਹੈ। ਮਾਂ ਦੀ ਕੋਠੜੀ ਮੂਹਰੇ ਲੱਗਿਆ ਖ਼ੂਨ ਦਾ ਛੱਪੜ ਰਿਸ਼ਤਗੀ ਦੇ ਕਤਲ਼ ਦਾ ਪ੍ਰਤੀਕ ਹੈ। ਕਹਾਣੀ ਦੇ ਅੰਤ ਸਮੇਂ ਨੰਬਰਦਾਰ ਦਾ ਸਮੁੱਚੇ ਘਟਨਾਕ੍ਰਮ ਵਿਚ ਸੂਤਰਧਾਰ ਦੀ ਭੂਮਿਕਾ ਨਿਭਾਉਣੀ ਕਹਾਣੀ ਬਿਰਤਾਂਤ ਦੀ ਚਾਲ ਨੂੰ ਪ੍ਰਭਾਵਹੀਨ ਕਰ ਦਿੰਦੀ ਹੈ।

ਕਹਾਣੀ 'ਮਮਤਾ' ਮਿਰਗ ਬੱਚੇ ਦੀ ਤੜਪ ਦੇ ਰਾਹੀਂ ਮਾਨਵੀ ਹਿਰਦੇ ਵਿਚਲੇ ਵਾਤਸਲ ਪਿਆਰ ਨੂੰ ਪੇਸ਼ ਕਰਦੀ ਹੈ। ਮਿਰਗ ਦਾ ਬੱਚਾ ਪ੍ਰਾਪਤ ਕਰਕੇ ਵੀ ਬੱਬੂ ਉਦਾਸ ਹੈ ਕਿਉਂ ਕਿ ਮਾਂ ਨਾਲੋਂ ਵਿੱਛੜ ਕੇ ਮਿਰਗ ਦਾ ਬੱਚਾ ਉਦਾਸ ਹੈ। ਮਿਰਗਣੀ ਮਾਂ ਦੀ ਆਵਾਜ਼ ਸੁਣ ਕੇ, ਉਸਦੀ ਹੋਂਦ ਦੇ ਅਹਿਸਾਸ ਨਾਲ ਮਿਰਗ ਦਾ ਬੱਚਾ ਖ਼ੁਸ਼ ਹੁੰਦਾ ਹੈ ਪਰ ਅੱਗੇ-ਪਿੱਛੇ ਉਹ ਉਦਾਸ ਰਹਿੰਦਾ ਹੈ ਤੇ ਕੁਝ ਖਾਂਦਾ-ਪੀਂਦਾ ਵੀ ਨਹੀਂ। ਉਸਦੀ ਇਹ ਅਵਸਥਾ ਬੱਬੂ ਦੇ ਬਾਲ ਮਨ ਉਪੱਰ ਅਸਰ ਕਰਦੀ ਹੈ ਤੇ ਬੱਬੂ ਬਿਮਾਰ ਹੋ ਜਾਂਦਾ ਹੈ। ਬੱਬੂ ਦੀ ਮਾਂ ਵੀ ਉਸ ਕੋਲ ਨਹੀਂ ਹੈ। ਬੱਬੂ ਦੇ ਬਾਲ ਮਨ ਉੱਪਰ ਇਸ ਗੱਲ ਦਾ ਵੀ ਅਸਰ ਹੁੰਦਾ ਹੈ। ਉਹ ਆਪਣੀ ਸਥਿਤੀ ਨਾਲ ਜੋੜ ਕੇ ਮਿਰਗ ਦੇ ਬੱਚੇ ਦੀ ਮਾਨਸਿਕ ਸਥਿਤੀ ਨੂੰ ਸਮਝਦਾ ਹੈ। ਇਸ ਉਪਰੰਤ ਉਹ ਦੋਸ਼ ਭਾਵਨਾ ਵਿਚ ਗ੍ਰਸਤ ਹੋ ਕੇ ਹੀ ਬਿਮਾਰ ਹੋ ਜਾਂਦਾ ਹੈ। ਉਸਦੀ ਬਿਮਾਰੀ ਦਾ ਇਲਾਜ ਸਰੀਰਕ ਨਹੀਂ ਬਲਕਿ ਮਾਨਸਿਕ ਹੈ। ਦੋਸ਼ ਮੁਕਤ ਹੋਣ ਲਈ ਉਹ ਮਿਰਗ ਦੇ ਬੱਚੇ ਨੂੰ ਉਸਦੀ ਮਾਂ ਕੋਲ ਜਾਣ ਲਈ ਖੋਲ ਦਿੰਦਾ ਹੈ। ਮਿਰਗ ਦਾ ਬੱਚਾ ਵੀ ਖ਼ੁਸ਼ ਹੋ ਜਾਂਦਾ ਹੈ ਤੇ ਬੱਬੂ ਵੀ ਠੀਕ ਹੋ ਜਾਂਦਾ ਹੈ।

ਇਸ ਭਾਗ ਦੀਆਂ ਦੋ ਕਹਾਣੀਆਂ ਪੰਜਾਬ ਅੰਦਰ ਵੀਹਵੀਂ ਸਦੀ ਦੌਰਾਨ ਵਾਪਰੇ ਦੋ ਮਹੱਤਵਪੂਰਨ ਘਟਨਾਕ੍ਰਮਾਂ ਨਾਲ ਵਾਬਸਤਾ ਕਥਾਵਾਂ ਹਨ। ਇਹ ਦੋ ਘਟਨਾਕ੍ਰਮ '47 ਦੀ ਭਾਰਤ-ਪਾਕਿ ਵੰਡ ਅਤੇ ਨੌਵੇਂ-ਦਸਵੇਂ ਦਹਾਕੇ ਦਾ ਪੰਜਾਬ ਸੰਕਟ ਹੈ। ਇਹਨਾਂ ਦੋਹਾਂ ਘਟਨਾਕ੍ਰਮਾਂ ਨੇ ਪੰਜਾਬ ਦੀ ਸਮਾਜਿਕ ਜਿੰਦਗੀ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਬਲਕਿ ਸੰਸਕ੍ਰਿਤਕ ਪੱਧਰ ਉਪੱਰ ਵੀ ਪੰਜਾਬੀਆਂ ਦੀ ਲੋਕ ਮਾਨਸਿਕਤਾ ਵਿਚ ਤਬਦੀਲੀ ਲੈ ਕੇ ਆਂਦੀ। ਇਹਨਾਂ ਦੋਹਾਂ ਸਮਿਆਂ ਵਿਚ ਪੰਜਾਬੀਆਂ ਦੇ ਵਿਅਕਤਿਤਵ ਵਿਚ ਪੰਜਾਬੀ ਲੋਕ ਸੰਸਕ੍ਰਿਤੀ ਦੇ ਪ੍ਰਤੀਮਾਨਕ ਪੱਖ ਅਤੇ ਵਿਵਹਾਰਕ ਪੱਖ ਵਿਚ ਫ਼ਰਕ ਮਹਿਸੂਸ ਕੀਤਾ ਗਿਆ। ਹਰਮਹਿੰਦਰ ਚਹਿਲ ਦੀਆਂ ਇਹ ਕਹਾਣੀਆਂ ਪੰਜਾਬੀਆਂ ਦੇ ਵਿਅਕਤਿਤਵ ਵਿਚਲੇ ਇਸ ਫ਼ਰਕ ਨੂੰ ਪ੍ਰਤੀਬਿੰਬਤ ਕਰਨ ਦਾ ਯਤਨ ਕਰਦੀਆਂ ਹਨ। ਇਹ ਕਹਾਣੀਆਂ 'ਪੁੰਨ' ਅਤੇ 'ਨਕਾਬਪੋਸ਼' ਹਨ।

ਕਹਾਣੀ 'ਪੁੰਨ' 1947 ਈ. ਦੀ ਦੇਸ਼ ਵੰਡ ਨਾਲ ਸਬੰਧਿਤ ਬਿਰਤਾਂਤ ਵਾਲੀ ਕਹਾਣੀ ਹੈ। ਕਹਾਣੀ ਵਿਚ ਜਿੰਦਗੀ ਅਤੇ ਮੌਤ ਦੀ ਕਸ਼ਮਕਸ਼ ਬਿਆਨ ਕੀਤੀ ਗਈ ਹੈ। ਕਹਾਣੀ ਬਿਰਤਾਂਤ ਵਿਚ ਜਦੋਂ ਇਕ ਧਿਰ ਨੂੰ ਮੌਤ ਦੇ ਡਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਉਸ ਧਿਰ ਦਾ ਵਿਵਹਾਰ ਸੰਕੇਤਕ ਰੂਪ ਵਿਚ ਜੀਵਨ ਨੂੰ ਬਚਾਉਣ ਵਾਲਾ ਹੁੰਦਾ ਹੈ। ਕਹਾਣੀ ਦਾ ਆਰੰਭ ਉਤਸੁਕਤਾ ਭਰਪੂਰ ਹੈ। ਕਹਾਣੀ

ਇਸ ਦਾਰਸ਼ਨਿਕ ਪਹੁੰਚ ਦਾ ਸਬੂਤ ਦਿੰਦੀ ਹੈ ਕਿ ਜ਼ਿੰਦਗੀ ਦੀਆਂ ਪ੍ਰਤੀਕੂਲ ਹਾਲਤਾਂ ਤੋਂ ਪਾਰ ਲੈ ਕੇ ਜਾਣਾ ਪੁੰਨ ਦਾ ਕੰਮ ਹੁੰਦਾ ਹੈ। ਪੁੰਨ ਜਾਂ ਪਾਪ ਨੂੰ ਅਸਲ ਵਿਚ ਪ੍ਰਸਥਿਤੀਆਂ ਹੀ ਪਰਿਭਾਸ਼ਤ ਕਰਦੀਆਂ ਹਨ। ਕਿਸੇ ਮਨੁੱਖ ਜਾਂ ਜੀਵ ਦੀ ਹੱਤਿਆ ਕਰਨ ਦਾ ਮਾਨਵੀ ਵਿਵਹਾਰ ਸਧਾਰਨ ਹਾਲਤਾਂ ਵਿਚ ਪਾਪ ਦੇ ਅਰਥਾਂ ਵਿਚ ਸਮਝਿਆ ਜਾਵੇਗਾ ਪਰ ਕਹਾਣੀ ਦੇ ਘਟਨਾਕ੍ਰਮ ਵਿਚ ਰਹਿਮਤ ਅਲੀ ਨੂੰ ਮਾਰਨਾ ਪੁੰਨ ਦਾ ਕੰਮ ਹੈ। ਕਹਾਣੀ ਦੇ ਅੰਤ ਦਾ ਘਟਨਾਕ੍ਰਮ ਕਹਾਣੀ ਦੇ ਆਦਿ ਅਤੇ ਮੱਧ ਵਿਚਲੇ ਫ਼ਿਰਕੂਵਾਦ ਦੇ ਪ੍ਰਭਾਵ ਵਿਚੋਂ ਨਿੱਕਲ ਕੇ ਨਿਰੋਲ ਮਾਨਵੀ ਸੰਵੇਦਨਾ ਨੂੰ ਪੇਸ਼ ਕਰਦਾ ਹੈ ਜਿਸ ਵਿਚ ਫ਼ਿਰਕੂਵਾਦੀ ਭਾਵਨਾਵਾਂ ਲਈ ਕੋਈ ਥਾਂ ਨਹੀਂ ਹੈ। ਵੈਸੇ ਵੀ ਸਮੁੱਚੇ ਕਹਾਣੀ ਬਿਰਤਾਂਤ ਵਿਚ ਫ਼ਿਰਕੂਵਾਦੀ ਟਕਰਾਅ ਕਿਧਰੇ ਵੀ ਤਿੱਖਾ ਨਹੀਂ ਹੈ। ਸਮੁੱਚਾ ਘਟਨਾਵੀਂ ਚੱਕਰ ਜੀਵਨ ਨੂੰ ਬਚਾਉਣ ਅਤੇ ਮਾਨਵਤਾ ਦੀ ਬਹਾਲੀ ਦੇ ਯਤਨਾਂ ਦੀ ਕਥਾਕਾਰੀ ਹੈ। ਕਹਾਣੀ ਦੀ ਕਥਾਕਾਰੀ ਵਿਚਲਾ ਸੰਤੁਲਨ ਇਸਦੀ ਵਿਸੇ ਹੈ। 'ਨਕਾਬਪੋਸ਼' ਕਹਾਣੀ ਪੰਜਾਬ ਸੰਕਟ ਦੇ ਸਮੇਂ ਦੀ ਕਹਾਣੀ ਹੈ। ਇਸ ਕਹਾਣੀ ਵਿਚ ਖਾੜਕੂ ਲਹਿਰ ਦੀ ਆੜ ਵਿਚ ਨਿੱਜੀ ਦੁਸ਼ਮਣੀਆਂ ਕਢੱਣ ਵਾਲੇ ਪੱਖ ਦੀ ਪੇਸ਼ਕਾਰੀ ਹੋਈ ਹੈ। ਲਹਿਰ ਵਿਚਲੇ ਅਖੌਤੀ ਸਿੰਘਾਂ ਦੇ ਕਿਰਦਾਰ ਵੱਲ ਵੀ ਸੰਕੇਤ ਕੀਤੇ ਗਏ ਹਨ ਕਿ ਉਹ ਖਾੜਕੂ ਸਿੰਘ ਨਹੀਂ ਬਲਕਿ ਵਾਸਤਵ ਵਿਚ ਪੈਸੇ ਲੈ ਕੇ ਕਤਲੋਗਾਰਤ ਕਰਨ ਵਾਲੇ ਏਜੰਟ ਹੀ ਹਨ। ਅਜਿਹੇ ਏਜੰਟ ਵਰਗਾਂ ਦੀ ਕਾਰਜਸ਼ੈਲੀ ਦੀ ਬਾਰੀਕੀ ਨਾਲ ਪੇਸ਼ਕਾਰੀ ਹਰਮਹਿੰਦਰ ਚਹਿਲ ਦੀ ਸਮਾਜਿਕ/ਰਾਜਨੀਤਕ ਵਰਤਾਰਿਆਂ ਬਾਰੇ ਸਮਝ ਦੀ ਲਖਾਇਕ ਹੈ। ਇਸ ਕਹਾਣੀ ਵਿਚ ਵੀ ਜ਼ਮੀਨ ਦੇ ਲਾਲਚ ਵਿਚ ਭਰਾ ਦਾ ਕਤਲ ਕਰਵਾਉਣ ਵਾਲੇ ਹਰਪਾਲ ਦੇ ਰਾਹੀਂ ਰਿਸ਼ਤਿਆਂ ਵਿਚਲੇ ਗੰਦਲੇਪਣ ਨੂੰ ਸਾਫ਼-ਸਾਫ਼ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਕਹਾਣੀਕਾਰ ਉਸ ਸਮੇਂ ਦੀਆਂ ਸਮੁੱਚੀਆਂ ਸਮਾਜਿਕ/ਸਭਿਆਚਾਰਕ/ਰਾਜਨੀਤਕ ਪ੍ਰਸਥਿਤੀਆਂ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਸਮੁੱਚਾ ਵਾਤਾਵਰਨ ਹੀ ਗੰਧਲਿਆ ਹੋਇਆ ਹੈ ਜਿਸ ਵਿਚ ਸਮਾਜ, ਧਰਮ, ਸਭਿਆਚਾਰ, ਭਾਈਚਾਰਾ, ਸਿਸਟਮ ਆਦਿ ਦਿਸ਼ਾਹੀਨ ਹੋ ਕੇ ਭਟਕ ਰਹੇ ਹਨ ਪਰ ਕਾਮਰੇਡ ਪਾਤਰ ਦਾ ਬਚ ਜਾਣਾ ਹੀ ਸੰਘਰਸ਼ ਅਤੇ ਸੰਭਾਵਨਾ ਦੇ ਖ਼ਤਮ ਨਾ ਹੋਣ ਦਾ ਪ੍ਰਤੀਕ ਹੈ।

ਕਹਾਣੀ ਸੰਗ੍ਰਹਿ ਦੇ ਵਿਧੀਵਤ ਅਧਿਐਨ ਲਈ ਕੀਤੀ ਵਰਗ ਵੰਡ ਅਨੁਸਾਰ ਤੀਜੇ ਭਾਗ ਦੀ ਪਹਿਲੀ ਕਹਾਣੀ 'ਚਸਕ' ਮਾਨਵੀ ਸਮਾਜ ਵਿਚਲੇ 'ਥਰਡ ਜੈਂਡਰ' ਯਾਨੀ ਕਿ ਖੁਸਰਿਆਂ ਬਾਰੇ ਲਿਖੀ ਗਈ ਹੈ। ਸਮੁੱਚੇ ਮਾਨਵੀ ਸਮਾਜਾਂ ਵਿਚ ਇਹਨਾਂ ਨੂੰ ਕਾਨੂੰਨੀ ਪ੍ਰਵਾਨਗੀ ਤਾਂ ਹਾਸਿਲ ਹੈ ਪਰ ਸਮਾਜ-ਸਭਿਆਚਾਰਕ ਪ੍ਰਸੰਗ ਵਿਚ ਇਹ ਸਧਾਰਨ ਜ਼ਿੰਦਗੀ ਜਿਉਣ ਦੇ ਹੱਕਦਾਰ ਨਹੀਂ ਹਨ। ਕਹਾਣੀ ਵਿਚ ਰਾਣੀ ਨਾਲ ਵੀ ਇੰਝ ਹੀ ਵਾਪਰਦਾ ਹੈ। ਸਧਾਰਨ ਕੁੜੀਆਂ ਵਰਗੀ ਜ਼ਿੰਦਗੀ ਜਿਉਂਦੀ ਹੋਈ ਉਹ ਹਾਰਮੋਨਲ ਤਬਦੀਲੀਆਂ ਕਾਰਨ ਪਛਾਣ ਲਈ ਜਾਂਦੀ ਹੈ ਤੇ ਵਿਸੇ ਅਤੇ ਪੂਰਵ ਨਿਰਧਾਰਿਤ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤੀ ਜਾਂਦੀ ਹੈ। ਆਮ ਲੋਕਾਂ ਵਰਗੇ ਅਹਿਸਾਸਾਂ ਤੇ ਭਾਵਨਾਵਾਂ ਨਾਲ ਭਰੀ ਰਾਣੀ ਨੂੰ ਇਕਦਮ ਕੋਰੀ ਜ਼ਿੰਦਗੀ ਵੱਲ ਧੱਕ ਦਿੱਤਾ ਜਾਂਦਾ ਹੈ। ਲੇਖਕ ਉਹਨਾਂ ਲਈ ਸਧਾਰਨ ਜ਼ਿੰਦਗੀ ਦੀ ਚਾਹਤ ਰੱਖਦਾ ਹੈ ਪਰ ਸਮਾਜਿਕ ਪ੍ਰਸੰਗ ਵਿਚ ਇਹ ਅਜੇ ਔਖਾ ਕੰਮ ਹੈ। ਇਹ ਉਹੀ ਬੰਦ ਦਰਵਾਜਾ ਹੈ ਜਿਸਨੂੰ ਕਹਾਣੀ ਦੇ ਅਖ਼ੀਰ ਵਿਚ ਜਿੰਦਰਾ ਲੱਗਿਆ ਹੋਇਆ ਹੈ।

'ਵਾਪਸੀ' ਕਹਾਣੀ ਮਨੁੱਖ ਦੇ ਆਪਣੀਆਂ ਜੜ੍ਹਾਂ ਵੱਲ ਮੁੜਣ ਦੀ ਕਹਾਣੀ ਹੈ। ਲੇਖਕ ਜਗਪਾਲ ਦੇ ਪਾਤਰ ਰਾਹੀਂ ਆਪਣੇ ਅਤੇ ਆਪਣੇ ਵਰਗੇ ਹੋਰ ਬਹੁਤ ਸਾਰੇ ਉਹਨਾਂ ਪਰਵਾਸੀਆਂ ਦੀ ਘਰ ਵਾਪਸੀ ਦਾ ਬਿਰਤਾਂਤ ਸਿਰਜਦਾ ਹੈ ਜੋ ਵਾਪਸ ਮੁੜਣ ਦੀ ਕਸਕ ਲੈ ਕੇ ਜਿਉਂ ਰਹੇ ਹਨ। ਸਮੁੱਚੀ ਕਹਾਣੀ ਵਿਚ ਪਰਵਾਸ ਧਾਰਨ ਕਰਨ ਦੇ ਕਾਰਨਾਂ ਨਾਲੋਂ ਵਾਪਸੀ ਨੂੰ ਗਲੋਰੀਫਾਈ ਕਰਨਾ ਕਹਾਣੀਕਾਰ ਦਾ ਮੁੱਖ ਮੰਤਵ ਨਹੀਂ ਤਾਂ ਮਹੱਤਵਪੂਰਨ ਪੱਖ ਜ਼ਰੂਰ ਹੈ। ਜਗਪਾਲ ਵਰਗੇ ਨਕਸਲਬਾੜੀ ਲਹਿਰ ਨਾਲ ਸਬੰਧਿਤ ਪਾਤਰ ਦਾ ਪੈਸੇ ਦੀ ਅੰਨ੍ਹੀ ਦੌੜ ਵਿਚ ਸ਼ਾਮਿਲ ਹੋਣਾ ਠੀਕ ਨਹੀਂ ਲਗਦਾ। ਪਰਵਾਸੀ ਧਰਤੀ ਉੱਪਰ ਜਾ



ਕੇ ਤਾਂ ਮਨੁੱਖ ਰਿਸ਼ਤਿਆਂ ਲਈ ਤਾਂਘਦਾ ਹੈ ਪਰ ਜਗਪਾਲ ਮੂਲ ਰਿਸ਼ਤਿਆਂ ਨਾਲੋਂ ਹੀ ਟੁੱਟਦਾ ਜਾਂਦਾ ਹੈ। ਚਿੱਠੀਆਂ ਦਾ ਜਵਾਬ ਨਹੀਂ ਦਿੰਦਾ। ਪੈਸੇ ਭੇਜਦਾ ਹੈ ਪਰ ਰਿਸ਼ਤਿਆਂ ਦੇ ਪ੍ਰਸੰਗ ਵਿਚ ਪੈਸੇ ਸਵੀਕਾਰਨਯੋਗ ਨਹੀਂ ਹਨ। ਉਹ ਨਾ ਤੜਫਦਾ ਹੈ ਤੇ ਨਾ ਤਾਂਘਦਾ ਹੈ। ਸੰਵੇਦਨਸ਼ੀਲ ਜਗਪਾਲ ਉੱਪਰ ਮਕੈਨੀਕਲ ਜਗਪਾਲ ਦਾ ਮੁਲੰਮਾ ਚੜ੍ਹ ਜਾਂਦਾ ਹੈ ਜਿਸ ਕਾਰਨ ਉਹ ਪੂੰਜੀ ਇੱਕਤਰ ਕਰਨ ਲਈ ਦੌੜਦਾ ਰਹਿੰਦਾ ਹੈ। ਮੁਲੰਮਾ ਉਦੋਂ ਉਤੱਰਦਾ ਹੈ ਜਦੋਂ ਉਸ ਨੂੰ ਅਧਰੰਗ ਹੁੰਦਾ ਹੈ। ਸੰਵੇਦਨਸ਼ੀਲ ਜਗਪਾਲ ਫਿਰ ਸਾਹਮਣੇ ਆ ਜਾਂਦਾ ਹੈ। ਕਹਾਣੀਕਾਰ ਮੌਕਾ-ਮੇਲ ਰਾਹੀਂ ਰਾਮਲਾਲ ਨੂੰ ਮਿਲਾਉਂਦਾ ਹੈ ਤੇ ਜਗਪਾਲ ਦੀ ਘਰ ਵਾਪਸੀ ਲਈ ਰਸਤਾ ਬਣਦਾ ਹੈ। ਜਦ ਉਹ ਪਿੰਡ ਆਉਂਦਾ ਹੈ ਤਾਂ ਪਿੰਡ ਇਹ ਕਹਿ ਕੇ ਉਸ ਨੂੰ ਅਪਣਾ ਲੈਂਦਾ ਹੈ ਕਿ ਇਹ ਸਾਰਾ ਨੱਗਰਖੇੜਾ ਤੇਰਾ ਹੀ ਹੈ। ਅਸਲ ਵਿਚ ਇਹ ਵਾਕ ਹੀ ਸਾਰੇ ਪਰਵਾਸੀ ਸੁਣਨਾ ਚਾਹੁੰਦੇ ਹਨ। ਉਹ ਰਿਸ਼ਤਿਆਂ ਦੇ ਨਿੱਘ ਲਈ ਤੜਪਦੇ ਪੰਜਾਬ ਆਉਂਦੇ ਹਨ ਤੇ ਹੋਰ ਅਸ਼ਾਂਤ ਹੋ ਕੇ ਭਟਕਦੇ ਹੋਏ ਹੀ ਮੁੜ ਜਾਂਦੇ ਹਨ। ਹਰਮਹਿੰਦਰ ਚਹਿਲ ਮੋਹ ਭਿੱਜੇ ਰਿਸ਼ਤਿਆਂ ਦੀ ਖੋਜ ਕਰਦਾ ਜਗਪਾਲ ਰੂਪ ਵਿਚ ਵਾਪਸ ਆਉਂਦਾ ਹੈ ਤੇ ਇੱਛਿਤ ਯਥਾਰਥ ਦੀ ਸਥਾਪਤੀ ਲਈ ਆਦਰਸ਼ ਸਿਰਜਦਾ ਹੈ।

ਇਹਨਾਂ ਸਾਰੀਆਂ ਕਹਾਣੀਆਂ ਵਿਚ ਕਹਾਣੀਕਾਰ ਇਕ ਆਦਰਸ਼ ਸਿਰਜਣ ਦੇ ਆਹਰ ਵਿਚ ਨਜ਼ਰ ਆਉਂਦਾ ਹੈ। ਕਹਾਣੀ ਪਛਾਣ ਵਿਚ ਜੈਕ ਦੇ ਰਾਹੀਂ, ਖੋਜ ਵਿਚ ਮਲਕੀਤ ਸਿੰਘ ਦੇ ਰਾਹੀਂ, ਘੁੰਮਣਘੇਰ ਵਿਚ ਹਰੀ ਦੇ ਰਾਹੀਂ, ਮਮਤਾ ਵਿਚ ਬੱਬੂ ਦੇ ਰਾਹੀਂ, ਗਰੀਨਕਾਰਡ ਵਿਚ ਮਿੱਕੀ ਦੀ ਵੱਡੀ ਭੈਣ ਦੇ ਰਾਹੀਂ।ਕਹਾਣੀਕਾਰ ਹਰੇਕ ਕਹਾਣੀ ਵਿਚ ਹੀ ਕਿਸੇ ਆਦਰਸ਼ ਦੀ ਸਿਰਜਣਾ ਕਰਦਾ ਹੈ ਪਰ ਵਿਸੇ ਗੱਲ ਇਹ ਹੈ ਕਿ ਉਹ ਨਿਰੋਲ ਆਦਰਸ਼ ਹੀ ਨਹੀਂ ਸਿਰਜਦਾ ਬਲਕਿ ਯਥਾਰਥਕ ਪ੍ਰਸਥਿਤੀਆਂ ਦਾ ਚਿਤਰਣ ਕਰਦਾ ਹੋਇਆ ਪਾਠਕ ਨੂੰ ਵਾਸਤਵਿਕਤਾ ਤੋਂ ਜਾਣੂ ਵੀ ਕਰਵਾਉਂਦਾ ਹੈ। ਸਮੱਸਿਆਵਾਂ ਦੀ ਜਟਿਲਤਾ ਤੇ ਵਿਕਰਾਲਤਾ ਨੂੰ ਪ੍ਰਸੰਗਹੀਨ ਨਹੀਂ ਹੋਣ ਦਿੰਦਾ ਬਲਕਿ ਉਹਨਾਂ ਦੀ ਸਹਿਜ ਪੇਸ਼ਕਾਰੀ ਰਾਹੀਂ ਕਹਾਣੀ ਵਿਚ ਤਣਾਅ ਸਿਰਜਦਾ ਹੈ। ਵਿਸੇ ਇਹ ਹੈ ਕਿ ਪਾਠਕ ਨੂੰ ਚੁਰਾਹੇ ਉੱਪਰ ਲਿਆ ਕੇ ਛੱਡਦਾ ਨਹੀਂ ਬਲਕਿ ਆਦਰਸ਼ਕ ਅਹਿਸਾਸ ਨਾਲ ਜੋੜਦਾ ਹੋਇਆ ਮਾਨਵ ਹਿਤੈਸ਼ੀ ਸੰਭਾਵਨਾਵਾਂ ਦੀ ਦਿਸ਼ਾ ਵਿਚ ਤੋਰ ਦਿੰਦਾ ਹੈ। ਇਸ ਪ੍ਰਕਾਰ ਹਰਮਹਿੰਦਰ ਚਹਿਲ ਪ੍ਰਤੀਕੂਲ ਪ੍ਰਸਥਿਤੀਆਂ ਵਿਚੋਂ ਨਿਕਲਣ ਅਤੇ ਸੰਘਰਸ਼ ਕਰਦੇ ਰਹਿਣ ਦੀ ਪ੍ਰੇਰਨਾ ਦੇਣ ਲਈ ਆਦਰਸ਼ ਸਿਰਜਦਾ ਹੈ। ਉਹ ਇਹ ਆਦਰਸ਼ ਬਾਹਰੋਂ ਆਰੋਪਿਤ ਨਹੀਂ ਕਰਦਾ ਬਲਕਿ ਆਦਰਸ਼ ਪਾਤਰਾਂ ਦੇ ਸਭਿਆਚਾਰਕ ਅਵਚੇਤਨ ਵਿਚੋਂ ਉਪਜਦੇ ਹਨ। ਇਹ ਉਹ ਆਦਰਸ਼ ਹਨ ਜੋ ਮਾਨਵੀ ਸਭਿਅਤਾ ਨੇ ਸਦੀਆਂ ਲੰਮੇ ਸਮਾਜਿਕ ਸਭਿਆਚਾਰਕ ਵਿਕਾਸ ਸਿਰਜੇ ਹਨ ਅਤੇ ਇਹਨਾਂ ਨੂੰ ਲੋਕ ਮਨ ਦੀ ਪ੍ਰਵਾਨਗੀ ਹਾਸਿਲ ਹੈ। ਸਮਾਜਿਕ ਪ੍ਰਸਥਿਤੀਆਂ ਦੀ ਪ੍ਰਤੀਕੂਲਤਾ ਨੂੰ ਅਨੁਕੂਲਤਾ ਵਿਚ ਬਦਲਣ ਲਈ ਦੋ ਹਥਿਆਰ ਕਾਰਗਰ ਹੋ ਸਕਦੇ ਹਨ : ਪਹਿਲਾ ਬੁੱਧੀਮਾਨ ਲੋਕਾਂ ਨੂੰ ਚੇਤੰਨ ਕਰਨਾ ਤੇ ਦੂਜਾ ਸਧਾਰਨ ਲੋਕਾਂ ਲਈ ਆਦਰਸ਼ ਸਿਰਜਣੇ। ਹਰਮਹਿੰਦਰ ਚਹਿਲ ਦੀਆਂ ਕਹਾਣੀਆਂ ਦੋਵੇਂ ਕਾਰਜ ਕਰਦੀਆਂ ਹਨ। ਪਾਠਕ ਨੂੰ ਸਮਕਾਲੀ ਦਸ਼ਾ ਬਾਰੇ ਚੇਤੰਨ ਵੀ ਕਰਦੀਆਂ ਹਨ ਤੇ ਅੰਤ ਉੱਪਰ ਆਦਰਸ਼ ਸਿਰਜਣਾ ਰਾਹੀਂ ਦਿਸ਼ਾ ਵੀ ਦਿੰਦੀਆਂ ਹਨ।

ਹਰਮਹਿੰਦਰ ਚਹਿਲ ਦੀਆਂ ਇਹ ਕਹਾਣੀਆਂ ਅਹਿਸਾਸ ਦੀਆਂ ਕਹਾਣੀਆਂ ਹਨ। ਮਾਨਵੀ ਰਿਸ਼ਤਿਆਂ ਨੂੰ ਕੇਂਦਰੀ ਥੀਮ ਵਜੋਂ ਲੈ ਕੇ ਆਵਾਸ-ਪਰਵਾਸ ਦੇ ਪ੍ਰਸੰਗ ਵਿਚ ਪੇਸ਼ ਕਰਦੀਆਂ ਹਨ। ਵਿਸੇ ਅਸਲੋਂ ਨਵੇਂ ਹਨ ਜਿਵੇਂ ਆਰਥਿਕ ਮੰਦਵਾੜਾ, ਸੱਪਰਮ ਡੋਨਰ ਰਾਹੀਂ ਪੈਦਾ ਹੋਏ ਬੱਚੇ ਦੀ ਮਾਨਸਿਕਤਾ, ਲਿਵ ਇਨ ਰਿਲੇਸ਼ਨਸ਼ਿਪ ਦੇ ਪ੍ਰਭਾਵ, ਗਰੀਨਕਾਰਡ ਲੈਣ ਲਈ ਕੀਤੇ ਜਾਂਦੇ ਵੱਖ-ਵੱਖ ਸਮਝੌਤੇ ਤੇ ਸਮੱਸਿਆਵਾਂ, ਜਨੂੰਨੀ ਲਹਿਰਾਂ ਦਾ ਕੱਚ-ਸੱਚ, ਸਿਸਟਮ ਤੇ ਸੰਵੇਦਨਾ ਵਿਚਲਾ ਖੁਸ਼ਕ ਰਿਸ਼ਤਾ, ਖੁਸਰਾ ਸਮਾਜ, ਜੜ੍ਹਾਂ ਨਾਲ ਜੁੜਣ ਦੀ ਤਾਂਘ ਆਦਿ। ਹਰਮਹਿੰਦਰ ਚਹਿਲ ਪੁਰਾਣੇ ਵਿਸ਼ੇ ਜਾਂ ਸਮੱਸਿਆਵਾਂ ਦੀ ਪੇਸ਼ਕਾਰੀ ਸਮੇਂ ਉਹਨਾਂ ਦੀ ਅਭਿਵਿਅਕਤੀ ਨਵੇਂ ਕੋਣ ਤੋਂ ਕਰਦਾ ਹੈ। ਪਰਵਾਸ ਵਿਚ ਪੱਕੇ ਹੋਣ ਦੀ

ਸਮੱਸਿਆ ਨਵੀਂ ਨਹੀਂ ਹੈ ਪਰ ਹਰਮਹਿੰਦਰ ਚਹਿਲ ਦਾ ਸਮੱਸਿਆ ਨੂੰ ਵੇਖਣ ਦਾ ਦ੍ਰਿਸ਼ਟੀਕੋਣ ਜ਼ਰੂਰ ਨਵਾਂ ਹੈ। ਉਸਦੇ ਪਾਤਰ ਸਤਹੀਨ ਹੋ ਕੇ ਡਿੱਗਦੇ ਜਾਂ ਹਾਰਦੇ ਨਹੀਂ ਬਲਕਿ ਸਭਿਆਚਾਰਕ ਅਵਚੇਤਨ ਵਿਚਲੇ ਮੁੱਲ ਪ੍ਰਬੰਧ ਤੋਂ ਪ੍ਰੇਰਨਾ ਲੈ ਕੇ ਫਿਰ ਸੰਘਰਸ਼ ਕਰਨ ਲਈ ਨਿੱਕਲ ਪੈਂਦੇ ਹਨ। ਰਿਸ਼ਤਿਆਂ ਦੇ ਘਾਣ ਦੀ ਕਹਾਣੀ ਬਹੁਤ ਲਿਖੀ ਗਈ ਹੈ ਤੇ ਲਿਖੀ ਜਾ ਰਹੀ ਹੈ ਪਰ ਇਹਨਾਂ ਕਹਾਣੀਆਂ ਵਿਚ ਰਿਸ਼ਤਿਆਂ ਦੀਆਂ ਤੰਦਾਂ ਨੂੰ ਫਿਰ ਤੋਂ ਜੋੜਣ ਯਤਨ ਕਰਨ ਦੀ ਕਨਸੋਅ ਮਿਲਦੀ ਹੈ ; ਇਹ ਇਹਨਾਂ ਕਹਾਣੀਆਂ ਦੀ ਵਿਲੱਖਣਤਾ ਹੈ।

ਇਹਨਾਂ ਕਹਾਣੀਆਂ ਵਿਚਲੀ ਸਹਿਜਤਾ ਇਹਨਾਂ ਦਾ ਮੀਰੀ ਗੁਣ ਹੈ। ਜਟਿਲ ਜਿੰਦਗੀ ਅਤੇ ਗੁੰਝਲਦਾਰ ਮਾਨਸਿਕਤਾ ਵਾਲੇ ਮਾਨਵ ਦੀ ਸਹਿਜ ਪੇਸ਼ਕਾਰੀ ਵੀ ਇਹਨਾਂ ਕਹਾਣੀਆਂ ਦੀ ਵਿਲੱਖਣਤਾ ਹੈ। ਕਹਾਣੀਕਾਰ ਜਟਿਲ ਜਿੰਦਗੀ ਦੀਆਂ ਵਿਰਾਟ ਸਮੱਸਿਆਵਾਂ ਵਿਚੋਂ ਕਿਸੇ ਇਕ ਸਮੱਸਿਆ ਨੂੰ ਕੇਂਦਰ ਵਿਚ ਰੱਖ ਕੇ ਕਹਾਣੀ ਦੀ ਸਿਰਜਣਾ ਕਰਦਾ ਹੈ ਤੇ ਗੁੰਝਲ ਨੂੰ ਸੁਲਝਾਉਣ ਲਈ ਯਤਨਸ਼ੀਲ ਰਹਿੰਦਾ ਹੈ। ਉਹ ਬਹੁਤ ਸਾਰੀਆਂ ਗੁੰਝਲਾਂ ਵਿਚ ਉਲਝਦਾ ਨਹੀਂ ਬਲਕਿ ਕਹਾਣੀ ਦੀ ਪ੍ਰਕਿਰਤੀ ਅਨੁਸਾਰ ਕਿਸੇ ਵਿਸ਼ੇਸ਼ ਕਾਲਖੰਡ ਦੀ ਸਿਰਜਣਾ ਹੀ ਕਰਦਾ ਹੈ ਜਿਸ ਕਾਰਨ ਕਹਾਣੀ ਵਿਚ ਸਰਲਤਾ ਬਣੀ ਰਹਿੰਦੀ ਹੈ। ਇਹੀ ਕਾਰਨ ਹੈ ਕਿ ਕਹਾਣੀ ਪੜ੍ਹਦਿਆਂ ਹੋਇਆ ਦਿਲਚਸਪੀ ਬਣੀ ਰਹਿੰਦੀ ਹੈ। ਕਹਾਣੀ ਅਹਿਸਾਸ ਦੀ ਪੱਧਰ ਉਪੱਰ ਪਾਠਕ ਦੇ ਮਨ ਨੂੰ ਟੁੰਬਦੀ ਹੈ ਤੇ ਵਿਚਲਿਤ ਕਰਦੀ ਹੈ। ਇਹ ਕਹਾਣੀ ਕਿਸੇ ਇਕ ਧਿਰ ਦੇ ਪੱਖ ਜਾਂ ਵਿਰੋਧ ਵਿਚ ਖੜ੍ਹੇ ਬਿਨਾਂ ਪਾਠਕ ਨੂੰ ਸਮੁੱਚੇ ਮਾਨਵੀ ਵਿਵਹਾਰ ਦਾ ਵਿਸ਼ਲੇਸ਼ਣ ਕਰਨ ਲਈ ਪ੍ਰੇਰਿਤ ਕਰਦੀ ਹੈ।

ਇਹਨਾਂ ਕਹਾਣੀਆਂ ਵਿਚ ਹਰਮਹਿੰਦਰ ਚਹਿਲ ਨੇ ਦ੍ਰਿਸ਼ ਵਰਣਨ ਬਾਖੂਬੀ ਕੀਤਾ ਹੈ। ਪਰਵਾਸ ਵਿਚਲੀਆਂ ਕਹਾਣੀਆਂ ਵਿਚ ਉਹ ਜਿੱਥੇ ਆਲੇ-ਦੁਆਲੇ ਨਾਲ ਪਾਠਕ ਨੂੰ ਜਾਣੂ ਕਰਵਾਉਂਦਾ ਹੈ ਉਥੇ ਢੁਕਵਾਂ ਵਾਤਾਵਰਨ ਸਿਰਜਣ ਲਈ ਪੰਜਾਬੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦਾਵਲੀ, ਅੰਗਰੇਜ਼ੀ ਵਾਕ ਤੇ ਵਾਕੰਸ਼ ਦੀ ਵਰਤੋਂ ਵੀ ਭਰਪੂਰ ਰੂਪ ਵਿਚ ਕਰਦਾ ਹੈ। ਪਰ ਜਦੋਂ ਪੰਜਾਬੀ ਰਹਿਤਲ ਦੀਆਂ ਕਹਾਣੀਆਂ ਸਿਰਜਦਾ ਹੈ ਤਾਂ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਨਹੀਂ ਕਰਦਾ। ਪੰਜਾਬ ਵਿਚਲੇ ਪੰਜਾਬੀ ਪਾਤਰ ਪੰਜਾਬੀ ਭਾਸ਼ਾ ਦੀ ਸਹਿਜ ਵਰਤੋਂ ਕਰਦੇ ਮਿਲਦੇ ਹਨ। ਇਹ ਹਰਮਹਿੰਦਰ ਚਹਿਲ ਦੇ ਸੁਚੇਤ ਯਤਨ ਤਾਂ ਹਨ ਉਥੇ ਪੰਜਾਬੀ ਕਥਾਕਾਰੀ ਵਿਚ ਭਾਸ਼ਾਈ ਵਰਤੋਂ ਦੇ ਨਵੇਂ ਸੰਦਰਭ ਵੀ ਸਾਹਮਣੇ ਆਉਂਦੇ ਹਨ।

ਇਹਨਾਂ ਕਹਾਣੀਆਂ ਦੇ ਸਿਰਲੇਖ ਇਕ ਸ਼ਬਦ ਆਧਾਰਿਤ ਹਨ ਜਦੋਂ ਕਿ ਅੱਜ-ਕੱਲ ਪੰਜਾਬੀ ਕਹਾਣੀਆਂ ਦੇ ਸਿਰਲੇਖ ਵਾਕਾਂ ਜਾਂ ਵਾਕੰਸ਼ਾਂ ਵਾਲੇ ਰੱਖੇ ਜਾਂਦੇ ਹਨ। ਇਹ ਸਿਰਲੇਖ ਸੂਤਰਿਕ ਸ਼ੈਲੀ ਦੇ ਸਿਰਲੇਖ ਹਨ ਜੋ ਸੰਕਲਪ ਰੂਪ ਵਿਚ ਸਬੰਧਿਤ ਕਥਾ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ। ਜਿਵੇਂ 'ਖੋਜ' ਕਹਾਣੀ ਸੈਫ਼ੀ ਦੀ ਸਮਾਜ-ਸਭਿਆਚਾਰਕ ਪਛਾਣ ਨੂੰ ਲੱਭਣ ਦਾ ਬਿਰਤਾਂਤ ਹੈ, ਜਿਵੇਂ 'ਵਾਪਸੀ' ਪਰਵਾਸੀ ਭਾਈਚਾਰੇ ਦੀ ਮੂਲ ਵੱਲ ਮੁੜਣ ਅਤੇ ਪ੍ਰਵਾਨੇ ਜਾਣ ਦੀ ਭਾਵਨਾ ਨਾਲ ਜੁੜੀ ਕਥਾ ਹੈ। ਇਹ ਸਿਰਲੇਖ ਇਹਨਾਂ ਕਹਾਣੀਆਂ ਦੇ ਮੂਲ ਥੀਮ ਜਾਂ ਆਤਮਾ ਨੂੰ ਪੇਸ਼ ਕਰਦੇ ਹਨ। ਅਜਿਹੇ ਸਿਰਲੇਖ ਰੱਖਣੇ ਵਾਹਵਾ ਔਖਾ ਕਾਰਜ ਹੁੰਦਾ ਹੈ। ਸਾਰੀ ਕਥਾ ਨੂੰ ਇਕ ਸ਼ਬਦ ਵਿਚ ਬੰਨ੍ਹ ਦੇਣ ਲਈ ਪ੍ਰਸਤੁਤ ਘਟਨਾਕ੍ਰਮ ਦੀਆਂ ਵਿਭਿੰਨ ਵਾਸਤਵਿਕ ਪਰਤਾਂ ਤਕ ਰਸਾਈ ਜ਼ਰੂਰੀ ਹੁੰਦੀ ਹੈ ਜੋ ਲੇਖਕ ਦੀ ਜੀਵਨ-ਦ੍ਰਿਸ਼ਟੀ ਤੇ ਨਿਰਭਰ ਕਰਦਾ ਹੈ। ਹਰਮਹਿੰਦਰ ਚਹਿਲ ਦੀ ਜੀਵਨ-ਦ੍ਰਿਸ਼ਟੀ ਵਿਚ ਅਹਿਸਾਸ ਅਤੇ ਆਦਰਸ਼ ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਉਸਦੀ ਕਥਾ-ਦ੍ਰਿਸ਼ਟੀ ਵਿਚੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ।



ਜਿੰਦਰ ਦਾ ਨਵਾਂ ਕਹਾਣੀ ਸੰਗ੍ਰਹਿ

**ਆਵਾਜ਼ਾਂ**

ਪੰਨੇ : 108 ਮੁੱਲ : 150

ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਪਟਿਆਲਾ

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।